R. L No. 2557

# ਸਤਿਜੁਗ ਦਾ ਸੰਤ ਅੰਕ

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾ ਮਨਿ ਮੰਤੁ-
ਧੰਨੁ ਸਿ ਸੇਈ ਨਾਨਕਾ ਪੂਰਨੁ ਸੇਈ ਸੰਤ ॥ ਸ: ਮ: ੫



ਐਡੀਟਰ
ਸੰਤ ਬਲਵੰਤਸਿੰਘ

ਸ੍ਰੀ ਸਤਿਗੁਰੂ
ਰਾਮਹਰੀ ਪ੍ਰੈਸ ਵਿਚ ਛਾਪਕੇ ਦਫ਼ਤ੍ਰ ਸਤਿਜੁਗ
ਸ੍ਰੀ ਭੈਣੀ ਸਾਹਿਬ ਤੋਂ ਪ੍ਰਕਾਸ਼ਤ ਕੀਤਾ
ਜਿਲਾ ਲੁਦਿਹਾਨਾ

# ਕਵਿਤਾਵਾਂ ਅਤੇ ਲੇਖ


| | | | |
|---|---|---|---|
| (੧) | ਸੰਤਾਂ ਨਾਲ ਪ੍ਰੇਮ [ਕਵਿਤਾ] | ੨ | ਸੀ "ਆਲਿਮ" ਜੀ |
| (੨) | ਰਬ ਦਾ ਦੀਦਾਰ ,, | ੩ | ਸ਼ਿੰਗਾਰ ਜੀ ਸ਼ੇਖੂਪੁਰ |
| (੩) | ਪ੍ਰੀਤਮ ਉਡੀਕ ,, | ੪ | ਸ੍ਰੀ ਮੰਗਲ ਸਿੰਘ ਜੀ |
| (੪) | ਆਰੰਭਕ ਪ੍ਰਰਥਨਾਂ [ਲੇਖ] | ੫ | ਸੰਪਾਦਕ |
| (੫) | ਸੰਤ ਸੰਗ [ਕਵਿਤਾ] | ੭ | ਰਵੇਲ ਸਿੰਘ ਘੁਕੇਵਾਲੀ |
| (੬) | ਸਿੱਧੇ ਰਾਹੇ ,, | ੭ | 'ਪੁਸ਼ਪ' ਜੀ ਲੋਹ ਗੜ੍ਹ |
| (੭) | ਸੰਤ ਮੰਡਲ [ਲੇਖ] | ੮ | ਸ੍ਰੀ "ਆਲਿਮ" ਜੀ |
| (੮) | ਤਪਾ ਹਮੀਰ ਸਿੰਘ ਜੀ [ਕਵਿਤਾ] | ੧੨ | ਸ੍ਰ: ਊਧਮ ਸਿੰਘ ਮੁਸਾਫਰ |
| (੯) | ਰੇਖ ਵਿਚ ਮੇਖ ਕਹਾਣੀ | ੧੫ | ਮਾਸਟਰਸੰਪੂਰਣ ਸਿੰਘ ਜੀ |


## ਜੀਵਨ ਸੂਚੀ


| | | | |
|---|---|---|---|
| (੧) | ਬਾਬਾ ਫੈਂਕਾ ਜੀ | ੧੭ | "ਆਲਿਮ" ਜੀ |
| (੨) | ਸਾਈਂ ਜਵਾਹਰ ਜੀ | ੨੦ | ,, |
| (੩) | ਭਾਈ ਧਨੀ ਰਾਮ ਜੀ | ੨੪ | ਭਾਈ ਆਵਣ ਚੰਦ ਜੀ |
| (ਅ) | ਭਾਈ ਧਨੀ ਰਾਮ ਜੀ | ੨੮ | ਸ੍ਰੀ "ਆਲਿਮ" ਜੀ |
| (੪) | ਭਾਈ ਰਾਮ ਸਹਾਇ ਜੀ | ੩੫ | ,, |
| (੫) | ਸ੍ਰੀ ਬਾਬਾ ਸੰਗਤਾ ਜੀ | ੪੧ | ,, |
| (੬) | ਸਿਦਕੀ ਭਾਈ ਮੁਖਾ ਜੀ | ੪੬ | ਸ੍ਰੀ ਚਕ੍ਰਵਰਤੀ ਜੀ |
| (੭) | ਬਾਬਾ ਕਾਹਨ ਸਿੰਘ ਜੀ | ੪੯ | ਸ੍ਰੀ "ਆਲਿਮ" ਜੀ |
| (੮) | ਬਾਬਾ ਜਮੀਤ ਸਿੰਘ ਜੀ | ੫੬ | "ਵਹਿਮੀ" ਜੀ |
| (੯) | ਬਾਬਾ ਜਮੀਤ ਸਿੰਘ ਜੀ ਕਾਹਨਾਂ | ੬੨ | ਸ੍ਰੀ ਆਲਿਮ" ਜੀ |
| (੧੦) | ਬਾਬਾ ਲਹਿਣਾ ਸਿੰਘ ਜੀ ਘਰਜਾਖ | ੬੬ | ਸ੍ਰੀ 'ਵਹਿਮੀ' ਜੀ |
| (੧੧) | ਬਾਬਾ ਜੇਤਾ ਸਿੰਘ ਜੀ ਢਪਈ | ੭੫ | ਮਾਸਟਰ ਆਤਮਾਂ ਸਿੰਘ ਜੀ |
| (੧੨) | ਬਾਬਾ ਸੁਰਜਨ ਸਿੰਘ ਜੀ ਆਹਲੂਲਾਲ | ੮੧ | ,, |
| (੧੩) | ਬਾਬਾ ਕੇਸਰ ਸਿੰਘ ਜੀ ਚਵਿੰਡਾ | ੮੩ | "ਵਹਿਮੀ" ਜੀ |
| (ਅ) | ,, ,, | ੯੨ | ਸੰਤ ਭਗਤ ਸਿੰਘ ਜੀ |
| (੧੪) | ਸ੍ਰੀ ਬਾਬਾ ਠਾਕੁਰ ਜੀ ਮੁਹਾਵਾ | ੯੫ | ਸ੍ਰੀ "ਆਲਿਮ" ਜੀ |
| (੧੫) | ਸਰਹਾਲੀ ਪ੍ਰਵਾਰ | ੧੨੩ | ਸੰਤ ਮੰਗਲ ਸਿੰਘ ਜੀ |
| (੧੬) | ਬਾਬਾ ਜਵਾਹਰ ਸਿੰਘ ਜੀ ਮਿਰਜੇ ਵਾਲੀ | ੧੩੨ | ,, ,, |
| (ਅ) | ,, ,, | ੧੩੭ | ਗਿਅਨੀ ਰਾਜਿੰਦ੍ਰ ਸਿੰਘ ਜੀ |

| | | | |
|---|---|---|---|
| (੧੭) | ਬਾਬਾ ਕੇਸਰ ਸਿੰਘ ਜੀ ਰੂਪ | ੧੪੧ | ਸ੍ਰੀ "ਵਹਿਮੀ" ਜੀ |
| (੧੮) | ,, ਬੁਢਾ ਸਿੰਘ ਜੀ ਵਾਂ | ੧੪੫ | ਸੰਤ ਮੰਗਲ ਸਿੰਘ ਜੀ |
| (੧੯) | ਸੰਤ ਹਰਨਾਮ ਸਿੰਘ ਜੀ ਗੜ੍ਹਦਿਵਾਲਾ | ੧੫੦ | ਸ੍ਰੀ ,'ਚਕ੍ਰਵਰਤੀ" ਜੀ |
| (੨੦) | ਸੰਤ ਮਹਾਂ ਸਿੰਘ ਜੀ ਖਾਨਾ | ੧੫੬ | ਸ੍ਰੀ "ਆਲਿਮ" ਜੀ |
| (੨੧) | ਸੰਤ ਹੀਰਾ ਦਾਸ ਜੀ ਚਿਟੀ | ੧੫੮ | ਸੂਬਾ ਸੱਜਾ ਸਿੰਘ ਜੀ |
| (੨੨) | ਬਾਬਾ ਨੈਣਾਂ ਸਿੰਘ ਜੀ ਵਰਿਆਹ | ੧੬੦ | ਸੰਤ ਮੰਗਲ ਸਿੰਘ ਜੀ |
| (੨੩) | ਬਾਬਾ ਮੋਹਰ ਸਿੰਘ ਜੀ ਬੁਰਜ | ੧੬੨ | ਸੰਤ ਬਿਸ਼ਨ ਸਿੰਘ ਜੀ |
| (੨੪) | ਬਾਬਾ ਨਰੈਣ ਸਿੰਘ ਜੀ ਫਲੌਰ | ੧੬੩ | ਡਾਕਟ੍ਰ ਹਰਚੰਦ ਸਿੰਘ ਜੀ "ਤਾਸੀਰ" |
| (੨੫) | ਬਾਬਾ ਲਾਲ ਸਿੰਘ ਜੀ ਲਤਾਲਾ | ੧੬੪ | ਸੰਤ ਬਿਸ਼ਨ ਸਿੰਘ ਜੀ ਨੰਗਲ ਕਲਾਂ |
| (੨੬) | ਬਾਬਾ ਜੀਉਣ ਸਿੰਘ ਜੀ ਚੁਨੀ ਮਛਲੀ | ੧੬੫ | 'ਪੰਛੀ' ਜੀ |
| (੨੭) | ਸੰਤ ਵਸਾਵਾ ਸਿੰਘ ਜੀ ਦੁਰਗਾ ਪੁਰ | ੧੬੭ | ਸੰਤ ਪ੍ਰੀਤਮ ਸਿੰਘ ਜੀ "ਪੰਛੀ" |
| (੨੮) | ਸ੍ਰੀ ਮਾਤਾ ਫਤਹ ਕੌਰ ਜੀ | ੧੬੯ | ਸੰਤ ਸ੍ਰੀ ਆਲਿਮ ਜੀ |
| (੨੯) | ਪੰਥ ਦੇ ਅਣਮੁਲੇਹੀਰੇ | ੧੭੨ | ਸੂਬਾ ਸੱਜਾ ਸਿੰਘ ਜੀ |
| (੩੦) | ਸਾਹਿਬ ਸਿੰਘ ਜੀ ਭੰਮਾਵਦੀ | ੧੭੪ | ਸੰਤਗੁਰਦਿਆਲਸਿੰਘਜੀਮੰਡੀਲੋਭੇਵਾਲੀ |
| (੩੧) | ਬਾਬਾ ਚੈਨ ਸਿੰਘ ਜੀ ਭੁੱਟਾ | ੧੭੬ | ਬਾਵਾ ਨਿਰੰਜਨ ਦਾਸ ਜੀ |
| (੩੨) | ਬਾਬਾ ਦੇਵਾ ਸਿੰਘ ਜੀ ਚਕਦੇਸਰਾਜ | ੧੭੭ | ਸੰਤ ਭੂਰੀ ਵਾਲੇ |
| (੩੩) | ਬਾਬਾ ਲਾਲ ਸਿੰਘ ਜੀ ਸਿਆੜ੍ਹ | ੧੭੯ | ਮੋਹਰ ਸਿੰਘ ਜੀ ਜਥੇਦਾਰ |
| (੩੪) | ਬਾਬਾ ਜਵੰਦ ਸਿੰਘ ਜੀ | ੧੮੧ | ਸੰਤ ਊਧਮ ਸਿੰਘ ਜੀ |
| (੩੫) | ਬਾਬਾ ਵਸਾਵਾ ਸਿੰਘ ਜੀ ਸਿਆੜ੍ਹ | ੧੮੫ | ਸੰਤ ਸਰਜਣ ਸਿੰਘ ਜੀ |
| (੩੬) | ਬਾਬਾ ਨਿਹਾਲ ਸਿੰਘ ਜੀ ਮਸੈਕੇਵਾਲੀ | ੧੮੭ | ਸੰਤ ਹਰਬੰਸਸਿੰਘ ਜੀ |
| (੩੭) | ਬਾਬਾ ਨੰਦ ਸਿੰਘ ਜੀ ਮੋਰੋਂ | ੧੮੯ | ਸੰਤ ਧਰਮ ਸਿੰਘ ਜੀ |
| (੩੮) | ਮਹਾਰਾਜ ਗੁਰਦਿਆਲ ਸਿੰਘ ਜੀ | ੧੯੧ | ਸ੍ਰੀ ਆਲਿਮ ਜੀ |
| (੩੯) | ਬਾਬਾ ਧਿਆਨ ਸਿੰਘ ਜੀ ਲਾਹੌਰ | ੧੯੨ | ,, ,, |
| (੪੦) | ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲੇ | ੧੯੬ | ,, ,, |
| (੪੧) | ਬਾਬਾ ਪ੍ਰੇਮ ਸਿੰਘ ਜੀ ਮਹਿੰਸਰਾ | ੧੯੯ | ਸੰਤ ਰਵੇਲ ਸਿੰਘ ਜੀ |
| (੪੨) | ਬਾਬਾ ਰਾਮ ਆਸਰਾ ਜੀ | ੨੦੨ | ਊਧਮ ਸਿੰਘ ਵਿਦਆਰਥੀ |
| (੪੩) | ਬਾਬਾ ਗੰਡਾ ਸਿੰਘ ਜੀ ਗੁਣੋ ਇੰਕੇ | ੨੦੩ | ਸਰਦਾਰ ਹਰਬੰਸ ਸਿੰਘ |
| (੪੪) | ਸੰਤ ਸ਼ੇਰ ਸਿੰਘ ਜੀ ਗੰਥ ਗੜ | ੨੦੫ | ਸੰਤ ਮੰਗਲ ਸਿੰਘ ਅੰਮ੍ਰਿਤਸਰ |
| (੪੫) | ਬਾਬਾ ਸੁਦਰ ਸਿੰਘ ਜੀ ਲੋਪੋਕੀ | ੨੦੭ | ,, ,, |
| (੪੬) | ਸੰਤ ਲਾਲ ਸਿੰਘ ਜੀ ਭੂਰੇ ਗਿਲ | ੨੦੮ | ਸ੍ਰੀ ਆਲਿਮ ਜੀ |

# ਸ੍ਰੀ ਸਤਿ ਗੁਰੂ ਬਾਲਕ ਸਿੰਘ ਜੀ ਪਾਤਸ਼ਾਹੀ ੧੧ ਵੀਂ



ਬਾਲਕ ਮ੍ਰਿਗੇਸ਼ ਤੇ ਵਿਸੇਸ਼ ਉਪਦੇਸ ਨਾਮ ਯਦੀ ਨਰਨਾਰੀ ਲੈ ਅਪਾਰੀ ਭਵ ਤੈ ਤਰੇ ।
ਔਰ ਇਲਹਾਮ ਕਰਤਾਰ ਕਈ ਬਾਰ ਦਯੋ ਨਾਮ ਦੈ ਉਧਾਰ ਕਰ ਜੀਵਨ ਕਾ ਤੂ ਖਰੇ ।
ਐਪੈ ਗੁਰੁ ਦਸਮ ਦਰਸ ਦੈ ਜੋ ਕਹਿਯੋ ਤਾਂਹ ਮੋਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ ।
ਯਾਹ ਹੇਤ ਤਾਂਹ ਨਾਂਮ ਔਰ ਕਾਂਹ ਮਾਂਹ ਨਿਜ ਸ਼ਕਤ ਰਖਾਈ ਗੁਰੂ ਵਾਕ ਕਿਢਥੇ ਧਰੇ ।

"ਪੰਥ ਪ੍ਰਕਾਸ਼ ਗਯਾਨੀ ਗਯਾਨ ਸਿੰਘ ਜੀ"

ੴ ਸ੍ਰੀ ਸਤਿਗੁਰੂ ਰਾਮ ਸਿੰਘ ਸਹਾਇ ॥

'ਸਤਿਜੁਗ ਸਚ ਕਹੈ ਸਭ ਕੋਈ ॥ ਘਰ ਘਰ ਗੁਰਮੁਖ ਭਗਤ ਹੋਈ ॥'

# "'ਸਤਿਜੁਗ'"

ਦਾ

## ਸੰਤ ਅੰਕ

1940

(੧)

(ਨੰ:੫) ੯ ਚੇਤ੍ਰ ਸੰ: ੧੯੯੬ ਵੀ ਤਵਾਰ ਸੰ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੨੬ (ਜਿ: ੧੫)

ਗਉੜੀ ਮਹਲਾ ੫ ।

ਸੰਤ ਕੀ ਧੂਰਿ ਮਿਟੇ ਅਘ ਕੋਟ ॥
ਸੰਤ ਪ੍ਰਸਾਦਿ ਜਨਮ ਮਰਣ ਤੇ ਛੋਟ ॥ ੧ ॥
ਸੰਤ ਕਾ ਦਰਸੁ ਪੂਰਨ ਇਸਨਾਨੁ ॥
ਸੰਤ ਕ੍ਰਿਪਾ ਤੇ ਜਪੀਐ ਨਾਮੁ ॥ ੧ ॥ ਰਹਾਉ ॥
ਸੰਤ ਕੇ ਸੰਗਿ ਮਿਟਿਆ ਅਹੰਕਾਰੁ ॥
ਦ੍ਰਿਸਟਿ ਆਵੈ ਸਭੁ ਏਕੰਕਾਰੁ ॥ ੨ ॥
ਸੰਤੁ ਸੁ ਪ੍ਰਸੰਨ ਆਏ ਵਸਿ ਪੰਚਾ ॥
ਅੰਮ੍ਰਿਤੁ ਨਾਮੁ ਰਿਦੈ ਲੈ ਸਿੰਚਾ ॥
ਕਹੁ ਨਾਨਕ ਜਾਕਾ ਪੂਰਾ ਕਰਮ ॥
ਤਿਸੁ ਭੇਟੇ ਸਾਧੂ ਕੇ ਚਰਨ ॥ ੪ ॥ ੪੬ ॥ ੧੧੫ ॥

# ਸੰਤਾਂ ਨਾਲ ਪ੍ਰੇਮ

(ਸ਼੍ਰੀ ਆਲਿਮ ਜੀ ਦੀ ਕਲਮ ਤੋਂ)

ਸੰਤਾਂ ਨਾਲ ਪ੍ਰੇਮ ਜਿਨ੍ਹਾਂ ਦਾ,
ਨਾਮ ਪ੍ਰਭੂ ਦਾ ਰਟਿਆ—ਲਾਹਾ ਖਟਿਆ।
ਨੁਕਤਾ ਲਾਹ ਖ਼ੁਦੀ ਦਾ ਗ਼ੈਨੋਂ,
ਐਨ ਦਾ ਰੂਪ ਪਲਟਿਆ, ਠਾਟ ਹੈ ਠਟਿਆ।
ਦੌਲਤ ਜ਼ਹਿਰ ਲੁਟਾਕੇ ਘਰ ਚੋਂ,
ਅਮਰ ਹੋਏ ਝਟ ਪਟ ਆ ਡਰ ਨੂੰ ਸਟਿਆ।
ਕਸਰਤ ਦੇ ਵਿਚ ਵਾਹਦਤ "ਆਲਿਮ"
ਲਖ ਖੁਦ ਨੂੰ ਲਖ ਵਟਿਆ ਨਿਕਲੇ ਵੱਟ ਆ।
ਸੰਤਾਂ ਦੀ ਹੈ ਨਜ਼ਰ ਸੱਵਲੀ,
ਜਿਤ ਵਲ ਝਾਤੀ ਪਾਵਣ ਦੋਖ ਨਸਾਵਣ।
ਜ਼ੱਰੇ ਤੋਂ ਉਹ ਸੂਰਜ ਕਰਦੇ,
ਜੀ ਤੋਂ ਰੱਬ ਬਣਾਵਣ ਦੇਰ ਨਾਂ ਲਾਵਣ।
ਘਰ ਦੇ ਵਿਚ ਉਹ ਘਰ ਦਿਖਲਾਕੇ,
ਝਗੜੇ ਕੁੱਲ ਮਿਟਾਵਣ ਰੰਗ ਲਗਾਵਣ।
ਡੇਰਾ ਚੁਕ ਗ਼ਮਾਂ ਚੋਂ "ਆਲਿਮ"
ਬੇਗ਼ਮ ਪੁਰੇ ਪੁਚਾਵਣ ਸ਼ੋਰ ਮਿਟਾਵਣ।
ਚਰਨ ਉਨ੍ਹਾਂ ਦੇ ਪਰਸੀਂ ਜਾਕੇ,
ਜੇ ਹੈ ਤਲਬ ਇਲਾਹੀ ਬਣਨਾਂ ਰਾਹੀ।

ਤਨ ਧਰਤੀ ਵਿਚ ਬੀਜ ਨਾਮ ਨੂੰ,
ਕਰ ਲੈ ਸੱਚੀ ਵਾਹੀ ਛਡ ਬਦਰਾਹੀ।
ਹਿਰਸ ਹਵਾ ਦਾ ਭੰਨ ਕੇ ਕਾਸਾ,
ਆਸ ਬਿਗਾਨੀ ਲਾਹੀ ਛਡੀਂ ਚਾਹੀ,
ਸੀਸ ਤਲੀ ਤੇ ਰਖਕੇ "ਆਲਿਮ"
ਗਲੀ ਯਾਰ ਵਿਚ ਜਾਹੀ ਮਿਲਸੀ ਮਾਹੀ।

## ਸੰਤਾਂ ਬਾਝ ਨਾਂ ਹੋਵੇ ਦੀਦਾਰ ਰਬ ਦਾ

( ਸੰਤ ਸ਼ਿੰਗਾਰਾ ਸਿੰਘ ਜੀ ਜ਼ਿੰਗਾਰ ਸ਼ੇਖੂਪੁਰਾ )

ਸੰਤਾਂ ਬਾਝ ਨਾਂ ਨਾਮ ਦੀ ਦਾਤ ਮਿਲਦੀ,
ਸੰਤਾਂ ਬਾਝ ਨਾਂ ਹੋਵੇ ਦੀਦਾਰ ਰਬ ਦਾ।
ਸੰਤਾਂ ਬਾਝ ਨਾਂ ਸਫਲਤਾ ਜਨਮ ਸੰਦੀ,
ਸੰਤਾਂ ਬਾਝ ਨਾਂ ਉਪਜਦਾ ਪਿਆਰ ਰਬ ਦਾ।
ਸੰਤਾਂ ਬਾਝ ਨਾਂ ਧਰਮ ਦੀ ਸਮਝ ਆਵੇ,
ਸੰਤਾ ਬਾਝ ਨਾਂ ਲਭੇ ਅਕਾਰ ਰਬ ਦਾ।
ਸੰਤਾਂ ਬਾਝ ਨਾਂ ਲਹੇ ਜੰਗਾਲ ਦਿਲ ਦਾ,
ਪਰਤੇ ਪਵੇ ਨਾਂ ਮੂਲ ਸਚਿਆਰ ਰੱਬ ਦਾ।
ਸੰਤਾਂ ਬਾਝ ਨਾਂ ਗਿਆਨ ਦੀ ਅੱਖ ਖੁਲ੍ਹੇ,
ਸੰਤਾਂ ਬਾਝ ਨਾਂ ਹਿਦੇ ਪਰਕਾਸ਼ ਹੋਵੇ।
ਸੰਤਾਂ ਬਾਝ "ਸ਼ਿੰਗਾਰ" ਬੇਕਾਰ ਜੀਵਨ,
ਜਨਮ ਮਰਨ ਦਾ ਨਹੀਂ ਵਿਨਾਸ਼ ਹੋਵੇ।

# ਨਾਮਧਾਰੀ ਸੰਤ-ਪ੍ਰੀਤਮ ਦੀ ਉਡੀਕ ਵਿਚ

(ਸੰਤ ਮੰਗਲ ਸਿੰਘ ਜੀ ਲਾਇਲ ਪੁਰੀ)

ਕਾਲੀ ਬੋਲੀ ਜਿਹੀ ਰਾਤ ਜੀ, ਬੱਦਲ ਸੀ ਬੜਕਾਂ ਮਾਰਦਾ।
ਬਿਜਲੀ ਸੀ ਭੈੜੀ ਕੜਕਦੀ, ਪਾਲਾ ਸੀ ਤਨ ਨੂੰ ਠਾਰਦਾ।
ਰੁਖਾਂ ਦੀ ਸ਼ਾਂ ਸ਼ਾਂ ਅੰਦਰੋਂ, ਜਾਂਦੀ ਕਲੇਜਾ ਖੋਂਸਦੀ।
ਅੰਬਰ ਦੀ ਚੋਂਦੀ ਛੱਤ ਸੀ, ਰੋ ਰੋ ਸੀ ਉਹ ਵੀ ਦਸਦੀ।
ਐਸੀ ਗਜ਼ਬ ਦੀ ਰਾਤ ਸੀ, ਫਿਰ ਵੀ ਮੈਂ ਸੌਂਹੇ ਤੱਕਿਆ।
ਕੰਬਲ ਦੀ ਬੁੱਕਲ ਮਾਰਕੇ, ਬੈਠਾ ਸੀ ਕੋਈ ਥੱਕਿਆ।
ਲਾਗੇ ਜਾਂ ਹੋਕੇ ਵੇਖਿਆ, ਚੇਹਰਾ ਮੈਂ ਉਸ ਤਸਵੀਰ ਦਾ।
ਆਸ਼ਕ ਉਹ ਮੈਨੂੰ ਜਾਪਿਆ, "ਭੈਣੀ,, ਵਾਲੇ ਉਸ ਪੀਰ ਦਾ।
ਤਰਲਾ ਮੈਂ ਕਰਕੇ ਪੁਛਿਆ, ਦਸ ਵੀਰ ਮੈਨੂੰ ਸੋਹਣਿਆਂ।
ਇਸ ਕਹਰ ਵਾਲੀ ਰਾਤ ਵਿਚ, ਕਿਨੂੰ ਉਡੀਕੇਂ ਮੋਹਣਿਆਂ;
ਕਹਿੰਦਾ ਭਰਾਵਾ ਪੁਛਨਾਂ, ਦੁਖੀਆਂ ਦੇ ਦਿਲ ਨੂੰ ਫੋਲ ਨਾਂ।
ਜੀਂਦਾ ਸੀ ਸਾਨੂੰ ਆਸਰਾ, ਪ੍ਰੀਤਮ ਉਹ ਸਾਡੇ ਕੋਲ ਨਾਂ।
ਤੁਰ ਗਿਆ ਪ੍ਰਦੇਸ ਨੂੰ, ਸਾਡੇ ਨਾਲੋਂ ਦਿਲ ਤੋੜ ਕੇ।
ਭੈਣੀ ਵੀ ਚੀਕਾਂ ਮਾਰਦੀ, ਤਰਲੇ ਕਰੇ ਹੱਥ ਜੋੜ ਕੇ।
ਰੋਂਦੇ ਨੇ ਪੰਛੀ ਜੰਗਲੀਂ, ਰੋਂਦੀ ਨਿਮਾਨੀ ਧਰਤ ਆ।
ਰਾਮ ਗਏ ਬਨਬਾਸ ਨੂੰ, ਰੋਵੇ ਵਿਚਾਰਾ ਭਰਤ ਆ।
ਕੀਤੀ ਸਵਾਰੀ ਗੱਡ ਦੀ, ਪਹਿਨੀ ਸੀ ਕਾਲੀ ਕੰਬਲੀ।
ਨੈਣਾਂ ਚੋਂ ਹੰਝੂ ਡੋਹਲਦੀ, ਉਸਦੀ ਜੋ ਚੀਨੀ ਰੰਗਲੀ।
ਆਵਾਂਗਾ ਏਸੇ ਰੂਪ ਵਿਚ, ਜਾਂਦਾ ਸੀ ਸਾਨੂੰ ਕਹਿ ਗਿਆ।
ਏਸੇ ਲਈ ਹਾਂ ਟੇਕ ਕੇ, ਮਾਹੀ ਦਾ ਰਸਤਾ ਬੈਹ ਗਿਆ।
ਜਿਦਨ ਦਾ ਮਾਹੀ ਤੁਰ ਗਿਆ, ਵਾਟਾਂ ਨੇ ਉਦੀਆਂ ਘੇਰਿਆਂ।
ਬੈਠਾ ਹਾਂ ਰਸਤਾਂ ਮੱਲਕੇ ਪ੍ਰੀਤਮ ਜੀ ਪਾਵਨ ਫੇਰੀਆਂ।।

# ਆਰੰਭਕ ਪ੍ਰਾਰਥਨਾਂ

ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਕੋਟਾਨ ਕੋਟ ਧੰਨਵਾਦ ਹੈ, ਜਿਨਾਂ ਦੀ ਪਰਮ ਕਿਰਪਾ ਨਾਲ 'ਸਤਿਜੁਗ' 'ਸੰਤ ਅੰਕ' ਦਾ ਪਹਿਲਾ ਭਾਗ ਪ੍ਰਕਾਸ਼ਿਤ ਹੋਕੇ ਪਿਆਰੇ ਪਾਠਕਾਂ ਦੀ ਸੇਵਾ ਵਿਚ ਪੁਜ ਰਿਹਾ ਹੈ ਇਸਤੋਂ ਪਹਿਲੋਂ 'ਸਤਿਜੁਗ' ਆਪਨੇ 'ਬਸੰਤ ਅੰਕਾਂ' ਦੁਆਰਾ ਹੀ ਆਪਣੇ ਉਦੇਸ਼ ਨੂੰ ਪ੍ਰਚਾਰਨ ਦਾ ਯਤਨ ਕਰਦਾ ਰਿਹਾ ਹੈ, ਪ੍ਰੰਤੂ ਇਸ ਵਾਰ ਇਸ ਨੇ ਪੰਥਦੇ ਪ੍ਰਸਿਧ ਵਿਦਵਾਨ ਅਤੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ੍ਰੀ ਮਾਨ ਸੰਤ ਨਿਧਾਨ ਸਿੰਘ ਜੀ 'ਆਲਿਮ' ਦੀ ਤਜਵੀਜ਼ ਅਨੁਸਾਰ ਨਾਮਧਾਰੀ ਸੰਤ ਫੁਲਵਾੜੀ ਦੇ ਪੁਸ਼ਪਾਂ ਦਾ ਗੁਲਦਸਤਾ 'ਸੰਤ-ਅੰਕ' ਦੇ ਰੂਪ ਵਿਚ ਪੰਥ ਦੇ ਹਥਾਂ ਤਕ ਪਚਾਣ ਦਾ ਸਾਹਸ ਕੀਤਾਹੈ। ਇਸ ਗੁਲਦਸਤੇਦੀ ਸੁਗੰਧੀ ਬਾਬਤ ਕਿਸੇ ਤ੍ਰਾਂ ਦੀ ਵੀ ਕੋਈ ਰਾਏ ਕਾਇਮ ਕਰਨੀ ਸਾਡਾ ਹਕਨਹੀਂ ਕਿੰਤੂ ਪਾਠਕਾਂ ਦਾ ਕੰਮ ਹੈ। ਹਾਂ ਮੇਰਾ ਕੰਮ ਕੇਵਲ ਏਹ ਹੈ, ਕਿ ਮੈਂ ਉਨ੍ਹਾਂ ਤ੍ਰੁਟੀਆਂ ਸਬੰਧੀ ਪੰਥ ਅਤੇ 'ਸਤਿਜੁਗ' ਦੇ ਪਾਠਕਾਂ ਪਾਸ ਖਿਮਾਂ ਦੀ ਜਾਚਨਾ ਕਰਾਂ, ਜੋ ਕਿ ਮੇਰੀ ਅਲਪੱਗਤਾ ਦੇ ਕਾਰਨ ਯਾ ਇਸ ਦੇ ਪ੍ਰਕਾਸ਼ਨ ਅਰਥ ਸਮਾਂ ਬਹੁਤ ਹੀ ਘਟ ਮਿਲਨ ਦੇ ਸਬਬ ਇਸ ਅੰਕਵਿਚ ਰਹਿ ਗਈਆਂ ਹਨ। ਆਸ਼ਾ ਹੈ, ਕਿ ਮੇਰੀ ਏਹ ਪ੍ਰਾਰਥਨਾਂ ਸ੍ਵੀਕਾਰ ਕੀਤੀ ਜਾਵੇਗੀ।

(੨) ਮੈਂ ਉਨ੍ਹਾਂ ਵਜਕਤੀਆਂ ਦਾ ਧੰਨਵਾਦ ਕਰਨਾਂ ਅਪਣਾਂ ਪਹਿਲਾ ਕ੍ਰਤਵਜ ਸਮਝਦਾ ਹਾਂ ਜਿਨ੍ਹਾਂ ਦੀ ਸਹਾਇਤਾ ਨਾਲ ਮੈਂ ਏਹ ਸੁਗਾਤ ਪੰਥ ਦੀ ਭੇਟਾ ਕਰਦਾ ਹੋਇਆ ਪ੍ਰਸੰਨਤਾ ਨਾਲ ਭਰਪੂਰ ਹੋ ਰਿਹਾ ਹਾਂ, ਉਨਾਂ ਵਿਚ ਸਭ ਤੋਂ ਪਹਿਲੇ ਮੇਰੇ ਦੋ ਜਹਾਨ ਦੇ ਵਾਲੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਹਨ, ਜਿਨ੍ਹਾਂ ਨੇ ਪੂਜਯ ਸ੍ਰੀ 'ਆਲਿਮ' ਜੀ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਮੈਨੂੰ ਇਸ ਅੰਕ ਦੇ ਸੰਪਾਦਨ ਦੀ ਆਗਜਾ ਕੀਤੀ ਅਤੇ ਅਪਣੀ ਪਰਮ ਕ੍ਰਿਪਾਲਤਾ ਦਾ ਕਰ ਕਮਲ ਮੇਰੇ ਸਿਰ ਤੇ ਰੱਖਕੇ ਇਸ ਮਹਾਨ ਕਾਰਜ ਨੂੰ ਸਿਰੇ ਚਾੜ੍ਹਿਆ।

ਸ੍ਰੀਮਾਨ ਸੰਤ ਨਿਧਾਨ ਸਿੰਘ 'ਆਲਿਮ' ਵੀ ਮੇਰੀ ਪ੍ਰਸ਼ੰਸਾ ਅਤੇ ਧੰਨਵਾਦ ਦੇ ਯੋਗ ਪਾਤ੍ਰ ਹਨ, ਜਿਨ੍ਹਾਂ ਨੇ ਨ ਕੇਵਲ 'ਸੰਤ ਅੰਕ' ਦੇ ਪ੍ਰਕਾਸ਼ਣ ਦੀ ਤਜਵੀਜ਼ ਹੀ ਪੇਸ਼ ਕੀਤੀ, ਸਗੋਂ ਨਾਲ ਹੀ ਇਸ ਲਈ ਚੰਗੇ ਚੰਗੇ ਮਹਾਪੁਰਖਾਂ ਦੇ ਜੀਵਨ ਅਤੇ ਕਵਿਤਾਵਾਂ ਲਿਖਕੇ ਵੀ ਇਸ ਦੀ ਸ਼ਾਨ ਨੂੰ ਚਾਰ ਚੰਦ ਲਾਣ ਦਾ ਪੂਰਾ ਪੂਰਾ ਯਤਨ ਕੀਤਾ।

ਸ੍ਰੀ ਮਾਨ ਸੰਤ ਵਰਿਆਮ ਸਿੰਘ ਜੀ ਮੁਸੱਵਰ ਨੇ ਅਪਣੇ ਆਰਟ ਦੀ ਬਦੌਲਤ ਜੋ 'ਸੰਤ ਅੰਕ' ਦੀ ਸੇਵਾ ਕੀਤੀ ਹੈ, ਉਸ ਸਬੰਧੀ ਜੋ ਮੇਰੇ ਹਿਰਦੇ ਦੇ ਅੰਦਰ ਪ੍ਰਸੰਨਤਾਂ ਦੇ ਭਾਵ ਹਨ, ਉਨਾਂ ਨੂੰ ਅਖਰਾਂ ਵਿਚ ਵਿਯਕਤ ਕਰਨਾਂ ਬਹੁਤ ਕਠਿਨ ਭਾਸਦਾ ਹੈ। ਆਪ ਸਦਾ ਹੀ ਅਪਣੀ ਯੋਗਤਾ ਦੁਆਰਾ ਬਸੰਤ ਅੰਕਾਂ ਨੂੰ ਸਜਾਣ ਦਾ ਯਤਨ ਕਰਦੇ ਰਹੇ ਹਨ, ਪਰ ਇਸ ਵਾਰ ਆਪ ਨੇ ਜਿਸ ਮੇਹਨਤ, ਚਾ ਤੇ ਉਤਸ਼ਾਹ ਨਾਲ 'ਸੰਤ ਅੰਕ' ਵਾਸਤੇ ਤਸਵੀਰਾਂ ਤਿਆਰ ਕੀਤੀਆਂ ਹਨ, ਉਨਾਂ ਨੇ ਪਿਛਲਾ ਰੀਕਾਰਡ ਮਾਤ ਪਾ ਦਿਤਾ ਹੈ, ਮੇਰੀ ਸਤਿਗੁਰ ਸਚੇ ਪਾਤਸ਼ਾਹ ਦੇ ਚਰਨਾ ਕਮਲਾਂ ਵਿਚ ਪ੍ਰਾਰਥਨਾਂ ਹੈ ਕਿ ਓਹ ਨਾਮਧਾਰੀ ਪੰਥ ਦੇ ਇਸ ਵਾਹਿਦ ਆਰਟਿਸਟ ਦੇ ਦਿਮਾਗ ਨੂੰ ਵਧ ਤੋਂ

ਪ੍ਰਕਾਸ਼ ਬਖਸ਼ਣ ਜਿਸ ਨਾਲ ਆਪ ਵਧ ਤੋਂ ਵਧ ਪੰਥ ਦੀ ਸੇਵਾ ਕਰਨ ਦੇਯੋਗ ਹੋ ਸਕਣ।

ਸਤਿਕਾਰ ਜੋਗ ਸ੍ਰੀ ਮਾਨ ਬਾਬੂ ਦੀਨਾ ਨਾਥ ਜੀ ਅਤੇ ਬਾਬੂ ਜੈ ਚੰਦ ਜੀ ਦਾ ਮੈਂ ਦਿਲੋ ਵਜੋਂ ਧਨਵਾਦ ਕਰਦਾ ਹਾਂ, ਜਿਨ੍ਹਾਂ ਨੇ ਸੰਤ ਅੰਕ ਨੂੰ ਸੁਸ਼ੋਭਿਤ ਕਰਨ ਵਾਸਤੇ, ਰੰਗੀਨ ਤਸਵੀਰਾਂ ਦੇ ਬਲਾਕ ਅਪਨੀ ਕੰਪਨੀ (ਕਮਰਸ਼ਲ ਹਾਫ਼ਟੋਨ ਕੰਪਨੀ ਲਾਹੌਰ) ਵਿਚ ਬੜੇ ਪ੍ਰੇਮ ਤੇ ਪ੍ਰਿਸ਼ਰਮ ਨਾਲ ਤਿਆਰ ਕਰਕੇ ਛਾਪੇ ਹਨ। ਬਾਬੂ ਦੀਨਾ ਨਾਥ ਜੀ ਦਾ ਪ੍ਰੇਮ ਸਤਿਗੁਰਾਂ ਦੇ ਚਰਨਾਂ ਨਾਲ ਅਜੇਹਾ ਹੈ, ਕਿ ਆਪ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ ਤਾਂ ਸ੍ਰੀ ਭੈਣੀ ਸਾਹਿਬ ਪੁਜੇ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀਦਾ ਦ੍ਰਸ਼ਨ ਕਰਕੇ ਨਿਹਾਲ ਹੋਏ। ਸਚੇ ਪਾਤਸ਼ਾਹ ਆਪ ਜੀ ਤੇ ਕ੍ਰਿਪਾ ਕਰਨ ਤਾ ਕਿ ਆਪ ਗੁਰੂ ਘਰ ਦੀ ਸੇਵਾ ਸਦਾ ਹੀ ਪ੍ਰੇਮ ਸਹਿਤ ਕਰਦੇ ਹੋਏ ਅਪਣਾਂ ਜਨਮ ਸਫਲ ਕਰਨ।

ਸ੍ਰੀ ਮਾਨ ਸੰਤ ਮੰਗਲ ਸਿੰਘ ਜੀ ਲੋਪੋਕੇ (ਜੋ ਕਿ ਅਜ ਕਲ ਸ੍ਰੀ ਅੰਮ੍ਰਿਤਸਰ ਨਿਵਾਸ ਰਖਦੇ ਹਨ) ਵੀ ਮੇਰੇ ਧੰਨਵਾਦ ਅਰ ਪਰਸ਼ੰਸਾ ਦੇ ਘਟ ਅਧਿਕਾਰੀ ਨਹੀਂ ਹਨ, ਜਿਨ੍ਹਾਂ ਨੇ ਨ ਸਿਰਫ ਇਸ ਅੰਕ ਦੀ ਆਪਣੇ ਲੇਖਾਂ ਅਰ ਕਵਿਤਾਵਾਂ ਦੁਆਰਾ ਹੀ ਸੇਵਾ ਕੀਤੀ ਹੈ, ਸਗੋਂ ਰਾਤ ਦਿਨ ਇਕ ਕਰਕੇ ਇਸਦੇ ਸੰਪਾਦਨ ਵਿਚ ਵੀ ਮੇਰੀ ਸਹੈਤਾ ਕੀਤੀ ਹੈ। ਆਪ ਤੋਂ ਛੁਟ ਸੰਤ ਤਰਨ ਸਿੰਘ ਜੀ ਵਹਿਮੀ, ਰਵੇਲ ਸਿੰਘ ਜੀ ਘੁਕੇਵਾਲੀ, ਊਧਮ ਸਿੰਘ ਜੀ ਵਿਦਯਾਰਥੀ, ਬਲਵੰਤ ਸਿੰਘ ਜੀ ਗਿਆਨੀ ਅਤੇ ਪ੍ਰੀਤਮ ਸਿੰਘ ਜੀ ਪੰਛੀ ਨੇ ਵੀ ਕਾਫੀ ਮਦਦ ਦੇਕੇ ਮੇਰੇ ਕੰਮ ਨੂੰ ਸਿਰੇ ਚਾੜ੍ਹਨ ਦਾ ਜਤਨ ਕੀਤਾ ਹੈ।

ਏਨਾਂ ਸਭ ਸਜਨਾਂ ਦਾ ਧਨਵਾਦ ਕਰਨ ਦੇ ਬਾਦ ਮੇਰਾ ਧਿਆਨ ਪੰਥ ਦੇ ਉਨ੍ਹਾਂ ਹੋਨਹਾਰ ਨੌ ਨਿਹਾਲਾਂ ਵਲ ਜਾਣ ਤੋਂ ਬਿਨਾਂ ਨਹੀਂ ਰਹਿ ਸਕਦਾ, ਜਿਨ੍ਹਾਂ ਦੀ ਸੇਵਾ ਤੋਂ ਬਿਨਾਂ ਅਸੀਂ ਸਾਰੇ ਮਿਲਕੇ ਵੀ ਇਸ ਸਾਰੇ ਕੰਮ ਨੂੰ ਵਕਤ ਸਿਰ ਸੰਪੂਰਣ ਕਰਨ ਤੋਂ ਅਸ਼ਕਤ ਸਾਂ। ਮੇਰਾ ਭਾਵ ਸਤਿਜੁਗ ਦੇ ਪ੍ਰੈਸ ਸਟਾਫ਼ ਤੋਂ ਹੈ। ਏਨ੍ਹਾਂ ਨੌ ਨਿਹਾਲਾਂ ਨੇ ਨਾਂ ਰਾਤ ਵੇਖੀ ਨਾਂ ਦਿਨ। ਪਤਾ ਨਹੀਂ ਏਨਾਂ ਚਾ ਅਤੇ ਉਮਾਹ ਏਨ੍ਹਾਂ ਦੇ ਛੋਟੇ ਛੋਟੇ ਦਿਲਾਂ ਵਿਚ ਕਿਵੇਂ ਸਮਾ ਗਿਆ, ਜਿਸਤੋਂ ਪ੍ਰਭਾਵਿਤ ਹੋਕੇ ਇਨ੍ਹਾਂ ੨ ਮਹੀਨਿਆਂ ਦਾ ਕੰਮ ਕੇਵਲ ਪੰਦਰਾਂ ਦਿਨਾਂ ਵਿਚ ਖ਼ਤਮ ਕਰ ਦਿਤਾ। ਮੈਂ ਮੁਨਾਸਬ ਸਮਝਦਾ ਹਾਂ, ਕਿ ਪ੍ਰੈਸ-ਸਟਾਫ ਦੀ ਫਰਿਸਤ ਸਾਧ ਸੰਗਤ ਦੀ ਦ੍ਰਿਸ਼ਟੀ ਗੋਚਰ ਕਰਾਂ:-

ਸ੍ਰੀ ਮਾਨ ਸੰਤ ਪ੍ਰੀਤਮ ਸਿੰਘ ਜੀ ਮਸ਼ੀਨਮੈਨ, ਸੰਤ ਗੁਰਬਚਨ ਸਿੰਘ ਜੀ ਪਿੰਡਗੁਨਾਂ ਸੰਤ ਮੰਗਲਸਿੰਘ ਜੀ ਮਹਾਵਾ, ਸੰਤ ਕਪੂਰਸਿੰਘ ਜੀ ਸਿਆਮੀ, ਸੰਤ ਗੁਰਦਿਆਲ ਸਿੰਘ ਜੀ 'ਸੇਵਕ' ਸੰਤ ਬਲਵੰਤ ਸਿੰਘ ਜੀ (ਪਾਕ ਪਟਨ) ਸੰਤ ਗੁਰਬਖਸ਼ ਸਿੰਘਜੀ "ਤੋਤਾ" (ਲਾੜਾ) ਸੰਤ ਤ੍ਰਿਲੋਕ ਸਿੰਘ ਜੀ ਕੋਟਲੀ ਅਰੂੜਾ, ਸੰਤ ਈਸਰ ਸਿੰਘ ਜੀ "ਗਾਂਧੀ" ਜੋ ਗੀਰਾਜ ਕਰਮ ਸਿੰਘ ਜੀ ਜੀਤ ਸਿੰਘ ਜੀ ਅਤੇ ਨਾਮਧਾਰੀ ਵਿਦਿਆਲੇ ਦੇ ਹੋਨਹਾਰ ਵਿਦਯਾਰਥੀ, ਸੰਤ ਗੁਰਬਚਨ ਸਿੰਘ ਜੀਦਲੀਪ ਸਿੰਘਜੀ'ਧ' ਮਾਨ ਸਿੰਘ ਜੀਹਜੂਰ ਸਿੰਘ ਜੀ 'ਚੰਦ੍ਰਹਾਂਸ' ਜਗਿੰਦਰ ਸਿੰਘ ਜੀ ਦਰਸ਼ਨ ਸਿੰਘ ਜੀ ਜੋਗਾ ਸਿੰਘ ਜੀ ਸੰਤੋਖ ਸਿੰਘ ਜੀ ਗੁਰਮਤ ਸਿੰਘ ਜੀ ਪਾਲ ਸਿੰਘ ਜੀ ਹਜਾਰਾ ਸਿੰਘ ਜੀ ਆਤਮਾ

ਸਿਘ ਜੀ ਸਹਣ ਸਿੰਘ ਜੀ। ਏਹਨਾਂ ਤੇ ਇਲਾਵਾ, ਸ੍ਰੀਮਾਨ ਮਾਸਟਰ ਸੰਪੂਰਨ ਸਿੰਘ ਜੀ ਜਖੇਪਲ ਨੇ ਪਿੰਡਾਂ ਦਾ ਦੌਰਾ ਕਰਕੇ ਜੋ ਸੰਤ ਜੀਵਨ ਇਕੱਤ੍ਰ ਕਰਕੇ "ਸੰਤ ਅੰਕ" ਦੀ ਸੇਵਾ ਕੀਤੀ ਹੈ ਉਸ ਨੂੰ ਮੈਂ ਕਦੇ ਭੁਲ ਨਹੀਂ ਸਕਦਾ, ਸ੍ਰੀ ਮਾਨ ਸੰਤ ਲਾਭ ਸਿੰਘ ਜੀ ਦਾ ਧੰਨਵਾਦ ਕਰਨਾ ਵੀ ਮੈਂ ਜ਼ਰੂਰੀ ਸਮਝਦਾ ਹਾਂ, ਜਿਨਾਂ ਨੇ ਪ੍ਰੈਸ ਵਿੱਚ ਕੰਮ ਕਰਨ ਵਾਲੇ ਬੱਚਿਆਂ ਦੀ ਖੁਰਾਕ, ਅਤੇ ਹਰ ਪ੍ਰਕਾਰ ਦੀ ਲੁੜੀਂਦੀ ਸੇਵਾ ਦਾ ਪ੍ਰਬੰਧ ਵਿਸ਼ੇਸ਼ ਧਿਆਨ ਨਾਲ ਕੀਤੀ ਰਖਿਆ ਹੈ।

ਅੰਤ ਵਿਚ ਉਨਾਂ ਸਮੂਹ ਲੇਖਕਾਂ ਤੇ ਕਵੀਆਂ ਦਾ ਧਨਵਾਦ ਕਰਕੇ ਮੈਂ ਇਸ ਲੇਖ ਨੂੰ ਸਮਾਪਤ ਕਰਦਾ ਹਾਂ ਜਿਨਾਂ ਨੇ ਆਪਣੇ ਕੀਮਤੀ ਲੇਖ ਤੇ ਕਵਿਤਾ ਭੇਜਕੇ ਅੰਕ ਦੀ ਸ਼ਾਨ ਨੂੰ ਵਧਾਇਆ ਹੈ ਅਤੇ ਨਾਲ ਹੀ ਉਨ੍ਹਾਂ ਸੱਜਨਾ ਪਾਸੋਂ ਖਿਮਾ ਮੰਗਦਾ ਹਾਂ, ਜਿਨਾਂ ਦੇ ਲੇਖ ਅਤੇ ਕਵਿਤਾਵਾਂ ਕਈ ਮਜਬੂਰੀਆਂ ਦੇ ਕਾਰਨ ਇਸ ਭਾਗ ਵਿਚ ਪ੍ਰਕਾਸ਼ਿਤ ਨਹੀਂ ਹੋ ਸਕੇ। ਮੈਂ ਉਨ੍ਹਾਂ ਨੂੰ ਨਿਸਚਾ ਦਿਵਾਂਦਾ ਹਾਂ ਕਿ ਜੇ ਸਮੇਂ ਨੇ ਸਾਡੀ ਸਹੈਤਾ ਕੀਤੀ ਤਾਂ ਦੂਜੇ ਸਾਲ ਸੰਤ ਅੰਕ ਦੇ ਦੂਜੇ ਭਾਗ ਵਿਚ ਉਨ੍ਹਾਂ ਨੂੰ ਪ੍ਰਕਾਸ਼ਿਤ ਕਰ ਦਿੱਤਾ ਜਾਵੇਗਾ।

(ਦਾਸ ਬਲਵੰਤ ਸਿੰਘ)

# ਸੰਤ ਸੰਗ

(ਸੰਤ ਰਵੇਲ ਸਿੰਘ ਜੀ ਘੁਕੇਵਾਲੀ ਅੰਮ੍ਰਿਤਸਰ)

ਜੇਹੜਾ ਕਰੇ ਸੰਗਤ ਉਹਨੂੰ ਚੜ੍ਹੇ ਰੰਗਤ, ਸੰਤ ਓਸ ਦੇ ਭਰਮ ਮਿਟਾਵੰਦੇ ਨੇ।
ਸੇਵਾ ਕਰੇ ਸੋ ਪਾਏ ਤੁਰੰਤ ਮੇਵਾ, ਸੰਤ ਓਸਦੀ ਆਸ ਪੁਜਾਂਦੇ ਨੇ।
ਜੇਹੜਾ ਰਬ ਦੀ ਖੋਜ ਵਿਚ ਫਿਰੇ ਭੌਂਦਾ, ਸੰਤ ਓਸਨੂੰ ਰੱਬ ਦਿਖਾਵੰਦੇ ਨੇ।
ਜੀਵ ਈਸ਼ ਦਾ ਭੇਦ ਨ ਅਸਲ ਕੋਈ, ਆਵਾਗਉਣ ਦਾ ਭੇਦ ਸਮਝਾਵੰਦੇ ਨੇ।
ਨਾਮ ਦਾਨ ਦੇਕੇ ਸੰਤ ਕਰਨ ਪਾਰਸ, ਸੋਨਾ ਲੋਹੇ ਦੇ ਤਾਂਈ ਬਣਾਵੰਦੇ ਨੇ।
ਨਾਲ ਗੁਰੂ ਅਕਾਲ ਅਭੇਦ ਕਰਕੇ, ਜਨਮ ਮਰਨ ਦਾ ਗੇੜ ਮੁਕਾਵੰਦੇ ਨੇ।
ਦੂਈ ਦ੍ਵੈਤ ਦੇ ਤਾਂਈ ਕਾਫ਼ੂਰ ਕਰਕੇ, ਏਕੰਕਾਰ ਦੇ ਵਿਚ ਲਗਾਵੰਦੇ ਨੇ।
ਜੇਹੜਾ ਸ਼ਰਨ ਆਵੇ ਓਹਨੂੰ ਸੰਤ ਕਰਦੇ, ਮਹਿਕ ਵਾਂਗ 'ਰਵੇਲ' ਫੈਲਾਵੰਦੇ ਨੇ।

# ਸਿਧੇ ਰਾਹੇ ਪੌਣ ਸੰਤ

(ਹਕੀਮ ਤੇਜ ਪ੍ਰਤਾਪ ਸਿੰਘ ਜੀ 'ਪੁਸ਼ਪ' ਲੋਹਗੜ੍ਹ ਪਟਯਾਲਾ)

ਦੁਨੀਆਂ ਦੇ ਤਾਰਨੇ ਨੂੰ ਆਏ ਨੇ ਜਗਤ ਵਿਚ, ਦੇਕੇ ਗੁਰ ਮੰਤ੍ਰ ਜੋ ਪਾਪਾਂ ਨੂੰ ਗਵੌਣ ਸੰਤ।
ਜੇਹੜਾ ਜੀਵ ਆਵੰਦਾ ਸਮੀਪ ਇਛਾ ਧਾਰ ਕੇਤੇ, ਓਹਦੀ ਮਨੋਂ ਕਾਮਨਾਂ ਨੂੰ ਪੂਰਨ ਕਰੌਣ ਸੰਤ।
ਭਾਂਵੇਂ ਕਰੇ ਮਾਨ ਭਾਵੇਂ ਕਰੇ ਅਪਮਾਨ ਕੋਈ, ਰਿਦੇ ਵਿਚ ਕ੍ਰੋਧ ਕਦੀ ਮੂਲ ਨ ਲਿਔਣ ਸੰਤ।
ਮਿਠੀ ਮਿਠੀ ਬਾਣੀ ਨਾਲ ਦੇਣ ਉਪਦੇਸ਼ ਸੰਤ, ਪਾਪੀਆਂ ਪਖੰਡੀਆਂ ਨੂੰ ਸਿਧੇ ਰਾਹੇ ਪੌਣ ਸੰਤ

# ਸੰਤ ਮੰਡਲ

( ਨਾਮਧਾਰੀ ਦਰਬਾਰ ਦੇ ਪ੍ਰਧਾਨ, ਸ੍ਰੀ "ਆਲਿਮ" ਜੀ ਵਲੋਂ )

'ਸੰਤ' ਸ਼ਬਦ ਵੇਖਣ ਨੂੰ ਤਾਂ ਨਿਕੇ ਜੇਹੇ ਅਕਾਰ ਵਾਲਾ ਜਾਪਦਾ ਹੈ, ਪਰ ਇਸਦੀ ਮਹਿਮਾ ਏਨੀ ਵਿਸ਼ਾਲ ਹੈ, ਜਿਸਦਾ ਕੋਈ ਅੰਤ ਨਹੀਂ ਕਿਹਾ ਜਾ ਸਕਦਾ। ਇਸਦਾ ਰਿਦਾ ਅਜੇਹਾ ਗੁਣ ਸਾਗਰ ਹੈ, ਕਿ ਜਿਸਦਾ ਥਾਹ ਲੈਣਾਂ ਮਾਨਵੀ ਹੀ ਨਹੀਂ ਕਿੰਤੂ ਦੇਵੀ ਜਗਤ ਦੀ ਸ਼ਕਤੀ ਤੋਂ ਵੀ ਪਰੇ ਹੈ। ਇਸ ਸ਼ਬਦ ਦਾ ਉਦਰ ਉਨਾਂ ਸਮੂਹ ਪ੍ਰਕ੍ਰਿਤੀਆਂ ਦਾ ਭੰਡਾਰ ਹੈ, ਜੋ ਮਨੁਖ ਨੂੰ ਅਸ਼ਾਂਤੀ ਦੇ ਮਹਾਨ ਦੁਖ ਦਾਇਕ ਮੰਡਲ ਵਿਚੋਂ ਉਠਾਕੇ ਸ਼ਾਤੀ ਦੇ ਮਹਾਨ ਸੁਖ-ਦਾਈ ਮੰਡਲ ਵਿਚ ਪੁਚਾਣ ਦੀ ਸਮੱਰਥਾ ਰਖ ਦੀਆਂ ਹਨ। ਸੰਤ ਸ਼ਬਦ ਦੇ ਹਿਰਦੇ ਵਿਚ ਨਿਵਾਸ ਰਖਣਵਾਲੇ ਗੁਣਾਂ ਦਾ ਸਪ੍ਰਸ਼ ਮਾਨਵੀ ਜਗਤ ਦੇ ਹਿਰਦੇ ਵਿਚੋਂ ਅਸ਼ਾਂਤੀ ਦੇ ਪ੍ਰਮਾਣੂਆਂ ਨੂੰ ਕਢਣ ਵਿਚ ਮਹਾਨ ਸ਼ਕਤੀਵਾਨ ਸਿਧ ਹੋਇਆ ਹੈ। ਵਰਤਮਾਨ ਜੁਗ ਨੂੰ ਅਸ਼ਾਂਤੀ ਜੁਗ ਕਹਿਣ ਵਿਚ ਕੋਈ ਵਧੀਕੀ ਨਹੀਂ ਸਮਝੀ ਜਾ ਸਕਦੀ, ਕਿਉਂਕਿ ਇਸ ਵਿਸ਼ਾਲ ਬ੍ਰਹਿਮੰਡ ਦੇ ਇਕ ਸਿਰੇ ਤੋਂ ਲੈਕੇ ਦੂਜੇ ਸਿਰੇ ਤਕ ਕੋਈ ਦੇਸ਼ ਅਤੇ ਕੋਈ ਜਾਤੀ ਅਜੇਹੀ ਨਹੀਂ ਦਿਸੇਗੀ ਜਿਸ ਦਾ ਕਲੇਜਾ ਵਰਤਮਾਨ ਕਾਲ ਦੇ ਭਿਆਨਕ ਸਰੂਪ ਨੂੰ ਤਕਕੇ ਨਾਂ ਧੜਕ ਰਿਹਾ ਹੋਵੇ। ਇਸ ਦਾ ਕਾਰਨ ਕੇਵਲ ਇਹ ਹੈ ਕਿ ਮਨੁਖ ਦੇ ਰਿਦੇ ਵਿਚ ਉਹਨਾਂ ਪ੍ਰਮਾਣੂਆਂ ਦਾ ਅਕਾਰ ਵਧੀਕ ਤੋਂ ਵਧੀਕ ਪੁਸ਼ਟ ਹੋ ਰਿਹਾ ਹੈ, ਜੋ ਅਸ਼ਾਂਤੀ ਦਾ ਕਾਰਨ ਹਨ, ਉਹਨਾਂ ਦਾ ਮੁਖ ਹੀ ਲੋਭ ਹੈ, ਜੋ ਪਾਪ ਦਾ ਮੂਲ ਮਨਿਆਂ ਗਿਆ ਹੈ। ਗੁਰੂ ਜੀ ਦਾ ਵਾਕ ਹੈ—"ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ"॥ ਹੋਰ ਮਹਾਂ ਪੁਰਸ਼ ਵੀ ਇਸ ਦੀ ਪੁਸ਼ਟੀ ਵਿਚ ਆਖਦੇ ਹਨ—"ਲੋਭ: ਪ੍ਰਤਿਸ਼੍ਠਾ ਪਾਪੱਸਯ ਪ੍ਰਸੂਤਿਰ ਲੋਭ ਏਵ ਚ। ਦ੍ਵੇਸ਼ ਕ੍ਰੋਧਾਦਿ ਜਨਕੋ ਲੋਭ: ਪਾਪਸਯ ਕਾਰਣਮ ॥ ੧ ॥ ਲੋਭਾਤ ਕ੍ਰੋਧ: ਪ੍ਰਭਵਤਿ ਕ੍ਰੋਧਾਦ ਦ੍ਰੋਹ: ਪ੍ਰਵਰਤਤੇ। ਦ੍ਰੋਹੇਣ ਨਰਕੰ ਯਾਤਿ ਸ਼ਾਸਤ੍ਰੱਗਯੋ ਅਪਿ ਵਿਚਖਸ਼ਣ: ॥ ੨ ॥ ਮਾਤਰੰ ਪਿਤਰੰ, ਪੁਤ੍ਰੰ, ਭ੍ਰਾਤਰੰ ਵਾ ਸੁਹ੍ਰ ਤਮਮ। ਲੋਭਾਵਿਸ਼ਟੋ ਨਰੋ ਹੰਤਿ ਸ੍ਵਾ-ਮਿਨੰ ਵ ਸਹੋਦਰਮ ॥ ੩ ॥ ਅਰਥਾਤ ਲੋਭ ਤੋਂ ਹੀ ਪਾਪ ਦੀ ਪ੍ਰਤਿਸ਼ਠਾ ਤੇ ਉਤਪਤੀ ਹੁੰਦੀ ਹੈ। ਲੋਭ ਪਾਪ ਦਾ ਕਾਰਨ ਹੈ, ਲੋਭ ਤੋਂ ਕ੍ਰੋਧ ਹੁੰਦਾ ਹੈ, ਅਤੇ ਕ੍ਰੋਧ ਤੋਂ ਦ੍ਰੋਹ ਵਧਦਾ ਹੈ। ਸ਼ਾਸਤ੍ਰ ਵੇਤਾ ਪੁਰਸ਼ ਨੂੰ ਵੀ ਦ੍ਰੋਹ ਤੋਂ ਨਰਕ ਦੀ ਪ੍ਰਾਪਤੀ ਹੁੰਦੀ ਹੈ, ਅਤੇ ਲੋਭੀ ਮਨੁਖ ਮਾਤਾ ਪਿਤਾ ਪੁਤ੍ਰ ਭਾਈ, ਮਿਤ੍ਰ ਸੁਆਮੀ ਤਥਾ ਸਕੇ ਭਰਾ ਨੂੰ ਵੀ ਲੋਭ ਦੇ ਅਧੀਨ ਹੋਕੇ ਮਾਰ ਸੁਟਦਾ ਹੈ

## (੨)

ਐਸ ਵੇਲੇ ਲੋਭ ਅਤੇ ਉਸਦੇ ਕਾਰਜ ਰੂਪ

ਪਾਪ ਦੀ ਪ੍ਰਧਾਨਤਾ ਪ੍ਰਤੱਖ ਭਾਸ ਰਹੀ ਹੈ। ਪੋਲੈਂਡ ਦਾ ਸੱਤਿਆ ਨਾਸ ਕਰਕੇ, ਉਸਤੇ ਜਰਮਨੀ ਤੇ ਰੂਸ ਦਾ ਅਧਿਕਾਰ ਏਸ ਦਾ ਹੀ ਫਲ ਹੈ। ਜਰਮਨੀ ਤੇ ਮਿਤ੍ਰਰਾਸ਼ਟ੍ਰਾਂ ਦੇ ਘਮਸਾਣ ਦਾ ਕਾਰਣ ਵੀ ਏਹੀ ਹੈ। ਇਕ ਦੂਜੇ ਉਤੇ ਝੂਠੇ ਦੋਸ਼ਾਂ ਦਾ ਅਰੋਪ ਕਰਕੇ ਇਕ ਦੂਜੇ ਦੇ ਵਿਰੁਧ ਪ੍ਰਚਾਰ ਕਰਨ ਨਾਲ ਕੂੜਾ ਹੋਆ ਸਿਕਦਾਰ ਅਨੁਸਾਰ ਕੂੜ ਦੀ ਹੰਧਣਵੀ ਜੋਬਨ ਤੇ ਹੈ। ਫਿਨਲੈਂਡ ਤੇ ਰੂਸ ਦਾ ਜੁੱਧ ਇਸ ਲੋਭ ਮਹਾਰਾਜਾ ਦੀ ਹੀ ਤ੍ਰਿਸ਼ਨਾਂ ਦਾ ਚਮਤਕਾਰ ਹੈ, ਚੀਨ ਤੇ ਜਪਾਨ ਦੀ ਆਪੋ ਵਿਚ ਦੀ ਕਟਾ-ਵੱਢ ਵੀ ਏਸੇ ਦੀ ਪ੍ਰੇਰਨਾਂ ਕਰਕੇ ਹੈ, ਅਨੰਤ ਪ੍ਰਕਾਰ ਦੇ ਅਸਤ੍ਰਾਂ ਸ਼ਸਤ੍ਰਾਂ ਤੇ ਗੈਸਾਂ ਦੀਆਂ ਕਾਢਾਂ, ਜੋ ਬ੍ਰਹਿਮੰਡ ਭਰ ਦਾ ਕੀਰਤਨ ਸੋਹਲਾ ਜਦੋਂ ਜੀ ਕਰੇ ਪੜ੍ਹ ਸਕਦੀਆਂ ਹੈਨ ਲੋਭ ਦੀ ਹੀ ਉਪਜ ਹੈਨ। ਤਾਂ ਅਜੇਹੇ ਅਸ਼ਾਂਤ੍ਰੀ ਜਗ ਵਿਚ ਜਿਨਾਂ ਵੀ ਅਸ਼ਾਂਤ ਵਾਜੂ ਮੰਡਲ ਦਿਖਾਈ ਦੇ ਰਿਹਾ ਹੈ, ਉਨਾਂ ਵਿਹੁਲ ਪ੍ਰਮਾਣੂਆਂ ਦਾ ਕਾਰਜ ਹੈ ਜੋ, ਕਿ 'ਸੰਤ' ਦੇ ਹਾਰਦਿਕ ਗੁਣਾਂ ਦੀ ਛੋਹ ਤੋਂ ਕਿਨਾਂ ਕਿਸੇਤ੍ਰਾਂ ਵੀ ਨਿਵਿ-ਰਤ ਨਹੀਂ ਹੋ ਸਕਦੇ। ਏਹੀ ਕਾਰਨ ਹੈ, ਕਿ ਜਗਤ ਨੂੰ ਸੱਚੇ ਸੰਤ ਦੀ ਪਿਛੇ ਵੀ ਲੋੜ ਰਹੀ ਹੈ, ਹੁਣ ਵੀ ਹੈ ਤੇ ਅੱਗੇ ਨੂੰ ਵੀ ਰਹੇਗੀ। ਇਤਿਹਾਸ ਇਸਤ੍ਰਾਂ ਦੇ ਉਦਾਰਹਣਾਂ ਨਾਲ ਭਰਿਆ ਪਿਆ ਹੈ, ਕਿ ਸੰਸਾਰ ਨੂੰ ਜਦੋਂ ਵੀ ਦੁਖ ਸਾਗਰ ਵਿਚੋਂ ਨਿਕਲ ਕੇ ਸੁਖ ਸਾਗਰ ਵਿਚ ਤਾਰੀਆਂ ਲੈਣ ਦੀ ਲੋੜ ਪਈ, ਸੰਤਾਂ ਦੀ ਸ਼ਰਣ ਗ੍ਰਹਿਣ ਕੀਤੀ ਗਈ।

### ੩.

ਪਿਛਲਿਆਂ ਜੁਗਾਂ ਵਿਚ ਸਨਕ ਸਨੰਦਨ, ਸਨਾਤਨ ਸੰਤ ਕੁਮਾਰ, ਧਰੂ ਪ੍ਰਹਿਲਾਦ ਨਾਰਦ, ਸੁਕਦੇਵ, ਬਿਆਸ, ਵਿਸ਼ਿਸ਼ਟ, ਅਤੇ ਪ੍ਰਾਸ਼ਰ ਆਦਿਕ ਅਨੇਕਾਂ ਸੰਤ ਬੀਤ ਚੁਕੇ ਹਨ, ਜਿਨ੍ਹਾਂ ਦੀ ਉਪਕਾਰ ਕੀਰਤੀ ਅਜ ਤਕ ਪ੍ਰਕਾਸ਼ ਮਾਨ ਹੈ, ਤੇ ਸ੍ਰਿਸ਼ਟੀ ਦੇ ਅੰਤ ਤਾਂਈ ਰਹੇਗੀ। ਦੁਆਪਰ ਜੁਗ ਤੋਂ ਪਿਛੋਂ ਤੇ ਗੁਰੂ ਨਾਨਕ ਦੇਵ ਤੋਂ ਪਹਿਲੋਂ ਵੀ ਅਨੇਕਾਂ ਸੰਤ ਹੋਏ ਹਨ, ਜਿਨਾਂ ਨੇ ਸੰਸਾਰ ਦੀ ਸ਼ਾਂਤੀ ਮਾਰਗ ਵਿਚ ਅਗਵਾਈ ਕਰਕੇ ਅਨੰਤ ਤਪਦੇ ਹਿਰਦਿਆਂ ਨੂੰ ਠਾਰਿਆ। ਇਸ ਸਮੇਂ ਵਿਚ ਜੋ ਸਭ ਤੋਂ ਪਿਛਲਾ ਸੰਤ ਮੰਡਲ ਸੀ ਉਸਦੇ ਗੁਰੂ ਸ੍ਰੀ ਸੁਆਮੀ ਰਾਮਾਨੰਦ ਜੀ ਬੈਰਾਗੀ ਸਨ। ਸਾਡੇ ਗੁਰੂਆਂ ਨੇ ਏਸ ਮੰਡਲ ਦੇ ਬਹੁਤ ਸਾਰੇ ਸੰਤਾਂ ਦੀ ਬਾਣੀ ਨੂੰ ਸ਼ਾਂਤੀ ਉਪਜਾਊ ਜਾਣਕੇ ਅਪਨਾਇਆ ਹੈ।

### ੪.

ਸੁਆਮੀ ਰਾਮਾਨੰਦ ਜੀ ਦੇ ਸੰਤ ਮੰਡਲ ਦਾ ਸੂਰਜ ਅਸਤਣ ਤੋ ਪਿਛੋਂ ਅਸ਼ਾਂਤ ਪ੍ਰਮਾਣੂ ਆਂ ਦੀ ਪਰਮ ਪ੍ਰਧਾਨਤਾ ਹੋ ਜਾਣਦੇ ਕਾਰਨ ਮਨੁਖ ਏਨਾਂ ਘਾਬਰ ਗਿਆ ਕਿ ਉਸ ਨੂੰ ਜੀਉਣ ਨਾਲੋਂ ਮੌਤ ਚੰਗੀ ਭਾਸਣ ਲਗੀ। ਉਹ ਮਰਨ ਦੇ ਆਹਰ ਵਿਚ ਹੀ ਸੀ ਕਿ ਅੰਤ੍ਰ ਆਤਮਾ ਵਲੋਂ ਪ੍ਰੇਰਨਾ ਹੋਈ, ਕਿ ਆਤਮ ਘਾਤ ਕਰਨਾ ਮਹਾਨ ਪਾਪ ਹੈ, ਤੂੰ ਅਪਣੇ ਸਿਰਜਣਹਾਰ ਕੋਲ ਪੁਕਰ ਤਾਂ ਕਰ ਵੇਖ। ਦੁਖੀ ਮਨੁਖ ਅਪਣੇ ਕੋਸੋ (ਅਕਾਲ ਪੁਰਖ) ਅਗੇ ਕੂਕਿਆ, ਅਤੇ ਇਸ ਪ੍ਰਕਾਰ ਕੂਕਿਆ ਕਿ ਉਸ ਦੇ ਫਲ ਸਰੂਪ ਵਿਚ ਸੰਤ ਮੰਡਲ ਦੇ ਸਿਰਜਣ ਹਾਰ ਸ੍ਰੀ ਗੁਰੂ ਨਾਨਕ ਦੇਵ ਪ੍ਰਗਟ ਹੋਏ। ਸ੍ਰੀ ਗੁਰੂ ਨਾਨਕ ਦੇਵ ਨੇ ਸੰਸਾਰ ਨੂੰ ਸ਼ਾਂਤੀ ਦੇਣ ਵਾਸਤੇ ਅਪਣੇ ਭਿੰਨ ਭਿੰਨ ਜਾਮਿਆਂ ਵਿਚ ਅਨੇਕਾਂ

ਸੰਤ ਉਪਜਾਏ ਜਿਨਾਂ ਨੇ ਉਨਾਂ ਦੇ ਨਿਜਮਾਂ ਅਨੁਸਾਰ ਸ਼ਾਂਤੀ ਦਾ ਪ੍ਰਚਾਰ ਕੀਤਾ।

ਪੰਜਵੇਂ ਸਰੂਪ ਵਿਚ ਸੰਤ ਰਖਯਾ ਦੇ ਉਦੇਸ਼ ਬਦਲੇ ਅਪਣੇ ਸ਼ਰੀਰ ਤੇ ਅਸਹਿ ਕਸ਼ਟ ਸਹਾਰ ਕੇ ਸ਼ਹੀਦ ਹੋ ਗਏ। ਛੇਵੇਂ ਸਰੂਪ ਵਿਚ ਦੁਸ਼ਟਾਂ ਦਾ ਦਮਨ ਕਰਨ ਹਿਤ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਜੁਧ ਕੀਤੇ। ਦਸਮ ਸਰੂਪ ਵਿਚ ਅਪਣੇ ਪ੍ਰਗਟ ਹੋਣ ਦਾ ਕਾਰਨ 'ਧਰਮ ਚਲਾਵਨ ਸੰਤ ਉਬਾਰਨ ਦੁਸਟ ਸਭਨ ਕਉ ਮੂਲ ਉਪਾਰਨ' ਦਸਦਿਆਂ ਹੋਇਆਂ ਇਸ ਅਰਥ ਅਪਣਾਂ ਸਰਬੰਸ ਤਕ ਵਾਰ ਦਿਤਾ। ਕਲਗੀ-ਧਰ ਜੀ ਨੇ ਖੜਗ ਨੂੰ ਨਮਸਕਾਰ ਕਰਦਿਆਂ ਹੋਇਆਂ ਕਿਹਾ ਹੈ, ਸੁਖ ਸੰਤਾਂ ਕਰਣੰ, ਦੁਰਮਤਿ ਦਰਣੰ ਕਿਲ ਬਿਖ ਹਰਣੰ ਅਸਿ ਸਰਣੰ। ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ। ਗੱਲ ਕੀ ਕਲ-ਗੀਧਰ ਪਾਤਸ਼ਾਹ ਨੇ ਸੰਤਾਂ ਸਾਧੂਆਂ ਦੀ ਰਖਯਾ ਦੇ ਕਾਰਨ ਜਦ ਸ਼ਾਂਤਮਈ ਸਾਧਨਾਂ ਨਾਲ ਕਾਰਜ ਸਿਧ ਨ ਹੁੰਦਾ ਨਾਂ ਵੇਖਿਆ ਤਾਂ ਤਲਵਾਰ ਚਲਾਕੇ ਵੀ ਆਪਣੇ ਸੰਤਰਖਯਾ ਦੇ ਉਦੇਸ਼ ਵਿਚ ਸਫਲਤਾ ਪ੍ਰਾਪਤ ਕਰਨ ਦਾ ਪ੍ਰਯਤਨ ਕੀਤਾ।

ਇਹ ਸਭ ਕੁਛ ਉਸ ਸੰਤ ਮੰਡਲ ਦੀ ਰਖਯਾ ਨਿਮਿਤ ਕੀਤਾ ਗਿਆ, ਜੋ ਅਪਣੇ ਹਿਰਦੇ ਵਿਚ ਜਗਤ ਦੀ ਅਸ਼ਾਂਤੀ ਨੂੰ ਨਿਵਿ-ਰਤ ਕਰਨ ਦੀ ਸਮੱਗਰੀ ਰਖਦਾ ਹੈ।

## (੫)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਬੰਧੀ ਇਹ ਗਲ ਚੇਤੇ ਰਖਣ ਦੇ ਜੋਗ ਹੈ, ਕਿ ਸੰ: ੧੭੬੫ ਬਿ: ਵਿਚ ਜਦ ਆਪ ਇਕ ਅਚਰਜ ਕੌਤਕ ਰਚਕੇ ਗੁਪਤ ਹੋਏ ਸਨ, ਤਾਂ ਆਪਣੇ ਗੁਰਿਆਈ ਸਬੰਧੀ ਕੋਈ ਸਪਸ਼ਟ ਆਗਯਾ ਸੰਗਤ ਨੂੰ ਨਹੀਂ ਦਿਤੀ ਜਿਸਨੂੰ ਆਪਣਾ ਅੰਤਮ ਫੈਸਲਾ ਕਿਹਾ ਜਾ ਸਕੇ, ਅਤੇ ਜਿਸਨੂੰ ਸਮੂਹ ਇਤਿਹਾਸਕਾਰਾਂ ਨੇ ਮੁਕਤ ਕੰਠ ਨਾਲ ਸ੍ਵੀਕਾਰ ਕੀਤਾ ਹੋਵੇ। ਇਸਦਾ ਵਡਾ ਕਾਰਨ ਏਹੀ ਸੀ, ਕਿ ਗੁਰਿਆਈ ਦੇਣ ਦਾ ਕਾਰਜ ਸੀ ਅੰਤ ਸਮੇਂ ਦਾ, ਪ੍ਰੰਤੂ ਗੁਰੂ ਮਹਾਰਾਜ ਉਸ ਸਮੇਂ ਜੋਤੀ ਜੋਤ ਨਹੀਂ ਸਮਾ ਰਹੇ ਸਨ, ਸਗੋਂ ਕਿਸੇ ਵਿਸ਼ੇਸ਼ ਨੀਤਕ ਵਿਚਾਰ ਨੂੰ ਮੁਖ ਰਖਦੇ ਹੋਏ ਗੁਪਤ ਹੋਣ ਲਗੇ ਸਨ। ਸ੍ਰੀ ਹਜ਼ੂਰ ਸਾਹਿਬ ਦੀ ਚੋਜੀ ਘਟਨਾਂ ਨੂੰ ਜੇ ਗਹੁ ਨਾਲ ਤਕਿਆ ਜਾਵੇ ਤਾਂ ਉਸ ਥੀਂ ਬਿਨਾਂ ਇਸਦੇ ਹੋਰ ਕੁਝ ਵੀ ਸਿਧ ਨਹੀਂ ਹੁੰਦਾ ਕਿ ਗੁਰੂ ਜੀ ਓਥੇ ਜੋਤੀ ਜੋਤ ਨਹੀਂ ਸਮਾਏ, ਸਗੋਂ ਰਾਜਸੀ ਸ਼ਕਤੀਆਂ ਨੂੰ ਆਪਣੀ ਨੀਤੀ ਦਾ ਸ਼ਿਕਾਰ ਕਰਕੇ ਗੁਪਤ ਹੋ ਗਏ। ਜੇ ਇਸ ਗਲ ਨੂੰ ਮੰਨਣ ਤੋਂ ਨਾਂਹ ਕੀਤੀ ਜਾਵੇ, ਤਾਂ ਹੇਠਾਂ ਲਿਖੇ ਪ੍ਰਸ਼ਨ ਪੈਦਾ ਹੋਣਗੇ, ਜਿਨ੍ਹਾਂ ਦਾ ਉਤਰ ਅਜੇ ਤਕ ਕੋਈ ਨਹੀਂ ਦੇ ਸਕਿਆ।

(੧) ਅੰਗੀਠੇ ਦੇ ਚਾਰ ਚੁਫੇਰੇ ਕਨਾਤ ਕਿਉਂ ਤਣਵਾਈ ਗਈ?

(੨) ਸਿਖਾਂ ਨੂੰ ਇਹ ਪਕ ਕਿਉਂ ਕੀਤੀ ਗਈ ਕਿ ਕਨਾਤ ਵਲ ਪਿਠ ਕਰਕੇ ਬੈਠਣ ਤੇ ਉਧਰ ਕੋਈ ਵੇਖੇ ਨਾਂ?

(੩) ਸਿਖਾਂ ਨੂੰ ਇਹ ਕਿਉਂ ਆਖਿਆ ਗਿਆ ਕਿ ਅੰਗੀਠੇ ਨੂੰ ਫੋਲਣਾਂ ਨਹੀ?

(੪) ਸਮਾਧ ਬਣੌਣ ਦੀ ਮਨਾਹੀ ਕਿਉਂ ਕੀਤੀ ਗਈ, ਜਦਕਿ ਨਾਵੀਂ ਪਾਤਸ਼ਾਹੀ ਦੇ ਸੀਸ ਦੀ ਸਮਾਧੀ ਦਸਮ ਪਾਤਸ਼ਾਹ ਨੇ ਆਪ ਅਨੰਦ ਪੁਰ ਸਾਹਿਬ ਵਿਚ ਬਣਾਈ ਸੀ?

(੫) ਸਚੇ ਪਾਤਸ਼ਾਹ ਨੇ ਜੀਉਂਦਿਆਂ ਹੀ ਚਿਖਾ ਵਿਚ ਪੈਣਾਂ ਕਿਉਂ ਪ੍ਰਵਾਨ ਕੀਤਾ ? ਜਦਕਿ ਅਜੇਹਾ ਕਰਨਾਂ ਆਤਮਘਾਤ ਸਮਝਿਆ ਜਾ ਸਕਦਾ ਹੈ।

(੬) ਇਹ ਕੌਤਕ ਰਾਤ ਦੇ ਸਮੇਂ ਕਿਉਂ ਵਰਤਾਇਆ ਜਦਕਿ ਕਿਸ ਗੁਰੂ ਨੇ ਰਾਤ ਦੇ ਸਮੇਂ ਸਰੀਰ ਨਹੀਂ ਤਿਆਗਿਆ ?

(੭) ਅਸਤਬਲ ਦੇ ਦਰੋਗੇ ਨੂੰ ਪਹਿਲੋਂ ਹੀ ਕਿਉਂ ਹਦੈਤ ਕੀਤੀ ਗਈ ਕਿ ਕੁਮੈਤ ਘੋੜੇ ਨੂੰ ਕਾਠੀ ਪਾਕੇ ਤਿਆਰ ਕਰ ਛਡੇ।

(੮) ਰਾਤ ਨੂੰ ਉਸ ਕੁਮੈਤ ਘੋੜੇ ਨੂੰ ਗੁਰੂ ਜੀ ਆਪ ਲੈ ਗਏ ਸਨ ਕਿ ਕੋਈ ਹੋਰ ?

ਸੋ ਕਲਗੀਧਰ ਜੀ ਦੇ ਹਜ਼ੂਰ ਸਾਹਿਬ ਵਾਲੇ ਚੋਜ ਤੋਂ ਇਹ ਸਿਧ ਹੋ ਜਾਂਦਾ ਹੈ ਕਿ ਗੁਰੂ ਕਲਗੀਧਰ ਜੀ ਅਪਣੇ ਕੁਮੈਤ ਘੋੜੇ ਤੇ ਅਸਵਾਰ ਹੋਕੇ ਆਪਣੀ ਇਛਾ ਅਨੁਸਾਰ ਗੁਪਤ ਹੋ ਗਏ। ਉਪ੍ਰੰਤ ਸਿਤਾਰੇ ਦੇ ਕਿਲੇ ਚੋਂ ਰਸਤਮ ਰਾਉ ਅਤੇ ਬਾਲਾ ਰਾਉ ਨੂੰ ਕਢਿਆ। ਤਦ ਪਸਚਾਤ ਪਤਾ ਨਹੀਂ ਕਿਧਰ ਕਿਧਰ ਤੇ ਕਿਸ ਕਿਸ ਭੇਸ ਵਿਚ ਵਿਚਰਦੇ ਰਹੇ। ਸਚ ਖੰਡ ਨਿਵਾਸੀ ਸ੍ਰ: ਕਾਹਨ ਸਿੰਘ ਜੀ ਨਾਭਾ ਅਤੇ ਉਨਾਂ ਦੇ ਸਨਬੰਧੀਆਂ ਦੇ ਕਥਨ ਅਨੁਸਾਰ ਆਪ ਬਾਬਾ ਅਜਾਪਾਲ ਸਿੰਘ ਜੋਦੇ ਰੂਪ ਵਿਚ ਨਾਭੇ ਦੀ ਝਿੜੀ ਵਿਚ ਰਹੇ। ਜਦ ਆਪ ਨੇ ਵੇਖਿਆ ਕਿ ਮੁਗਲ ਰਾਜ ਦਾ ਦੀਵਾ ਗੁਲ ਹੋਕੇ ਪੰਜਾਬ ਵਿਚ ਸਿੱਖ ਰਾਜ ਦੀ ਨੀਂਹ ਬੱਝ ਗਈ ਹੈ, ਤਾਂ ਆਪ ਪੰਜਾਂ ਪਿਆਰਿਆਂ ਸਮੇਤ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਸੰਤ ਮੰਡਲ ਦੀ ਫੁਲਵਾੜੀ ਨੂੰ ਸੁਰਖਸ਼ਤ ਰਖਣ ਹਿਤ ਆਪਣੀ ਕਾਰ ਸੌਂਪਕੇ ਸੰ: ੧੯੬੯ ਬਿ: ਵਿਚ ਜੋਤੀ ਜੋਤ ਸਮਾ ਗਏ।

੬.

ਹੁਣ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਉਸ ਦਰਗਾਹੀ ਸ਼ਕਤੀ ਨਾਲ ਸੰਤ ਸਜਨਾਂ ਦੇ ਕਾਜ ਅਰੰਭ ਦਿਤਾ, ਅਤੇ ਅਜੇਹੇ ਸੰਤ ਪੈਦਾ ਕੀਤੇ, ਜਿਨਾਂ ਦੁਆਰਾ ਅਨੇਕ ਜੀਆਂ ਦਾ ਕਲਿਆਣ ਹੋਇਆ।

ਜਦ ਆਪ ਨੇ ਤੱਕਿਆ ਕਿ ਸਿੱਖਾਂ ਵਿਚ ਰਾਜ ਮਦ ਦੇ ਕਾਰਨ ਸਿੱਖੀ ਦਾ ਹ੍ਰਾਸ ਹੋ ਰਿਹਾ ਹੈ, ਅਤੇ ਲੋਭ ਲਹਿਰ ਨੇ ਖਾਲਸੇ ਦਾ ਹਿਰਦਾ ਪਾਪਾਂ ਦਾ ਘਰ ਬਣਾਕੇ ਸੰਤ ਵੀਰ ਸਿੰਘ ਜੈਸੇ ਮਹਾਪੁਰਖਾਂ ਨੂੰ ਵੀ ਤਲਵਾਰ ਦੇ ਘਾਟ ਪਾਰ ਬੁਲਾ ਦਿਤਾ ਹੈ, ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸਿੱਖ ਅਰ ਸੰਤ ਉਪਜਾਊ ਕਾਰ ਦੇ ਸਿਰਜਣ ਹਾਰ ਜਾਣਕੇ ਆਖਿਆ, ਕਿ ਸੰਸਾਰ ਭਰ ਵਿਚ ਨਾਮ ਅਤੇ ਬਾਣੀ ਦਾ ਪ੍ਰਚਾਰ ਕਰਕੇ ਉਹ ਸੰਤ ਮੰਡਲ ਪੈਦਾ ਕਰੋ ਜੋ ਕਿ ਪ੍ਰਾਕ੍ਰਿਤਕ ਸ਼ਕਤੀਆ ਦੇ ਪ੍ਰਬਲ ਤੋਂ ਪ੍ਰਬਲ ਵੇਗ ਅੱਗੇ ਵੀ ਆਪਣੀ ਹਸਤੀ ਨੂੰ ਸੁਰਖਸ਼ਤ ਰਖ ਸਕਣ, ਅਰ ਗੁਰ ਸਿਖੀ ਦੇ ਪ੍ਰਚਾਰ ਨਾਲ ਜਗਤ ਵਿਚ ਸੁਖ ਅਤੇ ਸ਼ਾਂਤੀ ਦਾ ਪ੍ਰਕਾਸ਼ ਕਰਦਾ ਹੋਇਆ ਅਸ਼ਾਂਤ ਪ੍ਰਮਾਣੂਆਂ ਤੋਂ ਦੁਖੀ ਸੰਸਾਰ ਨੂੰ ਮੁਕਤ ਕਰ ਸਕੇ। ਸੋ ਸ੍ਰੀ ਸਤਿਗੁਰੂ ਰਾਮ ਸਿੰਘ ਸਚੇ ਪਾਤਸ਼ਾਹ ਨੇ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਅਜੇਹੇ ਮਹਾਂਪੁਰਖ ਪੈਦਾ ਕੀਤੇ, ਜਿਨ੍ਹਾਂ ਦੇ ਜੀਵਨ ਕਲਜੁਗੀ ਜੀਆਂ ਦੇ ਵਾਸਤੇ ਪਰਕਾਸ਼ ਮਈ ਮੁਨਾਰੇ ਸਿਧ ਹੋਏ। ਉਹਨਾਂ ਵਿਚੋਂ ਇਕ ਇਕ ਦਾ ਜੀਵਨ, ਉਨ੍ਹਾਂ ਸਾਰੇ ਗੁਣਾਂ ਦਾ ਭੰਡਾਰ ਹੈ, ਜੋ ਸਮੂਹ ਸੰਸਾਰ ਲਈ ਸੁਖ ਅਤੇ ਸ਼ਾਂਤੀ ਦੀ ਜੀਉਣ ਬੂਟੀ ਹਨ।

ਪਿਛੇ ਜੇਹੇ ਮੈਂ ਸਤਿਜੁਗ ਦੀ ਰਾਹੀਂ ਇਹ ਬੇਨਤੀ ਕੀਤੀ ਸੀ ਕਿ ਐਤਕੀਂ ਹੋਲੇ ਦੇ ਸਮੇ

—o—

'ਸਤਿਜੁਗ' ਦਾ 'ਸੰਤ-ਅੰਕ' ਪ੍ਰਕਾਸ਼ਿਤ ਕੀਤਾ ਜਾਵੇ, ਜਿਸਨੂੰ ਸਤਿਗੁਰਾਂ ਨੇ ਪ੍ਰਵਾਨ ਕਰ ਲਿਆ, ਤੇ ਸੰਤ ਅੰਕ ਦੀ ਤਿਆਰੀ ਵਾਸਤੇ ਸ੍ਰੀ ਮਾਨ ਮਾਸਟਰ ਬਲਵੰਤ ਸਿੰਘ ਜੀਨੂੰ ਆਗਯਾ ਕਰ ਦਿਤੀ। ਭਾਵੇਂ ਆਪ ਨੂੰ ਇਸਦੇ ਸੰਪਾਦਨ ਵਾਸਤੇ ਸਮਾਂ ਬਹੁਤ ਹੀ ਘਟ ਮਿਲਿਆ ਹੈ. ਪਰ ਫੇਰ ਵੀ ਮੈਨੂੰ ਇਹ ਆਸ ਹੈ. ਕਿ ਆਪ ਇਸ ਮਹਾਨ ਕਾਰਜ ਨੂੰ ਸਤਿਗੁਰ ਸਚੇ ਪਾਤਸ਼ਾਹ ਦੀ ਬਖਸ਼ੀ ਹੋਈ ਸ਼ਕਤੀਨਾਲ ਸਿਰੇ ਚਾੜ੍ਹਨ ਵਿਚ ਸਫਲ ਹੋਣਗੇ, ਜੇ ਸਤਿਗੁਰ ਦੀ ਕ੍ਰਿਪਾ ਨਾਲ ਮੇਰੀ ਇਹ ਆਸ ਪੂਰੀ ਹੋ ਗਈ, ਕਿ ਮੈਂ ਸੰਤ ਅੰਕ ਨੂੰ ਉਸ ਖੂਬਸੂਰਤੀ ਵਿਚ ਵੇਖਾਂ,ਜਿਸਦਾ ਕਿ ਮੈਂ ਚਾਹਵਾਨ ਹਾਂ ਤਾਂ ਮੈਂ ਆਪਣੇ ਆਪ ਨੂੰ ਬੜੇ ਭਾਗਾਂ ਵਾਲਾ ਸਮਝਾਂਗਾ।

(ਆਲਿਮ)

# ਸੰਤ ਹਮੀਰ ਸਿੰਘ ਜੀ ਤਪਾ

ਝਖੜੁ ਝਾਗੀ ਮੀਹੁ ਵਰਸੈ
ਭੀ ਗੁਰ ਦੇਖਣ ਜਾਈ॥
ਸਮੁੰਦ ਸਾਗਰ ਹੋਵੈ ਬਹੁ ਖਾਰਾ
ਗੁਰ ਸਿਖ ਲੰਘ ਗੁਰੂ ਪਹਿ ਜਾਈ॥

(ਵਲੋਂ ਗਿਆਨੀ ਊਧਮ ਸਿੰਘ ਜੀ ਮੁਸਾਫਰ)

ਸਾਧੂ ਸੰਤਮਹਾਤਮਾ ਬਣਨ ਲੱਖਾਂ, ਹੁੰਦਾ ਸਿੱਖ ਪੂਰਾ ਸਿਦਕ ਵਾਨ ਕੋਈ ਕੋਈ।
ਕਣਕਾ ਖਾਣ ਵਾਲੇ ਸਾਧੂ ਮਿਲਣ ਬਹੁਤੇ,ਸੀਸ ਭੇਟ ਕਰਦਾਬਲੀ ਦਾਨ ਕੋਈ ਕੋਈ।
ਦੁਧ ਪੀਣ ਵਾਲੇ ਮਜਨੂੰ ਫਿਰਨ ਕੋਟਾਂ,ਕਰੇ ਪਿਆਰੇ ਤੋਂਜਾਨ ਕੁਰਬਾਨ ਕੋਈ ਕੋਈ।
ਚੀਨੀ ਵਾਲੇ ਦੇ ਜਾ ਅਸਕੂਲ ਅੰਦਰ ਪਾਸ ਕਰਦਾਏ ਸਿਖ ਇਮਤਿਹਾਨ ਕੋਈ ਕੋਈ।
ਜਿਨ੍ਹਾਂ ਆਸ਼ਕਾਂ ਤਲੀ ਤੇ ਜਾਨ ਰੱਖੀ ਦਰਸ ਓਹੀ ਮਹਿਬੂਬ ਦਾ ਪਾਂਵਦੇ ਨੇ।
ਲੰਘ ਸਤਿ ਸਮੁੰਦ੍ਰੋਂ ਪਾਰ ਹੋਵਣ ਸੀਸ ਤਲੀ ਤੇ ਪਹਿਲੋਂ ਟਿਕਾਂਵਦੇ ਨੇ।

ਹੋਇਆ ਸਿੰਘ ਹਮੀਰ ਹੈ ਉਹਨਾਂ ਵਿਚੋਂ ਸੈਣੀ ਕੌਮ ਦੀ ਰਖ ਵਖਾਣ ਵਾਲਾ।
ਜਤੀ ਤਪੀ ਤੇ ਹਠੀ ਵੈਰਾਗ ਪੂਰਤ ਤਪਾ ਸਿੰਘ ਸੀ ਨਾਮ ਸਦਾਣ ਵਾਲਾ।
ਦੁਰਗਾ ਪੁਰੇ ਦਾ ਖਾਸ ਵਸਨੀਕ ਹੈਸੀ ਚਾਰ ਚੰਨ ਦੁਆਬੇ ਨੂੰ ਲਾਣ ਵਾਲਾ।

ਲਾਣ ਵਾਲਾ।
ਸਿਦਕੀ ਸਿਖ ਸੀ ਰਾਮ ਮਹੇਸ਼ ਦਾ ਉਹ ਧਨ ਧਾਮ ਸਭ ਗੁਰਾਂ ਤੋਂ
ਅੰਮ੍ਰਿਤ ਓਸਨੂੰ ਮਿਹਰ ਦੇ ਨਾਲ ਦਾਤੇ ਹੱਥੀ ਆਪਣੀ ਆਣ ਪਿਆਲਿਆ ਸੀ।
ਨਦਰ ਨਾਲ ਚਾ ਕੀਤਾ ਨਿਹਾਲ ਉਸਨੂੰ ਪੁਤਲਾ ਪ੍ਰੇਮ ਦੇ ਸਚੇ 'ਚ ਢਾਲਿਆ ਸੀ।

ਚੀਨੀ ਵਾਲੇ ਨੂੰ ਬਾਗੀ ਸਦਾਰ ਕਹਿਕੇ।
ਜਦੋਂ ਜ਼ਾਲਮਾਂ ਪਕੜ ਕੇ ਕੈਦ ਕੀਤਾ, ਤੋਪਾਂ ਨਾਲ ਉਡਾਏ ਗ਼ਦਾਰ ਕਹਿਕੇ।
ਕੂਕੇ ਸੈਂਕੜੇ ਗਏ ਸ਼ਹੀਦ ਕੀਤੇ, ਗੁਰੂ ਪੰਥ ਦੇ ਆਗੂ ਸਰਕਾਰ ਕਹਿਕੇ।
ਕੀਤੇ ਬੰਦ ਰੰਗੂਨ ਦੇ ਕਿਲੇ ਅੰਦਰ, ਪੀ ਗਏ ਪਰ ਸਤ ਕਰਤਾਰ ਕਹਿਕੇ।
ਦਿਲ ਤੜਫ ਉਠੇ ਉਦੋਂ ਬੁਲ ਬੁਲਾਂ ਦੇ, ਤਪਾ ਸਿੰਘ ਨੂੰ ਤਾਂਘ ਦੀਦਾਰ ਦੀ ਸੀ।
ਦਿਨੇ ਰਾਤ ਆਰਾਮ ਨਾ ਆਏ ਮੂਲੋਂ, ਲਗਨ ਉਸਨੂੰ ਪ੍ਰੇਮ ਪਿਆਰ ਦੀ ਸੀ।
ਮੱਛੀ ਵਾਂਗ ਸੀ ਤੜਫਦਾ ਬਿਰਹੁੰ ਕੁੱਠਾ,

ਚੀਨੀ ਵਾਲੜਾ ਰਹੇ ਅਵਤਾਰ ਕਿਥੇ।
ਦਸ ਸਾਲ ਨ ਓਸਨੂੰ ਪਤਾ ਲਗਾ, ਕਰਾਂ ਆਣ ਮੈਂ ਦਾਤਾ ਦੀਦਾਰ ਕਿਥੇ ?
ਜਾਵਾਂ ਉਡ ਅਕਾਸ਼ ਦਾ ਬਣਾ ਪੰਛੀ, ਤੂੰ ਤੇ ਵੱਸ ਨਾਏਂ ਪਰਵਰਦਗਾਰ ਕਿਥੇ।
ਤੇਰੇ ਦਰਸ਼ਨਾਂ ਨੂੰ ਸਾਰੇ ਤਰਸਨੇ ਹਾਂ, ਹੁਣ ਗਏ ਓਹ ਪ੍ਰੇਮ ਪਿਆਰ ਕਿਥੇ।
ਕਦੀ ਸਾਡੀ ਭੀ ਅਰਜ਼ ਮਨਜ਼ੂਰ ਹੋਸੀ, ਪਏ ਤਕਨੇਆਂ ਚੀਨੀਏਂ ਰਾਹ ਤੇਰਾ।
ਆਸਾਰ ਲੈ ਅਸਾਂ ਨਿਮਾਣਿਆਂ ਦੀ, ਪਿਆ ਜ਼ਾਲਮਾਂ ਨਾਲ ਕੀ ਵਾਹ ਤੇਰਾ।
ਵਾਗਾਂ ਮੋੜ ਹੁਣ ਪੰਥ ਦੇ ਵਾਲੀਆ ਵੇ,

ਸਿੰਘਾਂ ਦਸਿਆ ਪਤਾ ਨਿਸ਼ਾਨ ਸਾਰਾ।
ਤਪਾ ਸਿੰਘ ਦੀ ਅਰਜ਼ ਮਨਜ਼ੂਰ ਹੋਈ, ਖੋਲ ਦਸਿਆ ਝਟ ਬਿਆਨ ਸਾਰਾ।
ਉਹ ਭੀ ਆਏ ਸਨ ਦਰਸ ਦੀਦਾਰ ਕਰਕੇ, ਹੋਇਆ ਓਸਨੂੰ ਜਦੋਂ ਗਿਆਨ ਸਾਰਾ।
ਤਪਾ ਸਿੰਘ ਨੂੰ ਪ੍ਰੇਮ ਦਾ ਤੀਰ ਲੱਗਾ, ਕੀਤਾ ਧਨ ਉਸਨੇ ਪੁਨ ਦਾਨ ਸਾਰਾ।
ਵਰਨੀ ਓਸ ਨੇ ਕਰ ਅਰਦਾਸ ਸੋਧੀ, ਸਿਧਾ ਜਾ ਕਲਕੱਤਿਓਂ ਮੋੜ ਦਿਤਾ।
ਖਬਰ ਖੁਫੀਆ ਪੁਲੀਸ ਨੂੰ ਆਣ ਲਗੀ, ਸਿਦਕੀ ਸਿਖ ਦਾ ਹੌਸਲਾ ਤੋੜ ਦਿਤਾ।
ਕੀਤਾ ਤਰਸਨ ਸਿਖ ਤੇ ਜ਼ਾਲਮਾਂ ਨੇ,

ਬਿਨਾਂ ਦੀਦ ਦੇ ਨਹੀਂ ਬਲਬੀਰ ਬਹਿੰਦੇ।
ਜਿਨਾਂ ਆਸ਼ਕਾਂ ਪ੍ਰੇਮ ਦੇ ਤੀਰ ਲਗੇ, ਯਾਦ ਵਿਚ ਉਹ ਸਦਾ ਦਲਗੀਰ ਰਹਿੰਦੇ।
ਖ ਨੀਂਦ ਨਾਂ ਉਹਨਾਂ ਦੇ ਆਏ ਨੇੜੇ, ਸੀਨੇ ਵਿਚ ਅਨੀਆਲੜੇ ਤੀਰ ਸਹਿੰਦੇ।
ਅਠੇ ਪਹਿਰ ਉਹ ਤਰਸਦੇ ਦਰਸ਼ਨਾਂ ਨੂੰ, ਜਿਹੜੇ ਪਾ ਪ੍ਰੇਮ ਜੰਜੀਰ ਸਹਿੰਦੇ।
ਤਪਾ ਸਿੰਘ ਸੀ ਉਨ੍ਹਾਂ ਦੇ ਇਕ ਵਿਚੋਂ,

ਆਵੇ ਚੈਨ ਨਾਂ ਉਸ ਨੂੰ ਦਿਨੇ ਰਾਤੀਂ, ਦੂਜੀ ਵਾਰ ਓਹ ਫੇਰ ਤਿਆਰ ਹੋਇਆ।
ਪੈਦਲ ਤੁਰ ਪਿਆ ਕਸ਼ਟ ਮਹਾਨ ਝੱਲਦਾ, ਆਖਰ ਸੰਤ ਉਹ ਸਾਗਰੋਂ ਪਾਰ ਹੋਇਆ।

ਚਾ ਚੜ ਗਿਆ ਸਿੰਘ ਨੂੰ ਦਰਸ਼ਨਾਂ ਦਾ, ਜਾਮੇ ਵਿਚ ਨਾਂ ਮੂਲ ਸਮਾਵਦਾ ਸੀ।
ਪਤਾ ਕਰ ਉਸ ਕਿਲੇ ਦਾ ਰਵਾਂ ਹੋਇਆ, ਜਾ ਚਰਣਾਂ ਤੇ ਸੀਸ ਟਿਕਾਵਦਾ ਸੀ।
ਗੁਰਾਂ ਆਖਿਆ ਤਪੇ ਨੂੰ ਧੰਨ ਸਿਖਾ, ਸਾਨੂੰ ਪ੍ਰੇਮ ਤੇਰਾ ਦਿਲੋਂ ਭਾਵਦਾ ਸੀ।
ਹੋਈ ਪੂਰੀ ਮੁਰਾਦ ਮੁਸਾਫਰਾ ਜਦ, ਤਪਾ ਸਿੰਘ ਨਿਹਾਲ ਹੋ ਜਾਂਵਦਾ ਸੀ।
ਗੁਰਾਂ ਆਖਿਆ ਪਰਤ ਪੰਜਾਬ ਸਿੰਘਾ, ਸਾਰੇ ਪੰਥ ਨੂੰ ਹਾਲ ਸੁਣਾਈਂ ਛੇਤੀ।
ਫੇਰਾ ਅਸੀਂ ਬਸੰਤ ਨੂੰ ਪਾਵਣਾਂ ਹੈ, ਦੇਵੀਂ ਕੂਕਿਆਂ ਤਾਈਂ ਵਧਾਈ ਛੇਤੀ।

ਤਪੇ ਜੋੜਕੇ ਹਥ ਅਰਦਾਸ ਕੀਤੀ ਚੀਨੀ ਵਾਲਿਆ ਪਿਛਾਂ ਨਾਂ ਮੋੜ ਮੈਨੂੰ।
ਚਰਨ ਕੰਵਲ ਦਾ ਆਸਰਾ ਦੇ ਏਥੇ, ਬਿਰਹੋਂ ਕੁਠੇ ਨੂੰ ਨਾਂ ਵਿਛੋੜ ਮੈਨੂੰ।
ਤੇਰੇ ਦਰਸ ਨੂੰ ਤਰਸਦੇ ਨੈਨ ਦੋਵੇਂ, ਧਨ ਧਾਮ ਦੀ ਨਹੀਂ ਹੈ ਲੋੜ ਮੈਨੂੰ।
ਜੇ ਕਰ ਤੁਠਾਂ ਏਂ ਬਖਸ਼ ਦੀਦਾਰ ਆਪਣਾਂ, ਚਰਨਾਂ ਨਾਲ ਤੂੰ ਲਵੀਂ ਹੁਣ ਜੋੜ ਮੈਨੂੰ।
ਗੁਰਾਂ ਆਖਿਆ ਸਿਖਾ ਇਹ ਬਚਨ ਸਾਡਾ, ਪਰਤ ਜਾਹ ਤੂੰ ਭੈਣੀ ਦਰਬਾਰ ਅੰਦਰ।
ਜੇਕਰ ਅਸਾਂ ਨੂੰ ਵੇਖਣਾਂ ਚਾਹੁੰਨਾਏਂ, ਸਾਡਾ ਦਰਸ ਹੈ 'ਹਰੀ' ਦੀਦਾਰ ਅੰਦਰ।

ਹੁਕਮ ਮਨ ਕੇ ਤੁਰਤ ਸੀ ਰਵਾਂ ਹੋਇਆ, ਮੋਰ ਮਈ ਆ ਭਾੜਾ ਤਿਆਰ ਕੀਤਾ।
ਸੂਬੇ ਸਿਖ ਜੋ ਉਥੇ ਸੀ ਟਿਕੇ ਹੋਏ, ਉਹਨਾਂ ਬੜਾ ਹੀ ਪ੍ਰੇਮ ਪਿਆਰ ਕੀਤਾ।
ਦਿਤਾ ਚਾੜ੍ਹ ਜਹਾਜ਼ ਸੀ ਸਾਰਿਆਂ ਨੇ, ਸਿਦਕੀ ਸਿਖ ਦਾ ਬੜਾ ਸਤਿਕਾਰ ਕੀਤਾ।
ਦੋਹਾਂ ਜੋਤਾਂ ਦਾ ਇਕੋ ਧਿਆਨ ਧਰਕੇ, ਭੈਣੀ ਸਾਹਿਬ ਵਿਚ ਆ ਦੀਦਾਰ ਕੀਤਾ।
ਘਰ ਬਾਰ ਦੀ ਨਹੀਂ ਪਰਵਾਹ ਕੀਤੀ, ਮਸਤੀ ਵਿਚ ਹੀ ਉਮਰ 'ਗੁਜ਼ਾਰ ਦਿਤੀ।
ਸੰਤ ਬਣ 'ਮੁਸਾਫਰਾ' ਤਪਾ' ਸਿੰਘ ਨੇ, ਕੁਲ ਸੈਣੀਆਂ ਦੀ ਸਾਰੀ ਤਾਰ ਦਿਤੀ।

ਪੰਜਾਂ ਹਾਤਿਆਂ ਵਿਚ ਸੰਤਾਨ ਉਸਦੀ, ਨਾਮਧਾਰੀਏ ਅਜੇ ਸਦਾਵਦੇ ਨੇ।
ਸਤ ਰੂਪ ਧਰਮਾਤਮਾ ਹੈਨ ਸਾਰੇ, ਕਰਨ ਵਰਨੀਆਂ ਨਾਮ ਧਿਆਵਦੇ ਨੇ।
ਦੀਦਾਰ ਸਿੰਘ ਮੰਗਲ ਦੋਵੇਂ ਲਾਲ ਉਸਦੇ, ਮਾਣ ਪੰਥ ਅੰਦਰ ਬੜਾ ਪਾਂਵਦੇ ਨੇ।
ਜਾਨਣ 'ਹਰੀ ਪ੍ਰਤਾਪ' ਨੂੰ ਗੁਰੂ ਅਪਣਾ, ਸਿਦਕ ਹੋਰ ਨ ਕਿਸੇ ਤੇ ਲਿਆਂਵਦੇ ਨੇ।
( ਜਾਂ ) ਚੀਨੀ ਵਾਲੇ ਦਾ ਜਿਨਾਂ ਦੀਦਾਰ ਕੀਤਾ, ਬੇੜੇ ਚੜ ਭਵ ਸਾਗਰੋਂ ਪਾਰ ਹੋ ਗਏ।
'ਮੰਝ' ਵਾਂਗ 'ਮੁਸਾਫਰਾ', ਸਿਖ ਬਣਕੇ, ਸੰਤ ਖਾਲਸੇ ਉਤੋਂ ਨਿਸਾਰ ਹੋ ਗਏ।

ਕਹਾਣੀ -

# ਰੇਖ ਵਿਚ ਮੇਖ

(ਵਲੋਂ ਮਾਸਟਰ ਸੰਪੂਰਨ ਸਿੰਘ ਜੀ ਜਖੇਪਲ ਰਿਆਸਤ ਪਟਿਆਲਾ)

ਇਕ ਮਹਾਤਮਾਂ-ਕ੍ਰੋਧ ਨਾਲ-ਤੂੰ ਬੜਾ ਝੂਠਾ ਹੈਂ ?

ਚਰਨ ਝਸਦੀ ਲਕਸ਼ਮੀ ਮਾਤਾ ਨੇ ਕੋਲੋਂ ਕਿਹਾ 'ਚੁਪ ! ਚੁਪ !! ਨਮਸਕਾਰ ਕਰਨੀ ਤਾਂ ਰਹੀ ਵਖਰੀ, ਸਗੋਂ ਤੁਸਾਂ ਭਗਵਾਨ ਦੀ ਸ਼ਾਨ ਵਿਚ ਹਤਕ ਭਰੇ ਸ਼ਬਦ ਵਰਤਣੋਂ ਵੀ ਸੰਕੋਚ ਨਹੀਂ ਕੀਤਾ ?

ਮ: ਇਹ ਚੰਗਾ ਭਗਵਾਨ ਹੈ। ਕਹਿਣਾ ਕੁਛ ਤੇ ਕਰਨਾਂ ਕੁਛ ?

ਲ:-ਗਲ ਵੀ ?

ਮ:-ਅਜੇ ਥੋੜੇ ਹੀ ਸਾਲ ਬੀਤੇ ਹਨ ਕਿ ਮੈਨੂੰ ਤਾਂ ਕੋਰਾ ਜਵਾਬ ਦੇ ਦਿਤਾ ਕਿ ਉਸਦੀ ਪ੍ਰਾਲਬਧ ਵਿਚ ਕੋਈ ਪੁਤਰ ਨਹੀਂ, ਪਰ ਅਜ ਮੈਂ ਆਪਣੀ ਅਖੀਂ ਉਸ ਦੇ ਘਰ ਸਤ ਪੁਤਰ ਦੇਖਕੇ ਆਇਆ ਹਾਂ।

ਲ:-ਕਿਸ ਦੇ ?

ਮ:-ਉਸ ਮਾਈ ਦੇ ਜ ਮੇਰੀ ਸੇਵਕਾ ਅਤੇ ਜਿਸਨੇ ਮੇਰੇ ਕੋਲ ਔਲਾਦ ਲਈ ਬਿਨਤ ਕੀਤੀ ਸੀ।

ਲ:-ਫੇਰ ਤੁਸਾਂ ਕੀ ਉਤਰ ਦਿਤਾ ?

ਮ:-ਮੈਂ ਉਸ ਨੂੰ ਕਿਹਾ, ਅਛਾ, ਦਰਗਾਹ ਵਿਚੋਂ ਪਤਾ ਕਰਕੇ ਦਸਾਂਗਾ, ਪਰ ਅਗੋਂ ਏਨਾਂ ਨੇ ਉਕਾ ਹੀ ਜਵਾਬ ਦੇ ਦਿਤਾ।

ਲ:-ਕਿਸ ਨੇ ?

ਮ:-ਐਸ ਤੇਰੇ ਭਗਵਾਨ ਨੇ। ਮੈਨੂੰ ਪਤਾ ਨਹੀਂ ਲਗਦਾ, ਓਦੋਂ ਕੇਹੜੀ ਐਨਕ ਲਾਣੀ ਭੁਲ ਗਏ ਸਨ ਜਿਸ ਕਰਕੇ ਕਰਮਾਂ ਦੇ ਅਖਰ ਨਾਂ ਪੜ੍ਹ ਗਏ।

ਭਗਵਾਨ-ਸ਼ਾਨਤੀ, ਸ਼ਾਨਤੀ, ਇਹ ਮੇਰੇ ਵਸ ਦੀ ਗਲ ਨਹੀਂ ਹੈ।

ਮਹਾਤਮਾ-( ਕੜਕਕੇ ) ਹੋਰ ਕਿਸ ਦੇ ਵਸ ਸੀ ?

ਭਗਵਾਨ-ਸੁਣ, ਇਕ ਫਕੀਰ ਦੀ ਉਸ ਮਾਈ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ, ਉਸ ਫਕੀਰ ਦੇ ਮੂਹੋਂ ਸਤਾਂ ਪੁਤਰਾਂ ਦਾ ਵਾਕ ਨਿਕਲ ਗਿਆ। ਉਹ ਬੜੇ ਉਚ ਦਰਜੇ ਦਾ ਫਕੀਰ ਹੈ। ਉਸਦਾ ਬਚਨ ਮੋੜਨ ਦੀ ਮੇਰੇ ਵਿਚ ਕੋਈ ਤਾਕਤ ਨਹੀਂ।

ਮ:-ਆਪ ਵਿਚ ?

ਮ:- ਪਰ ਮੈਂ ਘਟ ਸਾਂ (ਗੁਸੇ ਨਾਲ)

ਭ:-ਘਟ ਕੌਣ ਆਖਦਾ ਹੈ ? ਪਰ ਓਹ ਓਹੀ ਹਨ। (ਇਕ ਖਾਸ ਅੰਦਾਜ ਵਿਚ)

ਮ:- ਆਪਦੀ ਬੜੀ ਉਪਮਾ ਸੁਣੀਦੀ ਸੀ। ਪਰ ਵਰਤਕੇ ਪਤਾ ਲਗਿਆ ਕਿ ਏਹ ਤਾਂ ਦਸੋ ਕਿ ਉਹ ਹੈ ਕੌਣ ?

ਭਗਵਾਨ - ਕਦੇ ਫੇਰ।

ਆਓ ਜੀ ! ਆਓ ਜੀ ! ਲਛਮੀ ਮਾਤਾ ਨੇ ਆਦਰ ਵਿਚ ਖੜੇ ਹੁੰਦਿਆਂ ਮਹਾਤਮਾ ਨੂੰ ਕਿਹਾ। ਆਓ ਕਿਸਤ੍ਰਾਂ ਔਣੇ ਹੋਏ ?

ਮਹਾਤਮਾ-ਓਹੀ ਉਸ ਦਿਨ ਵਾਲਾ ਕੰਮ।

ਲਛਮੀ-ਪਰ ਭਗਵਾਨ ਤਾਂ ਬਿਮਾਰ ਹਨ। ਚੰਗਾ ਫਿਰ ਕੋਈ ਉਪਾ ਕਰਨਾਂ ਚਾਹੀਦਾ ਹੈ ਦੋਵੇਂ ਉਸ ਕਮਰੇ ਵਿਚ ਗਏ ਜਿਥੇ ਮਹਾਰਾਜ ਬਿਰਾਜੇ ਹੋਏ ਸਨ।

ਮ:- ਦੀਨ ਦਿਆਲ ਜੀ! ਕੋਈ ਇਲਾਜ ਵੀ ਕੀਤਾ ਹੈ?

ਭਗਵਾਨ:- ਜੀ ਹਾਂ, ਬੜਾ ਯਤਨ ਕੀਤਾ ਹੈ ਪਰ ਕੋਈ ਲਾਭ ਨਹੀਂ ਹੋਇਆ। ਹਾਂ ਇਕ ਬੇਨਤੀ ਹੈ।

ਮ:- ਕੇਹੜੀ?

ਭ:- ਜੇ ਕੋਈ ਮਹਾਂਪੁਰਸ਼ ਮੇਰੀ ਥਾਂ ਅਪਨੀ ਬਲੀ ਦੇ ਦੇਵੇ ਤਾਂ ਮੈਂ ਨੌਂ ਬਰਨੌਂ ਹੋ ਸਕਦਾ ਹਾਂ। ਮੇਰੇ ਖਿਆਲ ਵਿਚ ਤਾਂ ਆਪ ਇਸ ਸੇਵਾ ਲਈ ਸਭ ਤਰਾਂ ਯੋਗ ਜਾਪਦੇ ਹੋ, ਠੀਕ ਹੈ ਨਾਂ?

ਮ:- ਜੀ ਮੈਂ ਤਾਂ ਐਡਾ ਮਹਾਂਪੁਰਸ਼ ਨਹੀਂ ਨਾਲੇ ਮੇਰਾ ਤਾਂ ਜੀ ਆਪਦੇ ਸਿਮਰਨ ਨੂੰ ਕਰਦਾ ਹੈ। ਵੈਸੇ ਮਰਨ ਦਾ ਤਾਂ ਕੋਈ ਡਰ ਨਹੀਂ।

ਭ:- ਅਛਾ ਜਾਓ! ਹੋਰ ਭਾਲ ਕਰੋ।

ਕਿਉਂ ਮਹਾਤਮਾਂ ਜੀ ਕਿਸੇ ਭੀ ਸਾਧੂ ਨੇ ਮਰਨਾਂ ਪਰਵਾਣ ਨ ਕੀਤਾ? ਇਕ ਮੈਲੇ ਜਿਹੇ ਕਪੜਿਆਂ ਵਾਲੇ ਫਕੀਰ ਨੇ ਹੈਰਾਨ ਹੋਕੇ ਪੁਛਿਆ।

ਮ:- ਜੀ ਨਹੀਂ-ਠੰਢਾ ਸਾਹ ਭਰਕੇ- ਬੜੇ ਬੜੇ ਪੀਰਾਂ, ਸੰਤਾਂ ਮਹੰਤਾਂ ਕੋਲੋਂ ਥਕ ਟੁਟਕੇ ਨਿਰਾਸ ਮੁੜ ਆਇਆ ਹਾਂ। ਹੁਨ ਮੈਨੂੰ ਡਰ ਲਗਦਾ ਹੈ। ਜੇ ਮੈਂ ਖਾਲੀ ਮੁੜ ਗਿਆ ਕਿਤੇ ਮੇਰੀ ਹੀ ਭੇਟਾ ਨ ਦੇ ਦੇਣ।

ਇਹ ਸੁਣਕੇ ਫਕੀਰ ਵਜਦ ਵਿਚ ਆਕੇ ਨਚਣ ਲਗ ਪਿਆ। ਅਤੇ ਇਕ ਸੁਰੀਲੀ ਅਵਾਜ਼ ਵਿਚ ਗਾਉਣ ਲਗਾ "ਜੇ ਸਿਰ ਦਿਤਿਆਂ ਹਰਿ ਮਿਲੇ ਤਾਂ ਭੀ ਸਸਤਾ ਜਾਣ"। ਕੁਝ ਚਿਰ ਪਿਛੋਂ ਮਸਤੀ ਵਿਚ ਬੋਲਿਆ। ਮੇਰਾ ਸਿਰ ਪ੍ਰਭੂ ਲਈ ਹਾਜਰ ਹੈ। ਲਿਆਓ ਫੜਾਓ ਛੁਰੀ"।

'ਬਸ ਜੀ ਬਸ -ਚਤੁਰ ਭੁਜ ਦੁਖ ਭੰਜਨੀ ਮੂਰਤ ਨੇ ਪਿਛੋਂ ਦੀ ਫਕੀਰ ਦਾ ਛੁਰੀ ਵਾਲਾ ਹਥ ਫੜਦਿਆਂ ਕਿਹਾ- 'ਏਹ ਹੀ ਕੰਮ ਸੀ੧।' ਪ੍ਰਭੂ ਦੇ ਕਰ ਕਮਲ ਨੈਨਾਂ ਵਿਚੋਂ ਮੋਤੀਆਂ ਜਿਡੇ ਜਿਡੇ ਹੰਝੂ ਕਿਰ ਰਹੇ ਸਨ, ਮਹਾਤਮਾਂ ਜੀ ਕੋਲ ਖੜੇ ਚੁਪ ਚਾਪ ਦੇਖ ਣਹੇ ਸਨ। ਮਹਾ-ਤਮਾ ਜੀ-ਜੋ ਕੋਲ ਖੜੇ ਏਹ ਚੋਜ ਵੇਖ ਰਹੇ ਸਨ ਹੈਰਾਨ ਸਨ ਕਿ ਇਹ ਕੀ ਹੋ ਰਿਹਾ ਹੈ?

ਭਗਵਾਨ- ਮਸਤਫਕੀਰ ਨੂੰ)ਕਰਾ ਦੇਵੀਏ ਬ੍ਰਹਮ ਲੋਕ ਦਾ ਤਖਤ ਖਾਲੀ?

ਫਕੀਰ-(ਪ੍ਰੇਮ ਭਰੇ ਲਹਿਜੇ ਵਿਚ) ਹੈਂ?

ਭਗਵਾਨ (ਪਿਆਰ ਨਾਲ ਘੁਟਕੇ) ਮੇਰੇ ਲਾਡਲੇ ਪੁਤ੍ਰ! ਹੁਨ ਮੈਨੂੰ ਵਧੀਕ ਆਵਾਜਾਰ ਨਾ ਕਰ ਜੋ ਇਛਾ ਹੈ ਕਹੁ?

ਮਹਾਤਮਾ-ਮਿਠੀ ਜਿਹੀ ਸੁਰ ਨਾਲ ਗਾਕੇ 'ਜੋ ਸੁਖ ਪ੍ਰਭ ਅਪਨੇ ਕੀ ਸੇਵਾ ਸੋ ਸੁਖ ਰਾਜ ਨ ਲਹੀਐ।'

ਭਗਵਾਨ-ਮਹਾਤਮਾਂ ਵਲ ਤਕਕੇ-ਇਹ ਹਨ ਉਹ ਫੱਕਰ ਜਿਨ੍ਹਾਂ ਅਗੇ ਮੈਨੂੰ ਵੀ ਝੁਕਨਾਂ ਪੈਂਦਾ ਹੈ। ਅਤੇ ਮੈਂ ਜੱੜੀ ਕਰਮਾਂਦੀ ਰੇਖ ਵਾਂਹੁਦਾਂ ਹਾਂ, ਉਸ ਵਿਚ ਇਹ ਮੇਖ ਮਾਰਕੇ ਭਾਗ ਬਦਲਾਣ ਨੂੰ ਸਮ੍ਰਥ ਹਨ।


## ਜ਼ਰੂਰੀ ਨੋਟ

(੧) ਪੰਨਾਂ ੬੫ ਦਾਜੀਵਨ ਅੰਕ੧੪ਪੜ੍ਹੋ।

(੨) ਪੰਨਾਂ ੬੮ ਕਾਲਮ ੧ ਵਿਚ ਗੁਰੂ ਜੀ ਦੀ ਸੋਤ੍ਰ ਹੋਣਾਂ ਸੰ: ੧੯੬੨ ਦੀ ਜਗਾਹ ੧੯੨੭ ਪੜ੍ਹੋ।

(੩) ਪੰਨਾਂ ੧੮੧ ਸ੍ਰੀ ਬਾਬਾ ਜਵੰਦ ਸਿੰਘ ਜੀ ਦਾ ਜੀਵਨ ਅੰਕ ੨੪ ਦੀ ਥਾਂ ੩੪ ਪੜ੍ਹੋ।

(੪) ਪੰਨਾਂ ੨੦੭ ਦੇ ਉਤੇ ੯ ਚੇਤ੍ਰ ਸੰਮਤ ੧੯੯੬ ਪੜ੍ਹੋ।




ਸਤਿਗੁਰ ਬਾਲਕ ਸਿੰਘ ਹੁਰਾਂ ਦੇ, ਸਿਖ ਪ੍ਰੇਮੀ ਬਾਂਕੇ ॥ ਬਾਲਕ ਸਿੰਘ ਗੁਰੂ ਰਾਮ ਸਿੰਘ ਜੀ, ਬਾਬਾ ਬੁੱਧ ਸਿੰਘ ਆਕੇ ॥
ਮਸਤੀ ਦੇ ਵਿਚ ਕਹਿਣ ਲਬਾਲਬ, ਆਸਣ ਤਿੰਨ ਵਿਛਾਕੇ ॥ ਬੈਠੇ ਤਿੰਨੇਂ, ਵੇਖੇ "ਆਲਮ", ਜਗਮਗ ਜੋਤ ਜਗਾਕੇ ॥

# ਨਾਮਧਾਰੀ ਪੰਥ ਦੇ ਬਾਲਮੀਕ ਸ੍ਰੀਮਾਨ ਬਾਬਾ ਬੈਂਕਾ ਜੀ ਲਬਾ-ਲਬ

ਸ੍ਰੀ ਸਤਿਗੁਰੂ ਬਾਬਾ ਬਾਲਕ ਸਿੰਘ ਜੀ ਮਹਾਰਾਜ ਯਾਰਵੇਂ ਸਤਿਗੁਰ ਨੇ ਸ੍ਰੀ ਹਜ਼ਰੋਂ ਸਾਹਿਬ ਵਿਖੇ ਜੋ ਗੁਰ ਸਿਖੀ ਦਾ ਮਾਨਸਰੋਵਰ ਰਚਿਆ, ਉਸ ਵਿਚੋਂ ਨਾਮ ਦਾਨ ਇਸ਼ਨਾਨ, ਸਤਿ ਸੰਤੋਖ ਦਯਾ, ਜਪ ਤਪ ਵੈਰਾਗ ਅਤੇ ਵਿਵੇਕ ਆਦੀ ਮੋਤੀਆਂ ਤੇ ਹੀਰਿਆਂ ਨੂੰ ਚੁਗਣ ਵਾਸਤੇ ਅਨੇਕ ਹੰਸਾਂ ਦੀ ਭੀੜ ਲਗੀ ਰਹਿੰਦੀ ॥ ਉਹਨਾਂ ਸੰਤ ਸਰੂਪ ਹੰਸਾਂ ਵਿਚੋਂ ਜਿਨਾਂ ਨੂੰ ਪਰਮ ਹੰਸ ਹੋਣ ਦੀ ਪਦਵੀ ਪ੍ਰਾਪਤ ਹੋਈ, ਜਿਨ੍ਹਿਆਂ ਦੇ ਜੀਵਨ ਸਾਨੂੰ ਪ੍ਰਾਪਤ ਹੋ ਸਕੇ ਹਨ, ਉਹ 'ਸਤਿਜੁਗ" ਦੇ ਇਸ "ਸੰਤ ਅੰਕ" ਵਿੱਚ ਪ੍ਰਕਾਸ਼ਿਤ ਕਰਕੇ ਅਪਣੇ ਪ੍ਰੇਮੀ ਪਾਠਕਾਂ ਦੀ ਭੇਟਾ ਕਰਦੇ ਹਾਂ। ਸ੍ਰੀਮਾਨ ਬਾਬਾ ਬੈਂਕਾ ਜੀ ਦਾ ਅਤਯੰਤ ਹੀ ਸੰਖਿਪਤ ਜੀਵਨ ਮਿਲਿਆ ਹੈ। ਪੂਜਨੀਜ ਸ੍ਰੀਮਾਨ ਬਾਬਾ ਵਜ਼ੀਰ ਸਿੰਘ ਜੀ ਹਜ਼ਰੋਂ, ਨੇ ਸਾਡੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਹੋਇਆਂ ਜੋ ਕੁਛ ਸਤਰਾਂ ਬਾਬਾ ਬੈਂਕਾ ਜੀ ਸਬੰਧੀ ਲਿਖਕੇ ਭੇਜੀਆਂ ਹਨ, ਉਹਨਾਂ ਸਬੰਧੀ ਸਤਿਜੁਗ ਦਾ ਸਾਰਾ ਸਟਾਫ ਆਪ ਜੀ ਦਾ ਧੰਨਵਾਦੀ ਹੈ॥

( ਆਲਿਮ )

ਸ੍ਰੀਮਾਨ ਬਾਬਾ ਬੈਂਕਾ ਸਾਹਿਬ ਇਕ ਅਲਮਸਤ ਸਾਧੂ ਹੋਏ ਹਨ। ਆਪ ਭਜਨ ਪੜਦਿਆਂ ਸਾਰ ਹੀ ਅਜੇਹੇ ਅਲਮਸਤ ਹੋਏ, ਕਿ—"ਲਬਾ ਲਬ--ਲਬਾ ਲਬ" ਹੀ ਕਰਦੇ ਰਹਿੰਦੇ ਸਨ। ਆਪ ਜੀ ਦਾ ਜਨਮ ਹਜ਼ਰੋ ਸਾਹਿਬ ਤੋਂ ੮ ਮੀਲ ਦੇ ਫਾਸਲੇ ਤੇ ਪਿੰਡ ਮਲਾਹ ਵਿੱਚ ਸੰਮਤ ੧੮੫੧ ਬਿੱਕ੍ਰਮੀ ਨੂੰ ਹੋਇਆ ਸੀ। ਏਸੇ ਪਿੰਡ ਵਿਚ ਸ੍ਰੀਮਾਨ ਬਾਬਾ ਕਾਹਨ ਸਿੰਘ ਜੀ ( ਜੋ ਕਿ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਭਾਈ ਦੇ ਪੁਤ੍ਰ, ਅਤੇ ਬਾਦ ਵਿੱਚ ਸਤਿਗੁਰੂਰਾਮਸਿੰਘਜੀ ਦੇ ਸੂਬੇਹੋਏ ) ਦੀ ਪੁਤ੍ਰੀ ਬੀਬੀ ਧੂਲੀ ਲਾਲਾ ਹਰੀਚੰਦ ਦੇ ਘਰ ਵਿਆਹੀ ਹੋਈ ਸੀ। ਭਾਈ ਹਰੀਚੰਦ ਕੋਲੋਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੀ ਮਹਿਮਾਂ ਤੇ ਵਡਿਆਈ ਸੁਣਕੇ ਬਾਬੇ ਬੈਕੇ ਨੂੰ ਦਰਸ਼ਨ ਕਰਨ ਦੀ ਖਿੱਚ ਲਗੀ॥ ਭਾਈ ਹਰੀਚੰਦ ਨੂੰ ਰੋਜ ਆਖਿਆ ਕਰਦੇ, ਕਿ ਮੈਨੂੰ ਨਾਲ ਲੈ ਚਲ ਕੇ ਸਤਿਗੁਰਾਂ ਦੇ ਦਰਸ਼ਨ ਕਰਵਾਓ—ਆਪ ਉਪਕਾਰੀ ਹੋ। ਮੈਂ ਵਡਾ ਔਗਣਹਾਰ ਹਾਂ ਭਲਾ ਜੇ ਉਨ੍ਹਾਂ ਦੀ ਚਰਣ ਛੋਹ ਨਾਲ ਮੈਂ ਵੀ ਸਿਧਾ ਹੋ ਜਾਵਾਂ। ਭਾਈ ਸਾਹਿਬ ਕਹਿੰਦੇ, ਕਿ —" ਅਨਿਕ ਬੀਂਗ ਦਾਸ ਕੇ ਪਰਹਰਿਆ,, । ਉਨ੍ਹਾਂ ਨੇ ਕਈਆਂ ਨੂੰ ਸਿੱਧਿਆਂ ਕਰ ਛੋੜਿਆ ਹੈ, ਆਪ ਦਾ ਉਧਾਰ ਭਲਾ ਕਿਉਂ ਨਾਂ ਹੋਸੀ ਬੈਂਕਾ ਜੀ ਕਹਿਣ, ਮੈਂ ਤਾਂ ਤਦ ਹੀ ਜਾਣਾਂ ਜੇ ਮੇਰੇ ਜੈਸੇ ਮਹਾਪਾਮਰ ਨੂੰ ਠੀਕ ਕਰਨ। ਇਸ ਤ੍ਰਾਂ ਦੇ ਬਚਨ ਬਾਬਾ ਬੈਂਕਾ ਜੀ ਅਤੇ ਭਾਈ ਹਰੀਚੰਦ ਦੇ ਆਪ ਵਿਚ ਦੀ ਕਈ ਵਾਰ ਹੁੰਦੇ। ਭਾਈ ਬੈਂਕਾ ਜੀ ਦੀ ਖਿੱਚ ਦਿਨੋਂ ਦਿਨ

ਵਧਦੀ ਹੀ ਗਈ। ਆਖਿਰਕਾਰ ਭਾਈ ਹਰੀ ਚੰਦ ਜੀਨੂੰ ਨਾਲ ਲੈਕੇ ਸਤਿਗੁਰ ਸਚੇ ਪਾਤਿਸ਼ਾਹ ਦੇ ਚਰਨ ਵਿਚ ਹਜ਼ਰੋਂ ਪੁੱਜੇ। ਦਰਸ਼ਨ ਕਰਦਿਆਂ ਸਾਰ ਹੀ ਮਨ ਕੁਛ ਸ਼ਾਂਤ ਜੇਹਾ ਹੋ ਗਿਆ। ਦਿਲ ਵਿਚ ਆਇਆ – ਮਲੂਮ ਹੁੰਦਾ ਹੈ, ਕਿ ਘਰ ਪੂਰਾ ਹੋਸੀ। ਨਮਸਕਾਰ ਕਰਕੇ ਅਦਬ ਨਾਲ ਚਰਨਾਂ ਵਿਚ ਬੈਠ ਗਏ। ਭਾਈ ਹਰੀਚੰਦ ਜੀ ਨੇ ਆਪਣੇ ਪ੍ਰੇਮ ਬਾਬਤ ਸਤਿਗੁਰਾਂ ਨਾਲ ਬਚਨ ਕੀਤੇ, ਤੇ ਦਿਸਆ, ਕਿ ਏਸ ਜਣੇਂ ਨੂੰ ਕਈ ਚਿਰਾਂ ਤੋਂ ਆਪਦੇ ਦਰਸ਼ਨ ਦੀ ਲਾਲਸਾ ਲਗੀ ਹੋਈ ਸੀ। ਸਤਿਗੁਰਾਂ ਬਚਨ ਕੀਤਾ ਕਹੁ ਭਾਈ ਕੇਹ ਲੋੜਨਾਏਂ? ਦੋਵੇਂ ਹਥ ਜੋੜ ਗਲ ਵਿਚ ਪਲੂ ਪਾ ਅਰਜ ਕੀਤੀ ਬਾਬਾ। ਨਾਮ ਬਾਹੀਨਾਂ– ਬਖ਼ਸ਼ਕ– ਕਰਦੇਹ ਮੇਹਰ, ਮੈਂ ਤੇਰਾ ਹਾਂ। ਤੇਰੇ ਦਰ ਤੇ ਆਣ ਢੱਠਾਂ ਹਾਂ ਬੰਦਗੀ ਦਾ ਖੈਰ– ਪਾਦੇ ਮੇਰੀ ਝੋਲੀ ਵਿਚ। ਸਤਿਗੁਰਾਂ ਵੇਖਿਆ, ਕਿ ਭਾਂਡਾ ਸੁੱਧ ਹੈ. ਨਾਮ ਦੀ ਵਥ ਰਖਣੇ ਯੋਗ ਹੈ। ਆਏ ਮੇਹਰ ਦੇ ਘਰ ਵਿਚ ਤੇ ਬਖਸ਼ ਦਿੱਤਾ ਸਰਬ ਰੋਗ ਕਾ ਅਉਖਧ ਨਾਮ। ਓਹ ਨਾਮ, ਜਿਸ ਬਾਬਤ ਗੁਰੂ ਅਰਜਣ ਦੇਵ ਨੇ ਕਿਹਾ ਹੈ–" ਮਨਹਿ ਪ੍ਰਗਾਸ ਭਇਆ ਭਰਮ ਨਾਸਿਆ ਮੰਤ੍ਰ ਦੀਓ ਗੁਰ ਕਾਨ,,। ਗੁਰਮੰਤ ਸੁਣਨ ਦੀ ਹੀ ਦੇਰ ਸੀ ਕਿ ਦਿਲ ਦਰਯਾ ਵਿਚ ਪ੍ਰੇਮ ਦੀ ਕਾਂਗ ਆ ਗਈ। ਲਗੇ ਉਛਾਲੇ ਵਜਣ। ਜਦੋਂ ਪਹਾੜਾਂ ਵਿਚ ਬਰਖਾ ਹੁੰਦੀ ਹੈ, ਅਰ ਜ਼ੋਰ ਦੀ ਬਰਖਾ ਹੁੰਦੀ ਹੈ, ਤਾਂ ਨਦੀਆਂ ਨਾਲਿਆਂ ਤੇ ਦਰਜਾਵਾਂ ਵਿਚ ਹੜ ਆ ਜਾਂਦਾ ਹੈ, ਅਤੇ ਬੜੇ ਗੰਭੀਰਤੋਂ ਗੰਭੀਰ ਦਰਜਾਵੀ ਕੰਢਿਆਂ ਤੋਂ ਉਛਲ ਜਾਂਦੇ ਹਨ, ਜਿਸ ਵੇਲੇ ਸਤਿਗੁਰੂ ਰੂਪ ਮੇਘ ਨੇ ਨਾਮ ਰੂਪੀ ਬਰਖਾ ਕੀਤੀ, ਓਸੇ ਵੇਲੇ ਬੈਂਕੇ ਦਾ ਦਿਲ ਦਰਜਾ ਠਾਠਾਂ ਮਾਰਨ ਲਗ ਪਿਆ। ਲਬਾ ਲਬ ਲਬਾ ਲਬ ਦਾ ਸ਼ਬਦ ਹੋਣ ਲਗ ਪਿਆ ਚੇਹਰੇ ਦਾ ਰੰਗ ਬਦਲ ਗਿਆ। ਹੋਸ਼ ਦੇ ਹੋਰ ਹੋ ਗਏ। ਵੇਖਣ ਵਾਲੇ ਹੈਰਾਨ ਹੋ ਗਏ। ਕਈ ਕਹਿਣ ਇਸਨੂੰ ਕੁਛ ਚੰਬੜ ਗਿਆ ਤੇ ਕੋਈ ਕਹਿਣ ਬਾਬੇ ਬਾਲਕ ਸਿੰਘ ਨੇ ਕੋਈ ਮੰਤ੍ਰ ਮਾਰਕੇ ਏਸਨੂੰ ਕਮਲਾ ਕਰ ਦਿਤਾ ਹੈ

ਗੁਰੂ ਬਾਬੇ ਨੇ ਕਿਹਾ ਇਸ ਕੀਂ ਸੂਤ੍ਰ ਹੋ ਗਿਆ ਹੈ। ਇਕ ਸਿਖ ਨੇ ਪੁਛਿਆ, ਸਚੇ ਪਾਤਸ਼ਾਹ! ਸੂਤਰ ਕੇਹਾ ਹੁੰਦਾ ਹੈ? ਗੁਰੂ ਜੀ ਨੇ ਕਿਹਾ, ਭਾਈ ਜਿਸ ਹਿਰਦੇ ਵਿਚ ਨਾਮ ਪ੍ਰਵੇਸ਼ ਕਰਦਾ ਹੈ ਉਹ ਉੱਜਲ ਹੋ ਜਾਂਦਾ ਹੈ। ਉਹ ਮਨ ਜੋ ਅਪਣੇ ਕੋਝੇ ਸੁਭਾ ਅਨੁਸਾਰ ਡਿੰਗਾ ਹੁੰਦਾ ਹੈ, ਸਤਿਗੁਰ ਦੀ ਕ੍ਰਿਪਾ ਨਾਲ ਸਿੱਧਾ ਹੋ ਜਾਂਦਾ ਹੈ। ਜਗਤ ਦੀ ਕਾਣ, ਲੋਕਾਂ ਦੀ ਉਸਤਤ ਨਿੰਦਯਾ ਦੇ ਅਸਰ ਹੇਠ ਆਕੇ ਜੋ ਕਈ ਤਰਾਂ ਦੇ ਵਲ ਛਲ ਕਪਟ ਤੇ ਫਰੇਬ ਹੁੰਦੇ ਹਨ, ਉਸ ਵੇਲੇ ਨਿਕਲ ਜਾਂਦੇ ਹਨ। ਅਜੇਹੀ ਦਸ਼ਾ ਵਾਲੇ ਪੁਰਸ਼ ਨੂੰ ਆਖਦੇ ਹਨ ਕਿ ਅਮੁਕਾ ਤਾਂ ਸੂਤਰ ਹੋ ਗਿਆ ਹੈ। ਦੂਜਾ– ਸੂਤਰ ਨਾਮ ਧਾਗੇ ਦਾ ਹੈ, ਜਿਸ ਨਾਲ ਕਾਰੀਗਰ ਲੋਕ ਲਕੜੀ ਦਾ ਵਿੰਗ ਕਢਣ ਵਾਸਤੇ ਨਿਸ਼ਾਨ ਕਰਦੇ ਹਨ ਸੋ ਇਹ ਨਿਸ਼ਾਨੀ ਵੀ ਮਨ ਰੂਪੀ ਲਕੜੀ ਦੇ ਵਲ ਛਲ ਰੂਪ ਵਿੰਗ ਨਿਕਲ ਕੇ ਸਿੱਧਿਆਂ ਹੋ ਜਾਣ ਦੀ ਹੈ। ਸ੍ਰੀ ਮਾਨ ਬਾਬਾ ਬੈਂਕਾ ਜੀ ਤੇ ਦਿਨੋ ਦਿਨ ਚੜ੍ਹਦੇ ਤੋਂ ਚੜ੍ਹਦਾ ਰੰਗ ਆਉਂਦਾ ਹੈ। ਇਕ ਦਿਨ ਜਦ ਆਪ ਬਹੁਤੇ ਹੀ ਰੰਗੇ ਹੋਏ ਸਨ, ਆਪ ਨੇ ਤਿੰਨ ਆਸਣ ਕੋਲੋ ਕੋਲ ਵਿਛਾਕੇ ਏਹ ਕਹਿਣਾ ਸ਼ੁਰੂ ਕਰ ਦਿਤਾ ਕਿ

**"ਆਓ ਬਾਬਾ ਬਾਲਕ ਸਿੰਘ ਜੀ**

**ਬੈਠੋ, ਆਓ ਬਾਬਾ ਰਾਮ ਸਿੰਘ ਜੀ ਬੈਠੋ, ਆਓ ਬਾਬਾ ਬੁਧ ਸਿੰਘ ਜੀ ਬੈਠੋ"** ਵੇਖਣ ਵਾਲੀਆਂ ਸੰਗਤਾਂ ਨੇ ਏਹ ਬਚਨ ਏਸਤਰਾਂ ਦ੍ਰਿਸ਼ਟੀ ਅਗੋਚਰ ਕਰ ਛਡਿਆ, ਜਿਸਤ੍ਰਾਂ ਕਿ ਕਮਲੇ ਲੋਕਾਂ ਦੀਆਂ ਗਲਾਂ ਸੁਣਨ ਵਲੋਂ ਬੇ ਪ੍ਰਵਾਹੀ ਹੁੰਦੀ ਹੈ ॥

ਸਚੇ ਪਾਤਸ਼ਾਹ ਜੀ ਤੋਂ ਬਿਨਾ ਕਿਸੇ ਨੂੰ ਓਦੋਂ ਕੀ ਪਤਾ ਸੀ, ਕਿ ਮਸਤਾਨਾ ਭਵਿਖਤ ਸਬੰਧੀ ਪਸ਼ੀਨਗੋਈ ਕਰ ਰਿਹਾ ਹੈ ॥ ਫੇਰ ਇਕ ਵਾਰ ਨਹੀਂ, ਕਈ ਵਾਰ ਬਾਬਾ ਬੈਂਕਾ ਤਿਨ ਆਸਣ ਵਿਛਾਕੇ ਤਿਨਾਂ ਹੀ ਸਾਹਿਬਾਂ ਦੇ ਨਾਮ ਉਤੇ ਲਿਖੀ ਤਰਤੀਬ ਅਨੁਸਾਰ ਲੈਕ ਆਸਣਾਂ ਤੇ ਬੈਠ ਜਾਣ ਵਾਸਤੇ ਪੁਕਾਰਦਾ। ਏਹ ਗੱਲ ਓਦੇ ਦੀ ਹੈ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਹਜ਼ਰੋਂ ਵਿਖੇ ਗਏ ਵੀ ਨਹੀਂ ਸਨ, ਅਤੇ ਉਨ੍ਹਾਂ ਬਾਬਤ ਕਿਸੇ ਨੂੰ ਕੁਛ ਪਤਾ ਵੀ ਨਹੀਂ ਸੀ। ਏਸ ਬਚਨ ਦਾ ਰਾਜ਼ ਓਦੋਂ ਖੁਲ੍ਹਿਆ, ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਹਜ਼ਰੋਂ ਵਿਖੇ ਸਤਿਗੁਰੂ ਬਾਲਕ ਸਿੰਘ ਜੀ ਨੇ ਗੁਰ ਗਦੀ ਅਰਪਨ ਕੀਤੀ ਅਤੇ ਪਤਾ ਲਗਾ ਕਿ ਬਾਬਾ ਬੁਧ ਸਿੰਘ ਜੀ (ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ ਦਾ ਨਾਮ ਹੈ) ਜੋਕਿ ਆਪ ਦੇ ਪ੍ਰਦੇਸ ਗਮਨ ਕਰਨ ਦੇ ਸਮੇਂ ਤੋਂ ਹੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਨਾਮ ਤੋਂ ਪ੍ਰਸਿਧ ਹੋਏ। ਸਤਿਗੁਰਾਂ ਨੇ ਤੁਰਨ ਲਗਿਆਂ ਸੰਗਤਾਂ ਨੂੰ ਆਗਾਜ਼ਾ ਕੀਤੀ ਸੀ ਕਿ ਮੇਰੇ ਪਿਛੋਂ ਇਹ (ਬਾਬਾ ਬੁਧ ਸਿੰਘਜੀ)ਸੰਗਤਾਂ ਨੂੰ ਹਰੀਆਂ ਰਖਣ ਗੇ। ਸੰਗਤਾਂ ਨੂੰ ਹੁਣ ਪਤਾ ਲਗਾ ਕਿ ਆਪ ਤਾਂ ਗੁਰੂ ਘਰ ਦੇ ਬਾਲਮੀਕ ਰਿਸ਼ੀ ਹਨ। ਬਾਲਮੀਕ ਜੀਨੇ ਨਾਮ ਦੇ ਪ੍ਰਤਾਪ ਨਾਲ ਸ੍ਰੀ ਰਾਮਚੰਦ੍ਰ ਜੀਦੇ ਅਵਤਾਰ ਧਾਰਨ ਤੋਂ ਦਸਹਜਾਰ ਬਰਸ ਪਹਿਲੋਂ ਰਾਮਾਯਣ ਉਚਾਰਨ ਕਰ ਦਿਤੀ ਸੀ ਜੋਕਿ ਆਪਦੀ ਰਚਨਾ ਹੋਣ ਦੇ ਕਾਰਨ ਬਾਲਮੀਕੀ ਰਾਮਾਇਣ ਦੇ ਨਾਮ ਨਾਲ ਪ੍ਰਸਿਧ ਹੈ। ਸਤਿਗੁਰੂ ਜੀ ਦੀ ਜਿਨਾਂ ਤੇ ਪੂਰਣ ਕ੍ਰਿਪਾ ਹੁੰਦੀ ਹੈ ਉਨਾਂ ਨੂੰ ਉਹ ਦਿਵਜ ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ। ਜਿਸ ਨਾਲ ਉਹ ਭੂਤ, ਭਵਿੱਖਤ ਤੇ ਵਰਤਮਾਨ ਦੇ ਹਾਲ ਜਾਣ ਲੈਂਦੇ ਹਨ। ਏਹ ਗਲ ਵਖਰੀ ਹੈਕਿ ਓਹ ਪਰਗਟ ਨਾ ਕਰਨ ਕਿਉਂਕਿ ਮੌਜ ਦੇ ਮਾਲਕ ਹਨ। ਜੀ ਚਾਹੇ ਤਾਂ ਆਪੇ ਹੀ ਭੇਤ ਖੋਲ ਦੇਣ, ਜੇਨਾ ਚਾਹੇ ਤਾਂ ਭਾਵੇਂ ਕੋਈ ਕਿੰਨਾਂ ਕਹੇ ਬੋਲਣ ਹੀ ਨਾਂ। ਕਿਉਂਕਿ ਓਨ੍ਹਾਂ ਨੂੰ ਕਿਸੇਦੀ ਕਾਣ ਨਹੀਂ ਹੁੰਦੀ 'ਉਹ ਬੇ ਪ੍ਰਵਾਹ ਨ ਬੋਲ ਹੀ' ਉਹ ਰੰਗ ਵਿਚ ਹਸਦੇ, ਰੰਗ ਵਿਚ ਰੋਂਦੇ ਤੇ ਰੰਗ ਵਿਚ ਹੀ ਚੁਪ ਕਰ ਰਹਿੰਦੇ ਹਨ। ਸ੍ਰੀ ਬਾਬਾ ਬੈਂਕਾ ਜੀਦੀ ਆਯੂ ਮਸਤੀ ਦੀ ਹਾਲਿਤ ਵਿਚ ਹੀ ਗੁਜ਼ਰੀ। ਆਪ ਸ੍ਰੀ ਸਤਿਗੁਰੂ ਬਾਲਕ ਸਿੰਘ ਜੀਦੇ ਚਰਨ ਕਮਲਾਂ ਵਿਚ ਭੌਰੇ ਵਾਂਗ ਮੌਜਾਂ ਮਾਣਦੇ ਰਹੇ। ਆਪਦਾ ਦੇਹਾਂਤ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਜੋਤੀ ਜੋਤ ਸਮਾਣ ਤੋਂ ੨੯ ਸਾਲ ਪਿਛੋਂ ਸੰ: ੧੯੪੯ ਬਿ: ਵਿਚ ਹੋਯਾ। (ਆਲਿਮ)

## ਲਬਾ-ਲਬ

[ਵਲੋਂ ਸੰਤ ਤਰਨ ਸਿੰਘ ਜੀ 'ਵਹਿਮੀ'

ਬਾਲਕ ਮੁਰਿੰਦ ਜੂ ਗੋਬਿੰਦ ਨਾਮ ਸਾਰ ਜਪ,
ਤਪ ਕਰ ਤੇਜ ਕੀਨੀ ਸ਼ਬਦ ਕਟਾਰ ਜਬ।
ਏਕ ਬਾਂਕੇ ਸੇਵਕ ਪੈ ਜੋਹਰ ਅਜਮਾਵਨੇ ਕੋ,
ਸ਼ਬਦ ਕਟਾਰ ਕੇਰਾ ਕੀਨਾ ਉਨ ਵਾਰ ਤਬ।
ਲਾਗਤਸੇ ਲਬਾ ਲਬ ਲਬਾ ਲਬ ਕਹਿਨਲਗੇ,
ਕਬੀ ਖੂਬ ਕੂਦ ਕਹੈ ਅੰਬਰ ਖਿਲਾਰ ਫਬ।
ਬੈਠੋ ਗੁਰੂ ਬਾਲਕਸਿੰਘ, ਬੈਠੋ ਗੁਰੂ ਰਾਮ ਸਿੰਘ
ਬਾਬਾ ਬੁਧ ਸਿੰਘ ਈਹਾਂ ਬੈਠੋ ਸਰਕਾਰ ਅਬ।

# (੨) ਸਾਈਂ ਜਵਾਹਰ ਜੀ

ਸਾਈਂ ਜਵਾਹਰ ਜੀ ਰਾਵਲਪਿੰਡੀ ਦੇ ਰਹਿਣ ਵਾਲੇ ਆਹਲੂਵਾਲੀਆ ਖਾਨਦਾਨ ਵਿਚੋਂ ਸਨ। ਹਜਰੋ ਵਿਚ ਸਾਈਂ ਸਾਹਿਬ ਜੀ ਦੀ ਸ਼ਰਾਬ ਦੀ ਦੁਕਾਨ ਸੀ। ਸਾਈਂ ਜੀ ਗ੍ਰਿਸਤੀ ਹੁੰਦੇ ਹੋਏ ਵੀ ਪੂਰਨ ਇੰਦ੍ਰੇ ਜਿਤ ਪੂਰਨ ਸੰਜਮੀ ਤੇ ਪੂਰਨ ਅਤੀਤ ਸਨ। ਭਾਵੇਂ ਆਪ ਸ਼ਰਾਬ ਦੀ ਦੁਕਾਨ ਕਰਦੇ ਸਨ, ਪਰ ਜੇ ਕੋਈ ਖ੍ਰੀਦਨ ਆਉਂਦਾ ਤਾਂ ਉਸਨੂੰ ਬੜੇ ਪ੍ਰੇਮ ਨਾਲ ਆਖਦੇ—ਭਾਈ ਏਸ ਸ਼ਰਾਬ, ਖਾ ਾ ਖਰਾਬ ਨੂੰ ਨਾ ਪੀਆ ਕਰ। ਏਹ ਮਨਖ ਦਾ ਬਿਵਹਾਰ ਤੇ ਪਰਮਾਰਥ ਦੋਵੇਂ ਬਿਗਾੜ ਦੇਂਦੀ ਹੈ। ਜੇ ਮੰਨ ਜਾਏ ਤਾਂ ਵਾਹ ਭ ਾ, ਨਹੀਂ ਤੇ ਆਖਦੇ ਕਿ ਓਇ ਭਲਿਆ ਲੋਕਾ, ਆਹ ਲੈ ਸ਼ਰਾਬ ਪੀ ਲੈ ਅਤੇ ਏਹ ਪੈਸੇ ਆਪਣੇ ਬਾਲ ਬਚੇ ਲਈ ਲੈ ਜਾ. ਜੇ ਫੇਰ ਵੀ ਨਾ ਮੰਨੇ ਤਾਂ ਸ਼ਰਾਬ ਦਾ ਮੁਲ ਲੈਂਦੇ। ਇਕ ਦਿਨ ਹਜਰੋਂ ਵਿਚ ਸ਼ਹਿਰ ਦਾ ਇਕ ਇਜ਼ਤਦਾਰ ਆਦਮੀ ਚੜ੍ਹਾਈ ਕਰ ਗਿਆ, ਜਿਸਦੀ ਅਰਥੀ ਨਾਲ ਸਤਿਗੁਰੂ ਬਾਲਕ ਸਿੰਘ ਜੀ ਵੀ ਗਏ ਤੇ ਸਾਈਂ ਜੀ ਵੀ ਨਾਲ ਸਨ। ਮਿਰਤਕ ਦਾ ਅੰਤਮ ਸੰਸਕਾਰ ਕਰਕੇ ਜਦੋਂ ਲੋਕੀਂ ਇਸ਼ਨਾਨ ਪਾਣੀ ਆਦਿ ਲਈ ਟੁਰੇ ਤਾਂ ਸਤਿਗੁਰੂ ਜੀ ਤੇ ਸਾਈਂ ਜਵਾਹਰ ਜੀ ਦੋਵੇਂ ਇਕੇ ਖੂਹ ਤੇ ਇਸ਼-ਨਾਨ ਕਰਨ ਵਾਸਤੇ ਗਏ। ਇਸ਼ਨਾਨ ਕਰਕੇ ਸਾਈਂ ਜਵਾਹਰ ਜੀ ਹਟੀ ਉਤੇ ਜਾ ਬੈਠੇ। ਸ੍ਰੀ ਸਤਿਗੁਰੂ ਜੀ ਵੀ ਸਾਈਂ ਸਾਹਿਬ ਦੀ ਹਟੀ ਤੇ ਚਲੇ ਗਏ। ਸਾਈਂ ਜੀ ਨੇ ਨਿੰਮ੍ਰਤਾ ਸਹਿਤ ਕਹਿਆ ਕਿ ਮਹਾਰਾਜ ਅਜ ਮੈਂ ਅਭਾਗੇ ਤੇ ਬੜੀ ਕਿਰਪਾ ਕੀਤੀ ਹੈ, ਜੋ ਆਪ ਆਕੇ ਦੀਦਾਰ ਬਖਸ਼ਿਆ ਹੈ। ਆਪ ਜੀ ਨੇ ਚਰਨਾਂ ਨਾਲ ਮੇਰੀ ਇਸ ਮਹਾਨ ਭ੍ਰਸ਼ਟ ਮਦਰਾ ਦੀ ਦੁਕਾਨ ਨੂੰ ਪਵਿਤ੍ਰ ਕੀਤਾ ਹੈ। ਕਿਰਪਾ ਕਰਕੇ ਦਾਸ ਨੂੰ ਹੁਕਮ ਕਰੋ ਜੋ ਆਪ ਕੀ ਚਾਹੁੰਦੇ ਹੋ, ਤਾਂਕਿ ਮੈਂ ਆਪ ਜੀ ਦੇ ਹੁਕਮ ਦੀ ਜਲਦੀ ਪਾਲਨਾ ਕਰਾਂ, ਕਿਓਂਕਿ ਆਪ ਜੀ ਦਾ ਮੇਰੀ ਇਸ ਹਟੀ ਉਤੇ ਬੈਠਣਾ ਸੋਭਦਾ ਨਹੀਂ। ਲੋਕੀਂ ਆਪ ਜੀ ਦੀ ਨਿੰਦਾ ਕਰਨਗੇ ਕਿ ਬਾਬਾ ਜੀ ਕਲਾਲ ਖਾਨੇ ਬੈਠੇ ਹੋਏ ਨੇ। ਏਹ ਸੁਣਕੇ ਸਤਿਗੁਰਾਂ ਕਹਿਆ ਕਿ-'ਸਾਈਂ' ਜੀ ਸਾਨੂੰ ਤਾਂ ਇਉ ਭਾਸਿਆ ਹੈ, ਜੋ ਆਪ ਸਾਂਈ ਦੇ ਨਜ਼ਦੀਕ ਵਸਦੇ ਹੋ, ਇਸ ਲਈ ਆਪ ਜੀ ਦੇ ਕੋਲ ਕੇਵਲ ਦਰਸ਼ਨ ਕਰਨ ਲਈ ਆਏ ਹਾਂ। 'ਸਾਂਈ ਜੀ ਨੇ ਅਗੋਂ ਅਧੀਨਗੀ ਨਾਲ ਕਿਹਾ ਕਿ—"ਮਹਾਰਾਜ! ਮੈਂ ਤਾਂ ਤੁਛ ਜੇਹਾ ਆਦਮੀ ਸ਼ਰਾਬ ਵੇਚਨ ਵਾਲਾ ਕਲਾਲ ਹਾਂ, ਮੇਰਾ ਦਰਸ਼ਨ ਕਰਕੇ ਆਪ ਕੀ ਕਰੋਗੇ? ਆਪ ਤਾਂ ਅਗੇ ਹੀ ਪਰੀ ਪੂਰਨ ਹੋ, ਹੁਣ ਲੁਕੋ ਨਾ, ਪ੍ਰਗਟ ਹੋਵੋ। ਦਰਸ਼ਨ ਲਾਇਕ ਤਾਂ ਆਪ ਹੋ, ਜਿਨ੍ਹਾਂ ਦੇ ਦਰਸ਼ਨ ਨਾਲ ਕੋਟਾਂ ਪਾਪਾਂ ਦਾ ਭਾਰ ਦੂਰ ਹੋਕੇ ਉਧਾਰ ਹੋ ਜਾਂਦਾ ਹੈ। ਆਪ ਸਖਜਾਤ ਨਿਰੰਕਾਰ ਦੀ ਜੋਤਿ ਹੋ, ਐਵੇਂ ਮੇਰੇ ਜੇਹੇ ਸੰਸਾਰੀ ਜੀਆਂ ਨੂੰ ਭੁਲੇਖੇ ਵਿਚ ਨਾ ਪਾਓ।

ਸਾਈਂ ਜੀ ਨੇ ਫੇਰ ਅਰਜ਼ ਕੀਤੀ ਕਿ ਮਹਾਰਾਜ ਆਪ ਜੇਹੜਾ ਭਜਨ ਕਰਦੇ ਹੋ, ਓਹ ਕੀ ਏ? ਸਤਿਗੁਰਾਂ ਕਹਿਆ, ਸਾਂਈ ਜੀ! ਜੋ

ਗੁਰੂ ਸਾਹਿਬਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਿਆ ਹੈ, ਅਸੀਂ ਓਹੀ ਭਜਨ ਕਰਦੇ ਹਾਂ। ਏਸਤ੍ਰਾਂ ਦੇ ਬਚਨ ਬਿਲਾਸ ਕਰਕੇ ਗੁਰੂ ਜੀ ਘਰ ਆ ਗਏ। ਮਾਤਾ ਜੀਨੇ ਪੁਛਿਆ, ਪੁੱਤ੍ਰ ਏਨੀ ਦੇਰ ਕਰਕੇ ਆਏ ਹੋ? ਕਿਥੇ ਰਹੇ? ਸਤਿਗੁਰਾਂ ਕਹਿਆ ਮਾਤਾ ਜੀ! ਇਕ ਸਾਂਈ ਜਵਾਹਰ ਨਾਮੀ ਰਾਵਲ ਪਿੰਡੀ ਦੇ ਸੱਜਨ ਏਥੇ (ਹਜ਼ਰੋ) ਸ਼ਰਾਬ ਦੀ ਦੁਕਾਨ ਕਰਦੇ ਹਨ। ਆਪ ਲੁਕਵੇਂ ਸਾਧੂ ਹਨ, ਸੰਤ ਸਰੂਪ ਤੇ ਭਜਨ ਦਾ ਰੂਪ ਹਨ।

## ਸਤਿਗੁਰਾਂ ਦੀ ਮਸਤ ਕਾਰ

ਸ੍ਰੀ ਸਤਿਗੁਰ ਬਾਲਕ ਸਿੰਘ ਜੀ ਨੇ ਹਜ਼ਰੋ ਵਿਚ ਕਿਰਤ ਦੇ ਵਿਚਾਰ ਨਾਲ ਸਰਾਫ਼ੀ ਦੀ ਦੁਕਾਨ ਪਾਈ ਹੋਈ ਸੀ ਜੇਹੜਾ ਗ੍ਰਾਹਕ ਆਵ ਉਸਨੂੰ ਸਚੋ ਸਚ ਕਹਿ ਦੇਣਾ। ਗਰੀਬਾਂ ਉਤੇ ਉਪਕਾਰ ਕਰਨਾ ਤਾਂ ਆਪ ਦਾ ਇਕ ਜ਼ਰੂਰੀ ਕੰਮਸੀ। ਟੁਟਿਆਂਭੱਜਿਆਂਦੀਆਂ ਆਪ ਜੀਦੀ ਦੁਕਾਨ ਥੀਂ ਗਰਜ਼ਾਂ ਪੂਰੀਆਂ ਹੋਣ ਲਗੀਆਂ। ਸੁਣਸੁਣਾਕੇ ਗ੍ਰੀਬਾਂ ਨੇ ਵਹੀਰਾਂ ਘਤ ਦਿਤੀਆਂ। ਸਾਰਾ ਦਿਨ ਦੁਕਾਨ ਤੇ ਮੇਲਾ ਲਗਾ ਰਹੇ। ਜਿਥੇ ਲੋਕਾਂ ਦੀਆਂ ਆਰਥਕ ਮੰਗਾਂ ਪੂਰੀਆਂ ਹੁੰਦੀਆਂ, ਓਥੇ ਨਾਲ ਹੀ ਪ੍ਰਮਾਰਥਿਕ ਪਦਾਰਥ ਦੇ ਭੰਡਾਰ ਵੀ ਖੁਲ੍ਹ ਰਹਿੰਦੇ। ਨਾਮ ਦਾ ਉਪ-ਦੇਸ਼ ਜਾਰੀ ਰਹਿੰਦਾ। ਦੋਵੇਂ ਸੌਦੇ ਗੁਰੂ ਜੀ ਪਾਸ ਮੌਜੂਦ ਹਨ– ਜੇਹੜਾ ਹੱਟੀ ਅਗੋਂ ਦੀ ਲੰਘਦਾ ਹੈ, ਨਮਸਕਾਰ ਕਰਕੇ ਜਾਂਦਾ ਹੈ। ਆਪ ਜੀ ਪਾਸੋਂ ਜੇ ਕੋਈ ਕਰਜ਼ ਮੰਗਣ ਔਂਦਾ ਤਾਂ ਧੇਲਾ ਰੁਪਯਾ ਗਹਿਣਾ ਰਖਦੇ "ਫੇਰ ਉਹ ਵੀ ਛਡ ਦੇਂਦੇ, ਕਿਉ ਕਿ ਗੁਰਮਤ ਵਿਚ ਬਿਆਜ ਲੈਣਾ ਮਨ੍ਹੇ ਹੈ-ਗਹਿਣਾ ਇਸ ਲਈ ਰਖਦੇ ਕਿ ਲੈਣ ਵੇਲੇ ਕੋਈ ਟੰਟਾ ਨਾ ਕਰਨਾ ਪਏ,, ਦੋ ਘੰਟੇ ਹਟੀ ਤੇ ਬੈਠਦੇ ਹਨ, ਫੇਰ ਬਗੀਚੀ ਵਿਚ ਜਾਕ ਭਜਨ (ਨਾਮ ਅਭਿਆਸ) ਤੇ ਜੋਰ ਦੇਣਾ, ਆਪਦੀ ਹਾਲਤ ਮਸਤ ਸੀ, ਹਟੀ ਵਿਚੋਂ ਰੁਪਏ ਜੇਬ ਵਿਚ ਪਾਕੇ ਬਾਹਰ ਲੈ ਜਾਣੇਂ ਤੇ ਗ੍ਰੀਬਾਂ ਨੂੰ ਵੰਡ ਦੇਣੇ 'ਸਾਂਈ ਜਵਾਹਰ ਜੀ ਆਪਦਾ ਬਹੁਤ ਖਿਆਲ ਰਖਦੇ ਸਨ। ਜਦ ਓਨ੍ਹਾਂ ਦੀ ਮਸਤੀ ਦਾ ਪਤਾ ਲਗਾ, ਤਾਂ ਉਨਾਂ ਨੇ ਆਪਣੇ ਆਦਮੀ ਮੁਕਰਰ ਕਰ ਦਿਤੇ ਜੇਹੜੇ ਬਾਬਾ ਜੀ ਦੇ ਨਾਲ ਹੀ ਰਹਿੰਦੇ ਜਿਸਨੂੰ ਆਪ (ਗੁਰੂ ਜੀ) ਰੁਪਏ ਦੇਂਦੇ. ਓਸਦੇ ਕੋਲ ਇਕ ਰੁਪੈਆ ਛਡਕੇ ਬਾਕੀ ਸਾਂਈ ਜੀ ਦੇ ਬੰਦੇ ਲੈ ਲੈਂਦੇ। ਜੇਹੜਾ ਭਜਨ ਪੁਛੇ ਮਸਤ ਹੋ ਜਾਵੇ ਕਿਤੇ ਜਾਣ ਜੋਗਾ ਨਾ ਰਹੇ।

ਸਾਂਈ ਜਵਾਹਰ ਜੀ ਨੇ ਇਕ ਦਿਨ ਜਦੋਂ ਗੁਰੂ ਜੀ ਬਾਹਰੋਂ ਆਏ, ਤਾਂ ਉਹ ਸਾਰੇ ਰੁਪਏ ਜੋ ਗੁਰੂ ਜੀ ਨੇ ਪੁੰਨ ਕੀਤੇ, ਭਾਵ ਲੋਕਾਂ ਨੂੰ ਦਿਤੇ ਸਨ, ਜੋ ਸਾਂਈਂ ਜੀ ਦੇ ਬੰਦੇ ਇਕ ਰੁਪਯਾ ਛਡਕੇ ਹੋਰ ਲੈ ਲੈਂਦੇ ਸਨ, ਸਤਿਗੁਰਾਂ ਦੇ ਚਰਨਾਂ ਵਿਚ ਲਿਆ ਰਖੇ। ਗੁਰੂ ਜੀ ਨੇ ਪੁਛਿ-ਆ, ਸਾਂਈਜੀ! ਇਹ ਧਨ ਕੇਹਾ ਹੈ? ਸਾਂਈ ਜੀ ਨੇ ਕਿਹਾ, ਮਹਾਰਾਜ? ਜਦ ਆਪ ਮਸਤੀ ਵਿਚ ਆਕੇ ਲੋਕਾਂ ਨੂੰ ਰੁਪੈ ਵੰਡਕੇ ਚਲੇ ਔਂਦੇ ਸੀ, ਤਾਂ ਸਾਡੇ ਆਦਮੀ ਓਹਨਾਂ ਕੋਲ ਇਕ ਰੁਪੈਆ ਛਡਕੇ ਬਾਕੀ ਲੈ ਲੈਂਦੇ ਸਨ। ਏਹ ਦੌਲਤ ਆਪ ਜੀਦੀ ਹੀ ਹੈ, ਅਤੇ ਆਪ ਜੀਦੇ ਚਰਨਾਂ ਵਿਚ ਹਾਜ਼ਰ ਹੈ। ਗੁਰੂ ਜੀਨੇ ਕਿਹਾ, ਜੇ ਸਾਡਾ ਬਚਨ ਮੰਨਦੇ ਹੋ, ਤਾਂ ਇਸਨੂੰ ਧਰਮ ਅਰਥ ਹੀ ਲਾ ਦਿਓ।

ਇਕ ਦਿਨ ਸਾਂਈ ਜਵਾਹਰ ਜੀ ਨੇ ਅਰਜ ਕੀਤੀ ਕਿ ਸਚੇ ਪਾਤਿਸ਼ਾਹ! ਜਿਸਨੇ ਆਪ ਨੂੰ ਮਸਤਾਨਿਆਂ ਕੀਤਾ ਹੈ ਓਸਦੇ ਦਰ-ਸ਼ਨ ਸਾਨੂੰ ਵੀ ਕਰਾਵੋ। ਬਚਨ ਹੋਇਆ ਕਿ

ਅੰਮ੍ਰਿਤ ਵੇਲੇ। ਜਾਂ ਅੰਮ੍ਰਿਤ ਵੇਲਾ ਹੋਇਆ, ਸਾਈਂ ਜੀ ਚੌਂਕੜਾ ਮਾਰਕੇ ਭਜਨ ਕਰਨ ਬੈਠੇ। ਤਦੋ ਖਬਰ ਜੋ ਆਪਦਾ ਸਾਰਾ ਸਰੀਰ ਹਿਲਨ ਲਗ ਪਿਆ। ਸਾਂਈ ਜੀਨੇ ਕਿਹਾ ਕਿ ਮੈਨੂੰ ਹਿਲਾਕੇ ਤੂੰ ਵਡਾ ਨਹੀਂ ਹੋ ਚਲਿਆ – ਏਹ ਆਖਦਿਆਂ ਹੀ ਸਰੀਰ ਹਿਲਣੋਂ ਬੰਦ ਹੋ ਗਿਆ। ਦਿਨ ਚੜ੍ਹੇ ਜਦ ਸਾਈਂ ਜੀ ਸਤਿਗੁਰਾਂ ਦੇ ਦਰਸ਼ਨ ਕਰਨ ਗਏ, ਤਾਂ ਗੁਰੂ ਜੀਨੇ ਪੁਛਿਆ 'ਸਾਈਂ ਜੀ ਸੁਣਾਓ, ਅੰਮ੍ਰਿਤ ਵੇਲੇ ਕਿਵੇਂ ਬੀਤੀ? ਸਾਈਂ ਜੀਨੇ ਬੇਨਤੀ ਕਰਕੇ ਕਿਹਾ, ਮੈਂ ਜਾਂ ਭਜਨ ਕਰਨ ਲਗਿਆ, ਤਾਂ ਸਾਰਾ ਸਰੀਰ ਹਿਲ ਉਠਿਆ ਅਤੇ ਫੇਰ ਜਦ ਮੈਂ ਏਹ ਕਹਿਆ ਕਿ ਇਸਤ੍ਰਾਂ ਕਰਨ ਨਾਲ ਤੂੰ ਵਡਾ ਹੋ ਜਾਏਂਗਾ। ਤਾਂ ਬੰਦ ਹੋਗਿਆ। ਗੁਰੂ ਜੀਨੇ ਬਚਨ ਕੀਤਾ, ਕਿ ਸਾਂਈ ਜੀ, ਜੇ ਤੁਸੀਂ ਇਓਂ ਨਾਂ ਕਹਿੰਦੇ ਤਾਂ ਦੇਖਦੇ ਮਸਤ ਕਰਨ ਵਾਲੇ ਦੇ ਰੰਗ–ਸਾਈਂ ਜੀ ਸੁਣਕੇ ਸ਼ਾਂਤ ਹੋ ਗਏ। ਅਤੇ ਭਜਨ ਲਈ ਬੇਨਤੀ ਕੀਤੀ।

## ਸਾਈਂ ਜੀ ਨੂੰ ਭਜਨ ਦੀ ਦਾਤ

ਗੁਰੂ ਜੀਨੇ ਕਿਹਾ ਸਾਈਂ ਜੀ ਆਪ ਤਾਂ ਵੈਰਾਗੀ, ਵਿਦਵਾਨ ਅਤੇ ਪੂਰਨ ਪੁਰਸ਼ ਹੋ ਤੁਹਾਨੂੰ ਅਜੇ ਵੀ ਭਜਨ ਦੀ ਲੋੜ ਹੀ ਰਹੀ? ਸਾਂਈ ਜੀ ਨੇ ਹਥ ਜੋੜਕੇ ਬੇਨਤੀ ਕੀਤੀ, ਕਿ ਮਹਾਰਾਜ ਫਰੀਦ ਜੀ ਨੇ ਛਤੀ ਬਰਸ ਤਪਸਿਆ ਕੀਤੀ, ਸਾਰਾ ਤਾਣ ਲਾਇਆ। ਪਰ ਜਦ ਤੀਕ ਅਜਮੇਰ ਵਿਚ ਜਾਕੇ ਗੁਰੂ ਧਾਰਨ ਕਰਕੇ ਸੇਵਾ ਨਹੀਂ ਸੀ ਕੀਤੀ ਤਦ ਤਕ ਸਿਮਰਨ ਅਭਿਆਸ ਵਿਚ ਦ੍ਰਿੜਤਾ ਨਹੀਂ ਸੀ ਹੋਈ, ਅਤੇ ਆਤਮਾ ਨੰਦ ਤੋਂ ਸਖਣਾਂ ਹੀ ਰਿਹਾਸੀ। ਤਾਂ ਤੇ ਆਪ ਕਿਰਪਾ ਕਰੋ, ਭਜਨ ਦਸਕੇ ਕ੍ਰਿਤਾਰਥ ਕਰੋ ਕਿਉਂਕਿ ਭਜਨ ਹੀ ਮਨ ਰੂਪ ਜੰਦਰੇ ਨੂੰ ਖੋਲ੍ਹਣ ਲਈ ਕੁੰਜੀ ਰੂਪ ਹੈ, ਗੁਰਬਾਣੀ ਵਿਚ ਸ੍ਰੀ ਗੁਰੂ ਜੀਨੇ ਦੱਸਿਆ ਹੈ। "ਗੁਰ ਕੁੰਜੀ ਪਾਹੂ ਨਿਵਲ ਮਨ ਕੋਠਾ ਤਨ ਛਤ। ਨਾਨਕ ਗੁਰ ਬਿਨੁ ਮਨ ਕਾ ਤਾਕ ਨ ਉਘੜੈ ਅਵਰ ਨ ਕੁੰਜੀ ਹਥ"। ਇਸ ਲਈ, ਦੀਨ ਦਿਆਲ, ਗੁਰ–ਮੰਤ੍ਰ ਦਸਕੇ ਮੇਰਾ ਨਿਸਤਾਰਾ ਕਰੋ। ਏਹ ਬਚਨ ਸੁਣਕੇ ਗੁਰੂ ਜੀ ਦਿਆਲ ਹੋਏ, ਅਤੇ ਸਾਂਈਂ ਸਾਹਿਬ ਨੂੰ ਭਜਨ ਦਸਕੇ ਨਿਹਾਲ ਕੀਤਾ।

ਇਕ ਵਾਰ ਗੁਰੂ ਬਾਲਕ ਸਿੰਘ ਜੀ ਮਹਾਰਾਜ ਨੇ ਮਸਤੀ ਦੀ ਕਾਰ ਵਿਚ ਹਟੀ ਤੇ ਬੈਠਿਆਂ ਬੈਠਿਆਂ, ਹਟੀ ਲੁਟਾ ਦੇਣ ਦਾ ਨਿਸਚਾ ਕਰ ਲਿਆ। ਬਜਾਰ ਵਿਚ ਖਲੋਕੇ ਹੋਕਾ ਦੇਣ ਲਗ ਪਏ, ਭਾਈ ਜਿਸਨੂੰ ਜਿਸ ਚੀਜ ਦੀ ਲੋੜ ਹੈ ਲੈ ਲਵੇ। ਹੋਕਾ ਸੁਣਦਿਆਂ ਗ੍ਰੀਬਾਂ ਦੀ ਹਟੀ ਤੇ ਭੀੜ ਜੁੜ ਗਈ। ਜੋ ਕੁਛ ਕੋਈ ਮੰਗ ਮੰਗਦਾ ਗੁਰੂ ਜੀ ਉਸਨੂੰ ਦੇਈ ਜਾਂਦੇ। ਲੋਕ ਅਸੀਸਾਂ ਦੇਂਦੇ ਘਰਾਂ ਨੂੰ ਜਾਂਦੇ ਸਨ। ਸ਼ਹਿਰ ਵਿਚ ਧੁੰਮ ਪੈ ਗਈ ਕਿ ਮਹਾਰਾਜ ਅਜ ਦਾਨ ਪੁੰਨ ਕਰ ਰਹੇ ਹਨ ਅਨੇਕਾਂ ਮੰਗਤੇ ਹੱਟੀ ਅਗੇ ਆਣ ਖਲੋਤੇ ਭਾਈ ਮੰਨਾਂ ਸਿੰਘ ਜੀ (ਜੋ ਕਿ ਆਪ ਦੇ ਭਾਈ ਸਨ) ਨੂੰ ਪਤਾ ਲਗਾ ਤਾਂ ਕਹਿਣ ਲਗਾ ਅਜ ਤਾਂ ਜਾਪਦਾ ਹੈ ਕਿ ਉਜਾੜ ਕੇ ਹੀ ਸਾਹ ਲੈਣਗੇ। ਉਹ ਸਾਈਂ ਜੀ ਪਾਸ ਨੱਸੇ ਗਏ, ਤੇ ਬੇਨਤੀ ਕੀਤੀ ਕਿ ਅਜ ਮਹਾਰਾਜ ਜੀ ਨੂੰ ਖੌਰੇ ਕੀ ਹੋ ਗਿਆ ਹੈ. ਹੱਟੀ ਦਾ ਸਭ ਮਾਲ ਲੁਟਾਈ ਜਾਂਦੇ ਹਨ, ਸਾਂਈਂ ਜੀ। ਲੋਕ ਜਦ ਹਟੀ ਦੀਆਂ ਚੀਜਾਂ ਲੈਕੇ ਮੇਰੇ ਕੋਲ ਦੀ ਲੰਘਦੇ ਹਨ, ਤਾਂ ਮੈਨੂੰ ਬੜਾ ਦੁਖ ਹੁੰਦਾ ਹੈ, ਸਾਈਂ ਜੀ ਨੂੰ ਉਂਵ ਤਾਂ ਸਭ ਖਬਰ ਸੀ, ਪਰ ਭਾਈ ਮੰਨਾ ਸਿੰਘ ਜੀ ਦਾ ਦਿਲ ਰਖਣ ਵਾਸਤੇ ਨਾਲ ਚਲੇ ਗਏ। ਜਦ

ਸਤਿਗੁਰਾਂ ਦੇ ਚਰਨਾਂ ਤੇ ਮਥਾ ਟੇਕਿਆ ਤਾਂ ਸਤਿਗੁਰਾਂ ਪੁਛਿਆ ਸਾਈਂ ਜੀਂ! ਕਿਵੇ ਦਰ-ਸ਼ਨ ਦਿਤੇ ਨੇ? ਸਾਈਂ ਜੀ ਬੋਲੇ ਅਸਾਂ ਅਜ ਸੁਣਿਆ ਸੀ ਕਿ ਮਹਾਰਾਜ ਪੁੰਨ ਕਰ ਰਹੇ ਹਨ, ਅਸਾਂ ਕਿਹਾ ਚਲੀਏ, ਅਸੀਂ ਵੀ ਕੁਛ ਲੈ ਆਈਏ। ਗੁਰੂ ਜੀ ਨੇ ਮੁਸਕਰਾਕੇ ਪੁਛਿਆ ਸਾਂਈ ਜੀ ਕਹ ਲੇਣਨੇਂ ਓ? ਸਾਈ ਜੀ ਨੇ ਕਿਹਾ ਕਿ ਹਟੀ ਵਿਚ ਜੋ ਰਹਿੰਦਾ ਮਾਲ ਹੈ, ਉਹ ਸਾਨੂੰ ਪੁੰਨ ਕਰ ਦਿਓ। ਗੁਰੂ ਜੀ ਨੇ ਕਿਹਾ ਸਤਿ ਬਚਨ ਸੰਭਾਲ ਲਵੋ। ਹੱਟੀ ਪੁੰਨ ਕਰਕੇ ਗੁਰੂ ਜੀ ਘਰ ਨੂੰ ਚਲੇ ਗਏ। ਤੇ ਹਟੀ ਤੇ ਭਾਈ ਮੰਨਾਂ ਸਿੰਘ ਜੀ ਤੇ ਸਾਂਈ ਜੀ ਬੈਠ ਗਏ। ਪਰ ਜਦ ਮੰਗਤਿਆਂ ਨੇ ਸਤਿਗੁਰਾਂ ਦੀ ਹੱਟੀ ਸਮਝਕੇ ਸਾਂਈ ਜੀ ਨੂੰ ਅਕਾਇਆ, ਤਾਂ ਆਪਨੇ ਭਾਈ ਮੰਨਾਂ ਸਿੰਘ ਜੀ ਨੂੰ ਕਿਹਾ, ਕਿ ਭਾਈ ਸਾਹਿਬ ਜੀ ਆਪਣੀ ਹਟੀ ਸੰਭਾਲੋ' ਅਸੀ' ਚਲਦੇ ਹਾਂ। ਏਸ ਤ੍ਰਾਂ ਸਾਈਂ ਜੀ ਮੰਗ-ਤਿਆਂ ਪਾਸੋਂ ਆਪਣਾਂ ਪਲਾ ਛੁਡਾਕੇ ਘਰ ਆਗਏ।

ਇਕ ਦਿਨ ਸਾਈਂ ਜਵਾਹਰ ਜੀ ਸਤਿਗੁਰਾਂ ਦੇ ਹਜ਼ੂਰ ਬੈਠੇ ਹੋਏ ਸਨ। ਗੁਰੂ ਜੀ ਬਚਨ ਕੀਤਾ ਸਾਈ ਜੀ, ਗੁਰਤਾ ਰੂਪ ਅਮਾਨਤ ਠਾਕਰਾਂ ਨੂੰ ਸੌਂਪਕੇ ਅਸੀਂ ਸੁਖਾਲੇ ਜੇਹੇ ਹੋ ਬੈਠੇ ਹਾਂ-'ਜਿਸ ਕੀ ਵਸਤ ਤਿਸ ਆਗੈ ਰਾਖੈ' ਦੇ ਮਹਾਂਵਾਕ ਅਨੁਸਾਰ ਅਸੀਂ ਸੁਰਖਰੂ ਹੋ ਗਏ ਹਾਂ। ਜਿਨਾਂ ਚਿਰ ਠਾਕੁਰ ਜੀ ਦੇ ਦੀਦਾਰ ਨਹੀਂ ਹੋਏ, ਸਾਡੀਆਂ ਅਖਾਂ ਪੰਜਾਬ ਵਲ ਹੀ ਤਕਦੀਆਂ ਰਹੀਆਂ ਹਨ। ਏਨ੍ਹਾਂ ਦੇ ਆਸਰੇ ਬੇਅੰਤ ਲੋਕੀਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾ-ਰਾਜ ਦੇ ਪਾਵਨ ਝੰਡੇ ਦੀ ਸ਼ਰਨ ਔਣਗੇ, ਜਿਸ ਪਾਸੇ ਤਕਣਗੇ ਸ੍ਰਿਸਟੀ ਨਿਹਾਲ ਹੋ ਜਾਸੀ। ਏਹ ਸਾਰੇ ਸੰਸਾਰ ਦੀ ਕਾਰ ਨੂੰ ਚਾਲਣ ਦੀ ਸਮਰਥਾ ਰਖਦੇ ਹਨ। ਪਰਸਾਈਂ ਜੀ ਸਾਡਾਵਿਚਾਰ ਹੈ. ਕਿ ਠਾਕਰਾਂ ਦੀ ਕਾਰ ਨੂੰ ਚਲਾਣ ਲਈ, ਅਸੀਂ ਸੂਬੇ ਥਾਪੀਏ। ਸਾਈਂ ਜੀ ਨੇ ਕਿਹਾ, ਮਹਰਾਜ ਜੀ, ਆਪ ਜੋ ਕਰਸੋ ਚੰਗਾ ਹੀ ਕਰਸੋ ਗੁਰੂ ਜੀ ਨੇ ਭਾਈ ਮੰਨਾਂ ਸਿੰਘ ਜੀ ਨੂੰ ਕਿਹਾ, ਕਿ ਭਾਈ ਜੀ ਇਕ ਦਸਤਾਰ ਲੈ ਆਵੇ। ਭਾਈ ਜੀ ਦਸਤਾਰ ਲੈ ਆਏ। ਗੁਰੂ ਜੀ ਨੇ ਕਿਹਾ ਆਓ ਸਾਈਂ ਜੀ ਤੁਹਾਨੂੰ ਮੰਜੀ ਬਖਸ਼ੀਏ। ਬਚਨ ਸੁਣਕੇ ਸਾਂਈਂ ਜੀ ਵੈਰਾਗੀ ਹੋ ਗਏ, ਪਰ ਦੀਨ ਦਿਆਲ ਜੀ ਦਾ ਬਚਨ ਮੰਨਣਾ ਪਿਆ। ਸਾਈਂ ਜੀ ਦੇ ਸਿਰ ਤੇ ਗੁਰੂ ਜੀ ਨੇ ਆਪਣੇ ਹਸਤ ਕਮਲਾਂ ਨਾਲ ਦਸਤਾਰ ਸਜਾਕੇ ਬਚਨ ਕੀਤਾ-ਸਾਈਂ ਜੀ! ਆਪ ਨੇ ਰਾਵਲਪਿੰਡੀ ਦੇ ਇਲਾਕੇ ਦੀ ਸੰਗਤ ਦੀ ਸਮ੍ਹਾਲ ਕਰਨੀ ਹੈ। ਸਾਈਂ ਜੀ ਦਾ ਅਸਥਾਨ ਰਾਵਲ-ਪਿੰਡੀ ਵਿਚ ਸੈਦਪੁਰੀ ਮਹੱਲ ਵਿਚ ਸ੍ਰੀਮਾਨ ਰਾਜ ਰਿਸ਼ੀ ਸ੍ਰਦਾਰ ਆਤਮਾ ਸਿੰਘ ਜੀ ਸਪੁਤ੍ਰ ਸ੍ਰਦਾਰ ਬੂਟਾ ਸਿੰਘ ਜੀ ਦੀ ਹਵੇਲੀ ਪਾਸ ਹੈ ਜਿਥ ਮੰਜੀ ਸਾਹਿਬ ਦੀ ਪੂਜਾ ਹੁੰਦੀ ਹੈ। ਉਨ੍ਹਾਂ ਤੋ ਮਗਰੋਂ ਆਪ ਦੇ ਯੋਗ ਸਪੁਤ੍ਰ ਭਗਤ ਹੀਰਾ ਨੰਦ ਜੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਥਾਪਿਆ ਸੀ। ਭਗਤ ਹੀਰਾ ਨੰਦ ਜੀ ਬੜੇ ਸਿਦਕੀ ਸਿਖ ਸਨ। ਭਜਨ ਬਾਣੀ ਦੀ ਮੂਰਤੀ ਸਨ। ਗੁਰੂ ਘਰ ਨਾਲ ਆਪ ਜੀ ਦਾ ਪੂਰਾ ਪਿਆਰ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਆਪ ਕਈ ਵਾਰ ਸ੍ਰੀ ਭੈਣੀ ਸਾਹਿਬ ਪਹੁੰਚੇ ਸਨ।

ਨੋਟ-ਏਹ ਜੀਵਨ ਸ੍ਰੀਮਾਨ "ਚਕ੍ਰਵਰਤ" ਜੀ ਦੇ ਬਣੇ ਹੋਏ ਨਾਮਧਾਰੀ ਇਤਿਹਾਸ ਹਿਸਾ ਪਹਿਲਾ ਵਿਚੋਂ ਸੰਕਲਿਤ ਕੀਤਾ ਗਿਆ ਹੈ।

(ਆਲਿਮ)

--o--

# (੩) ਭਾਈ ਧਨੀਰਾਮ ਜੀ

ਲੇ:—ਮਾਸਟ੍ਰ ਆਵਣਚੰਦ ਜੀ
'ਗੁਬਰ' ਕੈਮਲਪੁਰ

'ਸਤਿਜੁਗ' ਦੇ ਸੰਤ—ਅੰਕ ਲਈ ਲੇਖ ਲਿਖਣ ਦੇ ਹੁਕਮ ਦੀ ਤਾਮੀਲ ਕਰਦੇ ਹੋਇਆਂ ਭਾਈ ਧਨੀ ਰਾਮ ਜੀ "ਜ਼ੇਦਾ" ਨਿਵਾਸੀ ਦਾ ਕਛਕ ਹਾਲ ਲਿਖਣ ਦਾ ਹੀਆ ਕੀਤਾ ਹੈ। ਇਸਇਲਾਕੇ ਵਿਚ, ਜਿਸਨੂੰ ਸਤਿਗੁਰੂ ਬਾਲਿਕ ਸਿੰਘ ਜੀ ਦੇ ਜਨਮ ਭੂਮਿ ਹੋਣ ਦਾ ਮਾਨ ਪ੍ਰਾਪਤ ਹੈ, ਤੇ ਅਨੇਕਾਂ ਗੁਰੂ ਪਿਆਰਿਆਂ ਨੂੰ ਭੀ ਗਦੀ ਖਿਲਾਣ ਦਾ ਜਸ ਹਾਸਲ ਹੈ, ਜੇ ਇਕ ਇਕ ਦਾ ਜੀਵਣ ਲਿਖਣ ਲਗੀਏ ਤਾਂ ਹਰਇਕ ਲਈ ਵਖਰੋ ਵਖਰੀ ਪੁਸਤਕ ਦੀ ਲੋੜ ਹੈ, ਪਰ "ਸਤਿਜੁਗ" ਵਿਚ ਮੰਗ ਕੀਤੇ ਗਏ ਸਾਰੇ ਗੁਰ ਸਿਖਾਂ ਤੇ ਸੰਤਾਂ ਦੇ ਜੀਵਨ ਦੇ ਖਿਆਲ ਨੂੰ ਮੁਖ ਰਖਕੇ ਕੇਵਲ ਭਾਈ ਧਨੀਰਾਮ ਜੀਦੇ ਜੀਵਨ ਵਿਚੋਂ ਚੋਦ ਵਾਕਿਆਤ ਸੰਗਤ ਦੀ ਭੇਟ ਕਰਦਾ ਹਾਂ।

"ਗਰ ਕਬੂਲ ਉਫਤਦ ਜ਼ਹੇ ਅੱਜ਼ੋ ਸ਼ਰਫ਼"

*    *    *    *    *

ਭਾਈ ਧਨੀਰਾਮ ਜੀ ਪਿੰਡ "ਜ਼ੇਦਾ" ਤਹਸੀਲ ਸੁਆਬੀ, ਜ਼ਿਲਾ ਮਰਦਾਨ (ਪਹਿਲੇ ਜ਼ਿਲਾ ਪਿਸ਼ਾਵਰ ਸੀ) ਦੇ ਰਹਿਣ ਵਾਲੇ ਜ਼ਾਤ ਦੇ ਲੌਂਗਿਆਨੀ ਤੇ ਖਾਨ ਦਾਨ ਅਰੋੜਾ ਸੀ। ਆਪ ਸਤਿਗੁਰੂ ਬਾਲਕ ਸਿੰਘ ਜੀਨੂੰ ਮਿਲਣ ਤੋਂ ਪਹਿਲਾਂ ਠਾਕਰਾਂ ਦੀ ਪੂਜਾ ਕਰਦੇ ਹੁੰਦੇ ਸਨ। ਸਤਿਗੁਰੂ ਬਾਲਕ ਸਿੰਘ ਜੀ ਦੀ ਭੇਟ ਤੇ ਨਾਮ ਪ੍ਰਾਪਤੀ ਤੋਂ ਪਿਛੋਂ ਆਪ ਬੜੀ ਉਚ ਅਵਸਥਾ ਵਿਚ ਉਡਾਰੀਆਂ ਲੈਣ ਵਾਲੇ ਹੋਏ ਹਨ। ਸਤਿਗੁਰੂ ਚਰਨਾਂ ਵਿਚ ਆਪਦਾ ਇਤਨਾ ਪ੍ਰੇਮ ਸੀ ਕਿ ਆਪ ਕੁਝ ਦਿਨ ਆਪਣੇ ਪਿੰਡ ਰਹਿਕੇ ਪਿਆਰ ਵਸ ਫਿਰ ਗੁਰ ਚਰਨਾਂ ਵਿਚ ਹਾਜ਼ਰ ਹੋ ਜਾਂਦੇ। ਸਤਿਗੁਰੂ ਬਾਲਕ ਸਿੰਘ ਜੀ ਦੀ ਭੀ ਆਪ ਉਪਰ ਖਾਸ ਮੇਹਰ ਦੀ ਨਜ਼ਰ ਸੀ। ਆਪ ਭੀ "ਹਜ਼ਰੋ" ਆਉਂਦੇ ਗੁਰੂ ਉਸਤਤਿ ਤੇ ਪ੍ਰੇਮ ਭਰੇ ਗੁਰੂ ਬਾਣੀ ਦੇ ਸ਼ਬਦ ਹਜ਼ੂਰੀ ਵਿਚ ਰਾਗ ਪਾਕੇ ਸੁਣਾਉਂਦੇ।

ਸਤਿਗੁਰੂ ਬਾਲਕ ਸਿੰਘ ਜੀਦੇ ਦਰਬਾਰ ਵਿਚ ਆਪਨੂੰ ਖਾਸ ਨਿਕਟ ਵਰਤੀ ਹੋਣ ਦਾ ਮਾਣ ਪ੍ਰਾਪਤ ਸੀ। ਸਤਿਗੁਰੂ ਬਾਲਕ ਸਿੰਘ ਜੀ ਦਾ ਜੀਵਨ ਚਰਿਤ੍ਰ ਭੀ ਆਪ ਜੀਨੇ ਹੀ ਤਿਆਰ ਕੀਤਾ, ਜੇਹੜਾ ਲਿਖਤ ਅਖਰਾਂ ਵਿਚ ਅਜ ਤਕ "ਕੈਮਲ ਪੁਰ" ਵਿਚ ਮੌਜੂਦ ਹੈ। ਜਿਸ ਵਿਚ ਆਪ ਜੀਨੇ ਸਤਿਗੁਰੂ ਬਾਲਕ ਸਿੰਘ ਜੀ ਤੇ ਉਹਨਾਂ ਦੇ ਕਿਤਨੇ ਹੀ ਪ੍ਰੇਮ ਪਰਵਾਨਿਆਂ ਦੇ ਸਿਦਕੀ ਜੀਵਨਾਂ ਤੇ ਚਾਨਣਾ ਪਾਕੇ ਨਾਮਧਾਰੀ ਪੰਥ ਉਪਰ ਖਾਸ ਉਪਕਾਰ ਕੀਤਾ ਹੈ। ਆਪ ਸਤਿਗੁਰੂ ਬਾਲਕ ਸਿੰਘ ਜੀ ਤੋ ੪੨ ਵਰ੍ਹੇ ਪਿਛੋ ਸੰਮਤ ੧੯੬੫ ਵਿਚ ਗੁਰਪੁਰੀ ਸਿਧਾਰੇ। ਆਪ ਜੀਨੇ ਅਨੇਕਾਂ ਪ੍ਰਾਣੀਆਂ ਨੂੰ ਗੁਰੂ ਕੇ ਜਹਾਜ਼ ਚੜ੍ਹਾਇਆ ਤੇ ਉਹਨਾਂ ਦਾ ਜਨਮ ਮਰਨ ਕਟਵਾਇਆ। ਸਤਿ ਗੁਰ ਬਾਲਕ ਸਿੰਘ ਜੀ ਤੋਂ ਪਿਛੋ ਆਪ "ਬੜੇਠੇ" ਸਰਵਾਲੇ ਤੇ ਫਿਰ ਕੈਮਲ ਪੁਰ ਸਾਲ ਵਿਚ ਇਕ ਦੋ ਵਾਰ ਜ਼ਰੂਰ ਦਰਸ਼ਨ ਕਰਨ ਵਾਸਤੇ ਆਉਂਦੇ

ਰਹੇ। ਆਪ ਜੀ ਦੇ ਸਤਿਗੁਰੂ ਬਾਲਕ ਸਿੰਘ ਜੀ ਨੂੰ ਮਿਲਣ ਤੇ ਭਜਨ ਪੁਛਣ ਦੀ ਵਾਰਤਾ ਬੜੀ ਸੁੰਦਰ ਤੇ ਬਿਲਕੁਲ ਹੇਠ ਲਿਖੇ ਗੁਰੂ ਵਾਕ ਅਨੁਸਾਰ ਹੈ:-

"ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖ ਰਸਿਕ ਬੈਰਾਗੀ।

੧.

ਦਸਿਆ ਹੈ ਕਿ ਸਤਗੁਰੂ ਬਾਲਕ ਸਿੰਘ ਜੀ ਨੇ ਸੂਖਸ਼ਮ ਸਰੂਪ ਵਿਚ ਰਾਤ ਦੇ ਵਕਤ "ਜ਼ੇਦੇ" ਜਾਕੇ ਆਪਨੂ ਦਰਸ਼ਨ ਦਿਤੇ। ਭਜਨ ਦਾ ਅਧਾ ਹਿਸਾ ਦਸਕੇ ਬਾਕੀ ਅਧੇ ਲਈ ਹਜ਼ਰੋਂ ਆਵਨ ਦੀ ਪ੍ਰੇਰਨਾ ਕੀਤੀ ਤੇ ਅਲੋਪ ਹੋਗਏ। ਸੋ ਭਾਈ ਧਨੀ ਰਾਮ ਜੀ ਦੂਜੇ ਦਿਨ ਹੀ ਹਜ਼ਰੋਂ ਪੁਜੇ ਤੇ ਨਾਮ ਦੀ ਦਾਤ ਲੈ ਜੀਵਨ ਮੁਕਤ ਹੋ ਗਏ। ਪਿੰਡ ਆਵਨ ਤੇ ਲੋਕਾਂ ਨੇ ਠਾਕਰਾਂ ਦੀ ਪੂਜਾ ਬਾਬਤ ਪੁਛਿਆ ਤਾਂ ਉਤਰ ਦਿਤਾ ਜੋ ਹੁਣ ਪ੍ਰਤਖ ਠਾਕਰ ਮਿਲ ਗਿਆ ਹੈ, ਉਸੇ ਦੀ ਪੂਜਾ ਕੀਤਾ ਕਰਾਂਗੇ।

੨.

ਇਕ ਵਾਰ ਆਪ ਜੀ ਕੁਛ ਹੋਰ ਸਿਖਾਂ ਦੇ ਨਾਲ ਸਤਗੁਰਾਂ ਦੇ ਦਰਸ਼ਨ ਨੂੰ ਹਜ਼ਰੋਂ ਆਏ। ਹਜ਼ੂਰੀ ਵਿਚ ਪਹੁੰਚ ਚਰਨ ਬੰਦਨਾ ਕਰ ਹੇਠ ਲਿਖਿਆ ਸ਼ਬਦ ਬੜੇ ਪ੍ਰੇਮ ਅਰ ਵੈਰਾਗ ਨਾਲ ਪੜ੍ਹਿਆ:-

'ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ। ਮੈਂ ਤਉ ਮੋਲਿ ਮਹਗੀ ਲਈ ਜੀਅ ਸਟੈ। ਚਿਤ ਸਿਮਰਨ ਕਰਉ ਨੈਨ ਅਵਿਲੋਕਨਉ ਸ੍ਰਵਣ ਬਾਨੀ ਸੁਜਸੁ ਪੂਰਿ ਰਾਖਉ। ਮਨ ਸੁ ਮਧੁਕਰ ਕਰਉ ਚਰਨ ਹਿਰਦੈ ਧਰਉ ਰਸਨਾ ਅੰਮ੍ਰਿਤ ਰਾਮ ਨਾਮ ਭਾਖਉ। ਸਾਧ ਸੰਗਤਿ ਬਿਨ ਭਾਉ ਨਹੀ ਊਪਜੈ ਭਾਵ ਬਿਨ ਭਗਤਿ ਨਹੀ ਹੋਇ ਤੇਰੀ। ਕਹਿ ਰਵਿਦਾਸ ਇਕ ਬੇਨਤੀ ਹਰਿ ਪਹਿ ਪੈਜ ਰਾਖਹੁ ਰਾਜਾ ਰਾਮ ਮੇਰੀ।"

ਜਾਂ ਭਾਈ ਧਨੀ ਰਾਮ ਜੀ ਨੇ ਏਹ ਸ਼ਬਦ ਗਾਂਵਿਆ ਤਾਂ ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਬੜੇ ਪ੍ਰੇਮ ਨਾਲ ਭਾਈ ਧਨੀ ਰਾਮ ਨੂੰ ਗਲ਼ ਨਾਲ਼ ਲਾ ਲਿਆ ਤੇ ਕਿਹਾ ਧਨੀ ਰਾਮ! ਤੂੰ ਕੁਝ ਮੰਗ। ਭਾਈ ਧਨੀ ਰਾਮ ਜੀ ਜਿਨਾਂ ਦੀ ਹਰ ਵੇਲੇ ਏਹੁ ਇਛਾ ਸੀ ਜੋ ਸਾਰੀ ਤ੍ਰੈਲੋਕੀ ਸਤਿਗੁਰੂ ਜੀ ਦੀ ਗੋਦ ਵਿਚ ਆਜਾਵੇ, ਬੇਨਤੀ ਕੀਤੀ ਜੀ ਸਚੇ ਪਾਤਸ਼ਾਹ ਹਜ਼ਰੋ ਵਿਚ ਜੇਹੜ ਬਾਕੀ ਪੁਰਸ਼ ਤੇਰੀ ਦਾਤ ਤੋਂ ਸਖਣੇ ਹਨ ਉਹਨਾਂ ਤੇ ਭੀ ਮੇਹਰ ਕਰੋ ਤੇ ਉਹਨਾਂ ਦਾ ਭੀ ਬੇੜਾ ਪਾਰ ਕਰੋ। ਤਾਂ ਸਤਿਗੁਰਾਂ ਨੇ ਫੁਰਮਾਇਆ ਧਨੀ ਰਾਮ ਉਹਨਾਂ ਦਾ ਵੇਲਾ ਅਜੇ ਨਹੀਂ ਹੋਯਾ। ਜਿਸ ਤੇ ਫਿਰ ਭਾਈ ਧਨੀ ਰਾਮ ਨੇ ਅਰਜ ਕੀਤੀ ਸਚੇ ਪਾਤਸ਼ਾਹ ਵੇਲਾ ਸਮਾ ਅਗੇ ਪਿਛੇ ਆਪ ਨੇ ਹੀ ਬਣਾਉਣਾ ਹੈ, ਸੋ ਜੇ ਹੁਕਮ ਕਰੋ ਤਾਂ ਮੈਂ ਕੋਸ਼ਸ਼ ਕਰਕੇ ਸਦ ਲਿਆਵਾਂ। ਸਤਿਗੁਰਾਂ ਨੇ ਕਿਹਾ ਧਨੀ ਰਾਮ ਜਿਵੇਂ ਤੇਰੀ ਮਰਜ਼ੀ। ਤਾਂ ਤੇ ਭਾਈ ਧਨੀ ਰਾਮ ਜੀ ਆਗਿਆ ਪਾਇ ਕਰ ਚਲੇ। ਬਜ਼ਾਰ ਵਿਚ ਜਿਸ ਦੀ ਹਟੀ ਤੇ ਜਾਵਨ ਅਤੇ ਨਜ਼ਰ ਭਰਕੇ ਦੇਖਣ ਓਹੋ ਹੀ ਪ੍ਰੇਮ ਵਸ ਹੋ, ਭਾਈ ਜੀ ਦੇ ਪਿਛੇ ਟੁਰ ਪਵੇ। ਇਸ ਤਰਾਂ ਥੋੜੇ ਚਿਰ ਵਿਚ ਹੀ ਅਨੇਕਾਂ ਪੁਰਸ਼ਾਂ ਨੂੰ ਸਤਿਗੁਰੂ ਜੀ ਦੀ ਸ਼ਰਨੀ ਲੈ ਆਏ। ਤੇ ਅਰਜ਼ ਕੀਤੀ-ਜੀ ਸਚੇ ਪਾਤਸ਼ਾਹ ਜੀ, ਇਹਨਾਂ ਨੂੰ ਨਾਮ ਦਾ ਦਾਨ ਬਖਸ਼ੋ ਜੀ। ਨਾਲ ਆਏ ਸਾਰੇ ਸਜਣਾਂ ਨੇ ਭੀ ਏਹ ਬੇਨਤੀ ਕੀਤੀ ਅਤੇ ਨਾਮ ਦੀ ਬਖਸ਼ੀਸ਼ ਮੰਗੀ। ਤਾਂ ਸਤਿਗੁਰੂ ਜੀ ਭਾਈ ਧਨੀ ਰਾਮ ਵਲ ਤਕਕੇ ਮੁਸਕ੍ਰਾਏ ਤੇ ਸਾਰਿਆਂ ਨੂੰ ਨਾਮ ਦੇ ਜਹਾਜ਼ ਉਤੇ ਚੜ੍ਹਾ ਲਿਆ।

## ੩.

ਜਦ ਸਿਖਾਂ ਦਾ ਰਾਜ ਖਤਮ ਹੋ ਕੇ ਅੰਗ੍ਰੇਜ਼ੀ ਰਾਜ ਕਾਇਮ ਹੋਇਆ ਤਾਂ ਹਜਰੋਂ ਦੇ ਬ੍ਰਹਮਣਾਂ ਨੇ ਆਪਸ ਵਿਚ ਸਲਾਹ ਕੀਤੀ ਜੋ ਸਤਿਗੁਰੂ ਬਾਲਕ ਸੰਘ ਦੇ ਪ੍ਰਗਟ ਹੋਣ ਨਾਲ ਅਸਾਂ ਲੋਕਾਂ ਦੀ ਮਾਨਤਾ ਬਹੁਤ ਘਟ ਗਈ ਹੈ। ਇਸਦਾ ਕੋਈ ਉਪਰਾਲਾ ਕਰੀਏ। ਸਾਰਿਆਂ ਨੇ ਨਵੇਂ ਆਏ ਥਾਣੇਦਾਰ ਅਗੇ ਚੁਗਲੀ ਕੀਤੀ ਅਰ ਕਈ ਪ੍ਰਕਾਰ ਦੀਆਂ ਸਚੀਆਂ ਝੂਠੀਆਂ ਗਲਾਂ ਕਰਕੇ ਥਾਣੇਦਾਰ ਦਾ ਦਿਲ ਭਰਮਾ ਦਿਤਾ, ਉਸਨੇ ਸ਼ਹਿਰ ਵਿਚ ਢੰਢੋਰਾ ਫਿਰਵਾ ਦਿਤਾ ਜੋ ਸਤਿਗੁਰੂ ਬਾਲਕ ਸਿੰਘ ਜੀ ਪਾਸ ਕੋਈ ਨ ਜਾਵੇ ਤੇ ਪਾਰ ਫਰੰਟੀਅਰ) ਵਲੋਂ ਆਵਣ ਵਾਲੇ ਸਿਖਾਂ ਲਈ ਦਰਿਆ ਸਿੰਧ ਦੇ ਪਤਣ ਤੇ ਰਸਤਿਆਂ ਉਪਰ ਪਹਿਰੇ ਲਗਵਾ ਦਿਤੇ। ਸਤਿਗੁਰਾਂ ਪਾਸ ਅਰਜ਼ ਹੋਈ ਤਾਂ ਹੁਕਮ ਹੋਇਆ "ਕੇਤੀ ਗਈ ਦੇਖ ਬਾਜੇ ਬਜਾਇ"। ਦੇਖੋ ਕਰਤਾਰ ਦੇ ਰੰਗ ਤਮਾਸ਼ੇ, ਪ੍ਰਮੇਸ਼ਰ ਅਛੀ ਕਰਸੀ। ਓਧਰ ਭਾਈ ਧਨੀ ਰਾਮ ਤੇ ਭਾਈ ਰਾਮ ਸਹਾਇ ਜੀ ਨੂੰ ਦਰਸ਼ਨਾਂ ਦੀ ਚਾਹ ਉਠੀ। ਦਰਿਆ ਦੇ ਪਤਣ ਬੰਦ ਹੋਣ ਕਰਕੇ ਦੋਹਾਂ 'ਅਟਕ' ਦੇ ਰਸਤੇ ਜਾਣ ਦੀ ਸਲਾਹ ਕੀਤੀ। ਜਾਂ ਇਸ ਰਸਤੇ ਆਏ ਤਾਂ ਏਥੇ ਭੀ ਪਹਿਰਾ ਲਗਾ ਡਿਠਾ। ਦਿਲ ਵਿਚ ਸਤਿਗੁਰਾਂ ਨੂੰ ਯਾਦ ਕੀਤਾ ਤੇ ਬੇਨਤੀ ਕੀਤੀ: ਜੀ ਸਚ ਪਾਤਸ਼ਾਹ ਜੀ ਬਹੁੜੀ ਕਰ ਤੇ ਨਾਮ ਲਗੇ ਦੀ ਲਾਜ ਰਖਲੈ ਤੇ ਅੰਗ ਸੰਗ ਸਹੈਤਾ ਕਰਣੀ।

ਏਹ ਅਰਦਾਸ ਕਰ ਸਿਪਾਹੀ ਦੇ ਪਾਸੋਂ ਲੰਘਣ ਲਗੇ ਤਾਂ ਕੀ ਦੇਖਣ ਜੋ ਸਤਿਗੁਰੂ ਬਾਲਕ ਸਿੰਘ ਜੀ ਸਿਪਾਹੀ ਦੇ ਅਗੇ ਖੜੇ ਹਨ ਤੇ ਸਿਪਾਹੀ ਨੇ ਇਹਨਾਂ ਨੂੰ ਕੁਝ ਨ ਕਿਹਾ। ਜਾਂ ਇਹ ਦੋਵੇਂ ਲੰਘ ਚੁਕੇ ਤਾਂ ਸਤਿਗੁਰੂ ਜੀ ਭੀ ਅਲੋਪ ਹੋ ਗਏ। ਦੋਵੇਂ ਸੁਖ ਸਾਂਦ ਨਾਲ ਹਜਰੋਂ ਪਹੁੰਚ ਗਏ ਤੇ ਸਤਿਗੁਰਾਂ ਦੇ ਹਜ਼ੂਰ ਜਾਇ ਮਥਾ ਟੇਕਿਆ।

ਇਤਨੇ ਵਿਚ ਕਿਸੇ ਥਾਣੇਦਾਰ ਨੂੰ ਜਾ ਆਖਿਆ ਜੋ ਦੋ ਆਦਮੀ ਪਾਰ ਤੋਂ ਸਤਗੁਰੂ ਬਾਲਕ ਸਿੰਘ ਜੀ ਪਾਸ ਆਏ ਹਨ। ਇਕ ਜ਼ੋਦੇ ਦਾ ਭਾਈ ਧਨੀ ਰਾਮ ਤੇ ਦੂਜਾ ਓਡਾਂ ਦਾ ਭਾਈ ਰਾਮ ਸਹਾਇ। ਜਿਸਤੇ ਥਾਣੇਦਾਰ ਨੇ ਤੁਰਤ ਸਿਪਾਹੀ ਨੂੰ ਓਹਨਾਂ ਦੇ ਬੁਲਾਉਣ ਆਵਣ ਦਾ ਹੁਕਮ ਕੀਤਾ। ਜਾਂ ਸਿਪਾਹੀ ਗਿਆ ਤਾਂ ਉਦੋਂ ਸਤਗੁਰਾਂ ਕੋਲ ਸਾਂਈ ਸਾਹਿਬ ਭੀ ਬੈਠੇ ਸਨ ਉਹ ਆਖਣ ਲਗੇ: ਮਹਾਰਾਜ ਜੀ ਏਹ ਤਾਂ ਬਹੁਤ ਮਾੜੀ ਗਲ ਹੈ, ਆਪ ਹੁਕਮ ਕਰੋ ਤਾਂ ਥਾਣੇਦਾਰ ਦੀ ਖਬਰ ਲਈਏ ਤਾਂ ਜੋ ਉਸਨੂੰ ਕੰਨ ਹੋ ਜਾਣ ਤੇ ਅਗੋਂ ਲਈ ਕਿਸੇ ਸਿਖ ਨੂੰ ਕੋਈ ਤਕਲੀਫ ਨਾ ਹੋਏ। ਸਤਗੁਰਾਂ ਨੇ ਕਿਹਾ ਸਾਂਈ ਜੀ ਇਸਤਰਾਂ ਕਰਤੇ ਦੇ ਕੀਤੇ ਵਿਚ ਫਰਕ ਪੈਂਦਾ ਹੈ। ਅਜੇਹੀ ਗਲ ਹੋਵੇ ਜੋ ਥਾਣੇਦਾਰ ਇਹਨਾਂ ਨੂੰ ਆਖੇ ਕੁਛ ਨਹੀਂ। ਜਿਸਤੇ ਸਾਂਈਂ ਸਾਹਿਬ ਨੇ ਓਥੇ ਬੈਠਿਆਂ ਚੁਟਕੀ ਨਾਲ ਥਾਣੇਦਾਰ ਦੀ ਜ਼ਬਾਨ ਮਲ ਦਿਤੀ। ਜਿਸ ਕਰਕੇ ਥਾਣੇਦਾਰ ਸਿਰਫ ਦੇਖਦਾ ਹੀ ਰਿਹਾ ਤੇ ਦੁਹਾਂ ਨੂੰ ਆਖ ਕੁਛ ਨ ਸਕਿਆ। ਦੋਵੇਂ ਥਾਣੇ ਵਿਚ ਚੋੜੀ ਦੇਰ ਬੈਠ ਕਰ ਮੁੜ ਆਏ।

ਸ਼ਾਮ ਵੇਲੇ ਸਾਰੇ ਚੇਲ ਨਦੀ ਉਪਰ ਨਿਤ ਨੇਮ ਲਈ ਗਏ। ਭਾਈ ਰਾਮ ਸਹਾਇ ਜੀ ਨੇ ਸਤਿਗੁਰਾਂ ਵਾਸਤੇ ਆਸਣ ਬਛਾ ਦਿਤਾ ਤੇ ਭਜਨ ਕੀਰਤਨ ਦਾ ਦੀਵਾਨ ਸ਼ੁਰੂ ਹੋ ਗਿਆ। ਸਾਂਈ ਸਾਹਿਬ ਦੇ ਆਖਣ ਤੇ ਭਾਈ ਧਨੀਰਾਮ ਜੀ ਨੇ ਐਸੇ ਪ੍ਰੇਮ ਨਾਲ ਸ਼ਬਦ ਗਾਂਵੇ ਜੋ ਸਤਿਗੁਰੂ ਬਾਲਕ ਸਿੰਘ ਜੀ ਤੇ ਸਾਂਈ ਸਾਹਿਬ ਦੀ

ਸਮਾਧੀ ਲਗ ਗਈ ਤੇ ਬਾਕੀ ਦੀ ਸਾਰੀ ਸੰਗਤ ਭੀ ਪ੍ਰੇਮ ਹੁਲਾਰੇ ਲੈਣ ਲਗ ਪਈ।

## ੪.

ਇਕ ਵਾਰ ਭਾਈ ਮੰਨਾ ਸਿੰਘ ( ਸਤਿਗੁਰਾਂ ਦੇ ਭੂਤਾ, ) ਨੇ ਅਰਜ ਕੀਤੀ ਕਿ ਗ੍ਰੀਬਨਿਵਾਜ ਜੀ ਅਸੀ ਆਪਦੇ ਭਰਾ ਭੀ ਹਾਂ ਤੇ ਸਿਖ ਭੀ ਅਖਵਾਂਦੇ ਹਾਂ ਜੀ, ਪਰ ਆਪਨੇ ਸਾਨੂੰ ਕੁਛ ਨਹੀ ਦਿਤਾ ਇਹ ਅਮੋਲਕ ਦਾਤਾਂ ਦੂਜਿਆਂ ਲੋਕਾਂ ਨੂੰ ਹੀ ਵੰਡੀ ਜਾਂਦੇ ਹੋ। ਜਿਸਤੇ ਸਤਿਗੁਰਾਂ ਹੁਕਮ ਕੀਤਾ:-ਮੰਨਾ ਸਿੰਘ ! ਜੇ ਤੇਰੀ ਇਹ ਮਰਜੀ ਹੈ ਤਾਂ ਭਾਈ ਧਨੀਰਾਮ ਤੋਂ ਮੰਗ ਜੋ ਤੇਰਾ ਕੰਮ ਛੇਤੀ ਬਣ ਜਾਵੇ। ਭਾਈ ਮੰਨਾ ਸਿੰਘਸਤ ਬਚਨ ਆਖ ਭਾਈ ਧਨੀਰਾਮ ਦੀ ਪੈਰੀਂ ਜਾ ਡਿਗਾ। ਭਾਈ ਧਨੀਰਾਮ ਬਹੁਤੇ ਛੁੜਵੇ ਤੇ ਆਖੇ ਮਹਾਰਾਜ ਜੀ, ਸਤਿਗੁਰ ਨੇ ਤੁਹਾਡੇ ਨਾਲ ਹਾਸੀ ਕੀਤੀ ਹੈ। ਆਪ ਖਜ਼ਾਨਿਆਂ ਦ ਮਾਲਕ ਕਰਣ ਕਾਰਨ ਹਨ ਜੇ ਕੁਛ ਲੈਣਾ ਹਈ ਤਾਂ ਸਤਿਗੁਰਾਂ ਤੋਂ ਹੀ ਮੰਗ, ਮੈਂ ਤਾਂ ਤੁਹਾਡੇ ਦਰਦਾ ਕੂਕਰ ਹਾਂ। ਤੇ ਹਰ ਵਕਤ ਮੇਹਰ ਦੀ ਖੈਰ ਪ੍ਰਾਪਤ ਕਰਣ ਲਈ ਹਾੜੇ ਤੇ ਕੀਰਨੇ ਪਾਉਂਦਾ ਰਹਿੰਦਾ ਸੀ, ਪਰ ਭਾਈ ਮੰਨਾ ਸਿੰਘ ਨੇ ਪਿਛਾ ਨ ਛਡਿਆ ਤੇ ਭਾਈ ਧਨੀ ਰਾਮ ਜੀ ਦੇ ਪਿਛੇ ਲਗਾ ਫਿਰੇ ਜਾਂ ਪਿਛਲੇ ਪਹਿਰ ਸਾਰੇ ਨਿਤਨੇਮ ਲਈ ਬਾਹਿਰ ਖੂਹ ਵਲ ਗਏ ਤੇ ਆਸਣ ਵਿਛਾਕੇ ਭਜਨ ਕਰਨ ਬੈਠੇ ਤਾਂ ਫਿਰ ਭਾਈ ਮੰਨਾ ਸਿੰਘ ਨੇ ਅਰਜ ਕੀਤੀ ਤੇ ਧਨੀ ਰਾਮ ਦੇ ਮੂਹੋਂ ਸੁਭਾਇਕ ਹੀ ਨਿਕਲਿਆ ਜੋ ਭਾਈ ਮੰਨਾ ਸਿੰਘ ਤੂੰ ਮੇਰਾ ਪਿਛਾ ਨਹੀਂ ਛੋੜਦਾ, ਗੁਰੂ ਕਰੇ ਤੇਰਾ ਸੂਤ੍ਰ ਨਿਕਲੇ । ਇਤਨਾ ਕਹਿਣਾ ਹੀ ਸੀ ਜੋ ਭਾਈ ਮੰਨਾ ਸਿੰਘ ਨੂੰ ਸੂਤ੍ਰ ਨਿਕਲ ਪਿਆ ਤੇ ਉਹ ਉਥੇ ਹੀ ਮਸਤੀ ਵਿਚ ਜ਼ਮੀਨ ਉਪਰ ਲੋਟ ਪੋਟ ਹੋਣ ਲਗ ਪਿਆ। ਸਿਰ ਮੂੰਹ ਘਟੇ ਨਾਲ ਭਰਿਆ ਗਿਆ, ਲਗਾ ਵੈਰਾਗ ਕਰਨ ਤੇ ਚੀਕਾਂ ਮਾਰਨ। ਸਤਿਗੁਰਾਂ ਦੀ ਸਮਾਧੀ ਖੁਲ੍ਹ ਗਈ। ਤਕਿਆ, ਮੁਸਕ੍ਰਾਇ ਤੇ ਆਖਿਆ ਧਨੀ ਰਾਮ, ਸਾਡੇ ਭਿਰਾ ਦਾ ਕੀ ਹਾਲ ਬਣਾ ਦਿਤਾ ਈ ? ਆਪ ਤੇ ਕੰਮ ਰੁਜ਼ਗਾਰ ਛਡ ਮਸਤਾਨਾ ਹੋਇਆ ਹੋਇਆ ਹੈਂ ਨਾਲ ਇਸਨੂੰ ਭੀ ਝਲਾ ਕਰ ਦਿਤਾ ਈ ? ਘਰ ਦੇ ਕੰਮ ਕੋਣ ਕਰੇਗਾ ?

ਭਾਈ ਧਨੀਰਾਮ ਚਰਨੀ ਡਿਗਾ ਤੇ ਕਿਹਾ ਗ੍ਰੀਬ ਨਿਵਾਜ ਜੀ! ਬਖਸ਼ ਲੋ 'ਅਵਗੁਣ ਹਾਰੇ ਕੀ ਬੇਨਤੀ ਸੁਨੋ ਗ੍ਰੀਬ ਨਿਵਾਜ। ਜੇ ਹੋਂ ਪੂਤ ਕਪੂਤ ਹੋਂ ਬਹੁੜ ਪਿਤਾ ਕੋ ਲਾਜ।' ਇਹ ਆਖ ਭਾਈ ਧਨੀ ਰਾਮ ਭੀ ਲਗਾ ਵੈਰਾਗ ਕਰਨ। ਸਤਿਗੁਰਾਂ ਨੇ ਭਾਈ ਧਨੀ ਰਾਮ ਨੂੰ ਚਰਨਾਂ ਤੋਂ ਉਠਾਯਾ ਤੇ ਭਾਈ ਮੰਨਾ ਸਿੰਘ ਦਾ ਸਿਰ ਮੂੰਹ ਪੂੰਝ ਪਾਣੀ ਦੇ ਛਟੇ ਮਾਰੇ ਤਾਂ ਭਾਈ ਮੰਨਾ ਸਿੰਘ ਨੂੰ ਕੁਛ ਹੋਸ਼ ਆਈ, ਪਰ ਫਿਰ ਭੀ ਤਿੰਨ ਦਿਨ ਖੁਮਾਰੀ ਚੜ੍ਹੀ ਰਹੀ ਖੁਮਾਰੀ ਉਤਰਨ ਤੇ ਸਤਗੁਰੂ ਜੀ ਦੀ ਚਰਨੀ ਢਠਾ ਤੇ ਆਖੇ ਸਤਿਗੁਰੂ ਜੀ ਧੰਨ ਤੂੰ ਅਤੇ ਧੰਨ ਤੇਰੇ ਸਿਖ। ਸਤਿਗੁਰਾਂ ਨੇ ਭਾਈ ਮੰਨਾ ਸਿੰਘ ਨੂੰ ਛਾਤੀ ਨਾਲ ਲਾਇਆ ਤੇ ਮੇਹਰ ਦੀ ਨਜ਼ਰ ਕਰ ਪੂਰਨ ਕੀਤਾ।

## ੫

'ਜ਼ੇਦੇ' ਪਿੰਡ ਦੇ ਪਾਸ ਇਕ ਹੋਰ ਛੋਟਾ ਜਿਹਾ ਪਿੰਡ 'ਕਤੇ' ਵਸਦਾ ਹੈ। ਓਥੋਂ ਦੀ ਇਕ ਜਨਾਨੀ ਧੰਨਵੰਤੀ ਨੂੰ ਦੋਰੇ ਪੈਂਦੇ ਸਨ ਤੇ ਲੋਕਾਂ ਦਾ ਖਿਆਲ ਸੀ ਜੋ ਇਸਨੂੰ ਭੂਤਨੇ ਆ ਚਮੜਦੇ ਹਨ। ਉਸਨੇ ਬਹੁਤੇਰ ਇਲਾਜ, ਟੂਣੇ, ਮੰਤਰ

ਆਦ ਕੀਤਿ ਪਰ ਕਿਸੇਤਰਾਂ ਆਰਾਮ ਨਆਇਆ। ਕਿਸੇ ਨੇ ਮਸਖਰੀ ਨਾਲ ਭਾਈ ਧਨੀ ਰਾਮ ਜੀਪਾਸ ਜਾਣ ਲਈ ਕਿਹਾ ਕਿ ਉਹ ਤੇਰੇ ਭੂਤਨੇ ਕਢ ਦੇਵੇਗਾ, ਸੋ ਧਨਵੰਤੀ "ਜੇਠੇ" ਭਾਈ ਧਨੀਰਾਮ ਜੀ ਪਾਸ ਆਈ, ਆਪਣਾ ਦੁਖ ਦਸਿਆ। ਜਿਸਤੇ ਭਾਈ ਧਨੀਰਾਮ ਜੀ ਨੇ ਕਿਹਾ ਕਿ ਮਾਈ ਜੀ ਮੈਂ ਟੂਣੇ ਮੰਤ੍ਰ ਕੁਛ ਨਹੀਂ ਜਾਣਦਾ ਤੂੰ ਕਿਸੇ ਹੋਰ ਸਿਆਣੇ ਪਾਸ ਜਾ। ਪਰ ਧਨਵੰਤੀ ਮੁੜ ਮੁੜ ਬੇਨਤੀ ਕਰੇ ਤੇਵਾਸਤੇ ਪਾਵੇ। ਆਖੇ ਤੁਸੀ ਕਿਰਪਾ ਕਰੋ ਜਿਵੇਂ ਕਿਵੇਂ ਮੇਰਾ ਦੁਖ ਨਿਵਿਰਤ ਕਰੋ। ਜਿਸਤੇ ਭਾਈ ਧਨੀਰਾਮ ਜੀਨੇ ਉਸਨੂੰ ੭ ਦਿਨ ਸਤਿਗੁਰੂ ਬਾਲਕ ਸਿੰਘ ਜੀਦਾ ਨਾਮ ਲੈ ਕੜਾਹ ਪ੍ਰਸਾਦ ਕਰ ਕਟਾਣ ਲਈ ਹੁਕਮ ਕਰ ਦਿਤਾ ਸੋ ਮਾਈ ਧਨਵੰਤੀ ਨੇ ਉਸੇਤਰਾਂ ਕੀਤਾ ਤੇ ਸੰਤਾਂ ਦੇ ਵਚਨ ਤੇ ਸਤਿਗੁਰੂ ਜੀ ਦੀ ਮੇਹਰ ਨਾਲ ੭ ਦਿਨਾਂ ਵਿਚ ਹੀ ਰਾਜੀ ਬਾਜੀ ਹੋ ਗਈ। ਹਾਸੀ ਕਰਨ ਵਾਲਿਆਂ ਦੇ ਮੂੰਹ ਫਿਕੇ ਪੈ ਗਏ ਤੇ ਭਾਈ ਧਨੀਰਾਮ ਜੀਦਾ ਜਸ ਸਾਰੇ ਫੈਲ ਗਿਆ। ਕੁਛ ਦਿਨਾਂ ਪਿਛੋਂ ਉਸੇ ਮਾਈ ਧਨਵੰਤੀ ਨੇ ਆਪਣੀ ਲੜਕੀ ਦਾ ਨਾਤਾ ਭਾਈ ਧਨੀਰਾਮ (ਜੋ ਅਜੇ ਵਿਆਹੇ ਨਹੀਂ ਸਨ) ਜੀ ਨਾਲ ਕਰ ਦਿਤਾ। ਉਸਦੇ ਕੁਛਕ ਸਬੰਧੀਆਂ ਨੇ ਏਸ ਗਲ ਦੀ ਮੁਖਾਲਫਤ ਕੀਤੀ ਤੇ ਲੜਕੀ ਦਾ ਸਾਕ ਦੂਜੀ ਥਾਂ ਦੇਣਾ ਕਰ ਦਿਤਾ ਤੇ ਮੁਕਦਮਾ ਭੀ ਕੀਤਾ ਪਰ ਸਤਿਗੁਰ ਬਾਲਕ ਸਿੰਘ ਜੀ ਦੀ ਮੇਹਰ ਨਾਲ ਫਤਹ ਭਾਈ ਧਨੀਰਾਮ ਦੀ ਹੀ ਹੋਈ। ਦੂਤੀਆਂ ਦੁਸ਼ਮਨਾਂ ਦੇ ਮੂੰਹ ਕਾਲੇ ਹੋਏ। ਨਾਤਾ ਭਾਈ ਧਨੀਰਾਮ ਜੀ ਨੂੰ ਮਿਲਿਆ। ਆਪਦੀ ਸੰਤਾਨ ਜੇਠੇ ਵਿਚ ਹੀ ਨਿਵਾਸ ਰਖਦੀ ਹੈ।

--o--

## ਪੂਰਨ ਸੰਤ

"ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥

(ਗਉੜੀ ਵਾਰ ਸਲੋਕ ਮ: ੫)

## ਸੰਤਾਂ ਦੇ ਅਚਰਜ ਰੂਪ

" ਸਲੋਕ ਮ: ੫ ॥ ਚਿੜੀ ਚੁਹਕੀ ਪਹ ਫੁਟੀ ਵਗਨਿ ਬਹੁਤੁ ਤਰੰਗ ॥ ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ ॥

(ਗਉੜੀ ਕੀ ਵਾਰ)

## ਸੰਤਾਂ ਦੀ ਰੇਣ

"ਤੇਰਿਆ ਸੰਤਾ ਜਾਚਉ ਚਰਨ ਰੇਨ ॥ ਲੇ ਮਸਤਕ ਲਾਵਉ ਕਰਿ ਕਿਰਪਾ ਦੇਨ ।"

(ਬਸੰਤ ਅਸਟਪਦੀਆ ਮ: ੫)

## ਸੰਤ ਸਰਨ

"ਸੰਤ ਸਰਨ ਜੋ ਜਨੁ ਪਰੈ ਸੋ ਜਨੁ ਉਧਰਨ ਹਾਰ ॥ ਸੰਤ ਕੀ ਨਿੰਦਾ ਨਾਨਕਾ ਬਹੁਰਿ ਬਹੁਰਿ ਅਵਤਾਰ ॥"

(ਸੁਖਮਨੀ)

## ਸੰਤ ਟਹਲ

"ਕਰਉ ਬੇਨਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥ ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥"

(ਗਉੜੀ ਪੂਰਬੀ ਮ: ੫)

# (ਅ) ਸੰਤ (ਭਾਈ) ਧਨੀ ਰਾਮ ਜੀ

ਸੰਤ (ਭਾਈ) ਧਨੀ ਰਾਮ ਜੀ ਦਾ ਜੀਵਨ ਬੜਾ ਵਿਚਿਤ੍ਰ ਹੈ। ਆਪ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਵਰੋਸਾਏ ਸਨ। ਆਪ ਦਾ ਜਨਮ ਜੈਦੇ ਪਿੰਡ ਵਿਚ ਹੋਇਆ ਸੀ। ਠਾਕੁਰ ਪੂਜਾ ਆਪਦਾ ਧਾਰਮਿਕ ਸ਼ੁਗਲ ਸੀ, ਪ੍ਰੰਤੂ ਮਨ ਨੂੰ ਸ਼ਾਂਤੀ ਨਹੀਂ ਸੀ ਆਉਂਦੀ। ਉਹ ਠਾਕੁਰ ਪੂਜਾ ਦੇ ਬਾਵਜੂਦ ਆਪਣੇ ਅੰਤਰ ਆਤਮਾ ਵਿਚ ਕੋਈ ਅਭਾਵ ਜਹਾ ਅਨੁਭਵ ਕਰਦੇ ਸਨ, ਜਿਸਦੇ ਕਾਰਨ ਕਈ ਵਾਰ ਵਿਆਕੁਲ ਹੋ ਉਠਦੇ ਸਨ। ਮਹਾਂ ਪੁਰਸ਼ਾਂ ਦਾ ਏਹ ਮਤ ਹੈ ਕਿ ਫੁਰਨੇ ਦੀ ਦ੍ਰਿੜਤਾ ਹੀ ਉਸਦੀ ਪੂਰਨਤਾ ਦਾ ਸਾਧਨ ਹੁੰਦੀ ਹੈ। ਧਨੀ ਰਾਮ ਜੀ ਦੇ ਦਿਲ ਦਰਯਾ ਵਿਚ ਫੁਰਨੇ ਦੀ ਇਕ ਜ਼ਬਰਦਸਤ ਲਹਿਰ ਠਾਠਾਂ ਮਾਰਦੀ ਰਹਿੰਦੀ ਸੀ ਉਹ ਸੀ ਪੂਰਨ ਸਤਿਗੁਰ ਦੇ ਦਰਸ਼ਨ ਦੀ ਤੜਪ। ਇਹ ਤੜਪ ਜਿਉਂ ਜਿਉਂ ਵਧਦੀ ਗਈ, ਤਿਉਂ ਤਿਉਂ ਹੀ ਸਤਿਗੁਰ ਮਿਲਣ ਦੀ ਰੁਤ ਨੇੜੇ ਆਉਂਦੀ ਗਈ। ਸਚੀ ਲਗਨ ਜਿਸਨੂੰ ਲਗ ਜਾਏ, ਉਸਦਾ ਕਾਰਜ ਭਲਾ ਕਿਵੇਂ ਸਿੱਧ ਨਾ ਹੋਵੇ? ਪ੍ਰੰਤੂ ਸਚੀ ਲਗਨ ਵਾਲੇ ਹਿਰਦੇ ਵਿਚ ਲੋਕ ਤੋਂ ਲੈਕੇ ਪ੍ਰਲੋਕ ਤਕ ਦੇ ਭੋਗਾਂ ਦੀ ਵਾਸ਼ਨਾਂ ਦਾ ਨਸ਼ਟ ਹੋਣਾ ਸ਼ਰਤ ਹੈ। ਧਨੀ ਰਾਮ ਜੀ ਦੀ ਲਗਨ ਇਸ ਵਾਸਤੇ ਸ਼ੁਧ ਲਗਨ ਸੀ ਕਿ ਉਸਦੇ ਹਿਰਦੇ ਵਿਚ ਇਸਤੋਂ ਬਿਨਾਂ ਹੋਰ ਕੋਈ ਵਾਸ਼ਨਾ ਨਹੀ ਰਹਿ ਗਈ ਕਿ ਪੂਰੇ ਗੁਰੂ ਦਾ ਦਰਸ਼ਨ ਹੋਵੇ। ਇਸ ਪਵਿਤ੍ਰ ਲਗਨ ਨੇ ਗੁਰਤ੍ਰ ਦੇ ਨਿਰਮਲ ਮੰਡਲ ਵਿਚ ਹਿਲ ਜੁਲ ਪੈਦਾ ਕਰ ਦਿਤੀ, ਜਿਸਦੇ ਕਾਰਨ ਭਾਈ ਧਨੀ ਰਾਮ ਜੀ ਕ੍ਰਿਤਾਰਥ ਹੋ ਗਏ।

## ੨.

ਧਨੀ ਰਾਮ ਜੀ ਰਾਤ ਦੇ ਸਮੇਂ ਅਪਣੇ ਘਰ ਸੁਤੇ ਹੋਏ ਹਨ। ਆਪਦੇ ਤੈਜਸ ਆਤਮਾ ਨੇ ਇਕ ਅਜੇਹਾ ਪ੍ਰਕਾਸ਼ ਡਿੱਠਾ, ਜਿਸਦੀ ਦਿੱਵਜਤਾ ਦਾ ਅਖਰਾਂ ਵਿਚ ਵਿਅਕਤ ਕਰਨਾ ਅਸੰਭਵ ਜੇਹੀ ਗੱਲ ਹੈ। ਇਸ ਪ੍ਰਕਾਸ਼ ਮੰਡਲ ਦੇ ਅੰਦਰ ਇਕ ਅਜੇਹੀ ਮਹਾਂ ਆਤਮਾ ਦਾ ਦਰਸ਼ਨ ਹੋਇਆ, ਜਿਸਦੇ ਨੂਰਾਨੀ ਮੁਖ ਮੰਡਲ ਦੀ ਪ੍ਰਭਾ ਕ੍ਰੋੜਾਂ ਬਿਜਲੀਆਂ ਦੇ ਪ੍ਰਕਾਸ਼ ਨੂੰ ਵੀ ਮਾਤ ਪੌਂਦੀ ਹੈ। ਧਨੀ ਰਾਮ ਜੀ ਨੇ ਝਕਦੇ ਝਕਦੇ ਪੁਛਣ ਦੀ ਦਲੇਰੀ ਕੀਤੀ ਕਿ 'ਹੇ ਤੇਜਸ੍ਵੀ ਆਤਮਾ ਤੂੰ ਕੌਣ ਹੈਂ? ਮੈਂ ਤੇਰੇ ਨਾਮ ਗਾਮ ਤੇ ਧਾਮ ਤੋਂ ਜਾਣੂੰ ਹੋਣ ਦਾ ਚਾਹਵਾਨ ਹਾਂ। ਕੀ ਤੂੰ ਰੱਬ ਹੈਂ? ਕੋਈ ਦੇਵਤਾ ਹੈਂ? ਅਰਸ਼ਾਂ ਤੋਂ ਉਤਰਿਆ ਹੈਂ, ਕਿ ਫਰਸ਼ਾਂ ਤੇ ਨਿਵਾਸ ਰਖਦਾ ਹੈਂ? ਮੈਨੂੰ ਭਾਸਦਾ ਹੈ, ਕਿ ਤੂੰ ਮੈਨੂੰ ਹੀ ਤਾਰਨ ਵਾਸਤੇ ਪ੍ਰਗਟਿਆ ਹੈ। ਹਾਂ! ਹਾਂ! ਮੈਨੂੰ ਮਲੂਮ ਹੋ ਗਿਆ ਹੈ ਕਿ ਮੇਰਾ ਹੀ—"ਸਤਿਗੁਰ—ਮਿਲਨ ਦਾ ਫੁਰਨਾਂ ਮੂਰਤੀਮਾਨ ਹੋਗਿਆ ਹੈ। ਕੀ ਤੂੰ ਮੇਰੇ ਫੁਰਨੇ ਦਾ ਨਤੀਜਾ ਹੈਂ? ਮਨ ਮੋਹਨਾਂ—ਘਟ ਸੋਹਣਿਆਂ! ਜੋ ਕੁਛ ਤੂੰ ਹੈਂ ਅਪਣੀਂ ਜ਼ਬਾਨੀਂ ਦਸ। ਦੇਰ ਨਾ ਕਰ, ਤਰਸਾਣਾ ਉਚਿਤ ਨਹੀਂ। ਅਗੇ ਹੀ ਬਥੇਰੀ ਉਮਰ ਬੀਤ ਗਈ ਹੈ। ਉਸ ਪ੍ਰਕਾਸ਼ ਪੁੰਜ ਵਿਅਕਤੀ ਦੇ ਗੁਲਾਬੀ ਬੁਲ੍ਹਾਂ ਦੀਆਂ ਪੰਖ

ੜੀਆਂ ਫੜਕੀਆਂ, ਜਿਨ੍ਹਾਂ ਵਿਚੋਂ ਇਹ ਨਿਲ-ਕਲ਼ ਸ਼ਬਦ ਹੋਇਆ ਕਿ "ਧਨੀ ਰਾਮ! ਮੈਂ ਤੇਰੇ ਫੁਰਨੇ ਦਾ ਫਲ ਹਾਂ। ਮੈਨੂੰ ਤੇਰੇ ਪ੍ਰੇਮ ਨੇ ਮੋਹ ਲਿਆ ਹੈ। ਤੇਰੇ ਦਿਲ ਦੀ ਕਸ਼ਸ਼ ਨੇ ਮੈਨੂੰ ਐਸ ਵੱਲੇ ਤੇਰੇ ਸਵੇਂ ਪ੍ਰਗਟ ਹੋਣ ਲਈ ਮਜਬੂਰ ਕੀਤਾ ਹੈ। ਅਸਲੀ ਗਲ ਤਾਂ ਏਹ ਹੈ, ਕਿ ਮੈਂ ਤੇਰੇ ਜੈਸੀਆਂ ਰੂਹਾਂ ਦਾ ਖਿਚਿਆ ਹੋਇਆ ਹੀ ਅਰਸ਼ਾਂ ਤੋਂ ਫਰਸ਼ਾਂ ਤੇ ਆਉਂਦਾ ਹਾਂ। ਮੇਰਾ ਨਾਮ, ਮੇਰਾ ਗ੍ਰਾਮ, ਮੇਰਾ ਧਾਮ—ਮੈਂ ਕਿਥੇ ਦੱਸਾਂ ਤੇ ਕਿਥੇ ਨਾ ਦੱਸਾਂ—ਸਾਰੇ ਹੀ ਹਾਂ, ਤੇ ਕਿਤੇ ਵੀ ਨਹੀਂ। ਜੇਹੜੇ ਪੁਰਸ਼ ਦਿਬ ਦ੍ਰਿਸ਼ਟੀ ਵਾਲੇ ਹਨ, ਉਹ ਤਾਂ ਮੈਨੂੰ ਜ਼ੱਰੇ ਜ਼ੱਰੇ ਵਿਚ ਮੌਜੂਦ ਵੇਖਦੇ ਹਨ, ਪ੍ਰੰਤੂ ਜਿਨ੍ਹਾਂ ਨੂੰ ਇਹ ਨੇਤ੍ਰ ਪ੍ਰਾਪਤ ਨਹੀਂ ਹੋਏ, ਓਹਨਾਂ ਲਈ ਮੈਂ ਕਿਤੇ ਵੀ ਨਹੀਂ ਹਾਂ। ਹਾਂ ਤਾਂ ਮੈਂ ਅਜਨਮਾ ਸਭ ਭੂਤ ਪ੍ਰਾਣੀਆਂ ਦਾ ਅਧੀਸ਼੍ਵਰ, ਪਰ ਫੇਰ ਵੀ ਅਪਣੀ ਯੋਗ ਮਾਇਆ ਦੇ ਪ੍ਰਭਾਵ ਨਾਲ ਨਿਰਗੁਣ ਤੋਂ ਸਰਗੁਣ ਸਰੂਪ ਧਾਰਨ ਕਰਦਾ ਹਾਂ, ਤਾਕਿ ਮੇਰੇ ਪਿਆਰੇ ਭਗਤ ਮੈਨੂੰ ਆਪਣੇ ਸ਼ਰੀਰਕ ਨੇਤ੍ਰਾਂ ਨਾਲ ਵੇਖ ਸਕਣ, ਜਿਨ੍ਹਾਂ ਨਾਲ ਕਿ ਉਹ ਮੇਰੇ ਨਿਰਗੁਣ ਸਰੂਪ ਦਾ ਅਨੁਭਵ ਨਹੀਂ ਕਰ ਸਕਦੇ।—ਮੇਰਾ ਨਾਮ—ਕੋਈ ਨਹੀ—ਤੇ ਅਨੇਕਾਂ ਹਨ—ਕ੍ਰਿਤਮ ਨਾਮ ਬੇਅੰਤ ਅਤੇ ਅਕ੍ਰਿਤਮਨਾਮ—"ਸਤਿਨਾਮ" ਹੈਜੋ ਪਰਾ ਪੂਰਬਲਾ ਹੈ। ਮੈਂ ਹੁਣ ਸਿੱਖੀ ਦੀ ਸੰਭਾਲ ਵਾਸਤੇ ਹਜਰੋਂ ਵਿਚ ਪ੍ਰਗਟ ਹੋਇਆ ਹਾਂ, ਤੇ ਲੋਕ ਮੈਨੂੰ ਬਾਲਕ ਸਿੰਘ ਦੇ ਨਾਮ ਨਾਲ ਪੁਕਾਰਦੇ ਹਨ। ਇਸ ਕਲੂ ਕਾਲ ਵਿਚ ਗੁਰੂ ਨਾਨਕ ਦੇ ਸਿਲਸਿਲੇ ਵਿਚ ਮੇਰਾ ਯਾਰਵਾਂ ਜਾਮਾ ਹੈ।' ਧਨੀ ਰਾਮ ਨੇ ਨਮਸਕਾਰ ਕੀਤੀ। ਅਪਣੀ ਮਾਤਾ ਨੂੰ ਜਗਾਕੇ ਕਿਹਾ ਸਾਡੇ ਘਰ ਪ੍ਰਮੇਸ਼ਰ ਆਇਆ ਹੈ। ਮਾਤਾ ਨੇ ਪੁਛਿਆ: ਕਿਥੇ ਹੈ? ਜਵਾਬ ਦਿਤਾ ਮੇਰੇ ਮੰਜੀਤੇ ਬੈਠਾ ਹੈ। ਮਾਈਨੇ ਕਿਹਾ ਮੈਨੂੰ ਤਾਂ ਦਿਸਦਾ ਨਹੀਂ, ਮੈਂ ਕਿਵੇਂ ਮੰਨਾਂ? ਧਨੀ ਰਾਮ ਨੇ ਕਿਹਾ ਕੋਈ ਅਜਮੂਦਾ ਦੇ ਦੇਵਾਂ ਤਾਂ ਮੰਨੋਗੇ? ਮਾਤਾ ਨੇ ਕਿਹਾ, ਹਾਂ। ਧਨੀ ਰਾਮ ਨੇ ਕਿਹਾ, ਮਾਈ ਤੈਨੂੰ ਦਰਦ ਸ਼ੁਰੂ ਹੋ ਜਾਏ। ਕਹਿੰਦਿਆਂ ਸਾਰ ਹੀ ਦਰਦਾਂ ਹੋਣ ਲਗ ਗਈਆਂ। ਉਪ੍ਰੰਤ ਧਨੀ ਰਾਮ ਨੇ ਕਿਹਾ ਹਟ ਜਾਣ, ਤਾਂ ਓਸੇ ਵਲੇ ਹਟ ਗਈਆਂ। ਮਾਈ ਦੀ ਤਸਲੀ ਹੋਈ। ਧਨੀ ਰਾਮ ਨੇ ਅਰਜ਼ ਕੀਤੀ, ਪਾਤਸ਼ਾਹ! ਮੈਨੂੰ ਉਹ ਦਾਤ ਬਖਸ਼ੋ ਜਿਸ ਨਾਲ ਘਰ ਪੂਰਾ ਹੋ ਜਾਵੇ ਤੇ ਕਲਿਆਣ ਥੀਵੇ। ਗੁਰੂ ਜੀ ਨੇ ਕਿਹਾ ਧਨੀ ਰਾਮ! ਕਲਿਆਨ ਵਾਸਤੇ ਹੀ ਤਾਂ ਤੈਨੂੰ ਅਟਕੋਂ ਪਾਰ ਜਾਣ ਕੇ ਲਭਿਆ ਹੈ। ਗੁਰੂ ਜੀ ਨੇ ਭਜਨ ਦੇ ਦੋ ਪਹਿਲੇ ਅਖਰ ਧਨੀ ਰਾਮ ਜੀ ਨੂੰ ਦਸਕੇ ਕਿਹਾ ਕਿ ਬਾਕੀ ਦੇ ਦੋ ਹਜਰੋਂ ਆਵੇਂਗਾ ਤਾਂ ਮਿਲਨਗੇ। ਸਤਿਗੁਰ ਅਧਾ ਭਜਨ ਦੇਕੇ ਗੁਪਤ ਹੋ ਗਏ।

## ੩.

ਧਨੀ ਰਾਮ ਅਜ ਸਵੇਰੇ ਹੀ ਉਠਿਆ, ਪਰ ਦਸ਼ਾ ਬਦਲੀ ਹੋਈ ਹੈ, ਠਾਕੁਰ ਪੂਜਾ ਦਾ ਨਿਤਨੇਮ ਭੁਲ ਗਿਆ। ਘਰ ਦੇ ਹੈਰਾਨ ਹਨ, ਲੋਕ ਪਰੇਸ਼ਾਨ ਹਨ ਕਿ ਅਜ ਭਾਈ ਧਨੀ ਰਾਮ ਨੇ ਆਪਣਾ ਨਿਤ ਕਰਮ ਕਿਉਂ ਛਡ ਦਿਤਾ ਹੈ। ਪੁਛਿਆ—ਧਨੀ ਰਾਮ! ਕੇਹ ਗਲ ਨੇ? ਅਜ ਪੂਜਾ ਪਾਠ ਕਿਉਂ ਖੁੰਝਾਈ? ਠਾਕੁਰਾਂ ਦਾ ਦਰਸ਼ਨ ਨਾ ਕਰਨ ਦਾ ਕੇ ਕਾਰਨ? ਧਨੀ ਰਾਮ ਜੀ ਜੋ ਕਿ ਵਿਆਕੁਲ ਜੇਹੇ ਭਾਸਦੇ ਹਨ ਕਹਿੰਦੇ ਹਨ ਅਜ ਸਚੇ ਠਾਕੁਰਾਂ ਦਾ ਦਰਸ਼ਨ ਕੀਤਾ ਹੈ, ਅਤੇ ਉਨਾਂ

ਦੇ ਗੁਪਤ ਹੋ ਜਾਣ ਦੇ ਕਾਰਨ ਵਿਆਕੁਲ ਹਾਂ ਲੋਕਾਂ ਪੁਛਿਆ ਹੁਣ ਓਹ ਕਿਥੇ ਹਨ? ਹਜ਼ਰੋਂ ਵਿਚ ਹਨ ਤੇ ਨਾਮ ਬਲਕ ਸਿੰਘ ਨੇਂ ਭਾਈ ਸਹਿਬ! ਹੁਣ ਬਹੁਤੀ ਦੇਰ ਜ਼ੇਦੇ ਨਾਂ ਠਹਿਰ ਸਕੇ ਦੂਜੇ ਦਿਨ ਹੀ ਹਜਰੋ ਨੂੰ ਚਲ ਪਏ ਅਤੇ ਸਤਿਗੁਰਾਂ ਦੇ ਚਰਨ ਕਮਲਾਂ ਨੂੰ ਜਾ ਪਰਸਿਆ "ਦਰਸ਼ਨ ਪਰਸਨ ਸਰਸਨ ਹਰਸਨ ਰੰਗ ਰੰਗੀ ਕਰਤਾਰੀ" ਦਾ ਪਹਿਨਾ ਆਗਿਆ,, ਨਾਮ ਦੇ ਬਕਾਏ ਵਾਸਤੇ ਅਰਜ ਕੀਤੀ ਜੋ ਝਟ ਪਟ ਕਬੂਲ ਹੋ ਗਈ ਹੁਣ ਧਨੀ ਰਾਮ ਜੀ ਨੂੰ ਪੂਰਾ ਭਜਨਮਿਲ ਗਿਆ ਸਤਿਗੁਰਾਂ ਦੀ ਸੇਵਾ ਵਿਚ ਰਹਿਕੇ ਹੀ ਭਜਨ ਦਾ ਅਭਿਆਸ ਸ਼ੁਰੂ ਕਰ ਦਿਤਾ, ਤੇ ਕੁਛ ਕਾਲ ਉਪ੍ਰੰਤ ਆਗਿਆ ਪਾਕੇ ਆਪਣੇ ਘਰ ਆਗਏ ਲੋਕ ਪੁਛਦੇ ਹਨ - ਭਗਤ ਜੀ! ਠਾਕਰ ਪੂਜਾ ਕਿਉਂ ਛਡ ਦਿਤੀ? ਉਤ੍ਰ ਦਿੰਦੇ ਨੇ ਧੰਨੇ ਵਾਂਗੂੰ ਹੁਣ ਪੂਰਾ ਠਾਕੁਰ ਮਿਲਗਿਆ ਹੈ ਜਿਵੇਂ ਧੰਨੇ ਨੂੰ ਮੁੜ ਪਹਿਲੇ ਸਾਧਨ ਦੀ ਕਾਈ ਲੋੜ ਨਹੀ ਸੀ ਰਹਿ ਗਈ ਤਿਵੇਂ ਹੀ ਹੁਣ ਮੇਰੇ ਤੇ ਕ੍ਰਿਪਾ ਹੋਈ ਹੈ ਹੁਣ ਏਹ ਫੇਰ ਸਤਿਗੁਰਾਂ ਦੇ ਚਰਨਾ ਵਿਚ ਆ ਰਹੇ।

## ੪

**ਮਸਤੀ**-ਧਨੀਰਾਮ ਜੀ ਦੀ ਦਸ਼ਾ ਡਾਢੀ ਮਸਤ ਰੋਮ ਰੋਮ ਅਤੇ ਅੰਗ ਅੰਗ ਅਪਣਾਂ ਨਕਸ਼ਾ ਬਦਲ ਰਿਹਾ ਹੈ। ਲੋਕਾਂ ਨੂੰ ਉਹ ਪਾਗਲ ਜਾਪਦੇ ਹਨ, ਪਰ ਉਨ੍ਹਾਂ ਵਿਚਰਿਆਂ ਨੂੰ ਕੀ ਪਤਾ ਕਿ ਉਹ ਕਿਸੇ ਸ਼ਰੀਰਕ ਰੋਗ ਕਰਕੇ ਅਜੇ-ਹੀਆਂ ਹਰਕਤਾਂ ਨਹੀਂ ਕਰਦੇ ਸਗੋਂ-"ਹਰਿ ਰਸ ਰਪਿਤ ਖੁਮਾਰੇ ਗੁਰਵਾਕ ਅਨੁਸਾਰ ਉਨ੍ਹਾਂ ਨੂੰ ਨਾਮ ਦੀ ਖੁਮਾਰੀ ਚੜ੍ਹੀ ਹੋਈ ਹੈ। ਉਹ ਹੈਨ ਤਾਂ ਪਾਗਲ, ਪਰ ਅਜੇਹੇ ਪਾਗਲ-- ਜਿਨਾਂ ਨੇ ਅਸਲੀ ਗੱਲ ਨੂੰ ਪਾ ਲਿਆ ਹੈ। ਇਕ ਆਰਫ ਦਾ ਬਚਨ ਹੈ, —"ਪਾਗਲ- ਅਸਲੀ ਪਾਗਲ ਹੋਜਾ ਆ ਦੇ ਮੁਕਾਮ ਉਤੇ ਆ ਮੇਰੇ ਪਿਆਰਿਆ। ਅਜੇਹੇ ਪਾਗਲ ਤੋਂ ਕਰੋੜਾਂ ਅਕਲਾਂ ਵਾਰੀਆਂ ਜਾ ਸਕਦੀਆਂ ਹਨ। ਇਕ ਦਿਨ ਦਾ ਜ਼ਿਕਰ ਹੈ, ਕਿ ਭਾਈ ਧਨੀਰਾਮ ਜੀ ਪ੍ਰਸਾਦਾ ਛਕਣ ਬੈਠੇ, ਮਾਤਾ ਜੀਨੂੰ ਕਿਹਾ ਕਿ ਜਿੰਨੇ ਪ੍ਰਸ਼ਾਦੇ ਟੋਕਰੇ ਵਿਚ ਹੈਨ, ਸਾਰੇ ਹੀ ਮੈਨੂੰ ਦੇ ਦੇਵੋ। ਮਾਤਾ ਤੋਤੀ ਜੀ (ਜੋ ਕਿ ਸਤਿਗੁਰੂ ਬਾਲਕ ਸਿੰਘ ਜੀ ਦੇ ਮਹਿਲ ਸਨ ਨੇ ਇਕ ਪ੍ਰਸਾਦਾ ਹੋਰ ਦਿਤਾ। ਬਸ ਫੇਰ ਕੀ ਸੀ ਮਸਤ ਜੀ ਜਿਨੇ ਪ੍ਰਸਾਦੇ ਥਾਲੀ ਵਿਚ ਸਨ, ਸਾਰੇ ਮਰੋੜ ਮਰੋੜ ਕੇ ਥਾਲੀ ਸਣੇ ਭੁੰਞੇ ਤੇ ਸੁਟਕੇ ਦੌੜ ਗਏ। ਗੁਰੂ ਜੀ ਨੂੰ ਪਤਾ ਲਗਾ ਤਾਂ ਧਨੀਰਾਮ ਜੀ ਦੇ ਪਿਛੇ ਦੌੜੇ ਵਾਹਵਾ। ਪ੍ਰੀਤਮ ਜੀ ਭਗਤ ਵਛਲ ਹਨ। ਉਹ ਕਹਿੰਦੇ ਹਨ—'ਮੈਂ ਗੁਨ ਬੰਧ ਸਗਲ ਕੀ ਜੀਵਨ, ਹਾਂ ਅਤੇ ਮੇਰੀ ਜੀਵਨ ਮੇਰੇ ਦਾਸ' ਹਨ। ਮੇਰੀ ਬੱਧੀ ਹੋਈ ਮ੍ਰਯਾਦਾ ਨੂੰ ਭਗਤ ਛਡਾ ਸਕਦੇ ਹਨ, ਪਰ ਭਗਤ ਦੀ ਬੱਧੀ ਨੂੰ ਮੈਂ ਨਹੀਂ ਛੁਡਾ ਸਕਦਾ— 'ਮੇਰੀ ਬਾਧੀ ਭਗਤ ਛਡਾਵੈ ਬਾਧੈ ਭਗਤ ਨ ਛੂਟੈ ਮੋਹਿ' ਸਗੋਂ ਭਗਤ ਦੀ ਮਹੱਤਤਾ ਨੂੰ ਬਿਆਨ ਕਰਦੇ ਹੋਏ ਕਹਿੰਦੇ ਹਨ, 'ਏਕ ਸਮੈ ਮੋਕਉ ਗਹਿ ਬਾਧੈ ਤਉ ਫੁਨ ਮੋਪੈ ਜਬਾਬ ਨ ਹੋਇ'। ਹਾਂ। ਪਤਾ ਹੈ ਨਾਂ—ਭਗਤ ਬਸ ਕੇਸਵ ਅਜਹੂੰ ਬਲਿ ਕੇ ਦੁਆਰ ਖਰੋ॥' ਅਨੁਸਾਰ ਆਪਣੇ ਲੜਕੇ ਪੁਤ੍ਰ ਧਨੀਰਾਮ ਦੇ ਪਿਛੇ ਦੌੜਦੇ ਹੋਏ ਕਹਿ ਰਹੇ ਹਨ—ਸੰਤ ਜੀ। ਮੁੜ ਵੰਞੋ ਸਾਰੇ ਪ੍ਰਸਾਦੇ ਲੈ ਲਵੋ—ਜੋ ਕੁਛ ਹੋਰਵੀ ਲੋੜੀਨਾ ਹੈ ਹਾਜਰ ਹੈ ਪਰ ਮੁੜ ਵੰਞੋ" ਸੰਤ ਜੀ ਨਹੀਂ ਮੁੜਦੇ। ਸਤਿਗੁਰ ਮਾਤਾ ਤੋਤੀ ਜੀ ਨੂੰ ਗੁਸੇ ਹੋਕੇ ਕਹਿ ਰਹੇ ਹਨ, ਤੁਸਾਂ ਅਜ ਪ੍ਰਮੇਸਰ ਨੂੰ

ਰੁਸਾ ਦਿਤਾ ਹੈ। ਕਦੇ ਪ੍ਰਮੇਸਰ ਵੀ ਰੁਸਦਾ ਹੈ ਕਿਉਂ ਨਹੀਂ। ਉਹ ਆਪਣੇ ਲੜਿਕੇ ਪੁਤ੍ਰਾਂ ਅਪਣੇ ਮਸਤਾਨੇ ਫੱਕਰਾਂ ਬਦਲੇ ਜਦ ਦੁਖੀ ਵੀ ਹੋ ਤੇ ਸੁਖੀ ਵੀ ਹੋ ਵੈਂਦਾ ਹੈ ਤਾਂ ਰੁਸਨਾਂ ਕਿਉਂ ਨਹੀ।

## ਮਸਤਾਂ ਤੋਂ ਰਬ ਵੀ ਡਰ ਦਾ ਹੈ

ਮਾਤਾਜੀ ਨੇ ਕਿਹਾ ਮਹਾਰਾਜ ਸਾਨੂੰ ਕੀ ਪਤਾ ਨੇ ਕਿ ਤੁਸਾਂ ਪਾਸ ਏਹੋ ਜਹੇ ਕਮਲੇ ਰਮਲੇ ਵੀ ਰਹਿੰਦੇ ਨੇ ਗੁਰੂ ਜੀ ਨੇ ਕਿਹਾ ਤੇਤੀ! ਏਨਾਂ ਕਮਲਿਆਂ ਰਮਲਿਆਂ ਵਿਚ ਹੀ ਰਬ ਪਰਗਟ ਹੋਨਾ ਏ। ਅਜ ਧਨੀ ਰਾਮ ਨੂੰ ਦਨਯ ਕੀ ਸੁਧ ਨਹੀ ਉਹ ਰੱਬ ਰੂਪ ਹੈ ਤੇ ਤੁਸਾਂ ਨੇ ਓਸ ਕੀ ਥੋੜੀ ਗਲ ਪਿਛੇ ਨਰਾਜ ਕਰ ਦਿਤਾ। ਓਨੇ ਚਿਰ ਨੂੰ ਓਥੇ ਸਾਈਂ ਜਵਾਹਰ ਜੀ ਆਗਏ, ਤੇ ਸਤਿਗੁਰਾਂ ਨੂੰ ਕਹਨ ਲਗੇ ਮਹਾਰਾਜ! ਆਪ ਏਹੋ ਜੇਹੇ ਕਮਲਿਆਂ ਦੀਵਾਨਿਆਂ ਤੇ ਪਾਗਲਾਂ ਕੋਲੋਂ ਕਿਉਂ ਡਰਦੇ ਹੋ? ਗੁਰੂ ਜੀ ਨੇ ਉਤ੍ਰ ਦਿਤਾ ਭਾਈ! ਏਨਾਂ ਤੋਂ ਤਾਂ ਰਬ ਵੀ ਥਰ ਥਰ ਕੰਬ ਦਾ ਹੈ।

ਆਖਿਰ ਗੁਰੂ ਜੀ ਨੇ ਸਿਖ ਭੇਜਕੇ ਭਾਈ ਧਨੀ ਰਾਮ ਨੂੰ ਮੰਗਵਾਇਆ। ਤੇ ਕਿਹਾ 'ਸੰਤ ਜੀ ਸਾਡੀ ਭੁਲ ਮਾਫ ਕਰੋ',, ਦੂਜੇ ਭਲਕ ਭਾਈ ਸਾਂਈ ਦਾਸ ਜੀ ਤੇ ਧਨੀਰਾਮ ਜੀ ਸਤਿਗੁਰਾਂ ਦੇ ਹਜੂਰ ਬੈਠੇ ਸਨ। ਸਾਂਈ ਜੀ ਨੇ ਬੇਨਤੀ ਕੀਤੀ ਸਚੇ ਪਾਤਸਾਹ ਆਪ ਤਾਂ ਕਹਿੰਦੇ ਹੁੰਦੇ ਹੋ ਕਿ ਧਨੀ ਰਾਮ ਚੰਗਾ ਸੰਤ ਹੋ ਗਿਆ ਹੈ। ਪਰ ਕਲ ਤਾਂ ਪ੍ਰਸ਼ਾਦਿਆਂ ਤੋਂ ਹੀ ਰਸ ਪਿਆ ਸੀ, ਤੇ ਆਪਨੇ ਸਗੋਂ ਉਲਟਾ ਉਸਨੂੰ ਸਦਕੇ ਮਾਫੀ ਮੰਗੀ ਇਸ ਦਾ ਕੀ ਕਾਰਨ? ਗੁਰੂ ਜੀ ਨੇ ਕਿਹਾ ਧਨੀ ਰਾਮ ਤੋਂ ਹੀ ਪੁਛ ਲਵੋ। ਸਾਂਈਂ ਜੀ ਨੇ ਧਨੀ ਰਾਮ ਜੀ ਨੂੰ ਪੁਛਿਆ ਤਾਂ ਉਹ ਚੁਪ ਕਰ ਰਹੇ, ਪਰ ਜਦ ਸਤਿਗੁਰਾਂ ਨੇ ਆਗਜ਼ਾ ਦੇ ਦਿਤੀ ਤਾਂ ਉਨਾਂਨੇ ਕਿਹਾ ਸਾਈ ਜੀ! ਭਲਕੇ ਸਵੇਰੇ ਹੀ ਪਾਰਦੀ ਸੰਗਤ ਸਤਿਗੁਰਾਂ ਦੇ ਦ੍ਰਸ਼ਨ ਲਈ ਆਵਸੀ ਏਹ ਕਹਿਕੇ ਮਸਤ ਹੋ ਗਏ। ਅਗਲੇ ਭਲਕ ਤੜਕੇ ਹੀ ਧਨੀ ਰਾਮ ਜੀ ਦੇ ਵਾਕ ਅਨੁਸਾਰ ਅਟਕੋਂ ਪਾਰ ਦੀ ਸੰਗਤ ਨੇ ਸਤਿਗੁਰਾਂ ਦੇ ਚਰਨ ਆ ਪਰਸੇ, ਜਿਸ ਕਰਕੇ ਸੰਤ ਸਾਂਈ ਦਾਸ ਜੀ ਦੀ ਤਸੱਲੀ ਹੋ ਗਈ ਤੇ ਕਹਿਣ ਲਗੇ, ਦੀਨ ਦਿਆਲ! ਧਨੀ ਰਾਮ ਤਾਂ ਪੂਜਣ ਯੋਗ ਹੋ ਗਿਆ ਹੈ।

ਗੁਰੂ ਜੀ ਨੇ ਕਿਹਾ—"ਜਿਨਾ ਨਾਨਕ ਸਤਿਗੁਰ ਪੂਜਿਆ ਤਿਨ ਹਰਿ ਪੂਜ ਕਰਾਵਾ" ਭਾਈ ਸਾਂਈ ਦਾਸ ਏਨਾਂ ਸੰਤ ਜਨਾਂ ਦੀ ਧੂੜ ਵਾਸਤੇ ਦੇਵੀਆਂ ਤੇ ਦੇਵਤੇ ਵੀ ਤਰਸਦੇ ਹਨ। ਸਭ ਤੀਰਥ ਏਨਾਂ ਦੀ ਰਜ ਨੂੰ ਲੋਚਦੇ ਹਨ। ਗੰਗਾ ਜਮਨਾਂ ਗੋਦਾਵਰੀ ਸੁਰਸਤੀ ਤੇ ਸਭ ਕਰੇ ਉਦਮ ਧੂੜ ਸਾਧੂ ਕੀ ਤਾਂਈ। ਇਹ ਤੀਰਥ ਆਖਦੇ ਕੀ ਹਨ?-"ਕਿਲ ਵਿਖ ਮੈਲ ਭਰੇ ਪਰੇ ਹਮਰੇ ਵਿਚ ਹਮਰੀ ਮੈਲ ਸਾਧੂ ਦੀ ਧੂੜ ਗਵਾਈ। ਜਿਤਨੇ ਤੀਰਥ ਦੇਵੀ ਥਾਪੇ ਤੇ ਸਭ ਲੋਚੇ ਧੂੜ ਸਾਧੂ ਕੀ ਤਾਈ।

## ੫.


ਸਤਿਗੁਰਾਂ ਦਾ ਦਰਬਾਰ ਸਜਿਆ ਹੋਇਆ ਹੈ। ਸੰਗਤਾਂ ਦਰਸ਼ਨ ਕਰ ਕਰ ਨਿਹਾਲ ਹੋ ਰਹੀਆਂ ਹਨ। ਕਈ ਪ੍ਰੇਮੀ ਚਕੋਰਾਂ ਦੀ ਤਰਾਂ ਗੁਰੂ ਜੀ ਦੇ ਨਿਸਕਲੰਕ ਚੰਦ ਮੁਖ ਵਲ ਇਕ ਟਕ ਤਕ ਰਹੇ ਹਨ। ਇਸ ਵੇਲੇ ਸੰਤ ਭਾਈ ਧਨੀਰਾਮ ਜੀ ਵੀ ਆਪਣੇ ਪਿੰਡ ਤੋਂ ਚਲਕੇ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਹੋਏ ਦੀਨ ਦਿਆਲ ਜੀਨੇ ਪਿਠ ਤੇ ਥਾਪੜਾ



ਪੂਜਨੀਯ ਸੰਤ (ਭਾਈ) ਧਨੀ ਰਾਮ ਜੀ ਜ਼ੈਦਾ



ਸ੍ਰੀ ਨਾਮ ਸੰਤ ਹੀਰਾ ਦਾਸ ਜੀ ਚਿੱਟੀ ਜ਼ਿਲਾ ਜਾਲੰਧਰ



ਸ੍ਰੀ ਮਾਨ ਸੰਤ ਬਾਬਾ ਰਾਮ ਆਸਰਾ ਜੀ ਕੰਦੋਵਾਲੀ

ਦਿਤਾ ਤੇ ਬੈਠ ਜਾਣ ਵਾਸਤੇ ਕਿਹਾ। ਧਨੀ-ਰਾਮ ਜੀ ਚਰਨਾਂ ਵਿਚ ਬੈਠ ਗਏ, ਸਾਈਂ ਜੀ ਨੇ ਇਸ ਵੇਲੇ ਸਤਿਗੁਰਾਂ ਕੋਲ ਬੇਨਤੀ ਕੀਤੀ ਕਿ ਸਚੇ ਪਾਤਿਸ਼ਾਹ ਇਸ ਸਮੇਂ ਹੋਰ ਕੋਈ ਪਰਸ਼ ਵੀ ਆਪਦੇ ਸਮਾਨ ਭਜਨ ਕਰਨ ਵਾਲਾ ਜਗਤ ਵਿਚ ਹੈ? ਗੁਰੂ ਜੀਨੇ ਕਿਹਾ ਇਸ ਪ੍ਰਸ਼ਨ ਦਾ ਉਤ੍ਰ ਭਾਈ ਧਨੀ ਰਾਮ ਜੀ ਦੇਣਗੇ। ਧਨੀ ਰਾਮ ਜੀਨੇ ਹਥ ਜੋੜਕੇ ਅਰਜ ਕੀਤੀ ਪਾਤਿਸ਼ਾਹ! ਮੈਂ ਕੌਣ ਹਾਂ ਜੋ ਆਪਦੇ ਸਾਹਮਣੇ ਦਮ ਮਾਰ ਸਕਾਂ। ਸਤਿਗੁਰਾਂ ਕਿਹਾ- ਨਾਂ ਭਈ! ਏਹ ਗਲ ਤੇਰੇ ਤੋਂ ਹੀ ਪੁਛਣੀ ਹੈ। ਸਤਿਗੁਰਾਂ ਦਾ ਇਰਾਦਾ ਵੇਖਕੇ ਧਨੀਰਾਮ ਜੀ ਸਮਧੀ ਲਾਕ ਬੈਠ ਗਏ। ਜਾਂ ਅੰਤ੍ਰ ਧਿਆਨ ਹੋਏ ਤਾਂ ਅਕਾਸ਼ਬਾਣੀ ਹੋਈ-'ਧਨੀਰਾਮ! ਪੰਜਾਬ ਦੇਸ ਵਿਖੇ ਭੈਣੀ ਪਿੰਡ ਵਿਚ ਰਾਮ ਸਿੰਘ ਜਸਾ ਸਿੰਘ ਦਾ ਪੁਤਰ ਹੈ, ਜੋ ਅਨਿਕ ਕਲਾਂ ਲੈਕੇ ਪ੍ਰਗਟ ਹੋਇਆ ਹੈ। ਹੁਣ ਤਕ ਜਿਨੇ ਸਰੂਪ ਸਰਗੁਣ ਦੇ ਪ੍ਰਗਟ ਹੋਏ ਹਨ, ਉਨ੍ਹਾਂ ਵਿਚ ਵਧ ਤੋਂ ਵਧ ਸੋਲਾਂ ਕਲਾਂ ਰਖੀਆਂ ਸਨ। ਪਰ ਭੈਣੀ ਵਾਲਾ ਰਾਮ ਸਿੰਘ ਅਨੰਤ ਕਲਾ ਲੈਕੇ ਪ੍ਰਗਟ ਹੋਇਆ ਹੈ-'ਸੋਲਾਂ ਕਲਾ ਸੰਪੂਰਨ ਫਲਿਆ। ਅਨਤ ਕਲਾ ਹੋਇ ਠਾਕੁਰ ਚੜਿਆ' ਧਨੀ ਰਾਮ ਜੀ ਦੀ ਸਮਾਧੀ ਖੁਲ੍ਹੀ ਤਾਂ ਸਾਰਾ ਭੇਦ ਪ੍ਰਗਟ ਕੀਤਾ। ਗੁਰੂ ਜੀ ਨੇ ਕਿਹਾ-ਸਾਈਂ ਜੀ ਜੋ ਕੁਛ ਧਨੀ ਰਾਮ ਕਹਿੰਦਾ ਹੈ, ਠੀਕ ਹੈ ਅਸੀਂ ਵੀ ਠਾਕੁਰ ਜੀ ਦੀ ਉਡੀਕ ਕਰ ਰਹੇ ਹਾਂ।

ਧਨੀ ਰਾਮ ਜੀ ਨੂੰ ਪੂਰਣ ਵੈਰਾਗੀ ਤਿਆਗੀ ਸਾਧ ਜਾਣਕੇ ਗੁਰੂ ਬਾਲਕ ਸਿੰਘ ਜੀ ਨੇ ਮੰਜੀ ਬਖਸ਼ੀ ਤੇ ਹੁਕਮ ਦਿਤਾ ਕਿ ਸੰਗਤ ਨੂੰ ਤਾਰੋ। ਧਨੀ ਰਾਮ ਜੀ ਨੇ ਅਗੋਂ ਨਿਮ੍ਰਤਾ ਭਰੇ ਸੁਭਾਉ ਅਨੁਸਾਰ ਅਰਜ਼ ਕੀਤੀ ਕਿ ਮੈਂ ਇਸ ਯੋਗ ਨਹੀਂ। ਮੈਨੂੰ ਤਾਂ ਏਹੀ ਲੋੜ ਹੈ ਕਿ ਆਪ ਦੇ ਚਰਨ ਕਮਲਾਂ ਦੀ ਮੌਜ ਨੂੰ ਮਾਣਦਾ ਰਹਾਂ। ਪਰ ਗੁਰੂ ਜੀ ਨੇ ਕਿਹਾ-ਨਹੀਂ ਭਾਈ ਏਹ ਕਾਰ ਏਸੇ ਤ੍ਰਾਂ ਚਲਣੀ ਹੈ। ਤੁਸੀਂ ਹੁਣ ਅਟਕੋਂ ਪਾਰ ਦੀ ਸੰਗਤ ਵਿਚ ਨਾਮ ਦਾ ਪ੍ਰਚਾਰ ਕਰੋ। ਉਪ੍ਰੰਤ ਸਤਿਗੁਰਾਂ ਨੇ ਅਪਣੇ ਹਸਤ ਕਮਲਾਂ ਨਾਲ ਭਾਈ ਧਨੀ ਰਾਮ ਜੀ ਦੇ ਸਿਰ ਤੇ ਦਸਤਾਰ ਸਜਾਈ, ਤੇ ਸੰਗਤ ਨੂੰ ਸੰਤ (ਭਾਈ) ਧਨੀ ਰਾਮ ਜੀ ਦੀ ਚਰਨੀਂ ਪਾਕੇ ਆਗਯਾ ਕੀਤੀ ਕਿ ਜੇਹੜਾ ਮਨੁਖ ਧਨੀ ਰਾਮ ਦੇ ਲੜ ਲਗੇਗਾ ਉਸ ਦੀ ਚੁਰਾਸੀ ਕਟੀ ਜਾਵੇਗੀ।

## ੬.

ਸਤਿਗੁਰਾਂ ਦੀ ਆਗਿਆ ਅਨੁਸਾਰ ਭਾਈ ਧਨੀ ਰਾਮ ਜੀ ਨੇ ਅਪਣੇ ਜੀਵਨ ਪ੍ਰਯੰਤ ਅਟਕ ਤੋਂ ਪਾਰ ਸਿਖੀ ਦਾ ਪ੍ਰਚਾਰ ਕੀਤਾ, ਕਈ ਜਗਜਾਸੀਆਂ ਦਾ ਏਹਨਾਂ ਨੂੰ ਮਿਲ ਕੇ ਉਧਾਰ ਹੋਇਆ, ਇਕ ਵਾਰ ਸੰਤ ਜੀ, ਮਹਾਰਾਜ ਜੀ ਦਾ ਦਰਸ਼ਨ ਕਰਨ ਵਾਸਤੇ ਸ੍ਰੀ ਹਜਰੋਂ ਸਾਹਿਬ ਆਏ ਹੋਏ ਸਨ। ਇਕ ਦਿਨ ਜਦ ਕਿ ਆਪ ਸਾਹਿਬਾਂ ਦੇ ਚਰਨ ਕਮਲਾਂ ਵਿਚ ਬੈਠੇ ਸਨ, ਪ੍ਰਸ਼ਨ ਕੀਤਾ ਸਚੇ ਪਾਤਸ਼ਾਹ! ਕਈ ਮਹਾ ਪੁਰਖ ਜੋ ਸਾਰੀ ਉਮਰ ਧਰਮ ਉਪਕਾਰ ਤੇ ਭਜਨ ਬਾਣੀ ਵਿਚ ਜਨਮ ਬਿਤੀਤ ਕਰਦੇ ਹਨ, ਅੰਤ ਸਮੇ ਦੁਖੀ ਹੋਕੇ ਮਰਦੇ ਹਨ, ਤੇ ਕਈ ਪਾਪੀ ਸਾਰੀ ਉਮਰ ਕਦੇ ਵੀ ਭਲਾ ਕਰਮ ਨਹੀ ਕਰਦੇ, ਸਗੋਂ ਜੋਰ ਤੇ ਜੁਲਮ ਕਰਦੇ ਰਹਿੰਦੇ ਹਨ, ਅੰਤ ਕੋਈ ਦੁਖ ਨਹੀ ਪੌਂਦੇ, ਇਸ ਉਲਟੀ ਗਲ ਦੀ ਸਾਨੂੰ ਕੋਈ

ਸਮਝ ਨਹੀ ਔਂਦੀ ॥ ਸਤਿਗੁਰੂ ਸਚੇ ਪਾਤਸ਼ਾਹ ਨੇ ਕਿਹਾ ਭਾਈ ਜਿਨ੍ਹਾਂ ਮਹਾਂ ਪੁਰਸ਼ਾਂ ਦੇ ਪਿਛਲੇ ਜਨਮ ਵਿਚ ਵੀ ਨੇਕ ਕਰਮ ਹੁੰਦੇ ਹਨ, ਤੇ ਏਸ ਜਨਮ ਵਿਚ ਵੀ ਸ਼ੁਭ ਕਰਮ ਕਰਦੇ ਹਨ, ਉਨ੍ਹਾਂ ਨੂੰ ਤਾਂ ਅੰਤ ਸਮੇ ਕੋਈ ਤਕਲੀਫ ਨਹੀ ਹੁੰਦੀ, ਪਰ ਜੇਹੜੇ ਮਹਾਤਮਾ ਦੇ ਪਿਛਲੇ ਜਨਮ ਦੇ ਕੋਈ ਪਾਪ ਕਰਮ ਬਾਕੀ ਹੁੰਦੇ ਹਨ, ਤੇ ਏਸ ਜਨਮ ਵਿਚ ਭਗਤੀ ਕਰਦੇ ਹਨ, ਉਨ੍ਹਾਂ ਨੂੰ ਅੰਤ ਸਮੇ ਪਿਛਲੇ ਜਨਮ ਦੇ ਕਰਮਾਂ ਦਾ ਫਲ ਭੁਗਾ ਕੇ ਅਗੇ ਵਾਸਤੇ ਮੁਕਤ ਕਰ ਦਿਤਾ ਜਾਂਦਾ ਹੈ। ਏਸੇ ਤਰਾਂ ਜੇਹੜੇ ਮਨੁਖ ਪਿਛਲੇ ਜਨਮ ਵਿਚ ਵੀ ਪਾਪ ਕਰਦੇ ਰਹੇ ਤੇ ਏਸ ਜਨਮ ਵਿਚ ਵੀ ਪਾਪ ਮਈ ਜੀਵਨ ਹੀ ਵਿਤੀਤ ਕਰਦੇ ਹਨ। ਉਨਾ ਨੂੰ ਤਾਂ ਅੰਤ ਸਮੇ ਵੀ ਦੁਖ ਭੋਗਣਾਂ ਪੈਂਦਾ ਹੈ। ਪਰ ਜੇੜ੍ਹ ਪਾਪੀ ਪੁਰਸ਼ਾਂ ਦੇ ਪਿਛਲੇ ਜਨਮ ਦੇ ਪੁੰਨ ਕਰਮ ਬਾਕੀ ਰਹਿੰਦੇ ਹਨ, ਉਨ੍ਹਾਂ ਨੂੰ ਇਸ ਜਨਮਦੇ ਅਖੀਰ ਤੇ ਉਨ੍ਹਾਂ ਦਾ ਫਲ ਸੁਖ ਭੋਗਾ ਕੇ ਅਗੋਂ ਨੂੰ ਚੁਰਾਸੀ ਵਿਚ ਸੁਟਿਆ ਜਾਂਦਾ ਹੈ। ਏਹ ਬਚਨ ਸੁਣਕੇ ਸੰਤ ਭਾਈ ਧਨੀਰਾਮ ਜੀ ਅਤੇ ਬਾਕੀ ਦੀ ਸਭ ਸੰਗਤ ਦੀ ਨਿਸ਼ਾ ਹੋ ਗਈ। ਭਾਈ ਸਾਹਿਬ ਦੇ ਜੀਵਨ ਦੇ ਹੋਰ ਅਨੇਕਾਂ ਕੌਤਕ ਹਨ, ਪ੍ਰੰਤੂ ਸਾਰਿਆਂ ਵਾਸਤੇ ਏਥੇ ਜਗ੍ਹਾ ਨਹੀ ਹੈ, ਇਸ ਲਈ ਆਸ਼ਾ ਹੈ ਕਿ ਸਾਡੇ ਪਾਠਕ ਸੰਤਾਂ ਦੇ ਜੀਵਨ ਸਬੰਧੀ ਪੂਰਵੋਕਤ ਸਤਰਾਂ ਨੂੰ ਹੀ ਪ੍ਰਵਾਨ ਕਰ ਲੈਣਗੇ। ਅਰ ਸੰਤਾਂ ਦੇ ਜੀਵਨ ਤੋਂ ਸਿਖਯਾ ਲੈਂਦੇ ਹੋਏ ਅਪਣੇ ਜੀਵਨਾਂ ਨੂੰ ਵੀ ਉਨ੍ਹਾਂ ਦੇ ਗੁਣ ਕਰਮ ਅਤੇ ਸੁਭਾਉ ਦੇ ਸਚੇ ਵਿਚ ਢਾਲਣ ਦਾ ਯਤਨ ਕਰਨਗੇ। (ਆਲਿਮ)

# ਉਹ ਵਿਰਲੇ ਹਨ

(ਸ੍ਰੀ ਗੁਰ ਅਰਜਨ ਦੇਵ ਜੀ)

"ਇਹੁ ਹਰਿ ਰਸੁ ਪਾਵੈ ਜਨੁ ਕੋਇ ॥
ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥
ਉਸੁ ਪੁਰਖ ਕਾ ਨਾਹੀ ਕਦੇ ਬਿਨਾਸੁ ॥
ਜਾਕੈ ਮਨਿ ਪ੍ਰਗਟੇ ਗੁਣ ਤਾਸ ॥
ਆਠ ਪਹਰ ਹਰਿ ਕਾ ਨਾਮ ਲੇਇ ॥
ਸਚੁ ਉਪਦੇਸੁ ਸੇਵਕ ਕਉ ਦੇਇ ॥
ਮੋਹ ਮਾਇਆ ਕੈ ਸੰਗਿ ਨ ਲੇਪੁ ॥
ਮਨ ਮਹਿ ਰਾਖੈ ਹਰਿ ਹਰਿ ਏਕੁ ॥
ਅੰਧਕਾਰ ਦੀਪਕ ਪਰਗਾਸੇ ॥
ਨਾਨਕ ਭਰਮਮੋਹ ਦੁਖਤਹ ਤੇ ਨਾਸੇ ॥ ੬ ॥
ਤਪਤਿ ਮਾਹਿ ਠਾਢਿ ਵਰਤਾਈ ॥
ਅਨਦੁ ਭਇਆ ਦੁਖ ਨਾਠੇ ਭਾਈ ॥
ਜਨਮ ਮਰਨ ਕੇ ਮਿਟੇ ਅੰਦੇਸੇ ॥
ਸਾਧੂ ਕੇ ਪੂਰਨ ਉਪਦੇਸੇ ॥
ਭਉ ਚੂਕਾ ਨਿਰਭਉ ਹੋਇ ਬਸੇ ॥
ਸਗਲ ਬਿਆਧਿ ਮਨ ਤੇ ਖੈ ਨਸੇ ॥
ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥
ਸਾਧ ਸੰਗਿ ਜਪਿ ਨਾਮੁ ਮੁਰਾਰੀ ॥
ਥਿਤਿ ਪਾਈ ਚੂਕੇ ਭ੍ਰਮ ਗਵਨ ॥
ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥"

# (੪) ਸੰਤ ਸਰੂਪ ਭਾਈ ਰਾਮ ਸਹਾਇ ਜੀ

[ ਸ੍ਰੀ ਆਲਿਮ ਜੀ ਦੀ ਕਲਮ ਤੋਂ ]

ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਵਰੋਸਾਏ ਹੋਏ ਸਿਖਾਂ ਵਿਚੋਂ ਸ੍ਰੀਮਾਨ ਭਾਈ ਰਾਮ ਸਹਾਇ ਵੀ ਇਕ ਉਚੀ ਅਤੇ ਸਚੀ ਜ਼ਿੰਦਗੀ ਦੇ ਮਾਲਿਕ ਸਨ। ਆਪ ਪੂਰੇ ਸੰਤ ਸਨ। ਭਜਨ ਬੰਦਗੀ ਵੈਰਾਗ ਤੇ ਤਿਆਗ ਦੀ ਮੂਰਤੀ ਸਨ। ਆਪ ਜੀ ਦਾ ਜਨਮ ਹਜ਼ਰੋ ਸਾਹਿਬ ਦੇ ਇਲਾਕੇ 'ਓਤ੍ਰਾ' ਨਾਮੀ ਪਿੰਡ ਵਿਚ ਹੋਯਾ ਸੀ। ਜਦ ਆਪ ਨੇ ਸੁਰਤ ਸਮਾਲੀ ਤਾਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਜਸ ਸੁਣਕੇ ਸ੍ਰੀ ਹਜ਼ਰੋ ਸਾਹਿਬ ਵਿਖੇ ਪਜੇ। ਰਸਤੇ ਵਿਚ ਦਰਿਆ ਚੜ੍ਹਿਆ ਹੋਇਆ ਸੀ। ਬੜੀ ਪੈਂਦੀ ਨਹੀਂ, ਸੀ, ਪਰ ਆਪ ਸਤਿਗੁਰੂ ਦੀ ਸ਼ਰਨ ਵਿਚ ਜਾਣ ਲਈ ਕਮਰ ਕਸੇ ਲਾ ਚੁਕੇ ਸਨ। ਸੰਕਲਪ ਬੜਾ ਦ੍ਰਿੜ੍ਹ ਸੀ। ਮਾੜਾ ਮੋਟਾ ਹੁੰਦਾ ਤਾਂ ਮੁੜ ਜਾਂਦੇ। ਦਿਲ ਵਿਚ ਗਲ ਧਾਰੀ ਕਿ ਜੇ ਪੂਰਾ ਗੁਰੂ ਹੋਸੀ ਤਾਂ ਆਪੇ ਪਾਰ ਲਾ ਦੇਸੀ, ਪਾਨੀ ਵਿਚ ਪੈਰ ਪਾਏ ਤਾਂ, ਦਰਿਆ ਲਹਿ ਗਿਆ ਤੇ ਭਾਈ ਸਾਹਿਬ ਸੁਖੈਨ ਹੀ ਪਾਰ ਲੰਘ ਗਏ। ਜਾ ਸਤਿਗੁਰਾਂ ਦਾ ਦਰਸਨ ਕੀਤਾ। ਚਰਨ ਪਰਸੇ ਤੇ ਭਜਨ ਪੁਛਣ ਵਾਸਤੇ ਅਰਜ਼ ਕੀਤੀ। ਜਵਾਬ ਮਿਲਿਆ ਭਾਈ ਸਵੇਰੇ। ਰਾਮ ਸਹਾਇ ਜੀ ਨੇ ਫੇਰ ਬੇਨਤੀ ਕੀਤੀ-ਗਰੀਬ ਨਿਵਾਜ ਅਗੇ ਬਥੇਰਾ ਵਕਤ ਗੁਜ਼ਰ ਚੁਕਾ ਹੈ। ਹੁਣ ਨਾਂ ਢ੍ਰਿਕ ਪਾਓ। ਕਰ ਦਿਓ ਮੇਹਰ ਤੇ ਧਰੋ ਮਥੇ ਤੇ ਹਥ, ਮਾਰ ਦਿਓ ਕੰਨ ਵਿਚ ਫੂਕ। ਉਹ ਫੂਕ ਜੋ ਜਨਮ ਮਰਨ ਦਾ ਚਕ੍ਰ ਮਿਟਾਣ ਵਾਲੀ ਫੂਕ ਹੈ। ਉਹ ਫੂਕ ਜੋ ਅੰਧਕਾਰ ਵਿਚ ਪ੍ਰਕਾਸ਼ ਕਰ ਦੇਣ ਵਾਲੀ, ਸੁਤਿਆਂ ਨੂੰ ਜਗਾਣ ਵਾਲੀ ਅਤੇ ਮੁਰਦਿਆਂ ਨੂੰ ਜ਼ਿੰਦਾ ਕਰਨ ਵਾਲੀ 'ਗੁਰਮੰਤ੍ਰ' ਦੀ ਫੂਕ ਹੈ। ਉਹ ਫੂਕ ਜਿਸ ਨਾਲ ਪਾਪਾਂ ਨਾਲ ਭਰੀ ਹੋਈ ਮਤ ਉਜਲ ਹੋ ਜਾਂਦੀ ਹੈ, ਅਤੇ ਉਹ ਫੂਕ ਜਿਸ ਨਾਲ ਜਨਮ ਜਨਮਾਂਤ੍ਰਾਂ ਦੀ ਮਲ ਨਾਲ ਖਨਲੀ ਦੀ ਤਰਾਂ ਕਾਲਾ ਹੋਇਆ੨ ਮਨ ਵੀ ਇਉਂ ਚਿੱਟਾ ਹੋ ਜਾਂਦਾ ਹੈ, ਜਿਵੇਂ-

'ਸਾਬਨ ਕਾਪਰ ਊਜਲ ਹੋਤ'

ਸਤਿਗੁਰਾਂ ਕਿਹਾ, ਭਾਈ ਸਾਹਿਬ ਦਰਯਾ ਵਾਲੀ ਗਲ ਯਾਦ ਕਰੋ। ਜੇ ਓਥੇ ਰੁੜ੍ਹ ਜਾਂਦੇ ਤਾਂ ਫੇਰ ਕੀ ਬਣਦਾ? ਏਹ ਬਚਨ ਸੁਣਦਿਆਂ ਸਾਰ ਭਾਈ ਜੀ ਵੈਰਾਗੀ ਹੋ ਗਏ। ਵੱਤਰ ਵੇਖਕੇ ਸਤਿਗੁਰ ਸਚੇ ਪਾਤਿਸ਼ਾਹ ਜੀ ਨੇ ਨਾਮ ਬੀਜ ਬੀਜ ਦਿਤਾ, ਤੇ ਨਾਲ ਹੀ ਵਰ ਦੇ ਦਿਤਾ ਬੇਟਾ ਤੇਰੀ ਅਕਾਲ ਪੁਰਖ ਨਾਲ ਸਦਾ ਹੀ ਬਣੀ ਰਹੇਗੀ। ਨਾਮ ਪੁਛਦਿਆਂ ਹੀ ਰੰਗ ਚੜ੍ਹ ਗਿਆ। ਨਾਮ ਮਜੀਠ ਨਾਲ ਕਾਯਾਂ ਰੰਗੀ ਗਈ। ਅਭਿਆਸ ਸ਼ੁਰੂ ਕਰ ਦਿਤਾ। ਐਸਾ ਸੁਆਦ ਆਇਆ ਕਿ ਹੋਰ ਸਵਾਦ ਸਭ ਭੁਲ ਗਏ। ਗੁਰੂ ਜੀ ਦਾ ਵਾਕ ਹੈ-"ਆਨ ਸਾਦ ਸਭ ਫੀਕਿਆ ਕਰ ਨਿਰਨਉ ਡੀਠਾ।" ਨਾਮ ਮਹਾਰਸ ਦਾ ਅਨੰਦ ਓਹੀ ਜਾਣਦੇ ਹਨ ਜਿਨਾਂ ਨੇ ਚਖਿਆ ਹੈ, ਦੂਜਾ ਭਲਾ ਕੀ ਜਾਣੇ। ਭਾਈ ਸਾਹਿਬ ਨਾਮ ਦੇ ਸਾਰ ਰਸ ਵਿਚ ਅਜੇਹੇ ਮਗਨ ਹੋਏ ਕਿ ਵਿਸ਼ਿਆਂ ਦੇ ਰਸ ਨੂੰ ਰਿਦੇ ਵਿਚੋਂ ਦੂਰ ਹੋਣਾਂ ਪਿਆ-'ਜਿਨ ਪੀਆ

ਸਾਰ ਰਸ ਤਜੇ ਆਨ ਰਸ ਹੋਇ ਰਸਿ ਮਗਨ ਡਾਰੇ ਬਿਖੁ ਖੋਇ।" ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ, ਏਨ੍ਹਾਂ ਪੰਜਾਂ ਵਿਸ਼ਿਆਂ ਵਾਸਤੇ ਮਨ ਮੰਦਰ ਵਿਚ ਪ੍ਰਵੇਸ਼ ਕਰਨ ਦੀ ਮਨਾਹੀ ਹੋ ਗਈ। ਜੀਵਨ ਨੇ ਪਲਟਾ ਖਾਧਾ. ਕੱਚੋਂ ਕੰਚਨ, ਬਿਖ ਤੋਂ ਅੰਮ੍ਰਿਤ, ਲੋਹੇ ਤੋਂ ਲਾਲ, ਪੱਥਰ ਤੋਂ ਮਾਣਿਕ ਅਤੇ ਕਾਠ ਤੋਂ ਚੰਦਨ ਹੋ ਗਿਆ। ਚੇਹਰੇ ਤੇ ਸੰਤਾਂ ਵਾਲਾ ਜਲਾਲ ਚਮਕਣ ਲਗਾ॥ ਹਰ ਵਕਤ ਬੁਲ੍ਹ ਫਰਕਦੇ ਹਨ, ਨੇਤ੍ਰ ਰੰਗੇ ਰਹਿੰਦੇ ਹਨ ਅਤੇ ਨਾਮ ਦਾ ਰੰਗ ਚੜ੍ਹਿਆ ਰਹਿੰਦਾ ਹੈ। ਨਾਮ ਨੂੰ ਗੁਰੂ ਜੀ ਨੇ ਰਸਾਇਣ (ਰਸ ਆਇਣ) ਕਿਹਾ ਹੈ, ਜਿਸਦਾ ਅਰਥ ਹੈ ਰਸ ਦਾ ਸੋਮਾ। ਇਸ ਲਈ ਨਾਮ ਰਸਾਇਣ ਵਿਚ ਰਤੇ ਹੋਏ ਸੰਤਾਂ ਨੂੰ—'ਸਚੇ ਅਮਲੀ' ਆਖਿਆ ਗਿਆ ਹੈ-'ਨਾਮ ਰਸਾਇਣ ਜੋ ਰਤੇ ਨਾਨਕ ਸਚ ਅਮਲੀ।' ਭੰਗ, ਫੀਮ, ਸ਼ਰਾਬ, ਅਕ ਤੇ ਧਤੂਰੇ ਦੇ ਅਮਲ ਨਾਲ ਦਿਮਾਗ਼ ਖ਼ੁਸ਼ਕ ਹੁੰਦਾ ਤੇ ਹਿਰਦੇ ਵਿਚ ਖਰੂਦ ਉਪਜਦਾ ਹੈ, ਪ੍ਰੰਤੂ ਨਾਮ ਰਸਾਇਣ ਦੇ ਅਮਲ ਨਾਲ ਦਿਮਾਗ਼ ਦੀ ਪ੍ਰਾਕ੍ਰਿਤਕ ਖ਼ੁਸ਼ਕੀ ਦੂਰ ਹੋ ਕੇ ਮਨ ਵਿਸ਼ੇ ਵਾਸ਼ਨਾਂ ਤੋ ਰੁਕ ਜਾਂਦਾ ਹੈ। 'ਮਾਈ ਮੈ ਧਨ ਪਾਇਓ ਹਰਿ ਨਾਮ॥ ਮਨ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸ੍ਰਾਮ।' ਮਨ ਦੀ ਵਿਖੇਪਤਾ ਨੂੰ ਕੇਵਲ ਨਾਮ ਰਸਾਇਣ ਨਾਲ ਹੀ ਨਿਵਿਰਤ ਕੀਤਾ ਜਾ ਸਕਦਾ ਹੈ। ਰਾਮ ਸਹਾਇ ਜੀ 'ਨਾਮ ਰਸਾਇਣ' ਨਾਲ ਗੁਟ ਹੋਏ ਰਹਿੰਦੇ ਹਨ। ਜਿਨ੍ਹਾਂ ਦਾ ਮਨ ਹਰੇ ਬਾਗ ਦੇ ਪੁਸ਼ਪਾਂ ਵਾਂਗ ਸਦਾ ਹੀ ਖੇੜੇ ਵਿਚ ਰਹਿੰਦਾ ਹੈ—

'ਮਨ ਖਿੜਿਆ ਹਰਿਆ ਬਾਗ।'

ਅਤੇ

'ਨਾਨਕ ਭਗਤਾ ਸਦਾ ਵਿਗਾਸ।'

## ੨.

ਭਿਨੜੀ ਰੈਣ ਹੈ, ਤਾਰੇ ਚਮਕ ਰਹੇ ਹਨ। ਵਾਯੂ ਮੰਡਲ ਸ਼ਾਂਤ ਹੈ। ਨਿਰਜਨ ਅਸਥਾਨ ਹੈ। ਅਟਕ ਦਾ ਕਿਨਾਰਾ ਹੈ, ਅਕਾਸ਼ ਦੇ ਚਿਤ੍ਰ ਮਿਤ੍ਰੇ ਵਿਸ਼ਾਲ ਸ਼ਾਮਿਆਨੇ ਹੇਠ ਖੁਸ਼ਨੁਮਾ ਧਰਤੀ ਤੇ ਰੇਤ ਦਾ ਫਰਸ਼ ਹੈ, ਜਿਸਤੇ ਇਕ ਮਹਾਤਮਾ ਭੁੰਗਲ ਮਾਟਾ ਮਾਰੀ ਬੈਠੇ ਹਨ। ਇਹ ਓਹੀ ਸੰਤ (ਰਾਮ ਸਹਾਇ) ਜੀ ਹਨ, ਜੋ ਇਸ ਕਥਾ ਦੇ ਨਾਇਕ ਹਨ। ਹਰ ਰੋਜ਼ ਰਾਤ ਨੂੰ ਦਰਯਾ ਦੇ ਕੰਢੇ ਬੰਦਗੀ ਕਰਨੀ ਇਨ੍ਹਾਂ ਦਾ ਨਿਯਮ ਹੈ। ਏਥੇ ਹੀ ਪਿਛਲੀ ਰਾਤ ਇਸ਼ਨਾਨ ਕਰਕੇ ਖਸਮ ਦੀਦਾਰ ਦੀ ਸਿਕ ਵਿਚ ਭਜਨ ਕਰਦੇ ਹਨ। ਇਹ ਨਿੰਦ੍ਰਾਵਲੇ ਨੈਨਾਂ ਵਾਲੇ ਉਹ ਜਗਿਆਸੂ ਹਨ, ਜਿਨ੍ਹਾਂ ਨੂੰ ਦਾਤਾਂ ਵੰਡਣ ਵਾਲੇ ਦਾਤਾਰ ਸਿਰਜਨਹਾਰ ਕੁਆਕੇ ਦਰਸਨ ਕਸਤੂਰੀ ਦਾ ਪ੍ਰਸ਼ਾਦ ਬਖਸ਼ਦੇ ਹਨ—'ਫਰੀਦਾ ਰਾਤ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ॥ ਜਿਨਾਂ ਨੈਨ ਨਿੰਦ੍ਰਾਵਲੇ ਤਿਨਾ ਮਿਲਨ ਕੁਆਉ॥" ਇਹ ਉਹ ਦਰਜਾ ਦੋਸਤ ਹਨ, ਜਿਨਾਂ ਨੂੰ ਸੁਰਤੇ ਹੋਣ ਦੀ ਪਦਵੀ ਪ੍ਰਾਪਤ ਹੈ। ਇਨ੍ਹਾਂ ਦੇ ਹੀ ਹਿਰਦੇ ਨੂੰ ਗੋਬਿੰਦ ਨੇ, ਅਪਣੀਆਂ ਬਖਸ਼ਸ਼ਾਂ ਦਾ ਪਾਤ੍ਰ ਬਣਾਇਆ ਹੈ। ਇਹ ਉਹ ਜੀਉਂਦੇ ਜਾਗਦੇ ਪੁਰਸ਼ ਹਨ, ਜੋ ਅਪਣੇ ਪ੍ਰੀਤਮ ਦੀ ਅਭਿਲਾਸ਼ਾ ਵਿਚ ਰਾਤਾਂ ਅਖੀਆਂ ਵਿਚੋਂ ਦੀ ਗੁਜ਼ਾਰਦੇ ਹਨ। ਏਨ੍ਹਾਂ ਦੀ ਰਹਿਣੀਂ ਨਿਆਰੀ, ਬਹਿਣੀਂ ਨਿਆਰੀ, ਕਹਿਣੀ ਤੇ ਸਹਿਣੀ ਅਸਚਰਜ। ਇਨ੍ਹਾਂ ਦੀ ਸ਼ਾਨ ਵਿਚ ਹੀ ਕਿਹਾ ਹੈ:-'ਏਨਾਂ ਆਸ਼ਿਕਾਂ ਦੀ ਰਮਜ਼ ਨਿਆਰੀ ਹੁੰਦੀਏ। ਗੀਤ ਪ੍ਰੀਤਮ ਦੇ ਗੌਂਦੇ ਫਿਰਦੇ ਜੰਗਲਾਂ ਚ ਭੌਂਦੇ, ਚੜੀ ਨਾਮ ਵਾਲੀ ਏਨਾਂ ਨੂੰ ਖੁਮਾਰੀ ਹੁੰਦੀਏ। ਰਾਤੀਂ ਸੌਂਦੇ ਨਹੀਂ

ਮੂਲ, ਰਿਦੇ ਬਿਰਹੋਂ ਦਾ ਸੂਲ, ਰਾਤ ਅੱਖਾਂ ਵਿਚ ਏਨ੍ਹਾਂ ਨੇ ਗੁਜ਼ਾਰੀ ਹੁੰਦੀ ਏ। ਮਰਜ਼ ਏਨਾਂ ਦੀ ਅਜੀਬ, ਨਹੀਂ ਸਮਝਦੇ ਤਬੀਬ, ਦਾਰੂ ਹੋਰ ਅਤੇ ਹੋਰ ਹੀ ਬੀਮਾਰੀ ਹੁੰਦੀ ਏ। ਕੋਈ ਆਖਦਾ ਸੌਦਾਈ, ਕੋਈ ਆਖਦਾ ਕੁਰਾਹੀ ਏਨਾਂ ਜਿੰਦੜੀ ਗੁਰਾਂ ਦੇ ਉਤੋਂ ਵਾਰੀ ਹੁੰਦੀ ਏ ॥ ੪ ॥ (ਆਲਿਮ)

ਵਾਹਵਾ! ਮੇਹਨਤੀ ਪੁਰਸ਼ ਨੂੰ ਭਲਾ ਮਜ਼ਦੂਰੀ ਕਿਉਂ ਨਾਂ ਮਿਲੇ। ਜਦ ਦੁਨੀਆਂਵਿਚ ਕੋਈ ਭਲਾ ਮਨੁਖ ਕਿਸੇ ਕਿਰਤੀਦਾ ਇਵਜ਼ਾਨਾਂ ਨਹੀਂ ਰਖ ਸਕਦਾ, ਤਾਂ ਉਹ ਮਾਲਿਕ,ਜੋ ਕਿ ਹੈ ਹੀ ਭਲਾਈ ਦਾ ਪੁੰਜ,ਅਪਣੇ ਪਿਆਰਿਆਂ ਦੀ ਮਜ਼ਦੂਰੀ ਕਿਵੇਂ ਰਖ ਸਕਦਾ ਹੈ?ਇਹ ਉਜਰਤ ਵੀ ਅਜਬ ਕਿਸਮਦੀ ਹੈ। ਦੁਨੀਆਂਦੇ ਬੰਦੇ ਤਾਂ ਮਸਾਂ ਰੋਟੀ ਜੋਗੇ ਪੈਸੇ ਹੀ ਮਜਦੂਰ ਨੂੰ ਦੇਂਦੇ ਹਨ,ਪਰ ਅਰਸ਼ਾਂਦਾਸਾਈਂ ਅਪਣੇ ਆਪ ਨੂੰ ਹੀ ਭਗਤਾਂ ਦੇ ਹਵਾਲੇ ਕਰ ਦਿੰਦਾ ਹੈ। ਕਿਧਰੇ ਛੰਨਾਂ ਬੰਨ੍ਹਦਾ ਫਿਰਦਾ ਹੈ, ਕਿਧਰੇ ਹੁੰਡੀਆਂ ਤਾਰਦਾ ਫਿਰਦਾ ਹੈ,ਕਿਧਰੇ ਡੰਗਰ ਚਾਰ ਰਿਹਾ ਹੈ, ਤੇ ਕਿਧਰੇ ਤ੍ਰਿਲੋਚਨ ਜੈਸੇ ਭਗਤ ਦੇ ਘਰ ਕਾਮਾ ਬਣਕੇ ਸੇਵਾ ਕਰ ਰਿਹਾ ਹੈ,ਫਾਰਸੀ ਦੀ ਇਕ ਅਖੌਤ ਹੈ,—"ਹਰ ਕਿ ਖ਼ਿਦਮਤ ਕਰਦ, ਓ ਮਖਦੂਮ ਸ਼ੁਦ॥" ਅਰਥਾਤ ਜਿਸ ਨੇ ਸੇਵਾ ਕੀਤੀ, ਉਹ ਮਾਲਿਕ ਬਣ ਗਿਆ। ਪਰ ਅਜੇਹਾ ਉਸ ਸੂਰਤ ਵਿਚ ਹੁੰਦਾ ਹੈ, ਜਦ ਕਿ ਮਾਤਾ, ਪਿਤਾ, ਭੈਣਾਂ, ਭਾਈਆਂ, ਚਾਚੇ ਚਾਚੀਆਂ, ਤਏ, ਤਾਈਆਂ, ਨਾਨੇ, ਨਾਨੀਆਂ, ਮਾਮੇ ਮਾਮੀਆਂ, ਸੱਜਨਾਂ ਮਿੱਤ੍ਰਾਂ, ਗਲ ਕੀ ਸਮੂਹ ਜਗਤ ਵਿਚ ਜੋ ਪ੍ਰੀਤ ਦੇ ਤੰਦ ਖਿਲਰੇ ਹੋਏ ਹਨ, ਸਭਨਾਂ ਨੂੰ ਕੱਠੇ ਕਰਕੇ ਉਹਨਾਂ ਦੀ ਮਜ਼ਬੂਤ ਡੋਰੀ ਵੱਟ ਅਪਣੇ ਮਨੀਰਾਮ ਨੂੰ ਭਗਵਾਨ ਦੇ ਚਰਨਾਂ ਨਾਲ ਬੰਨ੍ਹ ਦਿਤਾ ਜਾਵੇ। ਅਸੀਂ ਬਹੁਤ ਦੂਰ ਚਲੇ ਗਏ ਹਾਂ, ਆਓ ਭਾਈ ਰਾਮ ਸਹਾਇ ਵਲ ਪਰਤ ਕੇ ਤਕੀਏ ਅਤੇ ਉਸਦੇ ਭਾਗਾਂ ਦੀ ਪ੍ਰਸ਼ੰਸਾ ਕਰੀਏ, ਕਿਉਂਕਿ ਅਜ ਉਸ ਨੂੰ ਮਜ਼ਦੂਰੀ ਮਿਲਨ ਲਗੀ ਹੈ। ਅਜ ਉਸਦਾ ਅੰਗਣਾਂ ਸੁਹਾਵਾ ਥੀਣ ਲਗਾ ਹੈ। ਔਹ ਤਕੋ! ਭਾਈ ਰਾਮ ਸਹਾਇ ਦੇ ਝੁੰਗਲ ਮਾਟੇ ਵਿਚ ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਸਾਖਸ਼ਾਤ ਦਰਸ਼ਨ ਦਾ ਓਹ ਚਮਤਕਾਰ ਜਿਸਨੂੰ ਤਕਕੇ ਬਾਣੀ ਹੁੰਦੀ ਹੈ,—"ਕਹੁ ਨਾਨਕ ਸਹੁ ਘਰ ਮੈ ਬੈਠਾ ਸੋਹੇ ਬੰਕ ਦੁਆਰੋ"ਹੁਕਮ ਹੋਯਾ ਬੇਟਾ! ਕੁਛ ਮੰਗ ਲੈ।

## ਮੰਗਣਾਂ

ਮੰਗਣਾਂ ਕੋਈ ਅਸਾਨ ਗੱਲ ਨਹੀ ਹੈ। ਮੰਗਣ ਦੀ ਵੀ ਜਾਚ ਹੁੰਦੀ ਹੈ। ਅਕਲ ਹੁੰਦੀ ਤੇ ਜੁਗਤੀ ਹੁੰਦੀ ਹੈ। ਅਰਜਨ ਤੇ ਦਰ-ਯੋਧਨ ਨੂੰ ਭਗਵਾਨ ਤੋਂ ਇਕ ਇਕ ਵਰ ਮੰਗਣ ਦਾ ਮੌਕਾ ਮਿਲਿਆ, ਤਾਂ ਅਰਜਨ ਨੇ ਮੰਗ ਲਿਆ ਇਕਲੇ ਮਹਾਰਾਜ ਨੂੰ, ਅਤੇ ਦੁਰਯੋਧਨ ਨੇ ਬ੍ਰਹਿਮੰਡ ਦੀਆਂ ਉਨ੍ਹਾਂ ਸਕ-ਤੀਆਂ ਨੂੰ ਜੋ ਭਗਵਾਨ ਦੇ ਫੁਰਨੇ ਨਾਲ ਪੈਦਾ ਤੇ ਸੰਕਲਪ ਮਾਤ੍ਰ ਨਾਲ ਨਸ਼ਟ ਹੋ ਜਾਣ। ਸੋ ਕੋਈ ਅਰਜਨ ਜੈਸਾ ਅਧਿਕਾਰੀ ਅਤੇ ਸਮਝਵਾਨ ਹੀ ਮੰਗ ਦੇ ਸਮੇ ਨੂੰ ਸਮ੍ਹਾਲ ਸਕਦਾ ਹੈ। ਬੇਸਮਝ ਤਾਂ ਸਦਾ ਹੀ ਗਵਾ ਬੈਠਦਾ ਹੈ, ਕਿਉਂਕਿ ਉਹ ਸ਼ਸ਼ੋ ਪੰਜ ਵਿਚ ਫੈਸਲਾ ਹੀ ਨਹੀਂ ਕਰ ਸਕਦਾ, ਕਿ ਉਸ ਨੂੰ ਕੀ ਮੰਗਣਾ ਚਾਹੀਦਾ ਹੈ॥ ਸਗੋਂ ਅਜੇਹਾ ਪੁਰਸ਼ ਕਈ ਵਾਰ ਅਜੇਹੀ ਮੰਗ ਮੰਗ ਬੈਠਦਾ ਹੈ - 'ਜਾ ਤੇ ਕੁਸ਼ਲ ਨ ਕਾਹੂ ਥੀਆ।' ਕੁਸਲਤਾ ਤਾਂ ਕੀ ਸਗੋਂ ਉਲਟਾ

ਦੁਖ ਹੀ ਵਿਹਾਝਿਆ ਜਾਂਦਾ ਹੈ। ਭਾਈ ਰਾਮ ਸਹਾਇ ਜੀ. ਜਨਮਾਂ ਜਨਮਾਂ ਦੀ ਨੀਂਦ ਤੋਂ ਜਾਗੇ ਹੋਏ ਜਾਚਨਾਂ ਕਰਦੇ ਹਨ:—

'ਤੁਮ ਹਰਿ ਦਾਤੇ ਸਮਰਥ ਸੁਆਮੀ ਇਕੁ ਮਾਗਉ ਤੁਝ ਪਾਸਹੁ ਹਰਿ ਦਾਨੈ। ਜਨ ਨਾਨਕ ਕਉ ਹਰਿ ਕ੍ਰਿਪਾ ਕਰਿ ਦੀਜੈ, ਸਦ ਬਸਹਿ ਰਿਦੈ ਮੋਹਿ ਚਰਾਨੈ' ਹੇ ਪਰਮ ਪਿਤਾ! ਏਹੀ ਦਾਨ ਮੰਗਦਾ ਹਾਂ, ਕਿ ਤੇਰੇ ਚਰਨ ਕਮਲਾਂ ਦਾ ਮੇਰੇ ਹਿਰਦੇ ਵਿਚ ਵਾਸ ਰਹੇ।

ਉਸ ਪ੍ਰਕਾਸ਼ ਪੁੰਜ ਵਲੋਂ ਸ਼ਬਦ ਹੋਇਆ, ਕੁਛ ਹੋਰ ਮੰਗ ਲੈ! ਅਧੀਨਗੀ ਨਾਲ ਬੇਨਤੀ ਕੀਤੀ—

ਕ੍ਰਿਪਾਲੂ ਪਿਤਾ ਜੀ! —"ਹਮਰੈ ਏਹ ਕ੍ਰਿਪਾ ਕੀਜੈ॥ ਅਲਿ ਮਕਰੰਦ ਚਰਨ ਕਮਲ ਸਿਉ ਮਨੁ ਫੇਰਿ ਫੇਰਿ ਰੀਝੈ। ੧॥ ਰਹਾਉ॥' ਰਾਮ ਸਹਾਇ ਕੁਛ ਹੋਰ ਮੰਗਲੈ! ਦਿਵ੍ਯ ਪੁਰਸ਼ ਨੇ ਆਖਿਆ। ਸਚੇ ਪਾਤਿਸ਼ਾਹ! —" ਆਨ ਜਲਾ ਸਿਉ ਕਾਜ ਨ ਕਛੂਐ ਹਰਿ ਬੂੰਦ ਚਾਤ੍ਰਿਕ ਕਉ ਦੀਜੈ॥੧॥ ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕ ਜੀਜੈ"। ਕ੍ਰਿਪਾ ਨਿਧਾਨ ਜੇ ਤੁਠੇ ਹੋ ਤਾਂ ਅੰਗ ਸੰਗ ਰਹੋ ਅਤੇ ਆਪਣਾਂ ਦਰਸ਼ਨ ਬਖਸ਼ੋ।' 'ਹਛਾ ਭਾਈ ਰਾਮ ਸਹਾਇ! ਤੈਨੂੰ ਭਜਨ ਸਮੇਂ ਦਰਸ਼ਨ ਹੋ ਜਾਇਆ ਕਰੇਗਾ।' ਇਹ ਕਹਿਕੇ ਉਹ ਮੂਰਤੀ ਅੰਤਰ ਧਿਆਨ ਹੋਗਈ। ਰੋਜ ਰਾਤ ਨੂੰ ਭਾਈ ਰਾਮ ਸਹਾਇ ਨੂੰ ਸਮਾਧੀ ਲਾਣ ਸਮੇਂ ਦਰਸ਼ਨ ਹੋ ਜਾਇਆ ਕਰੇ, ਅਤੇ ਆਪ ਮਸਤੀ ਵਿਚ ਗਾਇਆ ਕਰਨ—" ਕਹੁ ਨਾਨਕ ਵਰ ਘਰੁ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ"

## ੩.

ਢਲੀ ਰਾਤ ਦਾ ਸਮਾ ਹੈ, ਲੋਕ ਘਰੋ ਘਰੀ ਸੁਤੇ ਪਏ ਹਨ। ਪਸ਼ੂ ਪੰਛੀਆਂ ਤਕ ਸੁਖਆਸਨ ਹੋਏ ਹੋਏ ਘੁਰਾੜੇ ਮਾਰ ਰਹੇ ਹਨ, ਪ੍ਰੰਤੂ ਇਸ ਭਿੰਨੀ ਰੈਣ ਦੇ ਚਮਕਦੇ ਹੋਏ ਤਾਰਿਆਂ ਦੇ ਮੰਡਲ ਹੇਠ ਭਾਈ ਰਾਮ ਸਹਾਇ ਜੀ ਦਰਜਾ ਦੇ ਕੰਢੇ ਆਸਣ ਜਮਾਈ ਬੈਠੇ ਹਨ।

**ਜਾਗਣਾਂ**- ਜਾਗਦੇ ਹਨ ਚੋਰ ਚੋਰੀ ਵਾਸਤੇ ਜਾਗਦੇ ਹਨ ਯਾਰ ਯਾਰੀ ਵਾਸਤੇ, ਜਾਗਦੇ ਹ ਧਾੜਵੀ ਧਾੜਿਆਂ ਵਾਸਤੇ, ਜਾਗਦੇ ਹਨ ਬਿਲਾਸੀ ਬਿਲਾਸ ਵਾਸਤੇ, ਜਾਗਦੇ ਹਨ ਕਾਮੀ ਕਾਮ ਵਾਸਤੇ, ਜਾਗਦੇ ਹਨ ਤਮਾਸ਼ਾਈ ਤਮਾਸ਼ਿਆਂ ਵਾਸਤੇ, ਪ੍ਰੰਤੂ ਇਹ ਸਭ ਜਾਗਦੇ ਹੋਏ ਵੀ ਸੁਤਿਆਂ ਨਾਲੋਂ ਭੈੜੇ ਹਨ, ਅਸਲੀ ਜਾਗਦੇ ਹਨ ਉਹ ਜੋ ਉਸ ਪ੍ਰੀਤਮ ਦੇ ਪਿਆਰ ਵਿਚ ਜਾਗਦੇ ਹਨ। ਭਗਤੀ ਤੇ ਕੀਰਤਨ ਵਾਸਤੇ 'ਜਾਗਨਾ ਜਾਗਨ ਨੀਕਾ ਹਰਿ ਕੀਰਤਨ ਮਹਿ ਜਾਗਨਾ।"—"ਭਿਨੀ ਰੈਨੜੀਏ ਚਾਮਕਨਿ ਤਾਰੇ। ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ। ਸੰਤ ਪਿਆਰੇ ਸਦਾ ਜਾਗਹਿ ਨਾਮ ਸਿਮਰਹਿ ਅਨਦਿਨੋ।" ਭਾਈ ਰਾਮ ਸਹਾਇ ਪਿਆਰੇ ਨਾਮ ਵੈਰਾਗ ਵਿਚ ਰੰਗੇ ਹੋਏ ਜਾਗ ਰਹੇ ਹਨ। ਪ੍ਰੀਤਮ ਦਰਸ਼ਨ ਦੀ ਤਾਂਘ ਵਿਚ ਅਜੇ ਅਖਾਂ ਨੂਟੀਆਂ ਹੀ ਹਨ, ਕਿ ਇਕ ਬੱਕਰੀ ਦੇ ਬੱਚੇ (ਪਠੋਰੇ) ਨੇ ਆਪਦੇ ਸਰੀਰ ਨਾਲ ਖਹਿਣਾ ਸ਼ੁਰੂ ਕਰ ਦਿਤਾ। ਧਿਆਨ ਵਿਚ ਵਿਘਨ ਪੈ ਗਿਆ, ਤੇ ਮੂੰਹ ਤੋਂ ਪੱਲਾ ਲਾਹਕੇ ਹਟਾ ਦਿਤਾ ਉਸਨੂੰ ਪਿਛੇ। ਦੂਜੀ ਵਾਰ ਸਾਮਧੀ ਲਾਣ ਲਗੇ, ਤਾਂ ਫੇਰ ਪਠੋਰੇ ਨੇ ਆਣ ਟੁੰਬਿਆ। ਭਾਈ ਸਾਹਿਬ ਨੇ ਫੇਰ ਪਹਿਲੋਂ ਵਾਂਗ ਹੀ ਪਿਛੇ ਕਰ ਦਿਤਾ, ਪਰ ਜਦ ਤੀਜੀ ਵਾਰ

ਪਠੋਰਾ ਖਹਿਣ ਲਗਾ ਤਾਂ ਆਪਨੇ ਕੋਲੋਂ ਇਕ ਵੱਟਾ ਚੁਕਕੇ ਉਸਨੂੰ ਮਾਰਿਆ—ਜਿਸ ਕਰਕੇ ਮੇਮਨਾਂ ਮੇਂ ਮੇਂ ਕਰਦਾ ਦੌੜ ਗਿਆ।

ਅਜ ਜੋਰ ਲਾ ਥਕੇ, ਨਾਂ ਬ੍ਰਿਤੀ ਜੁੜੀ ਤੇ ਨਾਂ ਹੀ ਪ੍ਰੀਤਮ ਜੀ ਮਿਲੇ। ਸਾਰੀ ਰਾਤ ਖਪਦੇ ਰਹੇ, ਰੋਂਦੇ ਰਹੇ, ਬੇਨਤੀਆਂ ਕਰਦੇ ਰਹੇ, ਪਰ ਨਿਸ਼ਫਲ। ਪਹੁ ਫੁਟਾਲੇ ਨੇ ਸੂਰਜ ਭਗਵਾਨ ਦੇ ਆਗਮਨ ਦਾ ਨੋਟਿਸ ਦਿਤਾ। ਚਿੜੀਆਂ ਚੁਹਕੀਆਂ, ਪੰਛੀਆਂ ਦੇ ਨਗ਼ਮੇਂ ਸ਼ੁਰੂ ਹੋ ਪਏ, ਅਤੇ ਹੌਲੀ ਹੋਲੀ ਰਾਤ ਰਾਣੀ ਜਿਸਨੇ ਸਿਲਮੇ ਸਿਤਾਰੇ ਨਾਲ ਮੜੀ ਹੋਈ ਕਾਲੇ ਰੰਗ ਦੀ ਚਾਦਰ ਓਹੜੀ ਹੋਈ ਸੀ ਸੂਰਜ ਦੇ ਪ੍ਰਕਾਸ਼ ਵਿਚ ਜਜ਼ਬ ਹੋ ਗਈ। ਰਾਮ ਸਹਾਇ ਜੀ ਪ੍ਰੀਤਮ ਵਿਯੋਗ ਦੀ ਜਲਨ ਵਿਚ ਤੱਲੱ ਮਛੀ ਹੋ ਰਹੇ ਹਨ। ਕੁਛ ਸੁਝਦਾ ਨਹੀਂ ਕੀ ਕੀਤਾ ਜਾਵੇ। ਛੇਕੜ ਆਤਮਾ ਵਲੋਂ ਅਵਾਜ਼ ਆਈ ਕਿ ਚੱਲ,ਉਸ ਅੰਮ੍ਰਿਤ ਦੇ ਸੋਮੇਂ ਵਲ, ਫੜ ਲੈ ਉਸਦੇ ਚਰਨ,ਜਿਸਨੇ ਤੇਰੇ ਮਸਤਕ ਤੇ ਹਥ ਧਰਕੇ ਨਿਵਾਜਿਆ ਸੀ, ਨਾਮ ਬਖਸ਼ਿਆ ਸੀ,ਤੇ ਜਿਸ ਦੇਨੈਣਾਂ ਦੇ ਇਕ ਕਟਾਖੁ ਨੇ ਤੇਰੇ ਜੀਵਨ ਵਿਚ ਪ੍ਰੀਵਰਤਨ ਉਪਜਾ ਦਿਤਾ ਸੀ। ਬਸ ਬਾਹਰੋ ਬਾਹਰ ਤੁਰ ਪਿਆ ਹਜਰੇ ਨੂੰ ਅਤੇ ਜਾ ਚਰਨ ਚੁੰਮੇ ਉਸ ਅੰਮ੍ਰਿਤ ਦਾਤਾ ਅਤੇ ਜੀਵਨ ਦਾਤਾ ਸਤਿਗੁਰੂ ਦੇ। ਰਸ ਭਿੰਨੇ ਨੈਣਾਂ ਵਿਚੋਂ ਮੋਤੀਆਂ ਦੀ ਝੜੀ ਲਗ ਰਹੀ ਹੈ। ਪਿਆਰੇ ਸਤਿਗੁਰੂ ਸੀਸ ਪਲੋਸਦੇ ਤੇ ਪਿਆਰ ਨਾਲ ਪੁਛਦੇ ਹਨ, ਕਿਉਂ ਭਾਈ ਰਾਮ ਸਹਾਇ ਕੇਹ ਗਲ ਨੇ? ਸਾਰੀ ਦਾਸਤਾਨ ਸੁਣਾਈ ਤਾਂ ਗੁਰੂ ਜੀ ਨੇ ਕਿਹਾ ਰਾਮ ਸਹਾਇ ਜੀ, ਅਕਾਲ ਪਰਖ ਨੇ ਤਾਂ ਤੈਨੂੰ ਤਿੰਨ ਵਾਰ ਦਰਸ਼ਨ ਦਿਤਾ ਹੈ, ਉਸਨੇ ਤੇਰੇ ਨਾਲ ਪਿਆਰ ਕੀਤਾ ਤੇ ਤੂੰ ਉਸਨੂੰ ਪਥਰ ਮਾਰੇ। ਬੇਟਾ! ਏਹ ਕੋਈ ਜਰੂਰੀ ਗਲ ਨਹੀਂ, ਕਿ ਉਹ ਸਦਾ ਇਕੋਹੀ ਰੂਪ ਵਿਚ ਦਰਸ਼ਨ ਦੇਵੇ। ਉਸ ਦੇ ਅਨੰਤ ਰੂਪ ਹਨ ਅਤੇ ਉਹ ਸਭਨਾਂ ਵਿਚ ਵਸਦਾ ਹੈ। ਰਾਤੀਂ ਓਹ ਬਕਰੇ ਦੇ ਰੂਪ ਵਿਚ ਆਯਾ ਸੀ, ਪਰ ਤੂੰ ਉਸਕੀਂ ਪਛਾਣਿਆ ਨਾਹ। ਰਾਮ ਸਹਾਇ ਜੀ ਇਹ ਬਚਨ ਸੁਣਕੇ ਵਧੇਰੇ ਵੈਰਾਗੀ ਹੋ ਗਏ, ਤੇ ਅਰਜ ਕੀਤੀ ਪਾਤਿ-ਸ਼ਾਹ ਹੁਣ ਕੇਹ ਕਰਾਂ? ਗੁਰੂ ਜੀ ਆਗਯਾ ਕੀਤੀ ਬੇਟਾ! ਉਸ ਬੱਕਰੇ ਨੂੰ ਲੱਭਕੇ ਖੁਸ਼ ਕਰ। ਰੁੱਸੇ ਨੂੰ ਮਨਾ ਅਤੇ ਆਪਣੀ ਭੁਲ ਬਖਸ਼ਾ, ਫੇਰ ਕਾਰਜ ਆਪੇ ਹੀ ਰਾਸ ਹੋਵੈਸੀ ਤੇ ਅਗੋਂ ਵਾਸਤੇ ਏਹ ਯਾਦ ਰਖਣਾਂ, ਕਿ ਜਦੋਂ ਵੀ ਕੋਈ ਸੰਸਾ ਪਵੇ ਹਜ਼ਰੇ ਆਣੇ ਦੀ ਕਾਈ ਲੋੜ ਨਹੀਂ। ਭਾਈ ਧਨੀ ਰਾਮ ਕੀਂ ਅਸਾਂ ਅਟਕੋਂ ਪਾਰ ਨੀ ਕਾਰ ਸੌਂਪੀ ਹੈ। ਜ਼ੈਦੇ ਜਾਕੇ ਸ਼ੰਕਾ ਸਮਾਧਾਨ ਕਰ ਲਿਆ ਕਰਨਾਂ।

ਨਮਸਕਾਰ ਕਰਕੇ ਆਗਯਾ ਅਨੁਸਾਰ ਭਾਈ ਰਾਮ ਸਹਾਇ ਜੀ ਵਾਪਸ ਪਿੰਡ ਪਹੁੰਚੇ ਤੇ ਬੜੀ ਕੋਸ਼ਸ਼ ਨਾਲ ਉਹ ਬਕਰਾ ਲਭਿਆ। ਉਸਦੇ ਚਰਨਾਂ ਤੇ ਮਥਾ ਟੇਕਕੇ ਚੂਰੀ ਉਸ ਅਗੇ ਪਾਈ, ਫੇਰ ਜਉਂ ਤੇ ਛੋਲੇ ਰਲਾਕੇ ਛਕਾਏ। ਉਪ੍ਰੰਤ ਗੜਵਾ ਜਲ ਦਾ ਛਕਾਇਆ, ਤੇ ਫੇਰ ਗਲ਼ ਵਿਚ ਪਲਾ ਪਾਕੇ ਅਤੇ ਹਥ ਜੋੜਕੇ ਮਾਫ਼ੀ ਮੰਗੀ।ਰਾਮ ਸਹਾਏ ਜੀ ਨੂੰ ਏਸਤ੍ਰਾਂ ਬਕਰੇ ਦੇ ਪੈਰਾਂ ਤੇ ਢਹਿੰਦਾ, ਤੇ ਬੇਨਤੀਆਂ ਕਰਦਾ ਵੇਖਕੇ ਲੋਕੀਂ ਮਖੌਲ ਕਰਨ, ਕਹਿਣ ਏਹ ਤਾਂ ਝੱਲਾ ਹੈ। ਲੋਕਾਂ ਦੀ ਇਹ ਬਾਣ ਸ਼ੁਰੂ ਤੋਂ ਚਲੀ ਆਈ ਹੈ। ਗੁਰੂ ਨਾਨਕ ਨੂੰ ਕਮਲਾ ਤੇ ਕੁਰਾਹੀਆ ਆਖਿਆ। ਗੁਰੂ ਤੇਗ ਬਹਾ-ਦਰ ਨੂੰ 'ਕਮਲਾਤੇਗਾ'ਕਿਹਾ,ਤੇ ਗੁਰੂ ਗੋਬਿੰਦ ਸਿੰਘਨੂੰ ਸਨਦ ਦਿਤੀ ਕਿ ਏਨੂੰ ਦੇਵੀ ਪੁਠੀ ਪੈ

ਗਈ ਹੈ, ਕਿਉਂਕਿ ਏਹ ਸਿੱਖਾਂ ਦੇ ਸਿਰ ਵੱਢਣ ਲਗਾ ਹੈ। ਭਗਤ ਸ਼੍ਰੋਮਣੀ ਕਬੀਰ ਨੂੰ ਕਹਿਣ ਲਗੇ ਇਹ ਬੌਰਾ ਹੈ, ਪ੍ਰੰਤੂ ਕਬੀਰ ਜੀ ਕਹਿੰਦੇ ਹਨ-"ਲੋਕ ਕਹੈ ਕਬੀਰ ਬਉਰਾਨਾ" (ਪਰ) "ਕਬੀਰ ਕਾ ਮਰਮ ਰਾਮ ਪਹਿਚਾਨਾ"। ਅਖਾਂ ਤੋਂ ਇਨਾਂ ਭਲਾ ਫੱਕਰਾਂ ਦੀ ਪਛਾਣ ਕਿਵੇਂ ਹੋ ਸਕਦੀ ਹੈ?

ਬੱਕਰੇ ਤੋਂ ਮਾਫੀ ਮੰਗਕੇ ਸ੍ਰੀ ਮਾਨ ਭਾਈ ਰਾਮ ਸਹਾਇ ਜੀਨੇ ਸਮਾਧੀ ਲਾਈ ਤਾਂ ਪਹਿਲੇ ਦੀ ਤਰਾਂ ਹੀ ਬ੍ਰਿਤੀ ਤਦਾਕਾਰ ਹੋ ਗਈ, ਤੇ ਉਸ ਪਰਮ ਪੁਰਖ ਦੇ ਵੀ ਦਰਸ਼ਨ ਦਾ ਸੋਭਾਗ ਪ੍ਰਾਪਤ ਹੋਇਆ। ਹੁਣ ਦਿਲ ਰਬਾਬ ਦੀਆਂ ਤਰਬਾਂ ਵਿਚੋਂ ਰੋਮ ਰੋਮ ਥੀਂ ਏਹ ਅਵਾਜ਼ ਔਣ ਲਗੀ-"ਦਰਸ਼ਨ ਦੇਖ ਭਈ ਨਿਹ ਕੇਵਲ ਜਨਮ ਮਰਨ ਦੁਖ ਨਾਸਾ। ਸਗਲੀ ਜੋਤਿ ਜਾਤਾ ਤੂ ਸੋਈ ਮਿਲਿਆ ਭਾਇ ਸੁਭਾਏ। ਨਾਨਕ ਸਾਜਨ ਕਉ ਬਲਿ ਜਾਈਐ ਸਾਚ ਮਿਲੇ ਘਰ ਆਇ"। ਭਾਈ ਰਾਮ ਸਹਾਇ ਜੀ ਨੇ ਸਾਰੀ ਉਮਰ ਆਪਣੀ ਬ੍ਰਿਤੀ ਨੂੰ ਇਸ ਸਚੇ ਰੰਗ ਵਿਚ ਹੀ ਰੰਗੀਨ ਰਖਿਆ, ਜਿਸ ਕਰਕੇ ਆਪ ਵੀ ਤਰੇ ਤੇ ਹੋਰ ਵੀ ਕਈਆਂ ਦਾ ਉਧਾਰ ਕੀਤਾ। ਅਰ-"ਆਪ ਤਰੇ ਤਾਰੇਨ ਸਹਿਤਾ" ਦੇ ਮਹਾਵਾਕ ਨੂੰ ਸਫਲ ਕੀਤਾ।

# ਨਾਮਧਾਰੀ ਸੰਤ ਦਾ ਬਿਰਹਾ


(ਵਲੋਂ ਸ੍ਰ: ਊਧਮ ਸਿੰਘ ਜੀ "ਆਜਿਜ਼" ਚਕ ੧੦੯ ਜਿਲਾ ਲਾਇਲਪੁਰ)

ਹੇ ਅਰਸ਼ੀ ਹੇ ਚੋਜੀ ਪ੍ਰੀਤਮ, ਮੁੜ ਵਤਨਾਂ ਨੂੰ ਆਵੇਂ ਜੀ!
ਮਿਹਰਾਂ ਵਾਲੇ ਚੀਨੀ ਵਾਲੇ, ਖੈਰ ਦਰਸ ਦਾ ਪਾਵੇਂ ਜੀ!


ਆਵੇਂ ਆਵੇਂ ਝਬਦੇ ਆਵੇਂ, ਦਿਲ ਦੀ ਆਕੇ ਆਸ ਪੁਜਾਵੇਂ,
ਬਖਸ਼ਿਸ਼ ਦਾ ਆ ਮੀਂਹ ਬਰਸਾਵੇਂ, ਤੱਤਿਆਂ ਤੇ ਠੰਢ ਪਾਵੇਂ ਜੀ। ਹੇ ਅਰਸ਼ੀ.........
ਝੋਲੀ ਅਡ ਭਿਖਾਰਨ ਆਈ, ਦਰ ਤੇਰੇ ਤੇ ਕੂਕ ਲਗਾਈ,
ਰੋ ਰੋ ਕੇ ਅਪਣੀ ਸੁਰਤ ਵੰਞਾਈ, ਆਕੇ ਧੀਰ ਬੰਧਾਵੇਂ ਜੀ। ਹੇ ਅਰਸ਼ੀ.........
ਪਾ ਪਲੜਾ ਗਲ ਅਰਜਾਂ ਕਰਦੀ, ਬਾਝ ਤੁਸਾਡੇ ਜਾਵਾਂ ਮਰਦੀ,
ਬਾਂਦੀ ਹਾਂ ਮੈਂ ਤੇਰੇ ਦਰ ਦੀ, ਨਾਂ ਮੈਨੂੰ ਤਰਸਾਵੇਂ ਜੀ। ਹੇ ਅਰਸ਼ੀ.........
ਗਮ ਦੇ ਸਾਗਰ ਰੁੜ੍ਹਦੀ ਜਾਂਦੀ, ਕੱਢਦੀ ਹਾੜੇ ਵਾਸਤੇ ਪਾਂਦੀ,
ਸੋਹਣੀ ਦੇ ਸਮ ਗੋਤੇ ਖਾਂਦੀ, ਰੁੜ੍ਹਦੀ ਬੰਨੇ ਲਾਵੇਂ ਜੀ। ਹੇ ਅਰਸ਼ੀ.........
ਚੜ ਕੋਠੇ ਚਹੁੰ ਪਾਸੀਂ ਤਕਾਂ, ਲਾਹੀ ਸ਼ਰਮ ਨਾਂ ਸੰਗਾਂ ਝੱਕਾਂ,
ਗਿਣ ਗਿਣ ਤਾਰੇ ਰਾਤੀਂ ਥੱਕਾਂ, ਹੁਣ ਨਾਂ ਹੋਰ ਰੁਲਾਵੇਂ ਜੀ। ਹੇ ਅਰਸ਼ੀ.........
ਲੂਝਦੀ ਪਈ ਹਾਂ ਠੰਡ ਵਰਤਾਵੇਂ, ਸੁਖਾਂ ਦੀ ਆ ਨੀਂਦ ਸੁਲਾਵੇਂ,
ਇਕ ਛਿਨ ਮਾਹੀ ਦਰਸ ਦਿਖਾਵੇਂ, ਮੋਈ ਆਣ ਜਿਵਾਵੇਂ ਜੀ। ਹੇ ਅਰਸ਼ੀ.........
ਤਰਸਨ ਅਖੀਆਂ ਦੀਦ ਨੂੰ ਤੇਰੇ, ਨਸ ਨਸ ਅੰਗ ਅੰਗ ਦੁਖੀਆ ਮੇਰੇ,
ਦੁਖਾਂ ਨੇ ਹੁਣ ਪਾਏ ਘੇਰੇ, "ਆਜਿਜ਼" ਨਾਂ ਤੜਫਾਵੇਂ ਜੀ। ਹੇ ਅਰਸ਼ੀ.........



ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ (ਹਜ਼ਰੋ ਸਾਹਿਬ)



ਸੰਤ ਬਾਬਾ ਉੱਤਮ ਸਿੰਘ ਜੀ ਕੈਂਮੀਆਂ ਵਾਲੇ



ਸ੍ਰੀ ਮਾਨ ਸੰਤ ਮੰਗਲ ਸਿੰਘ ਜੀ ਰਾਮਟਾਹਲੀ (ਕੱਕੜ)

# (੫) ਸ੍ਰੀ ਬਾਬਾ ਸੰਗਤਾ ਜੀ ਮਹਾਰਾਜ

ਏਨ੍ਹਾਂ ਮਹਾਂਪੁਰਖਾਂ ਦਾ ਜਨਮ ਹਜ਼ਰੋ ਵਿਖੇ ਬਾਬਾ ਫਿਰਾਯਾ ਸਿੰਘ ਦੇ ਘਰ ਹੋਇਆ ਸੀ, ਪ੍ਰੰਤੂ ਕੁਛ ਚਿਰ ਬਾਦ ਏਨ੍ਹਾਂ ਦਾ ਪ੍ਰਵਾਰ ਦਖਨੇਰ ਮੁਤੇ ਝੜੋਠੇ (ਅਟਕ ਦੇ ਕੰਢੇ) ਜਾ ਵਸਿਆ ਸੀ। ਆਪ ਹਜ਼ਰੋ ਵਿਖੇ ਵਿਆਹੇ ਹੋਏ ਸਨ, ਏਸ ਲਈ ਕਈਵਾਰ ਹਜ਼ਰੋਂ ਤੋਂ ਸੌਦਾ ਲੈਣ ਜਾਇਆ ਕਰਦੇ ਸਨ। ਇਕ ਵਾਰ ਆਪ ਆਪਣੇ ਪੁਤ੍ਰ ਭਾਈ ਨਰੈਣ ਨਾਲ ਸੌਦੇ ਵਾਸਤੇ ਹਜ਼ਰੋ ਗਏ। ਏਨ੍ਹਾਂ ਦੇ ਹਿਰਦੇ ਵਿਚ ਸਿੱਖੀ ਦੇ ਸੰਸਕਾਰ ਤਾਂ ਸਨ ਪਰ ਭਜਨ ਤੋਂ ਅਜੇ ਕੋਰੇ ਸਨ। ਸ਼ਬਦ ਬਾਣੀ ਦਾ ਤੇ ਸਤਿਸੰਗ ਦਾ ਬੜਾ ਸ਼ੌਕ ਸੀ। ਏਨਾਂ ਨੂੰ ਪਤਾ ਸੀ, ਕਿ ਹਜ਼ਰੋਂ ਵਿਖੇ ਸਤਿਗੁਰ ਪਰਗਟ ਹੋਏ ਹਨ। ਉਨ੍ਹਾਂ ਦੀ ਮਹਿਮਾ ਬਹੁਤ ਲੋਕਾਂ ਤੋਂ ਸੁਣੀ ਹੋਈ ਸੀ। ਆਪਣੇ ਪੁਤ੍ਰ ਨੂੰ ਕਹਿਣ ਲਗੇ -ਨਰੈਣ! ਤੂੰ ਵਹਿਤਰ (ਖੋਤੇ) ਲਈ ਚਲ ਤੇ ਮੈਂ ਸਤਿਗੁਰਾਂ ਦਾ ਦਰਸ਼ਨ ਕਰ ਆਵਾਂ। ਨਰੈਣ ਜੀ ਨੇ ਵਹਿਤਰ ਹਿਕ ਲਏ ਤੇ ਬਾਬਾ ਜੀ ਸਤਿਗੁਰਾਂ ਦਾ ਦਰ-ਸ਼ਨ ਕਰਨ ਵਾਸਤੇ ਅੰਦਰ ਗਏ। ਸਤਿਗੁਰ ਸਚੇ ਪਾਤਿਸ਼ਾਹ ਕੇਸੀਂ ਇਸ਼ਨਾਨ ਕਰ ਰਹੇ ਸਨ। ਬਾਬਾ ਜੀਨੇ ਚਰਨਾਂ ਤੇ ਮਥਾ ਟੇਕਿਆ॥ ਸਤਿਗੁਰਾਂ ਨੇ ਮੁਖਾਰਬਿੰਦ ਚੋਂ ਬਚਨ ਕੀਤਾ—ਸੰਗਤਾ! ਹੁਣ ਖੋਤੇ ਛਡ ਤੇ ਆਪਣਾ ਅਸਲੀ ਕੰਮ ਸੰਭਾਲ। ਬਾਬਾ ਜੀ ਨੂੰ ਏਸ ਗਲ ਦੀ ਸਮਝ ਨਾ ਆਈ। ਸਤਿਗੁਰ ਸੱਚੇ ਪਾਤਸ਼ਾਹ ਨੇ ਅਪਣੇ ਅੰਮ੍ਰਿਤ ਭਿੰਨੇ ਲੋਇਣਾਂ ਨਾਲ ਇਕ ਖਾਸ ਅੰਦਾਜ਼ ਨਾਲ ਬਾਬੇ ਵਲ ਤਕਿਆ, ਤਕਦਿਆਂ ਸਾਰ ਹੀ ਬਾਬਾ ਜੀ ਦਾ ਮਨ ਬੇਧਿਆ ਗਿਆ, ਹਿਰਦੇ ਵਿਚ ਕਾਂਗ ਜੇਹੀ ਫਿਰ ਗਈ। ਨੈਣਾਂ ਦੇ ਅਣੀਆਲੇ ਤੀਰ ਨੇ ਬਾਬੇ ਦੇ ਦਿਲ ਰੂਪੀ ਮਿਰਗ ਨੂੰ ਅਜੇਹਾ ਘਾਇਲ ਕੀਤਾ ਕਿ ਉਹ ਲੋਟ ਪੋਟ ਹੋਗਿਆ। ਨੈਣ ਕਟੋਰੇ ਪ੍ਰੇਮ ਜਲ ਨਾਲ ਲਬਾ ਲਬ ਹੋ ਗਏ। ਸਤਿਗੁਰਾਂ ਦੇ ਕੇਸਾਂ ਵਿਚੋਂ ਨੁਚੜਿਆ ਹੋਇਆ ਜਲ ਕਿਸੇ ਤ੍ਰਿਸ਼ਨਾਲੂ ਵਾਂਗ ਪੀ ਕੇ ਮਨ ਦੀ ਸਧਰ ਲਾਹੀ। ਬੇਸੁਧ ਹੋਕੇ ਡਿਗ ਪਏ ਤੇ ਚਿਕੜ ਵਿਚ ਲੋਟ ਲੋਟ ਸਾਰਾ ਸਰੀਰ ਅਤੇ ਕਪੜੇ ਭਰ ਲਏ। ਕੋਈ ਅਵਾਣ ਪੁਰਸ਼ ਤਾਂ ਭਾਵੇਂ ਬਾਬੇ ਨੂੰ ਜੋ ਜੀ ਵਿਚ ਆਇਆ ਕਹਿੰਦੇ ਹੋਸਨ, ਪਰ ਐਸ ਵੇਲੇ ਬਾਬਾ ਜੀ ਦੇ ਦਿਲ ਵਿਚ ਜੋ ਪ੍ਰੇਮ ਦੀ ਕਾਂਗ ਆਈ ਹੋਈ ਹੈ, ਇਹ ਪੂਰਣ ਭਾਗਾਂ ਤੋਂ ਬਿਨਾਂ ਕਦ ਪ੍ਰਾਪਤ ਹੋ ਸਕਦੀ ਹੈ। ਸਤਿਗੁਰਾਂ ਦੀ ਧੂੜੀ ਵਿਚ—ਫੇਰ ਉਸ ਧੂੜੀ ਵਿਚ ਜੋ ਸਤਿਗੁਰਾਂ ਦੇ ਇਸ਼-ਨਾਨ ਕਰਨ ਵਾਲੇ ਜਲ ਨਾਲ ਭਿੰਨੀ ਹੋਈ ਹੈ, ਲੇਟਣਾ ਕਿਸੇ ਭਾਗਵਾਨ ਦੇ ਹੀ ਹਿਸੇ ਦਾ ਪ੍ਰਸ਼ਾਦ ਹੈ 'ਧੂੜੀ ਵਿਚ ਲੋਟੰਦੜੀ ਸੋਹਾਨਾਨਕ ਤੈ ਸਹ ਨਾਲ' ਵਾਲਾ ਮਹਾਵਾਕ ਅਖਰ ਅਖਰ ਠੀਕ ਉੱਤਰ ਰਿਹਾ ਹੈ। ਬਾਬਾ ਜੀ ਨੂੰ ਇਸ ਦਸ਼ਾ ਵਿਚ ਵੇਖਕੇ ਸਚੇ ਪਾਤਸ਼ਾਹ ਨੇ ਬਾਹੋਂ ਫੜ ਕੇ ਉਠਾਇਆ ਤੇ ਜਲ ਮੰਗਵਾਕੇ ਅਪਣੇ ਹਥਾਂ ਨਾਲ ਹਥ ਮੂੰਹ ਧੁਵਾਏ। ਬਾਬਾ ਜੀ ਦੇ ਨੇਤ੍ਰਾਂ ਰੂਪੀ ਝਰਨਿਆਂ ਵਿਚੋਂ

ਝਰ ਰਹੀਆਂ ਸਨ। ਸਤਿਗੁਰ ਪੁਛ ਰਹੇ ਹਨ– ਭਾਈ ਸੰਗਤਾ ਜੀ ਕੇਹ ਗਲ ਨੇ? ਉਤ੍ਰ ਦੇਂਦੇ ਹਨ-ਪਾਤਸ਼ਾਹ ਆਪ ਘਟ ਘਟ ਦੀ ਜਾਨਣ ਹਾਰ ਹੋ,ਮੈਂ ਕੇ ਦਸਾਂ। 'ਭਾਈ ਜਿਸ ਚੀਜ ਨੀ ਲੋੜ ਨੇ ਸੋ ਮੰਗ ਲੈ। ਦੱਸ,ਕੇ ਲੋੜਨਾਂ ਏਂ?'ਬਾਬਾ ਜੀ ਨੇ ਗਦ ਗਦ ਬਾਨੀ ਦੁਆਰਾ ਅਰਜ ਕੀਤੀ-"ਜਾਚਿਕ ਨਾਮ ਜਾਚੈ ਜਾਚੈ। ਸਰਬ ਅਧਾਰ ਸਰਬ ਕੇ ਨਾਇਕ ਸੁਖ ਸਮੂਹ ਕੇ ਦਾਤੇ ।੧॥ ਰਹਾਉ॥ ਕੇਤੀ ਕੇਤੀ ਮਾਂਗਨਿ ਮਾਗੈ ਭਾਵਨੀਆ ਸੋ ਪਾਈਐ॥ ਸਫਲ ਸਫਲ ਸਫਲ ਦਰਸੁ ਰੇ ਪਰਸਿ ਪਰਸਿ ਗੁਨ ਗਾਈਐ ਨਾਨਕ ਤਤ ਤਤ ਸਿਉ ਮਿਲੀਐ ਹੀਰੈ ਹੀਰ ਬਿਧਾਈਐ,, ( ਕਲਿਆਨ ਮਹਲਾ ੫ )

ਦੀਨ ਦਿਆਲ ਜੇ ਤੁਠਾ ਏਂ ਅਪਣਾ ਨਾਮ ਬਖਸ਼। ਦਾਤਾ!ਤੇਰੇ ਨਾਮ ਦੀ ਲੋੜ ਹੈ,ਤੇ ਨਾਮ ਦੀ ਹੀ ਤੇਰੇ ਦਰ ਤੇ ਜਾਚਨਾ ਹੈ। ਬਸ ਪਾਦੇ ਅਪਣੀ ਬੰਦਗੀ ਦਾ ਛੇਟ-ਤੇ ਇਹ ਮਣਕਾਜਿਸ ਮਾਲਾਦਾਹੈ,ਓਸੇਵਿਚਹੀਪਰੁਚਜਾਵੇ।,'ਸੰਗਤਾ! ਕੁਛਹੋਰ ਮਿੰਗਲੈ',ਨਾਪਾਤਸ਼ਾਹ-'ਮਾਗਹੁਦਾਨ ਠਾਕੁਰ ਨਾਮ। ਅਵਰੁ ਕਛੂ ਮੇਰੇ ਸੰਗ ਨ ਚਾਲੇ ਕਰਹੁ ਕ੍ਰਿਪਾ ਗੁਣ ਗਾਮ।' ਦੀਨਾਂ ਬੰਧੂ! ਹੁਣ ਦੇਰ ਕਰਨ ਦਾ ਸਮਾ ਨਹੀਂ ਹੈ। ਅਗੇ ਖਵਰੇ ਕਿੰਨੇ ਜਨਮ ਹੋਏ ਹਨ ਵਿਛੜਿਆਂ ਨੂੰ. ਬਾਬਾ! "ਇਹੁ ਜਨਮ ਤੁਮਾਰੇ ਲੇਖੈ"। ਬਸ ਲਾਦੇ ਇਸ ਜਨਮ ਨੂੰ ਲੇਖੇ– ਹੇ ਨਾਮ ਜਲ ਨਾਲ ਭਰਪੂਰ ਮੇਘ! 'ਬਰਸਨਾ ਤ ਬਰਸ" ਦਾਤਾ ਮੈਂ ਚਾਤ੍ਰਕ ਨੂੰ ਬਖਸ਼ ਦੇ ਸਵਾਂਤੀ ਦੀ ਬੂੰਦ, ਬਸ ਫੇਰ ਕੁਛ ਨਹੀਂ ਮੰਗਦਾ। ਪੁਕਾਰ ਸੁਣੀ ਗਈ । ਦਾਤਾਰ ਸਤਿਗੁਰ ਦਾ ਹਿਰਦਾ ਪਸੀਜ ਗਿਆ। ਨਾਮ ਦੀ ਕਣੀ ਦਾਨ ਕਰ ਦਿਤੀ– ਤੇ ਪਪੀਹੇ ਦਾ ਦਿਲ ਸ਼ਾਂਤੀ ਵਿਚ ਆਇਆ।

੨.

ਓਧਰ ਭਾਈ ਨਰੈਣ ਜੀ ਉਡੀਕ ਉਡੀਕ ਕੇ ਥਕ ਜਾਂਦੇ ਹਨ।'ਕੇਹ ਗਲ ਨੇ, ਕਿ ਲਾਲਾ ਜੀ ਅਜੇ ਤਕ ਆਏ ਨਹੀਂ। ਬੜਾ ਚਿਰ ਲਾਇਆ ਨੇ। ਵਹਿਤਰ ਬਾਹਰ ਖਲਿਹਾਰੇ, ਤੇ ਸਤਿਗੁਰਾਂ ਦੇ ਡੇਰੇ ਨੂੰ ਪਰਤੇ। ਸਤਿਗੁਰਾਂ ਦੇ ਚਰਨ ਪਰਸਕੇ ਪਿਤਾ ਜੀਨੂੰ ਕਿਹਾ, ਲਾਲਾ ਜੀ! ਹੁਣ ਚਲੋ ਚਲੀਏ। ਬਹੁਤ ਦੇਰ ਹੋਗਈ ਹੈ'।'ਚਲੀਏ! ਕਿਧਰ ਚਲੀਏ? ਐਸਾ ਦਰ ਛੋੜਕੇ ਕਿਥੇ ਵੈਸਾਂ? ਬੇਟਾ! ਮੈਂ ਹੁਣ ਕਿਧਰੇ ਜਾਣ ਜੋਗਾ ਨਹੀਂ ਰਿਹਾ। ਹੁਣ ਤਾਂ ਮੈਂ ਸਤਿਗੁਰਾਂ ਦੇ ਚਰਨਾਂ ਜੋਗਾ ਹੀ ਰਹਿ ਗਿਆ ਹਾਂ।

## ਜੋਗਾ

ਇਸ ਪ੍ਰਿਥਵੀ ਤੇ ਕਿੰਨੇ ਜੀਵ ਹਨ, ਜੋ ਕਿਸੇ ਨਾਂ ਕਿਸੇ ਜੋਗੇ ਹਨ। ਕੋਈ ਮਾਂ ਜੋਗਾ, ਕੋਈ ਪਿਉ ਜੋਗਾ, ਕੋਈ ਭੈਣ ਜੋਗਾ, ਕੋਈ ਭਾਈ ਜੋਗਾ। ਕੋਈ ਪੁਤਰ ਜੋਗਾ, ਕੋਈ ਧੀ ਜੋਗਾ। ਕੋਈ ਵਹੁਟੀ ਜੋਗਾ ਕੋਈ ਉਲਾਦ ਜੋਗਾ। ਗੱਲਕੀ ਕੋਈ ਕਿਸੇ ਜੋਗਾ ਕੋਈ ਕਿਸੇ ਜੋਗਾ। ਸਾਰਾ ਸੰਸਾਰ ਅਨੰਤ ਪ੍ਰਕਾਰ ਦੇ ਜੋਗਿਆਂ ਨਾਲ ਭਰਿਆ ਪਿਆ ਹੈ। ਜਿਨ੍ਹਾਂ ਦਾ ਖਸਮ ਦੀ ਦਰਗਾਹ ਵਿਚ ਕੌਡੀ ਵੀ ਮੁੱਲ ਨਹੀਂ, ਪ੍ਰੰਤੂ ਧੰਨ ਹੈ ਉਹ ਪੁਰਖ ਜੋ ਗੁਰੂ ਜੋਗਾ ਬਣ ਜਾਏ, ਤੇ ਅਸਲੀ ਜੋਗਾ ਹੋਕੇ ਜੋਗਿਆਂ ਦੀ ਨਿਕੰਮੀ ਪਲਟਣ ਵਿਚੋਂ ਆਪਣਾ ਨਾਮ ਕਟਾਕੇ ਆਪਣੇ ਡੇਰੇ ਵਿਚ ਸਥਿਤ ਹੋ ਜਾਏ, ਕਿਉਂਕਿ-"ਡਡਾ ਡੇਰਾ ਇਹ ਨਹੀ ਜਹ ਡੇਰਾ ਤਹ ਜਾਨੁ। ਉਆ ਡੇਰਾ ਕਾ ਸੰਜਮੋ ਗੁਰਕੈ ਸਬਦਿ ਪਛਾਨੁ॥"ਦੁਨੀਆਂ ਵਿਚ ਜਨ੍ਹਾਂ ਜੋਗਾ ਇਹ ਜੀਵ ਬਣਦਾ ਹੈ, ਉਹ ਔਖੀ ਵੇਲੇ

ਇਸਦੀ ਸਾਰ ਵੀ ਨਹੀਂ ਲੈਂਦੇ, ਪਰ ਜੇਹੜਾ ਗੁਰੂ ਜੋਗਾ ਹੋ ਜਾਏ ਗੁਰੂ ਉਸ ਜੋਗਾ ਹੋ ਜਾਂਦਾ ਹੈ। ਗੁਰੂ ਕਲਗੀਧਰ ਨੂੰ ਜਿਸ ਵੇਲੇ ਇਕ ਛੋਟੇ ਜੇਹੇ ਬੱਚੇ ਨੇ ਆਖਿਆ ਪਾਤਸ਼ਾਹ! ਮੈਂ ਤੇਰੇ ਜੋਗਾ ਹਾਂ, ਤਾਂ ਗੁਰੂ ਨੇ ਉਸੇ ਵੇਲੇ ਇਕਰਾਰ ਕਰ ਲਿਆ ਕਿ ਜੇ ਤੂੰ ਗੁਰੂ ਜੋਗਾ ਹੈਂ, ਤਾਂ ਗੁਰੂ ਫੇਰ ਤੇਰੇ ਜੋਗਾ ਹੋਇਆ। ਜਿਸ ਵੇਲੇ ਪ੍ਰੀਖਯਾ ਦਾ ਸਮਾਂ ਆਇਆ ਦੋਹਾਂ ਧਿਰਾਂ ਨੇ ਆਪਣਾ ਆਪਣਾ ਬਚਨ ਪੂਰਾ ਕਰ ਵਖਾਇਆ। ਜੇ ਸਿੱਖ ਨੇ ਆਪਣਾ ਵਿਆਹ ਅਧਵਾਟੇ ਹੀ ਛੋੜਕੇ ਅਨੰਦ ਪੁਰ ਸਾਹਿਬ ਨੂੰ ਕਮਰ ਕਸੇ ਲਾਏ, ਤਾਂ ਸਤਿਗੁਰਾਂ ਨੇ ਰਾਤ ਦੇ ਸਮੇਂ ਅਪਣੇ ਸੁਖ ਆਸਣ ਨੂੰ ਛੋੜਕੇ ਵੇਸਵਾ ਦੇ ਦੁਆਰੇ ਪਹਿਰਾ ਦੇਕੇ ਅਪਣੇ ਬਚਨ ਨੂੰ ਪੂਰਾ ਕੀਤਾ। ਤਾਂਤੇ ਉਸ ਜੀਵਨ ਨੂੰ ਸਫਲ ਜੀਵਨ ਸਮਝਣਾ ਚਾਹੀਦਾ ਹੈ, ਜੋ ਸ੍ਰੀਮਾਨ ਬਾਬਾ ਸੰਗਤਾ ਜੀ ਦੀ ਤ੍ਰਾਂ ਗੁਰੂ ਚਰਨਾਂ ਜੋਗਾ ਬਣ ਜਾਏ।

ਬਾਬਾ ਸੰਗਤਾ ਜੀ ਨੇ ਕਿਹਾ—ਬੇਟਾ! ਬੜਾ ਚਿਰ ਝੂਠਾ ਬਿਪਾਰ ਕੀਤਾ ਹੈ, ਪਰ ਹੁਣ ਅਸੀਂ ਨਾਮ ਦੇ ਵਣਜਾਰੇ ਹੋ ਗਏ ਹਾਂ 'ਕਿਨਹੀ ਬਨਜਿਆ ਕਾਸੀ ਤਾਂਬਾ ਕਿਨਹੀ ਲੌਂਗ ਸੁਪਾਰੀ। ਸੰਤਹੁ ਬਣਜਿਆ ਨਾਮ ਗੋਬਿੰਦ ਕਾ ਐਸੀ ਖੇਪ ਹਮਾਰੀ। ਹਰਿ ਕੇ ਨਾਮ ਕੇ ਬਿਆਪਾਰੀ। ਹੀਰਾ ਹਾਥ ਚੜਿਓ ਨਿਰਮੋਲਕ ਛੂਟਿ ਗਈ ਸੰਸਾਰੀ।'

ਭਾਈ ਨਰੈਣ! ਅਸੀਂ ਹੁਣ ਝੂਠੇ ਸੌਦੇ ਛੋੜਕੇ ਸਚੇ ਸੌਦੇ ਦੇ ਗਾਹਕ ਬਣ ਗਏ ਹਾਂ। ਭਾਈ ਨਰੈਣ ਜੀ ਆਪਣੇ ਪਿਤਾ ਦੀ ਦਸ਼ਾ ਬਦਲੀ ਹੋਈ ਵੇਖਕੇ ਅਗੋਂ ਕੁਛ ਨਾ ਬੋਲ ਸਕੇ ਤੇ ਵਾਪਸ ਆ ਗਏ। ਭਾਈ ਨਰੈਣ ਜੀ ਆਪਣੇ ਮਾਮੇ ਨੰਦੇ ਨੂੰ ਵਹਿਤਰਾਂ ਕੋਲ ਖਲਿਹਾਰ ਆਏ ਸਨ। ਮਾਮਾ ਜੀ ਨੇ ਪੁਛਿਆ ਨਰੈਣ! ਭਾਈਆ ਸੰਗਤਾ ਕਿਓਂ ਨਹੀਂ ਆਇਆ? ਤਾਂ ਭਾਈ ਨਰੈਣ ਜੀ ਨੇ ਸਾਰੀ ਵਾਰਤਾ ਜਿਓਂ ਕੀ ਤਿਓਂ ਸੁਣਾ ਦਿਤੀ। ਹੁਣ ਨਰੈਣ ਜੀ ਵਹਿਤਰ ਲੈਕੇ ਆਪਣੇ ਘਰ ਚਲੇ ਗਏ।

## ੩.

ਸ੍ਰੀ ਬਾਬਾ ਸੰਗਤਾ ਜੀ ਮਹਾਰਾਜ ਹੁਣ ਸਤਿਗੁਰਾਂ ਦੇ ਹਜ਼ੂਰ ਰਹਿਕੇ ਚਰਨ ਕਮਲ ਦੀ ਮੌਜ ਨੂੰ ਮਾਨਣ ਲਗੇ। ਜੇ ਕਦੇ ਗੁਰੂ ਜੀ ਉਨ੍ਹਾਂ ਦੇ ਪ੍ਰੇਮ ਅਤੇ ਸੇਵਾ ਤੇ ਪ੍ਰਸੰਨ ਹੋਕੇ ਆਖਦੇ ਹਨ, ਕੁਛ ਮੰਗ ਲਵੋ, ਤਾਂ ਅਗੋਂ ਆਖਦੇ ਹਨ—"ਅੰਮ੍ਰਿਤਾ ਪ੍ਰਿਆ ਬਚਨ ਤਿਹਾਰੇ। ਅਤਿ ਸੁੰਦਰ ਮਨ ਮੋਹਨ ਪਿਆਰੇ। ਸਭਹੂ ਮਧਿ ਨਿਰਾਰੇ— ਰਾਜ ਨ ਚਾਹਹੁ ਮੁਕਤਿ ਨ ਚਾਹਉ ਮਨਿ, ਪ੍ਰੀਤਿ ਚਰਨ ਕਮਲਾਰੇ।' ਇਕ ਵਾਰ ਸਤਿਗੁਰਾਂ ਦੇ ਘਰ ਕੋਠੇ ਉਤੇ ਇਮਾਰਤ ਦਾ ਕੰਮ ਲਗਾ ਹੋਇਆ ਸੀ। ਇਕ ਦਿਨ ਰਾਜ ਤਾਂ ਵਕਤ ਸਿਰ ਆਗਏ ਪਰ ਮਜ਼ਦੂਰ ਨਾ ਪਹੁੰਚੇ। ਬਾਬਾ ਸੰਗਤਾ ਜੀ ਨੇ ਸਤਿਗੁਰਾਂ ਦੇ ਕੰਮ ਦਾ ਹਰਜ ਹੁੰਦਾ ਵੇਖਕੇ ਆਪ ਕੰਮ ਕਰਨਾ ਸ਼ੁਰੂ ਕਰ ਦਿਤਾ, ਤੇ ਉਹ ਰਾਜ ਏਹ ਵੇਖਕੇ ਹੈਰਾਨ ਰਹਿਗਏ ਕਿ ਬਾਬਾ ਜੀ ਇਕੱਲੇ ਹੀ ਚਹੁੰ ਮਜ਼ਦੂਰਾਂ ਦਾ ਕੰਮ ਦੇਈ ਜਾਂਦੇ ਹਨ। ਅਤੇ ਉਹ ਵੀ ਇਸਤ੍ਰਾਂ ਕਿ ਰਾਜਾਂ ਨੂੰ ਕਮਲ ਪਾ ਛੋੜਿਆ ਹੈ। ਸਤਿਗੁਰਾਂ ਨੂੰ ਪਤਾ ਲਗਾ ਤਾਂ ਆਪ ਤੇ ਬੜੇ ਪ੍ਰਸੰਨ ਹੋਏ। ਭਾਵੇਂ ਬਾਬਾ ਜੀ ਨੂੰ ਸਤਿਗੁਰਾਂ ਦੇ ਚਰਨ ਕਮਲਾਂ ਵਿਚ ਰਹਿਣ ਦੀ ਇਛਾ ਸੀ ਪਰ ਭਾਈ ਨਰੈਣ ਜੀ ਦੇ ਬਾਰ ਬਾਰ ਮਜਬੂਰ ਕਰਨ ਤੇ ਸਤਿਗੁਰਾਂ ਤੋਂ ਆਗਯਾ ਪ੍ਰਾਪਤ ਕਰ ਅਪਣੇ ਪਿੰਡ ਜਾ ਰਹੇ, ਜਿਥੇ ਆਪਨੇ ਬਹੁਤ

ਕਾਲ ਤਕ ਲੋਕਾਂ ਤੋਂ ਲੁਕ ਛਿਪਕੇ ਬੰਦਗੀ ਕੀਤੀ। ਲੋਕਾਂ ਨੇ ਵੇਖਿਆ ਕਿ ਬਾਬਾ ਸੰਗਤਾ ਜੀ ਦੀ ਚਾਲ ਤੇ ਢਾਲ ਸਭ ਬਦਲ ਚੁਕੀ ਹੈ। ਆਪ ਮਨੁਖ ਤੋਂ ਦੇਵਤਾ ਬਣ ਗਏ ਹਨ। ਆਪ ਜੀ ਦੇ ਸਤੋਗੁਣੀ ਸੁਭਾਉ ਅਤੇ ਦੈਵੀ ਗੁਣਾਂ ਦੀ ਘਰ ਘਰ ਵਿਚ ਚਰਚਾ ਹੋ ਰਹੀ ਹੈ। ਲੋਕਾਂ ਨੇ ਕਈ ਕਰਾਮਾਤਾਂ ਵੇਖਕੇ ਬਾਬਾ ਜੀ ਨੂੰ ਪੂਰਣ-ਮਹਾਪੁਰਖ ਜਾਣਿਆਂ।

## ੪.

ਬਾਬਾ ਸੰਗਤਾ ਜੀ ਦਾ ਕਿਤੇ ਪਤਾ ਨਹੀਂ ਲਗਦਾ। ਦਖਨੇਰ ਦੀ ਸੰਗਤ ਤੇ ਭਾਈ ਨਰੈਣ ਜੀ ਆਪਣੀ ਬਥੇਰੀ ਢੂੰਢ ਕਰ ਰਹੇ ਹਨ, ਪਰ ਅਕਾਰਥ। ਕਹਿਣ ਲਗੇ ਕਿ ਆਪ ਹਜ਼ੂਰ ਚਲੇ ਗਏ ਹੋਸਨ। ਭਾਈ ਨਰੈਣ ਜੀ ਚੂਹੜ ਦੇਵਾ, ਤੇ ਪਰਮਾ ਆਦਿਕ ਸਿਖਾਂ ਨੂੰ ਨਾਲ ਲੈਕੇ ਹਜ਼ੂਰ ਸਾਹਿਬ ਨੂੰ ਤੁਰਦੇ ਹਨ।

ਏਧਰ ਇਕ ਸਿੱਖ ਸਤਿਗੁਰਾਂ ਦੇ ਚਰਨਾਂ ਵਿਚ ਅਰਜ ਕਰਦਾ ਹੈ: ਪਾਤਸ਼ਾਹ ! ਸਾਨੂੰ ਕਿਸੇ ਅਜੇਹੇ ਸਿਖ ਦਾ ਦਰਸ਼ਨ ਕਰਾਓ ਜੋ ਸਤਿਗੁਰ ਦੇ ਬਚਨ ਅਤੇ ਭਾਣੇ ਨੂੰ ਮਿਠਾ ਕਰਕੇ ਮੰਨਦਾ ਹੋਵੇ। ਸਤਿਗੁਰ ਕਹਿੰਦੇ ਹਨ, ਭਾਈ ! ਗੁਰੂ ਕੇ ਘਰ ਵਿਚ ਕਿਸੇ ਗੱਲ ਦੀ ਕਮੀ ਨਹੀਂ ਹੈ। ਪਿਛਲੇ ਪਹਿਰ ਸਤਿਗੁਰੂ ਜੀ ਸੰਗਤਾਂ ਸਮੇਤ ਬਾਹਰ ਗਏ। ਬਾਬਾ ਜੀ ਵੀ ਨਾਲ ਸਨ। ਸੌਚ ਦਿਸ਼ਾ ਹੋਣ ਤੋਂ ਉਪ੍ਰੰਤ ਸਤਿਗੁਰ ਬਾਬਾ ਜੀ ਨੂੰ ਖੂਹ ਗੇੜਨ ਦੀ ਆਗਯਾ ਕਰਦੇ ਹਨ, ਬਾਬਾ ਜੀ ਆਗਯਾ ਦਾ ਪਾਲਨ ਕਰ ਰਹੇ ਹਨ। ਹਥਾਂ ਨਾਲ ਖੂਹ ਗੇੜ ਰਹੇ ਤੇ ਬ੍ਰਿਤੀ ਗੁਰੂ ਚਰਨਾਂ ਵਿਚ ਲੀਨ ਹੈ। ਪੰਜ ਇਸ਼ਨਾਨਾ ਕਰਕੇ ਗੁਰੂ ਜੀ ਸੰਗਤ ਵਿਚ ਆ ਬੈਠਦੇ, ਅਤੇ ਕੁਛ ਚਿਰ ਬਚਨ ਬਿਲਾਸ ਕਰਨ ਤੋਂ ਉਪ੍ਰੰਤ ਬਾਬੇ ਸੰਗਤੇ ਨੂੰ ਕੁਛ ਕਹਿਣ ਤੋਂ ਬਿਨਾ ਘਰ ਨੂੰ ਚਲੇ ਜਾਂਦੇ ਹਨ। ਸਤਿਗੁਰ ਆਪਣੇ ਚੁਬਾਰੇ ਵਿਚ ਬੈਠੇ ਭਜਨ ਕਰ ਰਹੇ ਹਨ, ਪਰ ਬਾਬਾ ਸੰਗਤਾ ਜੀ ਅਜੇ ਤਕ ਸਤਿਗੁਰਾਂ ਦੀ ਆਗਯਾ ਅਨੁਸਾਰ ਖੂਹ ਗੇੜੀ ਜਾਂਦੇ ਹਨ। ਸਤਿਗੁਰ ਪ੍ਰਸਾਦਾ ਛਕ ਚੁਕੇ ਹਨ। ਇਕ ਸਿਖ ਸਤਿਗੁਰਾਂ ਕੋਲ ਅਰਜ ਕਰਦਾ ਹੈ 'ਸਚੇ ਪਾਤਸ਼ਾਹ! ਭਾਈ ਸੰਗਤਾ ਜੀ ਕਿਥੇ ਹਨ?' ਸਤਿਗੁਰਾਂ ਨੂੰ ਯਾਦ ਆ ਜਾਂਦਾ ਹੈ ਕਿ ਅਸਾਂ ਉਨ੍ਹਾਂ ਨੂੰ ਖੂਹ ਗੇੜਨ ਵਾਸਤੇ ਕਿਹਾ ਸੀ ਪਰ ਫੇਰ ਹਟਣ ਦੀ ਆਗਯਾ ਨਹੀਂ ਕੀਤੀ। ਸਿਖਾਂ ਨੂੰ ਆਗਯਾ ਹੁੰਦੀ ਹੈ ਕਿ ਭਸੀਣਾ ਦੇ ਖੂਹ ਤੇ ਜਾਕੇ ਦੇਖੋ, ਸ਼ਾਇਦ ਅਜੇ ਤਕ ਖੂਹ ਹੀ ਗੇੜ ਰਹੇ ਹੋਵਣ। ਸਿਖ ਜਾਕੇ ਕੀ ਦੇਖਦੇ ਹਨ ਕਿ ਬਾਬਾ ਜੀ ਮਸਤੀ ਵਿਚ ਖੂਹ ਗੇੜੀ ਜਾਂਦੇ ਹਨ। ਅਰਜ ਕੀਤੀ ਬਾਬਾ ਜੀ ! ਸਤਿਗੁਰ ਤਾਂ ਹਥ ਮੂੰਹ ਧੋਕੇ ਕਿੰਨਾ ਚਿਰ ਹੋਇਆ ਘਰ ਵੀ ਚਲੇ ਗਏ ਹਨ। ਅਸਾਂ ਨੂੰ ਆਪਨੂੰ ਲੈਣ ਵਾਸਤੇ ਭੇਜਿਆ ਨੇ। ਭਾਈ ਸਾਹਿਬ ਆਖਦੇ ਹਨ, ਅਛਾ ! ਸਤਿਗੁਰ ਬੜੀ ਛੇਤੀ ਚਲੇ ਗਏ ਹਨ। ਜਦ ਸਿਖਾਂ ਨੇ ਫੇਰ ਕਿਹਾ ਕਿ ਅਸਾਂ ਆਪਨੂੰ ਸਤਿਗੁਰਾਂ ਦੇ ਹੁਕਮ ਨਾਲ ਸਦਣ ਆਏ ਹਾਂ ਤਾਂ ਬਾਬਾ ਜੀ ਖੂਹ ਛਡਕੇ ਉਨ੍ਹਾਂ ਦੇ ਨਾਲ ਤੁਰ ਪੈਂਦੇ ਹਨ, ਜਾ ਸਤਿਗੁਰਾਂ ਦੇ ਚਰਨਾਂ ਤੇ ਨਮਸਕਾਰ ਕੀਤੀ ਸਤਿਗੁਰੂ ਜੀ ਨੇ ਕੰਡ ਤੇ ਹਥ ਫੇਰ ਕੇ ਆਖਿਆ ਬਚਾ ਨਿਹਾਲ ! ਸਤਿਗੁਰਾਂ ਦੀ ਆਗਿਆ ਪਾਕੇ ਬਾਬਾ ਜੀ ਬੈਠ ਗਏ।

ਏਨੇ ਚਿਰ ਨੂੰ ਦਖਨੇਰ ਤੋਂ ਤੁਰੇ ਹੋਏ ਭਾਈ ਨਰੈਣ, ਭਾਈ ਚੂਹੜ, ਭਾਈ ਪਰਮਾ ਭਾਈ ਦੇਵਾ ਪਹੁੰਚ ਜਾਂਦੇ ਹਨ। ਏਹ ਚਾਰੇ ਸਿਖ ਪਹਿਲੋਂ ਬਾਬਾ ਸੰਗਤਾ ਜੀਦੇ

ਚਰਨਾਂ ਤੇ ਮਥਾ ਟੇਕਦੇ ਹਨ ਤੇ ਉਪ੍ਰੰਤ ਗੁਰੂ ਜੀ ਦੇ ਚਰਨਾਂ ਤੇ ਨਮਸਕਾਰ ਕਰਦੇ ਹਨ। ਸਾਈਂ ਜਵਾਹਰ ਜੀ ਅਸਚਰਜ ਹੋਕੇ ਪੁਛਦੇ ਹਨ ਭਾਈ ਤੁਸਾਂ ਦਾ ਗੁਰੂ ਕੌਣ ਹੈ ? ਸਿਖਾਂ ਨੇ ਸਰਲਤਾ ਪੂਰਵਕ ਉਤਰ ਦਿਤਾ—

**ਸਾਡਾ ਗੁਰੂ ਬਾਬਾ ਸੰਗਤਾ ਹੈ।'**

ਸਾਈਂ ਜੀ ਪਹਿਲੋਂ ਨਾਲੋਂ ਵੀ ਵਧੀਕ ਹੈਰਾਨ ਹੋਕੇ ਪੁਛਦੇ ਹਨ, ਗੁਰੂ ਬਾਬੇ ਨੇ ਤਾਂ ਭੈਣੀ ਸਾਹਿਬ ਵਾਲੇ ਸਤਿਗੁਰੂ ਰਾਮ ਸਿੰਘ ਜੀ ਨੂੰ ਗੁਰਗਦੀ ਅਰਪੀ ਹ ਫੇਰ ਤੁਸੀਂ ਏਹਨਾਂ ਨੂੰ ਗੁਰੂ ਕਿਓਂ ਕਹਿੰਦੇ ਹੋ? ਨਾਲੇ ਏਹ ਵੀ ਕਿਡੀ ਮਨਮਤ ਹੈ, ਕਿ ਸਤਿਗੁਰਾਂ ਦੇ ਹੁੰਦਿਆਂ ਪਹਿਲੋਂ ਸਿੱਖ ਨੂੰ ਮਥਾ ਟੇਕਿਆ ਜਾਵੇ। ਏਸ ਗਲ ਦੀ ਤੁਸਾਨੂੰ ਮਾਫੀ ਮੰਗਨੀਂ ਚਾਹੀਦੀ ਹੈ। ਸਾਈਂ ਜੀ ਦੇ ਏਹ ਤਾੜਨਾ ਯੁਕਤ ਬਚਨ ਸੁਣਕੇ, ਸਤਿਗੁਰ ਪਿਆਰ ਭਰੇ ਲਹਿਜੇ ਵਿਚ ਆਖਦੇ ਹਨ, ਸਾਈਂ ਜੀ! ਏਹ ਆਪਣੀ ਆਪਣੀ ਭਾਵਨਾ ਦੀ ਗਲ ਹੈ। ਜਿਸ ਪਾਸੋਂ ਕਿਸੇ ਦਾ ਕਾਰਜ ਹੋ ਜਾਵੇ, ਉਸ ਵਾਸਤੇ ਓਹੀ ਦਾਤਾਰ ਹੈ। ਸਾਈਂ ਜੀ ! ਬਾਬਾ ਸੰਗਤਾ ਸਿਧ ਪੁਰਸ਼ ਹਨ, ਤੇ ਗੁਰੂ ਕਾ ਰੂਪ ਹੈਨ। ਏਨਾਂ ਦੀ ਚਰਨੀ ਲਗਕੇ ਵੀ ਕਈਆਂ ਦਾ ਉਧਾਰ ਹਸੀ।

ਸਾਈਂ ਜੀ ਨੇ ਅਰਜ ਕੀਤੀ ਪਾਤਸ਼ਾਹ ! ਗੁਰਤਾ ਤਾਂ ਆਪਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਅਰਪਨ ਕਰ ਦਿਤੀ ਹੈ, ਹੁਣ ਬਾਬੇ ਸੰਗਤੇ ਨੂੰ ਕੇ ਸਮਝਿਆ ਜਾਵੇ ? ਗੁਰੂ ਜੀ ਕਿਹਾ ਅਸਾਂ ਕੇ ਸੌਂਪਣੀ ਸੀ। ਉਨ੍ਹਾਂ ਦੀ ਆਪਣੀ ਇਮਾਨਤ ਸੀ ਤੇ ਉਹ ਆਪ ਹੀ ਲੈ ਗਏ। ਅਸੀਂ ਬਾਬਾ ਸੰਗਤਾ ਸਾਹਿਬ ਨੂੰ ਮੰਜੀ ਬਖਸ਼ਦੇ ਹਾਂ। ਜੋ ਏਨਾਂ ਦੇ ਪੈਰੀ ਪੌਸਣ ਨਿਹਾਲ ਹੋਸਣ।

ਇਸਪ੍ਰਕਾਰਸ੍ਰੀ ਬਾਬਾ ਸੰਗਤਾ ਜੀ ਮਹਰਾਜ ਨੇ ਸਤਿਗੁਰਾਂ ਦੀ ਆਗਿਆ ਅਨੁਸਾਰ ਨਾਮ ਜਪਿਆ ਵੀ ਤੇ ਜਪਾਇਆ ਵੀ। ਆਪ ਦੀ ਮੰਜੀ ਸਾਹਿਬ ਕੈਂਬਲਪੁਰ ਵਿਚ ਹੈ, ਜਿਸਦਾ (ਲੇਖਕ ਨੇ ਆਪਣੇ ਜਥੇ ਸਮੇਤ) ਤਿੰਨ ਚਾਰ ਵਾਰ ਦਰਸ਼ਨ ਕੀਤਾ ਹੈ। ਮੰਜੀ ਸਾਹਿਬ ਦੀ ਬਹੁਤ ਪੂਜਾ ਹੁੰਦੀ ਹੈ। ਬਾਬਾ ਸੰਗਤਾ ਜੀ ਮਹਾਰਾਜ ਤੋਂ ਪਿਛੋਂ ਬਾਬਾ ਨਰੈਣ ਜੀ ਤੇ ਉਨ੍ਹਾਂ ਤੋਂਪਿਛੋਂ ਬਾਬਾ ਸਾਧੂ ਰਾਮ ਜੀ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਅਜ ਕਲ ਚੌਥੇ ਅਸਥਾਨ ਤੇ ਪਰਮ ਸਤਕਾਰ ਯੋਗ ੧੦੮ ਸਾਹਿਬ ਬਾਬਾ ਭਗਵਾਨ ਦਾਸ ਜੀ ਮਹਾਰਾਜ ਵਿਦਮਾਨ ਹਨ, ਜੋ ਕਿ ਕੈਂਬਲਪੁਰ ਵਿਚ ਨਿਵਾਸ ਰਖਕੇ ਸੰਗਤਾਂ ਨੂੰ ਤਾਰ ਰਹੇ ਹਨ। ਆਪ ਦਾ ਸੁਭਾਉ ਬੜਾ ਸਤੋਗੁਣੀ ਹੈ। ਕੈਂਬਲਪੁਰ ਵਿਚ ਆਪਨੇ ਨਾਮ ਤੇ ਬਾਣੀਦਾਪ੍ਰਵਾਹ ਚਲਾ ਰਖਿਆ ਹੈ। ਸਾਦਗੀ ਸਰਲਤਾ ਅਤੇ ਸੁਹਿਰਦਤਾ ਦਾ ਆਪ ਨਮੂਨਾ ਹਨ। (ਆਲਿਮ)

# ਸੰਤ ਮਰਾਲ ਕਰਹਿ ਕੰਤੂਹਲ

"ਨਿਰਮਲ ਨਾਮ ਸੁਧਾ ਪਰ ਪੂਰਨ, ਸਬਦ ਤਰੰਗ ਪ੍ਰਗਟਿਤ ਦਿਨ ਆਗਰੁ।
ਗਹਿਰ ਗੰਭੀਰ ਅਥਾਹ ਅਤਿ ਬਡ. ਸੁਭਰੁ ਸਦਾ ਸਭ ਬਿਧਿ ਰਤਨਾਗਰੁ।
ਸੰਤ ਮਰਾਲ ਕਰਹਿ ਕੰਤੂਹਲ, ਤਿਨ ਜਮ ਤ੍ਰਾਸ ਮਿਟਿਓ ਦੁਖ ਕਾਗਰੁ।
ਕਲਿਜੁਗ ਦੁਰਤ ਦੂਰਿ ਕਰਬੇ ਕਉ, ਦਰਸਨੁ ਗੁਰੂ ਸਗਲ ਸੁਖ ਸਾਗਰੁ।"

# ਸੰਤ ਸਰੂਪ ਸਿਦਕੀ ਭਾਈ ਮੁਖਾ ਜੀ

(ਸ੍ਰੀਮਾਨ ਸੰਤ ਇੰਦਰ ਸਿੰਘ ਜੀ "ਚਕ੍ਰਵਰਤੀ" ਦੀ ਲੇਖਨੀ ਅੰਕਿਤ)

ਭਾਈ ਮੁਖਾ ਜੀ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਸਿਦਕੀ ਸਿਖਾਂ ਵਿਚੋਂ ਇਕ ਸਨ। ਇਹ ਹਜ਼ਰੋ ਵਿਚ ਹਟੀ ਕਰਦੇ ਤੇ ਨਾਮ ਜਪਦੇ ਸਨ। ਇਹਨਾਂ ਸਬੰਧੀ ਸ੍ਰੀ ਮਾਨ ਸੰਤ ਇੰਦਰ ਸਿੰਘ ਜੀ 'ਚਕ੍ਰਵਰਤੀ' ਨੇ ਨਾਮਧਾਰੀ ਇਤਿਹਾਸ ਦੇ ਹਿਸੇ ਪਹਿਲੇ ਵਿਚ ਇਉਂ ਲਿਖਿਆ ਹੈ:

## ਭਾਈ ਮੁਖੇ ਦਾ ਸਿਦਕ

ਇਕ ਦਿਨ ਹਜ਼ਰੋਂ ਵਿਚ ਢੰਡੋਰਾ ਫਿਰਿਆ ਕਿ ਜੇਹੜੇ ਸਤਿਗੁਰੂ ਬਾਲਕ ਸਿੰਘ ਜੀਦੇ ਸਿੱਖ ਹਨ, ਉਹ ਆਪੋ ਆਪਣੇ ਨਾਉਂ ਲਿਖਾਣ। ਠਾਣੇਦਾਰ ਨੇ ਸਿਪਾਹੀਆਂ ਨੂੰ ਹੁਕਮ ਦਿਤਾ ਕਿ ਗੁਰੂ ਬਾਲਕ ਸਿੰਘ ਦੇ ਸਿਖਾਂ ਦੇ ਨਾਮ ਲਿਖ ਲਿਆਓ। ਠਾਣੇ ਦੇ ਸਿਪਾਹੀਆਂ ਨੇ ਬਜ਼ਾਰ ਵਿਚ ਜਾਕੇ ਹਟੀ ਹਟੀ ਤੇ ਪੁਛਣਾਂ ਸ਼ੁਰੂ ਕੀਤਾ, ਜੋ ਗੁਰੂ ਬਾਲਕ ਸਿੰਘ ਜੀ ਦਾ ਸਿਖ ਕੌਣ ਹੈ? ਭਾਈ ਮੁਖੇ ਨੂੰ ਜਦ ਪੁਛਿਆ ਗਿਆ, ਤਾਂ ਆਪਨੇ ਕਿਹਾ ਕਿਮੈਂ– 'ਸਚੇ ਪਾਤਿਸ਼ਾਹ ਸ੍ਰੀ ਗੁਰੂ ਬਾਲਕ ਸਿੰਘ ਜੀ ਦਾ ਸਿਖ ਹਾਂ-ਸਿਪਾਹੀ ਭਾਈ ਮੁਖੇ ਨੂੰ ਫੜਕੇ ਥਾਣੇ ਲੈ ਗਏ। ਥਾਣੇਦਾਰ ਨੇ ਪੁਛਿਆ ਕਿ ਤੂੰ ਕਿਸਦਾ ਸਿਖ ਹੈ? ਭਾਈ ਮੁਖੇ ਨੇ ਵੀ ਧੀਰਜ ਨਾਲ ਉਤ੍ਰ ਦਿਤਾ ਕਿ ਮੈਂ ਗੁਰੂ ਬਾਲਕ ਸਿੰਘ ਜੀ ਦਾ ਸਿਖ ਹਾਂ। ਥਾਣੇਦਾਰ ਨੇ ਆਖਿਆ, ਤੂੰ ਬਾਬੇ ਬਾਲਕ ਸਿੰਘ ਪਾਸ ਨਾ ਜਾਇਆ ਕਰ। ਭਾਈ ਮੁਖੇ ਨੇ ਜਵਾਬ ਦਿਤਾ ਕਿ 'ਮੀਆਂ ਜੀ ਜੇ ਤੁਹਾਨੂੰ ਕੋਈ ਆਖੇ ਕਿ ਆਪਣੇ ਪੀਰ ਜੀ ਦਾ ਦਰਸ਼ਨ ਕਰਨ ਨ ਜਾਓ, ਤਾਂ ਤੁਸੀਂ ਓਹਨਾਂ ਦੇ ਕਦਮਾਂ ਵਿਚ ਜਾਣਾਂ ਛਡ ਦਿਓਗੇ?' ਥਾਣੇਦਾਰ ਨੇ ਕਿਹਾ ਕਿ ਜੇ ਕੋਈ ਸਾਡਾ ਸਿਰ ਵੀ ਲਾਹ ਛਡੇ ਤਾਂ ਵੀ ਅਸੀਂ ਅਪਣੇ ਪੀਰ ਨੂੰ ਨਹੀਂ ਛਡ ਸਕਦੇ। ਭਾਈ ਮੁਖੇ ਕਿਹਾ ਕਿ ਤਾਂ ਸਾਨੂੰ ਛਡਣ ਲਈ ਕਿਉਂ ਕਹਿੰਦੇ ਹੋ? ਅਸੀਂ ਕਿਵੇਂ ਛੱਡ ਸਕਦੇ ਹਾਂ ਕਿਉਂਕਿ ਉਹ ਸਾਡੇ ਸਤਿਗੁਰੂ ਹਨ।' ਠਾਣੇਦਾਰ ਨੇ ਕਿਹਾ ਕਿ ਕੁਝ ਵੀ ਕਿਉਂ ਨ ਹੋਵੇ ਤੁਹਾਨੂੰ ਮੇਰਾ ਹੁਕਮ ਜਰੂਰ ਮੰਨਣਾ ਪਵੇਗਾ। ਤੁਸੀਂ ਗੁਰੂ ਬਾਲਕ ਸਿੰਘ ਜੀ ਕੋਲ ਨਹੀ ਜਾ ਸਕਦੇ। ਭਾਈ ਮੁਖੇ ਜਵਾਬ ਦਿਤਾ ਕਿ ਜੀਉਂਦਾ ਜੀਉਂਦਾ ਤਾਂ ਮੈ ਆਪਣੇ ਪਯਾਰੇ ਮੁਕਤੀ ਦਾਤਾ ਸਤਿਗੁਰੂ ਦੇ ਦਰਸ਼ਨ ਛਡ ਨਹੀਂ ਸਕਦਾ, ਮਰਕੇ ਵੀ ਓਹਨਾਂ ਦੇ ਚਰਨਾਂ ਵਿਚ ਹੀ ਸੁਰਤ ਰਵੇਗੀ। ਕੋਈਸ਼ਕਤੀ ਨਹੀਂ ਜੇਹੜੀ ਹਟਾ ਸਕੇ। ਏਹ ਬਚਨ ਸੁਣਕੇ ਥਾਣੇਦਾਰ ਨੇ ਗੁਸੇ ਨਾਲ ਭਾਈ ਮੁਖੇ ਦੇ ਮੂੰਹ ਤੇ ਚਪੇੜਾਂ ਮਾਰੀਆਂ ਭਾਈ ਮੁਖੇ ਨੇ ਨੇ ਸਬਰ ਨਾਲ ਕਿਹਾ ਕਿ ਮੀਆਂ ਤੈਂ ਬੜਾ ਅਨਿਆਉ ਕੀਤਾ ਹੈ। ਇਸ ਦਾ ਫਲ ਤੈਂਨੂੰ ਜਰੂਰ ਹੀ ਭੁਗਤਣਾ ਪਏਗਾ। ਠਾਨੇਦਾਰ ਨੇ ਭਾਈ ਮੁਖੇਨੂੰ ਹੋਰਵੀ ਬਹੁਤ ਮੰਦ ਚੰਗਬਕਿਆ ਅਤੇ ਧੱਕੇ ਮਾਰਕੇ ਬਾਹਰ ਕਢਾ ਦਿੱਤਾ। ਭਾਈ ਮੁਖਾ ਸਿੱਧਾ ਸਤਿਗੁਰਾਂ ਦੇ ਹਜ਼ੂਰ ਆਇਆ। ਚਰਨਾਂ ਤੇ ਨਮਸ਼ਕਾਰ ਕੀਤੀ। ਸਤਿਗੁਰੂ ਅੰਤ੍ਰਯਾਮੀ ਭਾਈ ਮੁਖੇ ਨੂੰ ਪੁਛਦੇ ਹਨ,

ਕਿ ਸੁਣਾ ਭਾਈ ਮੁਖਾ ਕਿਵੇਂ ਗੁਜਰੀ ? ਭਾਈ ਮੁਖੇ ਨੇ ਬੇਨਤੀ ਕੀਤੀ ਕਿ ਸਚੇ ਪਾਤਿਸ਼ਾਹ ਆਪ ਸਭ ਕੁਛ ਜਾਣਦੇ ਹੋ। ਸਤਿਗੁਰਾਂ ਕਿਹਾ ਨਰਾਜ ਕਿਓਂ ਹੈਂ? ਕੀ ਥਾਨੇਦਾਰ ਨੇ ਕੁਝ ਆਖਿਆ ਹੈ। ਭਾਈ ਮੁਖੇ ਨੇ ਸਤਿਗੁਰਾਂ ਅਗੇ ਜਿਵੇਂ ਬੀਤੀ ਸੀ ਕਹਿ ਸੁਣਾਈ। ਸਤਿਗੁਰਾਂ ਨੇ ਸਾਰੀ ਗਲ ਸੁਣਕੇ ਭਾਈ ਮੁਖੇ ਨੂੰ ਧੀਰਜ ਦਿਤੀ ਅਤੇ ਕਹਿਆ ਭਾਈ ਮੁਖਾ ਏਹ ਚਪੇੜਾਂ ਤੈਨੂੰ ਨਹੀਂ ਲਗੀਆਂ ਸਾਨੂੰ ਲਗੀਆਂ ਹਨ, ਭਾਈ ਮੁਖੇ ਸਤਿਗੁਰਾਂ ਦੇ ਚਿਹਰੇ ਵਲ ਚੰਗੀ ਤਰਾਂ ਤਕਿਆ ਤਾਂ ਸਤਿਗੁਰਾਂ ਦੀਆਂ ਗੱਲਾਂ ਤੇ ਚਪੇੜਾਂ ਦੇ ਨੀਲ ਪਏ ਦਿਸੇ। ਏਹ ਕੌਤਕ ਦੇਖ ਭਾਈ ਮੁਖਾ ਵੈਰਾਗੀ ਹੋਗਿਆ। ਸਤਿਗੁਰੂ ਦੇ ਚਰਨਾਂ ਤੇ ਲਿਪਟਕੇ ਵੈਰਾਗ ਕਰਨ ਲਗ ਪਿਆ। ਕਿ ਹੇ ਦੀਨ ਦਿਆਲ ਜੀ, ਮੈਨੂੰ ਬਖਸ਼ੋ, ਏਹ ਦੁਖ ਆਪਨੇ ਮੈਂ ਪਾਪੀ ਖਾਤਰ ਉਠਾਯਾ ਹੈ। ਨਹੀਂ ਤੇ ਕਿਸਦੀ ਤਾਕਤ ਹੈ ਕੇ ਤੁਹਾਡੇ ਵਲ ਉਂਗਲ ਕਰ ਸਕੇ। ਸਤਿਗੁਰਾਂ ਭਾਈ ਮੁਖੇ ਨੂੰ ਛਾਤੀ ਨਾਲ ਲਾਕੇ ਆਖਿਆ, ਬਚਾ ਨਿਹਾਲ! ਤੈਂ ਅਜ ਰਖ ਵਿਖਾਈ ਹੈ। ਤੇਰਾ ਸਿਦਕ ਸਚਾ ਹੈ। ਤੂੰ ਸਾਡਾ ਸਾਬਰ ਸਿਖ ਹੈਂ। ਜਿਥੇ ਅਸੀਂ ਓਥੇ ਤੂੰ। ਜਿਸ ਦੁਸ਼ਟ ਠਾਣੇਦਾਰ ਨੇ ਤੇਰੇ ਜੇਹੇ ਸੰਤ ਸਰੂਪ ਗੁਰਮੁਖ ਗੁਰ ਸਿਖ ਦੇ ਚਪੇੜਾਂ ਮਾਰਕੇ ਬੇ-ਅਦਬੀ ਕੀਤੀ ਹੈ, ਇਸਦਾ ਨਤੀਜਾ ਅਜ ਤੋਂ ਅਨਵੇਂ ਦਿਨ ਉਸ ਨੂੰ ਚੰਗੀ ਤਰਾਂ ਮਿਲ ਜਾਵੇਗਾ। ਨਿਰੰਕਾਰ ਬਿਰਦਬਾਣੇ ਦੀ ਲਾਜ ਰਖਦਾ ਆਇਆ ਹੈ। ਭਗਤਾਂ ਦੀ ਜੈ, ਪਾਪੀਆਂ ਦੀ ਖੈ ਕਰਨਾਂ ਹੀ ਉਸਦਾ ਕਰਮ ਹੈ। ਭਾਈ ਮੁਖਾ ਬਹੁਤ ਚਿਰ ਸਤਿਗੁਰਾਂ ਨਾਲ ਬਚਨ ਬਲਾਸ ਕਰਕੇ ਆਪਣੀ ਹਟੀ ਤੇ ਆ ਗਿਆ। ਜਾਂ ਅਠਵਾਂ ਦਿਨ ਬੀਤਿਆ ਤਾਂ ਥਾਨੇਦਾਰ ਚੁਬਾਰੇ ਉਤੇ ਬੈਠਾ ਸ਼ਰਾਬ ਪੀ ਰਿਹਾ ਸੀ। ਪੀਂਦਾ ਪੀਂਦਾ ਬੇਸੁਧ ਹੋਕੇ ਥਲੇ ਡਿਗ ਪਿਆ 'ਡਿਗਦਿਆਂ ਸਾਰ ਹੀ ਉਸਦੇ ਪ੍ਰਾਨ ਨਿਕਲ ਗਏ। ਜਦ ਭਾਈ ਮੁਖੇ ਨੂੰ ਪਤਾ ਲਗਾ ਤਾਂ ਸਤਿ ਗੁਰਾਂ ਦੇ ਹਜੂਰ ਆਇਆ। ਨਮਸਕਾਰ ਕਰਕੇ ਆਖਣ ਲਗਾ ਕਿ ਸਚੇ ਪਾਤਸ਼ਾਹ ਜੀ ਥਾਨੇਦਾਰ ਅਜ ਮਰ ਗਿਆ ਹੈ। ਸਤਿਗੁਰਾਂ ਬਚਨ ਕੀਤਾ ਕਿ ਭਾਈ ਜੈਸਾ ਕਰੇਗਾ, ਤੈਸਾ ਭਰੇਗਾ, ਇਹ ਕਲ-ਜੁਗ ਹੈ। ਐਸ ਹਥ ਦੇ, ਐਸ ਹਥ ਲੈ 'ਅਹਿ-ਕਰ ਕਰੇ ਸੁ ਅਹਿਕਰ ਪਾਏ।' ਸ੍ਰੀ ਸਤਿਗੁਰੂ ਸਚੇ ਪਾਤਸ਼ਾਹ ਜੀ ਦਾ ਹੁਕਮ ਹੈ।

# ਸੰਤ ਮਹਿਮਾਂ

ਗਉੜੀ ਮ: ੫ ॥ ਗੁਆਰੇਰੀ

ਰੈਣ ਦਿਨਸੁ ਰਹੈ ਇਕ ਰੰਗਾ ॥
ਪ੍ਰਭ ਕਉ ਜਾਨੈ ਸਦ ਹੀ ਸੰਗਾ ॥
ਠਾਕੁਰ ਨਾਮ ਕੀਓ ਉਨਿ ਵਰਤਨਿ ॥
ਤ੍ਰਿਪਤਿਅਘਾਵਨਿ ਹਰਿਕੈ ਦਰਸਨਿ ॥ ੧ ॥
ਹਰਿ ਸੰਗ ਰਾਤੇ ਮਨ ਤਨ ਹਰੇ ॥
ਗੁਰ ਪੂਰੇਕੀ ਸਰਨੀ ਪਰੇ ॥ ਰਹਾਉ ॥
ਚਰਨ ਕਮਲ ਆਤਮ ਆਧਾਰ ॥
ਏਕੁ ਨਿਹਾਰਹਿ ਆਗਿਆ ਕਾਰ ॥
ਏਕੋ ਬਜਨੁ ਏਕੁ ਬਿਓਹਾਰੀ ॥
ਅਵਰੁ ਨ ਜਾਨਹਿ ਬਿਨੁ ਨਿਰੰਕਾਰੀ ॥ ੨ ॥
ਹਰਖ ਸੋਗ ਦੁਹ ਹੂੰ ਤੇ ਮੁਕਤੇ ॥
ਸਦਾ ਅਲਿਪਤੁ ਜੋਗ ਅਰੁ ਜੁਗਤੇ ॥
ਦੀਸਹਿ ਸਭ ਮਹਿ ਸਭ ਤੇ ਰਹਤੇ ॥
ਪਾਰਬ੍ਰਹਮ ਕਾ ਓਇ ਧਿਆਨ ਧਰਤੇ ॥ ੩ ॥
ਸੰਤਨ ਕੀ ਮਹਿਮਾ ਕਵਨੁ ਬਖਾਨਉ ॥
ਅਗਾਧਿਬੋਧਿਕਿਛੁਮਿਤਿਨਹੀਜਨਉ॥
ਪਾਰਬ੍ਰਹਮ ਮੋਹਿ ਕ੍ਰਿਪਾ ਕੀਜੈ ॥
ਧੂਰਿਸੰਤਨਕੀਨਾਨਕਦੀਜੈ ॥ ੪ ॥ ੧੭ ॥ ੬੮ ॥

# ਸੰਤ ਮਹਿਮਾ

ਸੋਰਠਿ ਮਹਲਾ ੫ ॥

ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਨਾ ॥ ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ ॥ ੧ ॥ ਹਮ ਸੰਤਨ ਸਿਉ ਬਣਿ ਆਈ ॥ ਪੂਰਬਿ ਲਿਖਿਆ ਪਾਈ ॥ ਇਹੁ ਮਨੁ ਤੇਰਾ ਭਾਈ ॥ ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ ॥ ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ ॥ ੨ ॥ ਸੰਤਨ ਮੋਕਉ ਪੂੰਜੀ ਸਉਪੀ ਉਤਰਿਆ ਮਨ ਕਾ ਧੋਖਾ ॥ ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥ ੩ ॥ ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥ ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥ ੪ ॥




ਸੀਸ ਦੀਏ ਅਰ ਸੀ ਨ ਕਰੀ ਜਿਨ ਸਿੱਖਨ ਤਾਹਿਕੇ ਮੈਂ ਬਲਿਹਾਰੀ ॥
[illegible]

ਤੇ ਸਿਖ ਵਾ ਗੁਰ ਕੇਹਰ ਰਾਮ ਸੁ ਧਿਆਨ ਮ੍ਰਿਗਿੰਦ ਕਰੋਰ ਜੁਹਾਰੀ ॥
[illegible]

# (੭) ਸ੍ਰੀਮਾਨ ਬਾਬਾ ਕਾਹਨ ਸਿੰਘ ਜੀ

ਆਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਚੇ ਪਾਤਿਸ਼ਾਹ ਦੇ ੨੨ ਸੂਬਿਆਂ ਵਿਚੋਂ ਇਕ ਸਨ। ਆਪ ਦੀਆਂ ਪੰਥਕ ਸੇਵਾਂ, ਘਾਲਾਂ ਤੇ ਕੁਰਬਾਨੀਆਂ ਨਾਲ ਇਤਿਹਾਸ ਭਰਿਆ ਪਿਆ ਹੈ। ਆਪ ਨੂੰ ਸਚੇ ਪਾਤਿਸ਼ਾਹ ਦਾ ਚਮਤਕਾਰਕ ਦਰਸ਼ਨ ਮਹਾਰਾਜਾ ਨੌ ਨਿਹਾਲ ਸਿੰਘ ਜੀ ਦੀ ਫੌਜ ਵਿਚ ਹੀ ਹੋ ਗਿਆ ਸੀ। ਸ੍ਰੀ ਸਤਿਗੁਰੂ ਜੀ ਨੇ ਜਦ ਹਜ਼ਰੋ ਸਾਹਿਬ ਵਿਖੇ ਸ੍ਰੀ ਗੁਰੂ ਬਾਬਾ ਬਾਲਕ ਸਿੰਘ ਜੀ ਦੇ ਪਹਿਲੀ ਵਾਰ ਦਰਸ਼ਨ ਕੀਤੇ ਸਨ, ਆਪ ਓਦੋਂ ਨਾਲ ਹੀ ਸਨ। ਏਨ੍ਹਾਂ ਦਾ ਸੰਪੂਰਨ ਜੀਵਨ ਤਾਂ ਬਹੁਤ ਅਧਿਕ ਹੈ ਪਰ ਸਤਿਜੁਗ ਦੇ ਪਾਠਕਾਂ ਦੀ ਦਿਲਚਸਪੀ ਵਾਸਤੇ ਅਤਯੰਤ ਹੀ ਸੰਖਿਪਤਰੂਪ ਵਿਚ ਕੁਛ ਲਿਖਣ ਦੀ ਢਿਠਾਈ ਕਰਦਾ ਹਾਂ:—

## ਜਨਮ

ਆਪ ਜੀ ਦਾ ਜਨਮ ਰਿਆਸਤ ਮਲੇਰ ਕੋਟਲਾ ਦੇ ਇਕ ਨਿਕੇ ਜਹੇ ਪਿੰਡ ਚਕ ਵਿਚ (ਜਿਸਨੂੰ ਅਜ ਕਲ ਕੂਕਿਆਂ ਦਾ ਚਕ ਕਹਿੰਦੇ ਹਨ) ਸੰਮਤ ੧੮੬੬ ਬਿਕ੍ਰਮੀ ਨੂੰ ਕਤਕ ਦੀ ਇਕਾਦਸੀ ਵਾਲੇ ਦਿਨ ਹੋਯਾ ਸੀ। ਆਪ ਦੇ ਪਿਤਾ ਜੀ ਜਟ (ਬੋਪਾਰਾਇ ਗੋਤ ਦੇ) ਸਨ ਜਿਨ੍ਹਾਂ ਦਾ ਨਾਮ ਸ੍ਰਦਾਰ ਨਥਾ ਸਿੰਘ ਜੀ। ਮਾਤਾ ਦਾ ਨਾਮ ਰੂਪਾਂ ਸੀ।

## ਪਿਤਾ ਦੀ ਮ੍ਰਿਤੂ

ਆਪ ਜੀ ਦੇ ਪਿਤਾ ਆਪਦੇ ਜਨਮ ਤੋਂ ਕੁਛ ਘੰਟੇ ਉਪ੍ਰੰਤ ਹੀ ਹੁਕਮ ਸਤ ਹੋ ਗਏ ਸਨ। ਮਾਤਾ ਜੀ ਨੇ ਆਪ ਦੀ ਬੜੀ ਮੇਹਨਤ ਨਾਲ ਪਾਲਨਾ ਕੀਤੀ। ਆਪ ਦਾ ਕਦ ੭ ਫੁਟ ਲੰਮਾਂ ਤੇ ਸਰੀਰ ਬੜੇ ਸੁੰਦਰ ਨਕਸ਼ਾਂ ਵਾਲਾ ਸੀ।

## ਨੌਕਰੀ

ਸੰਮਤ ੧੮੮੦ ਵਿਚ ਆਪ ਮਹਾਰਾਜਾ ਨੌ ਨਿਹਾਲ ਸਿੰਘ ਜੀ ਦੀ ਖਾਲਸਾ ਫੌਜ ਲਹੌਰ ਵਿਚ ਭਰਤੀ ਹੋਗਏ। ਆਪਨੇ ਅਪਣੀ ਦਰਗਾਹੀ ਲਿਆਕਤ ਅਨੁਸਾਰ ਅਜੇਹੇ ਜੌਹਰ ਦਿਖਾਏ, ਕਿ ਆਪ ਕੁਛ ਸਾਲਾਂ ਵਿਚ ਹੀ ਸੂਬੇਦਾਰ ਮੇਜਰ ਦੀ ਪਦਵੀ ਨੂੰ ਪ੍ਰਾਪਤ ਹੋਗਏ।

## ਪੂਰੇ ਗੁਰੂ ਦਾ ਵੈਰਾਗ

ਏਨਾਂ ਦਿਨਾਂ ਵਿਚ ਲਹੌਰ ਵਿਚ ਨਿਰਮਲ ਸੰਪ੍ਰਦਾਇ ਦੇ ਇਕ ਉਤਮ ਮਹਾ ਪੁਰਖ ਬਾਬਾ ਖੁਦਾ ਸਿੰਘ ਜੀ ਵਿਦਮਾਨ ਸਨ। ਉਨ੍ਹਾਂ ਦਾ ਜਸ ਸੁਣਕੇ ਬਾਬਾ ਜੀ ਉਨ੍ਹਾਂ ਦੀ ਸੰਗਤ ਤੋਂ ਲਾਭ ਪ੍ਰਾਪਤ ਕਰਨ ਲਗੇ। ਸੰਤ ਜੀ ਮਹਾਰਾਜ ਤੋਂ ਆਪਨੇ ਕੁਛ ਵਿਦਿਆ ਵੀ ਪ੍ਰਾਪਤ ਕੀਤੀ। ਜਦੋਂ ਆਪ ਗੁਰਬਾਣੀ ਦਾ ਪਾਠ ਸੁਣਦੇ ਤਾਂ ਗੁਰੂ ਮਹਿਮਾਂ ਨਾਲ ਭਰਪੂਰ ਵਾਕਾਂ ਨੂੰ ਸੁਣਕੇ ਆਪ ਦਾ ਸੀਸ ਮਸਤੀ ਨਾਲ ਝੂਲਣ ਲਗ ਪੈਂਦਾ। ਇਕ ਦਿਨ ਆਪ ਨੇ ਸੁਣਿਆਂ —"ਦਰਸ਼ਨ ਗੁਰੂ ਸਗਲ ਸੁਖ ਸਾਗਰ" ਹੈ! ਮੈਂ ਤਾਂ ਸਮਝਿਆ ਸੀ ਸ੍ਰਕਾਰ ਦੀ ਨੌਕਰੀ ਹੀ ਸਕਲ ਸੁਖ ਸਾਗਰ ਹੈ, ਪਰ

ਏਥੇ ਤਾਂ ਹੋਰ ਕੁਛ ਹੀ ਸੁਣ ਰਿਹਾ ਹਾਂ—ਸੂਬੇਦਾਰ ਸਾਹਿਬ ਦੇ ਦਿਲ ਵਿਚ ਇਹ ਖਿਆਲ ਪੈਦਾ ਹੋਇਆ। ਬਾਬਾ ਖੁਦਾ ਸਿੰਘ ਜੀ ਨੂੰ ਪੁਛਿਆ—ਮਹਾਰਾਜ! ਏਹ ਠੀਕ ਹੈ ਕਿ "ਦਰਸ਼ਨ ਗੁਰੂ ਸਗਲ ਸੁਖ ਸਾਗਰ? ਸੰਤ ਜੀ ਮਹਾਰਾਜ ਨੇ ਕਿਹਾ, ਭਾਈ! ਏਸ ਗਲ ਵਿਚ ਭਲਾ ਸੰਦੇਹ ਹੀ ਕੀ ਹੋ ਸਕਦਾ ਹੈ? ਤਾਂ ਬਾਬਾ ਜੀ ਮੈਨੂੰ ਫੇਰ ਕਿਸੇ ਐਸੇ ਗੁਰੂ ਦੀ ਦੱਸ ਪਾਵੋ। ਮੈਂ ਤਾਂ ਸਮਝਦਾ ਸਾਂ ਕਿ ਹੁਣ ਗੁਰੂ ਕੋਈ ਨਹੀਂ। ਸੰਤਾਂ ਨੇ ਕਿਹਾ ਸੂਦਾਰ ਜੀ! ਗੁਰੂ ਦੀ ਪੀੜ੍ਹੀ ਜੁਗੋ ਜੁਗ ਚਲਦੀ ਹੈ। ਜਦ ਸਿਖ ਬਣਨ ਦੀ ਲੋੜ ਹੈ, ਤਾਂ ਗੁਰੂ ਹੋਵੇਗਾ ਹੀ ਤਾਂ ਸਿੱਖ ਬਣੇਗਾ ਨਾਂ। ਜੇ ਮਾਸਟਰ ਹੀ ਨਾਂ ਹੋਇਆ ਤਾਂ ਸ਼ਾਗਿਰਦ ਕੋਈ ਕੀਹਦਾ ਬਣੇਗਾ? ਫੇਰ ਮਹਾਂਰਾਜ ਮੈਨੂੰ ਆਪ ਕਿਰਪਾ ਕਰਕੇ ਦੱਸੋ ਕਿ ਗੁਰੂ ਕਿਥੇ ਹੈ? ਤਾਕਿ ਮੈਂ ਉਸਦੇ ਚਰਨ ਪਰਸਾਂ। ਸੰਤ ਜੀ ਮਹਾਰਾਜ ਨੇ ਫੁਰਮਾਇਆ, ਸੂਦਾਰ ਸਾਹਿਬ! ਗੁਰੂ ਅੰਤ੍ਰਜਾਮੀ ਹੈ। ਜਦੋਂ ਤੇਰੇ ਦਿਲ ਦੀ ਤੀਬਰ ਲਗਨ ਤੱਕੇਗਾ ਤਾਂ ਤੈਨੂੰ ਆਪਹੀ ਦਰਸ਼ਨ ਦੇ ਦੇਸੀ। ਭਾਈ ਨਾਂ ਤਾਂ ਤੇਰੇ ਕੋਲ ਤਾਕਤ ਹੈ ਕਿ ਤੂੰ ਗੁਰੂ ਦੀ ਖੋਜ ਕਰ ਸਕੇਂ, ਤੇ ਨਾਂ ਹੀ ਤੇਰੇ ਕੋਲ ਉਹ ਦ੍ਰਿਸ਼ਟੀ ਹੈ, ਜਿਸ ਨਾਲ ਤੂੰ ਉਸਨੂੰ ਪਛਾਣ ਸਕੇਂ, ਕਈ ਵਾਰ ਅਜੇਹਾ ਵੀ ਹੁੰਦਾ ਹੈ ਕਿ ਜਿਸਨੂੰ ਮਨੁੱਖ ਮਿਲਨਾਂ ਚਾਹੇ ਉਹ ਭਾਵੇਂ ਉਸਦੇ ਨਾਲ ਵੀ ਗੱਲਾਂ ਕਰ ਰਿਹਾ ਹੋਵੇ ਪਰ ਪਛਾਣ ਤੋਂ ਬਿਨਾਂ ਉਸਨੂੰ ਜਾਣ ਨਹੀਂ ਸਕਦਾ। ਵੇਖ! ਗੁਰੂ ਅਮਰਦਾਸ ਨੂੰ ਇਕ ਬ੍ਰਹਮਚਾਰੀ ਤੋਂ ਸੁਣਕੇ ਏਸ ਗਲ ਦੀ ਲਗਨ ਲਗ ਗਈ ਕਿ ਮੈਨੂੰ ਗੁਰੂ ਮਿਲੇ। ਉਹਨਾਂ ਦੀ ਹਾਲਿਤ ਐਨ ਵੈਰਾਗੀਆਂ ਵਾਲੀ ਹੋ ਗਈ। ਆਸ਼ਕਾਂ ਦੀਆਂ ਇਹ ਨੌ ਨਿਸ਼ਾਨੀਆਂ ਉਹਨਾਂ ਤੇ ਘਟਣ ਲਗੀਆਂ:—

"ਆਸ਼ਿਕਾਂ ਰਾ ਨੌ ਨਿਸ਼ਾਨੀ ਐ ਪਿਸਰ॥
ਆਹ ਸਰਦੋ ਰੰਗ ਜ਼ਰਦੋ ਚਸ਼ਮ ਤਰ॥
ਇੰਤਜ਼ਾਰੀ ਬੇਕਰਾਰੀ ਬੇ ਅਰਾਮ॥
ਕਮ ਗੁਫਤਨੋ ਕਮ ਖ਼ੁਰਦਨੋ ਖ਼ਾਬੇ ਹਰਾਮ"

ਅਰਥਾਤ ਆਸ਼ਿਕ ਦੇ ਅੰਦਰ ਜਦ ਹਜ਼ਰਤ ਇਸ਼ਕ ਦਾ ਥਾਣਾਂ ਲਗ ਜਾਂਦਾ ਹੈ, ਤਾਂ ਉਸਦੇ ਵਜੂਦ ਤੇ ੯ ਨਿਸ਼ਾਨੀਆਂ ਵਾਰਦ ਹੁੰਦੀਆਂ ਹਨ। (੧) ਠੰਢੀ ਆਹ, (੨) ਰੰਗ ਪੀਲਾ, (੩) ਨੇਤ੍ਰ ਪ੍ਰੇਮ ਅੱਥਰੂਆਂ ਨਾਲ ਸਜਲ, (੪) ਉਡੀਕ, (੫) ਤੜਪ (੬) ਬੇਅਰਾਮੀ (੭) ਥੋੜਾ ਬੋਲਣਾਂ, (੮) ਘਟ ਖਾਣਾਂ ਤੇ (੯) ਨੈਣਾਂ ਵਿਚ ਨੀਂਦ ਨਾ ਪੈਣੀ। ਏਨ੍ਹਾਂ ਨਵਾਂ ਹੀ ਹਾਲਤਾਂ ਦਾ ਗੁਰਬਾਣੀ ਵਿਚ ਕਈ ਥਾਂਈ ਵਰਨਨ ਕੀਤਾ ਗਿਆ ਹੈ, ਜਿਨ੍ਹਾਂ ਦਾ ਏਥੇ ਜ਼ਿਕਰ ਕਰਨ ਨਾਲ ਪ੍ਰਕਰਣ ਬਹੁਤ ਲੰਮਾ ਹੋ ਜਾਣਦਾ ਡਰ ਹੈ। ਗੁਰੂ ਅਮਰਦਾਸ ਜੀ ਦਾ "ਇਸ਼ਤਜਾਕੇ ਮੁਰਸ਼ਦ" (ਗੁਰੂ ਮਿਲਨ ਦੀ ਲਗਨ) ਜਦ ਤੀਬਰ ਮਾਤ੍ਰਾ ਤਕ ਪਹੁੰਚੀ ਤਾਂ ਗੁਰੂ ਅੰਗਦ ਜੀ ਨੇ ਉਨ੍ਹਾਂ ਨੂੰ ਅਪਣੇ ਚਰਨਾਂ ਵਲ ਖਿਚਣ ਵਾਸਤੇ ਬਟ ਨਿਮਿਤ ਬਣ ਲਿਆ। ਸੋ ਸੂਦਾਰ ਸਾਹਿਬ ਤੁਹਾਡੇ ਹਿਰਦੇ ਵਿਚ ਜਦ ਗੁਰੂ ਦਰਸ਼ਨ ਦੀ ਸਿੱਕ ਉਸ ਮਾਤ੍ਰਾ ਤਕ ਜ਼ੋਰ ਪਕੜੇਗੀ, ਤਾਂ ਗੁਰੂ ਅਮਰਦਾਸ ਜੀ ਨੂੰ ਤਾਂ ਬਾਸਰਕਿਆਂ ਤਾਂ ਖਡੂਰ ਤਕ ਜਾਣ ਦੀ ਖੇਚਲ ਕਰਨੀ ਪਈ ਸੀ, ਜਾਹ ਅਸੀਂ ਤੈਨੂੰ ਸੱਚੋ ਸੱਚ ਕਹਿ ਦੇਦੇਂ ਹਾਂ, ਕਿ ਤੇਰੇ ਪ੍ਰੇਮ ਦੀ ਕਸ਼ਸ਼ ਨਾਲ ਗੁਰੂ ਜੀ ਆਪ ਹੀ ਖਿਚੇ ਚਲੇ ਔਣਗੇ।

## ੨.

ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ

ਜੀ ਦੀ ਵਡੀ ਭੈਣ ਬੀਬੀ ਸਾਹਿਬ ਕੌਰ ਜੀ ਪਿੰਡ ਰਾਏ ਪੁਰ ਵਿਚ ਵਿਆਹੀ ਹੋਈ ਸੀ। ਆਪਦੇ ਪਤੀ ਜੀ ਦਾ ਨਾਉਂ ਸ੍ਰਦਾਰ ਕਾਬਲ ਸਿੰਘ ਜੀ ਸੀ। ਸ੍ਰਦਾਰ ਜੀ ਲਹੌਰ ਖਾਲਸਾ ਫੌਜ ਦੇ ਤੋਪਖਾਨੇ ਵਿਚ ਮੁਲਾਜ਼ਮ ਸਨ। ਆਪ ਏਡੇ ਜ਼ਬਰਦਸਤ ਨਿਸ਼ਾਨਚੀ ਸਨ, ਕਿ ਦੁਸ਼ਮਨ ਵਲੋਂ ਚਲਾਈ ਗਈ ਤੋਪ ਦੇ ਗੋਲੇ ਵਿਚ ਗੋਲਾ ਮਾਰਕੇ ਉਸਨੂੰ ਪਿਛਾਂਹਹੀ ਮੋੜ ਦੇਂਦੇ ਸਨ। ਬੀਬੀ ਜੀ ਅਤੇ ਸ੍ਰਦਾਰਜੀਦੀ ਪ੍ਰੇਰਣਾ ਨਾਲ ਦੀਨਦਿਆਲ ੨੧ਵਰ੍ਹਿਆਂ ਦੀ ਉਮਰ ਵਿਚ ਮਹਾਰਾਜਾ ਨੌ ਨਿਹਾਲ ਸਿੰਘ ਜੀ ਦੀ ਓਸੇ ਫੌਜ ਵਿਚ ਭਰਤੀ ਹੋ ਗਏ ਜਿਸ ਦਾ ਸੂਬਦਾਰ ਮੇਜਰ ਸ੍ਰਦਾਰ ਕਾਹਨ ਸਿੰਘ ਜੀ ਸੀ।

ਪ੍ਰੇਰਣਾਂ ਤਾਂ ਭਾਵੇਂ ਕਿਸੇ ਦੀ ਮੰਨ ਲਈ ਜਾਏ, ਪਰ ਬਾਬਾ ਕਾਹਨ ਸਿੰਘ ਜੀ ਦੀ ਗੁਰੂ ਮਿਲਨ ਦੀ ਲਗਨ ਅਤੇ ਜੀਵਨ ਮਕਤ ਸੰਤ ਬਾਬਾ ਖੁਦਾ ਸਿੰਘ ਜੀ ਦੇ ਅਮੋਘ ਬਚਨਾਂ ਦੀ ਤਾਸੀਰ ਵਿਚ ਹੀ ਅਜੇਹਾ ਬਲ ਸੀ ਕਿ ਸਤਿਗੁਰਾਂ ਨੇ ਆਪਣੇ ਪ੍ਰੇਮੀਆਂ ਦੀ ਅਭਿ-ਲਾਸ਼ਾ ਪੂਰਨ ਕਰਨ ਵਾਸਤੇ ਪੂਰਵੋਕਤਪ੍ਰੇਰਣਾ ਨੂੰ ਇਕ ਨਿਮਿੱਤ ਬਣਾ ਲਿਆ ਸੀ। ਓਧਰ ਸ੍ਰਦਾਰ ਕਾਹਨ ਸਿੰਘ ਜੀ ਦਾ ਵੈਰਾਗ ਦਿਨ ਦੂਣਾਂ ਤੇ ਰਾਤ ਚੌਗੁਣਾਂ ਤ੍ਰੱਕੀ ਕਰ ਰਿਹਾ ਸੀ। ਆਪ ਦੀ ਏਹ ਹਾਲਤ ਸੀ:-

"ਪੰਥ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥"—"ਪੰਥ ਦਸਾਵਾ ਨਿਤ ਖੜੀ ਮੁੰਧ ਜੋਬਨ ਬਾਲੀ ਰਾਮ ਰਾਜ।"

ਰਾਤ ਪਲੰਘ ਤੇ ਲੇਟੇ ਲੇਟੇ ਹੀ ਸੰਤ ਖੁਦਾ ਸਿੰਘ ਜੀ ਦੇ ਬਚਨਾਂ ਨੂੰ ਯਾਦ ਕਰ ਕਰ ਵਿਚਾਰਾਂ ਦੇ ਵਾਯੂ ਮੰਡਲ ਵਿਚ ਉਡਾ-ਰੀਆਂ ਲਾ ਰਹੇ ਹਨ। ਹੋਵੇਗਾ, ਦਰਸ਼ਨ ? ਜ਼ਰੂਰ ਹੋਵੇਗਾ ? ਕਿਵੇਂ ਹੋਵੇਗਾ ? ਮੇਰੇ ਏਡ ਭਾਗ ਕਿਥੋਂ ? ਪਰ ਕੀ ਪ੍ਰਮੇਸਰ ਦੇ ਪਿਆਰੇ ਸੰਤ ਸਰੂਪ ਬਾਬਾ ਖੁਦਾ ਸਿੰਘ ਜੀ ਦੇ ਵਾਕ ਵੀ ਨਿਸਫਲ ਹੋ ਜਾਣਗੇ ? ਨਹੀਂ, ਨਹੀਂ, ਅਜੇਹਾ ਕਦੇ ਨਹੀਂ ਹੋ ਸਕਦਾ। ਸੰਤਾਂ ਦੇ ਵਾਕ ਇਉਂ ਹਨ ਜਿਸਤ੍ਰਾਂ ਕਮਾਨ ਵਿਚੋਂ ਨਿਕਲਿਆ ਹੋਇਆ ਤੀਰ। ਓਹਨਾਂ ਦੇ ਅਣੀਆਲੇ ਤੀਰ ਜ਼ਰੂਰ ਨਿਸ਼ਾਨੇ ਵਿਚ ਖੁਭਣਗੇ। ਪਰ ਖਵਰੇ ਕਦੋਂ ? ਅਜੇਹੇ ਖਿਆਲਾਂ ਵਿਚ ਗਲਤਾਨ ਹੋਏ ਹੋਏ ਸੂਬੇ-ਦਾਰ ਨੂੰ ਕੀ ਪਤਾ ਹੈ ਕਿ ਉਸ ਪ੍ਰੀਤਮ ਪਿਆਰੇ ਨੇ ਉਸਦੀ ਦਿਲੀ ਲਗਨ ਦੀ ਕੀਮਤ ਅਦਾ ਕਰਨ ਵਾਸਤੇ ਆਪਣੇ ਆਪ ਨੂੰ ਸ੍ਰਕਾਰੀ ਮੁਲਾਜ਼ਮਾਂ ਦੀ ਫਹਿਰਿਸਤ ਵਿਚ ਸ਼ਾਮਿਲ ਵੀ ਕਰਾ ਲਿਆ ਹੈ। ਪਰ ਓਹੋ ਗਲ। ਅਖਾਂ ਤੋਂ ਬਿਨਾਂ ਦਰਸ਼ਨ ਕਿਵੇਂ ਹੋਵੇ ? ਦੀਵਾਨ ਨੰਦ ਲਾਲ ਸਾਹਿਬ ਨੇ ਕਿਹਾ ਹੈ—ਦਿਲ ਅਗਰ ਦਾਨਾ ਬਵਦ ਅੰਦਰ ਕਿਨਾਰਸ਼ ਯਾਰ ਹਸਤ। ਚਸ਼ਮ ਗਰ ਬੀਨਾ ਬਵਦ ਦਰ ਹਰ ਤਰਫ ਦੀਦਾਰ ਅਸਤ।" ਅਰਥਾਤ-ਜੇ ਦਿਲ ਜਾਨਣਹਾਰ ਹੋਵੇ ਤਾਂ ਪ੍ਰੀਤਮ ਬਗ਼ਲ ਵਿਚ ਹੈ ਤੇ ਜੇ ਅਖ ਵੇਖਣ ਵਾਲੀ ਹੋਵੇ ਤਾਂ ਉਸਦਾ ਹਰ ਤਰਫ ਦੀਦਾਰ ਹੈ। ਹਾਂ ਜੀ!—"ਦੀਦਾਏ ਬੀਨਾ ਕੁਜਾਸਤ ?" ਅਰਥਾਤ ਉਸਨੂੰ ਵੇਖਣ ਵਾਲੀ ਅਖ ਕਿਥੋਂ ਮਿਲਦੀ ਹੈ ? ਇਸਦੇ ਉਤਰ ਵਿਚ ਦੀਵਾਨ ਸਾਹਿਬ ਆਖਦੇ ਹਨ—ਸਰ ਅਗਰ ਦਾਰੀ ਫ਼ਿਰੋਸਰ ਦਾ ਬਿਨਿਹ ਦਰ ਪਾਇ ਓ। ਜਾਂ ਅਗਰ ਦਾਰੀ ਨਿਸਾਰਸ਼ ਕੁਨ ਅਗਰ ਦਰਕਾਰ ਹਸਤ। ਦਸਤ ਗਰ ਦਾਰੀ ਬਿਰੋ ਦਾ ਮਾਨੇ ਜਾਨਾਂ ਰਾ ਬਗੀਰ। ਸੂ ਓਏ ਮੇ ਰੋ ਅਗਰ ਪਾਰਾ ਸਰੇ ਰਫਤਾਰ ਹਸਤ। ਗੋਸ਼ ਗਰ ਸ਼ਿਨਵਾ ਬਵਦ ਜੁਜ਼ ਨਾਮਿ ਹਕ

ਕੈ ਬਿਸ਼ਨਵਦ। ਗਰ ਜ਼ਬਾਂ ਗੋਇਆ ਬਵਦ ਦਰ ਸਖ਼ਨ ਇਸਰਾਰ ਹਸਤ।" ਅਰਥਾਤ—

(੧) ਜੇ ਤੈਨੂੰ ਉਸ ਦਿੱਬ ਦ੍ਰਿਸ਼ਟੀ ਦੀ ਲੋੜ ਹੈ ਤਾਂ ਅਪਣਾਂ ਸਿਰ ਮੁਰਸ਼ਦ ਦੇ ਚਰਨਾਂ ਤੇ ਧਰ।

(੨) ਅਪਣੀ ਜਾਨ ਨੂੰ ਉਸ ਤੋਂ ਵਾਰ।

(੩) ਅਪਣੇ ਹੱਥਾਂ ਵਿਚ ਜੇ ਫੜਨ ਦੀ ਸ਼ਕਤੀ ਹੈ, ਤਾਂ ਸਤਿਗੁਰ ਦਾ ਲੜ ਘਟਕੇ ਗ੍ਰਹਿਣ ਕਰ।

(੪) ਜੇ ਤੇਰੇ ਪੈਰਾਂ ਵਿਚ ਟੁਰਨ ਦੀ ਤਾਕਤ ਹੈ ਤਾਂ ਮੁਰਸ਼ਦ ਦੇ ਦੁਆਰੇ ਵਲ ਟੁਰ।

(੫) ਜੇ ਤੇਰੇ ਕੰਨਾਂ ਵਿਚ ਸੁਣਨ ਦੀ ਸ਼ਕਤੀ ਹੈ ਤਾਂ ਉਸਦੇ ਨਾਮ ਤੋਂ ਬਿਨਾਂ ਏਨ੍ਹਾਂ ਨੇ ਹੋਰ ਕੀ ਸੁਣਨਾਂ ਹੈ?

(੬) ਤੇ ਜੇ ਤੇਰੀ ਜ਼ਬਾਨ ਵਿਚ ਬੋਲਣ ਦਾ ਸਾਹਸ ਹੈ, ਤਾਂ ਹਰ ਇਕ ਗਲ ਦੇ ਕਹਿਣ ਵਿਚ ਭੇਦ ਹੈ।

ਜੋ ਦ੍ਰਿਸ਼ਟੀ ਮਿਲਦੀ ਹੈ ਸਤਿਗੁਰ ਕੋਲੋਂ, ਤੇ ਉਸਦਾ ਨਿਮਿਤ ਸਤਿਗੁਰ ਆਪ ਹੀ ਬਣਾ ਲੈਂਦੇ ਹਨ।

## ੩.

ਅਜ ਦੀ ਰਾਤ ਸੂਦਾਰ ਜੀ ਨੇ ਮਸਾਂ ਮਸਾਂ ਕੱਟੀ। ਕਹਿੰਦਾ ਹੈ, ਫਰੀਦ ਦਾ ਵਾਕ ਹੈ—, 'ਜਿਨਾਂ ਨੈਣ ਨਿੰਦ੍ਰਾਵਲੇ ਤਿਨਾਂ ਮਿਲਨ ਕਵਾਉ, ਕੀ ਮੈਨੂੰ ਵੀ ਕੁਵਾ ਕੇ ਮਿਲਨਗੇ? ਵਾਜ ਮਾਰ ਕੇ ਦਰਸ਼ਨ ਦੇਣਗੇ? ਗਿਣਤੀਆਂ ਗਿਣ— ਦਿਆਂ ਰਾਤ ਗੁਜ਼ਰੀ। ਹੇ ਪਾਤਸ਼ਾਹ ਕਦੋਂ ਉਹ ਪਰਮ ਪਦ ਪ੍ਰਾਪਤ ਹੋਵੇਗਾ ਜਿਸ ਨਾਲ, ਸੁਕੇ ਕਾਸ਼ਟ ਹਰਿਆ ਵਾਲੀ ਤੁਕ ਪੂਰੀ ਹੋਵੇਗੀ? ਮੈਂ ਦਰਸ਼ਨ ਜਲ ਤੋਂ ਬਿਨਾਂ ਸੋਕੇ ਦੀ ਮਾਰੀ ਹੋਈ ਇਕ ਲਕੜੀ ਦੇ ਸਮਾਨ ਹਾਂ, ਉਹ ਵੇਲਾ ਕਦ ਆਵੇਗਾ ਜਦ ਮੈਂ ਇਹ ਪੰਗਤੀ ਪੜ੍ਹਨ ਦਾ ਅਧਿਕਾਰ ਪ੍ਰਾਪਤ ਕਰਾਂਗਾ 'ਸੂਕੇ ਹਰੇ ਕੀਏ ਖਿਨ ਮਾਂਹਿ'?

ਇਸ਼ਨਾਨ ਪਾਣੀ ਕੀਤਾ। ਕਿਤੇ ਡਿਊਟੀ ਤੇ ਜਾਣਾਂ ਹੈ। ਵਰਦੀ ਪਾਈ। ਕਿਰਚ ਪਹਿਨੀ। ਲਾਂਗਰੀ ਨੂੰ ਆਗਜਾ ਕੀਤੀ ਕਿ ਛੇਤੀ ਨਾਲ ਪ੍ਰਸਾਦਾ ਤਿਆਰ ਕਰ ਲਿਆ ਮੈਨੂੰ ਕੁਵੇਲਾ ਹੁੰਦਾ ਹੈ। ਲਾਂਗਰੀ ਆਟਾ ਗੁੰਨ੍ਹਕੇ ਲੰਗਰ ਖਾਨੇ ਵਲ ਦੌੜਦਾ ਹੈ। ਅੱਗੇ ਲੋਹ ਤੇ ਸਤਿ- ਗੁਰ ਸੱਚੇ ਪਾਤਸ਼ਾਹ ਪ੍ਰਸਾਦੇ ਸਜਾ ਰਹੇ ਹਨ। ਸੂਬੇਦਾਰ ਦੇ ਆਦਮੀ ਨੇ ਕਿਹਾ—'ਭਾਈ ਸਾਹਿਬ। ਲੋਹ ਨੂੰ ਵੇਹਲੀ ਕਰੋ, ਤਾਕਿ ਮੈਂ ਛੇਤੀ ਨਾਲ ਸੂਦਾਰ ਸਾਹਿਬ ਵਾਸਤੇ ਪ੍ਰਸਾਦੇ ਪਕਾ ਸਕਾਂ' ਸੱਚੇ ਪਾਤਸ਼ਾਹ ਨੇ ਉਸ ਦੀ ਗੱਲ ਨੂੰ ਜ਼ਰਾ ਨਾਂ ਗੌਲਿਆ, ਤੇ ਚੁਪ ਕਰਕੇ ਆਪਣੇ ਪ੍ਰਸਾਦੇ ਪਕਾਂਦੇ ਰਹੇ। ਸੂਬੇਦਾਰ ਦਾ ਨੌਕਰ ਲੋਹਾ ਲਾਖਾ ਹੋਕੇ ਬੰਗਲੇ ਪਹੁੰਚ ਸ਼ਕੈਤ ਕਰਦਾ ਹੈ, ਕਿ ਭਾਈ ਰਾਮ ਸਿੰਘ ਨੇ ਲੋਹ ਰੁੰਨ੍ਹ ਰਖੀ ਹੈ, ਤੇ ਮੇਰੇ ਆਖਣ ਦੀ ਉਸਨੇ ਕੁਛ ਪ੍ਰਵਾਹ ਨਹੀਂ ਕੀਤੀ। ਸੂਦਾਰ ਸਾਹਿਬ ਖੁਦ ਲੰਗਰ ਖਾਨੇ ਪਹੁੰਚਕੇ ਮਹਾਰਾਜਜੀ ਨੂੰ ਕਹਿੰਦੇ ਹਨ—'ਭਾਈ ਸਾਹਿਬ ਸਾਨੂੰ ਪਹਿਲੋਂ ਰੋਟੀ ਪਕਾ ਲੈਣ ਦਿਓ, ਅਸਾਂ ਕੰਮ ਜਾਣਾਂ ਹੈ।' ਉਸ ਵਿਚਾਰ ਨੂੰ ਕੀ ਪਤਾ ਸੀ ਕਿ ਇਹ ਭਾਈ ਸਾਹਿਬ ਨਹੀਂ ਬਲਕੇ ਏਹ ਤਾਂ ਉਹ ਸੱਚਾ ਪਾਤਸ਼ਾਹ ਹੈ, ਜਿਸਦੀ ਯਾਦ ਵਿਚ ਸਾਰੀ ਰਾਤ ਅਖੀਆਂ ਵਿਚ ਦੀ ਕੱਢੀ ਹੈ। ਸਤਿਗੁਰਾਂ ਦਾ ਏਹ ਇਕ ਨਿਮਿਤਕ ਚੋਜ ਸੀ। ਏਸ ਕਥਾ ਤੋਂ ਪਾਠਕਾਂ ਨੂੰ ਏਸ ਗਲ ਦੀ ਵੀ ਗਿਆਤ ਹੋ ਸਕੇਗੀ, ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਲਾਹੌਰ ਦੀ ਖਾਲਸਾ ਫੌਜ ਵਿਚ ਨੌਕਰੀ ਦੀ ਇੱਛਾ ਨਾਲ ਗਏ ਸਨ ਕਿ ਅਪਣੇ

ਜਨਾਂ ਨੂੰ ਬਾਂਹ ਫੜਕੇ ਤਾਰਨ ਵਾਸਤੇ। ਆਓ ਆਪਣੀ ਅਸਲੀ ਗਲ ਵੱਲ। ਸੂਬੇਦਾਰ ਸਾਹਿਬ ਦੀ ਗੱਲ ਸੁਣਕੇ ਸਚੇ ਪਾਤਸ਼ਾਹ ਨੇ ਕ੍ਰਿਪਾਨ ਨਾਲ ਲੋਹ ਦੇ ਵਿਚਕਾਰੇ ਲਕੀਰ ਕੱਢ ਆਪਣੇ ਪ੍ਰਸਾਦੇ ਇੱਕ ਬੰਨੇ ਕਰ ਲਏ, ਤੇ ਸੂਬੇਦਾਰ ਨੂੰ ਕਿਹਾ ਲੈ ਭਾਈ ਸੂਦਾਰਾ ਜੇ ਤੈਨੂੰ ਸੂਦਾਰੀ ਦੀ ਬੜੀ ਹੈਂਕੜ ਹੈ ਤਾਂ ਆਪਣੇ ਬੰਨੇ ਦੀ ਅਧੀ ਲੋਹ ਸਾਂਭ ਲੈ। ਸੂਬੇਦਾਰ ਅਜੇ ਕੁਛ ਕਹਿਣ ਹੀ ਲੱਗਾ ਸੀ, ਕਿ ਉਸਨੂੰ ਸਤਿਗੁਰਾਂ ਵੱਲ ਦੀ ਅੱਧੀ ਲੋਹ ਸੋਨੇ ਦੀ ਨਜ਼ਰ ਆਈ। ਜਦ ਪ੍ਰਸਾਦੇ ਪਲਟੇ ਤਾਂ ਲੋਹ ਚਾਂਦੀ ਦੀ ਹੋ ਗਈ। ਜਦ ਪ੍ਰਸਾਦੇ ਲਾਹ ਲਏ, ਤਾਂ ਲੋਹੇ ਦੀ ਹੋ ਗਈ। ਸੂਦਾਰ ਨੇ ਸਮਝਿਆ ਕਿ ਇਹ ਜਵਾਨ ਰਸੈਣੀਂ ਹੈ। ਲਾਲਚ ਹੋਇਆ ਕਿ ਇਸਤੋਂ ਰਸੈਣ ਸਿਖਣੀ ਚਾਹੀਦੀ ਹੈ।

## (੪)

ਸੂਦਾਰ ਜੀ ਆਪਣੀ ਗੁਸਤਾਖੀ ਦੀ ਮਾਫੀ ਮੰਗਦੇ ਹੋਏ ਕਹਿੰਦੇ ਹੈਨ ਕਿ ਮੈਂ ਆਪਨੂੰ ਜਾਣਦਾ ਨਹੀਂ ਸਾਂ ਕਿ ਆਪ ਵਿਚ ਏਡਾ ਵਡਾ ਗੁਣ ਹੈ। ਸਤਿਗੁਰ ਮਸਤ ਰਹੇ ਤੇ ਸੂਬੇਦਾਰ ਸਾਹਿਬ ਪ੍ਰਸਾਦ ਛਕਕੇ ਆਪਣੇ ਕੰਮ ਤੇ ਚਲੇ ਗਏ।

ਹੁਣ ਸੂਬੇਦਾਰ ਸਾਹਿਬ ਗੁਰੂ ਜੀ ਨਾਲ ਬੜਾ ਪ੍ਰੇਮ ਰਖਣ ਲਗੇ। ਹਰ ਰੋਜ ਦੇ ਸਤਿ ਸੰਗ ਨਾਲ ਸੂਬੇਦਾਰ ਜੀ ਦਾ ਜੀਵਨ ਪਲਟਦਾ ਜਾਂਦਾ ਹੈ, ਪਰ ਉਸਦੇ ਦਿਲ ਵਿਚ ਅਜੇ ਗੁਰੂ ਜੀ ਦੇ ਕੇਵਲ ਸੋਨਾਂ ਬਣਾਣ ਵਾਲੇ ਰਸੈਣੀ ਹੋਣ ਦਾ ਨਿਸਚਾ ਹੈ। ਇਕ ਦਿਨ ਸ਼ਾਮ ਦੇ ਵਕਤ ਸਚੇ ਪਾਤਸ਼ਾਹ ਤੇ ਸੂਬੇਦਾਰ ਸਾਹਿਬ ਸਰ ਕਰਦੇ ਕਰਦੇ ਬਹੁਤ ਦੂਰ ਤਕ ਚਲੇ ਗਏ। ਰਾਤ ਪੈ ਗਈ ਸੂਬੇਦਾਰ ਜੀ ਨੇ ਹੈਰਾਨ ਹੋਕੇ ਕਿਹਾ-ਮਹਾਰਾਜ ਆਪਦੇ ਬਚਨਾਂ ਦੇ ਰਸ ਨੇ ਮੈਨੂੰ ਬੇਸੁਧਹੀ ਕਰ ਦਿੱਤਾ,ਜਿਸਕਰਕੇ ਅਸੀਂ ਬਹੁਤ ਦੂਰ ਆ ਗਏ ਹਾਂ। ਹੁਣ ਗਿਣਤੀ ਦਾ ਸਮਾਂ ਹੋ ਗਿਆ ਹੈ, ਪਰ ਮੈਂ ਦੇਖ ਰਿਹਾ ਹਾਂ, ਕਿ ਅਸੀਂ ਵਕਤ ਸਿਰ ਪਹੁੰਚ ਨਹੀਂ ਸਕਾਂਗੇ॥ ਮੈਂ ਸਾਰੀ ਪਲਟਣ ਦੇ ਗਿਣਤੀ ਲੈਣ ਵਾਲਿਆਂ ਦੀ ਰਪੋਟ ਲੈਣੀ ਸੀ॥ ਮੇਰੀ ਗੈਰ ਹਾਜ਼ਰੀ ਦੀ ਜੇ ਉਤਲੇ ਹਾਕਮ ਕੋਲ ਰਪੋਟ ਹੋ ਗਈ ਤਾਂ ਕੰਮ ਖਰਾਬ ਹੋ ਜਾਊ॥ ਗੁਰੂ ਮਹਾਰਾਜ ਨੇ ਮੁਸਕਰਾਕੇ ਕਿਹਾ-'ਸੂਦਾਰ ਸਾਹਿਬ ਕੋਈ ਫਿਕਰ ਨਾਂ ਕਰੋ, ਹਾਜ਼ਰੀ ਦੇ ਮਾਲਿਕ ਨੂੰ ਤੁਹਾਡਾ ਬੜਾ ਫਿਕਰ ਹੈ॥ ਇਹ ਕਹਿਕੇ ਆਗਜਾ ਕੀਤੀ 'ਅਖਾਂ ਮੀਟੋ' ਆਗਜਾ ਦਾ ਪਾਲਨ ਕੀਤਾ ਗਿਆ। ਉਸੇ ਵੇਲੇ ਕਿਹਾ 'ਖੋਲ੍ਹੋ।' ਅਖਾਂ ਖੋਲਕੇ ਸੂਬੇਦਾਰ ਨੇ ਵੇਖਿਆ ਕਿ ਅਪਣੇ ਬੰਗਲੇ ਦੇ ਬਾਹਰ ਉਸ ਅਸਥਾਨ ਤੇ ਖਲੋਤੇ ਹੋਏ ਹਨ, ਜਿਥੇ ਗਿਣਤੀ ਦਾ ਸਭ ਹੱਛਾ ਸੁਣਾਣ ਵਾਲੇ ਇਕੱਠੇ ਹੋਏ ਹੋਏ ਸਨ। ਸੂਬੇਦਾਰ ਸਾਹਿਬ ਨੇ ਜਾਂ ਸਭ ਨੂੰ ਕਿਹਾ ਕਿ ਸਭ ਹੱਛਾ ਸੁਣਾਓ, ਤਾਂ ਉਹ ਹੈਰਾਨ ਹੋਕੇ ਕਹਿਣ ਲਗੇ ਕਿ ਸੂਦਾਰ ਬਹਾਦਰ ਅਸੀਂ ਤਾਂ ਕਦੇ ਦੇ ਆਪਨੂੰ ਸੁਣਾ ਬੈਠੇ ਹਾਂ ਤੇ ਆਪ ਸਾਨੂੰ ਜਾਣ ਦੀ ਆਗਜਾ ਦੇ ਚੁਕੇ ਹੋ। ਕੀ ਐਡੀ ਛੇਤ ਭੁਲ ਗਏ? ਸੂਬੇਦਾਰ ਦੀਆਂ ਹੁਣ ਅਖਾਂ ਖੁਲ੍ਹੀਆਂ, ਤੇ ਉਸਨੇ ਸਮਝਿਆ ਕਿ ਮੈਂ ਤਾਂ ਸਮਝਦਾ ਸਾਂ ਕਿ ਇਹ ਕੇਵਲ ਰਸੈਣੀ ਹੈ, ਪਰ ਇਸ ਨੇ ਤਾਂ ਗੁਰੂ ਨਾਨਕ ਦੇਵ ਵਾਲਾ ਚੋਜ ਕਰ ਵਖਾਇਆ ਹੈ, ਤੇ ਇੱਕ ਬੰਨੇ ਆਪ ਮੇਰੇ ਨਾਲ ਰਹਿਕੇ ਦੂਜੇ ਬੰਨੇਂ ਮੇਰਾ ਹੀ ਰੂਪ

ਧਾਰਕੇ ਸਭ ਹਿੱਛਾ ਸੁਣ ਚੁਕੇ ਹਨ, ਚਰਨਾਂ ਤੇ ਢਹਿ ਪਿਆ । ਬੇਸਮਝੀ ਦੀ ਖਿਮਾਂ ਮੰਗੀ ਤੇ ਦਿਲ ਨੇ ਆਖਿਆ ਸੰਤ ਬਾਬਾ ਖੁਦਾ ਸਿੰਘ ਜੀ ਦਾ ਬਚਨ ਸੱਚ ਹੋਇਆ, ਕਿ ਸਤਿਗੁਰ ਤੈਨੂੰ ਆਪਹੀ ਆਕੇ ਦਰਸ਼ਨ ਦੇਣਗੇ ।

## ੫.

ਇਕ ਦਿਨ ਸੂਬੇਦਾਰ ਸਾਹਿਬ ਅਤੇ ਸੱਚੇ ਪਾਤਸ਼ਾਹ ਸੈਰ ਕਰਦੇ ਕਰਦੇ ਲਹੌਰ ਦੇ ਲਾਗੇ ਕਿਸੇ ਦੂਜੇ ਪਿੰਡ ਜਾ ਪਹੁੰਚੇ। ਓਥੇ ਕੀ ਵੇਖਿਆ ? ਮਸਾਣਾਂ ਵਿਚ ਮੁਰਦੇ ਨੂੰ ਲੰਬੂ ਲਾਕੇ ਲੋਕ ਪਿਛਾਂਹ ਹਟੇ ਬੈਠੇ ਹਨ । ਗੁਰੂ ਜੀ ਨੇ ਝਟ ਪਟ ਸਿਵੇ ਵਿਚ ਛਾਲ ਮਾਰ ਦਿਤੀ,ਤੇ ਮੁਰਦੇ ਨੂੰ ਚੁਕ ਕੇ ਬਾਹਰ ਲੈ ਆਏ। ਆਪ ਦੇ ਸਰੀਰ ਨੂੰ ਆਂਚ ਤਕ ਨਾਂ ਲਗੀ। ਸੂਬੇਦਾਰ ਕੌਤਕ ਨੂੰ ਵੇਖਕੇ ਹੈਰਾਨ ਹੋ ਰਿਹਾ ਸੀ। ਅਜੇ ਮੁਰਦੇ ਦੇ ਖੱਫਣ ਤਕ ਵੀ ਅੱਗ ਨਹੀਂ ਪੁਜੀ ਸੀ, ਕਿ ਸਤਿਗੁਰਾਂ ਨੇ ਉਸਨੂੰ ਜੀਵਨ ਦਾਨ ਦੇਣ ਲਈ ਧੂਹ ਲਿਆਂਦਾ । ਸੱਚੇ ਪਾਤਸ਼ਾਹ ਨੇ ਖੱਫਣ ਪਾੜ ਕੇ ਆਗਜਾ ਕੀਤੀ-ਉਠ! ਮੁਰਦਾ ਜ਼ਿੰਦਾ ਹੋਕੇ ਗੁਰੂ ਜੀ ਦੇ ਚਰਨ ਕਮਲਾਂ ਤੇ ਢੱਠਾ,ਤੇ ਲੋਕਾਂ ਨੂੰ ਕਹਿਣ ਲਗਾ ਕਿ ਜਿਸਨੇਮੈਨੂੰ ਜਿਵ ਇਆ ਹੈ, ਇਸਦੇ ਤਾਂ ਮੈਂ ਹੁਣੇ ਹੀ ਦਰਗਾਹ ਵਿਚਦਰਸ਼ਨ ਕਰਕੇ ਆਇਆ ਹਾਂ । ਸਾਰੇ ਲੋਕ ਚਰਨੀਂ ਲਗੇ,ਤੇਅਰ ਜਕੀਤੀ—ਸਾਨੂੰ ਬਖਸ਼ੋ। ਗੁਰੂ ਜੀ ਨੇ ਆਗਜਾ ਕੀਤੀ-ਨਾਮ ਜਪੋ,ਬਾਣੀਂ ਪੜ੍ਹੋ ਤੇ ਵੰਡ ਛਕੋ । ਸਤਿਸੰਗ ਕਰਨ ਵਾਸਤੇ ਧਰਮਸਾਲ ਬਣਾਓ। ਉਪ੍ਰੰਤ ਸੂਬੇਦਾਰ ਨੂੰ ਨਾਲ ਲੈਕੇ ਡੇਰੇ ਆ ਗਏ। ਸੂਬੇਦਾਰ ਤਾਂ ਅਗੇ ਹੀ ਮੰਨ ਚੁਕਾ ਸੀ, ਪਰ ਹੁਣ ਤਾਂ ਉਸ ਨੂੰ ਪਹਿਲੋਂ ਨਾਲੋਂ ਵੀ ਵਧੀਕ ਪ੍ਰਪੱਕ ਹੋ ਗਿਆ, ਕਿ ਏਹ ਸਚੇ ਪਾਤਸ਼ਾਹ ਨਿਰੰਕਾਰੀ ਤੇ ਚੋਜੀ ਪ੍ਰੀਤਮ ਮੈਨੂੰ ਤਾਰਨ ਵਾਸਤੇ ਹੀ ਲਾਹੌਰ ਵਿਚ ਆਏ ਹਨ ।

## ੬.

ਹੁਣ ਸੂਬੇਦਾਰ ਜੀ ਹਜ਼ੂਰਦੇ ਤਨੋਂ ਮਨੋਂ ਸਿਖ ਹੋ ਗਏ, ਅਤੇ ਆਪ ਨੂੰ ਪੂਰਨ ਸਤਿਗੁਰ ਸਮਝਕੇ ਸਤਕਾਰ ਕਰਨ ਲਗ ਪਏ । ਇਕਵਾਰ ਜਦ ਸਤਿਗੁਰਾਂ ਸਮੇਤ ੨੫ ਸਿੱਖ ਕਿਸੇ ਸਰਕਾਰੀ ਕਾਰਜ ਵਾਸਤੇ ਪਸ਼ੌਰ ਨੂੰ ਜਾਂਦੇ, ਰਸਤੇ ਵਿਚ ਸ੍ਰੀ ਹਜਰੋ ਸਾਹਿਬ ਠਹਿਰੇ ਸਨ, ਅਤੇ ਓਥੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੀ ਕੀਰਤੀ ਸੁਣਕੇ ਉਨ੍ਹਾਂ ਦੇ ਚਰਨਾਂ ਵਿਚ ਹਾਜ਼ਰ ਹੋਏ ਸਨ ਤਾਂ ਸੂਬੇ-ਦਾਰ ਕਾਹਨ ਸਿੰਘ ਜੀ ਉਸ ਪਾਰਟੀ ਦੇ ਇਨਚਾਰਜ ਸਨ । ਇਹ ਸੰਮਤ ੧੮੯੮ ਦੀ ਬਾਰਤਾ ਹੈ ।

ਇਕ ਵਾਰ ਲਹੌਰ ਵਿਖੇ ਸਤਿਗੁਰਾਂ ਨੇ ਕਾਹਨ ਸਿੰਘ ਜੀ ਦਾ ਖੱਬਾ ਪੱਟ ਕ੍ਰਿਪਾਨ ਨਾਲ ਪਾੜ ਦਿਤਾ। ਸਰਦਾਰ ਦੇ ਕਪੜੇ ਲਹੂ ਨਾਲ ਭਰ ਗਏ। ਪੀੜ ਨਾਲ ਚਾਂਗਰਾਂ ਮਾਰਨ ਲਗ ਪਿਆ । ਮਨ ਵਿਚ ਕਹਿੰਦਾ ਹੈ, ਅੱਜ ਤੋਂ ਮੈਂ ਇਨ੍ਹਾਂ ਨੂੰ ਮਥਾ ਨਹੀਂ ਟੇਕਾਂਗਾ, ਤੇ ਨਾਹੀਂ ਏਨ੍ਹਾਂ ਦੇ ਕੋਲ ਆਵਾਂਗਾ। ਉਸਦੇ ਦਿਲ ਦੀ ਜਾਣਕੇ ਸੱਚੇ ਪਾਤਿਸ਼ਾਹ ਨੇ ਕਿਹਾ ਕਾਹਨਿਆਂ ਐਵੇਂ ਕਿਉਂ ਰੋਨਾਂਏਂ, ਮੈਤਾਂ ਪੱਟ ਪਾੜਕੇ ਤੇਰੀ ਮੌਤ ਤੋਂ ਰਖਿਆ ਕੀਤੀ ਹੈ । ਮੁਦਕੀ ਵਿਚ ਜੋ ਫਰੰਗੀਆਂ ਦਾ ਜੰਗ ਹੋਣ ਵਾਲਾ ਹੈ। ਜਿਸ ਵਿਚ ਸਿਖ ਰਾਜ ਦਾ ਸਾਨੂੰ ਅੰਤ ਨਜ਼ਰ ਆ ਰਿਹਾ ਹੈ। ਉਸ ਵਿਚ ਤੂੰ ਮਰ ਜਾਣਾਂ ਸੀ । ਸੈਂਕੜੇ ਸੂਰਬੀਰਾਂ ਦਾ ਓਥੇ ਕਾਲ ਹੋ ਜਾਣਾ ਹੈ। ਜੰਗ ਵਿਚ ਤਾਂ ਤੈਨੂੰ ਜਾਣਾਂ ਹੀ ਪੈਣਾ ਹੈ, ਏਸ ਲਈ ਤੂੰ ਕੰਬਲ ਦੀ ਗਾਤੀ ਮਾਰ ਲਈਂ, ਤੈਨੂੰ ਗੋਲੀ ਤੇ ਸ਼ਸਤ੍ਰ ਨਹੀਂ ਪੋਹ ਸਕ-

ਣਗੇ। ਕਾਹਨ ਸਿੰਘ ਜੀਨੂੰ ਪ੍ਰਤੀਤ ਆਗਈ, ਤੇ ਆਪਣੀਂ ਭੁਲ ਬਖਸ਼ਵਾਈ। ਸ੍ਰਦਾਰ ਕਾਹਨ ਸਿੰਘ ਜੀ ਜਦ ਗੁਰੂ ਜੀ ਦੀ ਆਗਜ਼ਾ ਅਨੁਸਾਰ ਮੁਦਕੀ ਦੇ ਜੰਗ ਵਿਚ ਭੂਰੇ ਦੀ ਗਾਤੀ ਮਾਰਕੇ ਗਏ, ਤਾਂ ਕਈ ਗੋਲੀਆਂ ਤੇ ਸ਼ਸਤ੍ਰਾਂ ਦਾ ਵਾਰ ਉਨ੍ਹਾਂ ਤੇ ਕੀਤਾ ਗਿਆ, ਪਰ ਉਨ੍ਹਾਂ ਦੇ ਸ਼ਰੀਰ ਨੂੰ ਦਾਗ ਤਕ ਨਾਂ ਲਗਾ। ਕਹਿੰਦੇ ਹਨ ਕਿ ਜੰਗ ਦੇ ਖਤਮ ਹੋਣ ਤੋਂ ਪਿਛੋਂ ਆਪਦੀ ਗਾਤੀ ਵਿਚੋਂ ਗੋਲੀਆਂ ਦਾ ੨੫ ਸੇਰ ਪੱਕਾ ਸਿੱਕਾਨਿਕਲਿਆ। ਸਤਿਗੁਰਾਂ ਨੇ ਜਦ ਸ੍ਰੀ ਭੈਣੀ ਸਾਹਿਬ ਵਿਖੇ ਆਕੇ "ਮੈਂ ਫੇਰ ਕਰੋਂਗਾ ਖਾਲਸਾ ਵਸੈ ਵਿਚ ਪੰਜਾਬ' ਦੇ ਵਾਕ ਅਨੁਸਾਰ ਨਵੇਂ ਸਿਰੇ ਪੰਥਦੀ ਰਚਨਾਂ ਰਚੀ ਤਾਂ ਸਾਰੇ ਦੇਸ਼ ਵਿਚ ੨੨ ਸੂਬੇ ਥਾਪੇ। ਬਾਬਾ ਕਾਹਨ ਸਿੰਘ ਜੀ ਉਨ੍ਹਾਂ ਵਿਚੋਂ ਇਕ ਮੁਖੀ ਸੂਬੇ ਸਨ। ਆਪਨੇ ਨਾਭਾ ਪਟਿਆਲਾ ਰਾਜ ਪੁਰਾ, ਜੁਗਾਧਰੀ ਜਾਖਲ ਅਤੇ ਬਾਂਗਰ ਆਦਿ ਇਲਾਕਿਆਂ ਤੇ ਸ਼ਹਿਰਾਂ ਵਿਚ ਨਾਮ-ਧਾਰੀ ਪੰਥ ਦਾ ਸ਼ਲਾਘਾ ਯੋਗ ਪ੍ਰਚਾਰ ਕੀਤਾ। ਸ੍ਰੀ ਮਾਨ ਸ੍ਰਦਾਰ ਹੀਰਾ ਸਿੰਘ ਜੀ ਜੋ ਮਲੇਰ ਕੋਟਲੀਏ ਸ਼ਹੀਦਾਂ ਦੇ ਆਗੂ ਸਨ, ਆਪਦੇ ਹੀ ਲਾਏਹੋਏ ਬੂਟਿਆਂ ਵਿਚੋਂ ਸਨ ਸ੍ਰਦਾਰ ਧੌਂਕਲ ਸਿੰਘ ਜੀ ਹੰਡਿਆਏ ਵਾਲਿਆਂ ਨੇ ਵੀ ਆਪ ਕੋਲੋਂ ਹੀ ਨਾਮ ਦਾਨ ਪ੍ਰਾਪਤ ਕੀਤਾ, ਜਿਸ ਕਰਕੇ ਪਟਿਆਲੇ ਦੇ ਰਾਜੇ ਨਰਿੰਦਰ ਸਿੰਘ ਨੇ ਆਪਨੂੰ ਅਪਣੀ ਰਿਆਸਤ ਦੀ ਹੱਦ ਤੋਂ ਬਾਹਰ ਕਢ ਦਿਤਾਸੀ। ਆਪ ਅਪਣੇ ਸਿਰ ਤੇ ਚੱਕਰ ਤੋੜੇ ਸਜਾਂਦੇ ਹੁੰਦੇ ਸਨ ਜਿਸ ਕਰਕੇ ਇਨ੍ਹਾਂ ਦਾ ਨਾਮ ਨਿਹੰਗ ਸਿੰਘ ਪ੍ਰਸਿੱਧ ਹੋਗਿਆ ਸੀ।

**ਜਲਾਵਤਨੀ।** ਬਾਬਾ ਕਾਹਨ ਸਿੰਘ ਜੀ ਤੇ ਬਾਬਾ ਸਾਹਿਬ ਸਿੰਘ ਜੀ ਇਕ ਵਾਰ ਸਤਿ ਗੁਰ ਸਚੇ ਪਾਤਸ਼ਾਹ ਦੀ ਆਗਜ਼ਾ ਨਾਲ ਮਹਾ-ਰਾਜਾ ਨੈਪਾਲ ਪਾਸ ਗਏ ਸਨ। ਇਸ ਲਈ ਉਹਨਾਂ ਦੋਹਾਂ ਤੇ ਸ੍ਰਕਾਰ ਦੀ ਖਾਸ ਅੱਖ ਸੀ। ਮਹਾਰਾਜਾ ਨੈਪਾਲ ਨੇ ਜੋ ਚੀਜ਼ਾਂ ਸਤਿਗੁਰਾਂ ਨੂੰ ਭੇਟਾ ਰੂਪ ਵਿਚ ਭੇਜੀਆਂ ਸਨ। ਉਨ੍ਹਾਂ ਦਾ ਵੇਰਵਾ ਇਉਂ ਹੈ:—(੧) ੫੦ ਗਜ ਬਨਾਤ, (੨) ੧੦੮ ਕਸਤੂਰੀ ਨਾਫਿਆਂ ਦੀ ਮਾਲਾ (੩) ੧੬੦੦ ਦਾਇਕ ਨੈਪਾਲੀ ਗੁਟ ਘੋੜਾ, (੪) ਦੋ ਖੋਖਰੀਆਂ। ਮਲੇਰ ਕੋਟਲੇ ਦੇ ਹਾਦਸੇ ਪਿਛੇ ਜਦ ਸਤਿਗੁਰਾਂ ਨੂੰ ਸਮੇਤ ਸੂਬਿਆਂ ਦੇ ਜਲਾਵਤਨ ਕੀਤਾ ਗਿਆ ਤਾਂ ਬਾਬਾ ਕਾਹਨ ਸਿੰਘ ਜੀ ਤੇ ਬਾਬਾ ਸਾਹਿਬ ਸਿੰਘ ਜੀ ਨੂੰ ਅਦਨ ਘਲਿਆ ਗਿਆ ਸੀ। ਬਾਬਾ ਸਾਹਿਬ ਸਿੰਘ ਜੀ ਨੂੰ ਤਾਂ ਪਤਾ ਨਹੀਂ ਕਿਥੇ ਲੈ ਗਏ ਤੇ ਕਿਵੇਂ ਮਾਰਿਆ। ਬਾਬਾ ਕਾਹਨ ਸਿੰਘ ਜੀ ਨੂੰ ਉ ਿਦੇ ਅੰਗ੍ਰੇਜ਼ ਅਫਸਰ ਦੀ ਸਿਫਾਰਸ਼ ਨਾਲ ਮੁਲਕ ਵਾਪਸ ਭੇਜ ਦਿਤਾ ਗਿਆ, ਕਿਉਂਕਿ ਓਹ ਉਨ੍ਹਾਂ ਨੂੰ ਫਾਦਰ (ਬਾਪੂ) ਕਹਿਕੇ ਪਿਆਰ ਕਰਦਾ ਸੀ।

ਆਪਦੇ ਪ੍ਰਤਾਪ ਨਾਲ ਆਪਦੇ ਨਗਰ ਚੱਕ ਦਾਨਾਮ ਕੂਕਿਆਂ ਦਾ ਚਕ ਪੈ ਗਿਆ ਆਪਦਾ ਦੇਹਾਂਤ ਸ੍ਰੀ ਅੰਮ੍ਰਿਤਸਰ ਵਿਚ ਮਿਸਤ੍ਰੀ ਨਾਹਰ ਸਿੰਘ ਦੇ ਘਰਵਿਚ ਹੋਇਆ। ਆਪਦੇ ਨਗਰ ਭਾਈ ਧਿਆਨਸਿੰਘ ਜੀ ਸ਼ਹੀਦ ਮਲੇਰਕੋਟਲਾ ਵੀ ਏਸੇ ਪਿੰਡ ਦੇ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਸੇਵਕ ਸ੍ਰੀ ਮਾਨ ਭਾਈ ਸਾਹਿਬ ਭਾਈ ਵਜ਼ੀਰ ਸਿੰਘ ਜੀ ਸੂਬਾ ਗੁਰਬ-ਖਸ਼ ਸਿੰਘ ਜੀ ਅਰ ਸੂਬਾਕ੍ਰਿਪਾਲ ਸਿੰਘ ਜੀ ਇਸ ਪਿੰਡ ਦੀਆਂ ਪ੍ਰਸਿਧ ਹਸਤੀਆਂ ਇਸ ਸਮੇਂ ਮੌਜੂਦ ਹਨ।

(ਆਲਿਮ)

# (੮) ਮਹਾਂ ਪੁਰਸ਼ ਸ੍ਰੀ ਬਾਬਾ ਜਮੀਤ ਸਿੰਘ ਜੀ ਗਿੱਲ

(ਵਲੋਂ ਸ੍ਰੀਮਾਨ ਸੰਤ ਤਰਨ ਸਿੰਘ ਜੀ ਵਹਿਮੀ ਹਿੰਦੂ ਚਕ)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਇਕ ਵਾਰ ਆਖਿਆ ਜੀ ਕਿ ਸਾਰੇ ਦੇਸ ਦਾ ਦੌਰਾ ਕੀਤਾ ਹੈ ਪਰ ਸਿਖ ਕੇਵਲ ਢਾਈ ਹੀ ਮਿਲੇ ਹਨ। (੧) ਬਾਬਾ ਲਹਿਣਾਂ ਸਿੰਘ ਜੀ ਘਰਜਾਖ-ਗੁਜਰਾਂਵਾਲਾ ਦੇ ਜੋ ਕਿ ਖਾਲਸਾ ਫੌਜ ਦੇ ਕਮਾਂਡਰ ਇਨਚੀਫ ਸਰਦਾਰ ਹਰੀ ਸਿੰਘ ਜੀ ਨਲੂਆ, ਦੇ ਜਵਾਈ ਸਨ। (੨) ਸ੍ਰੀਮਾਨ ਬਾਬਾ ਜਮੀਤ ਸਿੰਘ ਜੀ ਕਾਹਨੇ ਕਾਛੇ ਵਾਲੇ। ਇਹ ਦੋਵੇਂ ਪੂਰੇ ਅਤੇ ਸ੍ਰੀਮਾਨ ਬਾਬਾ ਜਮੀਤ ਸਿੰਘ ਜੀ ਗਿਲਾਂ ਵਾਲੇ ਅਧੇ। ਏਥੇ ਬਾਬਾ ਜਮੀਤ ਜੀ ਗਿਲਾਂ ਵਾਲਿਆਂ ਦਾ ਸੰਖਿਪਤ ਜੀਵਨ ਪਾਠਕਾਂ ਦੀ ਭੇਟਾ ਕੀਤਾ ਜਾਂਦਾ ਹੈ।

## ਜਨਮ

ਬਾਬਾ ਜੀ ਦਾ ਜਨਮ ਗਿੱਲ ਜ਼ਿਲਾ ਸਿਆਲਕੋਟ ਵਿਚ ਗਿਲ ਗੋਤ ਦੇ ਜਟਾਂ ਦੇ ਘਰ ਹੋਇਆ ਸੀ। ਆਪ ਮਹਾਰਾਜਾ ਨੌ ਨਿਹਾਲ ਸਿੰਘ ਜੀ ਦੀ ਫ਼ੌਜ ਵਿਚ ਨੌਕਰ ਸਨ, ਜਿਥੇ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ਨੌਕਰੀ ਕਰਦੇ ਸਨ। ਏਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਤੋਂ ਪਹਿਲਾਂ ਹਜ਼ਰੋ ਜਾਕੇ ਗੁਰੂ ਬਾਲਕ ਸਿੰਘ ਜੀ ਤੋਂ ਭਜਨ ਪੁਛਿਆ ਸੀ। ਜਦੋਂ ਸ੍ਰੀ ਸਤਿਗੁਰੂ ਰਾਮਸਿੰਘ ਜੀ ਪਹਿਲੀ ਵਾਰ ਫੌਜ ਦੇ ਨਾਲ ਹਜ਼ਰੋ ਗਏ ਸਨ, ਓਦੋਂ ਵੀ ਆਪ ਨਾਲ ਸਨ। ਬਾਬਾ ਜੀ ਕੁਛ ਮਾਇਆ ਧਾਰੀ ਸਨ, ਤੇ ਰੁਪਈਏ ਬਿਆਜੀ ਦੇਂਦੇ ਹੁੰਦੇ ਸਨ, ਪਰ ਸਤਿਗੁਰੂ ਰਾਮ ਸਿੰਘ ਜੀ ਨੇ ਏਨ੍ਹਾਂ ਨੂੰ ਤਾੜਨਾ ਕੀਤੀ ਸੀ ਕਿ ਬਿਆਜ ਨਾਂ ਲਿਆ ਕਰੋ। ਬਾਬਾ ਜੀ ਮੰਨੇ ਨਹੀਂ ਸਨ। ਤਾਂ ਸਤਿ-ਗੁਰੂ ਰਾਮ ਸਿੰਘ ਜੀ ਨੇ ਵਾਕ ਕੀਤਾ ਕਿ ਹੁਣ ਤੇ ਨਹੀਂ ਨਾਂ ਮੰਨਿਆਂ ਪਰ ਜਿਸ ਵਕਤ ਤੈਨੂੰ ਸੋਝੀ ਆਵੇਗੀ ਤਾਂ ਪਤਾ ਲਗੇਗਾ। ਫੇਰ ਪਛਤਾਵੇਂਗਾ। ਕਿਉਂਕਿ ਬਿਆਜ ਦਾ ਪੈਸਾ ਸਾਰੀ ਉਮਰ ਤੇਰੀਆਂ ਆਂਦਰਾਂ ਪੁਠੀਆਂ ਹੋਕੇ ਨਿਕਲਦਾ ਰਹੇਗਾ। ਏਹ ਅਮੋਘ ਬਚਨ ਅਜੇਹਾ ਪੂਰਾ ਉਤਰਿਆ ਕਿ ਨੌਕਰੀ ਛਡਕੇ ਜਦ ਪਿੰਡ ਆ ਗਏ ਤੇ ਸਤਿਗੁਰਾਂ ਤੋਂ ਅੰਮ੍ਰਿਤ ਛਕਿਆ ਤਾਂ ਅਖਾਂ ਖੁਲੀਆਂ। ਬੜਾ ਪਛਤਾਇਆ, ਕਿ ਮੈਂ ਓਦੋਂ ਸਤਿਗੁਰਾਂ ਦਾ ਬਚਨ ਕਿਉਂ ਮੋੜਿਆ। ਇਸ ਅਨੁਭਵ ਤੋਂ ਉਪ੍ਰੰਤ ਸਾਰੀ ਉਮਰ ਤਕ ਬਾਬਾ ਜੀ ਦੀ ਏਹ ਹਾਲਤ ਰਹੀ, ਕਿ ਜਦੋਂ ਪਰਸ਼ਾਦਾ ਯਾ ਹੋਰ ਕੋਈ ਸ਼ੈ ਛਕਣ, ਥੋੜੀ ਜੇਹੀ ਦੇਰ ਪਿਛੋਂ ਕੈ ਆ ਜਾਇਆ ਕਰੇ। ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੌਕਰੀ ਛਡਕੇ ਆ ਗਏ ਸਨ, ਤੇ ਬਾਬਾ ਜਮੀਤ ਸਿੰਘ ਜੀ ਵੀ ਪਿੰਡ ਆ ਚੁਕੇ ਸਨ, ਤਾਂ ਜਦੋਂ ਵੀ ਸਤਿਗੁਰ ਤੇ ਬਾਬਾ ਜਮੀਤ ਸਿੰਘ ਜੀ ਮਿਲਨ, ਤਾਂ ਸਤਿਗੁਰ ਬਾਬਾ ਜੀਨੂੰ ਕਹਿਣ, ਕਿ ਅੰਮ੍ਰਿਤ ਛਕਕੇ ਕਛਹਿਰਾ ਪਾ ਲਵੋ। ਅਗੋਂ ਬਾਬਾ ਜੀ ਕਹਿੰਦੇ ਕਿਜਿਨ੍ਹਾਂ ਤੋਂ ਆਪਨੇ ਭਜਨ ਪੁਛਿਆ ਹੈ, ਓਨ੍ਹਾਂ ਤੋਂ ਹੀ ਮੈਂ ਪੁਛਿਆ ਹੈ। ਮੈਂ ਤਾਂ ਓਨ੍ਹਾਂ ਦੀਆਗਿਆ

ਨਾਲ ਕਛ ਪਾਵਾਂਗਾ। ਇਕ ਵਾਰ ਇਕਠ ਹੋਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀਦਾ ਦਰਸ਼ਨ ਕਰਨ ਗਏ, ਤਾਂ ਬਾਬਾ ਜੀਨੇ ਅਰਜ ਕੀਤੀ, ਕਿ ਮਹਾਰਾਜ ਠਾਕਰ (ਸਤਿਗੁਰੂ ਰਾਮ ਸਿੰਘਜੀ) ਕਹਿੰਦੇ ਹਨ ਕਿ ਕਛਹਿਰਾ ਪਾਲੈ। ਆਪਦਾ ਕੀ ਹੁਕਮ ਹੈ? ਉੱਤਰ ਮਿਲਿਆ, ਕਿ ਜਿਸਦਾ ਰਾਜ ਉਸੇ ਦਾ ਤੇਜ। ਬਾਬਾ ਜੀ ਹੁਣ ਤਾਂ ਆਪਨੂੰ ਠਾਕਰਾਂ ਦਾ ਹੀ ਹੁਕਮ ਮੰਨਣਾਂ ਪਵੇਗਾ। ਤਾਂ ਹੀ ਸੁਖ ਹੋਊ। ਹੁਣ ਬਾਬਾ ਜੀਨੇਕਛਹਿਰਾ ਤਾਂ ਧਾਰਨ ਕਰਲਿਆ, ਪਰ ਅਜੇ ਸਤਿਗੁਰਾਂ ਤੇ ਉਨ੍ਹਾਂ ਦੀ ਗੁਰੂ ਭਾਵਨਾਂ ਨਹੀਂ ਬੱਝੀ ਸੀ। ਆਪ ਪਿਛਲੀ ਰਾਤੇ ਇਸ਼ਨਾਨ ਕਰਕੇ ਬੰਦਗੀ ਕਰਦੇ, ਤੇ ਸਾਧ ਸੰਗਤ ਦੀ ਬੜੀ ਸੇਵਾ ਕਰਦੇ ਹੁੰਦੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ਦੌਰਾ ਕਰਦੇ ਕਰਦੇ ਬਾਬਾ ਜੀ ਪਾਸ ਕਈ ਵਾਰ ਆਇਆ ਕਰਦੇ ਸਨ।

## ਨਾਮ ਵਡਾ ਕਿ ਬਖਸ਼ਸ਼

ਇਕ ਵਾਰ ਜਦੋਂ ਕਿ ਸਤਿਗੁਰ ਬਾਬਾ ਜੀ ਪਾਸ ਗਿੱਲੀਂ ਆਏ ਹੋਏ ਸਨ, ਬਾਬਾ ਜੀ ਨਾਲ ਬਚਨ ਬਿਲਾਸਹੋ ਰਿਹਾ ਸੀ। ਬਾਬਾ ਜੀ ਨੇ ਕਿਹਾ ਕਿ ਨਾਮ ਵਡੀ ਚੀਜ ਹੈ। ਸਤਿਗੁਰਾਂ ਕਿਹਾ, ਕਿ ਨਾਮ ਵੀ ਉਤਮ ਪਦਾਰਥ ਹੈ, ਪਰ ਫੇ ਵੀ ਬਖਸ਼ਸ਼ ਵਡੀ ਹੈ, ਪਰ ਬਾਬਾ ਜੀ ਨੇ ਫੇਰ ਕਿਹਾ, ਕਿ ਨਾਮ ਹੀ ਵਡਾ ਹੈ। ਜਦ ਦੋ ਵਾਰ ਬਾਬਾ ਜੀ ਨੇ ਸਤਿਗੁਰਾਂ ਦਾ ਬਚਨ ਪਰਤਾਇਆ, ਤਾਂ ਸਤਿਗੁਰ ਚੁਪ ਹੋ ਗਏ। ਜਦੋਂ ਦੀਨ ਦਿਆਲ ਜੀ ਸੰਗਤਾਂ ਨੂੰ ਤਾਰਨ ਵਾਸਤੇ ਗਿੱਲਾਂ ਤੋਂ ਚਲੇ ਗਏ, ਤਾਂ ਪਿਛੋਂ ਬਾਬਾ ਜੀ ਨਾਲ ਅਜੇਹੀ ਖੇਡ ਵਰਤੀ, ਕਿ ਉਨ੍ਹਾਂ ਦੀ ਬ੍ਰਿਤੀ ਜਤਨ ਕਰਨ ਨਾਲ ਵੀ ਨਾਮ ਵਿਚ ਨਾਂ ਜੁੜੇ, ਰਸ ਮਾਰਿਆ ਗਿਆ। ਆਖਿਰ ਵਿਚਾਰ ਕੀਤੀ ਕਿ ਇਹ ਤਾਂ ਠਾਕਰ ਜੀ ਮਹਾਰਾਜ ਵਾਲਾ ਬਚਨ ਹੀ ਠੀਕ ਹੁੰਦਾ ਜਾਪਦਾ ਹੈ। ਮੈਂ ਨਾਂਤਾਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਬਚਨ ਮੰਨਕੇ ਏਨਾਂ ਤੇ ਸ਼ਰਧਾ ਕੀਤੀ, ਅਤੇ ਨਾਂ ਹੀ ਠਾਕਰ ਜੀਦਾ ਬਚਨ ਮੰਨਿਆਂ, ਕਿ ਬਖਸ਼ਸ਼ ਵਡੀ ਹੈ। ਕਿਉਂਕਿ ਗੁਰੂ ਜੀਦਾ ਵਾਕ ਹੈ– ਜਿਸਨੋ ਕਿਰਪਾ ਕਰੇ ਤਿਸੁਆਪਨ ਨਾਮ ਦੇਇ।' ਬੜਾ ਪਸਚਾਤਾਪ ਕੀਤਾ। ਦਿਲ ਦ੍ਰਵੀਭੂਤ ਹੋ ਗਿਆ। ਅੰਦਰ ਧਾਰਨਾਂ ਧਾਰੀ ਕਿ ਹੁਣ ਮੇਹਰ ਕਰਕੇ ਆਪਨਾਂ ਦਰਸ਼ਨ ਦੇਣ ਤਾਂ ਚਰਨ ਪਰਸਾਂ, ਤੇ ਸਤਿਗੁਰ ਸਮਝਕੇ ਪੂਜਾ ਕਰਾਂ। ਉਪ੍ਰੰਤ ਆਪਣੀਂ ਪਿਛਲੀ ਭੁਲ ਮਾਫ ਕਰ ਕੇ ਅਗੋਂ ਨੂੰ ਉਨ੍ਹਾਂ ਦੀ ਆਗਯਾ ਵਿਚ ਚਲਣ ਦੀ ਪ੍ਰਤਿਗਯਾ ਕਰਾਂ। ਗੁਰੂ ਜੀ ਦਾ ਵਾਕ ਹੈ--, ਜੈਸੀ ਭੁਖ ਤੈਸੀ ਕਾ ਪੂਰਕ" ਬਾਬਾ ਜੀ ਦੀ ਭੁੱਖ ਨਵਿਰਤ ਹੋਣ ਦਾ ਨਿਮਿਤ ਬਣ ਗਿਆ। ਸੁਣਿਆਂ ਕਿ ਸਤਿਗੁਰ ਅਗਲੇ ਬੰਨਿਓਂ ਸੰਗਤਾਂ ਨੂੰ ਤਾਰਕੇ ਵਾਪਸ ਆ ਰਹੇ ਹਨ।

## ਉਡੀਕ

ਬਾਬਾ ਜੀ ਅਪਣੇ ਕਮਾਦ ਦੇ ਵਢ ਵਿਚ ਚੜ੍ਹਦੇ ਬੰਨੇ ਸੀਏ ਬੈਠੇ ਸਨ, ਤੇ ਸਤਿਗੁਰਾਂ ਦਾ ਰਾਹ ਤਕਦੇ ਹੋਏ ਵੈਰਾਗ ਵਿਚ ਪੜ੍ਹ ਰਹੇ ਸਨ–'ਅਬ ਕੀ ਬਾਰ ਬਖਸ ਬੰਦੇ ਕਉ ਬਹੁਰ ਨ ਭਵਜਲ ਫੇਰਾ।' ਜਦੋਂ ਘੋੜਿਆਂ ਦੀ ਧੂੜ ਵਿਚ ਸਤਿਗੁਰ ਸਚੇ ਪਾਤਸ਼ਾਹ ਨੂੰ ਸੰਗਤ ਸਮੇਤ ਚੀਨੀ ਤੇ ਚੜ੍ਹਿਆਂ ਔਂਦਿਆਂ ਦੂਰੋਂ ਹੀ ਤੱਕਿਆ, ਤਾਂ ਨਾਮ ਚਿਤ ਔਣ ਲਗ ਪਿਆ। ਨੇਤ੍ਰਾਂ ਵਿਚੋਂ ਨੀਰ ਛਲਕ ਛਲਕ ਕੇ

-'ਚੇਤਤ ਚੇਤਤ ਨਿਕਸਿਓ ਨੀਰ।' ਦਾ ਨਕਸ਼ਾ ਬਝ ਗਿਆ। ਜਦੋਂ ਹੋਰ ਨੇੜੇ ਆ ਗਏ ਤਾਂ ਏਹ ਦ੍ਰਿਸ਼ਜ ਬਝ ਗਿਆ-'ਰਾਮ ਗੁਰ ਮੋਹਨ ਮੋਹ ਮਨ ਲਈਆ। ਆਕਲ ਬਿਕਲ ਭਈ ਗੁਰ ਦੇਖੇ ਲੋਟ ਪੋਟ ਹੋ ਪਈਆ।" ਆਪ ਲੋਟ ਪੋਟ ਹੋਏ ਲੋਟ ਰਹੇ ਸਨ। ਸਤਿ-ਗੁਰਾਂ ਨੇ ਚੀਨੀ ਨੂੰ ਛੇੜਕੇ ਬਾਬਾ ਜੀਦੇ ਕੋਲ ਲਿਆ ਖਲਿਹਾਰਿਆ। ਬਾਬਾ ਜੀ ਉਠਕੇ ਉਸ ਮਸਤੀ ਦੀ ਹਾਲਤ ਵਿਚ ਹੀ ਚੀਨੀ ਦੇ ਦੁਆਲੇ ਦੁਆਲੇ ਚਕੱਰ ਲਾਈ ਜਾਂਦੇ ਸਨ। ਬਾਬਾ ਜੀਦੇ ਚਰਨ ਬੜੇ ਕੋਮਲ ਸਨ, ਜੋਕਿ ਉਸ ਵੇਲੇ ਨੰਗੇ ਸਨ, ਤੇ ਦੌੜਦਿਆਂ ਦੌੜ ਦਿਆਂ ਕਮਾਦ ਦੇ ਬੁੱਥੇ ਵਜ ਵਜ ਕੇ ਲਹੂ ਲੁਹਾਨ ਹੋ ਗਏ,ਤੇ ਬਸਤ੍ਰ ਵਾੜ ਦਿਆਂ ਛਾਪਿ-ਆਂ ਨਾਲਅੜਅੜਕੇ ਲੀਰ ਲੀਰ ਹੋ ਗਏ।ਹੁਣ ਆਪਨੇ ਦੀਨ ਦਯਾਲ ਜੀਦੇ ਚਰਨ ਫੜ ਲਏ, ਅਤੇ ਵੈਰਾਗ ਅਵਸਥਾ ਵਿਚ ਹੀ ਏਹ ਪੜ੍ਹਨਾਂ ਸ਼ੁਰੂ ਕਰ ਦਿਤਾ-'ਹਉ ਵਾਰਿ ਵਾਰਿ ਜਾਉ ਗੁਰ ਗੋਪਾਲ। ਮੋਹਿ ਨਿਰਗੁਣ ਤੁਮ ਪੂਰਨ ਦਾਤੇ ਦੀਨਾਂ ਨਾਥ ਦਇਆਲ।' ਸਤਿਗੁਰ ਚੀਨੀ ਤੋਂ ਉਤਰ ਬੈਠੇ ਤੇ ਬਾਬਾ ਜੀ ਉਸ ਮਸਤ ਬਿਰਤੀ ਵਿਚਹੀ ਚਰਨਾਂ ਤੇਲੇਟ ਰਹੇ ਹਨ ਤੇ ਪੜ ਰਹੇ ਹਨ-"ਰਾਖ ਲੇਹੁ ਹਮਤੇ ਬਿਗਰੀ। ਸੀਲ ਧਰਮ ਜਪੁ ਭਗਤਿ ਨ ਕੀਨੀ ਹਉ ਅਭਿਮਾਨ ਟੇਢਿ ਪਗਰੀ।" ਸੰਗਤ ਦੁਆਲੇ ਦੁਆਲੇ ਚੋਜੀ ਪ੍ਰੀਤਮ ਦੇ ਚੋਜ ਵੇਖ ਵੇਖ ਅਸ ਚਰਜ ਹੋ ਰਹੀ ਹੈ। ਸਤਿਗੁਰਾਂ ਨੇ ਚਰਨਾਂ ਤੋਂ ਉਠਾ ਛਾਤੀ ਨਾਲ ਲ ਲਿਆ, ਤੇ ਬਚਨ ਕੀਤਾ-"ਭੁਲਕੇ ਵੀ ਬਖਸ਼ਸ਼ ਤੋਂ ਵਡਾ ਕਿਸੇ ਗੁਣ ਨੂੰ ਨਹੀਂ ਮੰਨਣਾ।" ਕਿਉਂਕਿ ਗੁਰੂ ਜੀ ਦਾ ਵਾਕ ਹੈ-"ਖਤਿਅਹੁ ਜੰਮੇ ਖਤੇ ਕਰ ਨਿਤ ਖਤਿਆ ਵਿਚਿ ਪਾਹਿ। ਧੋਤੇ ਮੂਲਿ ਨ ਉਤਰਹਿ ਜੇ ਸਉ ਧੋਵਣ ਪਾਹਿ। ਨਾਨਕ ਬਖਸੇ ਬਖਸੀਅਹਿ ਨਾਹਿ ਤ ਪਾਹੀ ਪਾਹਿ।"

## ਮੋਹਨ ਸਭਤੇ ਊਚਾ

ਬਾਬਾ ਜੀ ਨੇ ਸਤਿਗੁਰਾਂ ਨੂੰ ਉਸ ਥੜੇ ਤੇ ਬਿਠਾ ਕੇ ਨਮਸਕਾਰ ਕੀਤੀ ਜੋ ਕਿ ਆਪਨੇ ਆਪਣੀਂ ਹਥੀਂ ਸਤਿਗੁਰਾਂ ਨਮਿਤ ਬਨਾਯਾ ਸੀ।ਉਪ੍ਰੰਤ ਦਸਤਾਰ ਭੇਟ ਕਰਕੇ ਅਰਜ ਕੀਤੀ ਕਿ "ਦੀਨ ਦਿਆਲ! ਇਸ ਨੂੰ ਸੀਸ ਤੇ ਸਜਾਣਦੀ ਕ੍ਰਿਪਾ ਕਰੋ। ਮੈਂ ਅਜ ਆਪ ਨੂੰ ਗੁਰੂ ਮੰਨਿਆ। ਸਤਗੁਰਾਂ ਨੇ ਦਸਤਾਰ ਸਜਾ ਲਈ, ਤਾਂ ਬਾਬਾ ਜੀ ਨੇ ਉਛਲ ਕੇ ਹੋਕਾ ਦੇਣਾ ਸ਼ੁਰੂ ਕੀਤਾ ਕਿ-"ਮੈਂ ਪੇਖਿਓ ਰੀ ਮੋਹਨ ਸਭਤੇ ਊਚਾ।" ਲੋਕੋ ਏਹ ਪੂਰਾ ਸਤਿ-ਗੁਰੂ ਜੇ। ਜਿਸ ਥਾਂ ਚੋਂ ਮਿੱਟੀ ਪੁਟਕ ਬਾਬਾ ਜੀ ਨੇ ਥੜਾ ਬਣਾਇਆ ਸੀ, ਉਸਦਾ ਨਾਮ ਕਲਿਆਨ ਸਰ ਰਖਿਆ ਸੀ। ਬਾਬਾ ਜੀ ਨੇ ਮਸਤਾਨੀ ਬਿਰਤੀ ਵਿਚ ਆਖਿਆ ਕਿ ਏਹ ਛਪੜ ਅਜ ਤੋਂ ਕਲਿਆਨ ਸਰ ਹੋਇਆ। ਕਿਉਂ ਕਿ ਗੁਰੂ ਜੀ ਦਾ ਵਾਕ ਹੈ,ਕਿ-"ਸਰਬ ਕਲਿਆਣਾ ਤਿਤ ਦਿਨ ਹਰਿ ਪਰਮੀ ਗੁਰ ਕੇ ਪਾਉ।" ਮੈ ਅਜ ਗੁਰੂ ਜੀ ਦੇ ਚਰਨ ਪਰਸਕੇ ਨਿਹਾਲ ਹੋਇਆ ਹਾਂ। ਇਸ ਛਪੜ ਵਿਚੋਂ ਜੋ ਸ਼ਧਾ ਨਾਲ ਨ੍ਹਾਵੇਗਾ ਉਸਦੇ ਰੋਗ ਕਟੇ ਜਾਣਗੇ। ਸੋ ਬਾਬਾ ਜੀ ਦੇ ਵਾਕ ਅਨੁਸਾਰ ਅਜ ਤਕ ਕਈਆਂ ਦੇ ਰੋਗ ਨਿਵਿਰਤ ਹੋ ਚੁਕੇ ਹਨ।

## ਅਮ੍ਰਿਤ ਦੀ ਦਾਤ

ਬਾਬਾ ਜੀ ਦੀ ਅਰਜ ਮੰਨਕੇ ਸਤਿਗੁਰ ਸਚੇ ਪਾਤਸ਼ਾਹ ਨੇ ਅੰਮ੍ਰਿਤ ਦੀ ਦਾਤ ਬਖਸ਼ੀ ਤੇ ਇਸ ਦਿਨ ਤਕ ਜੋ ਆਪ ਰੰਗ ਬਰੰਗੇ ਬਸਤ੍ਰ ਪਹਿਰ ਲੈਂਦੇ ਸਨ, ਲੁਹਾਕੇ ਚਿਟੇ

ਬਸਤ੍ਰ ਸਜਾ ਹੰਸ ਬਣਾ ਦਿਤਾ।

## ਬੰਦਗੀ

ਬਾਬਾ ਜੀ ਸਾਰੀ ਸਾਰੀ ਰਾਤ ਬੈਠਕੇ ਬੰਦਗੀ ਕਰਦੇ ਰਹਿੰਦੇ ਸਨ-"ਕਬੀਰ ਸੂਤਾ ਕਿਆ ਕਰਹਿ। ਬੈਠਾ ਰਹੁ ਅਰ ਜਾਗ। ਜਾਕੇ ਸੰਗ ਤੇ ਬੀਛਰਾ ਤਾਹੀ ਕੇ ਸੰਗ ਲਾਗ। ਏਥੋਂ ਤਕ ਕਿ ਪੂੜ੍ਹੇਪੈਗਏ। ਬਾਬਾ ਜੀ ਦੇ ਹੱਥ ਅਜੇਹੇ ਕਮਜੋਰ ਹੋ ਗਏ ਕਿ ਕੰਬਦੇ ਰਹਿੰਦੇ। ਆਪ ਕਿਹਾ ਕਰਦੇ ਸਨ ਕਿ ਜਿਸਤ੍ਰਾਂ ਸਧਨੇ ਦੇ ਹਥ ਕੱਟੇ ਗਏ ਸਨ। ਏਸੇ ਤ੍ਰਾਂ ਸਤਿਗੁਰ ਦਰਸ਼ਨ ਤੋਂ ਪਹਿਲਾਂ ਮੈਂ ਜਿਨ੍ਹਾਂ ਹਥਾਂ ਨਾਲ ਬਟੇਰੇ ਝਟਕਾਂਦਾ ਸਾਂ,ਉਨ੍ਹਾਂ ਨੂੰ ਸਜ਼ਾ ਦੇਕੇ ਸਚੇ ਪਾਤਸ਼ਾਹ ਨੇ ਏਥੇ ਹੀ ਲੇਖਾ ਨਿਬੇੜ ਦਿਤਾ ਹੈ। ਸਤਿਗੁਰ ਮਿਲਨ ਤੋਂ ਪਿਛੋਂ ਹਰ ਰੋਜ ਅੰਮ੍ਰਿਤ ਵੇਲੇ ਬਾਬਾ ਜੀ ਇਹ ਤੁਕ ਬੜੇ ਪ੍ਰੇਮ ਨਾਲ ਪੜ੍ਹਦੇ ਹੁੰਦੇ ਸਨ-"ਸਖੀ ਸਹੇਰੀ ਮੇਰੇ ਗ੍ਰਿਸਤ ਅਨੰਦ। ਕਰ ਕਿਰਪਾ ਭੇਟੇ ਮੋਹਿ ਕੰਤ।

## ਸੱਤਿਵਾਦਤਾ

ਸੱਚ ਦੇ ਆਪ ਐਸੇ ਧਾਰਨੀ ਸਨ ਕਿ ਇਕ ਵੇਰ ਆਪ ਦੇ ਕੁਟੰਬੀਆਂ ਦਾ ਸ਼ਰੀਕਾਂ ਨਾਲ ਕਿਸੇ ਗਲੋਂ ਝਗੜਾ ਹੋ ਪਿਆ, ਜਿਸ ਵਿਚ ਕਿ ਆਪਦੀ ਵੀ ਕੁਛ ਸੰਮਤੀ ਸੀ। ਇਸ ਕਰਕੇ ਜਦ ਮੁਕਦਮਾ ਅਦਾਲਤ ਵਿਚ ਗਿਆ, ਤਾਂ ਦੂਜੇ ਪਖ ਨੇ ਆਪ ਦਾ ਨਾਮ ਵੀ ਦੋਸ਼ੀਆਂ ਵਿਚ ਲਿਖਾ ਦਿਤਾ।

ਡਿਪਟੀ ਨੇ ਜਦ ਬਾਬਾ ਜੀ ਦੀ ਲੋਕਾਂ ਤੋਂ ਸੋਭਾ ਸੁਣੀ ਤਾਂ ਬਾਬਾ ਜੀ ਤੇ ਹੀ ਸਾਲਸੀ ਪਾ ਦਿਤੀ। ਬਾਬਾ ਜੀ ਨੂੰ ਜੋ ਕੁਛ ਪਤਾ ਸੀ ਉਹ ਹਰਫ ਬਹਰਫ ਕਹਿ ਸੁਣਾਇਆ। ਗੁਰੂ ਜੀ ਨੇ ਲਿਖਿਆ ਹੈ ਕਿ-" ਸੁਣ ਸੰਤਨ ਕੀ ਸਾਚੀ ਸਾਖੀ। ਸੋ ਬੋਲਹਿ ਜੋ ਪੇਖਹਿ ਆਖੀ॥ ਹਾਕਮ ਨੇ ਸੱਚੀ ਬਾਰਤਾ ਸੁਣਕੇ ਬਾਬਾ ਜੀ ਦੀ ਚਰਨੀ ਹਥ ਲਾਇਆ, ਤੇ ਆਖਿਆ, ਬਾਬਾ ਧੰਨ ਤੇਰਾ ਸਤਿਗੁਰ ਤੇ ਧੰਨ ਤੂੰ ਹੈਂ। ਕਿਉਂਕਿ ਆਪਨੇ ਕਿਸੇ ਦਾ ਪੱਖ ਨਹੀ ਕੀਤਾ, ਸਗੋਂ ਇਸ ਗਲ ਦਾ ਵਿਚਾਰ ਵੀ ਨਹੀਂ ਕੀਤਾ ਕਿ ਸਚ ਬੋਲਣ ਨਾਲ ਅਪਣੇ ਤੇ ਵੀ ਭਾਰ ਪੈ ਜਾਵੇਗਾ। ਲੋਕ ਤਾਂ ਧੜੇ ਪਿਛ ਲਗਕੇ ਧਰਮ ਛਡ ਬੈਠਦੇ ਨੇ, ਪਰ ਆਪਨੇ ਧੜੇ ਨਾਲੋਂ ਧਰਮ ਨੂੰ ਪਿਆਰਾ ਸਮਝਿਆ ਹੈ। ਪਰ ਮੈਨੂੰ ਜੁਰਮਾਨਾ ਕਰਨਾਂ ਪਵੇਗਾ ਇਸ ਲਈ ਆਪ ਥੋੜਾ ਜੇਹ ਮੁਕਰਜਾਓ ਤੇ ਕਹਿਦੇਓ ਇਸ ਮਾਮਲੇ ਵਿਚ ਮੇਰੀ ਕੋਈ ਸਮਤੀ ਨਹੀਂ ਸੀ॥ ਬਾਬਾ ਜੀ ਨੇ ਕਿਹਾ ਕਿ ਮੈਨੂੰ ਸਤਿਗੁਰਾਂ ਦਾ ਹੁਕਮ ਹੈ- "ਬੋਲੀਐ ਸਚ ਧਰਮ ਝੂਠ ਨਾ ਬੋਲੀਏ॥ ਫੇਰ ਆਗਯਾ ਹੈ, "ਕੂੜ ਬੋਲ ਮੁਰਦਾਰ ਖਾਇ, ਦੱਸ ਝੂਠ ਬੋਲ ਕੇ ਮੁਰਦਾਰ ਕਿਵੇਂ ਖਾਵਾਂ? ਹਾਕਮ ਨੇ ਲਚਾਰ ਹੋਕੇ ਅਪਣੇ ਫੈਸਲੇ ਵਿਚ ਦੂਜੇ ਦੋਸ਼ੀਆਂ ਦੇ ਨਾਲ ਆਪ ਨੂੰ ਵੀ ੫੦ ਰੁਪੈ ਜੁਰਮਾਨਾ ਕਰ ਦਿਤਾ।

## ਬਾਬਾ ਜੀ ਦਾ ਫੁਰਨਾਂ

ਇਕ ਵਾਰ ਬਾਬਾ ਜੀ ਦੇ ਦਿਲ ਵਿਚ ਫੁਰਨਾਂ ਹੋਇਆ ਕਿ ਸਤਿਗੁਰ ਨੂੰ ਮਿਲਕੇ ਕਰਮਾਂ ਦਾ ਨਾਸ ਵੀ ਨਾਂ ਹੋਇਆ, ਕਿਉਂਕਿ ਮੇਰੇ ਸ਼ਰੀਰਕ ਅੰਗਾਂ ਦੀ ਕਮਜ਼ੋਰੀ ਮੇਰੇ ਕਰਮਾਂ ਦਾ ਹੀ ਨਤੀਜਾ ਹੈ। ਗੁਰਬਾਣੀ ਵਿਚ ਲਿਖਿਆ ਹੈ-"ਤਵ ਗੁਣ ਕਹਾ ਜਗਤ ਗੁਰਾ ਜਉ ਕਰਮ ਨ ਨਾਸੈ'

ਜੋ ਏਹ ਗੱਲ ਮੇਰੇ ਤੇ ਤਾਂ ਨਹੀਂ ਵਰਤੀ। ਸਤਿਗੁਰਾਂ ਨੇ ਦਰਸ਼ਨ ਦੇ ਕੇ ਕਿਹਾ—ਜ ਮੀਤ ਸਿੰਘ ਤੇਰੇ ਕਰਮ ਕਟਦਿਆਂ ਹੋਇਆਂ ਤਾਂ ਮੇਰੇ ਹਥਿਆਰਾਂ ਦੇ ਮੂੰਹ ਵੀ ਖੁੰਢੇ ਹੋ ਗਏ ਨੇ, ਤੇ ਤੂੰ ਅਜੇ ਵੀ ਝੂਰਦਾ ਹੈਂ। ਨਹੀਂ ਤਾਂ ਤੇਰੇ ਜੈਸੇ ਨਿਰਬਲਾਂ ਤੇ ਜੱਟਾਂ ਨੂੰ ਭਲਾ ਕੌਣ ਪੁਛਦਾ ਹੈ? ਤੂੰ ਏਹ ਨਹੀਂ ਅਨੁਭਵ ਕਰਦਾ, ਕਿ ਤੇਰੀ ਗੁਰੂਆਂ ਜੈਸੀ ਮਾਨਤਾ ਤੇ ਸੇਵਾ ਹੁੰਦੀ ਏ?

ਸਤਿਗੁਰ ਜੀ ਦੇ ਪ੍ਰਦੇਸ ਗਮਨ ਕਰਨ ਤੋਂ ਪਿਛੋਂ ਬਾਬਾ ਜੀ ਦੇ ਦਿਲ ਵਿਚ ਆਈ ਕਿ "ਰਾਮ ਗਿਆ, ਹੁਣ ਭਜਨ ਕਾਹਦੇ ਲਈ ਕਰਨਾਂ ਹੈ? ਸਤਿਗੁਰਾਂ ਨੇ ਰਾਤ ਦਰਸ਼ਨ ਦੇ ਕੇ ਕਿਹਾ, ਜਮੀਤ ਸਿੰਘ ਮੇਰਾ ਸਰੀਰ ਹੀ ਅੰਗ੍ਰੇਜ਼ਾਂ ਕੋਲ ਹੈ, ਮੈਂ ਤਾਂ ਹਰ ਜਗ੍ਹਾ ਇਕ ਸਮਾਨ ਰਮ ਰਿਹਾ ਹਾਂ। ਤੈਨੂੰ ਫੁਰਨਾਂ ਹੋਇਆ ਸੀ ਕਿ ਗੁਰੂ ਬਾਲਕ ਸਿੰਘ ਜੀ ਤੈਨੂੰ ਗੁਰਿਆਈ ਦੇਣ, ਪ੍ਰੰਤੂ ਏਹ ਗੱਲ ਅਸਾਂ ਆਪਣੇ ਸਰੀਰ ਤੇ ਝਲ ਲਈ ਹੈ, ਏਸ ਵਿਚਾਰ ਨਾਲ, ਕਿ ਬੁੱਢੇ ਜਮੀਤ ਸਿੰਘ ਦੇ ਹੱਡ ਕੀ ਰੋਲਣੇ ਹਨ। ਤੈਨੂੰ ਪਤਾ ਹੀ ਹੈ ਨਾਂ, ਕਿ ਗੁਰੂਆਂ ਨਾਲ ਕੀ ਕੁਛ ਵਰਤਦਾ ਰਿਹਾ ਹੈ। ਸਤਿਗੁਰਾਂ ਦੇ ਏਹ ਬਚਨ ਸੁਣਕੇ ਨਮਸਕਾਰ ਕਰਦੇ ਮਸਤ ਹੋ ਗਏ ਤੇ ਏਹ ਤੁਕਾਂ ਗਾਉਣ ਲਗ ਪਏ —"ਸਤਿਗੁਰ ਮੈਂ ਬਲਿਹਾਰੀ ਤੋਰ ਜਿਨ ਸਕਲ ਬਿਕਲ ਭ੍ਰਮ ਕਾਟੇ ਮੋਰ ॥ ਇਸ ਤੋਂ ਬਾਦ ਆਪ ਨਿਰਸੰਸੇ ਹੋਕੇ ਪਹਿਲਾਂ ਵਾਂਗ ਹੀ ਅਭ-ਜਾਸ ਕਰਨ ਲਗ ਪਏ।

ਬਾਬਾ ਜੀ ਬੜੇ ਬੁੱਧਵਾਨ, ਤੇ ਅੱਖਾਂ ਵਾਲੇ ਸਨ, ਇਕ ਵਾਰ ਜਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇਸ਼ ਦਾ ਦੌਰਾ ਕਰਦੇ ਹੋਏ ਗਿਲੀਂ ਗਏ, ਤਾਂ ਦਰਸ਼ਨ ਕਰਕੇ ਬਾਬਾ ਜੀ ਬੋਲੇ- ਓਏ! ਏਹ ਤਾਂ ਓਹੀ ਹੈਨ, ਜਿਨ੍ਹਾਂ ਦੀ ਬਾਬਤ 'ਬਾਬਾ ਬੈਂਕਾ' ਪੇਸ਼ੀਨ ਗੋਈ ਕਰਦਾ ਹੁੰਦਾ ਸੀ ਕਿ-'ਆਹ ਬਾਬਾ ਬੁੱਧਸਿੰਘ ਜੀ ਬੈਠੇ। ਬਸ ਫੇਰ ਕੀ ਸੀ, ਡੰਡਵਤ ਪ੍ਰਣਾਮ ਕਰਦਿਆਂ ਕਰਦਿਆਂ ਆਪ ਦੀਨ ਦਿਆਲ ਜੀ ਦੇ ਚਰਨਾਂ ਨੂੰ ਜਾ ਲਿਪਟੇ। ਅਤੇ ਯਥਾ ਸ਼ਕਤ ਭੇਟਾ ਕਰਕੇ ਆਪਣੀ ਸ੍ਰਧਾ ਦਾ ਸਬੂਤ ਦਿਤਾ।

ਬਾਬਾ ਜੀ ਦੀ ਬਾਬਤ ਸਤਿਗੁਰੂ ਸੱਚੇ ਪਾਤਸ਼ਾਹ ਨੇ ਪ੍ਰਦੇਸ ਤੋਂ ਲਿਖਕੇ ਭੇਜਿਆ, ਸੀ ਕਿ–'ਜਮੀਤ ਸਿੰਘ ਜੇ ਤੇਰੇ ਵਰਗਾ ਇਕ ਇਕ ਸਿਖ ਵੀ ਹਰ ਇਕ ਪਰਗਣੇ ਵਿਚ ਹੋ ਜਾਏ ਤਾਂ ਸੰਸਾਰ ਦਾ ਉਧਾਰ ਹੋ ਸਕਦਾ ਹੈ।

## ਮਸਤਾਂ ਦੀ ਸੇਵਾ

ਬਾਬਾ ਜੀ ਮਸਤਾਨਿਆਂ ਦੀ ਸੇਵਾ ਬੜੇ ਧਿਆਨ ਨਾਲ ਕਰਦੇ, ਤੇ ਕਿਹਾ ਕਰਦੇ ਕਿ ਏਹ ਨਾਮ ਨਸ਼ੇ ਦੀ ਖੁਮਾਰੀ ਵਿਚ ਦੇਹ ਤੋਂ ਬਿਦੇਹ ਹੋ ਜਾਂਦੇ ਹਨ। ਉਨਾਂ ਦੇ ਬੋਲਿਆਂ ਨੂੰ ਸੁਣਕੇ ਬੜੇ ਸਤਕਾਰ ਨਾਲ ਕਿਹਾ ਕਰਦੇ ਸਨ— ਜਿਨਿ ਅੰਦਰ ਪ੍ਰੀਤਿ ਪਿਰੰਮ ਕੀ ਜਿਉ ਬੋਲਨ ਤਿਵੈ ਸੁਹੰਨ॥ ਭਾਈ ਏਨਾਂ ਦੇ ਬੋਲ ਮੋਹਰ ਦੇ ਅੱਖਰਾਂ ਵਾਂਗ ਪੁੱਠ ਹੁੰਦੇ ਹਨ ਜੈਸੇ—"ਮੋਹਰ ਮਸਤਕ ਕੀ ਰੇਖ ਦੁਇ, ਉਲਟ ਹੋਤ ਹੈ ਆਦ। ਲਗ ਕਾਗਦ ਗੁਰ ਚਰਨ ਪਰ ਭਲੀ ਹੋਤ ਹੈ ਬਾਦ। ਅਰਥਾਤ ਮੋਹਰ ਦੇ ਅੱਖਰ ਤੇ ਮਸਤਕ ਦੀ ਰੇਖਾ ਪਹਿਲੋਂ ਪੁਠੇ ਹੁੰਦੇ ਹਨ, ਪ੍ਰੰਤੂ ਕਾਗਜ਼, ਤੇ ਸਤਿਗੁਰਾਂ ਦੇ ਚਰਨਾਂ ਤੇ ਲਗਕੇ ਸਿੱਧੇ ਹੋ ਜਾਂਦੇ ਹਨ।

ਬਾਬਾ ਜੀ ਬੜੇ ਜੁਗਤੀ ਵਾਲੇ ਸਨ- ਏਥੋਂ ਤਕ, ਕਿ ਦੀਵੇ ਵਿਚ ਵਟੀ ਵੀ ਬਰੀਕ ਪੌਂਦੇ, ਤਾਕਿ ਮਮੂਲੀ ਜੇਹਾ ਚਾਨਣ ਹੋ ਜਾਵੇ। ਕਿਹਾ ਕਰਦੇ ਕਿ ਮਤਲਬ ਤਾਂ ਹਨੇਰਾ ਹਟੌਣ ਤੋਂ ਹੈ। ਜਲ ਵੀ ਬੜੀ ਜੁਗਤ ਨਾਲ ਵਰਤ

ਦੇ। ਜੇਹੜਾ ਸਿੱਖ ਅੱਧਾ ਪ੍ਰਸਾਦਾ ਮੰਗੇ, ਪਰ ਵਰਤਾਵਾ, ਸਾਰਾ ਦੇ ਦੇਵੇ, ਤਾਂ ਉਸ ਨੂੰ ਬੜਾ ਤਾੜਦੇ ਤੇ ਕਹਿੰਦੇ ਕਿ ਪਹਿਲਾਂ ਤਾਂ ਉਹ ਮੂਰਖ ਜਿਸਨੇ ਅੱਧੇ ਦੀ ਭੁੱਖ ਨਹੀਂ ਰਖੀ, ਤੇ ਵਡਾ ਮੂਰਖ ਤੂੰ, ਜਿਸਨੇ ਅੰਨ ਫਜ਼ੂਲ ਗਵਾਇਆ, ਤੇ ਨਾਲੇ ਉਸਦੇ ਚਾਰ ਪਹਿਰ ਭਜਨ ਵਲੋਂ ਮਾਰੇ, ਕਿਉਂਕਿ ਥੋੜੀ ਨਿੰਦਾ ਅਲਪ ਅਹਾਰੀ। ਸਾਧ ਕਾ ਪਿੰਡ ਸਦਾ ਬੀਚਾਰੀ ਲਿਖਿਆ ਹੈ। ਜੇਹੜਾ ਬਹੁਤਾ ਰੱਜੇ ਉਹ ਚਾਰ ਪਹਿਰ ਰਾਤ ਸ਼ੂਕ ਸ਼ੂਕ ਕੇ ਕਢ ਛਡਦਾ ਹੈ। ਕੋਈ ਵਡਾ ਛੋਟਾ, ਅਪਣਾਂ ਬਿਗਾਨਾਂ ਦਰਸ਼ਨ ਨੂੰ ਆਵੇ, ਉਸਨੂੰ ਸਤ੍ਰਾਣੇ ਵਲ ਬਿਠਾਕੇ ਉਤਮ ਉਪਦੇਸ਼ ਦੇਕੇ ਮਹਾਰਾਜ ਜੀ ਦੇ ਚਰਨਾਂ ਵਿਚ ਲਗਣ ਦੀ ਪ੍ਰੇਰਨ ਕਰਦੇ।

## ਸੰਤ ਮੰਡਲ

ਸੰਤਾਂ ਦੀ ਭੀੜ ਆਪਦੇ ਡੇਰੇ ਹਮੇਸ਼ਾਂ ਲਗੀ ਰਹਿੰਦੀ। ਬੀਤਰਾਗ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ, ਸੰਤ ਕੇਸਰ ਸਿੰਘ ਜੀ, ਚੁਪ ਸੇਖਵਾਂ ਵਾਲੇ ਅਤੇ ਹੋਰ ਕਈ ਸੰਤ ਆਪ ਜੀ ਦੇ ਪਾਸ ਕਈ ਕਈ ਦਿਨ ਸਤਿਸੰਗ ਕਰਦੇ। ਏਥੋਂ ਤਕ ਕਿ ਸਤਿਸੰਗ ਦਾ ਇਹ ਸਿਲ ਸਿਲਾ ਬਾਬਾ ਜੀ ਦੀ ਆਯੂ ਪ੍ਰਯੰਤ ਰਿਹਾ।

ਮਸਤਾਨਿਆਂ ਨੂੰ ਗੋਦ ਵਿਚ ਲੈਕੇ ਪ੍ਰੇਮ ਨਾਲ ਪੁਛਦੇ ਕਿ ਸੁਣਾ ਬੱਚੂ - ਪੰਜਾਂ ਦਾ ਕੀ ਹਾਲ ਹੈ? ਜੇ ਇਕ ਵੀ ਜੀਉਂਦਾ ਹੈ, ਤਾਂ ਵਲਟੋਹੇ ਦੀ ਦਾਲ ਵਾਂਗ ਸਾਰੀ ਕੱਚੀ ਸਮ ਝਣੀ ਚਾਹੀਦੀ ਹੈ, ਵੇਖੀਂ ਕਿਤੇ ਦਮ ਨਾਂ ਮਾਰ ਬਹੀਂ।

## ਬਾਬਾ ਜੀ ਨਾਲ ਈਰਖਾ

ਬਾਬਾ ਜੀ ਦਾ ਇਕ ਸ਼ਰੀਕ ਸੀ, ਜੋ ਆਪ ਦੀ ਸ਼ੋਭਾ ਤੇ ਵਡਿਆਈ ਸੁਣਕੇ ਸੜਦਾ ਰਹਿੰਦਾ ਸੀ, ਤੇ ਬਾਬਾ ਜੀ ਦੇ ਕਈ ਉਲਟੇ ਪੁਲਟੇ ਨਾਮ ਰਖਦਾ ਸੀ। ਗੁਰੂ ਜੀ ਦਾ ਵਾਕ ਹੈ 'ਸਾਕਤ ਨਿੰਦਕ ਨਰ ਖਵ ਨ ਸਕੈ ਤਿਲੁ ਆਪਣੈ ਘਰ ਲੂਕੀ ਲਾਈ।' ਏਹਦੇ ਨਾਲ ਏਹੀ ਗੱਲ ਹੋਈ ਕਿ—'ਸੰਤ ਕੇ ਦੋਖੀ ਕੀ ਜੜ ਕਿਛ ਨਾਹਿ।' ਇਸਦੇ ਘਰ ਜੋ ਜੀ ਹੁੰਦਾ ਮਰ ਜਾਂਦਾ। ਅੰਤ ਨੂੰ ਇਸਤ੍ਰੀ ਦੇ ਸਮਝਾਣ ਨਾਲ ਬਾਬਾ ਜੀ ਦੀ ਸ਼ਰਨ ਆਇਆ। 'ਨਾਨਕ ਸੰਤ ਭਾਵੈ ਤਾ ਲਏ ਉਬਾਰ।' ਦੇ ਮਹਾ ਵਾਕ ਅਨੁਸਾਰ ਆਪ ਨੇ ਗਰੀਬੀ ਦੀ ਐਸੀ ਮਾਰ ਮਾਰੀ ਕਿ ਉਸਦੀ ਸਾਰੀ ਖੁਦੀ ਦੂਰ ਹੋਗਈ। ਉਪ੍ਰੰਤ ਉਲਾਦ ਵੀ ਬਚ ਗਈ। ਆਪ ਦੇ ਭਜਨ ਪ੍ਰਤਾਪ ਨਾਲ ਹੀ ਛੋਟੇ ਜੇਹੇ ਪਿੰਡ 'ਗਿਲਾਂ' ਦਾ ਨਾਮ 'ਬਾਬਾ ਜਮੀਤ ਸਿੰਘ ਦੇ ਗਿਲ' ਸਾਰੇ ਪੰਜਾਬ ਬਲਕੇ ਫਰੰਟੀਅਰ ਤਕ ਮਸ਼ਹੂਰ ਹੈ।

## ਅੰਤਮ ਬੇਨਤੀ

ਬਾਬਾ ਜੀ ਦੇ ਸਾਗਰ ਸਮਾਨ ਜੀਵਨ ਵਿਚੋਂ ਕੁਛਕ ਸਮਾਚਾਰ (ਜੋ ਕਿ ਬਿੰਦੂ ਵਤ ਹਨ) ਸਾਧ ਸੰਗਤ ਦੀ ਭੇਟਾ ਕਰਦਾ ਹਾਂ। ਏਨ੍ਹਾਂ ਸਮਾਚਾਰਾਂ ਵਿਚ ਜਿਨ੍ਹਾਂ ਜਿਨ੍ਹਾਂ ਸਜਣਾ ਤੋਂ ਮਦਦ ਮਿਲੀ ਹੈ, ਉਨ੍ਹਾਂ ਦਾ ਧਨਵਾਦ ਕਰਦਾ ਹਾਂ।

# (੯) ਸੰਤ ਬਾਬਾ ਜਮੀਤ ਸਿੰਘ ਜੀ ਕਾਹਨਾ

ਜੁਗ ਗਰਦੀ ਦੇ ਉਸ ਭਿਆਨਕ ਤੂਫ਼ਾਨ ਵਿਚ ਜਦ ਕਿ ਸਿਖ ਰਾਜ ਦੇ ਸੂਰਜ ਨੂੰ ਅਸਤ ਹੋਇਆਂ ਬਹੁਤੇ ਦਿਨ ਨਹੀਂ ਸਨ ਹੋਏ, ਸਿਖੀ ਦਾ ਵੀ ਨਾਲ ਹੀ ਅੰਤ ਹੋ ਚਲਿਆ ਸੀ। ਇਸ ਵੇਲੇ ਪਿੰਡ ਕਾਛਾ ਜ਼ਿਲਾ ਲਾਹੌਰ ਦੇ ਇਕ ਬੇਹ ਉਤੇ ( ਜਿਥੇ ਸ੍ਰੀ ਮਾਨ ਬਾਬਾ ਵੀਰ ਸਿੰਘ ਜੀ ਨੁਰੰਗਾਬਾਦੀਏ ਦਾ ਦਮਦਮਾ ਹੈ) ਨੂਰਾਨੀ ਮੁਖੜੇ ਵਾਲਾ ਇਕ ਗੁਰ ਮੁਖ ਸਿਖ ਬੈਠਾ ਸਿਖੀ ਦੀ ਭਿਆਨਕ ਅਰ ਭੈੜੀ ਦਸ਼ਾ ਨੂੰ ਹਸਰਤ ਭਰੀ ਦ੍ਰਿਸ਼ਟੀ ਨਾਲ ਤਕ ਰਿਹਾ ਸੀ। ਜਦ ਉਹ ਵੇਖਦਾ ਕਿ ਸਿਖਾਂ ਵਿਚੋਂ ਉਹ ਜੀਵਨ ਲਗ ਭਗ ਨਸ਼ਟ ਹੋ ਚੁਕਾ ਹੈ, ਜਿਸਨੂੰ ਗੁਰੂ ਸਾਹਿਬਾਂ ਨੇ ਆਪਣੇ ਸਰ ਬੰਸ ਵਾਰਕੇ ਪੈਦਾ ਕੀਤਾ ਸੀ ਤਾਂ ਉਸ ਦਾ ਹਿਰਦਾ ਪਾਟਣ ਲਗਦਾ ਸੀ। ਉਹ ਸਿਖ ਦੀ ਇਸ ਦਰਦਨਾਕ ਤਸਵੀਰ ਨੂੰ ਵੇਖਕੇ ਸਹਾਰ ਨਹੀ ਸਕਦਾ ਸੀ। ਜਦ ਵੇਂਖਦਾ ਸੀ ਕਿ ਅਪਣੇ ਕੰਮ ਵਿਗਾੜਕੇ ਦੂਜਿਆਂ ਤੇ ਉਪ ਕਾਰ ਕਰਨ ਵਾਲਾ ਖਾਲਸਾ ਡਾਢਾ ਹੀ ਸੁਆ-ਰਥੀ ਅਤੇ ਭਿਆਨਕ ਅਤਯਾਚਾਰੀ ਹੋ ਚੁਕਾ ਹੈ, ਤਾਂ ਉਸਦੇ ਸਬਰ ਦਾ ਪਿਆਲਾ ਕੰਢਿਆਂ ਤੋਂ ਬਾਹਰ ਉਛਲਣ ਲਗ ਪੈਂਦਾ ਸੀ। ਜਦੋਂ ਵੀ ਇਸਥਿਤ ਹੋਕੇ ਬੈਠਦਾ ਤਾਂ ਸਿਖੀ ਦੇ ਹ੍ਰਾਸ ਬਾਬਤ ਉਸ ਦੇ ਰਿਦੇ ਸਾਗਰ ਵਿਚ ਅਨੇਕਾਂ ਤਰੰਗ ਉਠਦੇ ਸਨ। ਕਈ ਵਾਰ ਅਕਾਲ ਪੁਰਖ ਅਗੇ ਬੇਨਤੀਆਂ ਕਰਦਾ, "ਹੇ ਸੱਚੇ ਪਾਤਸ਼ਾਹ! ਕੀ ਸਿਖੀ ਗੁਲਜ਼ਾਰ ਵਿਖੇ ਪਤ ਝੜ (ਖਿਜਾਂ) ਦੇ ਦੁਖ ਦੇ ਇਹ ਦ੍ਰਿਸ਼ਜ ਵੇਖਣੇ ਮੇਰੇ ਹੀ ਭਾਗਾਂ ਵਿਚ ਲਿਖੇ ਹੋਏ ਹਨ? ਪ੍ਰੰਤੂ ਜਦ ਉਸ ਬਜ਼ੁਰਗ ਦੇ ਸਿਮ੍ਰਤੀ ਭੰਡਾਰ ਵਿਚੋਂ ਅਜੇਹੇ ਭਵਿਸ਼ਤ ਵਾਕਾਂ ਦਾ ਪ੍ਰਕਾਸ਼ ਹੁੰਦਾ ਕਿ—"ਮੈਂ ਫਰ ਕਰੇਂਗਾ ਖਾਲਸਾ ਵੱਸੈ ਵਿਚ ਪੰਜਾਬ" (ਅ) ਸਿਰ ਧਰ ਕੇਸਨ ਕੰਠੇ ਮਾਲਾ। ਦੀਨ ਦਿਜਨ ਕਾ ਹੋਇ ਰਖ-ਵਾਲਾ"(ੲ)-'ਸ੍ਵੇਤ ਸਿੰਘ ਧਰ ਰੂਪ ਦਿਖਾ-ਵਹਿ। ਦਾਮਨ ਗਰਜ ਸਬਦ ਮੁਖਹੁੰ ਆਵਹਿ' ਅਤੇ (ਸ)—"ਰਿਲਪੁਰਬ ਵਿਚ ਬਾਢੀ ਸੁਤ ਹੋਈ। ਬਲੂਆ ਰਾਜ ਕਰੇਗਾ ਸੋਈ" ਆਦਿ. ਤਾਂ ਉਸਦੇ ਚਿੱਤ ਵਿਚ ਢਾਰਸ ਜੇਹੀ ਬੱਝ ਜਾਂਦੀ। ਉਸਦਾ ਚਿੱਤ ਏਹਨਾਂ ਭਵਿੱਖਤ ਬਚਨਾਂ ਦੇ ਨਾਇਕ ਦੀ ਉਡੀਕ ਵਿੱਚ ਉਤਾਵਲਾ ਹੁੰਦਾ ਹੋਇਆ ਕੂਕ ਉਠਦਾ ਕਿ— 'ਉਡੀਨੀ ਉਡੀਨੀ ਉਡੀਨੀ ਕਬ ਘਰਿ ਆਵੈ ਰੀ।

## ੨.

ਅੰਮ੍ਰਿਤ ਵੇਲੇ ਦਾ ਨਿੱਤ ਨੇਮ ਪੂਰਾ ਹੋ ਚੁੱਕਾ ਹੈ, ਜਲ ਦੇ ਇਕ ਦੋ ਚੁਲੇ ਛਕਕੇ ਇਹ ਮਹਾਤਮਾ ਟਹਿਲਣ ਲਗ ਪੈਂਦਾ ਹੈ। ਅਚਾਨਕ ਹੀ ਕਿਸੇ ਪਿੰਡ ਨਿਵਾਸੀ ਨੇ ਆਕੇ ਖਬਰ ਦਿੱਤੀ ਕਿ ਆਪ ਨੂੰ ਮਿਲਨ ਵਾਸਤੇ ਕੁਛ ਸੰਤ ਆ ਰਹੇ ਹਨ। ਨਿਰਾਲੀ ਛਬੀ ਦੇ ਮਹਾਂਪੁਰਖ ਜਾਪਦੇ ਹਨ। ਬਸਤਰ ਹੰਸਾਂ ਦੇ ਪੰਖਾਂ ਸਮਾਨ ਤੇ ਦੁੱਧ ਵਾਂਗ ਸਫੈਦ ਹਨ। ਸ਼ਕਲਾਂ ਮਨ ਮੋਹਨੀਆਂ ਹਨ। ਸਿੱਧੇ ਦਸਤਾਰੇ ਹਨ। ਗਲਾਂ ਵਿਚ ਜੋ ਮਾਲਾਂ ਪਈਆਂ ਹੋਈਆਂ ਹਨ ਉਹ ਤਾਂ ਅਜੇਹੀ ਝਾਕੀ ਪੇਸ਼ ਕਰਦੀਆਂ ਹਨ, ਕਿ ਉਨ੍ਹਾਂ ਦੇ ਸਾਹਮਣੇਂ ਮੋਤੀਏ ਦੇ ਬੰਦ ਕਲੀਆਂ ਵਾਲੇ

ਸੋਹਣੇ ਹਾਰ ਵੀ ਸ਼ਰਮਿੰਦੇ ਹੋ ਜਾਂਦੇ ਹਨ। ਬਾਬਾ ਜੀ! ਉਂਞ ਤਾਂ ਸਾਰੇ ਹੀ ਇੱਕ ਤੋਂ ਇੱਕ ਵਧਕ ਹੈਨ, ਪਰ ਇੱਕ ਤਾਂ ਏਡਾ ਸੋਹਣਾਂ ਤੇ ਛਬੀਲਾ ਸੰਤ ਹੈ ਜਿਸਨੂੰ ਵੇਖਣ ਨਾਲ ਦੁਨਜਾਂ ਹੀ ਭੁਲ ਜਾਂਦੀ ਹੈ। ਸੰਤ ਜੀ ਮੈਂ ਅਜ ਤਕ ਬੜੇ ਬੜੇ ਇਕੱਠਾਂ ਵਿਚ ਬੜੇ ਬੜੇ ਛੈਲ ਛਬੀਲੇ ਤੇ ਬਾਂਕੇ ਜਵਾਨ ਤਕੇ ਹੈਨ, ਪਰ ਏਸ ਨੂੰ ਵੇਖਕੇ ਤਾਂ ਦੰਗ ਹੀ ਰਹਿ ਗਿਆ ਹਾਂ। ਸਰੂ ਜੇਡਾ ਕਦ, ਲੰਮੀ ਗਰਦਨ, ਮਿਰਗ ਵਰਗੀਆਂ ਅਖਾਂ, ਤੇਜ ਭਰਿਆ ਚੇਹਰਾ ਤੇ ਗੋਡਿਆਂ ਤੋਂ ਵੀ ਹੇਠਾਂ ਤਕ ਪਲ-ਮਦੀਆਂ ਬਾਹੀਂ। ਅਜੇ ਏਸ ਦਰਸ਼ਕ ਦੀਆਂ ਗਲਾਂ ਮੁਕੀਆਂ ਵੀ ਨਹੀਂ ਸਨ, ਕਿ ਉਹਥੇਹ ਉਤੇ ਚੜ੍ਹਦੇ ਹੋਏ ਬਾਬੇ ਦੀ ਨਜ਼ਰ ਪਏ। ਬਾਬਾ ਜੀ ਛੇਤੀ ਛੇਤੀ ਸੁਆਗਤ ਕਰਨ ਲਈ ਅਗੇ ਵਧੇ, ਤੇ ਦਰਸ਼ਨ ਕਰਦਿਆਂ ਹੀ ਉਹ ਸਾਰੇ ਵਾਕ ਅਪਣੀਆਂ ਅਖਾਂ ਦੇ ਸਾਹਮਣੇ ਮੂਰਤੀਮਾਨ ਹੋਏ ਵੇਖੇ ਜਿਨ੍ਹਾ ਦਾ ਉਤੇ ਵਰਨਨ ਹੋ ਚੁਕਾ ਹੈ। ਚਰਨਾਂ ਤੇ ਢਹਿ ਪਏ ਤੇ ਵੈਰਾਗ ਵਿਚ ਪ੍ਰਾਰਥਨਾਂ ਕੀਤੀ 'ਸਚੇ ਪਾਤਿਸ਼ਾਹ ਹੁਣ ਦੇਰ ਕਰਨ ਦਾ ਸਮਾਂ ਨਹੀਂ। ਸਿਖੀ ਦੀ ਖੇਡ ਮੁਕਣ ਵਾਲੀ ਹੈ। ਕਲਜੁਗ ਦੇ ਪਾਪਾਂ ਨੇ ਸਿਖੀ ਨੂੰ ਨਿਗਲ ਲਿਆ ਹੈ। ਤ੍ਰਾਹਿ ੨! ਸਰਨ ਪਿਆਂ ਦੀ ਲਾਜ ਰਖ ਤੇ ਉਹ ਆਪਣਾ ਬਚਨ ਪੂਰਾ ਕਰ-'ਮੈਂ ਫੇਰ ਕਰੂੰਗਾ ਖਾਲਸਾ।' ਸਚੇ ਪਾਤਿਸ਼ਾਹ ਹੁਣ ਨਵੇਂ ਸਿਰੇ ਹੀ ਰਚਨਾਂ ਰਚੋਂਗਾ ਤਾਂ ਸਿਖੀ ਦਾ ਗੁਲਸ਼ਨ ਸਰਸਬਜ਼ ਹੋਕੇ ਆਬਾਦ ਹੋਵੇਗਾ।" ਸਤਿਗੁਰ ਸਚੇ ਪਾਤਿਸ਼ਾਹ ਜੀ ਨੇ ਕਿਹਾ-ਬਾਬਾ ਜੀ ਘਾਬਰੋ ਨਾਂ, ਬੀਜ ਨਾਸ ਨਹੀਂ ਹੋਇਆ। ਮੈਂ ਆਗਿਆ ਹਾਂ। ਇਕ ਵਾਰ ਤਾਂ ਕਲਿ-ਜੁਗ ਦੀ ਸਫ਼ਾ ਵਲੇਟ ਕੇ ਸਤਿਜੁਗ ਦਾ ਪ੍ਰਕਾਸ਼ ਕਰਾਂਗਾ। ਬਾਬਾ ਜੀ ਮਸਤਾਨੇ ਜੇਹੇ ਹੋ ਗਏ, ਤੇ ਜਿਸ ਥੜੇ ਤੇ ਬਹਿਕੇ ਭਜਨ ਕਰਦੇ ਹੁੰਦੇ ਸਨ, ਸਤਿਗੁਰਾਂ ਨੂੰ ਅਦਬ ਨਾਲ ਬਿਠਾਇਆ। ਚਰਨ ਧੋ ਚਰਨਾਂਮ੍ਰਿਤ ਲੈਣ ਵਾਸਤੇ ਅਰਜ ਕੀਤੀ ਪਰ ਸੱਚੇ ਪਾਤ-ਸ਼ਾਹ ਕਹਿਣ ਲਗੇ, ਸੰਤ ਜੀ ਮੈਂ ਤਾਂ ਆਪ ਜੈਸ ਗੁਰ ਸਿਖਾਂ ਦੀ ਧੂੜ ਦਾ ਆਪ ਚਾਹਵਾਨ ਹਾਂ ਬਾਬਾ ਮੈਂ ਸਾਰੇ ਦੇਸ ਵਿੱਚ ਨਜ਼ਰ ਦੁੜਾਈ ਹੈ, ਪਰ ਲੱਖਾਂ ਸਿਖਾਂ ਵਿੱਚੋ ਮੈਨੂੰ ਸਿਰਫ ਢਾਈ ਸਿੱਖ ਹੀ ਲੱਭੇ ਹਨ, ਜਿਨ੍ਹਾਂ ਵਿਚੋ ਤੁਸੀਂ ਪੂਰੇ ਸਿੱਖ ਹੋ, ਦੂਜਾ ਸ੍ਰਦਾਰ ਹਰੀ ਸਿੰਘ ਨਲੂਏ ਦਾ ਜਵਾਈ ਪੂਰਾ, ਤੇ ਤੀਜਾ ਬਾਬਾ ਜਗੀਰ ਸਿੰਘ ਗਿੱਲਾਂ ਵਾਲਾ ਅੱਧਾ, ਜਿਸਦਾ ਸਾਨੂੰ ਫੌਜ ਵਿਚ ਹੀ ਦਿਦਾਰ ਹੋ ਗਿਆ ਸੀ। ਬਾਬਾ ਜੀ! ਹੋਰ ਸਭ ਭੰਨੀਂ ਹੋਈ ਘੜਨੀਂ ਪੈਣੀ ਹੈ।

## ੩.

ਬਾਬਾ ਜੀ ਦੇ ਨੇਤ੍ਰਾਂ ਵਿਚੋਂ ਤ੍ਰਪ ਤ੍ਰਪ ਪ੍ਰੇਮ ਹੰਝੂ ਕਿਰ ਰਹੇ ਹਨ। ਬੇਨਤੀ ਕੀਤੀ 'ਪਾਤ-ਸ਼ਾਹ! ਬੰਦਗੀ ਦੇ ਖੈਰ ਦੀ ਲੋੜ ਹੈ।' ਬਾਬਾ ਜੀ ਆਪ ਤਾਂ ਅਗੇ ਹੀ ਪੂਰੇ ਹੋ, ਜਪੀ ਹੋ ਤਪੀ ਹੋ, ਇੰਦ੍ਰੇ ਜਿਤ ਅਤੇ ਸੰਜਮੀ ਹੋ, ਸਤਿਗੁਰਾਂ ਨੇ ਮੁਸਕਰਾਂਦਿਆਂ ਹੋਇਆ ਕਿਹਾ। ਬਾਬਾ ਜੀਨੇ ਗਲ ਵਿਚ ਪੱਲਾ ਪਾ ਬੇਨਤੀ ਕੀਤੀ:-

"ਜਪ ਤਪ ਬਰਤ ਕੀਨੇ ਪੇਖਨ ਕਉ ਚਰਣਾ ਰਾਮ॥ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ॥ ਪ੍ਰਭ ਸਰਣ ਤੇਰੀ ਕਾਟਿ ਬੇਰੀ ਸੰਸਾਰੁ ਸਾਗਰੁ ਤਾਰੀਐ। ਅਨਾਥ ਨਿਰਗੁਨ ਕਛੁ ਨ ਜਾਨਾ ਮੇਰਾ ਗੁਣੁ ਅਉਗਣੁ ਨ ਬੀਚਾਰੀਐ॥ ਦੀਨ ਦਇਆਲ ਗੋਪਾਲ ਪ੍ਰੀਤਮ ਸਮਰਥ ਕਾਰਣ ਕਰਨ॥ ਨਾਨਕ ਚਾਤ੍ਰਿਕ

ਹਰਿ ਬੂੰਦ ਮਾਂਗੈ ਜਪਿ ਜੀਵਾ ਹਰਿ ਹਰਿ ਚਰਣ॥"

ਉਪ੍ਰੰਤ ਬਾਬਾ ਜੀ ਨੇ ਅਪਣੇ ਚੋਲੇ ਦੀ ਝੋਲੀ ਅੱਡਕੇ ਨਾਮ ਦਾ ਖੈਰਮੰਗਿਆ ਤੇ ਕਿਹਾ ਕਿ ਭਾਵੇਂ ਅੱਗੇ ਵੀ ਆਪ ਦੀ ਮੇਹਰ ਹੈ, ਪਰ ਮੇਹਰ ਜ਼ਰੂਰ ਲੁਆਣੀ ਹੈ। ਸਤਿਗੁਰਾਂ ਗਲ ਨਾਲ ਲਾਕੇ ਕੰਨ ਵਿਚ ਸ਼ਬਦ ਦੱਸ ਦਿੱਤਾ। ਹੁਣ ਬਾਬਾ ਜੀ ਨੇ ਪੁੱਛਿਆ ਪਾਤਸ਼ਾਹ ਕੋਈ ਹੁਕਮ? ਆਗਜਾ ਹੋਈ– ਏਥੋਂ ਡੇਰਾ ਚੁਕਕੇ ਕਾਹਨੇ ਜਾ ਬਿੱਲਿਆਂ ਦੇ ਬੂਹੇ ਅੱਗੇ ਡੇਰਾ ਲਾ ਲਓ। ਏਥੇ ਏਹ ਗੱਲ ਦੱਸਣ ਦੀ ਲੋੜ ਹੈ, ਕਿ ਲਹੌਰ ਤੋਂ ਮੁਲਤਾਨ ਨੂੰ ਜਾਣ ਵਾਲੀ ਰੇਲਵੇ ਲਾਈਨ ਤੇ ਕਾਹਨਾਂ ਕਾਛਾ ਇਕ ਸਟੇਸ਼ਨ ਹੈ ਏਥੋਂ ੧ ਮੀਲ ਦੇ ਫਾਸਲੇ ਤੇ ਕਾਛਾ ਹੈ। ਓਥੋਂ ੨ ਮੀਲ ਅਗੇਕਾਹਨਾਂਨੱਗਰਹੈ।ਜੇਕਿਅਜਕਲ ਲਹੌਰਤੋਂਫਿਰੋਜ਼ਪੁਰ ਨੂੰਜਾਣ ਵਾਲੀ ਪੱਕੀ ਸੜਕ ਤੇ ਵਸਦਾ ਹੈ। ਕਾਹਨੇ ਕਾਛੇ ਦੇ ਸਟੇਸ਼ਨ ਤੋਂ ਕਾਹਨੇਂ ਤਕ ਕਾਛੇ ਵਿਚ ਦੀ ਹੁੰਦੀ ਹੋਈ ਸੜਕ ਜਾਂਦੀ ਹੈ, ਜੋ ਓਹਨਾਂ ਦਿਨਾਂ ਵਿਚ ਕੱਚੀ ਸੀ, ਤੇ ਅਜ ਕਲ ਪੱਕੀ ਹੈ। ਏਸੇ ਸੜਕ ਤੇ ਕਾਛੇ ਦੇ ਉਰਲੇ ਬੰਨੇ (ਜੋ ਸਟੇਸ਼ਨ ਵਾਲਾ ਹੈ ਤਲਾ ਦੇ ਉਤਲੇ ਬੰਨੇ ਜੋ ਪਿੰਡ ਦੇ ਨਾਲ ਪੁਰਾਣੇ ਜ਼ਮਾਨੇ ਦਾ ਇਕ ਬੜਾ ਤੀਰਥ ਦੱਸੀਦਾ ਹੈ) ਸੱਜੇ ਬੰਨੇ ਥੇਹ ਦੇ ਉਤੇ ਬਾਬਾ ਵੀਰ ਸਿੰਘ ਜੀ ਦਾ ਦਮਦਮਾ ਹੈ। ਬਾਬਾ ਜੀ ਨੂੰ ਆਗਯਾ ਦੇਕੇ ਸਤਿਗੁਰ ਪਾਤਸ਼ਾਹ ਅੱਗੇ ਚਲੇ ਗਏ।

## ੪.

ਕਾਹਨੇਂ ਪਿੰਡ ਪੱਕੀ ਸੜਕ ਤੇ ਲਹੌਰ ਤੋਂ ਫਿਰੋਜਪੁਰ ਨੂੰ ਜਾਂਦਿਆਂ ਹੋਇਆਂ ਸੱਜੇ ਪਾਸੇ ਪੁਲਸ ਦਾ ਠਾਣਾਂ ਹੈ, ਜਿਸਨੂੰ ਸਤਿਗੁਰਾਂ ਨੇ ਬਿੱਲਿਆਂ ਦਾ ਬੂਹਾ ਆਖਿਆ ਸੀ। ਸੜਕ ਤੋਂ ਦੂਜੇ ਬੰਨੇ ਥਾਣੇਂ ਤੋਂ ਥੋੜੀ ਵਿਥ ਤੇ ਹੀ ਇਕ ਤਪੱਸੀ ਬੈਠਾ ਹੈ। ਲੋਕ ਜਾਕੇ ਦਰਸ਼ਨ ਕਰਦੇ ਹਨ। ਸੁਖਣਾਂ ਸੁਖਦੇ ਹਨ, ਤੇ ਪ੍ਰਸਾਦ ਚੜ੍ਹਾਂਦੇ ਹਨ।

ਜਿਸ ਦਿਨ ਤੋਂ ਬੈਠਾ ਹੈ ਤਪੱਸੀ ਖਾਮੋਸ਼ ਹੈ। ਖਲਕਤ ਚਾਹੁੰਦੀ ਹੈ ਕਿ ਉਹ ਸਾਡੇ ਨਾਲ ਥੋੜੀ ਜੇਹੀ ਹੀ ਗਲ ਕਰੇ-ਪਰ ਉਹ ਹੈ, ਕਿ ਚੌਂਕੜਾ ਲਾਣ ਵਾਲੇ ਦਿਨ ਤੋਂ ਲੈ ਕੇ ਪੂਰੇ ੧੨ ਸਾਲਾਂ ਤਕ ਨਾਂ ਕਿਸੇ ਨਾਲ ਬੋਲਿਆ ਤੇ ਨਾਂ ਆਸਨ ਛਡਕੇ ਇਕ ਇੰਚ ਭਰ ਵੀ ਹਿਲਿਆ। ਏਹ ਤਪੱਸੀ ਹੀ ਬਾਬਾ ਜਮੀਤ ਸਿੰਘ ਸੀ ਜਿਸਨੂੰ ਸਚੇ ਪਾਤਿਸ਼ਾਹ ਨੇ ਪੂਰਾ ਸਿਖਕਹਿਕੇ ਬਿਲਿਆਂ ਦੇ ਬੂਹੇ ਅਗੇ ਡੇਰਾ ਲਾਣ ਦੀ ਆਗਿਆ ਕੀਤੀ ਸੀ। ਆਗਿਆ ਪਾਲਨ ਕਰਨ ਦੀ ਏਹ ਅਨੁਪਮ ਮਿਸਾਲ ਹੈ, ਕਿ ਹੁਕਮ ਹੁੰਦਿਆਂ ਹੀ ਕਾਛੇ ਤੋਂ ਟੁਰ ਪਏ, ਤੇ ਜਿਉਂ ਬੈਠੇ ਦੂਜੇ ਹੁਕਮ ਦੀ ਉਡੀਕ ਵਿਚ ੧੨ ਸਾਲ ਇਕੋ ਥਾਂ ਤੇ ਬੈਠੇ ਰਹੇ, ਅਤੇ ਓਥੇ ਆਪ ਜੋਤੀ ਜੋਤ ਸਮਾਏ। ਇਨ੍ਹਾਂ ਤੋਂ ਪਿਛੋਂ ਬਾਬਾ ਬੂਟਾ ਸਿੰਘ ਨੇ ਵੀ ਜੋ ਏਨ੍ਹਾਂ ਦੇ ਚੇਲੇ ਸਨ ੧੨ ਵਰ੍ਹੇ ਦਾ ਚੌਂਕੜਾ ਲਾਯਾ ਤੇ ਓਥੇ ਹੀ ਚੜ੍ਹਾਈ ਕੀਤੀ। ਮੈਂ ਉਹਨਾਂ ਦੇ ਦਰਸ਼ਨ ਕੀਤੇ ਹਨ। ਉਸ ਤਪ ਅਸਥਾਨ ਤੇ ਹੁਣ ਆਲੀਸ਼ਾਨ ਗੁਰਦੁਆਰਾ ਹੈ ਜਿਥੇ ਬੇਅੰਤ ਸੰਗਤਾਂ ਜਾਂਦੀਆਂ ਹਨ। ਤੇ ਬੜੇ ਬੜੇ ਮੇਲੇ ਲਗਦੇ ਹਨ।

ਨੋਟ-ਕਾਛ ਪਿੰਡ ਵਿਚ ਮੇਰੇ ਨਾਨਕੇ ਹਨ, ਜਿਥੇ ਮੈਂ ਅਨੇਕਾਂ ਵਾਰ ਗਿਆ। ਉਸ ਥੇਹ ਉਤਲੇ ਦਮਦਮੇਂ ਤੇ ਇਕ ਵਾਰ ਮੈਂ ੨੧ ਦਿਨ ਪੂਰੇ ਰਿਹਾ ਸਾਂ ਬੜਾ ਇਕੰਤ ਅਸਥਾਨ ਹੈ। ਬ੍ਰਿਤੀ ਨਾਮ ਵਿਚ ਬੜੀ ਜੁੜਦੀ

ਹੇ। ਮੈਨੂੰ ਮੇਰ ਬਜ਼ੁਰਗ ਮਾਪਿਆਂ ਅਤੇ ਓਥੋਂ ਦ ਹਰ ਬਿਧਾਂ ਨੇ ਏਹ ਕਥਾ ਸੁਣਾਈ ਸੀ। ਲੋਕ ਕਹਿੰਦੇ ਸਨ, ਕਿ ਇਸ ਥਾਂ ਤੇ ਕੋਈ ਰਾਤ ਨਹੀਂ ਰਹਿ ਸਕਦਾ। ਸ਼ਹੀਦ ਮਾਰਦ ਹਨ। ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਨਾਲ ਮੈਂ ਓਥੇ ੨੧ ਦਿਨ ਤੇ ਰਾਤਾਂ ਕਟੀਆਂ, ਬੜਾ ਮੇਲਾ ਹੋਇਆ। ਸ੍ਰੀ ਮਾਨ ਸੰਤ ਅਰਜਨ ਸਿੰਘ ਜੀ ਜੇਹੜੇ ਮੇਰੀ ਮਾਤਾ ਦੇ ਚਾਚੇ ਦੇ ਪੁਤ ਭਰਾ ਹਨ ਤੇ ਬੜੇ ਖੂਬਸੂਰਤ ਜਵਾਨ ਹਨ। ਅਠੀਂ ਪਹਿਰੀਂ ਇਕੋ ਚੌਂਕੜੇ ਸੁਣਾਕੇ ਅਖੰਡ ਪਾਠ ਕਰ ਲੈਂਦ ਹਨ, ਉਨ੍ਹਾਂ ਦਿਨਾਂ ਵਿਚ ਇਕ ਨਿਰੀਕਾਰੀਏ ਸਾਧੂ ਦੇ ਚੇਲੇ ਸਨ, ਜੋ ਪਿੰਡ ਤੋਂ ਦੂਜੇ ਵੰਨੇਂ ਇਕ ਕੁਟੀਆ ਵਿਚ ਰਹਿੰਦਾ ਸੀ। ਸਾਰਾ ਕਾਛਾ ਉਸਦਾ ਸੇਵਕ ਸੀ। ਸੰਤ ਅਰਜਨ ਸਿੰਘ ਜੀ ਉਸਦੇ ਵਡੇ ਸ਼ਰਧਾਲੂ ਸਨ। ਮੇਰੇ ਦੀਵਾਨਾਂ ਦੀ ਚਰਚਾ ਸੁਣਕੇ ਉਸਨੇ ਸਭਨੂੰ ਸਮਝਾਦਿਤਾ, ਕਿ ਕਛਾਂ ਵਾਲਿਆਂ ਦੇ ਜਾਲ ਵਿਚ ਨਹੀਂ ਫਸਣਾ। ਉਹ ਇਹ ਕਹਿਕੇ ਹਸਦੇ ਹੁੰਦੇ ਸਨ ਮਾਂ ਦੀਏ ਰਾਮ-ਰੱਖੀਏ ਕੱਛ ਵਾਲੇ ਦਾ ਵਸਾਹ ਨਹੀਂ ਖਾਣਾਂ ਨਿਰੀ ਕਾਰੀਏ ਸਾਧੂ ਗਿੱਚੀ ਪਿੱਛੇ ਜੂੜਾ ਕਰਦੇ ਹਨ। ਬੈਰਾਗੀਆਂ ਦੀ ਹੀ ਇਕ ਸ਼ਾਖ ਹੈ ਸੀਤਾ ਮਾਤਾ ਦੇ ਉਪਾਸ਼ਕ ਹਨ। ਮੈਂ ਸੰਤ ਅਰਜਨ ਸਿੰਘ ਹੁਰਾਂ ਨੂੰ ਕਹਿਣਾਂ, ਕਿ ਤੁਸੀਂ ਅਮ੍ਰਿਤ ਛਕਕੇ ਸਿੰਘ ਸਜ ਜਾਓ। ਹੋਰ ਤਾਂ ਸਭ ਕੁਛ ਸੀ ਕੇਵਲ ਕਛਹਿਰੇ ਦੀ ਹੀ ਕਸਰ ਸੀ, ਪਰ ਉਹ ਮੈਨੂੰ ਸੰਤਾਂ ਵਾਲੇ ਸਲੋਕ ਸੁਣਾਕੇ ਬਖੇੜਾ ਕਰ ਛਡਿਆ ਕਰਨ, ਆਖਿਰ ਉਨ੍ਹਾਂ ਨੇ ਕਈਆਂ ਸਮੇਤ ਅੰਮ੍ਰਿਤ ਛਕਿਆ-ਜਿਨ੍ਹਾਂ ਵਿਚੋਂ ਇਕ ਤਾਂ ਫੌਜਾ ਸਿੰਘ ਲਾਂਗਰੀ ਹੈ ਤੇ ਦੂਜੇ ਮਾਮਾਂ ਸਾਹਿਬ ਸੰਤ ਅਰਜਨ ਸਿੰਘ ਜੀ। ਮੈਂ ਆਪਣੇ ਜੀਵਨ ਵਿਚ ਸਭ ਤੋਂ ਪਹਿਲੋਂ ਫੌਜਾ ਸਿੰਘ ਤੇ ਅਰਜਨ ਸਿੰਘ ਨੂੰ ਭਜਨ ਦਿਤਾ ਤੇ ਅਮ੍ਰਿਤ ਛਕਾਇਆ। ਹੁਣ ਉਹ ਸਤਿਗੁਰੂ ਸੱਚੇ ਪਾਤਸ਼ਾਹ ਦੀ ਕ੍ਰਿਪਾ ਨਾਲ ਅਪਣੇ ਇਲਾਕੇ ਵਿਚ ਮਸ਼ਹੂਰ ਨਾਮਧਾਰੀਏ ਹਨ। ਬੂਟਾ ਸਿੰਘ ਆਦਿਕ ਹੋਰ ਵੀ ਹਨ, ਪਰ ਏਹ ਬੜੇ ਪ੍ਰਸਿਧ ਹਨ। (ਆਲਿਮ)

## ਫੱਕਰ

"ਦਰ ਦਹਰ ਮਰਦਾਨੇ ਖੁਦਾ ਆਮਦਹ ਅੰਦ।
ਬਰ ਗੁਮ ਸ਼ੁਦਗਾਂ ਰਹਿਨੁਮਾ ਆਮਦਹ ਅੰਦ।"

(ਦੀਵਾਨ ਨੰਦ ਲਾਲ)

ਸੰਤ ਸਾਈਂ ਦੇ ਆਏ ਜਹਾਨ ਅੰਦਰ, ਕੇਵਲ ਸਾਈਂ ਦਾਂ ਨਾਮ ਜਪਾਵਣੇ ਨੂੰ।
ਭੁਲੇ ਜਗ ਦੇ ਤਾਈਂ ਸਮਝਾ ਕਰਕੇ ਸਿੱਧਾ ਰਬ ਦਾ ਰਾਹ ਦਿਖਾਵਣੇ ਨੂੰ।
ਖੁਦੀ ਕਿਬਰ ਹੰਕਾਰ ਨੂੰ ਦੂਰ ਕਰਕੇ, ਸ਼ਾਂਤੀ ਸਿਦਕ ਦਾ ਸਬਕ ਪੜ੍ਹਾਵਣੇ ਨੂੰ।
ਕਾਮ ਕ੍ਰੋਧ ਦੀ ਅਗ ਵਿਚ ਸੜਦਿਆਂ ਨੂੰ, ਬਾਹੋਂ ਪਕੜਕੇ ਬਾਹਰ ਕਢਾਵਣੇ ਨੂੰ।
ਜੇਕਰ ਤੈਨੂੰ ਦੀਦਾਰ ਦੀ ਖਾਹਸ਼ 'ਆਲਿਮ' ਐਸੇ ਸੰਤਾਂ ਦਾ ਕਰੀਂ ਦੀਦਾਰ ਫੌਰਨ।
ਤੇਰੇ ਅੰਦਰੇ ਹੈ ਜੇਹੜੀ ਲੁਕੀ ਹੋਈ, ਪਰਗਟ ਹੋਵੇਗੀ ਉਹ ਸ੍ਰਕਾਰ ਫੌਰਨ।

# (੧੦) ਸ੍ਰੀ ਬਾਬਾ ਲਹਿਣਾਂ ਸਿੰਘ ਜੀ

## ਘਰਜਾਖ—ਗੁਜਰਾਂ ਵਾਲਾ

( ਵਲੋਂ ਸ੍ਰੀਮਾਨ ਸੰਤ ਤਰਨ ਸਿੰਘ ਜੀ "ਵਹਿਮੀ" )

ਲੇਖ ਦੇ ਆਰੰਭ ਵਿਚ ਏਹ ਗੱਲ ਪਰ-ਗਟ ਕਰ ਦੇਣੀ ਜ਼ਰੂਰੀ ਭਾਸਦੀ ਹੈ, ਕਿ ਪਿੰਡ ਘਰਜਾਖ ਗੁਜਰਾਂਵਾਲੇ ਸ਼ਹਿਰ ਦੇ ਅਸਲੋਂ ਹੀ ਨੇੜੇ ਹੈ। ਜਿਸ ਵੇਲੇ ਦੀਇਹ ਕਥਾ ਹੈ, ਓਦੋਂ ਤਾਂ ਸ਼ਹਿਰ ਤੋਂ ੧ ਮੀਲ ਦਾ ਫਾਸਲਾ ਹੋਸੀ. ਪਰ ਅਜ ਕਲ ਸ਼ਹਿਰ ਦੀ ਵਸੋਂ ਵਧ ਜਾਣ ਦੇ ਕਾਰਨ ਉਕਾ ਹੀ ਨਾਲ ਰਲ ਗਿਆ ਹੈ। ਘਰਜਾਖ ਬਾਬਤ ਕਈ ਆਖਦੇ ਹਨ, ਕਿ ਇਸਦਾ ਅਸਲੀ ਨਾਮ "ਗਜਰਾਖ" ਸੀ. ਜਿਸਦਾ ਭਾਵ ਏਹ ਹੈ ਕਿ ਏਥੇ ਹਾਥੀਆਂ ਦੇ ਰਖਣ ਵਾਸਤੇ ਕਿਲਾ ਬਣਿਆ ਹੋਯਾ ਸੀ। ਸੋ ਹਾਥੀ ਰਖਣਵਾਲਾ ਥਾਉਂ ਹੋਣ ਦੇ ਕਾਰਨ ਗਜਰਾਖ ਕਹਿੰਦੇ ਸਨ। (੨) ਸ਼ਹਿਰ ਦੇ ਨੇੜੇ ਹੋਣ ਕਰਕੇ ਕਈ ਆਖਦੇ ਸਨ 'ਘਰਜਾਖਾ' ਪਈ ਸ਼ਹਿਰੋਂ ਹੋਕੇ ਰੋਟੀ ਘਰ ਜਾ ਖਾਣੀ ॥ ਇਸਤੋਂ ਘਰ ਜਾਖ ਪ੍ਰਸਿਧ ਹੋਇਆ। ਕੁਛ ਵੀ ਹੋਵੇ ਅਜ ਕਲ ਇਸਦਾ ਨਾਮ ਘਰਜਾਖ ਪ੍ਰਸਿੱਧ ਹੈ, ਜਿਥੇ ਕਿ ਸ੍ਰੀ ਬਾਬਾ ਲਹਿਣਾ ਸਿੰਘ ਜੀਦਾ ਜਨਮ ਸ੍ਰਦਾਰ ਕਾਹਨ ਸਿੰਘ ਜੀ ਦੀਵਾਨ ਸੋਹੀ ਖਤ੍ਰੀ ਦੇ ਘਰ ਹੋਇਆ ਸੀ। ਆਪਦੀ ਪ੍ਰਸਿੱਧੀ ਦਾ ਸਭ ਤੋਂ ਪਹਿਲਾ ਕਾਰਨ ਏਹ ਸੀ, ਕਿ ਆਪ ਮਹਾਰਾਜਾ ਰਣਜੀਤ ਸਿੰਘ ਜੀ ਦੇ ਕਮਾਂ-ਡਰ ਇੰਨਚੀਫ ਸਰਦਾਰ ਹਰੀ ਸਿੰਘ ਨਲੂਆ ਦੇ ਜਵਾਈ ਸਨ। ਮੈਂ ਇਹ ਦੱਸਣਾਂ ਜ਼ਰੂਰੀ ਸਮਝਦਾ ਹਾਂ ਕਿ ਸ੍ਰਦਾਰ ਕਾਹਨ ਸਿੰਘ ਜੀ ਦੀਵਾਨ ਕੈਸੇ ਸੂਰਬੀਰ ਤੇ ਨਿਸੰਗ ਸਿੰਘ ਸਨ, ਅਤੇ ਕਿਸ ਕਰਕੇ ਏਨ੍ਹਾਂ ਦੇ ਪੁਤ੍ਰ ਸਰ-ਦਾਰ ਲਹਿਣਾਂਸਿੰਘ ਨੂੰਸ੍ਰਦਾਰ ਹਰੀ ਸਿੰਘ ਜੀ ਨਲੂਆ ਨੇ ਆਪਣੀਂ ਪੁਤ੍ਰੀ ਦਾ ਨਾਤਾ ਦੇਣਾਂ ਸ੍ਵੀਕਾਰ ਕੀਤਾ। ਪਹਿਲੋਂ ਸ੍ਰਦਾਰ ਕਾਹਨ ਸਿੰਘ ਜੀ ਮਿਸਲ ਸੰਧਾਂ ਵਾਲੀਆਂ ਦੀ ਫੌਜ ਦੇ ਜਰਨੈਲ ਸਨ, ਤੇ ਸ੍ਰਦਾਰ ਹਰਸਾ ਸਿੰਘ ਜੀ (ਜਿਸਦੀ ਭੈਣ ਸ੍ਰ: ਹਰੀ ਸਿੰਘ ਨਲੂਏ ਨਾਲ ਵਿਆਹੀ ਹੋਈ ਸੀ। ਸ੍ਰਦਾਰ ਸਾਹਿਬ ਵਲੋਂ ਹਰੀ ਪੁਰ ਹਜ਼ਾਰੇ ਵਿਚ ਜਾਗੀਰਦਾਰ ਸਨ। ਸੰਧਾਂ ਵਾਲੀਆਂ ਦੀ ਜਾਗੀਰ ਛਛ ਦੇ ਇਲਾਕੇ ਵਿਚ ਸੀ, ਜਿਸਦਾ ਬੰਨਾਂ ਹਜ਼ਾਰੇ ਦੀ ਜਾਗੀਰ ਨਾਲ ਮਿਲਦਾ ਸੀ, ਇਕ ਦੋ ਵਾਰ ਹਦ ਬੰਦੀ ਦੇ ਝਗੜੇ ਕਾਰਨ ਸ੍ਰਦਾਰ ਹਰਸਾ ਸਿੰਘ ਜੀ ਤੇ ਦੀਵਾਨ ਕਾਹਨ ਸਿੰਘ ਦਾ ਆਪਸ ਵਿਚ ਜੰਗ ਹੋ ਪਿਆ, ਜਿਸ ਵਿਚ ਹਰਸਾ ਸਿੰਘ ਨੂੰ ਹਾਰ ਹੁੰਦੀ ਰਹੀ। ਜਦ ਸ੍ਰਦਾਰ ਹਰੀ ਸਿੰਘ ਨਲੂਏ ਨੇ ਸ੍ਰ: ਹਰਸਾ ਸਿੰਘ ਦੀ ਹਾਰ ਸੁਣੀ ਤਾਂ ਉਸਨੇ ਲਖੂ ਨਾਈ ਦੇ ਹਥ ਹਰਸਾ ਸਿੰਘ ਨੂੰ ਸਿਰੋਪਾਓ ਭੇਜਿਆ। ਨਾਈ ਨੂੰ ਹੁਕਮ ਸੀ ਕਿ ਸਿਰੋਪਾਓ ਭਰੀ ਸਭਾ ਵਿਚ ਖੋਲ੍ਹਣਾ। ਹਰਸਾ ਸਿੰਘ ਜੀ ਨੇ ਸਮਝਿਆ ਕਿ ਇਹ ਸਿਰੋਪਾਓ ਮੇਰਾ ਹੌਸਲਾ ਵਧਾਣ ਵਾਸਤੇ ਭੇਜਿਆ ਹੈ, ਏਸ ਲਈ ਭਰੀ ਕਚਹਿਰੀ ਵਿਚ ਸਿਰੋ ਪਾਓ ਦੀ ਗੰਢ ਖੁਲ੍ਹਾਈ, ਗੰਢ ਵਿਚੋਂ ਘਗਰੀ, ਭੋਸ਼ਣ, ਦੰਦਾਸਾ, ਸੁਰਮਾ,

ਚੁੰਨੀ, ਚੂੜੀਆਂ, ਕੰਘੀ, ਮੁਰਕੀਆਂ ਆਦਿ ਜ਼ਨਾਨੇ ਸ਼ਿੰਗਾਰ ਦੀ ਸਮਗਰੀ ਨਿਕਲੀ, ਜਿਸ ਨੂੰ ਵੇਖਕੇ ਸ੍ਰਦਾਰ ਹਰਸਾ ਸਿੰਘ ਜੀ ਅਤੇ ਉਨ੍ਹਾਂ ਦੇ ਦਰਬਾਰੀ ਸਾਰੇ ਸਮਝ ਗਏ ਕਿ ਸ੍ਰਦਾਰ ਹਰੀ ਸਿੰਘ ਜੀ ਨੇ ਤਾਹਨੇ ਦੇ ਤੌਰ ਤੇ ਇਹ ਜਨਾਨਾ ਸ਼ਿੰਗਾਰ ਭੇਜਕੇ ਸੁਨੇਹਾ ਭੇਜਿਆ ਹੈ ਕਿ ਤੂੰ ਹੁਣ ਜਨਾਨਾ ਸ਼ਿੰਗਾਰ ਕਰਲੈ, ਸੂਰਮੇ ਦਾ ਧਰਮ ਹੈ ਜਿਤ ਪ੍ਰਾਪਤ ਕਰੇ ਵਰਨਾ ਰਣ ਭੂਮੀ ਵਿਚ ਜੂਝ ਜਾਏ ।

ਸ੍ਰਦਾਰ ਹਰੀ ਸਿੰਘ ਜੀ ਜਦ ਪਸ਼ੌਰ ਦੇ ਸੂਬੇ ਨੀਯਤ ਹੋਏ, ਤਾਂ ਉਧਰ ਦੀਵਾਨ ਕਾਹਨ ਸਿੰਘ ਜੀ, ਕਸ਼ਮੀਰ ਦੇ ਸ਼ੇਖ ਇਮਾਮਦੀਨ ਦੇ ਸੂਬੇ ਜਾ ਬਣੇ ਸਨ । ਇਤਫ਼ਾਕ ਨਾਲ ਦੀਵਾਨ ਕਾਹਨ ਸਿੰਘ ਜੀ ਅਤੇ ਸ੍ਰਦਾਰ ਹਰੀ ਸਿੰਘਜੀ ਦਾ ਗੁਜ-ਰਾਂਵਾਲੇ ਮੇਲ ਹੋ ਗਿਆ । ਦੀਵਾਨ ਸਾਹਿਬ ਨੇ ਸ੍ਰਦਾਰ ਹਰੀ ਸਿੰਘ ਜੀ ਦੀ ਨੇਕਨੀਜਤੀ ਅਤੇ ਹੋਰ ਖੂਬੀਆਂ ਨੂੰ ਮੁਖ ਰਖਕੇ ਸ੍ਰਦਾਰ ਸਾਹਿਬ ਨੂੰ ਫਤਹ ਬੁਲਾਈ ਪਰ ਸ੍ਰਦਾਰ ਸਾਹਿਬ ਉਨ੍ਹਾਂ ਵੱਲ ਪਿਠ ਕਰ ਬੈਠੇ । ਦੀਵਾਨ ਸਾਹਿਬ ਨੇ ਕਿਹਾ ਕਿ ਮੈਂ ਤਾਂ ਆਪਨੂੰ ਸੂਰ ਬੀਰ ਸਿੰਘ ਜਾਣਕੇ ਆਪ ਦੇ ਦਰਸ਼ਨ ਕਰਨ ਆਇਆ ਹਾਂ, ਆਪ ਕੰਡ ਕਿਓਂ ਦੇ ਬੈਠੇ ਹੋ? ਸ੍ਰਦਾਰ ਹਰੀ ਸਿੰਘ ਜੀ ਨੇ ਕਿਹਾ, ਕਿ ਤੁਸਾਂ ਮੇਰੇ ਨਾਲ ਘਟ ਨਹੀਂ ਕੀਤੀ ਹੋਈ । ਜੇ ਤੁਸੀਂ ਮੇਰਾ ਲਿਹਾਜ ਕਰਦੇ ਤਾਂ ਹਰਸਾ ਸਿੰਘ ਨੂੰ ਹਰਾਣ ਨਾਲੋਂ ਸਮਝਾਣਾਂ ਚੰਗਾ ਸੀ। ਤਾਂ ਦੀਵਾਨ ਸਾਹਿਬ ਨੇ ਨਿਧੜਕ ਹੋਕੇ ਕਹਿ ਦਿਤਾ ਕਿ ਸਾਡੀ ਵਲੋਂ ਸਮਝਾਣ ਦੀ ਤਾਂ ਕੋਈ ਕਸਰ ਨਹੀਂ ਰਹੀ, ਹਰਸਾ ਸਿੰਘ ਸਾਡੀ ਗੱਲ ਨੂੰ ਗੌਲਦਾ ਹੀ ਨਹੀਂ ਸੀ, ਜਿਸ ਕਰਕੇ ਮੈਨੂੰ ਮਜਬੂਰਨ ਲੜਨ ਦਾ ਫੈਸਲਾ ਕਰਨਾਂ ਪਿਆ । ਜਦੋਂ ਮੈਂ ਪਹਿਲੋਂ ਤੁਹਾਡੇ ਨਾਲ ਸਾਂ ਓਦੋਂ ਵੀ ਨੇਕਨੀਯਤੀ ਨਾਲ ਕੰਮ ਕਰਦੇ ਸਾਂ । ਸ੍ਰਦਾਰ ਜੀ! ਸਾਡੇ ਵਡੇ ਦੁਰ-ਯੋਧਨ ਅਤੇ ਯੁਧਿਸ਼ਟਰ ਆਪਸ ਵਿਚ ਜੰਗ ਵੀ ਕਰਦੇ ਸਨ ਅਤੇ ਵਕਤ ਮਿਲੇ ਤਾਂ ਆਪਸ ਵਿਚ ਸਲਾਹ ਮਸ਼ਵਰਾ ਵੀ ਕਰ ਲੈਂਦੇ ਸਨ। ਐਸ ਵੇਲੇ ਤੁਹਾਡਾ ਗਿਲਾ ਬੇਵਕਤਾ ਹੈ । ਇਹ ਸੁਣਕੇ ਸ੍ਰਦਾਰ ਹਰੀ ਸਿੰਘ ਜੀ ਦੇ ਦਿਲ ਤੇ ਦੀਵਾਨ ਸਾਹਿਬ ਦੀਆਂ ਖਰੀਆਂ ਖਰੀਆਂ ਅਤੇ ਨਿਸ਼ੰਗ ਗੱਲਾਂ ਦਾ ਅਜੇਹਾ ਅਸਰ ਪਿਆ ਕਿ ਉਠਕੇ ਦੀਵਾਨ ਸਾਹਿਬ ਨੂੰ ਖੁਸ਼ੀ ਨਾਲ ਮਿਲੇ । ਉਪ੍ਰੰਤ ਘਰ ਜਾਕੇ ਉਹਨਾਂ ਦੀ ਨਿਝ-ਕਤਾ ਅਤੇ ਸਾਫਗੋਈ ਦੀ ਬੜੀ ਪ੍ਰਸ਼ੰਸਾ ਕੀਤੀ । ਨਿਰੀ ਪ੍ਰਸ਼ੰਸਾ ਤਕ ਹੀ ਗੱਲ ਨਹੀਂ ਮੁਕਾਈ, ਸਗੋਂ ਅਪਣੀ ਪੁਤ੍ਰੀ ਬੀਬੀ ਚੰਦਕੌਰ ਦਾ ਰਿਸ਼ਤਾ ਦੀਵਾਨ ਸਾਹਿਬ ਦੇ ਸਪੁਤ੍ਰ ਸ੍ਰਦਾਰ ਲਹਿਣਾ ਸਿੰਘ ਨਾਲ ਕਰਕੇ ਸੰਬੰਧ ਜੋੜ ਲਿਆ । ਦੀਵਾਨ ਸਾਹਿਬ ਧਰਮ ਦੇ ਏਡੇ ਪਾਬੰਦ ਸਨ ਕਿ ਕਸ਼ਮੀਰ ਵਿਚ ਜਦੋਂ ਆਪ ਸੂਬੇ ਸਨ, ਕਿਸੇ ਦੁਸ਼ਟ ਨੇ ਗਊਘਾਤ ਕੀਤਾ । ਆਪ ਨੇ ਉਸਨੂੰ ਅਜੇਹਾ ਦੰਡ ਦਿੱਤਾ ਕਿ ਸਾਰੇ ਇਲਾਕੇ ਵਿਚ ਦੁਹਾਈ ਫਿਰ ਗਈ ।

## ੨.

ਸ੍ਰੀ ਮਾਨ ਬਾਬਾ ਲਹਿਣਾ ਸਿੰਘ ਜੀ ਦੇ ਖਾਨਦਾਨ ਦਾ ਕੁਛਕ ਵਰਨਨ ਕਰਨ ਦੇ ਪਸਚਾਤ ਹੁਣ ਉਨ੍ਹਾਂ ਦਾ ਸੰਖੇਪ ਜੀਵਨ ਪਾਠਕਾਂ ਦੀ ਭੇਟਾ ਕਰਦਾ ਹਾਂ । ਵਾਕਿਆਤ ਬੜੀ ਮੇਹਨਤ ਨਾਲ ਸੰਤ ਜੀ ਮਹਾਰਾਜ ਦੇ ਪ੍ਰੇਮੀਆਂ ਤੇ ਸ਼੍ਰਧਾਲੂਆਂ ਕੋਲੋਂ ਇਕੱਤ੍ਰ ਕੀਤੇ ਗਏ ਹਨ ।

ਪਿਛੇ ਬਾਬਾ ਜਸਮੀਤ ਸਿੰਘ ਜੀ ਦੇ ਜੀਵਨ ਵਿਚ ਇਹ ਦੱਸਿਆ ਜਾ ਚੁਕਾ ਹੈ ਕਿ ਸ੍ਰੀ ਸਤਿ-

ਗੁਰੂ ਰਾਮ ਸਿੰਘ ਜੀ ਨੇ ਜਿਨ੍ਹਾਂ ਨੂੰ ਢਾਈ ਸਿਖਾਂ ਦੀ ਪਦਵੀ ਦਿਤੀ ਸੀ, ਬਾਬਾ ਜੀ ਉਹਨਾਂ ਵਿਚੋਂ ਇਕ ਪੂਰੇ ਸਿਖ ਸਨ। ਆਪ ਜੀ ਦੀ ਮਾਤਾ ਦਾ ਨਾਮ ਬੀਬੀ ਕਿਸ਼ਨ ਕੌਰ ਸੀ।

## ਫਕੀਰੀ ਦੀ ਪਹਿਲੀ ਝਲਕ

ਬਾਬਾ ਜੀ ਲਹੌਰ ਸਿਖ ਫੌਜ ਵਿਚ ਨੌਕਰ ਸਨ। ਆਪ ਕਿਲੇ ਵਿਚੋਂ ਨਿਕਲਕੇ ਬਾਹਰ ਨੂੰ ਆ ਰਹੇ ਸਨ ਕਿ ਇਕ ਮਸਤ ਮਾਈ ਦਾ ਦਰਸ਼ਨ ਹੋਇਆ। ਇਹ ਮਾਈ ਅਲਫ ਨੰਗੀ ਰਹਿੰਦੀ ਸੀ। ਭਾਵੇਂ ਕੋਈ ਕਿੰਨਾਂ ਕੀਮਤੀ ਕਪੜਾ ਦੇਂਦਾ, ਰਤਾ ਪ੍ਰਵਾਹ ਨ ਕਰਦੀ। ਇਕ ਦਿਨ ਸ਼ਹਿਰ ਵਿਚ ਦੋ ਪੂਰਨ ਫਕੀਰ ਆਏ, ਜਿਨ੍ਹਾਂ ਤੋਂ ਸੰਕੋਚ ਕਰਕੇ ਮਾਈ ਲੁਕਦੀ ਫਿਰਦੀ ਅਤੇ ਲੋਕਾਂ ਤੋਂ ਪਰਦੇ ਵਾਸਤੇ ਬਸਤ੍ਰ ਮੰਗਦੀ ਸੀ। ਜਦ ਕਾਰਨ ਪੁਛਿਆ ਗਿਆ, ਤਾਂ ਮਾਈ ਨੇ ਕਿਹਾ ਕਿ ਜਿਦਣ ਦੀ ਮੈਂ ਏਥੇ ਆਈ ਹਾਂ, ਅਜ ਦੋ ਮਰਦਾਂ ਦਾ ਦਿਦਾਰ ਹੋਯਾ ਹੈ, ਜਿਨਾਂ ਤੋਂ ਪਰਦਾ ਕਰਨਾਂ ਜਰੂਰੀ ਹੈ। ਜਦ ਪੁਛਿਆ ਗਿਆ ਕਿ ਸਾਰੇ ਲਹੌਰ ਵਿਚ ਅਜ ਤਕ ਤੈਨੂੰ ਮਰਦ ਕੋਈ ਨਹੀ ਦਿਸਿਆ, ਏਸਦਾ ਕੀ ਕਾਰਨ? ਤਾਂ ਮਾਈ ਨੇ ਕਿਹਾ ਕਿ ਪ੍ਰਮੇਸ੍ਰ ਦੀ ਭਗਤੀ ਤੋਂ ਬਿਨਾਂ ਸਭ ਨਮਰਦ ਹੀ ਸਮਝਦੀ ਹਾਂ। ਏਸ ਮਾਈ ਨੂੰ ਸ੍ਰਦਾਰ ਲਹਿਣਾ ਸਿੰਘ ਜੀ ਨੇ ਪੁਛਿਆ ਮਾਈ ਤੂੰ ਸਵੈਣ ਹੈਂ? ਤਾਂ ਉਸਨੇ ਰਮਜ਼ ਭਰੀ ਬੋਲੀ ਵਿਚ ਕਿਹਾ 'ਲਗੇਗੀ ਤਾਂ ਜਾਣੇਗਾ' ਮਾਈਦੀ ਏਸ ਗਲ ਦਾ ਬਾਬਾ ਜੀ ਤੇ ਅਜਿਹਾ ਅਸਰ ਹੋਯਾ ਕਿ ਦਿਲ ਦੁਨੀਆਂ ਵਲੋਂ ਉਪ੍ਰਾਮ ਹੋ ਗਿਆ ਤੇ ਨੌਕਰੀ ਛਡਕੇ ਪਿੰਡ ਆ ਗਏ। ਗੁਰਬਾਣੀ ਦਾ ਪਾਠ ਕਰਨਾਂ ਆਪਨੇ ਅਪਣਾ ਸ਼ੁਗਲ ਬਣਾ ਲਿਆ। ਜਦੋਂ ਆਪ "ਜਿਥੇ ਵਸੈ ਮੇਰਾ ਪਾਤਸਾਹੁ ਸੋ ਕੇਵਡ ਹੈ ਥਾਉ॥ ਅੰਬੜਿ ਕੋਇ ਨ ਸਕਈ ਹਉ ਕਿਸਨੋ ਪੁਛਣ ਜਾਉ॥' ਆਦਿ ਤੁਕਾਂ ਦਾ ਪਾਠ ਕਰਦੇ, ਤਾਂ ਵੈਰਾਗੀ ਹੋ ਜਾਂਦੇ। ਗੁਰੂ ਗ੍ਰੰਥ ਸਾਹਿਬ ਦਾ ਪਾਠ ਜਾਰੀ ਹੀ ਰਖਦੇ। ਜਦੋਂ ਭੋਗ ਪਾਂਦੇ ਪ੍ਰਸਾਦ ਵੰਡਕੇ ਫੇਰ ਸ਼ੁਰੂ ਕਰ ਦੇਂਦੇ। ਇਸ ਸਮੇਂ ਗੁਜਰਾਂ ਵਾਲੇ ਵਿਚ ਜੋ ਪ੍ਰਸਿਧ ਮਹਾਤਮਾ ਰਹਿੰਦੇ ਸਨ ਉਨ੍ਹਾਂ ਦਾ ਜ਼ਿਕਰ ਕਰਨਾਂ ਵੀ ਬੜਾ ਲਾਭਵੰਦਾ ਭਾਸਦਾ ਹੈ:-

### (੧)

ਸ੍ਰੀ ਮਾਨ ਬਾਬਾ ਪਤਾਸਾ ਸਿੰਘ ਜੀ ਨਿਹੰਗ, ਜਿਨ੍ਹਾਂ ਦਾ ਜਨਮ ਮਾਲਵੇ ਦਾ ਸੀ। ਆਪ ਬੜੇ ਕਰਨੀ ਵਾਲੇ ਸੱਤਿ ਪੁਰਖ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਕਰਨ ਅਤੇ ਮਲੇਰ ਕੋਟਲੇ ਵਿਚ ਨਾਮਧਾਰੀ ਬੀਰਾਂ ਨੂੰ ਤੋਪਾਂ ਨਾਲ ਉਡਾਏ ਜਾਣ ਤੋਂ ਪਿਛੋਂ ਬਾਬਾ ਪਤਾਸਾ ਸਿੰਘ ਜੀ ਨੇ ਕੇਸਾਂ ਵਿਚ ਦਹੀਂ ਪਾਣਾਂ ਛਡ ਦਿਤਾ। ਜਦ ਇਸਦਾ ਕਾਰਨ ਪੁਛਿਆ ਗਿਆ, ਤਾਂ ਆਪਨੇ ਕਿਹਾ ਕਿ ਜਦ ਮੇਰੇ ਦੇਸ਼ ਦਾ ਕਲਿਆਨ ਕਰਨ ਵਾਲੇ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ ਵਿਚੋਂ ਬਾਹਰ ਕਢ ਦਿੱਤਾ ਗਿਆ ਹੈ, ਅਤੇ ਗਊ ਰਖਯਾ ਕਰਨ ਵਾਲੇ ਨਾਮਧਾਰੀ ਬੀਰਾਂ ਤੇ ਤੋਪਾਂ ਚਲਾਈਆਂ ਜਾਂਦੀਆਂ ਹਨ, ਤਾਂ ਮੈਂ ਸਿਰ ਵਿਚ ਦਹੀਂ ਕਿਉਂ ਪਾਵਾਂ।

ਸਰਬ ਲੋਹ ਦਾ ਸਤਕਾਰ ਏਨਾਂ ਕਰਦੇ ਸਨ, ਕਿ ਘੋੜੇ ਦੀਆਂ ਰਕਾਬਾਂ ਲੋਹੇ ਦੀ ਥਾਂ ਪਿੱਤਲ ਦੀਆਂ ਰਖਦੇ ਸਨ। ਸ੍ਰਦਾਰ ਮੰਗਲ ਸਿੰਘ ਜੀ ਸ਼ਿਹਕੋਟੀਏ ਏਨ੍ਹਾਂ ਦੇ ਵਾਕ ਨਾਲ ਹੀ ਪੈਦਾ ਹੋਏ ਸਨ। ਏਹਨਾਂ ਦੇ ਪਿਤਾ ਦੇ ਘਰ ਸੰਤਾਨ ਨਹੀਂ ਸੀ ਹੁੰਦੀ, ਤਾਂ ਕਿਸੇ ਨੇ ਨਕਲ ਕੀਤੀ, ਕਿ ਮਾਈ

ਪਤਾਸਾ ਸਿੰਘ ਤੋਂ ਪੁੱਤ ਮੰਗਦੀ ਹੈ। ਜਦ ਬਾਬਾ ਪਤਾਸਾ ਸਿੰਘ ਜੀ ਨੇ ਏਹ ਗੱਲ ਸੁਣੀ ਤਾਂ ਚੌਂਕੜਾ ਮਾਰਕੇ ਕਹਿਣ ਲਗੇ, ਮਾਈ ਦੇ ਘਰ ਪੁਤ੍ਰ ਜੰਮੇਗਾ ਤਾਂ ਉਠਾਂਗਾ। ਬਸ ਆਪਨੇ ਓਦੋਂ ਹੀ ਚੌਂਕੜਾ ਚੁਕਿਆ, ਜਦ ਮਾਈ ਦੇ ਘਰ ਮੰਗਲ ਸਿੰਘ ਜੀ ਨੇ ਜਨਮ ਲਿਆ। ਏਨ੍ਹਾਂ (ਬਾਬਾ ਪਤਾਸ਼ਾ ਸਿੰਘ ਜੀ) ਦਾ ਡੇਰਾ ਤੇ ਸਮਾਧ ਗੁਜਰਾਂ ਵਾਲੇ ਘੰਟਾ ਘਰ ਦੇ ਪਾਸ ਹੈ।

(੨) ਮਸਤ ਸੁਜਾਨ ਸਿੰਘ ਜੀ ਐਸੇ ਅਵਧੂਤ ਬ੍ਰਿਤੀ ਵਾਲੇ ਸਨ, ਕਿ ਬਾਲ ਮੀਕ ਜੀ ਦੀ ਤ੍ਰਾਂ ਖਟਾ ਮਿਠਾ, ਕੌੜਾ ਕਸੈਲਾ, ਜੋ ਕੁਛ ਮਿਲ ਜਾਂਦਾ ਇਕੱਠਾ ਕਰਕੇ ਛਕ ਜਾਂਦੇ ਸਨ। ਕੂਕਰਾਂ ਨਾਲ ਛਕ ਲੈਂਦੇ ਸਨ। ਕੁਤਿਆਂ ਦਾ ਮੂੰਹ ਫੜ ਲੈਣਾ ਤੇ ਆਖਣਾ ਖਾਹ ਖਾਂ। ਆਪ ਕਮਲੀ ਧੂਹੀ ਫਿਰਦੇ ਸਨ ਤੇ ਪਿੱਛੇ ਪਿਛੇ ਕੁਤੇ ਲਗੇ ਫਿਰਦੇ ਸਨ। ਗੱਲ ਕੀ ਆਪ ਬੜੇ ਕਰਨੀ ਵਾਲੇ ਤੇ ਸਿੱਧ ਪੁਰਸ਼ ਸਨ। ਏਨ੍ਹਾਂ ਦੀ ਸਮਾਧ ਗੁਜਰਾਂ ਵਾਲੇ ਠਠਿਆਰਾਂ ਦੀ ਗਲੀ ਵਿਚ ਹੈ।

(੩) ਸ੍ਰੀ ਮਾਨ ਬਾਬਾ ਰਤਨ ਸਿੰਘ ਜੀ ਆਪ ਉਗ੍ਰਚਕ ਜ਼ਿਲਾ ਗੁਜਰਾ ਵਾਲਾ ਦੇ ਸਨ, ਪਰ ਰਹਿੰਦੇ ਗੁਜਰਾਂ ਵਾਲੇ ਸਨ, ਜੋ ਕਿ ਬੜੇ ਸਤੋ ਗੁਣੀ, ਧਰਮਾਤਮਾਂ ਗੁਣੀ ਗਿਆਨੀ ਅਤੇ ਨਾਮ ਦੇ ਰਸੀਏ ਸਨ। ਆਪ ਅਜੇਹੇ ਸਿੱਧ ਸਨ, ਕਿ ਦਾਲ ਦੇਰਿਝਦੇ ਵਲਟੋਹੇ ਵਿਚਕ ੜਛੇ ਦੀ ਥਾਂ ਬਾਂਹ ਹੀ ਫੇਰ ਕੇ ਕਾਜ ਸਿਧ ਕਰ ਲੈਂਦੇ ਸਨ। ਜੋ ਕੋਈ ਆਸਾ ਧਾਰਕੇ ਔਂਦਾ ਉਸਦੀ ਮਨਸਾ ਪੂਰੀ ਹੋਂਦੀ। ਏਨ੍ਹਾਂ ਦੀ ਸਮਾਧ ਦੇਵੀ ਵਾਲੇ ਤਲਾ ਦੀ ਚੜਦੇ ਤੇ ਪਹਾੜ ਦੀ ਨੁਕਰ ਤੇ ਸ੍ਰੀ ਮਾਨ ਸਵਾਮੀ ਰਾਮਗਿਰ ਜੀ ਦੇ ਅਸਥਾਨ (ਰਾਮਨਿਵਾਸ ਦੇ ਪਾਸ ਹੈ, ਸ੍ਰੀ ਬਾਬਾ ਲਹਿਣਾ ਸਿੰਘ ਜੀ ਨੇ ਬਾਬਾ ਰਤਨ ਸਿੰਘ ਤੋਂ ਨਾਮ ਅਮ੍ਰਿਤ ਦੀ ਦਾਤ ਪ੍ਰਾਪਤ ਕੀਤੀ ॥ ਆਪ ਬਾਬਾ ਜੀ ਦੇ ਦੁਆਰੇ ਜਾਕੇ ਜੋੜਿਆਂ ਵਿਚ ਖਲੋ ਰਹਿੰਦੇ ਸਨ। ਕਈ ਕਈ ਦਿਨ ਖਲੋਤੇ ਰਹਿੰਦੇ। ਇਕ ਦਿਨ ਬਾਬਾ ਰਤਨ ਸਿੰਘ ਜੀ ਨੇ ਆਖਿਆ ਭਾਈ ! ਭਜਨ ਕਰਿਆ ਕਰ। ਬਾਬਾ ਲਹਿਣਾਂ ਸਿੰਘ ਜੀ ਨੇ ਕਿਹਾ—"ਤੁਮਰੀ ਕਿਰਪਾ ਤੇ ਸੁਖ ਘਨੇਰੇ। ਅਨੁਸਾਰ ਆਪ ਦੀ ਕ੍ਰਿਪਾ ਦ੍ਰਿਸ਼ਟੀ ਦੀ ਲੋੜ ਹੈ।

ਇਕ ਦਿਨ ਸ੍ਰੀ ਬਾਬਾ ਰਤਨ ਸਿੰਘ ਜੀ ਆਪਨੂੰ ਇਕਾਂਤ ਵਿਚ ਲੈ ਗਏ। ਆਗਜਾ ਕੀਤੀ 'ਸੁਦਾਰਾ ਸਾਨੂੰ ਘੁੱਟ" ਜਿਉਂ ਜਿਉਂ ਬਾਬਾ ਜੀ ਘੁਟਣ, ਨਾਮ ਅੰਦਰ ਵਸਦਾ ਜਾਏ। ਬਾਬਾ ਜੀ ਆਪ ਦਸਦੇ ਹੁੰਦੇ ਸਨ, ਕਿ ਉਸ ਵੇਲੇ ਸਾਨੂੰ ਐਸਾ ਉਛਾਲਾ ਆਯਾ ਕਿ ਜਾਣੀਦਾ ਅਸੀਂ ਉੱਡ ਚੱਲੇ ਹਾਂ। ਸ੍ਰੀ ਬਾਬਾ ਰਤਨਸਿੰਘ ਜੀ ਨੇ ਮੋਢੇ ਤੇ ਹੱਥ ਧਰਕੇ ਕਿਹਾ ਕਿ ਇਹ ਜਰਨ ਵਾਲੀ ਚੀਜ ਹੈ। ਉਛਾਲੇ ਦਾ ਔਣਾ ਜ਼ਰੂਰੀ ਸੀ, ਕਿਉਂਕਿ ਮਨਸੂਰ ਨੂੰ ਵੀ ਜਦ ਉਛਾਲਾ ਆਇਆ ਸੀ, ਤਾਂ ਉਸ ਦੇ ਅੰਦਰੋਂ 'ਅਨਲ ਹੱਕ" ਦਾ ਬੋਲਾ ਸ਼ੁਰੂ ਹੋਗਿਆ ਸੀ ਅਜਰ ਵਸਤੂਦੀਪ੍ਰਾਪਤੀਦੇ ਸਮੇਂ ਏਹ ਅਵਸਥਾ ਜ਼ਰੂਰ ਆਉਂਦੀ ਹੈ। ਬਾਬਾ ਰਤਨ ਸਿੰਘ ਜੀ ਨੇ ਕਿਹਾ ਕਿ ਭਾਈ—"ਸਬਰ ਅੰਦਰ ਸਬਰ। ਤਨ ਏਵੈਂ ਜਾਲੇਨਿ॥ ਹੋਨ ਨਜੀਕ ਖੁਦਾਇਦ ਭੇਤ ਨ ਕਿਸੈ ਦੇਨ ॥" "ਅਜਰ ਜਰੈ ਸੋ ਨਿਝਰ ਝਰੈ। ਜਗੰਨਾਥ ਸਿਉ ਗੋਸਟ ਕਰੈ॥"

ਇਸ ਦਿਨ ਤੋਂ ਉਪਰੰਤ ਬਾਬਾ ਲਹਿਣਾ ਸਿੰਘ ਜੀ "ਚੁਪ" ਹੀ ਰਹਿੰਦੇ ਅਤੇ ਅਜੇਹੇ ਗੁੱਟ ਰਹਿੰਦੇ ਕਿ ਘਰ ਜਾਣਾ ਭੀ ਵਿਸਰ ਗਿਆ। ਜੇ ਕਦੀ ਆਖਿਆਂ ਵੇਖਿਆਂ ਚਲੇ ਵੀ

ਜਾਂਦੇ ਤਾਂ ਉਪ੍ਰਾਮ ਹੀ ਰਹਿੰਦੇ। ਕੁਛ ਸਮੇਂ ਉਪ੍ਰੰਤ ਜਦ ਆਪਣੇ ਭਤੀਜੇ ਨੂੰ ਵਿਆਹਕੇ ਆਏ, ਤਾਂ ਉਸੇ ਹਾਲਤ ਵਿਚ ਕੰਠੇ ਕੜੇ, ਕੁੰਡਲਾਂ ਤੇ ਸੁਚੇ ਸ੍ਰੂਜ਼ਾਰੀ ਪੁਸ਼ਾਕੇ ਸਮੇਤ ਹੀ ਬਾਬਾ ਰਤਨ ਸਿੰਘ ਜੀ ਨੂੰ ਜਾ ਮਥਾ ਟੇਕਿਆ। ਬਾਬਾ ਜੀ ਨੇ ਕਿਹਾ, ਜੇ ਸਾਡੇ ਕੋਲ ਔਣਾ ਹੈ, ਤਾਂ ਸਾਧੂ ਬਣਕੇ ਆ, ਤੇ ਜੇ ਸ੍ਰਦਾਰੀ ਦੀ ਐਠ ਵਿਚ ਰਹਿਣਾ ਹੈ, ਤਾਂ ਘਰ ਵਿਚ ਹੀ ਰਹੁ। ਕਿਉਂਕਿ ਕਿਹਾ ਹੈ-"ਦੁਹ ਬੇੜੀ ਨ ਲਤ ਧਰ ਮਤ ਵੰਞਹਿ ਵਖਰੁ ਬੋੜ। ਸੁਣਦਿਆਂ ਸਾਰ ਬਾਬਾ ਲਹਿਣਾ ਸਿੰਘ ਜੀ ਨੇ ਕੇਵਲ ਕੁਪੀਨ ਬੰਨ ਕੇ ਸਭ ਲੀੜੇ ਤੇ ਗਹਿਣੇ ਲਾਹ ਸੁਟੇ। ਜੋ ਕਿ ਗ਼ਰੀਬਾਂ ਨੂੰ ਵੰਡ ਦਿਤੇ। ਤੇ ਆਪ ਨੇ ਚਾਦਰ ਦੀ ਬੁਕਲ ਮਾਰਕੇ ਬਾਬਾ ਜੀ ਦੇ ਪਾਸ ਹੀ ਡੇਰਾ ਲਾ ਲਿਆ, ਤੇ ਘਰ ਦਾ ਜਾਣਾ ਉੱਕਾ ਹੀ ਛਡ ਦਿਤਾ।

ਸ੍ਰਦਾਰੀ ਦਾ ਬਾਣਾਂ ਲਾਹਕੇ ਫਕੀਰਾਨਾਂ ਲਿਬਾਸ ਧਾਰਨ ਕਰਨ ਦਾ ਆਪਦੇ ਪ੍ਰਵਾਰ ਨੂੰ ਤੇ ਖਾਸ ਕਰਕੇ ਆਪਦੀ ਸੱਸ ਮਾਈ ਦੇਸਾਂ ਨੂੰ ਬੜਾ ਦੁਖ ਹੋਇਆ। ਕਿਉਂਕਿ ਉਹ ਪਹਿਲੇ ਹੀ ਬੜੀ ਦੁਖੀ ਸੀ। ਪੁਤ੍ਰ ਰਾਮ ਨਗਰ ਵਾਲੀ ਲੜਾਈ ਵਿਚ ਮਾਰਿਆ ਗਿਆ ਸੀ ਤੇ ਆਪਦੀ ਬਾਰਾਂਦਰੀ ਤੇ ਬਾਕੀ ਦੇ ਮਕਾਨ ਅੰਗ੍ਰੇਜ਼ਾਂ ਨੇ ਕੁਛ ਤਾਂ ਉਡਾ ਦਿਤੇ ਸਨ ਤੇ ਕੁਛ ਲੀਲਾਮ ਕਰ ਦਿਤੇ ਸਨ। ਮਾਈ ਨੇ ਉਨ੍ਹਾਂ ਨੀਲਾਮ ਹੁੰਦੇ ਮਕਾਨਾਂ ਵਿਚੋਂ ਇਕ ਹਵੇਲੀ ੬ ਹਜ਼ਾਰ ਤੋਂ ਬੋਲੀ ਦੇਕੇ ਲੈ ਲਈ ਸੀ। ਜਿਸ ਵਿਚ ਮਾਈ ਵਸਦੀ ਸੀ। ਸੋ ਮਾਈ ਅਪਣੀਂ ਲੜਕੀ ਨੂੰ ਰੋਸ ਵਜੋਂ ਅਪਣੇਂ ਘਰ (ਹਵੇਲੀ) ਲੈ ਗਈ ਸੀ ਅਤੇ ਬਾਬਾ ਰਤਨ ਸਿੰਘ ਜੀ ਅਤੇ ਅਪਣੇ ਜਵਾਈ ਦਾ ਨਾਂ ਲੈ ਲੈ ਬੜਾ ਕਲਪਦੀ। ਤੇ ਕਹਿੰਦੀ-'ਇਹ ਮੁੰਡੀਆ ਕਿਉਂ ਨ ਮੁਇਓ।' ਮਾਈ ਦੀ ਵਿਖੇਪਤਾ ਸੁਣਕੇ ਬਾਬਾ ਰਤਨ ਸਿੰਘ ਜੀ ਨੇ ਆਗਯਾ ਕੀਤੀ, ਕਿ ਲਹਿਣਾਂ ਸਿੰਘ ਜੀ ਤੁਸੀਂ ਕਦੀ ਕਦੀ ਘਰ ਵੀ ਜਾ ਆਇਆ ਕਰੋ। ਅਜ ਕਲ ਬਾਬਾ ਲਹਿਣਾਂ ਸਿੰਘ ਜੀ ਦੇ ਲਿਬਾਸ ਦਾ ਹੁਲੀਆ ਏਹ ਸੀ-ਲਕ ਕੁਪੀਨ ਉਤੇ ਚਾਦਰ, ਪੈਰੀਂ ਖੜਾਵਾਂ, ਨੰਗਾ ਸਿਰ, ਤੇ ਤਾਲੂ ਤੋਂ ਅਗੇ ਮਥੇ ਕੋਲ ਜੂੜਾ। ਭਾਵੇਂ ਅ ਪਦਾ ਪ੍ਰਸਾਦ ਅਗੇ ਈ ਘਰੋਂ ਜਾਂਦਾ ਸੀ, ਪਰ ਹੁਣ ਕਦੇ ਕਦੇ ਆਪ ਘਰਜਾਕੇ ਛਕ ਔਂਦੇ, ਪਰ ਰਿਹੈਸ਼ ਬਾਬਾ ਰਤਨ ਸਿੰਘ ਜੀ ਪਾਸ ਹੀ ਰਖਦੇ। ਛੇਕੜ ਮਾਈ ਦੇਸਾਂ ਦਾ ਗੁੱਸਾ ਵੀ ਢਲ ਗਿਆ, ਤੇ ਉਸਨੇ ਸੰਤ ਬਾਬਾ ਰਤਨ ਸਿੰਘ ਜੀ ਤੋਂ ਆਗਯਾ ਲੈਕੇ ਏਨ੍ਹਾਂ ਨੂੰ ਹਵੇਲੀ ਲੈ ਆਂਦਾ, ਤੇ ੩ ਲਖ ਰੁਪੈ ਦਾ ਸੋਨਾਂ, ਅਰ ਹੋਰ ਜਿਨੀ ਸੰਪੱਤੀ ਸੀ ਸਭ ਏਨ੍ਹਾਂ ਨੂੰ ਸੌਂਪ ਦਿਤੀ ਤੇ ਨਾਲ ਹੀ ਇਹ ਆਖਿਆ ਬੱਚਾ-ਚੰਗੀਤ੍ਹਾਂ ਸਾਂਭੀਂ ਮੈਨੂੰ ਜਦੋਂ ਲੋੜ ਪਵੇਗੀ ਲੈਲਾਂਗੀ।

ਮਾਈ ਦੇਸਾਂ ਆਪਣਾ ਲੰਗਰ ਅਡ ਕਰਦੀ ਸੀ। ਪਹਿਲੋਂ ਮਾਈ ਦੇਸਾਂ ਕਰਦੇ ਤੇ ਪਿਛੋਂ ਬੀਬੀ ਚੰਦ ਕੋਰ। ਇਕ ਦਿਨ ਬਾਬਾ ਲਹਿਣਾ ਸਿੰਘ ਜੀ ਦਾ ਛੋਟਾ ਬੱਚਾ ਰੋਂਦਾ ਸੀ। ਆਪਨੇ ਪੁਛਿਆ ਬੇਟਾ ਕੀ ਕਾਰਨ ਹੈ? ਬੀਬੀ ਚੰਦ-ਕੌਰ ਜੀ ਨੇ ਕਿਹਾ ਕਿ ਪਹਿਲੋਂ ਬੇਬੇ ਜੀ ਲੰਗਰ ਕਰਦੇ ਹਨ, ਤੇ ਪਿਛੋਂ ਸਾਡੀ ਵਾਰੀ ਔਂਦੀ ਹੈ। ਅਵੇਰ ਹੋ ਜਾਣ ਦੇ ਕਾਰਨ ਬਚੇ ਨੂੰ ਭੁਖ ਲਗਜਾਂਦੀ ਹੈ ਜਿਸ ਕਰਕੇ ਉਹ ਰੋਣ ਲਗ ਪਿਆ। ਬਾਬਾਜੀ ਨੇ ਕਿਹਾ ਕਿ ਚੰਦ ਕੌਰੇ, ਸਾਡੇ ਕੋਲ ਤਾਂ ਭੁਖ ਨੰਗ ਹੀ ਹੈ।

ਬੀਬੀ ਚੰਦ ਕੌਰ ਨੇ ਕਿਹਾ ਕਿ-''ਰੂਖੇ ਭੋਜਨ ਭੂਮਿ ਸੈਨ ਪ੍ਰਿਆ ਸੰਗ ਸੁਖ ਬਿਹਾਤ'ਗੁਰਵਾਕ ਅਨੁਸਾਰ ਮੈਂ ਭੁੰਜੇ ਸਵਾਂਗੀ,ਰੁਖੀਆਂ ਰੋਟੀਆਂ ਖਾਵਾਂਗੀ,ਗੱਲ ਕੀ ਹਰ ਏਕ ਕਸ਼ਟਜੋ ਤੁਹਾਡੀ ਸੇਵਾ ਵਿਚ ਰਹਿੰਦਿਆਂ ਹੋਇਆਂ ਪਾਪਤ ਹੋਵੇ, ਸਹਾਂਗੀ ਪਰ ਮਾਂ ਦੀਆਂ ਝਿੜਕਾਂ ਸਹਿਕੇ ਮੈਂ ਬਚੇ ਨਹੀਂ ਰੁਆ ਸਕਦੀ। ਜਦ ਮਾਈ ਦੇਸਾਂ ਨੂੰ ਏਸ ਗੱਲ ਦਾ ਪਤਾਲਗਾਤਾਂਹਵੇਲੀ ਅਪਣੇ ਧੀ ਜਵਾਈ ਨੂੰ ਸੌਂਪਕੇ ਆਪ ਧਰਮਸਾਲਾ ਚਲੀ ਗਈ'' ਗੁਜਰਾਂਵਾਲੇ ਵਿਚ ਇਹ ਹਵੇਲੀ ਅਜ ਤੱਕ ਸ੍ਰਦਾਰ ਹਰੀ ਸਿੰਘ ਨਲੂਏ ਦੀ ਹਵੇਲੀ ਕਰਕੇ ਪ੍ਰਸਿਧ ਹੈ ਜਿਸ ਦੇ ਉਤੇ ਦੋ ਛਤਾਂ ਹੈਨ ਤੇ ਹੇਠਾਂ ਦੋ ਭੋਰੇ ਹਨ।

## ਗੁਰ ਦਰਸ਼ਨ ਦੀ ਸਿੱਕ

ਬਾਬਾ ਜੀ ਦੇ ਅੰਦਰ ਗੁਰਬਾਣੀ ਦੇ ਪਾਠ ਅਤੇ ਵਿਚਾਰ ਦੇ ਕਾਰਨ ਏਹ ਪੱਕੀ ਲਗਨ ਲਗ ਗਈ ਸੀ ਕਿ-''ਖਾਲੀ ਤਖਤ ਨ ਰਹੈ ਕਬ ਮਹਾ ਪੁਰਖ ਹੈ ਜੋਇ।''


ਤੇ ਹਰਿ ਜੁਗਹ ਜੁਗੋ ਹਰਿਜੁਗਹ ਜੁਗੋ ਸਦ ਪੀੜੀ ਗੁਰੂ ਚਲੰਦੀ ਅਨਸਾਰ ਤੇ ਸਾਰਾ ਕਲ ਜੁਗ ਭੋਗਸੀ ਨਾਨਕ ਧਰ ਅਵਤਾਰ ਦੇ ਵਿਚਾਰ ਵਿੱਚਪੈ ਸ਼ਬਦਅਭਿਆਸ ਕਰ ਏਥੇ ਪਹੁੰਚ ਗਏ ਹੋਏ ਸੀ। ਅੰਦਰ ਸਚਾ ਨੇਹੁ ਲਾਇਆ ਪ੍ਰੀਤਮ ਅਪਣੇ ਤਨ ਮਨ ਹੋਏ ਨਿਹਾਲ ਜਾਂ ਗੁਰ ਦੇਖਾ ਸਾਹਮਣੇ ਤੇ ਸਿੱਖੀ ਦੀ ਵਿਗੜੀ ਦਿਸ਼ਾ ਨੂੰ ਤਕ ਰਹੇ ਸੀ ਕੇ ਜਬ ਜਬ ਹੋਤ ਅਰਿਸਟ ਅਪਾਰਾ। ਤਬ ਤਬ ਦੇਹ ਧਰਤ ਅਵਤਾਰਾ ਦੀ ਲਗਣ ਵਿਚ ਤਨ ਤਪੈ ਤਨੂਰ ਜਿਉਂ ਬਾਲਣ ਹੱਡ ਬਲੰਨ ਵਾਕ ਘਟਦਾ ਦਿਸਦਾ ਸੀ। ਆਪ ਤਲੇ ਭੋਰੇ ਵਿੱਚ ਰਹਿੰਦੇ ਪਰ ਕੋਲ ਬਾਟੀ ਜਲ ਦੀ ਭਰ ਰਖਦੇ ਓਸ ਚੋਂ ਭਿਉਂ ਕੇ ਚਾਦਰ ਉਤੇ ਲੈਂਦੇ ਓਹ ਧੂੰਆਂ ਨਿਕਲ ੨ ਕੇ ਸੁੱਕ ਜਾਂਦੀ ਫਿਰ ਭਿਉਂ ਲੈਂਦੇ ਏਸੇ ਤ੍ਰਾਂ ਰਾਤ ਦਿਨ ਗੁਜਰਦਾ। ਮੋਹਿ ਰੈਣ ਨ ਬਿਹਾਵੈ ਨੀਦ ਨ ਆਵੈ ਤੇ ਹਰਿ ਬਿਨ ਨੀਂਦ ਭੂਖ ਕਹੁ ਕੈਸੀ ਕਾਪੜ ਤਨ ਨਾਂ ਸੁਖਾਵੇ। ਰਹਿੰਦੇ ਜਿਸ ਨੂੰ ਜਾਣ ਘਟ ੨ ਕੇ ਅੰਤਰ ਕੀ ਜਾਨਤ। ਪ੍ਰੇਮ ਠਗੌਰੀ ਪਾਇ ਰੀਝਾਏ ਗੋਬਿੰਦ ਮਨ ਮੋਹਿਆ ਵਾਲਿਆਂ ਨੂੰ ਮਿਲਣ ਦੇ ਚਾ ਵੱਸ ਹੋਏ ੧੯੨੫ ਸੰਮਤ ਵਿਚ ਜਿਲਾ ਸਿਆਲਕੋਟ ਦਾ ਦੌਰਾ ਕਰਦੇ ਗਲੋਟੀ ਗੁਰਦਿਤੇ ਨੂੰ ਗੁਪਤ ਅਪੇ ਆਕੇ ਮਿਲੇ ਨਾਲ ਕਰੇ ਆ ਬਿਹੋਸ਼ ਮੈਨੂੰ ਗੁਰੂ ਰਾਮ ਸਿੰਘ ਸੂਰਾ ਪੂਰਾ ਜੋ ਰਸੂਲ ਹੈ। ਮੰਗ ਪੂਰੀ ਕਰਦੇ ਹੋਏ ਗੋਜਰਾਂ ਵਾਲੇ ਚਰਨ ਪਾਏ ਤੇ ਓਧਰ ਬਾਬਾ ਜੀ ਨੂੰ ਦੋਹਾਂ ਸਿਰਿਆਂ ਕੇ ਆਪ ਸੁਆਮੀ ਸਤਿਗੁਰੂ ਜੀ ਨੇ ਖਿਚ ਲਾ ਬਾਹਰ ਲੇ ਆਂਦਾ। ਬਾਬਾ ਜੀ ਕਦੇ ਕਦੇ ਗੁਰੂ ਨਾਨਕ ਜਿਉ। ਏਕ ਜੰਜਾਲ ਹਮਾਰਾ ਕਹੀਏ ਸਾਧ ਮੂਰਤ ਕੇ ਪਰਸਨ। ਨੂੰ ਚਿਤ ਧਾਰ ਨਿਕਸਿਆ ਕਰਦੇ ਸੀ। ਓਸ ਦਿਨ ਆਪਨੂੰ ਅੰਦਰੋਂ ਦੇ ਬੁਝਾਰਤਾ ਸਾਰਤਾ ਸੇ ਅਖੀ ਡਿਠੜੀਆਂ ਅਨੁਸਾਰ ਜਨੌਤ ਹੋਈ ਦੀ। ਧੁਖਾਂ ਜਿਉਂ ਮਾਲ੍ਹੀਂ ਕਾਰਨ ਤਿਨਾਂ ਮਾਪਿਟੀ ਵਾਲਿਆਂ ਜਦ ਵੇਖਿਆ ਕੇ ਕੰਚਨ ਸੀ ਕਾਇਆਂ ਸੋਨੇ ਦੀ ਢਾਲਾ ਵਾਲੇ ਅਜਾਨ ਬਾਹੁ ਖੜੇ ਹਨ। ਚੀਨੀ ਸੁਰਖੀ ਭਾਵੇਂ ਆਪਨੇ ਚੀਨੀ ਸੁਰਖ ਰੰਗ ਨਹੀਂ ਦਰਸਿਆ ਹੋਇਆ ਸੀ ਤਾਂ ਭੀ ਦੈਵੀ ਗੁਣਾਂ ਤੋਂ ਸੰਵਾਣ ਚਰਨੀ ਲਗੇ ਤੇ ਲੰਗਰ ਦੀ ਅਰਜ ਕੀਤੀ। ਸਤਿਗੁਰੂ ਜੀ ਕਿਹਾ ਅਸੀ ਤਾਂ ਨਿਤ ਦੀ ਰੱਟ ਮਿਲ ਮੇਰੇ ਰਮਈਆ ਲੈਹ ਬਹੁੜੀ ਵਲਾਇ। ਆਪ ਦੀ ਸੁਣ ਹੀ ਆਏ ਹਾਂ ਫਿਰ ਕੀਹ ਸੀ ਸਾਈ ਵਸਤ ਪਰਾ

ਪਤ ਹੋਈ ਜਾਣ ਚਾ ਚੜ ਗਏ ਤੇ ਸਭ ਹੋਰ ਪਰਬੰਧ ਕਰ ਕਰਾ ਸਤਿਗੁਰੂ ਜੀ ਦਾ ਡੇਰਾ ਅਪਨੇ ਨਿਜ ਅਸਥਾਨ ਹਵੇਲੀ ਚਿ ਕੀਤਾ । ਰਾਤ ਦੀਵਾਨ ਹਵੇਲੀ ਦੀ ਉਪਰਲੀ ਛਤ ਤੇ ਲਗਾ ਤੇ ਢੋਲਕ ਦੀ ਸੁਰ ਨਾਲ ਸੁਰ ਮਿਲਾ ਆਪਨੇ ਆਜ ਹਮਾਰੇ ਮੰਗਲਚਾਰ। ਮੇਰੇ ਗ੍ਰਹਿ ਆਏ ਰਾਜਾ ਰਾਮ ਭਤਾਰ। ਪੜਿਆ ਜਾਂ ਸਤਿਗੁਰੂ ਜੀ ਠਾਕਰ ਸਦ ਜਾਗੰਤਾ ਜੀ ਤੇ ਬਾਬਾ ਜੀ ਫਲ ਭੀ ਪਛਾਰਾਤ ਨੂੰ ਪਰਾਪਤ ਕਰਨ ਦੇ ਚਾ ਇਸ਼ਨਾਨ ਰੀਤੀ ਕਰ ਸਭ ਤੋ ਉਪਰਲੀ ਛਤ ਚੜ ਉਚੀ ਸੁਰ ਵਿਚ ਪੜਿਆ ਤੁਧ ਜੇਵਡ ਮੈ ਨਾਹੀ ਕੋਇ। ਤਾਂ ਦੋਵੇ ਸੁਰਾਂ ਇਕੀ ਭਾਵ ਚਾਵ ਵਿਚ ਹੋ ਗਈਆਂ। ਤੇ ਸਤਿਗੁਰੂ ਜੀ ਸਾਰੇ ਸ਼ਹਿਰ ਨੂੰ ਸੁਤਾਮੋਆ ਇਕ ਹੈ। ਜਾਣਕੇਕਿਹਾ ਵੇਖੋ ਤੁਹਾਡੇ ਹੁੰਦਿਆਂ ਸਾਰਾ ਸ਼ਹਿਰ ਮੁਰਦਾ ਹੋਇਆ ਪਿਆ ਹੈ ॥ ਗੁਰੂ ਜੀ ਦਾ ਇਹ ਵਾਕ ਬ੍ਰਹਮ ਗਿਆਨੀ ਪਰ ਉਪਕਾਰ ਉਮਾਹਾ ਮੁਖ ਰਖ ਆਪ ਸਭ ਨੂੰ ਉਪਦੇਸ ਕਰੋ ਦੀਵਾਨ ਲਾਓ । ਗੁਰਬਾਣੀ ਦਾ ਵਿਚਾਰ ਦੇ ਜਗਾਓ। ਜੀਅ ਦਾਨ ਦੇ ਭਗਤੀ ਲਾਓ। ਬਾਬਾ ਜੀ ਅਰਜ ਕੀਤੀ ਮੈ ਅਜਾਨ ਜਨ ਹਾਂ। ਕੈਸੇ ਕਰੋ ਬਾਪ ਬੀਠਲਾ। ਤਾਂ ਸਤਿਗੁਰੂ ਜੀ ਕਿਹਾ । ਕਰੋ ਉਦਮ ਜੇ ਹੋਏ ਮਿਹਰਵਾਨ ॥ ਤੁਸੀ ਸਵੇਰੇ ਆਸਾ ਦੀ ਵਾਰ ਲਾਇਆ ਕਰੋ ਤੇ ਸਭ ਨੂੰ ਸਾਂਝਾ ਉਪਦੇਸ ਕਰੋ । ਜੇ ਕੋਈ ਅਰਜ ਕਰ ਸਦੇ ਤਾਂ ਉਸਦੇ ਭੀ ਜਾਇਆ ਕਰੋ । ਸਵੇਰੇ ਸੰਗਤ ਸਮੇਤ ਲੰਗਰ ਬਾਬਾ ਜੀ ਵਲ ਹੀ ਹੋਯਾ। ਭਗਤ ਵਸਭਗਵਾਨ ਜੀ ਨੇ ਬਾਬਾ ਜੀ ਦੇ ਪਕੇ ਚੋਂ ਪਰਸਾਦ ਛਕਿਆ । ਜਿਸਨੂੰ ਨ ਸਹਿਨ ਕਰ ਨਿਜ ਸੇਵਕਾਂ ਅਰਜ ਕੀਤੀ॥ ਸਚੇ ਪਾਤਸ਼ਾਹ ਸਾਨੂੰ ਸੁਚ ਸੋਧ ਦਾ ਉਪਦੇਸ਼ ਕਰਦੇ ਹੋ ਤੇ ਆਪ ਬਿਨ ਅੰਮ੍ਰਤ ਛਕੇ ਤੇ ਲੰਗੋਟੀਆਂ ਵਾਲਿਆਂ ਦੇ ਹਥ ਦਾ ਛਕ ਲਿਆ ਜੇ। ਤਾਂ ਸਤਿਗੁਰੂ ਜੀ ਨੇ ਕਿਹਾ । ਭਾਈ ਏਨਾਂ ਦੀ ਅੰਦਰਲੀ ਸੋਧ ਹੈ। ਤੇ ਮੈਨੂੰ ਦੋਵਾਂ ਵਿਚੋਂ ਕੋਈ ਹੋਵੇ ਮਨਜੂਰ ਹੈ। ਮੈਂ ਜੁਗੋ ਜੁਗ ਏਸੇ ਤਰਾਂ ਹੀ ਕਰਦਾ ਆਇਆ ਹਾਂ। ਇਹ ਸੁਣ ਸਭ ਨੂੰ ਸੋਝੀ ਆਈ। ਕਿ ਏਸ ਕਦੀ ਰਿਖੀਆਂ ਨੂੰ ਤਿਆਗ ਭੀਲਨੀ ਦੇ ਬੇਰ ਖਾਧੇ ਸੀ। ਕਦੀ ਦਰਜੋਧਨ ਨੂੰ ਤਿਆਗ ਬਿਦਰ ਦੇ ਘਰ ਕੇਲੇ ਦੀ ਛਿਲੜਾ ਤੇ ਅਲੂਣਾ ਸਾਗ ਕਦੇ ਲਾਲੋ ਦੀ ਕੋਧਰੇ ਦੀ ਰੋਟੀ। ਠੀਕ ਸਾਡੀ ਹੀ ਭੁਲ ਹੈ। ਨ ਜਾਨੇ ਤੁਮਰੀ ਕਵਨ ਗਤੇ। ਕਹੇ ਪੁਛਿਆ ਅਸਾਂ ਸੁਣਿਆ ਹੈ। ਏਨਾਂ ਭਜਨ ਰਤਨ ਸਿੰਘ ਜੀ ਤੋਂ ਲਿਆ ਹੋਇਆ ਹੈ। ਤਾਂ ਸਤਿਗੁਰੂ ਜੀ ਕਿਹਾ । ਗੁਰੂ ਸਿਖ ਸਿਖ ਗੁਰੂ ਹੈ। ਏਕੋ ਗੁਰ ਉਪ-ਦੇਸ਼ ਚਲਾਏ ਦੇ ਭਾਵ ਅਨੁਸਾਰ ਏਨਾਂ ਨੂੰ ਠੀਕ ਥਾਂ ਹੀ ਜਾਗ ਲਗ ਗਈ ਹੈ। ਅਸਾਂ ਭੀ ਤਾਂ ਸੂਬੇ ਥਾਪੇ ਹੀ ਹਨ। ਹੁਣ ਰੋਜ ਬਾਬਾ ਜੀ ਆਸਾ ਜੀ ਦੀ ਵਾਰ ਲਾਂਦੇ ਸਭ ਨੂੰ ਗੁਰ ਉਪ ਦੇਸ ਕਰਦੇ। ਜੇ ਕੋਈ ਅਰਜ ਕਰਦਾ ਉਸ ਵਲ ਭੀ ਜਾ ਦੀਵਾਨ ਲਾਂਦੇ ਆਪ ਤਰੇ ਤਾਰੇ ਨ ਸਰਿਠਾ ਹੋ ਗਏ। ਲੰਗਰ ਜਾਗੀਰ ਰੋਜ ਵਾਂਹਿਗੀਆਂ ਤੇ ਪਰਸਾਦੇ ਚੁਕਾਮਾਂਗਤਾਂਗਰੀਬਾਂ ਨੂੰ ਕੂਕਰਾਂ ਨੂੰ ਵੰਡਦੇ ਫਿਰਦੇ ਇਰਦ ਗਿਰਦ ਨਗਰਾਂ ਵਿਚਭੀ ਜਾ ਲੰਗਰ ਵੰਡਦੇ ਤੇ ਉਪਦੇਸ ਕਰਦੇ। ਕਲੂ ਆਇਓ ਰੇਕਲੂ ਆਇਓ ਇਕ ਨਾਮ ਬੋਵਹੁ ਬੋਵਹੁ।

ਇਕ ਵਾਰ ਆਪ ਲਧੇ ਵਾਲੇ ਲੰਗਰ ਲੈਕ ਗਏ ਹੋਏ ਸੀ ਇਕ ਕੁਤੀ ਚੁਪ ਕੀਤੀ ਲਤ ਵਿਚੋਂ ਮਾਸ ਕਢਕੇ ਲੈ ਗਈ। ਬਾਬਾ ਜੀ ਓਹਦੇ ਮਗਰ ਸਹਿਜੇ ਸਹਿਜੇ ਚਲ ਪਏ ਜਿਥੇ ਉਹ ਸੂਈ ਸੀ ਜਾ ਪ੍ਰਸਾਦੇ ਪਾਏ ਤੇ ਕਿਹਾ ਏਸ



ਸ੍ਰੀ ਮਾਨ ਬਾਬਾ ਲਹਿਣਾਂ ਸਿੰਘ ਜੀ ਗੁਜਰਾਂਵਾਲਾ



ਸ੍ਰੀ ਮਾਨ ਬਾਬਾ ਧਿਆਨ ਸਿੰਘ ਜੀ ਪਥੱਰਾਂ ਵਾਲੇ ਲਾਹੌਰ

ਇਸ ਕਰਕੇ ਵਢਿਆ ਹੈ ਕਿ ਮੈਂ ਏਤਨੇ ਦਿਨਾਂ ਦੀ ਸੂਈ ਹੋਈ ਭੁਖੀ ਭਟਕ ਰਹੀ ਹਾਂ ਵਾਤ ਕਿਉਂ ਨਹੀਂ ਲਈ। ਔਂਦੀ ਵਾਰ ਦੋ ਸੇਰ ਰੋਜ ਦਾ ਦੁਧ ਉਸਦਾ ਲਾ ਆਏ। ਕੰਗਾਲਿਆਂ ਅਨਾਥਾਂ ਨੂੰ ਲੋਈਆਂ ਜੋੜੇ ਕਪੜੇ ਲੈ ਦੇਂਦੇ। ਵਸਾਖੀ ਦਵਾਲੀ ਦੇ ਮੇਲਿਆਂ ਤੇ ਸ੍ਰੀ ਅੰਮ੍ਰਿਤ ਸਰ ਜੀ ਜਾ ਲੰਗਰ ਲਾਂਦੇ। ਆਪ ਦੀ ਅਠਾਰਾਂ ਮਣ ਪਕੇ ਦਾਲਾ ਰਿਝਣ ਵਾਲੀ ਦੇਗ ਆਪ ਦੇ ਪਿਛੋਂ ਭੀ ਅੰਮ੍ਰਿਤਸਰ ਹੈਗੀ ਸੀ। ਇਕ ਦੋ ਭਾਂਡੇ ਰੋੜੀ ਸਾਹਿਬ ਏਮਨਾ ਬਾਦ ਗੁਰ-ਦੁਆਰੇ ਵਿਖੇ ਹੁਣ ਤਕ ਹੈਨ। ਜਦ ਅੰਮ੍ਰਿਤ ਸਰ ਜੀ ਜਾਂਦੇ ਤਾਂ ਟੋਕਰੀ ਆਪ ਚੁਕਦੇ ਤੇ ਝਾੜੂ ਚੰਦ ਕੌਰ ਸੁਪਤਨੀ ਨੂੰ ਫੜਾਂਦੇ ਤੇ ਗੋਜਰਾਂ ਵਾਲਿਓਂ ਹੀ ਲੈ ਟੁਰਦੇ। ਇਕ ਵਾਰ ਜਾਂਦਿਆਂ ਨੂੰ ਅਗੋਂ ਜਵਾਹਰ ਸਿੰਘ (ਆਪ ਦਾ ਸਾਲਾ) ਮਿਲਿਆ ਜਿਸਨੂੰ ਦੂਰੋਂ ਦੇਖ ਚੰਦ ਕੌਰ ਝਾੜੂ ਲੁਕਾ ਦਿਤਾ। ਆਪ ਨੇ ਕਿਹਾ ਅਜੇ ਸ੍ਰਦਾਰੀ ਦਾ ਕੰਡਾ ਹੈ? ਜਿਸ ਨੇ ਗੁਰੂ ਘਰ ਦੀ ਸੇਵਾ ਨੂੰ ਨੀਵਾਂ ਜਾਣਿਆਂ ਹੈ, ਗੁਰੂ ਸੈਹਬ ਨੇ ਤਾਂ। ਹਮ ਨਿਰਗੁਣ ਦਿਛੈ ਬਾਉ ਸੇਵਾ ਧਰਮਸਾਲੀਐ। ਮੰਗੀ ਹੈ।

ਇਕ ਦਿਨ ਆਪ ਦੀ ਸਸ ਨੇ ਲੋੜ ਪੈਣ ਤੇ (ਜੋ ਪਿਛੇ ਦਿਤਾ ਸੀ) ਧਨ ਮੰਗਿਆ ਤਾਂ ਆਪ ਨੇ ਕਿਹਾ—ਤੁਸਾਂ ਕਿਹਾ ਸੀ ਹਛੀ ਤਰਾਂ ਪਕੇ ਖਜਾਨੇ ਵਿਚ ਸੰਭਾਲਨਾ ਜਦੋਂ ਅਤੀ ਲੋੜ ਹੋਵੇਗੀ ਤਾਂ ਲਵਾਂਗੀ। ਸੋ ਤੁਹਾਡਾ ਧਨ ਹਛੀ ਤਰਾਂ ਪਕੇ ਖਜਾਨੇ ਵਿਚ ਪਾ ਦਿਤਾ ਹੈ, ਜਦੋਂ ਆਪ ਨੂੰ ਅਤੀ ਲੋੜ ਹੋਵੇਗੀ ਓਹ ਮਿਲ ਜਾਵੇਗਾ। ਭਾਵ ਦਰਗਾਹ ਵਿਚ ਪਹੁੰਚਾ ਦਿਤਾ ਹੈ। ਓਹ ਚੁਪ ਹੋ ਗਈ। ਹੁਣ ਆਪ ਦੇ ਸ੍ਰੀਰ ਵਿਚੋਂ ਨ ਧੂਆਂ ਨਿਕਲਦਾ ਸੀ ਨ ਗੁਪਤ ਅਕੰਤ ਰਹਿੰਦੇ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮੇਲੇ ਅਤੇ ਚਰਨ ਬਾਦ—ਗੁਰ ਬਚਨੀ ਮਤ ਪਾਈ। ਤਾਤੇ ਸਹਿਜੇ ਰਿਹਾ ਸਮਾਈ। ਵਾਲੇ ਹੋ ਗਏ ਸੀ। ਸਤਿ-ਗੁਰੂ ਜੀ ਦੇ ਮੇਲੇ ਪਿਛੋਂ ਸੇਵਕ ਭੀ ਰਖਦੇ ਅਤੇ ਜਥਾ ਭੀ ਰਖਦੇ। ਛੰਤ ਮਹਲਾ ੪ ਦਾ ਰਵਾਜ ਆਸਾ ਦੀ ਵਾਰ ਨਾਲ ਮਿਲਾਕੇ ਪੜਨ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਨਾਲ ਆਪ ਤੋਂ ਹੀ ਚਲਿਆ ਹੈ। ਜੇ ਕਿਸੇ ਦੇ ਮਨ ਵਿਚ ਗੈਹਰ ਜਾਣਦੇ ਤਾਂ ਆਪਣਾ ਸੀਤ ਪ੍ਰਸਾਦ ਦੇ ਕਢ ਦੇਂਦੇ। ਇਕ ਵਾਰ ਆਪ ਦੇ ਇਕ ਸੇਵਕ ਦੇ ਮਨ ਵਿਚ ਸਬਦ ਦਾ ਸੁਆਦ ਸੀ ਜੋ ਇਕ ਬੀਬੀ ਦੇ ਸਰੂਪ ਨੂੰ ਵੇਖਣ ਨਾਲ ਮਾਰਿਆ ਗਿਆ। ਉਸ ਕਿਹਾ ਇਹ ਭੈਣ ਹੈ ਜਿਸ ਮੇਰਾ ਕਲੇਜਾ ਕਢ ਲਿਆ ਹੈ, ਮੈਨੂੰ ਭਜਨ ਭੁਲ ਗਿਆ ਹੈ। ਬਾਬਾ ਜੀ ਕਿਹਾ ਭੈਣ ਨਹੀਂ ਦੇਵੀ ਹੈ, ਲੈ ਸੀਤ ਪ ਸਾਦ ਛਕ। ਉਸ ਛਕਿਆ ਤਾਂ ਬੁਧ ਉਜਲ ਹੋ ਗਈ ਤੇ...ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾ ਜਾਣੇ, ਵਾਲਾ ਹੋ ਗਿਆ। ਮੈਂ ਏਥੇ ਪੂਰਨ ਪੁਰਖਾਂ ਦੇ ਸੀਤ ਪਰਸਾਦ ਤੇ ਕੁਝ ਵਿਚਾਰ ਲਿਖਦਾ ਹਾਂ ਮਤੀ ਦਾਸ ਜੀ ਭੀ ਗੁਰੂ ਤੇਗ ਬਹਾਦਰ ਜੀ ਦਾ ਸੀਤ ਪਰਸਾਦ ਛਕਕੇ ਤਾਕਤ ਪਾਈ ਸੀ। ੩੦੮ ਕਬਿੱਤ ਤੇ ਲਿਖਿਆ ਹੈ। ਭਾਈ ਜੀ ਗੁਰ ਸਿਖ ਸੰਧ ਮਿਲਾਪ ਕੋ ਪਰਤਾਪ ਐਸੋ ਪ੍ਰੇਮ ਕੈ ਪਰਸ ਪਰ ਪਗ ਲਪਟਾਵਹੀ। ਦ੍ਰਿਸ੍ਟ ਦਰਸ ਅਰ ਸਬਦ ਸੁਰਤ ਮਿਲ ਪੂਰਣ ਬ੍ਰਹਮ ਗਿਆਨ ਧਿਆਨ ਲਿਵ ਲਾਵ ਹੀ। ਏਕ ਮਿਸਟਾਨ ਪਾਨ ਲਾਵਤ ਮਹਾਂ ਪ੍ਰਸਾਦ ਏਕ ਗੁਰ ਪੁਰਬ ਕੈ ਸਿਖਨ ਬੁਲਾਵਹੀ। ਸਿਵ ਸਨਕਾਦਿ ਬਾਛੈ ਤਿਨ ਕੇ ਉਚਿਸ੍ਟ ਕਉ ਸਾਧਨ ਕੀ ਦੂਖਨਾਂ ਕਵਨ ਫਲ ਪਾਵਹੀ

ਤੇ ਸਾਰਕਤਾਵਲੀ ਵਿਚ ਭੀ ਯੱਗ ਸੇਖ ਮੁਨ ਭੁਗਤ ਸੇਖ ਵਰ ਇਹ ਦੋਇ ਭੋਜਨ ਲਿਖਿਆ ਹੈ ਸੰਤ ਟੇਸਰ ਸਿੰਘ ਜੀ ਦੂਧ ਦੂਰਾਂ ਨੂੰ ਬਾਬਾ ਲਹਿਣਾਂ ਸਿੰਘ ਜੀ ਹੀ ਬੋਲਣਾਂ ਕਿਹਾ ਸੀ ਕਿ ਬਿਨ ਬੋਲੇ ਕਿਆ ਕਰੇ ਵਿਚਾਰਾ। ਆਪ ਦੇ ਮੇਲੀ ਬਾਬਾ ਪਤਾਸਾ ਸਿੰਘ ਜੀ ਚਕਰੀ ਨੱਗਰ ਤੋਂ ਔਂਦੇ ਆਪ ਦੀ ਸਿੱਕ ਵਿੱਚ ਰਾਹੇ ਹੀ ਚੜ੍ਹ ਗਏ ਸੀ ਓਹਨਾਂ ਦਾ ਭਜਨ ਕਰਨਾਂ ਪੈਂਦਾ ਹੈ ਕਹਿੰਦੇ ਕਿਉਂਕਿ ਓਹ ਭਜਨ ਭੁਲਕੇ ਸਾਡੀ ਯਾਦ ਵਿਚ ਵਕਤ ਲਾ ਚੜੇ ਹਨ। ਆਪ ਕਈ ਵਾਰ ਚਾਲੀ ਚਾਲੀ ਦਿਨ ਅੰਨ ਛੱਡ ਦੇਂਦੇ ਜਿਸੇ ਦਾਤਨ ਕੀਤੀ ਹੋਈ ਹੈ ਕੈਂਦੇ। ਆਪ ਦੀ ਸੰਗਤ ਨਾਲ ਕਈ ਮੂਰਖ। ਸਠ ਸੁਧਰੇ ਸਤ ਸੰਗਤ ਪਾਈ। ਪਾਰਸ ਪਰਸ ਕੁਧਾਂਤ ਸੁਹਾਈ। ਅਨੁਸਾਰ ਉਧਰੇ ਸੀ। ਆਪ ਜਦ ਸਾਡੇ ਨਗਰ ਸੰਮਤ ੧੯੪੫ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਹੋਲਾ ਹੋਇਆ ਸੀ। ਆਏ ਸੀ ਲੱਕਕਪੀਨ ਉੱਤੇ ਚਾਦਰਾ ਸੀ।

ਇੱਕ ਵੇਰ ਦੜਪ ਦੇ ਕੁਝ ਸੂਰ ਮੌਰਬਿਆਂ ਵਲ ਜਾਂਦੇ ਆਪ ਪਾਸ ਠੈਹਰੇ ਸੀ। ਬਚਨ ਚਲਿਆ ਤਾਂ ਬਾਬਾ ਜੀ ਕਿਹਾ ਸਿੱਖ ਨੂੰ ਵਿਹਾਰ ਅਹਾਰ ਕਪੜੇ ਜੋਗਾ ਹੀ ਕਰਨਾਂ ਚਾਹੀਦਾ ਹੈ ਹੁਤੀ ਹਉਮੈਂ ਹੀ ਹੈ।

ਬਾਬਾ ਜੀ ਚੜ੍ਹਾਈ ਤੋਂ ਕੱਈ ਦਿਨ ਪਹਿਲੋਂ ਕਹਿ ਦਿਤਾ ਸੀ। ਕਿ ਮੂੰਹ ਬੰਦ ਕਰਨਾਂ ਜਾਂ ਅਖੀਂ ਮੀਟਣੀਆਂ ਅੰਤ ਵੇਲੇ ਕੋਲੋਂ ਨਹੀਂ ਚਾਹੀਦੀਆਂ ਕਿਉਂ ਉਸ ਵਕਤ ਕੀ ਪਤਾ ਸੁਰਤੀ ਕਿਸ ਥਾਂ ਜੁੜੀ ਹੈ. ਉਸ ਵੇਲੇ ਕਾਲੇ ਨਾਂਗ ਜਿਉਂ ਹੁੰਦਾ ਹੈ। ਭਾਵ ਜੇ ਹਲਾਯਾ ਜਾਵੇ ਤਾ ਸਰਾਪ ਦੇਂਦਾ ਹੈ, ਤੇ ਉਸ ਅੰਤ ਸਮੇਂ ਦਾ ਸਰਾਪ ਐਵੇਂ ਨਹੀਂ ਜਾਂਦਾ ਹੈ। ਦਸਦੇ ਹਨ. ਕਿ ਬਾਬਾ ਜੀ ਬਾਲਕਾਂ ਨੂੰ ਕੰਨ ਨਾਲ ਕੰਨ ਲਾ ਸ਼ਬਦ ਦੀ ਧੁਨ ਅੰਦਰੋਂ ਹੁੰਦੀ ਸੁਣਾਂਦੇ ਸੀ। ਬਾਬਾ ਜੀ ਦੇ ਸਰੀਰ ਚੋਂ ਗੁਰਮੁਖ ਰੋਮ ਰੋਮ ਹਰਿ ਧਿਆਵੈ ਦੀ ਅਵਾਜ ਔਂਦੀ। ਬਾਬਾ ਜੀ ਰਿਧੀ ਸਿਧੀ ਨੂੰ ਰਿਧ ਸਿਧ ਮਾਇਆ ਮੋਹ ਹੈ। ਹਰਿ ਨਾਮ ਨ ਪਾਇਆ ਜਾਇ ਦਸਦੇ। ਪਾਰ ਪਏ ਲੰਘ ਵਰੇ ਸਰਾਪੇ ਪਦ ਤੇ ਨਜ਼ਰ ਰਖਦੇ ਸੀ। ਹਰਿ ਹਾਰ ਕੰਠ ਜਿਨੀ ਪਹਿਰਿਆ ਹਰਿ ਨਾਮਾ ਚਿਤ ਲਾਏ॥ ਤਿਨਾ ਪਿਛੇ ਰਿਧ ਸਿਧ ਫਿਰੇ ਓਹਨਾਂ ਤਿਲ ਨ ਤਮਾਇ॥ ਵਾਕ ਘਟਦਾ ਸੀ। ਆਪ ਗਰੀਬਾਂ ਨੂੰ ਰਸਤਾਂ ਛਕਾਂਦੇ ਗੁਪਤ ਦਾਨ ਕਰਦੇ। ਆਪ ਗੁਰਮੁਖ ਨਾਮ ਦਾਨ ਇਸ਼-ਨਾਨ ਧਾਰਨ ਰਖ ਕਰਕੇ ਨੀਚ ਸਦਾਵਣਾ ਤਾਂ ਪ੍ਰਭ ਲੇਖੇ ਅੰਦਰਿ ਪਾਈ ਕਮਾ ੧੯੪੯ ਸੰ: ਮਘਰ ਸਤਾਈ ਐਤਵਾਰ ਛੇ ਵਜੇ ਦਿਨ ਤ੍ਰੈਦਸੀ ਆਪ ਦੋ ਵਾਰੀ ਚਿੜੀ ਜਿਨੀ ਮਲ ਤਿਆਗ ਪਹਿਲੇ ਚਾਲੀ ਦਿਨ ਅੰਨ ਤਿਆਗ ਬੈਠੇ ਮਾਲਾ ਫੇਰਦੇ ਚੜੇ। ਆਪ ਦੀ ਫੋਟੋ ਇਕ ਚਾਦਰੇ ਤੇ ਕਪੀਨ ਤੇ ਪਊਏ ਧਾਰਨ ਕੀਤੀ, ਆਪਦੇ ਘਰ ਹਥਾਂ ਦੀਆਂ ਕੱਈ ਚੀਜ਼ਾਂ ਸਹਿਤ ਹੈਨ।

ਹੁੰਦੇ ਨ ਗੁਰੂ ਗੋਬਿੰਦ ਸਿੰਘ ਹਿੰਦ ਨਾਸਹੁੰਦੀ
ਗੁਰੂ ਰਾਮ ਸਿੰਘ ਬਿਨਾਂ ਸਿਖੀ ਮਿਟਚੱਲੀ ਸੀ।
ਬਾਈ ਸੂਬੇ ਗੁਰਾਂ ਥਾਪੇ ਨਾਮ ਓਨਾਂ ਨਿਤ ਗੁਰੂ,
ਸ਼ੁਰੂ ਉਪਦੇਸ ਓਨਾਂ ਕੀਤਾ ਕਾਰ ਹੱਲੀ ਸੀ।
ਸਾਧਾਂ ਮਿਲ ਸਾਧ ਹੋਇ ਜੂਨਾਂਤੋਂ ਅਜਾਦ ਹੋਇ,
ਸੰਤਾਂ ਗੁਰਾਂ ਮਿਲੇ ਸੰਤ ਜਿਨਾਂ ਦੀ ਸਵੱਲੀ ਸੀ।
ਨਾਨਕ ਗੁਰੂ ਨੂੰ ਨਹੀ ਸੀ ਮੰਨਦੇ ਤਰਨ ਸਿੰਘ,
ਹੁਣ ਵਾਂਗੂੰ ਆਪਣੀ ਜਿਨਾਂ ਦੀ ਮੱਤ ਝੱਲੀ ਸੀ

# (੧੧) ਬਾਬਾ ਜੋਤਾ ਸਿੰਘ ਜੀ

( ਵਲੋਂ—ਮਾਸਟਰ ਆਤਮਾ ਸਿੰਘ ਜੀ ਸਨਖਤ੍ਰਾ )

ਆਪ ਦਾ ਜਨਮ ਪਿੰਡ ਢਪਈ ਜ਼ਿਲਾ ਸਿਆਲ ਕੋਟ ਵਿਚ ਬਾਬੇ ਰਤਨੇ ਨਾਮ ਪ੍ਰਜਾਪਤ ਦੇ ਘ੍ਰ ਮਾਈ ਆਸ ਕੌਰ ਦੀ ਕੁਖੋਂ ਸੰ:੧੮-੭੯ ਬਿਕ੍ਰਮੀ ਨੂੰ ਹੋਇਆ। ਬਾਲ ਅਵਸਥਾ ਵਿਚਹੀ ਆਪ ਬੜੇ ਗੰਭੀਰ ਸੁਭਾਵ ਦੇ ਸਨ ਜਿਸਦੀ ਵਜਾਹ ਕਰਕੇ ਘਰ ਬਾਹਰ ਦੇ ਲੋਕ ਇਨ੍ਹਾਂ ਨੂੰ ਪਾਗਲ ਆਖਦੇ ਸਨ। ਇਕ ਦਿਨ ਬਾਬਾ ਜਮੀਤ ਸਿੰਘ ਜੀ ਗਿੱਲਾਂ ਵਾਲੇ ਢਪਈ ਆਏ ਅਰ ਇਨਾਂ ਦੀ ਵੈਰਾਗ ਮਈ ਦਸ਼ਾ ਵੇਖਕੇ ਏਸੇ ਪਿੰਡ ਦੇ ਇਕ ਸਰੂਪ ਸਿੰਘ ਨਾਮੀ ਸਿਖ (ਜੋ ਬਾਬੇ ਜਮੀਤ ਸਿੰਘ ਜੀ ਨਾਲ ਹਜਰੇ ਜਾਕੇ ਭਜਨ ਪੁਛ ਚੁਕਾ ਹੋਇਆ ਸੀ) ਨੂੰ ਆਖਿਆ ਕਿ ਭਾਈ ਇਸ ਲੜਕੇ ਨੂੰ ਹਜ਼ਰੋਂ ਸਾਹਿਬ ਤੋਂ ਭਜਨ ਪੁਛਾ ਲਿਆ। ਬਾਬੇ ਜੀ ਦੇ ਹੁਕਮ ਅਨੁਸਾਰ ਉਸ ਸਿਖ ਨਾਲ ਜਾਕੇ ਆਪ ਨੇ ਹਜਰੋਂ ਸਾਹਿਬ ਤੋਂ ਗੁਰਮੰਤ੍ਰ ਧਾਰਨ ਕੀਤਾ। ਗੁਰਮੰਤ੍ਰ ਧਾਰਨ ਕਰਕੇ ਆਪ ਸਿੱਪ ਦੇ ਸ੍ਵਾਂਤੀ ਬੂੰਦ ਧਾਰਨ ਕਰਕੇ ਦੋਵੇਂ ਪੜਦੇ ਜੁੜਨ ਵਾਂਗ ਜੁੜ ਗਏ। ਅਰ "ਦ੍ਵੈ ਤੇ ਏਕ ਰੂਪ ਹ੍ਵੈ ਗਇਉ" ਦੇ ਸਰੋਵਰ ਵਿਚ ਟੁੱਬੀਆਂ ਲਾਣ ਲਗੇ ਅਗੇ ਕਿਸੇ ਖੋਜ ਵਿਚ ਅਧੀਰਜ ਬ੍ਰਿਹੀ ਸਨ, ਅਰ ਹੁਨ ਕਿਸੇ ਅਮੋਘ ਵਸਤੂ ਦੇ ਪ੍ਰਾਪਤ ਹੋਨ ਤੇ ਮਗਨ ਸਨ। ਮਸਤੀ ਦੀ ਹਾਲਤ ਵਿਚ ਹੀ ਪਿੰਡ ਪਹੁੰਚੇ ਤੇ ਥੋੜਾ ਚਿਰ ਪਿੰਡ ਰਹਿਕੇ ਫਿਰ ਭੌਰ ਵਾਂਗ ਗੂੰਜ ਦੇ ੨ ਇਕੱਲੇਹੀ ਹਜਰੋਂ ਸਾਹਿਬ ਸਤਿਗੁਰੂ ਦੇ ਚਰਨਾਂ ਤੇ ਜਾ ਲਿਪਟੇ। ਇਹਨਾਂ ਦੀ ਅਜੇਹੀ ਦ੍ਰਿਸ਼ਟੀ ਵੇਖਕੇ ਸਤਿਗੁਰੂ ਬਾਲਕ ਸਿੰਘ ਜੀ ਬੜੇ ਪ੍ਰਸੰਨ ਹੋਏ ਅਰ ਬਚਨ ਕੀਤਾ ਕਿ ਸੰਤੋ ਤੁਸੀਂ ਹੁਨ ਸਾਡੇ ਪਾਸ ਔਣ ਦੀ ਏਤਨੀ ਦੂਰੋਂ ਖੇਚਲ ਨ ਕੀਤਾ ਕਰੋ। ਜੇ ਕਰ ਦ੍ਰਸਨ ਕਰਨਾ ਹੋਵੇ ਤਾਂ ਸ੍ਰੀ ਭੈਣੀ ਸਾਹਿਬ ਜਾ ਕੇ ਠਾਕਰਾਂ ਦੇ ਦਰਸ਼ਨ ਕਰਨੇ। ਮੇਰੇ ਪਾਸ ਉਨ੍ਹਾਂ ਠਾਕਰਾਂ ਦੀ ਅਮਾਨਤ ਸੀ ਜੋ ਉਨ੍ਹਾਂ ਨੂੰ ਸੌਂਪ ਦਿਤੀ ਹੈ। ਸਤਿਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਦੇਹ ਤੋਂ ਬਦੇਹ ਰਖਣ ਵਾਲਾ ਮਸਤੀ ਦਾ ਉਬਾਲਾ ਘਟ ਹੋ ਗਿਆ ਅਰ ਭਰੇ ਹੋਏ ਘਟ ਸਮਾਨ ਅਡੋਲ ਅਰ ਦਾਨਾ ਸੁਭਾਵ ਹੋਗਿਆ ਤੇ ਖੁਸ਼ੀਆਂ ਲੈਕੇ ਹਜ਼ਰੋ ਤੋਂ ਵਾਪਸ ਪਿੰਡ ਆ ਗਏ ਪਰ ਘਰ ਦੇ ਕਾਰਜਾਂ ਤੋਂ ਆਪ ਫਿਰ ਭੀ ਉਪਰਾਮ ਹੀ ਰਹਿੰਦੇ ਤੇ ਅਠੇ ਪਹਿਰ ਭਜਨਾਨੰਦ ਵਿੱਚ ਲੀਨ ਰਹਿੰਦੇ ਏਸੇਤਰਾਂ ਫਿਰ ਕੁਛ ਅਰਸਾ ਗੁਜ਼ਰ ਜਾਨ ਪਰ ਆਪਦਾ ਦਿਲ ਸਤਿਗੁਰੂ ਦਰਸ਼ਨ ਨੂੰ ਪਸੀਜਿਆ ਤੇ ਸ੍ਰੀ ਭੈਣੀ ਸਾਹਿਬ ਦੀ ਯਾਤ੍ਰਾ ਨੂੰ ਤੁਰ ਪਏ। ਪੈਹਲੀ ਵਾਰ ਭੈਣੀ ਸਾਹਿਬ ਜਾਣ ਦੀ ਸਾਖੀ ਬਾਬਾ ਜੀ ਆਪਨੀ ਜ਼ਬਾਨੀ ਇਓਂ ਦਸਦੇ ਹੁੰਦੇ ਸਨ-ਕਿ ਜਦ ਮੈਂ ਮੰਜਲੋ ਮੰਜਲੀ ਸ੍ਰੀ ਭੈਣੀ ਸਾਹਿਬ ਦੇ ਨਜ਼ਦੀਕ ਗਿਆ ਤਾਂ ਮੇਰੇ ਦਿਲ ਵਿਚ ਫੁਰਨਾ ਹੋਇਆ ਕਿ ਮੈਂ ਅਨਜਾਣ ਅਰ ਨਾਵਾਕਫੀ ਦੇ ਤੌਰ ਪਰ ਜਾ ਰਿਹਾ ਹਾਂ, ਵੇਖੀਏ ਸਤਿਗੁਰਾਂ ਦੇ ਦ੍ਰਸਨ ਕਿਵੇਂ ਹੁੰਦੇ ਹਨ ਜਾਂ ਮੈਂ ਪਿੰਡ ਦੇ ਪਾਸ ਏਹ ਸੋਚਾਂ ਸੋਚਦਾ ਪਹੁੰਚਾ ਤਾਂ

ਅੰਤ੍ਰਜਾਮੀ ਸ੍ਰੀ ਠਾਕੁਰ ਜੀ ਅਪਨੇ ਮੰਦ੍ਰਾਂ ਤੇ ਖਲੋਤੇ ਇਉਂ ਬਚਨ ਕਰ ਰਹੇ ਸਨ-'ਜੱਸਾਂ ਆਹ ਦੜਪ ਦਾ ਕੁਪੱਤਾ ਆਇਆ ਹਈ ਏਹ ਮੈਥੋਂ ਭੀ ਦੋ ਹਥ ਕਰਵਾਊਗਾ, ਆਦਿ। ਏਹ ਅਗੰਮੀ ਬਚਨ ਮੈਨੂੰ ਕਿਸੇ ਅਣੀਆਲੇ ਤੀਰ ਵਾਂਗ ਲਗੇ ਜਿਨ੍ਹਾਂ ਦੀ ਬੇਹਬਲਤਾ ਨਾਲ ਮੈਨੂੰ ਨਹੀਂ ਪਤਾ ਲਗਾ ਕਿ ਕਿਸੇ ਵੇਲੇ ਮੈਂ ਸਤਿਗੁਰਾਂ ਦੇ ਚਰਨ ਕੋਠੇ ਪਰ ਹੀ ਜਾ ਪਰਸੇ ਹਨ ਮੈਨੂੰ ਤਦ ਹੋਸ਼ ਆਈ ਜਾਂ ਕਿਸੇ ਹਿਮਾਲੇ ਤੋਂ ਸੀਤਲ ਕਰ ਕਵਲਾਂ ਨਾਲ ਪਾਵਨ ਸਤਿਗੁਰਾਂ ਨੇ ਚੁਕ ਕੇ ਕੋਟ ਜਨਮਾਂ ਦੀ ਤਪਤ ਨੂੰ ਇਕ ਛਿਨ ਵਿਚ ਮਿਟਾ ਦੇਣ ਵਾਲੇ ਪਾਵਨ ਹਿਰਦੇ ਨਾਲ ਲਾ ਲਿਆ ਤੇ ਬਚਨ ਕੀਤਾ ਆ ਦੜਪੀਆ ਘੁਲੀਏ। ਮੈ ਉਸ ਵਕਤ ਜੋ ਅਪਾਰ ਸੁਖ ਨੂੰ ਮਾਣ ਰਿਹਾ ਸਾਂ। ਅਰਜ਼ਕੀਤੀ ਕਰੁਣਾ ਨਿਧਾਨ-'ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨ ਹਾਰੋ ਜਾਨੈ।' ਮੈਂ ਤੇਰੇ ਇਸ ਚੋਜ ਨੂੰ ਕਿਵੇਂ ਜਾਣ ਸਕਦਾ ਹਾਂ, ਪਰ ਆਪ ਪਾਸੋਂ ਚਰਨ ਦਬਾਨ ਦੀ ਅਗਿਆ ਹੀ ਮੰਗਦਾ ਹਾਂ, ਮੈਂ ਤਾਂ ਅਜੇ ਅਜਿਹੇ ਬਚਨ ਕਰ ਰਿਹਾ ਸਾਂ ਕਿ ਚੋਜੀ ਪ੍ਰੀਤਮ ਨੇ ਮੈਨੂੰ ਕਮਰ ਤੋਂ ਫੜਕੇ ਕੋਠੇ ਤੋਂ ਹੀ ਪਟਕ ਦਿਤਾ। ਹੇਠਾਂ ਡਿਗਦਿਆਂ ਮੇਰੇ ਹਥਾਂ ਵਿਚ ਸਤਿਗੁਰਾਂ ਦਾ ਚਰਣ ਆਗਿਆ ਸਤਿਗੁਰਾਂ ਨੇ ਕੋਠੇ ਉਤੇ ਮੈਨੂੰ ਏਧਰ ਓਧਰ ਬਹੁਤ ਘਸੀਟਿਆ ਪਰ ਚਰਨ ਮੈਥੋਂ ਨ ਛੁਡਾਇਆ ਤੇਇਕ ਥਾਂ ਖਲੋਤੇ ਬਚਨ ਕੀਤਾ ਲੈ ਭਈ ਮਹਿੰਤਾ ਸਿਖੀ ਰਖਲਈ ਪਰ ਕਿਤੇ ਏਹ ਨ ਸਮਝਨਾ ਕਿ ਚਰਨ ਤੇਰੇ ਜ਼ੋਰ ਨਾਲ ਤੇਰੇ ਹਥਾਂ ਵਿਚ ਰਿਹਾ ਹੈ, ਨਹੀਂ, ਛੁਡਾਨ ਵਾਲੇ ਛੁਡਾਇਆ ਹੀ ਨਹੀਂ। ਚੰਗਾ ਹੁਨ ਤੁਸਾਂ ਗੁਰੂ ਘਰਦੇ ਪ੍ਰਚਾਰ ਦਾ ਕੰਮ ਤਕੜੇ ਹੋਕੇ ਕਰਨਾ ਗੁਰੂ ਸਦਾ ਤੁਹਾਡੇ ਅੰਗ ਸੰਗ ਹੈ ਆਦਿ ਕਈ ਵਰ ਦਿਤੇ ਏਸੇਤਰਾਂ ਹਰਦ੍ਵਾਰ ਦੇ ਦੌਰੇ ਵਿਚ ਜਦ ਸਤਿਗੁਰਾਂ ਨੇ ਸਲੋਤਰ ਨਾਲ ਸੁਧਾਰ ਕਰਨ ਦਾ ਸਾਂਗ ਕੀਤਾ ਤਾਂ ਕਰੀਬਨ ਸਾਰੇ ਸਿਖਾਂ ਨੂੰ ਸਲੋਤਰ ਖੜਕੇ ਪਰ ਮੇਰੇ ਸਰੀਰ ਤੇ ਕ੍ਰਿਪਾ ਹੀ ਰਹੀ। ਇਕ ਦਿਨ ਸਾਰੇ ਸਿਖ ਆਪਸ ਵਿਚ ਕਹਿਨ ਲਗੇ ਜੋਤਾ ਸਿੰਘ ਦਾ ਸਤਿਗੁਰੂ ਲਿਹਾਜ ਰਖਦੇ ਹਨ। ਅੰਤ੍ਰਜਾਮੀ ਪਾਤਸ਼ਾਹ ਏਸ ਗਲ ਨੂੰ ਜਾਣ ਗਏ ਅਰ ਮੈ ਅਕਲਾਜੇ ਅਪਨੀ ਮੌਜ ਵਿਚ ਵਿਚਰ ਰਿਹਾ ਸੀ ਤਾਂ ਚੋਜੀ ਪਾਤਸ਼ਾਹ ਮੋਢੇ ਤੇ ਸਲੋਤਰ ਧਰੀ ਲਾਲ ਨੇਤ੍ਰ ਕਰੀ ਮੇਰੇ ਵਲ ਔਂਦੇ ਮੇਰੀ ਨਜ਼ਰ ਵਿਚ ਆ ਗਏ-ਮੈਂ ਸਮਝਿਆ ਅਜ ਮੇਰੀ ਵਾਰੀ ਭੀ ਆਗਈ ਜਾਪਦੀ ਏ-ਪਰ ਚੰਗਾ ਜਿਵੇਂ ਚੋਜੀ ਦੇ ਚੋਜ ਹਨ ਹੋਣ ਦਿਓ। ਏਹੋ ਜਹੀਆਂ ਦਲੀਲਾਂ ਸੋਚਦਾ ਮੈਂ ਇਕਦਮ ਸਤਿਗੁਰਾਂ ਵਲ ਦੌੜ ਪਿਆ, ਅਰ ਝਟ ਹੀ ਜਾਕੇ ਬਗੈਰ ਕਿਸੇ ਝਿਜਕ ਦੇ ਬੇਗ਼ਮਤਾ ਦੇ ਹੁਲਾਰੇ ਨਾਲ ਸਤਿਗੁਰਾਂ ਦੀ ਗ੍ਰੀਵਾ ਨੂੰ (ਜੋ ਹੰਸ ਵਾਂਗ ਉਚੀ ਸੀ) ਦੋਵੇ ਹਥਾਂ ਨਾਲ ਕੜ੍ਹਿੰਘੀ ਨਾਲ ਫੜਲਿਆ ਅਰ ਸਤਿਗੁਰਾਂ ਦੀ ਲੰਮੀ ਦੇਹ ਨਾਲ ਮੈ ਤੋਰੀ ਵਾਂਗ ਲਮਕ ਪਿਆ। ਫਿਰ ਕੀ ਸੀ ਸਤਿਗੁਰਾਂ ਨੇ ਸਲੋਤ੍ਰ ਉਲਾਰਕੇ ਬੜੀ ਉਚੀ ਸੁਰ ਨਾਲ ਬਚਨ ਕੀਤਾ। ਆਂਹਦੇ ਨੇ ਏਹਨੂੰ ਮਾਰਦਾ ਨਹੀ,ਲੌ ਦਸੋ ਏਹਨੂੰ ਮੈ ਹੁਨ ਕਿਥੇ ਮਾਰਾਂ? ਏਸ ਤਰਾਂ ਦੀਆਂ ਅਨੇਕ ਸਾਖੀਆਂ ਆਪ ਦੀ ਦ੍ਰਿਸਟੀ ਗੋਚਰ ਸਨ ਤੇ ਆਪ ਬੜੇ ਪ੍ਰੇਮ ਨਾਲ ਸੁਣਾਂਦੇ ਹੋਏ ਕਹਿੰਦੇ ਹੁੰਦੇ ਸਨ ਕਿ ਭਾਈ ਏਹ ਗੁਰੂ ਕੀ ਕਥਾ ਹੈ ਜੋ ਸੁਣੇਗਾ ਨਿਸਚੇ ਅਮਰ ਹੋਵੇਗਾ।

ਸਤਿਗੁਰੂ ਜੀ ਦੀਆਂ ਖੁਸ਼ੀਆਂ ਲੈਕੇ ਏਨ੍ਹਾਂ ਬਿਆਸ ਲੰਘਕੇ ਪ੍ਰਚਾਰ ਸ਼ੁਰੂ ਕਰ ਦਿਤਾ ਅਰ

ਥਨਾਂ ਤਕ ਹਜ਼ਾਰਾਂ ਜੀਵਾਂ ਨੂੰ ਗੁਰਮੰਤ੍ਰ ਦੇ ਸੁਮਾਰਗ ਤੇ ਲਾਇਆ। ਆਪਦੀ ਰਸਨਾਵਿਚ ਐਸੀ ਤਾਸੀਰ ਨਾਮ ਅਭਿਆਸ ਦੇ ਕਾਰਨ ਹੋ ਚੁਕੀ ਸੀ ਕਿ ਜਿਸ ਜੀਵ ਨੂੰ ਭੀ ਗੁਰਮੰਤ੍ਰ ਦੇਂਦੇ ਉਸਦੀ ਹਾਲਤ ਇਕ ਦਮ ਬਦਲ ਜਾਂਦੀ ਇਸਤੋਂ ਇਲਾਵਾ ਆਪ ਜੋ ਸਾਧਾਰਨ ਬਚਨ ਭੀ ਕਰਦੇ ਉਹ ਭੀ ਬਿਲਕੁਲ ਸਿਧ ਹੁੰਦੇ ਆਪਦੇ ਪ੍ਰਚਾਰ ਦੀ ਕੀਰਤੀ ਸਤਿਗੁਰੂ ਦੇ ਚਰਨਾਂ ਵਿਚ ਭੀ ਪਹੁੰਚੀ ਅਰ ਸੰ: ੧੯੨੦ ਵਿਚ ਸੂਬਿਆਂ ਦੀ ਸਥਾਪਨਾ ਸਮੇ ਆਪਨੂੰ ਦੜਪਦਾ ਸੂਬਾ ਨੀਯਤ ਕੀਤਾ ਗਿਆ।

ਇਕ ਵਾਰੀ ਦੜਪ ਦੇ ਦੌਰੇ ਵਿਚ ਸਤਿਗੁਰਾਂ ਦੇ ਦੀਵਾਨ ਵਿਚ ਬੈਠਿਆਂ ਪਿੰਡ ਚਾਲ੍ਹੀਂ ਕਿਸੇ ਮਸਤ ਨੇ ਨੇ ਬਾਬਾ ਜੀ ਦੇ ਸਿਰੋਂ ਦਸ ਤਾਰ ਲਾਹ ਦਿਤੀ ਪਰ ਏਹ ਅਡੋਲ ਨੰਗੀਂ ਕੇਸੀਂ ਆਪਣੇ ਰਸ ਵਿਚ ਮਗਨ ਬੈਠੇ ਰਹੇ। ਸਤਿਗੁਰੂ ਜੀ ਏਨ੍ਹਾਂ ਨੂੰ ਏਸਤਰਾਂ ਵੇਖ ਆਖਣ ਲਗੇ ਕਿ ਮਹੰਤ ਜੀ ਦਸਤਾਰ ਸਜਾ ਲਓ। ਏਹਨਾਂ ਬਚਨ ਕੀਤਾ ਸਚੇ ਪਾਤਿਸ਼ਾਹ, ਤੇਰੇਮਸ ਤਾਨਿਆਂਦੀ ਲਾਹੀ ਹੋਈ ਪਗ ਮੈਂ ਆਪਨਿਆਂ ਹਥਾਂ ਨਾਲ ਕਿਵੇਂ ਬੰਨ੍ਹਾਂ। ਆਪਨੂੰ ਅਰ ਓਹਨਾਂ ਨੂੰ ਸ਼ਾਇਦ ਏਸਤਰਾਂ ਮਨਜ਼ੂਰ ਹੋਵੇਗੀ ਸਤਿਗੁਰੂ ਅਜੇਹੀ ਨਿਮ੍ਰਤਾ ਵੇਖ ਬੜੇ ਦਿਆਲ ਹੋਏ ਅਰ ਨਵੀਂ ਹੋਰ ਦਸਤਾਰ ਲਿਆਕੇ ਆਪਣੀ ਹਥੀਂ ਪੰਜ ਪੇਚ ਮਾਰ ਬਚਨ ਕੀਤਾ, ਲਓ ਹੁਣ ਖੁਸ਼ੀ ਹੋ। ਏਸਤ੍ਰਾਂ ਦੇ ਅਨੇਕਾਂ ਚਰਿਤ੍ਰ ਪੁਰਾਣੇ ਬਜ਼ੁਰਗਾਂ ਤੋਂ ਅਜ ਵੀ ਸੁਣੇ ਜਾਂਦੇ ਹਨ।

ਏਸਤਰਾਂ ਸੰਮਤ ੧੯੨੮ ਵਿਚ ਚੀਨੀ ਵਾਲੇ ਪਾਤਿਸ਼ਾਹ ਦੇ ਭਾਣਾਂ ਵਰਤਾਣ ਪਿਛੋਂ ਜਾਂ ਨਾਮਧਾਰੀ ਪੰਥ ਤੇ ਸਰਕਾਰੀ ਪਾਬੰਦੀਆਂ ਲਗ ਗਈਆਂ ਤੇ ਆਪਸ ਵਿਚ ਸੰਗਤ ਦਾ ਮਿਲਾਪ ਘਟ ਗਿਆ ਤਾਂ ਏਨ੍ਹਾਂਦੇ ਦਿਲ ਪਰ ਏਸ ਵਿਛੋੜੇ ਦਾ ਬੜਾ ਅਸਰ ਹੋਯਾ ਅਰ ਅਠੇ ਪਹਿਰ ਵੈਰਾਗੀ ਜਹੇ ਰਹਿਣ ਲਗ ਪਏ। ਏਸ ਅਵਸਥਾ ਵਿਚ ਵੇਖ ਘਰ ਦੇ ਸਨ-ਬੰਧੀਆਂ ਬਹੁਤ ਜ਼ੋਰ ਦੇਕੇ ੨੨ ਭਾਦੋਂ ਸੰ: ੧੯੩੦ ਨੂੰ ਇਨ੍ਹਾਂ ਦਾ ਅਨੰਦ ਕਰਵਾ ਦਿਤਾ। ਅਨੰਦ ਹੋਣ ਤੋਂ ਪਿਛੋਂ ਆਪ ਕੁਝ ਵਿਵਹਾਰ ਭੀ ਕਰਣ ਲਗ ਪਏ। ਆਪਦੇ ਗ੍ਰਿਹਿ ਵਿਖੇ ਦੋ ਬੀਬੀਆਂ ਅਰ ਇਕ ਲੜਕਾ ਹੋਇਆ (ਜੋ ਮਹੰਤ ਕਰਮ ਸਿੰਘ ਦੇ ਨਾਮ ਪਰ ਪ੍ਰਸਿਧ ਹਨ) ਸੰਗਤ ਦੇ ਦਰਸ਼ਨ ਨੂੰ ਬਾਬਾ ਜੀਦਾ ਦਿਲ ਉਛਾਲੇ ਮਾਰ ਰਿਹਾਸੀ। ਪਰ ਕੋਈ ਚਾਰਾ ਨਾ ਬਣਦਾ। ਅਖੀਰ ਇਕ ਬੀਬੀ ਜੋ ੯ ਸਾਲ ਅਰ ਦੂਜੀ ਜੋ ੫ ਸਾਲ ਦੀ ਸੀ ਦੋਹਾਂ ਬੀਬੀਆਂ ਦੇ ਅਨੰਦ ਰਚਾ ਦੇਣ ਦੀ ਤਦਬੀਰ ਬਾਬਾ ਜੀਨੇ ਸੋਚ ਜ਼ਿਲੇ ਵਿਚ ਜਾ ਦਰਖਾਸਤ ਕੀਤੀ ਕਿ ਮੈਂ ਦੋ ਬੀਬੀਆਂ ਦਾ ਅਨੰਦ ਕਰਾਣਾ ਚਹੁੰਦਾ ਹਾਂ। ਜਾਂ ਡੀ. ਸੀ. ਨੇ ਅਨੰਦਾਂ ਤੇ ਔਣ ਵਾਲੇ ਸਿਖਾਂ ਤਾਦਾਦ ਅਰ ਜ਼ਮਾਨਤ ਵਾਸਤੇ ਪੁਛਿਆ ਤਾਂ ਆਪਨੇ ਦੋਹਾਂ ਸਵਾਲਾਂ ਦਾ ਜਵਾਬ ਏਹ ਦਿਤਾ ਕਿ ਨਾ ਔਣ ਵਾਲਿਆਂ ਸਿਖਾਂ ਦੀ ਤਦਾਦ ਦਾ ਪਤਾ ਹੈ ਅਰ ਨਾਂ ਉਨ੍ਹਾਂ ਦੀ ਜ਼ਮਾਨਤ ਦਾ ਕੋਈ ਇੰਤਜ਼ਾਮ ਹੈ। ਜੇ ਕਹੋ ਤਾਂ ਕਾਰਜ ਕਰ ਲੈਂਦਾ ਹਾਂ ਜੇ ਨਹੀਂ ਤਾਂ ਆਪਦੀ ਮਰਜ਼ੀ। ਇਜੇਹੇ ਸਚੇ ਤੇ ਭੋਲੇ ਬਚਨ ਸੁਣਕੇ ਡੀ. ਸੀ. ਨੇ ਅਨੰਦਾਂ ਵਾਸਤੇ ਹੁਕਮ ਦੇ ਦਿਤਾ ਏਹ ਹੁਕਮ ਬਾਬਾ ਜੀ ਵਾਸਤੇ ਇਕ ਨਵਾਂ ਜੀਵਨ ਸੀ।

ਝਟ ਪਿੰਡ ਆਨਕੇ ੨੧ ਮਾਘ ਸੰਮਤ ੧੯੪੩ ਦਾ ਦਿਨ ਮੁਕਰਰ ਕਰ ਸੰਗਤ ਵਿਚ ਅਰਦਾਸਾਂ ਭੇਜ ਦਿਤੀਆਂ।

ਦੂਸਰੇ ਪਾਸੇ ਕਿਸੇ ਮੁਖਬਰ ਨੇ ਲਾਹੌਰ ਮੁਖ ਬਰੀ ਕਰ ਦਿਤੀ ਕਿ ਡੀ. ਸੀ. ਜਿ਼ੇ ਸਿਆਲ ਕੋਟ ਨੇ ਪਿੰਡ ਢਪਈ ਵਿਚ ਕੂਕਿਆਂ ਨੂੰ ਮੇਲਾ ਕਰਨ ਦੀ ਆਗਿਆ ਦੇ ਦਿਤੀ ਹੈ। ਜਿਸਦੀ ਵਜਾ ਕਰਕੇ ਏਥੇ ੩ ਲਖ ਕੂਕੇਔਣ ਦੀ ਅਵਾਈ ਹੈ ਅਰ ਏਨਾਂ ਲੋਕਾਂ ਦਾ ਅਕਠ ਗੌਰਮਿੰਟ ਨੂੰ ਬੜਾ ਹਾਨੀ ਕਾਰਕ ਹੈ। ਏਸ ਮੁਖਬਰੀ ਤੋਂ ਪੰਜਾਬ ਦੇ ਲਾਟ ਨੇ ਡਿਪਟੀ ਕਮਿਸ਼ਨਰ ਤੋਂ ਜਵਾਬ ਤਲਬ ਕੀਤਾ ਜਿਸ ਵਿਚ ਡੀ. ਸੀ. ਨੇ ਅਪਨਾ ਦਿਤਾ ਹੋਇਆ ਹੁਕਮ ਮਨਸੂਖ ਨ ਕੀਤਾ ਪਰ ਗੌਰਮਿੰਟ ਤੋਂ ਨਿਗਰਾਨੀ ਵਾਸਤੇ ਪੁਲਸ ਅਰ ਫੌਜ ਦੀ ਮੰਗ ਕੀਤੀ ਜੋ ਮੁਕਰਰ ਦਿਨ ਤੋਂ ੬ ਦਿਨ ਪਹਿਲਾਂ ਕਈ ਪਲਟਨਾਂ ਅਰ ਕਈ ਪੁਲਸ ਦੇਦਸਤੇ ਅਪਨੇ ਅਪਨੇ ਸਮਾਨ ਲੈਕੇ ਢਪਈ ਦੇ ਦੁਆਲੇ ੨-੨ ਮੀਲ ਵਿਚ ਘੇਰਾ ਪਾਕੇ ਬੈਹ ਗਏ।

ਏਧਰ ਸੰਗਤਾਂ ਨੂ ਭੀ ਮੇਲਾ ਵੇਖਣ ਦਾ ਮੌਕਾ ਬਰਸਾਂ ਪਿਛੋਂ ਮਿਲਿਆ ਸੀ ੨੪ ਮਾਘ ਤੋਂ ਸੰਗਤਾਂ ਔਣੀਆਂ ਸ਼ੁਰੂ ਹੋ ਗਈਆਂ। ਅਫਸਰਾਂ ਬਾਬਾ ਜੀ ਨੂੰ ਇਕ ਪਸਾਰ ਵਿਚ ਬਹਾਲ ਦੁਆਲੇ ਪੈਹਰਾ ਲਾ ਦਿਤਾ ਅਰ ਬਾਹਰੋਂ ਆ ਰਹੀ ਬੇਅੰਤ ਸੰਗਤ ਨੂੰ ੪-੪ ਸਿਖ ਕਰਕੇ ਦ੍ਰਸ਼ਨ ਮੇਲੇ ਵਾਸਤੇ ਅੰਦਰ ਲਿਆਂਦਾ ਜਾਂਦਾ,ਅਰ ਫਤੇ ਬੁਲਾਨ ਤੋਂ ਸਿਵਾ ਹੋਰ ਬਚਨ ਕੀਤੇ ਬਿਨਾ ਉਨਾਂ ਸਿਖਾਂ ਨੂੰ ਬਾਹਰ ਕਢਿਆ ਜਾਂਦਾ ਦੂਜੇ ਥਾਂ ਲੰਗਰ ਵਾਲੀ ਜਗ੍ਹਾ ਤੇ ਲਿਜਾ ਕੇ ਪਾਨੀ ਛਕਾਕੇ ਅਪਨੇ ਅਪਨੇ ਪਿੰਡਾਂ ਦੇ ਰਸਤੇ ਪਾਇਆ ਜਾਂਦਾ। ਅਜੇਹੀ ਹਾਲਤ ਦੀ ਖਬਰ ਸਭ ਇਲਾਕਿਆਂ ਵਿਚ ਹੋ ਗਈ ਅਰ ਸਭ ਸੰਗਤ ਪਿਛਾਂਹ ਦੀ ਪਿਛਾਂਹ ਮੁੜਗਈ ਏਸ ਤਰਾਂ ਨਿਗ੍ਰਾਨੀਹੇਠਾਂ ੨੭ ਮਾਘਨੂੰ ਅਨੰਦ ਕਾਰਜ ਕੀਤਾ। ਅਜੇ ਅਨੰਦ ਕਾਰਜ ਤੋਂ ਵੇਹਲ ਨਹੀਂ ਸੀ ਹੋਈ ਕਿ ਲਾਟ ਪੰਜਾਬ ਭੀ ਢਪਈ ਪਹੁੰਚ ਪਿਆ ਅਤੇ ਆਪਨੇ ਤੰਬੂ ਵਿਚ ਬਾਬਾ ਜੀ ਨੂ ਸਦ ਭੇਜਿਆ। ਬਾਬਾ ਜੀ ਸਾਰੇ ਕੰਮ ਵਿਚੇਛਡਕੇ ਸਾਹਿਬ ਵਲਪੁਲਸ ਦੀ ਨਿਗ੍ਰਾਨੀ ਹੇਠ ਜਾਂ ਤੁਰੇ ਤਾਂ ਸਭ ਉਥੇ ਦੀ ਸੰਗਤ ਅਰ ਸਨਬੰਧੀਆਂ ਨੂੰ ਸ੍ਰੀ ਭੈਣੀ ਸਾਹਿਬ ਵਾਲੀ ਯਾਦ ਤਾਜ਼ਾ ਹੋ ਗਈ। ਬਾਬੇ ਹੁਰਾਂ ਵਲ ਦੇਖ ਦੇਖ ਸਭ ਬੜੇ ਅਧੀਰਜ ਜਹੇ ਹੋ ਗਏ ਜਿਨਾਂ ਨੂੰ ਬਾਬਾ ਜੀ ਨੇ ਹੌਸਲੇ ਨਾਲ ਅਡੋਲ ਰਹਿਨ, ਅਕਾਲ ਭਜਨ ਕਰਨ ਦੀ ਪ੍ਰੇਰਨਾਂ ਕੀਤੀ ਤੇ ਕਿਹਾ ਕਿ ਭੈਣੀ ਵਾਲਾ ਮੇਰਾ ਠਾਕਰ ਭਲੀ ਕਰੇਗਾ ਤੁਸੀਂ ਕੋਈ ਫਿਕਰ ਨ ਕਰੋ ਇਤ ਆਦਕ ਸਾਰਿਆਂ ਨੂੰ ਧੀਰਜ ਧਾਰਾਂਦੇ ਆਪ ਲਾਟ ਨੂੰ ਜਾ ਮਿਲੇ, ਲਾਟ ਦੇ ਦਿਲ ਉਤੇ ਆਪਦੇ ਦਰਸਨ ਦਾ ਖਾਸ ਅਸਰ ਹੋਇਆ ਅਰ ਬੜੇ ਅਦਬ ਨਾਲ ਮਿਲਿਆ ਘਰ ਬਗੈਰ ਕਿਸੇ ਖਾਸ ਬਚਨ ਦੇ ਕੀਤਿਆਂ ਅਪਨੇ ਕ੍ਰਮ ਚਾਰੀਆਂ ਨੂੰ ਕਿਹਾ ਕਿ ਐਸੇ ਸਾਧ ਦਾ ਮੇਲਾ ਕਿਉਂ ਖਰਾਬ ਕਰਨਾ ਸੀ ਪਰ ਅੱਛਾ ਸਭ ਅਮਲਾ ਫੈਲਾ ਹੁਨੇ ਉਠਾ ਲਉ। ਏਨਾ ਹੁਕਮ ਦੇਕੇ ਆਪ ਭੀ ਰਵਾਨਾ ਹੋਗਿਆ ਅਰ ਬਾਬਾ ਜੀ ਨੂੰ ਭੀ ਆਪਨੀ ਖੁਸ਼ੀ ਅਨਸਾਰ ਵਿਚਰਨ ਦੀ ਆਗਜਾ ਦੇਕੇ ਵਾਪਸ ਪਿੰਡ ਭੇਜ ਦਿਤਾ ਏਸਾਂਰੂ ਏਨਾਂ ਦੋਵਾਂ ਅਨੰਦਾਂ ਦਾ ਭੋਗ ਪਿਆ।

ਇਕਵਾਰ ਬਾਬਾ ਜੇਤਾ ਸਿੰਘ ਜੀ ਕੱਕੜ ਜ਼ਿਲਾ ਅਮ੍ਰਿਤਸਰ ਵਿਚ ਸ੍ਰਦਾਰ ਬੁਧ ਸਿੰਘ ਰਸਾਲਦਾਰ ਮੇਜਰ ਦੀ ਬੈਠਕ ਵਿਚ ਬੈਠੇ ਹੋਏ ਸਨ। ਸਾਧ ਸੰਗਤ ਵੀ ਬਹੁਤ ਸਾਰੀ ਇਕੱਤ੍ਰ ਹੋਈ ਹੋਈ ਸੀ, ਸ੍ਰ: ਬੁਧ ਸਿੰਘ ਜੀ ਨੇ ਬੜੇ ਵੈਰਾਗੀ ਹੋਕੇ ਆਪਣੇ ਸਫੈਦ ਅਤੇ

ਲੰਬੇ ਦਾੜ੍ਹੇ ਦੇ ਨਾਲ ਬਾਬਾ ਜੇਤਾ ਸਿੰਘ ਜੀ ਦੇ ਚਰਨ ਝਾੜਨੇ ਸ਼ੁਰੂ ਕਰ ਦਿਤੇ ਅਤੇ ਨਾਲ ਹੀ ਬੇਨਤੀ ਕੀ ਤੀ ਕਿ ਬਾਬਾ ਜੀ ਰਾਜਨੀਤੀ ਵਿਚ ਲਿਖਜਾ ਹੈ ਕਿ "ਅਨਪੁਤ੍ਰੇ ਦੀ ਗਤ ਨਹੀਂ ਸ੍ਵਰਗ ਵਿਖੇ ਹਨੀਂ ਠੌਰ ਇਹ ਤੁਕ ਕਹਿਕੇ ਸ੍ਰਦਾਰ ਸਾਹਿਬ ਵੈਰਾਗੀ ਹੋ ਗਏ ਅਤੇ ਉਧਰ ਬਾਬਾ ਜੇਤਾ ਸਿੰਘ ਜੀ ਵੀ ਮਸ-ਤਾਨੇ ਹੋ ਗਏ। ਕੁਝ ਅਰਸੇ ਬਾਦ ਬਾਬਾ ਜੇਤਾ ਸਿੰਘ ਸਾਹਿਬ ਨੇ ਮਸਤ ਹੋਕੇ ਬੜੇ ਜ਼ੋਰ ਨਾਲ ਕਿਹਾ "ਬੁਧ ਸਿੰਘ ਤੇਰੇ ਘਰ ਭੁਜੰਗੀ ਹੋਵੇਗਾ, ਤੇਰੇ ਘਰ ਭੁਜੰਗੀ ਹੋਵੇਗਾ ਤਿੰਨ ਵਾਰੀ ਬਚਨ ਕੀਤਾ ਅਤੇ ਨਾਲ ਹੀ ਏਹ ਮੋਹਰ ਲਗਾਈ ਕਿ ਗੁਰੂ ਘਰਦਾ ਸੇਵਕ ਹੋਵੇਗਾ ਅਤੇ ਬਲੀ ਹੋਵੇਗਾ। ਓਸੇ ਸਾਲ ਦੇ ਵਿਚ ਹੀ ਸ: ਸਾ: ਦੇ ਘਰ ਭੁਜੰਗੀ ਪੈਦਾ ਹੋਇਆ ਅਏ ਓਸਦਾ ਨਾਮ ਦਇਆ ਸਿੰਘ ਰਖਿਆ।

ਇਹ ਸ੍ਰਦਾਰ ਦਇਆ ਸਿੰਘ ਜੀ ਓਹੀ ਹੈਨ ਜੇਹੜੇ ਨਾਮਧਾਰੀ ਪੰਥ ਦੇ ਚਮਕਦੇ ਸਿਤਾਰੇ ਹੈਨ।

## ਨਿਤ ਕਰਮ

ਗੁਰ ਬਾਨੀ ਨਾਲ ਆਪਦਾ ਬੜਾ ਪ੍ਰੇਮ ਸੀ ਪੜ੍ਹੇ ਹੋਏ ਆਪ ਕਿਸੇ ਤੋਂ ਇਕ ਅੱਖਰ ਭੀ ਨਹੀਂ ਸਨ। ਪਰ ਗੁਰੂ ਕ੍ਰਿਪਾ ਨਾਲ ਸਾਰਾ ਗ੍ਰੰਥ ਸਾਹਿਬ ਆਪ ਨੂੰ ਕੰਠਾਗਰਸੀ, ਆਪਦੀ ਮੌਜੂਦਗੀ ਵਿਚ ਕੋਈ ਪਾਠੀ ਇਕ ਲਗ ਮਾਤ੍ਰ ਭੀ ਅਸ਼ੁਧ ਪੜ੍ਹਕੇ ਨਹੀਂ ਲੰਘ ਸਕਦਾਸੀ ਆਪਦੇ ਪਾਸੋਂ ਗੁਰੂ ਘਰ ਦੀਆਂ ਸਾਖੀਆਂ ਸੁਨਨ ਵਾਸਤੇ ਅਠੇ ਪੈਹਰ ਸੰਗਤ ਜੁੜੀ ਬਣੀ ਰਹਿੰਦੀ ਨਿਕੇ ਵਡੇ ਨੂ "ਵੀਰਾ" ਪਦ ਨਾਲ ਬੁਲਾਣਾ ਆਪ ਦਾ ਸੁਭਾਵ ਹੀ ਬਨ ਗਿਆ ਹੋਇਆ ਸੀ ਅਰ ਨਾਮ ਅਭਿਆਸ ਭੀ ਆਪਦਾ ਤੇਲ ਧਾਰਾਵਤ ਇਕ ਰਸ ਹੋ ਚੁੱਕਾ ਸੀ ਜੋਹਰ ਵੇਲੇ ਹਰ ਕਾਰਜ ਕਰਦਿਆਂ ਨੂੰ ਵੇਖਨ ਵਿਚ ਔਂਦਾ। ਰਾਤ ਨੂੰ ਜਦ ਕਦੇ ਮਸਤੀ ਵਿਚ ਹੋ ਜਾਂਦੇ। ਸਵਾ ਪੈਹਰ ਤੜਕੇ ਦਾ ਇਸ਼ਨਾਨ ਆਪਦਾ ਪ੍ਰਪੱਕ ਨਿਜਮਸੀ ਜੋ ਹੁਨਤਕ ਪ੍ਰਵਾਰ ਵਿਚ ਪ੍ਰਚਲਤ ਹੈ।

## ਚਲਾਣਾ


ਆਪਦੇ ਦ੍ਰਸ਼ਨ ਵਿਚ ਖਾਸ ਕਸ਼ਸ਼ਸੀ ਕਈ ਰੋਗੀ ਆਪਦੇ ਦਰਸ਼ਨ ਨਾਲ ਹੀ ਰਾਜੀ ਹੋ ਜਾਂਦੇ ਸਨ। ਭੂਤ ਪ੍ਰੇਤ ਦੇ ਛਾਇਆ ਵਾਸਤੇ ਆਪਦਾ ਫਰਮਾਨ ਹੀ ਕਾਫੀ ਹੁੰਦਾ ਸੀ। ਸ਼ਰਧਾ ਵਾਲੇ ਅਜਤਕ ਆਪਦੇ ਨਾਮ ਵਿਚ ਇਹ ਸ਼ਕਤੀ ਦਸਦੇ ਹਨ। ਇਸਤ੍ਰਾਂ ਨਾਮਦਾਨ ਇਸ਼ਨਾਨ ਤੇ ਧਰਮ ਦੀ-ਕਿਰਤ ਵਿਰਤਵਿਚ ਸਾਵਨਦੀਸੰਗ੍ਰਾਂਦਵਾਲੇਦਿਨ ਆਪ ਨੂੰ ਬੁਖਾਰ ਹੋਗਿਆ ਪਰ ਓਤੇ ਦਸੇ ਨਿਤ ਕਰਮਾਂ ਵਿਚ ਫਰਕ ਨ ਪੈਨ ਦਿਤਾ ਇਸ਼ਨਾਨ ਪਾਣੀ ਬਦਸਤੂਰ ਕਰਦੇ ਰਹੇ ਜਾਂ ਸਨਬੰਧੀਆਂ ਨੇ ਇਲਾਜ ਵਾਸਤੇ ਆਖਿਆ ਤਾਂ ਆਪਨੇ ਸਰਬ ਰੋਗ ਦਾ ਔਖਧ ਨਾਮ ਹੀ ਦਸਕੇ ਸਭਦੀ ਤਸੱਲੀ ਕਰ ਦਿਤੀ ਪੰਜਵੇਂ ਦਿਨ ਬੁਖਾਰ ਦੀ ਜ਼ਿਆਦਤੀ ਨਾਲ ਆਪ ਅਪਨੇ ਨਿਜਮ ਮੁਤਾਬਕ ਅਪਨੀ ਹਥੀਂ ਇਸ਼ਨਾਨ ਨ ਹੁੰਦਾ ਵੇਖ ਸਨਬੰਧੀਆਂਨੇ ਇਸ਼ਨਾਨ ਕਰਾਨ ਵਾਸਤੇ ਆਖਜਾ ਪਰ ਕਿਸੇ ਸਰੀਰ ਨੇ ਭੀ ਏਨਾਂ ਦੀ ਹਾਲਤ ਦੇ ਮੁਤਾਬਿਕ ਏਹ ਗਲਨ ਮੰਨੀ ਦਿਨ ਚੜੇ ਜਾਂ ਗਿਲਾਂ ਤੋਂ ਇਕ ਸਿਖ ਪ੍ਰਤਾਪ ਸਿੰਘ ਨਾਮ ਇਨ੍ਹਾਂ ਦੀ ਖਬਰ ਵਾਸਤੇ ਆਇਆ ਤਾਂ ਆਪ ਉਸਨੂੰ ਆਖਨ

ਲਗੇ ਪ੍ਰਤਾਪ ਸਿੰਘ ਅਜਮੈਂ ਸ੍ਰੀਰ ਦੀ ਕਮਜੋਰੀ ਕਰਕੇ ਆਪ ਇਸ਼ਨਾਨ ਨਹੀਂ ਕਰ ਸਕਿਆ ਇਨਾਂ ਸਨ ਬੰਧੀਆਂ ਨੂੰ ਕਿਹਾ ਸੀ ਇਨ੍ਹਾਂ ਭੀ ਮੇਰਾ ਬਚਨ ਨਹੀ ਮੰਨਿਆ ਪਰ ਮੈਂ ਇਸ਼ਨਾਨ ਜਰੂਰ ਕਰਨਾ ਹੈ ਪ੍ਰਤਾਪ ਸਿੰਘ ਨੇ ਉਸੇ ਵਕਤ ਜਲ ਲਿਆਕੇ ਏਨਾਂ ਦੀ ਮਰਜੀ ਮੁਤਾਬਕ ਇਸ਼ਨਾਨ ਕਰਵਾ ਦਿਤਾ, ਇਸ਼ਨਾਨ ਤੋਂ ਬਾਦ ਆਪ ਨਵਾਂ ਮੰਜਾਂ ਨਵਾਂ ਬਿਸਤ੍ਰਾ ਮੰਗਵਾ ਉਸਤੇ ਬੈਹ ਗਏ ਅਰਸਾਰੇ ਸਨ ਬੰਧੀਆਂ ਸਮੇਤ ਅਪਨੇ ਸਪੁਤ ਮਹੰਤ ਕਰਮ ਸਿੰਘ ਜੀ ਨੂੰ ਪਾਸ ਏਠਾਲਕੇ ਸੁਕ੍ਰਿਤ ਵਿਹਾਰ ਕਰਨਾ, ਆਏ ਸਿਖ ਸਾਧ ਦੀ ਸੇਵਾ ਕਰਨਾ ਨਾਮ ਜਪਨਾ ਤੇ ਕੁਸੰਗਤ ਤੋਂ ਬਚਣਾ ਆਦਿ ਅਮੋਲਕ ਸਿਖਿਆ ਦਿਤੀਆਂ ਮਗਰ ਅਪਣੇ ਸਸਕਾਰ ਦੀ ਖਾਸ ਜਗਾਹ ਦਸ ਮੰਜੇ ਤੇ ਬਰਾਜ ਗਏ ਅਰ ਇਕ ਸਿਖ ਨੂੰ ਬਾਣੀ ਦੇ ਪਾਠ ਤੇ ਲਾ ਦਿਤਾ ਤੇ ਜਦ ਜਪਜੀ ਦਾ ਭੋਗ ਪਿਆ ਤਾਂ ਉਸੇ ਵਕਤ ਆਪ ੫ ਸਾਵਨ ਸੰ: ੧੯੧੪ ਨੂੰ ਇਸ ਮਾਤ ਲੋਕ ਨੂੰ ਛਡ ਗੁਰ ਪੁਰੀ ਨੂੰ ਸਿਧਾਰ ਗਏ।


# ਆਸ਼ਿਕ ਦੇ ਦਿਲ ਦਾ ਅਰਮਾਨ

ਯਕੀਨਨ ਮਾਨਤੇ ਸਭ ਹੈਂ, ਤੁਝੇ ਹਾਜ਼ਰ ਭੀ ਨਾਜ਼ਿਰ ਭੀ।
ਭਲਾ ਕਾਹੇ ਕੋ ਯੇਹ ਫਿਰ, ਮਸਜਦੋ ਮੰਦਰ ਸ਼ਿਵਾਲੇ ਹੈਂ।
ਕਰੇਂ ਦਾਵਾ ਫਕੀਰੀ ਕਾ, ਪਲੇ ਨਾਜ਼ੋ ਨਅਮ ਸੇ ਹੈਂ।
ਯੇ ਆਸ਼ਕ ਕੋ ਨਸੀ, ਬਸਤੀ ਕੇ ਯਾ ਰਬ ਰਹਿਨੇ ਵਾਲੇ ਹੈਂ।
ਅਗਰ ਹੈ ਜੁਸਤਜੂ ਉਸਕੀ, ਤੋ ਹੋ ਜਾ ਗ਼ਰਕ ਉਲਫਤ ਮੇਂ।
ਫ਼ਨਾ ਹੋਕਰ ਮਿਲੇਗਾ ਕੁਛ, ਯਹੀ ਹਮ ਕਹਿਨੇ ਵਾਲੇ ਹੈਂ।
ਜਵਾਨਾਨੇ ਵਤਨ ਪਰ ਕੁਛ, ਚੜ੍ਹਾ ਹੈ ਰੰਗ ਬੇ ਢੰਗਾ।
ਨ ਹਿੰਦੂ ਹੈਂ ਨ ਮੁਸਲਿਮ ਹੈਂ, ਨ ਗੋਰੇ ਹੈਂ ਨ ਕਾਲੇ ਹੈਂ।
ਕੋਈ ਜ਼ਰ ਬਫ਼ਤ ਪਹਿਨੇ ਹੈਂ, ਤਰਸਤਾ ਕੋਈ ਗਾੜ੍ਹੇ ਕੋ।
ਅਜਬ ਹੈ ਸ਼ਾਨ ਭਗਵਨ ਕੀ, ਖੇਲ ਉਸਕੇ ਨਿਰਾਲੇ ਹੈਂ।
ਨਹੀਂ ਕੁਛ ਜ਼ੇਬ ਦੇਤਾ ਹੈ ਤਿਰਾ, ਪਰਦੇ ਮੇਂ ਯੂੰ ਰਹਿਨਾਂ।
ਯੇ ਰਸਤੇ ਤੇਰੀ ਗਲੀਓਂ ਕੇ ਤੋ, ਹਮ ਨੇ ਦੇਖੇ ਭਾਲੇ ਹੈਂ।
ਵਸਾਲੇ ਯਾਰ ਅਬ ਹੋ ਯਾ, ਖਤਮ ਹੋ ਦਾਸ ਤਾਂ ਅਪਨੀ।
ਯਹੀ ਅਰਮਾਨ ਹੈ ਦਿਲ ਮੇਂ, ਯੇਹੀ ਫਰਜਾਦੋ ਨਾਲੇ ਹੈਂ।
ਲਗਾਨੇ ਦੋ ਲਗਾਤੇ ਹੈਂ ਸਿਤਮ ਰੋਜ਼ੀ ਕੋ ਵੁਹ ਦਰਕੇ।
ਤਿਰੇ ਹਮ ਆਸਤਾਂ ਸੇ ਦੇਵ, ਕਿਓਂ ਅਬ ਹਟਨੇ ਵਾਲੇ ਹੈਂ।

(ਸ੍ਰੀ ਮਾਨ ਦੇਵਰਾਜ ਜੀ ਮੰਦਲ ਅਫਰੀਕਾ)



ਬੀਤਰਾਗ ਬਾਬਾ ਜਵਾਹਰ ਸਿੰਘ ਜੀ ਨਿਰਮਲ ਰੂਪ ਵਿਚ



ਬੀਤਰਾਗ ਬਾਬਾ ਜਵਾਹਰ ਸਿੰਘ ਜੀ ਨਾਮਧਾਰੀ ਰੂਪ ਵਿਚ

# (੧੨) ਸ੍ਰੀ ਬਾਬਾ ਸੁਰਜਨ ਸਿੰਘ ਜੀ

## ਆਹਲੂਲਾਲ

ਇਨ੍ਹਾਂ ਮਹਾਂ ਪੁਰਸ਼ਾਂ ਦਾ ਜਨਮ ਸੰ: ੧੮-੯੦ ਵਿਚ ਪਿੰਡ ਆਹਲੂ ਲਾਲ ਭਾਈ ਗੁਲਾਬ ਸਿੰਘ ਜਿਮੀਦਾਰ ਦੇ ਗ੍ਰਿਹਿ ਹੋਇਆ। ਇਨ੍ਹਾਂ ਤੋਂ ਛੋਟੀ ਭੈਣ ਭੀ ਸੀ। ਜਿਸਦਾ ਨਾਮ ਸੁਰ ਜਨ ਕੌਰ ਸੀ, ਇਨ੍ਹਾਂ ਦੇ ਮਾਤਾ ਪਿਤਾ ਨਿਕੇ ਹੁੰਦਿਆਂ ਦੇ ਚੜ੍ਹਾਈ ਕਰਗਏ ਤੇ ਇਨ੍ਹਾਂ ਦਾ ਰਿਵਾਜ ਬਾਬੇ ਆਤਮਾ ਸਿੰਘ ਪਾਸ ਗੁਰਦੁਆਰੇ ਔਣ ਦਾ ਹੋਗਿਆ ਤੇ ਸੰਗਤ ਦੇ ਆਸਰੇ ਨਾਲ ਆਪ ਜੀ ਨੇ ਬਾਬੇ ਜੋਤਾ ਸਿੰਘ ਜੀ ਤੋਂ ਗੁਰ-ਮੰਤ੍ਰ ਧਾਰਨ ਕੀਤਾ, ਗੁਰਮੰਤ੍ਰ ਧਾਰਕੇ ਅ ਪ ਮਸਤਾਨੇ ਜਹੇ ਹੋ ਗਏ। ਜਦ ਕਦੇ ਦੀਵਾਨ ਸਜਦਾ ਤਾਂ ਸੁਤ੍ਰੀ ਜ਼ਰੂਰ ਹੋ ਜਾਂਦੇ ਅਰ ਸੁਰ-ਜਨ ਕੌਰ ਉਹਲੇ ਹੋਕੇ ਵੇਖਦੀ ਰਹਿੰਦੀ ਤੇ ਇਕ ਵਾਰੀ ਪੁਛਨ ਲਗੀ ਕਿ ਭਰਾ ਜੀ ਤੁਹਾਨੂੰ ਰੋਜ਼ ਕੀ ਹੋਜਾਂਦਾ ਹੈ। ਤਾਂ ਆਪਨੇ ਹਸਕੇ ਕਿਹਾ ਬੀਬੀ ਏਥੇ ਮੇਰੇ ਦਸਨ ਦੀ ਲੋੜ ਨਹੀ, ਤੂੰ ਬਾਬੇ ਜੋਤਾ ਸਿੰਘ ਨੂੰ ਆਪ ਹੀ ਪੁਛ ਲੈ ਉਹ ਤੈਨੂੰ ਸਾਰਾ ਪਤਾ ਦਸ ਦੇਣਗੇ। ਏਸੇ ਚਾ ਵਿਚ ਬੀਬੀ ਨੇ ਵੀ ਭਜਨ ਪੁੱਛਲਿਆ ਫਿਰਕੀ ਸੀ ਬੀਬੀ ਦੀ ਬਿਵਸਥਾ ਭੀ "ਹਉ ਫਿਰਉ ਦੀਵਾਨੀ ਆਵਲ ਬਾਵਲ" ਵਾਲੀ ਹੋਗਈਤੇ ਦੋਵੇ ਭੈਣ ਭਰਾਇਕੋ ਜਹੇ ਬਣਗਏ। ਤਿਆਗੀ ਆਪ ਇਤਨੇ ਸਨ ਕਿ ਇਕ ਮ ਈ ਦੇ ਆਖਨ ਪਰ ਅਪਨੀ ਸਾਰੀ ਜਮੀਨ ਇਕ ਸਿੱਖ ਲੜਕੇ ਦੇ ਨਾਂ ਲਵਾ ਦਿ ੀ ਤੇ ੯੦੦) ਰੁਪੈਜਾ ਗਹਿਨੇ ਦਾ ਲਿਖ ਦਿਤਾ। ਜਾਂ ਇਹਕੰਮ ਕਰਕੇ ਗਿਲੀਂ ਦਰਸ਼ਨ ਮੇਲੇ ਵਾਸਤੇ ਗਏ ਤਾਂ ਬਾਬੇ ਜਮੀਤ ਸਿੰਘ ਨੇ ਬਚਨ ਕੀਤਾ—ਸਿਖਾ ਤੂੰ ਬੜਾ ਮਾੜਾ ਕੰਮ ਕੀਤਾ ਹੈ ਜੇ ਕਰ ਜ਼ਮੀਨ ਤੂੰ ਜਰੂਰ ਦੇਣੀ ਸੀ ਤਾਂ ਕਿਸੇ ਗੁਰਦੁਆਰੇ ਨੂੰ ਅਰਦਾਸ ਕਰ ਦੇਂਦੇ। ਇਕ ਲੜਕਾ ਤਾਂ ਇਸ ਜ਼ਮੀਨ ਦਾ ਮਾਲਕ ਨ ਬਣਦਾ। ਏਹ ਗਲ ਸੁਣ ਇਹ ਪਛਤਾਏ ਤਾਂ ਸਹੀ ਪਰ ਚੁਪ ਕਰ ਰਹੇ। ਆਖਰ ਸੰਗਤ ਨੇ ਉਸ ਲੜਕੇ ਨੂੰ ਸਦਕੇ ਕਿਹਾ ਕਿ ਇਹ ਜ਼ਮੀਨ ਤੂੰ ਛਡ ਦੇਹ ਤੇਰੇ ਵਾਸਤੇ ਏਹੋ ਮੁਨਾਸਿਬ ਹੈ। ਉਸ ਲੜਕੇ ੯੦੦) ਦੀ ਵਸੂਲੀ ਲਿਖਕੇ ਜ਼ਮੀਨ ਤੇ ਫ਼ਕ ਰਹਿਨ ਦਾ ਕਾਗਜ਼ ਲਿਖ ਦਿਤਾ ਪਰ ਬਾਬਾ ਜੀ ਉਸ ਜ਼ਮੀਨ ਨੂੰ ਨਿਰਾ ਬੰਧਨ ਰੂਪ ਸਮਝਦੇ ਸਨ। ਓਹੀ ਜਮੀਨ ਫਿਰ ਆਤਮਾ ਸਿੰਘ ਦੇ ਨਾਮ ਗੁਰਦੁਆਰੇ ਦੇ ਨਾਂ ਅਰਦਾਸ ਕਰ ਦਿਤੀ ਤੇ ਅਪਨੀ ਸਾਰੀ ਅਵਸਥਾ ਭ ਨਾਨੰਦ ਵਿਚ ਬਾਬੇ ਅ: ਸ: ਦੀ ਸੰਗਤ ਵਿਚ ਹੀ ਰਹਿਕੇ ਬਤੀਤ ਕੀਤੀ ਇਨਾਂ ਦੇ ਚਲਾਣੇ ਬਾਬਤ ਇਓਂ ਪਤਾ ਲਗਾ ਹੈ। ਕਿ ਇਕ ਦਿਨ ਆਪ ਨੂੰ ਬੁਖਾਰ ਹੋਗਿਆ ਸਿਆਲ ਦੇ ਦਿਨ ਸਨ ਵਰਖਾ ਤੇ ਹਵਾ ਦਾ ਜ਼ੋਰ ਸੀ, ਥੋੜੇ ਦਿਨ ਨਾਲ ਆਪਣੇ ਪਾਸ ਬੈਠੇ ਸ੍ਰੀਰਾਂ ਨੂੰ ਆਖਣ ਲਗੇ ਕਿ ਸਵੇਰ ਨੂੰ ਤਾਂ ਮੈਂ ਚੜ੍ਹਾਈ ਕਰ ਜਾਣੀ ਹੈ, ਪਰ ਬਾਬਾ ਬੁਢਾ ਸਿੰਘ ਜੀ 'ਵਾਂ'ਵਾਲਿਆਂ ਦੇ ਦਰਸ਼ਨ ਨੂੰ ਚਿਤ ਕਰਦਾ ਹੈ। ਏਹ ਬਚਨ ਆਹਲੂ ਵਾਲ ਦੇ ਹਨ। ਉਧਰ ਬਾਬਾ ਜੀ ਅਪਨੇ ਪਿੰਡ 'ਵਾਂ' ਵਿਚ ਬੈਠੇ ਥੋੜੇ ਜਹੇ ਦਿਨ ਨਾਲ ਕੰਘਾ ਕਰ

ਰਹੇ ਸਨ ਝਟ ਅਪਨੇ ਘਰ ਦੇ ਸਾਥੀਆਂ ਨੂੰ ਆਖਣ ਲਗੇ ਭਾਈ ਬਾਬੇ ਸੁਰਜਨ ਸਿੰਘ ਨੇ ਯਦ ਕੀਤਾ ਹੈ ਅਰ ਮੈਂ ਚਲਿਆ ਹਾਂ ਘਰਦੇ ਸ੍ਰੀਰਾਂ ਹਨੇਰੇ ਤੇ ਠੰਢ ਦਾ ਇਸ਼ਾਰਾ ਕੀਤਾ ਤੇ ਕਿਹਾ ਸਵੇਰੇ ਚਲੇ ਜਾਇਓ,ਪਰ ਆਪ ਉਸੇ ਵਕਤ ਦਸਤਾਰ ਸਜਾ ਅਰਦਾਸ ਸੋਧ ਕਮਰ ਕਸਾ ਲਾ ਦਿਤਾ ਰਸਤਾ ੩੦-੩੫ ਕੋਹ ਦਾਸੀ ਅਰ ਰਸਤੇ ਵਿਚ ਕਹਿਆ ਭੀ ਸੀ ਪਰ ਜਾਂ ਅਧੀਕੁਰਾਤ ਹੋਈ ਤਾਂ ਬਾਬੇ ਸੁਰਜਨਸਿੰਘ ਨੇ ਅਪਨੇ ਪਾਸ ਵਾਲਿਆਂ ਨੂੰ ਕਿਹਾ ਕਿ ਭਾਈ ਦਰਵਾਜਾ ਖੋਲ੍ਹ ਦਿਉ,ਬਾਬਾ ਬੁਢਾ ਸਿੰਘ ਜੀ ਆ ਰਹੇ ਹਨ ਇਹ ਬਚਨ ਕਰਦੇ ਸਨ ਕਿ ਬਾਬਾ ਜੀ ਨੇ ਆਨ ਫਤੇ ਬੁਲਾਈ ਸਭ ਸ੍ਰੀਰ ਵੇਖਕੇ ਹੈਰਾਨ ਰਹਿ ਗਏ ਖੈਰਿਆਂ ਪਾਸ ਵਿਚ ਦੋਵੇਂ ਗੁਰ ਭਾਈ ਮਿਲਕੇ ਪ੍ਰਸਪਰਬੜੇ ਅਨੰਦ ਹੋਏ,ਗੁਰੂ ਘਰ ਦੇ ਅਨੇਕ ਬਚਨ ਕੀਤੇ ਤੇ ਇਨਾਂ ਪੁਛਿਆ ਕਿ ਵਰਖਾ ਦੇ ਦਿਨ ਸਨ ਦਰਯਾ ਦਾ ਕੀ ਹਾਲ ਸੀ। ਤਾਂ ਅਗੋਂ ਬਾਬੇ ਵਾਂ ਵਾਲੇ ਬੜੇ ਬੰਗ ਵਿਚਹੋ ਕਿਹਾ ਕਿ ਮੈਂ ਦਰਜਾ ਕਦ ਲੰਘਿਆ ਹਾਂ ਤੇ ਕਿਨਾ ਕੁ ਪਾਣੀ ਸੀ ਇਤ ਆਦਿਕ ਬਚਨ ਕਰਦਿਆਂ ਰਾਤ ਗੁਜ਼ਰ ਗਈ ਅਰ ਅੰਮ੍ਰਿਤ ਵੇਲੇ ਗੁਰਬਾਣੀ ਦਾ ਪਾਠ ਸੁਣਕੇ ਸੂਰਜ ਚੜਦੇ ਨਾਲ ਏਹ ਮਹਾਤਮਾ ੭੦ ਸਾਲ ਦੀ ਆਯੂ ਵਿਚ ਗੁਰਪੁਰੀ ਨੂੰ ਸਿਧਾਰ ਗਏ।

# ਪੂਰਾ ਫੱਕਰ

ਫੱਕਰ ਰਹੇ ਫਿਕਰ ਤੋਂ ਦੂਰ॥ ਵਾਹਿਦ ਮਸਤੀ ਵਿਚ ਮਖ਼ਮੂਰ ॥ ੧ ॥
ਇਕੋ ਜਾਣੇਂ ਮੁਰਸ਼ਦ ਮੌਲਾ॥ ਨਾਂ ਕੁਈ ਭਾਰਾ ਨਾਂ ਕੁਈ ਹੌਲਾ ॥ ੨ ॥
ਛੱਡੇ ਦੁਨਯਾਂ ਦਾ ਸਭ ਝੇੜਾ॥ ਕਰਦੇ ਸਾਰਾ ਦੂਰ ਬਖੇੜਾ ॥ ੩ ॥
ਮੇਰ ਤੇਰ ਤੋਂ ਰਹੇ ਨਿਆਰਾ॥ ਸਭ ਦੇ ਅੰਦਰ ਦੇਖੇ ਪਿਆਰਾ ॥ ੪ ॥
ਅੰਦਰ ਅਪਣੇਂ ਝਾਤੀ ਮਾਰੇ॥ ਤੱਕੇ ਪਰਦਾ ਚੁੱਕ ਨਜ਼ਾਰੇ ॥ ੫ ॥
ਰਹੇ ਮੌਜ ਵਿਚ ਸਦਾ ਖ਼ੁਸ਼ਹਾਲ॥ ਕਿਸੇ ਸਵ੍ਹੇਂ ਨਾਂ ਕਰੇ ਸਵਾਲ ॥ ੬ ॥
ਭਰ ਭਰ ਪੀਵੇ ਪ੍ਰੇਮ ਪਿਆਲੇ॥ ਅੰਦਰ ਜੋਤ ਅਗੰਮੀਂ ਬਾਲੇ ॥ ੭ ॥
ਉਸਤਤ ਨਿੰਦਾ ਵਿੱਚ ਅਡੋਲ॥ ਜੀਵਨ ਰੱਖੇ ਸਦਾ ਨਿਰੱਲ ॥ ੮ ॥
ਅੱਖਾਂ ਦੇ ਵਿਚ ਰਾਤ ਗੁਜ਼ਾਰੇ॥ ਸੁੱਤਾ ਰਹੇ ਨ ਮਾਰ ਘਰਾੜੇ ॥ ੯ ॥
ਥੋੜਾ ਖਾਵੇ ਥੋੜਾ ਬੋਲੇ ॥ ਮਹਿਰਮ ਬਾਝ ਨ ਘੁੰਡੀਖੋਹਲੇ॥ ੧੦ ॥
ਰੱਖੇ ਬੇਗ਼ਮ ਪੁਰੇ ਨਿਵਾਸ ॥ ਐਵੇਂ ਲਏ ਨ ਉੱਭੇ ਸਾਸ ॥ ੧੧ ॥
ਹਰ ਹਾਲਤ ਵਿਚਰਹੇ ਮਸਤਾਨਾਂ॥ ਨਾਂ ਕੁਈ ਅਪਣਾਂ ਨਾਂਬੇਗਾਨਾਂ ॥ ੧੨ ॥
ਨਫਸ ਦਾ ਘੋੜਾ ਜ਼ਿਕਰ ਲਗਾਮ॥ ਦੇਕੇ ਚੜ੍ਹੇ ਸੁਬਹ ਤੇ ਸ਼ਾਮ ॥ ੧੩ ॥
ਮਰਦਨ ਪੰਜ ਕਰੇ ਜੋ ਚੂਰਾ॥ ਕਹਿ"ਆਲਿਮ"ਸੋਫੱਕਰਪੂਰਾ॥ ੧੪ ॥

# (੨੩) ਬੀਤਰਾਗ ਸੰਤ ਕੇਸਰ ਸਿੰਘ ਜੀ ਚਵਿੰਡਾ

( ਵਲੋਂ ਸ੍ਰੀ "ਵਹਿਮੀ" ਜੀ )

ਨਾਮਧਾਰੀ ਪੰਥ ਦੇ ਮਹਾਨ ਫਖਰ ਅਤੇ ਸੰਤ ਸਮਾਜ ਦੇ ਮੁਕਟ ਮਣਿ ਸੰਤ ਕੇਸਰ ਸਿੰਘ ਜੀ ਦਾ ਜਨਮ ਜ਼ਿਲਾ ਸਿਆਲਕੋਟ ਦੇ ਨੱਗਰ ਚਵਿੰਡੇ ਵਿਖੇ ਹੋਇਆ ਸੀ। ਆਪ ਦੇ ਪਿਤਾ ਜੀ ਦਾ ਸ਼ੁਭ ਨਾਮ ਭਾਈ ਗੁਰਦਿਤ ਸਿੰਘ ਸੀ ਅਤੇ ਸ੍ਰੀ ਮਾਤਾ ਜੀ ਦਾ ਨਾਮ ਪ੍ਰੇਮ ਕੌਰ ਸੀ ਕਹਾਵਤ ਮਸ਼ਹੂਰ ਹੈ। 'ਹੋਨ ਹਾਰ ਬਿਰਵ ਕੇ ਚਿਕਨੇ ਚਿਕਨੇ ਪਾਤ' ਜਿਸ ਮਹਾਂ ਪੁਰਸ਼ ਨੇ ਆਦਰਸ਼ ਸੂਰਤ ਵਿਚ ਜੀਵਨਲੁਕਾਈ ਦੇ ਸਾਹਮਣੇ ਰਖਣਾ ਹੁੰਦਾ ਹੈ। ਉਹ ਹੋਸ਼ ਸੰਭਾਲਦਿਆਂ ਹੀ ਵਿਲੱਖਣ ਸੁਭਾਉ ਪ੍ਰਗਟ ਕਰਨ ਲੱਗ ਪੈਂਦੇ ਹਨ। ਸ੍ਰੀ ਸੰਤ ਕੇਸਰ ਸਿੰਘ ਜੀ ਨੇ ਵੀ ਜਦ ਬਾਲ ਅਵਸਥਾ ਤੋਂ ਅਗੇਰੇ ਕਦਮ ਰਖਿਆ, ਤਾਂ ਦੂਰ ਦੀ ਸੋਝੀ ਰੱਖਣ ਵਾਲੇ ਲੋਕਾਂ ਨੂੰ ਪਤਾ ਲੱਗਣ ਲਗ ਪਿਆ ਕਿ ਇਹ ਵੱਡਾ ਹੋਕੇ ਜਗਤ ਲਈ ਨਮਨਾ ਬਣਕੇ ਦਸੇਗਾ ਜੀਭ ਤੋਂ ਝੂਠ ਨਾਂ ਬੋਲਣਾਂ, ਸਾਫ ਸਾਫ ਗੱਲ ਕਰਨੀ ਕਿਸੇ ਤੋਂ ਨਾਂ ਝਕਣਾਂ ਅਤੇ ਸਚਾਈ ਪ੍ਰਤੀਤ ਹੋਣ ਤੇ ਕਿਸੇ ਦੀ ਧਮਕੀ ਅੱਗੇ ਨਾਂ ਝੁਕਣਾਂ ਇਹ ਸੀ ਆਪ ਦਾ ਸੁਭਾਉ। ਅਕਾਲ ਪੁਰਖ ਨੇ ਆਪ ਦੀ ਦੇਵੀ ਮੂਰਤ ਵਿਚ ਉਸ ਬੀਜ ਦਾ ਅੰਕਰ ਉਗਾ ਦਿਤਾ ਸੀ, ਜਿਸ ਨੇ ਅਗਾਹਾਂ ਵਧਕੇ ਇਕ ਵੱਡਾ ਛਾਇਆ ਦਾਰ ਰੁਖ ਬਣਨਾਂ ਤੇ ਅਨੇਕਾਂ ਨੂੰ ਛਾਇਆ ਦੇਕੇ ਅਰਾਮ ਪੁਚਾਣਾਂ ਸੀ।

ਧੰਨਤਾ ਜੋਗ ਹੈ ਉਹ ਖੇੜਾ ਜਿਥੇ ਮਹਾਂ ਪੁਰਸ਼ ਜਨਮ ਲੈਂਦੇ ਹੈਨ ! ਸੁਭਾਗ ਹੈ ਉਹ ਕੁਲ ਜੋ ਸੰਤ ਪੈਦਾ ਕਰਨ ਦਾ ਮਾਣ ਪ੍ਰਾਪਤ ਕਰਦੀ ਹੈ ! ਅਤੇ ਧੰਨ ਹੁੰਦੀਆਂ ਹਨ ਉਹ ਮਹਾਂ ਪੂਜਨੀਜ ਮਾਤਾਵਾਂ, ਜਿਨ੍ਹਾਂ ਦੀਆਂ ਸੁਭਾਗ ਕੁਖਾਂ ਵਿਚੋ ਪ੍ਰੇਮੇਸ਼ਰ ਦੇ ਪਿਆਰੇ ਜਨਮ ਦੇ ਹਨ ! ਚਵਿੰਡਾ ਜਿਸ ਵਿਚ ਸ੍ਰੀ ਬਾਬਾ ਜੀ ਨੇ ਜਨਮ ਲਿਆ, ਚੀਨੀ ਵਾਲੇ ਸੋਹਣੇ ਪਾਤਸ਼ਾਹ ਦੇ ਚਰਨ ਪਰਸਨ ਕਰਕੇ ਅੱਗੇ ਹੀ ਧੰਨ ਹੋ ਚੁਕਾ ਸੀ। ਉਸ ਦੀ ਖ਼ਾਕ ਤਾਰਨ ਹਾਰ ਸਾਂਈ ਦੇ ਕਦਮਾਂ ਨੇ ਅਸਰ ਵਾਲੀ ਬਣਾ ਦਿਤੀ ਸੀ। ਉਹ ਖੂਹ ਜੋ ਹਜੂਰ ਦੇ ਬਚਨ ਨਾਲ ਖਾਰਿਉਂ ਮਿੱਠਾ ਹੋਇਆ ਸੀ ਚਵਿੰਡਾ ਵਾਸੀਆਂ ਨੂੰ ਇਹ ਸਦਾ ਚੇਤਾ ਕਰਾਉਂਦਾ ਰਹਿੰਦਾ ਹੈ। ਕਿ ਸਤਿਗੁਰੂ ਆਯਾ ਸੀ ਜਿਸ ਦੇ ਬਚਨਾਂ ਨਾਲ ਖਾਰੇ ਪਾਣੀ ਵੀ ਮਿੱਠੇ ਹੋ ਜਾਂਦੇ ਹਨ। ਉਸ ਪਾਵਨ ਫੇਰੀ ਤੋਂ ਲੈਕੇ ਚਵਿੰਡੇ ਵਿਚ ਸੰਗਤਾਂ ਦੀ ਆਵਾਜਾਈ ਰਹਿੰਦੀ ਸੀ। ਚੀਨੀ ਵਾਲੇ ਦੇ ਪਿਆਰੇ ਆਉਂਦੇ, ਦੀਵਾਨ ਸਜਦੇ, ਅਖੰਡ ਕੀਰਤਨ ਦਾ ਰਸ ਭਾਗਾਂ ਵਾਲੇ ਸਰੋਤੇ ਮਾਣਦੇ ਅਤੇ ਅਨੇਕਾਂ ਉਸ ਮਹਾਨ ਰਸ ਦੀ ਮਧੁਰਤਾ ਵਿਚ ਗੁਮ ਹੋਕੇ ਖੀਵ ਹੋ ਜਾਂਦੇ। ਇਹ ਕੁਲ ਜਿਸਨੇ ਸੰਤਾਂ ਨੂੰ ਜਨਮ ਦਿਤਾ ਉੱਚੇ ਭਾਗਾਂ ਵਾਲੇ ਸੰਤ ਸੇਵੀਆਂ ਦੀ ਕੁਲ ਸੀ ਅਤੇ ਕਿਸੇ ਸਾਧ ਬਚਨ ਦਾ ਹੀ ਫਲ ਸੀ ਕਿ ਜਿਸ ਵਿਚੋਂ ਸੰਤਾਂ ਵਰਗੀ ਮਹਾਨ ਉੱਚੀ ਵਜਕਤੀ ਪ੍ਰਗਟ ਹੋਈ। ਆਪ ਦੇ

ਪਿਤਾ ਨਾਮਧਾਰੀ ਨਹੀਂ ਸਨ, ਪਰ ਪੁਰਾਤਨ ਗੁਰ ਸਿੱਖੀ ਦਾ ਅਸਰ ਅਤੇ ਸਾਧ ਸੰਗਤ ਦਾ ਪ੍ਰਭਾਵ ਉਹਨਾਂ ਉਪਰ ਚੋਖਾ ਸੀ। ਜਿਸ ਵੇਲੇ ਸੰਤਾਂ ਨੇ ਹੋਸ਼ ਸੰਭਾਲੀ ਆਪ ਜੋੜ ਮੇਲਿਆਂ ਤੇ ਜਾਣ ਲੱਗ ਪਏ ਦੜਪ ਦਾ ਸਾਰਾ ਇਲਾਕਾ ਨਾਮਧਾਰੀ ਹੋ ਚੁਕਾ ਸੀ, ਘਰ ਘਰ ਸਚੀ ਧਰਮਸਾਲ ਬਣੀ ਹੋਈ ਸੀ ਅਤੇ ਕੋਈ ਵਿਰਲਾ ਪਿੰਡ ਹੀ ਐਸਾ ਸੀ, ਜਿਥੇ ਸਤਿਗੁਰੂ ਸਵਾਰੇ ਜਾਕੇ ਗੁਰੂ ਜਸ ਪਰਵਾਹ ਨਹੀਂ ਚਲਾ ਦਿੰਦੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਇਲਾਕੇ ਤੇ ਖਾਸ ਮਿਹਰ ਕੀਤੀ ਹੋਈ ਸੀ ਤੇ ਦੜਪ ਆਪਦੇ ਨਾਮ ਉਪਰ ਆਪਣਾ ਸਭ ਕੁਝ ਕੁਰਬਾਨ ਕਰਨ ਨੂੰ ਤਿਆਰ ਬਰਤਿਆਰ ਰਹਿੰਦੀ ਸੀ ਦੜਪ ਦੀ ਸਿਖੀ ਸਬੰਧੀ ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਰਦੇ ਸਨ—"ਭਾਈ! ਮੈਂ ਜਿਥੇ ਜਿਥੇ ਨਾਮ ਬੀਜਣ ਜਾਂਦਾ ਰਿਹਾ ਹਾਂ ਮੈਂ ਵੇਖਦਾ ਰਿਹਾ ਹਾਂ ਕਿ ਕਈ ਥਾਵਾਂ ਦੀਆਂ ਏਨੀਆਂ ਸੁਹੈਣ ਤੇ ਉਪਜਾਊ ਨਿਕਲਦੀਆਂ ਸਨ ਕਿ ਬੀਜ ਅਜੇ ਪੈਂਦਾ ਹੀ ਸੀ ਕਿ ਖੇਤੀ ਪੱਲਰ ਕੇ ਮੂਧੀ ਹੋਂਦੀ ਦਿਸਣ ਲਗ ਪੈਂਦੀ ਸੀ।'

## ੨.

ਸਤਿਗੁਰੂ ਪੰਚਮ ਪਾਤਸ਼ਾਹ ਫੁਰਮਾਂਦੇ ਨੇ 'ਪੂਰਬ ਕਰਮ ਅੰਕੁਰ ਜਬ ਪ੍ਰਗਟੇ ਹਰਿਭੇਟਿਓ ਪੁਰਖ ਰਸਿਕ ਬੈਰਾਗੀ।'

ਜਿਸ ਵੇਲੇ ਕਿਸੇ ਮਨੁਖ ਦੇ ਪੂਰਬਲੇ ਕਰਮਾਂ ਦੀ ਅੰਗੂਰੀ ਫੁਟਦੀ ਹੈ, ਉਸ ਨੂੰ ਕਿਸੇ ਮਹਾਨ ਰਸਕ ਮਹਾਨ ਵੈਰਾਗਵਾਨ ਮਹਾਂ ਪੁਰਖ ਦੀ ਚਰਨ ਰਜ ਪਰਸਣ ਦਾ ਸੁਭਾਗ ਪ੍ਰਾਪਤ ਹੁੰਦਾ ਤੇ ਚਰਨ ਰਜ ਮਥੇ ਤੇ ਲਗਣ ਸਾਰ ਕਿਸੇ ਨਵੇਂ ਜਗਤ ਦੇ ਦਰਵਾਜੇ ਚੌਪਟ ਕਰ ਦਿੰਦੀ ਹੈ, ਅੰਤਰ ਨੈਣ ਪਾਸਾ ਮੋੜਕੇ ਸਾਰੇ ਸੁਰਤੀ ਅੰਤਰ ਰੁਖ ਕਰ ਲੈਂਦਾ ਹੈ। ਜਿਸ ਵੇਲੇ ਸੁਰਤ ਇਹ ਦੈਵੀ ਝਾਕੇ ਵੇਖਦੀ ਹੈ ਉਸਨੂੰ ਜਗਤ ਪਦਾਰਥਾਂ ਦੀ ਖੂਬਸੂਰਤੀ ਸੁਵਾਦ ਅਤੇ ਖਿਚ ਅਲਪ ਜਾਪਣ ਲਗ ਪੈਂਦੇ ਹਨ ਤੇ,ਉਹ ਨਿਜਾਨੰਦ ਦਾ ਅਨੰਦ ਪ੍ਰਾਪਤ ਕਰਕੇ ਆਪੇਵਿਚ ਗੁੰਮਟ,ਆਪੇ ਵਿਚ ਆਪਣੇ ਕੇਂਦਰ ਰੂਪ ਨੂੰ ਵੇਖਦਾ ਅਤੇ ਸਹਿਜ ਦੀ ਅਕਥ ਕਥਾ ਦਾ ਮਹਾਂ ਸਵਾਦ ਮਾਣਦਾ ਹੈ। ਮਹਾਂ ਪੁਰਖ ਦਾ ਮੇਲ ਮੋਈ ਸਿਖੀ ਵਿਚ ਜੀਵਨ ਪੈਦਾ ਕਰਨ ਦਾ ਪ੍ਰਕਾਸ਼ ਕਰਦਾ ਹੈ। ਤੇ ਇਸ ਪ੍ਰਕਾਸ਼ ਨਾਲ ਜਗਿਆਸੂ ਤੇ ਜੋ ਅਸਰ ਹੁੰਦਾ ਹੈ। ਉਸਨੂੰ ਓਹੋ ਸਜਣ ਜਾਣਦੇ ਹਨ ਜਿਨ੍ਹਾਂ ਨੇ ਇਸ ਮਾਰਗ ਵਲ ਪੈਰ ਪਾਇਆ ਹੈ। ਇਸ ਅਸਰ ਨਾਲ ਜੀਵੇ ਹੋਏ ਅਨੇਕਾਂ ਗੁ। ਸਿਖਾਂ,ਸੰਤਾਂ, ਭਗਤਾਂ ਅਤੇ ਸਾਈਂ ਲੋਕਾਂ ਦੀਆਂ ਜੀਵਨ ਕਥਾਵਾਂ ਮਨੁਖ ਬੋਲੀ ਵਿਚ ਅੰਕਿਤ ਹੋਈਆਂ ਮੌਜੂਦ ਹਨ ਤੇ ਇਹ ਕਥਾ ਜਿਸਦਾ ਮੈਂ ਜ਼ਿਕਰ ਕਰ ਰਿਹਾ ਹਾਂ,ਏਹੋ ਜਹੇ ਅਸਰ ਦਾ ਹੀ ਪਰਤੱਖ ਸਬੂਤ ਹੈ।

ਚਵਿੰਡੇ ਤੋਂ ਦੱਖਣ ਰੁਖ ਵਲ ਗਿਲਾਂ ਜ਼ਿਮੀਦਾਰਾਂ ਦਾ ਵਸਾਇਆ ਹੋਇਆ ਨਗਰ 'ਗਿੱਲ' ਵਸਦਾ ਹੈ। ਇਸ ਨਗਰ ਵਿਚ ਸਤਿਗੁਰੂ ਦੇ-ਦਵਾਰੇ ਸ੍ਰੀ ਸੰਤ ਜਗੀਤ ਸਿੰਘ ਜੀ ਰਹਿੰਦੇ ਸਨ। ਇਹ ਸੰਤ ਜੀ ਓਹੀ ਨਾਮ ਰਸ ਪਾਗੇ ਸਾਧੂ ਸਨ, ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੇ ਸ੍ਰੀ ਗੁਰੂ ਬਾਲਕ ਸਿੰਘ ਜੀ ਦੇ ਪਹਿਲੇ ਸਮੇਂ ਸਤਿਗੁਰਾਂ ਦੇ ਨਾਲ ਸਨ। ਸਤਿਗੁਰਾਂ ਨੇ ਆਪ ਨੂੰ ਇਕ ਇਲਾਕੇ ਦਾ ਸੂਬਾ ਥਾਪਿਆ ਸੀ ਤੇ ਆਪਦੇ ਉਚੇ ਜੀਵਨ ਦਾ ਸਦਕਾ ਸਾਰੇ ਇਲਾਕੇ ਵਿਚ ਸਿਖੀ ਦਾ ਬੀਜ ਬੀਜਿਆ ਜਾ

ਚੁਕਾ ਸੀ। ਸਤਿਗੁਰਾਂ ਨੇ ਆਪ ਦੇ ਮਹਾਨ ਉਚੇ ਜੀਵਨ ਨੂੰ ਵੇਖਕੇ ਬਚਨ ਕੀਤਾ ਸੀ "ਬਾਬਾ ਜੀਜੇ ਆਪ ਵਰਗਾ ਇਕ ਇਕ ਸਾਧੂ ਹਰ ਪਰਗਨੇ ਵਿਚ ਮੌਜੂਦ ਹੋਏ, ਤਾਂ ਸਾਰੀ ਸ੍ਰਿਸਟੀ ਦਾ ਉਧਾਰ ਹੋ ਜਾਵੇ

ਆਪ ਜੀ ਦੀ ਜਸ ਸੁਗੰਧੀ ਸੰਤ ਕੇਸਰ ਸਿੰਘ ਜੀ ਨੇ ਬਾਲਕ ਰੂਪ ਵਿਚ ਸੁਣੀ। ਮਨ ਚਾਉ ਪੈਦਾ ਹੋਇਆ ਕਿ ਮਹਾਂ ਪੁਰਸ਼ਾਂ ਦੇ ਦਰਸ਼ਨ ਕਰੀਏ ਤੇ ਉਹ ਉੱਚੀ ਦਾਤ ਲਭੀਏ ਜਿਸ ਦੀ ਪ੍ਰਾਪਤੀ ਲਈ ਸਾਨੂੰ ਇਹ ਮਨੁਖਾ ਦੇਹ ਮਿਲੀ ਹੈ। ਖਬਰ ਆਈ ਅੱਜ ਸੰਤਾਂ ਦਾ ਦੀਵਾਨ ਸਜਣਾਂ ਹੈ। ਤਿਆਰਾ ਕੀਤਾ ਤੇ ਗਿੱਲੀਂ ਚਲੇ ਗਏ। ਦੀਵਾਨ ਵਿਚ ਹਾਜਰੀ ਭਰੀ, ਮਹਾਂ ਅਨੰਦ ਦੇ ਸਾਗਰ ਵਿਚ ਰੱਜ ਰੱਜ ਕੇ ਟੁਬੇ ਲਾਏ ਅਤੇ ਉਦੋਂ ਤੀਕ ਘਰ ਵਾਪਸ ਨਾਂ ਪਰਤੇ, ਜਦ ਤੀਕ ਸ੍ਰੀ ਮਾਨ ਬਾਬਾ ਬ੍ਰਹਮਾਂ ਸਿੰਘ ਜੀ ਤੋਂ ਭਜਨ ਨਾਂ ਪੁਛ ਲਿਆ।

ਬਾਬਾ ਜੀ ਨੇ ਭਜਨ ਦਸਿਆ ਤੇ ਪੂਰਬਲੇ ਸ਼ੁਭ ਕਰਮਾਂ ਦਾ ਬੂਟਾ ਫੁੱਟ ਕੇ ਲੋਭਰੇ ਮਾਰਨ ਲੱਗ ਪਿਆ। ਮਸਤੀ ਦੀ ਦਸ਼ਾ ਵਰਤ ਗਈ ਤੇ ਘਰ ਬਾਰ ਦਾ ਚਿਤ ਚੇਤਾ ਵੀ ਨਾਂ ਰਿਹਾ। ਨਾਂ ਕਿਸੇ ਨਾਲ ਬਚਨ ਕਰਨ, ਨਾਂ ਕੁਝ ਖਾਣ ਨਾ ਕੁਝ ਪੀਣ, ਤੇ ਬਸ ਭਜਨ ਵਿਚ ਹੀ ਨਿਰਮਾਣ ਰਹਿਣ। ਤਨ ਨੂੰ ਖੁਰਾਕ ਪਹੁੰਚਾਣ ਦਾ ਖਿਆਲ ਹੀ ਨਾਂ ਰਿਹਾ ਤੇ ਸੁਰਤੀ ਦਾ ਸਾਰਾ ਰੁਖ ਰੂਹ ਨੂੰ ਗਿਜ਼ਾ ਦੇਣ ਵਲ ਹੋ ਗਿਆ। ਬਾਬਾ ਜਮੀਤ ਸਿੰਘ ਜੀ ਨੇ ਇਹ ਹਾਲਤ ਵੇਖੀ ਤਾਂ ਗੁਰਮੁਖਾਂ ਵਾਲੀ ਜੁਗਤੀ ਨਾਲ ਆਪ ਨੂੰ ਖਾਣ ਪੀਣ ਤੇ ਗਲ ਬਾਤ ਕਰਨ ਦੀ ਪ੍ਰੇਰਨਾਂ ਕੀਤੀ। ਸਚ ਮੁਚ ਜਦ ਆਤਮਾਂ ਕਿਸੇ ਉਚੇ ਪਦਾਰਥਾਂ ਨੂੰ ਭੁੰਚਨ ਕਰਨ ਲੱਗ ਜਾਂਦੀ ਹੈ ਤਾਂ ਸ੍ਰੀਰਕ ਭੋਗਾਂ ਦਾ ਖਿਆਲ ਤੀਕ ਵੀ ਨਹੀਂ ਰਹਿੰਦਾ। ਕਿਸੇ ਮਹਾਂ ਪੁਰਸ਼ ਨੇ ਕਿਹਾ ਹੈ—

"ਮਨ ਪ੍ਰਕਾਸ਼ ਦੇਹ ਕਾ, ਸਭ ਇੰਦ੍ਰੀ ਕੀ ਲੇ ਸਾਰ। ਸੋ ਜਾਇ ਰਹਿਤ ਪ੍ਰੀਤਮੈ ਕੋ ਕਰ ਹੈ ਦੇਹ ਸੰਭਾਰ।"

ਕਬੀਰ ਜੀ ਨੇ ਇਸ ਪਰਥਾਏ ਕਿਹਾ ਹੈ—
"ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨ ਜੁ ਏਕ। ਲਾਗਤ ਹੀ ਭੁਇ ਗਿਰ ਪਰਾ, ਪਰਾ ਕਰੇਜੇ ਛੇਕ।"

ਸੰਤ ਜਮੀਤ ਸਿੰਘ ਜੀ ਨੂੰ ਸਤਿਗੁਰੂ ਦੇ ਮਸਤਾਨਿਆਂ ਨਾਲ ਖਾਸ ਪਿਆਰ ਸੀ ਅਤੇ ਉਹ ਇਹਨਾਂ ਅਨੰਤ ਮੰਡਲ ਵਿਚ ਉਡਾਰੀਆਂ ਲੈਣ ਵਾਲੀਆਂ ਰੂਹਾਂ ਦੀ ਸੇਵਾ ਲਈ ਆਪਣਾਂ ਆਪ ਵੇਚਣੋ ਸੰਕੋਚ ਨਹੀਂ ਸਨ ਕਰਦੇ। ਬਾਬਾ ਜੀ ਨੂੰ ਪ੍ਰੇਮੀਆਂ ਦੀ ਇਸ ਆਪਾ ਭੁਲਾਊ ਦਸ਼ਾ ਦਾ ਪਤਾ ਸੀ। ਤੇ ਉਹ ਜਾਣਦੇ ਸਨ, ਕਿ—ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ। ਪਾਵਹੁ ਤੇ ਪਿੰਗਲ ਭਇਆ ਮਾਰਿਆ ਸਤਿਗੁਰ ਬਾਨ।

ਹਾਂ, ਅੰਤਰ ਆਤਮੇ ਰੰਗ ਲਗ ਜਾਂਦਾ ਹੈ। ਤੇ ਪ੍ਰੇਮੀ ਸਭ ਕੁਝ ਭੁਲ ਕੇ ਕਹਿੰਦੇ ਹਨ:—

ਕਤ ਜਾਈਐ ਰੇ ਘਰਿ ਲਾਗੋ ਰੰਗ।
ਮੇਰਾ ਚਿਤੁ ਨ ਚਲੈ ਮਨ ਭਇਓ ਪੰਗ।

ਜਦ ਪ੍ਰੇਮੀਆਂ ਦਾ ਹਾਲ ਇਹ ਵਰਤਦਾ ਹੈ ਤਾਂ ਕਈ ਤਾਂ ਮਗਨ ਹੋ ਜਾਂਦੇ ਹਨ ਅਤੇ ਕਈ ਗੁਰੂ ਬਾਲਕ ਸਿੰਘ ਜੀ ਦੇ ਬਾਂਕੇ ਸੇਵਕਾਂ ਵਾਂਗ ਲਬਾ ਲਬ ਭਰੇ ਪਿਆਲੇ ਵਾਂਗ ਛਲਕ ਉਠਦੇ ਹਨ। ਬਾਂਕੇ ਦੀ ਕਥਾ ਨਾਮਧਾਰੀ ਸੰਗਤਾਂ ਪਾਸੋਂ ਲੁਕੀ ਹੋਈ ਨਹੀਂ। ਸ੍ਰੀ ਗੁਰੂ ਬਾਲਕ ਸਿੰਘ ਜੀ

ਪਾਸੋਂ ਨਾਮ ਪ੍ਰਾਪਤ ਕਰਨ ਸਾਰ ਹੀ ਖੀਵੇ ਹੋ ਗਏ ਸਨ। ਯਥਾਃ-

ਬਾਲਕ ਮ੍ਰਿਗਿੰਦ ਜੂ ਗੋਬਿੰਦ ਨਾਮਧਾਰੀ
ਜਪ ਤਪ ਕਰ ਤੇਜ ਕੀਨੀ ਸ਼ਬਦ ਕਟਾਰ ਜਬ।
ਏਕ ਬਾਂਕੇ ਸੇਵਕ ਪੈ ਜੋਹਰ ਅਜਮਾਵਨੇ ਕੋ,
ਸ਼ਬਦ ਕਟਾਰ ਕੇਰਾ ਕੀਨਾ ਉਨ ਵਾਰ ਤਬ।
ਲਾਗਤ ਸੋ ਲਬਾ ਲਬ,ਲਬਾਲਬ ਕਹਿਨ ਲਗੋ,
ਕਬੀ ਖੁਦ ਕੂਦ ਕਹੈ ਅੰਬਰ ਖਿਲਾਰ ਅਬ।
ਬੈਠੋ ਗੁਰੂ ਬਾਲਕਸਿੰਘ ਬੈਠੋ ਗੁਰੂ ਰਾਮਸਿੰਘ,
ਬਾਬਾ ਬੁਧ ਸਿੰਘ ਈਹਾਂ ਬੈਠੋ ਸਰਕਾਰ ਤਬ।

ਇਸ ਮਸਤੀਦੀਹਾਲਤ ਵਿਚਆਪਗਿਲੀਂ ਹੀ ਟਿਕ ਗਏ। ਦਿਨ ਰਾਤ ਨਾਮ ਜਪਦੇ, ਰਸ ਵਿਚ ਰਹਿੰਦੇ ਅਤੇ ਸਾਧ ਸੰਗਤ ਦੀ ਸੇਵਾ ਕਰਕੇ ਜਨਮ ਜਨਮ ਦਾ ਲਾਹ ਖਟਦੇ। ਭਰ ਜਵਾਨੀ ਤੀਕ ਇਸੇ ਰੰਗ ਵਿਚ ਇਥੇ ਹੀ ਰਹੇ ਅਤੇ ਆਪ ਦੀ ਜਸ ਸੁਗੰਧੀ ਸਾਰੇ ਇਲਾਕੇ ਵਿਚ ਪਸਰ ਗਈ। ਦਰਸ਼ਨਾਂ ਹਿਤ ਲੁਕਾਈ ਉਮਡਨ ਲਗ ਪਈ. ਅਤੇ ਆਪਨੂੰ ਇਹ ਆਵਾਜਾਈ ਚੰਗੀ ਨ ਲਗੀ। ਆਪਨੇ ਸੁਣਿਆ ਹੋਇਆ ਸੀ ਕਿ-'ਦੀਦ ਸ਼ਨਾਖਤ ਸਿਫਤ ਜਹਿ,ਸਾਧੂ ਠਹਿਰੇ ਨਾਹਿ। ਹਿਤ ਮਾਨਾਦਿਕ ਬਿਘਨ ਤੈਂ, ਸੋ ਮਨ ਮੈਂ ਡਰ ਖਾਹਿ।'

ਸੰਤਾਂ ਦੀ ਉਮਰ ਇਸ ਵੇਲੇ ੨੮-੨੯ ਸਾਲ ਦੀ ਸੀ। ਆਪ ਨੇ ਗਿਲਾਂ ਤੋਂ ਛੁਟੀ ਲਈ ਤੇ ਨਗਰ 'ਸਿਖਾਣੀ' ਭਾਈ ਹੁਕਮ ਸਿੰਘ ਜੀ ਸ਼ਾਹ ਪਾਸ ਆ ਟਿਕੇ। ਸ਼ਾਹ ਹੁਰਾਂ ਨੇ ਆਪ ਦੀ ਕੀਰਤੀ ਤਾਂ ਅਗੇ ਹੀ ਸੁਣੀ ਹੋਈ ਸੀ ਪਰ ਜਿਸ ਵੇਲੇ ਆਪਦੀ ਉੱਚੀ ਅਵਸਥਾ ਨੂੰ ਅਖੀਂ ਵੇਖਿਆ, ਤਾਂ ਕੁਰਬਾਨ ਹੋ ਗਏ। ਇਕ ਦਿਨ ਹੱਥ ਜੋੜ ਅਰਜ਼ ਕਰਨ ਲਗੇ-"ਇਹ ਲੰਗਰ ਜਿਸਦੀ ਸੇਵਾ ਦਾ ਭਾਰ ਮੇਰੇ ਕਮ-ਜ਼ੋਰ ਮੋਢਿਆਂ ਤੇ ਹੈ, ਕ੍ਰਿਪਾ ਕਰਕੇ ਤੁਸੀ ਚੁਕ ਲਵੋ ਤੇ ਮੈਨੂੰ ਅਪਣੀ ਅਰਦਲ ਵਿਚ ਸੇਵਾ ਕਰਨ ਦਾ ਮਾਣ ਬਖਸ਼ੋ।"

ਸੰਤਾਂ ਨੇ ਕਿਹਾ-"ਮੈਂ ਕਿਸੇ ਕਾਰ ਦਾ ਬੀੜਾ ਨ ਚੁੱਕਣ ਤੋਂ ਘਰੋਂ ਨਿਕਲਿਆ ਹਾਂ, ਪਰ ਭਾਈ ਜੇ ਤੂੰ ਇਹ ਬਚਨ ਦੇਵੇਂ ਕਿ ਮੈਂ ਹੋ ਆਉਂਦਾ ਅਪਣੇ ਵਲੋਂ ਫਰਕ ਨਹੀਂ ਰਖਾਂਗਾ. ਲੰਗਰ ਵਿਚ ਕਾਣੀ ਵੰਡ ਨਹੀਂ ਵਰਤੇਗੀ, ਕਿਸੇਦਾ ਦਿਲ ਨਹੀਂ ਦੁਖਾਇਆ ਜਾਵੇਗਾ, ਗੁਰਮਤ ਤੋਂ ਉਲਟ ਕੋਈ ਵਰਤਾਰਾ ਨਹੀਂ ਵਰਤੇਗਾ, ਸੇਵਾ ਯੋਗ ਸੱਜਣ ਨੂੰ ਸੇਵਾ ਮਿਲੇਗੀ, ਹੁਕਮ ਦੀ ਪਾਬੰਦੀ ਕਿਸੇ ਤੇ ਨਹੀਂ ਹੋਵੇਗੀ, ਸਾਦਾ ਖਾਧਾ ਤੇ ਸਾਦਾ ਪਹਿਨਿਆ ਜਾਵੇਗਾ, ਲਿਹਾਜ਼ ਪਾਜ ਕਿਸੇ ਦਾ ਨ ਹੋਵੇਗਾ ਤੇ ਸਾਰੇ ਸਕੇਸੀ ਅਸ਼ਨਾਨ ਕਰਕੇ ਸੇਵਾ ਦਾ ਲਾਹ ਲਿਆ ਕਰਨਗੇ, ਤਾਂ ਮੈਂ ਇਹ ਭਾਰ ਧੰਨ ਭਾਗ ਜਾਣਕੇ ਚੁਕ ਲੈਂਦਾ ਹਾਂ। ਇਸ ਦੇ ਉਲਟ ਜੇ ਕੋਈ ਕਾਰ ਵਰਤੀ ਤਾਂ ਜਿਨਾਂ ਚਿਰ ਹੋ ਆਵੇਗੀ ਮੈਂ ਸੇਵਾ ਕਰਾਂਗਾ।

ਇਹ ਬਚਨ ਜੁੜੀ ਸੰਗਤ ਵਿਚ ਭਾਈ ਹੁਕਮ ਸਿੰਘ ਜੀ ਨੇ ਸਤਿ ਕਹਿਕੇ ਪਰਵਾਨ ਕਰਲਿਆ। ਸੰਤ ਕੇਸਰ ਸਿੰਘ ਜੀ ਵੇਖਣ ਨੂੰ ਤਾਂ ਅਨਪੜ੍ਹ ਸਨ। ਪਰ ਨਾਮ ਦਾ ਅੰਤਰ ਪ੍ਰਕਾਸ਼ ਹੋਣ ਕਰਕੇ ਉਹ ਸੋਝੀ ਸੀ, ਜੋ ਪੜ੍ਹੇ ਲਿਖੇ ਵਿਦਵਾਨ ਪੰਡਤ ਹਜ਼ਾਰਾਂ ਜਨਮਾਂ ਦੀ ਪੜ੍ਹਾਈ ਨਾਲ ਪ੍ਰਾਪਤ ਨਹੀਂ ਕਰ ਸਕਦੇ। ਇਤਿਹਾਸ ਅਤੇ ਗੁਰ ਬਾਣੀ ਦਾ ਚੋਖਾ ਹਿਸਾ ਕੰਠ ਹੋ ਗਿਆ ਅਤੇ ਬਚਨ ਕਰਨ ਸਮੇਂ ਰਸਨਾਂ ਵਿਚੋਂ ਉਹ ਗਲਾਂ ਸਹਿਜੇ ਹੀ ਨਿਕਲ ਜਾਂਦੀਆਂ ਜੋ ਮਹਾਂ ਗਿਆਨੀ ਹੀ ਕਰਦੇ ਹਨ।

ਇਹ ਗਲ ਦਸਨ ਦੀ ਲੋੜ ਨਹੀਂ ਕਿ ਸਿਖੀ ਨਿਰੀ ਕਮਾਈ ਹੈ ਤੇ ਜੇਹੜਾ ਕਮਾਈ

ਕਰਦਾ ਹੈ ਉਸਨੂੰ ਇਹ ਦਾਤ ਪ੍ਰਾਪਤ ਹੁੰਦੀ ਹੈ। ਪਰ ਓਹ ਲੋਕ ਜੋ ਇਸ ਨੂੰ ਆਪਣੇ ਜੀਵਨ ਵਿਚ ਨਹੀਂ ਵਸੌਂਦੇ ਤੇ ਕੇਵਲ ਗਲਾਂ ਨਾਲ ਹੀ ਸਿਖ ਬਨਣਾ ਚਾਹੁੰਦੇ ਹਨ, ਓਹਨਾਂ ਨੂੰ ਸਿਖੀ ਦੀ ਪਾਹ ਵੀ ਨਹੀ ਲਗਦੀ। ਉਹ ਕੋਰੇ ਦੇ ਕੋਰੇ ਹੀ ਰਹਿੰਦੇ ਹਨ ਤੇ ਜਿਸ ਕਰਕੇ ਗੁਰ ਸਿਖੀ ਵਿਚ ਉਹਨਾਂ ਲਈ ਕੋਈ ਟਿਕਾਣਾ ਨਹੀਂ ਹੁੰਦਾ। ਸੰਤਾਂ ਨੇ ਸਿਖੀ ਨੂੰ ਅਮਲ ਵਿਚ ਲਿਆ ਕੇ ਦੱਸਿਆ ਤੇ ਓਹਨਾਂ ਚੀਨੀ ਵਾਲੇ ਪਾਤਸ਼ਾਹ ਦੇ ਉਹ ਹੁਕਮਨਾਮੇ ਜੋ ਉਹਨਾਂ ਨੇ ਸਿਖਾਂ ਪ੍ਰਤਿ ਕੀਤੇ ਸਨ, ਓਹਨਾਂ ਤੇ ਅੰਤਮ ਸਵਾਸਾਂ ਤਕ ਪਹਿਰਾ ਦਿਤਾ।

## ੩.

ਸੰਤ ਸਵਾ ਪਹਿਰ ਦੇ ਤੜਕੇ ਉਠਦੇ, ਅਸ਼ਨਾਨ ਸੋਧਦੇ, ਰਸਨਾਂ ਨਾਮ ਜਪਦੀ ਤੇ ਹੱਥ ਕਾਰ ਕਰਦੇ। ਲੰਗਰ ਦਾ ਸਾਰਾ ਜਲ ਹਥੀਂ ਢੋਣਾ, ਸਭ ਨੂੰ ਆਪ ਹੱਥੀਂ ਇਸ਼ਨਾਨ ਕਰੌਣਾ ਤੇ ਸੇਵਾ ਵਿਚ ਮਸਤ ਹੋਕੇ ਸੇਵਾ ਰੂਪ ਹੀ ਹੋ ਜਾਣਾ। ਕਦੇ ਕੋਈ ਸਜਣ ਕਹਿੰਦਾ– 'ਜੀ ਸੰਗਤ ਨੂੰ ਅਸ਼ਨਾਨ ਕਰੌਣ ਦੀ ਸੇਵਾ ਦਾ ਸੁਭਾਗ ਮੈਨੂੰ ਬਖਸ਼ੋ, ਤਾਂ ਕਹਿੰਦੇ "ਹਛਾ ਭਾਈ ਜੇਹੜਾ ਭਲਕੇ ਖੂਹੀ ਤੇ ਸਭ ਤੋਂ ਪਹਿਲਾਂ ਆ ਜਾਵੇ, ਸੇਵਾ ਦਾ ਲਾਹ ਉਹ ਲੈ ਲਵੇ।"

ਜਿਦਨ ਇਹ ਬਚਨ ਕਰਦੇ ਰਾਤ ਖੂਹੀ ਤੇ ਹੀ ਆ ਜਾਂਦੇ। ਜਗਰਾਤਾ ਕਟਦੇ ਤੇ ਗੜਵਾ ਲੈਕੇ ਸੇਵਾ ਲਈ ਕਮਰ ਕਸੀ ਰਖਦੇ। ਜੇ ਮਝਾਂ ਦੀ ਸੇਵਾ ਲੈਂਦੇ ਤਾਂ ਕਿਲ੍ਹੇ ਤੇ ਬਧੀਆਂ ਮਝਾਂ ਨੂੰ ਹੀ ਪਾਣੀ ਪਿਲਾਂਦੇ ਤੇ ਮਲ ਮਲ ਕੇ ਨੁਲ੍ਹਾਂਦੇ। ਦਯਾ ਤਰਸ ਦਾ ਇਹ ਹਾਲ ਸੀ, ਇਕ ਵੇਰਾਂ ਭਾਈ ਹੁਕਮ ਸਿੰਘ ਜੀ ਦੀ ਆਗਜ਼ਾ ਅਨੁਸਾਰ ਬੀਬੀ ਨੂੰ ਘੋੜੀ ਤੇ ਚੜ੍ਹਾ ਦੂਜੇ ਪਿੰਡ ਛਡਨ ਗਏ। ਜਿਸ ਵੇਲੇ ਬੀਬੀ ਨੂੰ ਛੱਡਆਏ, ਤਾਂ ਘੋੜੀ ਤੇ ਸਵਾਰੀ ਕਰਨ ਦੀ ਥਾਂ ਨ ਕੇਵਲ ਪੈਦਲ ਹੀ ਤੁਰਦੇ ਆਏ, ਬਲਕਿ ਘੋੜੀ ਦੀ ਕਾਠੀ ਤੇ ਤਾਹਰੂ ਵੀ ਆਪਣੇ ਸਿਰਤੇ ਚਾਈ ਲਿਆਏ। ਇਸ ਹਾਲਤ ਵਿਚ ਔਂਦਿਆਂ ਨੂੰ ਜਦ ਭਾਈ ਹੁਕਮ ਸਿੰਘ ਜੀ ਨੇ ਵੇਖਿਆ ਤਾਂ ਪੁਛਣ ਤੇ ਕਹਿਣ ਲਗੇ–'ਸ਼ਾਹ ਜੀ ਅਸੀਂ ਸਾਧੂ ਫਕੀਰ ਹਾਂ, ਬੇਜ਼ਬਾਨ ਜਾਨਵਰਾਂ ਤੇ ਸਾਨੂੰ ਤਰਸ ਕਰਨਾ ਲੋੜੀਏ ਤੇ ਜਿਨਾਂ ਭਾਰ ਵੰਡਾਇਆ ਜਾ ਸਕਦਾ ਹੈ, ਵੰਡਾਈਏ।

ਇਕ ਦਿਨ ਦੀ ਗਲ ਹੈ ਕਿ ਭਾਈ ਹੁਕਮ ਸਿੰਘ ਜੀ ਨੇ ਆਪਨੂੰ ਬੋਹਲ ਦੀ ਰਾਖੀ ਲਈ ਅਰਜ਼ ਕੀਤੀ। ਸਤ ਬਚਨ ਕਹਿਕੇ ਬੋਹਲ ਪਾਸ ਜਾ ਬੈਠੇ। ਸਾਰੀ ਰਾਤ ਜਾਗਦੇ ਤੇ ਭਜਨ ਕਰਦੇ ਰਹੇ। ਜਦ ਅੰਮ੍ਰਿਤ ਵੇਲਾ ਹੋਇਆ ਤਾਂ ਦੋ ਚਿਤੀ ਵਿਚ ਪੈ ਗਏ। ਸੋਚਨ ਮੈਂ ਰਾਖਾ ਬੈਠਾ ਹਾਂ। ਵੇਲਾ ਅਸ਼ਨਾਨ ਕਰਨ ਦਾ ਹੈ, ਪਰ ਜੇ ਅਸ਼ਨਾਨ ਕਰਨ ਜਾਂਦਾ ਹਾਂ, ਤਾਂ ਆਪਣੀ ਡਿਊਟੀ ਵਿਚ ਫਰਕ ਆਉਂਦਾ ਹੈ ਤੇ ਜੇ ਅਸ਼ਨਾਨ ਨਹੀਂ ਕਰਦਾ ਤਾਂ ਹੁਕਮ ਦੀ ਉਲੰਘਨਾ ਹੁੰਦੀ ਹੈ। ਆਖਰ ਇਹ ਜੁਗਤ ਫੁਰੀਓ ਨੇ ਕਿ ਖੂਹ ਜੋਹਵੇਲੀ ਦੇ ਪਾਸ ਸੀ ਪੁਠੀ ਪੈਰੀਂ ਉਸ ਵਲ ਜਾਵਾਂ ਤੇ ਜਾਕੇ ਅਸ਼ਨਾਨ ਕਰਕੇ ਝਟ ਪਟ ਵਾਪਸ ਆ ਜਾਵਾਂ। ਆਪਨੇ ਏਸੇ ਤਰਾਂ ਕੀਤਾ ਤੇ ਬਚਨ ਵਿਚ ਫਰਕ ਨ ਪੈਣ ਦਿਤਾ।

## ਜਤ ਸਤ ਦਾ ਹਾਲ

ਜਵਾਨੀ ਦੇ ਆਰੰਭ ਤੋਂ ਹੀ ਆਪ ਘਰੋਂ ਨਿਕਲ ਆਏ ਸਨ ਤੇ ਆਪ ਦਾ ਅਨੰਦ

ਕਾਰਜ ਨਹੀਂ ਸੀ ਹੋਇਆ। ਜਦ ਜਵਾਨੀ ਦਾ ਜ਼ੋਰ ਸੀ, ਤਾਂ ਆਪ ਮਹੰਤ ਰੰਗਾਂ ਵਿਚ ਖੇਡਦੇ ਸਨ ਤੇ ਆਪ ਆਪਨੂੰ ਕਦੇ ਸੁਪਨੇ ਵਿਚ ਵੀ ਇਸਤ੍ਰੀ ਦਾ ਖਿਆਲ ਨਹੀਂ ਸੀ ਆਇਆ ਆਪ ਦਾ ਲੰਮਾ ਤੇ ਸਿਧਾ ਕੱਦ, ਜਵੇਂ ਸੋਹਣੇ ਨਕਸ਼, ਮਸਤ ਅਲਮਸਤ ਨੈਣ ਅਤੇ ਸਾਦਾ ਜਿਹਾ ਪਹਿਰਾਵਾ ਆਪਣੇ ਅੰਦਰ ਅਨੇਕਾਂ ਖਿਚਾਂ ਰਖਦਾ ਸੀ। ਇਕ ਜਵਾਨ ਇਸਤ੍ਰੀ ਆਪਦੀ ਜਵਾਨੀ ਤੇ ਜਵਾਨੀ ਦੀ ਸੁੰਦ੍ਰਤਾ ਨੂੰ ਵੇਖਕੇ ਮੋਹੀ ਗਈ। ਮੋਹ ਵਸ ਹੋਕੇ ਉਹ ਆਪ ਦੇ ਮਗਰ ਲਗ ਪਈ ਤੇ ਜਦ ਕਦੇ ਆਪ ਨੂੰ ਇਕਾਂਤ ਵਿਚ ਵੇਖਦੀ, ਕਾਮਾਤੁਰ ਹੋਈ ਕਈ ਤਰਾਂ ਦੀਆਂ ਗਲਾਂ ਕਰਨ ਲਗ ਪੈਂਦੀ। ਮਸਤੀ ਦੇ ਰੰਗ ਵਿਚ ਰੰਗੇ ਸੰਤਾਂ ਨੂੰ ਉਸਦੀਆਂ ਗਲਾਂ ਪੋਂਹਦੀਆਂ ਵੀ ਨਾ। ਜੇ ਕਦੇ ਬੋਲਦੇ ਤਾਂ ਉਸਨੂੰ ਮਾਈ ਭਾਈ ਕਹਿਕੇ ਸੁਮਤ ਬਖਸ਼ਦੇ। ਪਰ ਉਹ ਆਸ਼ਕਤ ਹੋਈ ਇਸਤ੍ਰੀ ਆਪਣੇ ਹੱਠ ਤੇ ਕਾਇਮ ਰਹਿੰਦੀ ਤੇ ਆਪਨੂੰ ਜਫੇ ਮਾਰਨ-ਲਗ ਜਾਂਦੀ। ਅਖੀਰ ਜਾਂ ਸੰਤਾਂ ਤੇ ਕੋਈ ਵਾਹ ਚਲਦੀ ਨ ਵੇਖੀ ਤਾਂ ਤੰਗ ਆਕੇ ਸਖਾਣਿਆਂ ਤੋਂ ਨਿਕਲ ਤੁਰੇ ਇਸਤ੍ਰੀ ਨੂੰ ਸੰਤਾਂ ਦਾ ਪਤਾ ਲਗਾ ਤਾਂ ਉਹ ਵੀ ਮਗਰ ਹੀ ਨਸ ਪਈ ਤੇ ਸੰਤਾਂ ਨੂੰ ਉਜਾੜ ਵਿਚ ਘੇਰਕੇ ਖਲੋ ਗਈ। ਸੰਤ ਉਚੀਆਂ ਬਾਹੀਆਂ ਕਰਕੇ ਦੁਹਾਈਆਂ ਦੇਣ ਲਗ ਪਏ "ਹਾਇ ਗੁਰੂ ਰਾਮ ਸਿੰਘ ਰਖ ਲੈ।

ਦੁਹਾਈਆਂ ਦੇਂਦੇ ਹੀ ਆਪ ਬੇਹੋਸ਼ ਹੋਕੇ ਡਿਗ ਪਏ। ਉਸ ਕਾਮਾਤੁਰ ਇਸਤ੍ਰੀ ਨੇ ਇਸ ਹਾਲਤ ਵਿਚ ਸਾਰੇ ਜਤਨ ਕੀਤੇ, ਪਰ ਧੰਨ ਸੰਤ ਕੇਸਰ ਸਿੰਘ ਜੀ ਕਿ ਜਿਨ੍ਹਾਂ ਤੇ ਉਸਦਾ ਕੋਈ ਜਾਦੂ ਵੀ ਨਾ ਚਲਿਆ। ਅਖੀਰ ਉਸ ਇਸਤ੍ਰੀ ਦਾ ਅਨੰਦ ਕਾਰਜ ਕਿਲਾ ਸੂਬਾ ਸਿੰਘ ਦੇ ਭਾਈ ਭੰਡਾ ਸਿੰਘ ਨਾਲ ਕਰ ਦਿਤਾ ਗਿਆ।

## ਸੰਤ ਗੁਜਰਾਂਵਾਲੇ

ਬਿਹੰਗਮ ਬਿਰਤੀ ਵਿਚ ਹੀ ਸੰਤ ਗੁਜਰਾਂ ਵਾਲੇ ਜਾ ਰਹੇ ਅਤੇ ਸਾਲਾਂ ਬਧੀ ਓਥੇ ਹੀ ਟਿਕੇ ਰਹੇ। ਜਿਹੜਾ ਵਾਕ ਮੂੰਹੋਂ ਨਿਕਲਦਾ ਸਿਧ ਹੋ ਜਾਂਦਾ ਤੇ ਏਸਤ੍ਰਾਂ ਅਨੇਕਾਂ ਸਜਣਾਂ ਦੀਆਂ ਮਨੋ ਕਾਮਨਾਵਾਂ ਸੁਤੇ ਹੀ ਪੂਰਨ ਹੋ ਗਈਆਂ। ਇਕ ਦਿਨ ਹਿੰਦੂ ਚਕ ਦਾਸ ਦੇ ਗ੍ਰਹਿ ਆਏ। ਆਪ ਦੇ ਨਾਲ ਭਾਈ ਲਹਿਣਾ ਸਿੰਘ ਲੁਬਾਣਾ ਅਤੇ ਇਕ ਕੁਤਾ ਸੀ। ਭਾਈ ਲਹਿਣਾ ਸਿੰਘ ਉਂਞ ਤਾਂ ਚੰਗਾ ਗੁਰ ਸਿਖ ਸੀ, ਪਰ ਖਾਣ ਪੀਣ ਦਾ ਚਸਕਾ ਚੋਖਾ ਸਾ ਸੂ। ਜਿਸ ਸਿਖ ਦੇ ਘਰ ਲਵੇਰਾ ਤੇ ਹੋਰ ਪਦਾਰਥ ਨਾਂ ਹੁੰਦੇ, ਉਸ ਵਲ ਘਟ ਵਧ ਹੀ ਪ੍ਰਸਾਦ ਮੰਨਦਾ। ਉਸਦੀ ਇਹ ਹਾਲਤ ਵੇਖਕੇ ਮੇਰੇ ਪਿਤਾ ਨੇ ਸੰਤਾਂ ਪਾਸ ਸ਼ਕਾਇਤ ਕੀਤੀ, ਸੰਤਾਂ ਨੇ ਬਚਨ ਕੀਤਾ, ਇਹ ਜਨਮ ਦਾ ਭੁਖਾ ਹੈ, ਪਰ ਹੁਣ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਅਨੁਸਾਰ ਇਸਦੀ ਤੇ ਇਹੋ ਜਿਹੇ ਹੋਰਨਾਂ ਜਨਮ ਜਨਮਾਂਤ੍ਰਾਂ ਦੀ ਭੁਖ ਦੂਰ ਕਰ ਦਿਆਂਗਾ।

ਜਿਥੇ ਰਹਿੰਦੇ, ਘਰ ਵਾਲਿਆਂ ਨੂੰ ਨਾਲ ਹੀ ਉਠਾਲ ਲੈਂਦੇ ਤੇ ਸਭ ਨੂੰ ਅਸਨਾਨ ਕਰਵਾਂਉਂਦੇ। ਇਕ ਦਿਨ ਆਪ 'ਤਾਜੇਕੇ' ਇਕ ਸੰਬੰਧੀ ਦੇ ਘਰ ਜਾ ਰਹੇ। ਅੰਮ੍ਰਿਤ ਵੇਲੇ ਉਸਨੂੰ ਅਸ਼ਨਾਨ ਕਰਨ ਲਈ ਉਠਾਇਆ। ਉਹ ਨਾਂ ਉਠਿਆ, ਤੇ ਉਸਨੂੰ ਲੀੜਿਆਂ ਸਣੇ ਫੜਕੇ ਛਪੜ ਵਿਚ ਸਵੇਰ ਤਕ ਖਲੋਤੇ ਰਹੇ।

ਸੋਧੀਆਂ ਨੂੰ ਸ਼ਾਹ ਵੇਲੇ ਜਾਂ ਰੋਟੀ ਵੇਲੇ ਅਸ਼ਨਾਨ ਕਰਦਿਆਂ ਨੂੰ ਵੇਖਕੇ ਕਹਿੰਦੇ-ਇਹ ਨ੍ਹਾਉਣ ਪ੍ਰਭਾਤ ਵੇਲੇ ਹੁੰਦਾ ਹੈ। ਉਹ ਸੋਧ

ਕਿਸੇ ਗੁਣ ਨਹੀਂ ਜੋ ਸਰਵੇ ਦਾ ਅਸ਼ਨਾਨ ਰੋਕਦੀ ਹੈ। ਭਾਂਵੇ ਵਿਹਾਰੀ ਹੁੰਦਾ ਜਾਂ ਸੋਧੀ, ਕਹਿੰਦੇ ਕਿ ਅੰਮ੍ਰਿਤ ਵੇਲੇ ਦਾ ਅਸ਼ਨਾਨ ਨਹੀ ਉਕਾਣਾਂ ਚਾਹੀਦਾ।

ਓਹਨਾਂ ਦਾ ਅੰਦਰ ਚੀਨੀ ਵਾਲੇ ਦੀ ਯਾਦ ਵਿਚ ਹਰ ਵੇਲੇ ਭਰਿਆ ਰਹਿੰਦਾ ਤੇ ਜਦ ਬਿਰਹੋਂ ਦਾ ਅਤ ਜ਼ੋਰ ਹੁੰਦਾ ਤਾਂ ਉਚੀ ਬਾਂਹ ਕਰਕੇ ਕਹਿੰਦੇ "ਹਾਏ! ਗੁਰੂ ਰਾਮ ਸਿੰਘ ਨਾਂ ਵਿਸਰੇ!" ਇਹ ਬਚਨ ਕਹਿੰਦਿਆਂ ਆਪ ਦੇ ਨੇਤ੍ਰ ਛਮਾ ਛਮ ਵਸਣ ਲਗ ਜਾਂਦੇ ਤੇ ਕਰੁਣਾ ਦਾ ਰੂਪ ਹੋਕੇ ਵੇਖਣ ਵਾਲੇ ਨੂੰ ਵੀ ਜਲ ਅਹਾਰ ਕਰ ਦੇਂਦੇ।

ਜੇ ਕਿਸੇ ਨੂੰ ਮੋਢੇ ਤੇ ਡਾਂਗ ਚੁਕੀ ਵੇਖਦੇ ਤਾਂ ਆਖਦੇ—"ਲੜਾਈ ਮੋਢੇ ਤੇ ਚੁਕੀ ਫਿਰਦਾ ਹੈ? ਤੇ ਖੂਹ ਜੋ ਏਦੂ ਹੌਲਾ ਹੈ ਅਤੇ ਜੋ ਅਪਣਾ ਤੇ ਹੋਰਨਾ ਦਾ ਵੀ ਭਲਾ ਕਰਦਾ ਹੈ. ਉਹ ਨਹੀਂ ਚੁਕਸਕਦਾ ਖੂਹ ਤੋਂ ਭਾਵ ਆਪ ਦਾ ਲੈਂਦੇ ਸਨ। ਜੇ ਕੋਈ ਸੋਧੀ ਖੁਲੇ ਨੂੰ ਪਾਣੀ ਨ ਪਿਲਾਉਂਦਾ, ਤਾਂ "ਰਖ ਲੈ ਗੁਰੂ ਰਾਮ ਸਿੰਘ!" ਕਹਿਕੇ ਕਹਿੰਦੇ "ਵੇਖੋ! ਇਸ ਸਿਖ ਦੀ ਮਤ ਹੈ ਜਲ ਸਿਖ ਨੂੰ ਨਹੀਂ ਛਕਾਉਂਦੇ। ਤੇ ਭੂੰਵੇ ਡੋਲੀ ਜਾਂਦਾ ਹੈ!' ਜੇ ਕਿਸੇ ਸਿਖ ਨੂੰ ਕਿਸੇ ਨਾਲ ਗਲ ਕਰਦਾ ਵੇਖਦੇ ਤਾਂ ਆਖਦੇ ਕਿ ਤੁਹਾਨੂੰ ਗੁਰੂ ਰਾਮ ਸਿੰਘ ਜੀ ਦਾ ਹੁਕਮ ਭੁਲ ਗਿਆ ਹੈ। ਸਾਥੀ ਨਾਲ ਵਿਥ ਤੇ ਤੁਰਨਾ ਤੇ ਭਜਨ ਵਿਚ ਮਸਤ ਰਹਿਣਾ, ਆਮ ਤੌਰ ਤੇ ਆਪ ਦੀ ਬਿਰਤੀ ਸੀ ਯਥਾ:—

ਦੋਹਰਾ—'ਪ੍ਰੇਮ ਮਗਨ ਹੋਇ ਸਬਦ ਕੋ, ਗਾਵੇ ਰੁਚ ਉਪਜਾਇ। ਊਚੀ ਭੁਜ ਕਰ ਹਾਇ ਕਹਿ, ਰੋਵੈਂ ਪੁਨ ਹਸ ਪਾਇ।'

ਚੌਪਈ—'ਕਬਹੂੰ ਵਹੁ ਤਿਨਕੇ ਉਠ ਚੁਣੈਂ। ਸਭ ਘਟ ਮੈਂ ਵਹਿ ਪ੍ਰੀਤਮ ਗਣੈਂ।'

ਦੋਹਰਾ:—'ਰੁਖ ਬਿਰਖ ਕੇ ਗਲ ਲਗੈਂ, ਅੰਤ੍ਰ ਦਰਸ ਪਿਆਸ। ਜੋ ਸਭ ਮੇਂ ਸਿਰਮੌਰ ਗੁਰ, ਤਿਸ ਦੇਖਣ ਦੀ ਆਸ।'

ਜਿਥੇ ਜਾਣਾ ਚਾਹੁੰਦੇ, ਝਟ ਪਹੁੰਚ ਜਾਂਦੇ ਤੇ ਜਾਣ ਸਾਰ ਅਸਚਰਜ ਰੰਗ ਬੰਨ੍ਹ ਦੇਂਦੇ। ਹਉਂ ਹੰਕਾਰ ਅਤੇ ਆਪੇ ਦਾ ਮਾਣ ਤਾਂ ਆਪ ਦੇ ਨੇੜੇ ਵੀ ਨਹੀਂ ਢੁਕਦਾ ਸੀ। ਸਚ ਮੁਚ ਨਿਰਮਾਣਤਾ, ਭਜਨ, ਤਿਆਗ ਅਤੇ ਤਰਸ ਦੀ ਮੂਰਤ ਜਾਪਦੇ ਸਨ ਤੇ ਜੇਹੜਾ ਦਰਸ਼ਨ ਕਰਦਾ ਸੀ, ਠਰ ਜਾਂਦਾ ਸੀ।

ਵੱਡੀ ਉਮਰ ਹੋਣ ਕਰਕੇ ਖੰਘ ਲਗ ਗਈ, ਜੇ ਕੋਈ ਆਕੇ ਦਵਾਈ ਖਾਣ ਲਈ ਅਰਜ਼ ਕਰਦਾ, ਤਾਂ ਕਹਿੰਦੇ ਕਿ ਭਾਈ ਦਵਾਈ ਅੰਦਰ ਠੰਢ ਪੌਣ ਦੀ ਚਾਹੀਦੀ ਹੈ। ਸਰੀਰ ਦਾ ਕੋਈ ਖਿਆਲ ਨਹੀਂ ਇਹ ਕਹਿੰਦੇ ਕਹਿੰਦੇ ਗਾਣ ਲੱਗ ਜਾਂਦੇ—"ਜੋਬਨ ਜਾਂਦੇ ਨ ਡਰਾਂ, ਜੇ ਸਹਿ ਪ੍ਰੀਤ ਨ ਜਾਇ।"

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ

ਸ੍ਰੀ ਸਤਿਗੁਰੂ ਜੀ ਸੰਤ ਕੇਸਰ ਸਿੰਘ ਜੀ 'ਚੁਪ' ਕਰਕੇ ਗੁਜਰਾਂਵਾਲੇ ਜਾਇਆ ਕਰਦੇ ਸਨ, ਪਰ ਜਦੋਂ ਤੋਂ ਸੰਤ ਚਲੇ ਗਏ, ਸਤਿਗੁਰੂ ਜੀ ਦੇ ਦਰਸ਼ਨ ਵਧਰੇ ਹੋਣ ਲਗ ਪਏ। ਜਦੋਂ ਸਤਿਗੁਰੂ ਜੀ ਕਦੇ ਦੇਰ ਲਾ ਦੇਂਦੇ ਤਾਂ ਵਜਾ ਵਜ੍ਹਾ ਨਾਲ ਯਾਦ ਕਰਵਾਉਂਦੇ ਤੇ ਕਹਿੰਦੇ ਖੇਤੀ ਦੇ ਮਾਲਕ ਨੂੰ ਖੇਤੀ ਦੀ ਸਾਰ ਕਰਨੀ ਲੋੜੀਏ।

ਇੱਕ ਵੇਰਾਂ ਦੀ ਗੱਲ ਹੈ ਕਿ ਸਤਿਗੁਰਾਂ ਨੇ ਸੰਤਾਂ ਨੂੰ ਕੀਮਤੀ ਦੁਸ਼ਾਲਾ ਬਖਸ਼ਿਆ

ਆਪ ਨੇ ਅਗਲੇ ਦਿਨ ਹੀ ਵਾਪਸ ਮੋੜਦਿਆਂ ਹੋਇਆਂ ਕਿਹਾ—"ਇਹ ਤੁਹਾਨੂੰ ਹੀ ਸੋਭਦਾ ਹੈ, ਸਾਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੀ ਚਿਤ ਆਵੇ।

ਆਪ ਦੇ ਭਜਨ ਕਰਨ ਦਾ ਇਹ ਹਾਲ ਸੀ ਕਿ ਵਡੇਰੀ ਉਮਰ ਵਿਚ ਜਾਕੇ ਵੀ ਸਾਰੀ ਸਾਰੀ ਰ ਤ ਇਕ ਰਸ ਭਜਨ ਕਰਦੇ ਰਹਿੰਦੇ ਸਨ। ਇਕ ਵੇਰਾਂ ਸਤਿਗੁਰਾਂ ਨੂੰ ਦਸਿਆ ਗਿਆ ਕਿ ਸੰਤ ਅਸ਼ਨਾਨ ਨਹੀਂ ਕਰਦੇ, ਪਰ ਜਾਨੀ ਜਾਣ ਪਾਤਸ਼ਾਹ ਨੇ ਆਪ ਦੀ ਬਿਰਤੀ ਵੇਖਕੇ ਫੁਰਮਾਇਆ ਕਿ ਇਹੋ ਜਿਹੇ ਮਹਾਂ ਪੁਰਸ਼ ਜੋ ਦਿਨ ਰਾਤ ਸਾਈਂ ਧਿਆ ਨ ਵਿਚ ਮਗਨ ਰਹਿੰਦੇ ਹਨ, ਓਹਨਾਂ ਨੂੰ ਅਸ਼ਨਾਨ ਕਰਨ ਦੀ ਕੀ ਲੋੜ।

ਮੈਨੂੰ ਸਤਿਗੁਰਾਂ ਨੇ ਦਸਿਆ ਸੀ ਕਿ ਸਾਡੇ ਦਿਲ ਵਿਚ ਪਕੀ ਗਲ ਵਸ ਗਈ ਹੈ ਕਿ ਢਿਲੇ ਸਿੱਖਾਂ ਨੂੰ ਡੰਨ ਤੇ ਤਨਖਾਹ ਤੋਂ ਬਿਨਾਂ ਨਹੀਂ ਛਡਣਾਂ ਤੇ ਨਾਹੀ ਕਿਸੇ ਨੂੰ ਐਵੇ ਬਖ ਸ਼ਨਾ ਹੈ ਜਿਸ ਵੇਲੇ ਸਤਿਗੁਰੂ ਜੀ ਗਏ ਤਾਂ ਸੰਤਾਂ ਨੇ ਸਤਿਗੁਰਾਂ ਦਾ ਮੋਢਾ ਫੜਕੇ ਕਿਹਾ-"ਸਤਿਗੁਰੂ ਰਾਮ ਸਿੰਘ ਜੀ ਦੀ ਬਖਸ਼ਿਸ਼ ਦਾ ਬੂਹਾ ਕਦੇ ਬੰਦ ਨਹੀਂ ਕਰਨਾਂ। ਇਹ ਦਰ ਸਦਾ ਖੁਲ੍ਹਾ ਰਹਿਣ ਵਾਲਾ ਹੈ।"

ਸਤਿਗੁਰਾਂ ਦੀ ਹਜ਼ੂਰੀ ਵਿਚ ਹੀ ਇਕ ਦਿਨ ਦੀ ਗਲ ਹੈ ਕਿ ਸੰਤਾਂ ਨੇ ਕਿਹਾ—"ਜੀ ਸਚੇ ਪਾਤਿਸ਼ਾਹ! ਇਹ ਜੋ ਤੇਰੇ ਮਗਰ ਹੱਥ ਜੋੜ ਖਲੋਤੇ ਤੇ ਅਰਜਾਂ ਬੇਨਤੀਆਂ ਕਰਦੇ ਹਨ, ਇਹਨਾਂ ਦਾ ਫਿਕਰ ਵੀ ਤੁਸਾਂ ਹੀ ਕਰਨਾ ਹੈ।" ਸਚੇ ਪਾਤਿਸ਼ਾਹ ਨੇ ਕਿਹਾ—'ਤੁਹਾਡੇ ਹੁੰਦਿਆਂ ਇਹਨਾਂ ਨੂੰ ਕੀ ਫਿਕਰ।"

ਸੰਗਤ ਵਿਚ ਜਿਸ ਦਿਨ ਜੇਹੜਾ ਸਿਖ ਨਾ ਆਉਂਦਾ, ਅਗਲੇ ਦਿਨ ਉਸਨੂੰ ਕਹਿੰਦੇ—"ਭਾਈ ਕਲ, ਤੇਰਾ ਹੀ ਭਜਨ ਕਰਦੇ ਰਹੇ ਹਾਂ।

ਸੰਗਤਾਂ ਵਿਚ ਨਿਧੜਕ ਬਚਨ ਕਰਦੇ ਤੇ ਆਪ ਬੀਤੀਆਂ ਦੇ ਸਾਰੇ ਹਾਲ ਸਾਫ ਸਾਫ ਕਹਿਦੇਂਦੇ। ਕਦੇ ਕਦੇ ਇਹ ਵੀ ਕਹਿੰਦੇ ਕਿ ਜੇਹੜੇ ਸਿਖ ਪਰ ਇਸਤ੍ਰੀਆਂ ਨਾਲ ਪ੍ਰੇਮ ਦੇ ਬਚਨ ਕਰਕੇ ਹਸਦੇ ਤੇ ਆਖਦੇ ਹਨ ਕਿ ਅਸੀਂ ਬਚੇ ਹੋਏ ਹਾਂ, ਉਹ ਝੂਠ ਹਨ। ਇਸਤਰਾਂ ਕਰਨ ਨਾਲ ਦੋ ਗੁਨਾਹ ਹੋਏ। ਇਕ ਤਾਂ ਇਹ ਕਿ ਜਨਾਂ ਚਿਰ ਪਰ ਇਸਤ੍ਰੀ ਨਾਲ ਬਚਨ ਕੀਤੇ, ਭਜਨ ਭੁਲਾ ਤੇ ਦੂਜਾ ਗੁਰੂ ਦਾ ਹੁਕਮ ਕਿ "ਪਰ ਤ੍ਰਿਅ ਰੂਪ ਨ ਪੇਖ ਨੇਤ੍ਰ ਵਿਸਰਿਆ।

ਇਕ ਦਿਨ ਮੈਂ ਦਰਸ਼ਨ ਕਰਨ ਆਇਆ ਕਹਿਣ ਲਗੇ ਕਿ "ਹਿਦੂ ਚਕੋਂ ਕੋਈ ਵਾਹੀ ਵਾਲਾ ਜਟ ਆਇਆ ਹੈ? ਮੈਂ ਅਰਜ਼ ਕੀਤੀ ਕਿ ਮੈਂ ਤੇ ਦੇਵਾ ਸਿੰਘ ਆਏ ਹਾਂ ਹੁਕਮ? ਕਿਹੋ ਨੇ ਕਾਰ ਦੀ ਬਾ ਕਰਦੇ ਹੋ ਕਿ ਗੁਰ ਵਿਚਾਰ ਦੀ" ਮੈ ਉਤਰ ਦਿਤਾ—"ਜੀ ਕਾਰਦੀ" ਇਹ ਸੁਣਕੇ ਬਾਂਹ ਓਚੀ ਕੀਤੀ ਤੇ ਕਹਿਣ ਲਗੇ—"

"ਮਨ ਹਾਲੀ ਕ੍ਰਿਸਾਣੀ ਕਰਣੀ,  
ਸਰਮ ਪਾਣੀ ਤਨ ਖੇਤ।  
ਨਾਮ ਬੀਜ ਸੰਤੋਖ ਸੁਹਾਗਾਮ,  
ਰਖ ਗਰੀਬੀ ਵੇਸ।

ਫੇਰਕਿਹਾ—" ਸੋਹਾਗਣ ਹੈ ਕਿ ਛੁਟੜ? ਮੈਂ ਉਤਰ ਦਿਤਾ "ਸੋਹਾਗਣੀ"

ਸੰਤਾਂ ਆਖਿਆ-"ਕੰਤ ਵੀ ਡਿਠਾ ਹਈ ਕ ਵੇਂਦਾ ਹੈ?"

ਮੈਂ ਕਿਹਾ —"ਸੰਤ ਜੀ ਮੈਂ ਤਾਂ ਸੋ ਸਣਕੇ ਹੀ ਸੁਦੈਣ ਹੋਈ ਪਈ ਹਾਂ, ਡਿਠਾਨਹੀਂ।"

ਪਾਸੋਂ ਢੇਵਾ ਸਿੰਘ ਨੇ ਆਖਿਆ "ਜੀ ਕੰਤ ਤੁਹਾਡੇ ਜੈਸਾ ਹੈ।"

ਸੰਤਾ ਨੇ ਹੌਕਾ ਲੈਕੇ ਕਿਹਾ ਕਿ-ਜਾਨੀ ਨ ਜਾਈ ਕਛੂ ਰੂਪ ਰੇਖੰ। ਕਹਾਂ ਬਾਸ ਤਾਕੋ ਫਿਰੈ ਕੌਨ ਭੇਖੰ।

ਇਕ ਦਿਨ ਆਪ ਨਿਕੀ ਜਹੀ ਮੰਜੀ ਡਾਹੀ ਬੈਠੇ ਸਨ। ਮਿਲਖਾ ਸਿੰਘ ਮਸਤਾਨਾ ਆਇਆ ਤੇ ਸੰਤਾਂ ਨੂੰ ਹੇਠ ਲੈਕੇ ਕਹਿਣ ਲਗਾ ਕਿ "ਤੂੰ ਪੂਜਾ ਕਰਵਾਂਦਾ ਹੈ ਉਹਨਾਂ ਨੂੰ ਵਰ ਸਰਾਫ ਦੇਂਦਾ ਤੇ ਵੱਡਾ ਸੰਤ ਬਣੀ ਬੈਠਾ ਹੈ, ਮੈਨੂੰ ਆਪਣੀ ਸੰਤ ਗੀਰੀ ਵਿਖਾ।"

ਸੰਤ ਚੋਖਾ ਚਿਰ ਚੁਪ ਕੀਤੇ ਰਹੇ, ਪਰ ਜਦ ਉਸ ਨੇ ਸੰਤਾਂ ਦੀ ਧੌਣ ਮਰੋੜ ਕੇ ਮੰਜੀ ਦੀ ਦੌਣ ਵਿਚ ਦੇ ਦਿਤੀ ਤਾਂ ਸੰਤਾਂ ਨੇ ਸੁਭਾਵਕ ਕਿਹਾ "ਖੂਨੀਆਂ! ਏਨ੍ਹਾ ਤੰਗ ਕਿਉਂ ਕੀਤਾ ਈ।"

ਇਸ ਘਟਨਾ ਪਿਛੋਂ ਮਿਲਖਾ ਸਿੰਘ ਭੂਪਾਲ ਵਾਲੇ ਗਿਆ ਤੇ ਓਥੇ ਖੂਨ ਕਰਨ ਦੇ ਕਾਰਨ ੧੪ ਸਾਲ ਲਈ ਕਾਲੇ ਪਾਣੀ ਚਲਾਗਿਆ।

ਸੰਤਾਂ ਨੇ ਅਰਜ ਕਰਕੇ ਸਤਿਗੁਰਾਂ ਪਾਸੋਂ ਗੁਜਰਾਂਵਾਲੇ ਲਈ ਹੋਲਾ ਲਿਆ। ਜਿਸ ਵੇਲੇ ਵਾਪਸ ਗੁਜਰਾਂ ਵਾਲੇ ਗਏ ਤਾਂ ਸੰਗਤਾਂ ਨੂੰ ਕਿਹਾ "ਸਜਣੋਂ! ਸਾਨੂੰ ਦਰਗਾਹੇ ਹਾਜ਼ਰ ਹੋਣ ਦਾ ਦੋ ਵੇਰ ਹੁਕਮ ਆ ਚੁੱਕਾ ਹੈ, ਅਸਾਂ ਹੋਲੇ ਦੇ ਦਰਸ਼ਨ ਨਹੀ ਕਰਨੇ।

'ਹੋਲਾ ਨਹੀਂ ਵੇਖਣਾ" ਦਾ ਬਚਨ ਸੰਗਤਾਂ ਨੇ ਸੁਣਿਆਂ ਤਾਂ ਅਰਜ਼ ਕੀਤੀ ਕਿ ਹੋਲਾ ਵਿਚ ਹੋਕੇ ਕਰੋ, ਜਬਾਬ ਦਿਤੋ ਨੇ-" ਅਗੇ ਹੀ ਕਾਫਰ ਪੁਣਾ ਕੀਤਾ ਹੈ ਤੇ ਦੋ ਵੇਰਾਂ ਬਚਨ ਮੋੜਚੁਕੇ ਹਾਂ। ਹੁਣ ਤੀਜਾ ਹੁਕਮ ਫੇਰ ਕੇ ਅਸਾਂ ਖਸਮ ਨਾਲ ਲੜਾਈ ਨਹੀਂ ਕਰਨੀ।'

ਲੜਾਈ ਕਰਨ ਤੋਂ ਦੋ ਦਿਨ ਪਹਿਲੋਂ ਸੰਤ ਕੇਸਰ ਸਿੰਘ ਜੀ 'ਚੁਪ' ਨੇ ਬਚਨ ਕੀਤਾ ਸੀ ਕਿ ਪਰ ਸੋ ਸੰਤਾਂ ਨੇ ਝੜਾਈ ਕਰ ਜਾਣੀ ਹੈ। ਜਿਸਨੇ ਬਚਨ ਕਰਨੇ ਹਨ, ਕਰ ਲਵੇ। ਸੰਗਤਾਂ ਬੇਅੰਤ ਇਕਠੀਆਂ ਹੋਈਆਂ ਅਤੇ ੨੭ ਭਾਦਰੋਂ ੧੯੨੮ ਵਾਲੇ ਦਿਨ ਇਹ ਮਹਾਨ ਉਚੀ ਆਤਮਾ ਪਰਮ ਪੁਰਖ ਕਰਤਾਰ ਵਿਚ ਲੀਨ ਹੋਗ ਏ।

ਗੁਰਬਾਣੀ ਦੀਆਂ ਇਹ ਤੁਕਾਂ ਆਪ ਦੀ ਰਸਨਾ ਤੇ ਆਮ ਤੌਰ ਤੇ ਰਹਿੰਦੀਆਂ ਸਨ-

ਕਪੜ ਰੂਪ ਸੁਹਾਵਣਾ ਛਡ ਦੁਨੀਆਂ ਅੰਦਰ ਜਾਵਣਾ......................................

ਕਿਤ ਬਿਧ ਧੀਅਰੇ ਹੀਅਰੋ ਨਿਮਾਨੋ।<br>
ਮਿਲ ਸਾਜਨ ਹਉ ਤੁਝ ਕੁਰਬਾਨੋ।

.........................................................................

ਹਉ ਸਭ ਵੇਸ ਕਰੀ ਪਿਰ ਕਾਰਨ,<br>
ਜੇ ਹਰਿ ਪ੍ਰਭ ਸਾਚੇ ਭਾਵਾ।<br>
ਸੋ ਪਿਰ ਪਿਆਰਾ ਮੈਂ ਨਦਰਿ ਨ ਦੇਖੈ<br>
ਹਉ ਕਿਉ ਕਰ ਧੀਰਜ ਪਾਵਾ

.........................................................................

ਇਕ ਫਰਮਾਇਸ ਆਖੀਐ ਜੇ ਮੰਨੇ ਸਾਈਂ।

ਆਪ ਮਾਯਾ ਦੇ ਪੂਰਨ ਤਿਆਗੀ ਸਨ, ਪਰ ਜੇ ਕੋਈ ਪ੍ਰੇਮੀ ਕੁਝ ਦੇ ਜਾਂਦਾ ਤਾਂ ਮਾਯਾ ਇਕਤ੍ਰ ਕਰਕੇ ਸਤਿਗੁਰਾਂ ਦੀ ਭੇਟ ਕਰ ਦੇਂਦੇ।

# (ਅ) ਸ੍ਰੀ ਸੰਤ ਕੇਸਰ ਸਿੰਘ ਜੀ 'ਚਵਿੰਡਾ

(ਸ੍ਰੀ ਮਾਨਜਵਰਸੰਤ ਭਗਤ ਸਿੰਘ ਜੀ ਦਾਤੇਵਾਲ)

ਪੰਥ ਦੇ ਪੁਰਾਣੇ ਸੇਵਕ ਅਤੇ ਪ੍ਰਚਾਰਕ ਸ੍ਰੀ ਮਾਨ ਸੰਤ ਭਗਤ ਸਿੰਘ ਜੀ ਦਾਤੇਵਾਲ ਜ਼ਿਲਾ ਸਿਆਲ ਕੋਟ ਨੇ ਬਾਵਜੂਦ ਬਹੁਤ ਰੁੱਝਿਆਂ ਹੋਣ ਦੇ ਚਵਿੰਡੇ ਵਾਲੇ ਮਹਾਂ ਪੁਰਸ਼ ਬਾਬਾ ਕੇਸਰ ਸਿੰਘ ਜੀਦੇ ਜੀਵਨ ਸਬੰਧੀ ਕੁਛ ਹਾਲ ਲਿਖਕੇ ਭੇਜੇ ਹਨ: ਜਿਨ੍ਹਾਂ ਸਬੰਧੀ ਸ੍ਰੀ ਸੰਤ ਜੀ ਮਹਾਰਾਜ ਦਾ ਧੰਨਵਾਦ ਹੈ: (ਸੰਪਾਦਕ)

## ਪਹਿਲੀ ਉਮਰ

ਬੀਤਰਾਗ ਬਾਬਾ ਕੇਸਰਸਿੰਘਜੀ ਨੇ ਭਜਨ ਸ੍ਰੀਸਤਿਗੁਰੂ ਰਾਮ ਸਿੰਘ ਜੀ ਦੀ ਰਸਨਾਂ ਤੋਂ ਸੁਣਿਆ ਸੀ: ਇਨ੍ਹਾਂ ਦਾ ਸੁਭਾ ਪਹਿਲਾਂ ਵੀ ਸਾਧੂਆਂ ਵਾਲਾਸੀ,ਪਰ ਭਜਨ ਪੁਛਣ ਤੋਂਪਿਛੋਂ ਅਜੇਹਾ ਰੰਗ ਚੜ੍ਹਿਆ ਕਿ ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪ੍ਰਵਾਨ ਵਾਲੀ ਗੱਲਹੋ ਗਈ।

(੧) ਇਕਦਿਨਆਪ ਅਪਣੇ ਭਰਾ ਨਾਲ ਹਲ ਵਾਹ ਰਹੇ ਸਨ,ਕਿ ਉਸਨੇ ਕਿਹਾ ਕਿ ਹਲ ਚੰਗੀਤ੍ਰਾਂ ਲਾ। ਆਪਨੇ ਹੱਲ ਖੋਹਲਕੇ ਜੂਲੇ ਨਾਲ ਨਾਹਣ ਦਿਤੀ, ਤੇ ਕਿਹਾ,ਹੁਣ ਤਾਂ ਚੰਗੀ ਲਗ ਦੀਏ ਨਾਂ? ਕੋਲੋਂ ਦੀ (ਪਿੰਡ ਦੇ ਇਕ ਬਜ਼ੁਰਗ) ਬਾਬਾ ਹੀਰਾ ਸਿੰਘ ਜੀ ਜਾ ਰਹੇ ਸਨ। ਸੰਤਾਂ ਦੇ ਭਰਾ ਨੇ ਕਿਹਾ,ਵੇਖ ਭਾਈਆ, ਮੈਂ ਜਰਾਕ ਗਲ ਕਹੀ ਹੈ, ਤਾਂ ਗੁੱਸਾ ਕਰਕੇ ਸਗੋਂ ਉਲਟਾ ਕੰਮ ਕੀਤਾ ਸੂ। ਸੰਤਾਂ ਨੇ ਕਿਹਾ ਭਾਈਆ ਏਨ ਕਿਹਾ ਸੀ ਹਲ ਬਹੁਤੀ ਲਾ ਪਰ ਏਨੂੰ ਪੁਛਖਾਂ ਭਈ ਪਸੂਆਂ ਵਿਚ ਜਾਨ ਨਹੀਂ ਹੈ? ਮੈਂ ਬਲਦਾਂਨੂੰ ਨੱਹਕਤਕਲੀਫ ਕਿਉਂਦੇਵਾਂ?

(੨) ਇੱਕ ਵਾਰ ਇੱਕ ਚੰਗੜ ਨੇ ਕਿਹਾ ਬਾਬਾ ਜੀ। ਮੇਰੀ ਝੋਟੀ ਬੜੀ ਚਲਦੀ ਹੈ। ਸੰਤਾਂ ਨੇ ਆਖਿਆ ਸਾਡਾ ਵਹਿੜਕਾ ਬੜਾ ਤੁਰਦਾਏ ਏਰੱਲ ਕਰ ਲਈ, ਭਈ ਜੀਹਦਾ ਪਸੂ ਅੱਗੇ ਲੰਘ ਜਾਏ, ਉਹ ਦੂਜੇ ਦੇ ਨੂੰ ਅਪਣੇ ਘਰ ਲੈ ਜਾਏ। ਲੱਕੜ ਦੇ ਵੇਲਣੇ ਤੇ ਜੋੜ ਦਿਤੇ। ਚਲਾਣ ਵਾਲੇ ਨੇਪਹਿਲੋਂ ਝੋਟੀ ਨੂੰ ਸੋਟਾ ਮਾਰ ਦਿਤਾ, ਜਿਸ ਕਰਕੇ ਵਹਿੜਕਾ ਪਿਛੇ ਰਹਿ ਗਿਆ। ਬਾਬਾ ਜੀ ਵਹਿੜਕਾ ਛਡਕੇ ਘਰ ਚਲੇ ਗਏ। ਲੋਕਾਂ ਨੇ ਚੰਗੜਾਂ ਨੂੰ ਕਿਹਾ ਕਿ ਬਾਬੇ ਦਾ ਵਹਿੜਕਾ ਮੋੜ ਦਿਓ। ਉਹ ਘਰ ਲੈਕੇ ਗਏ, ਤੇ ਕਿਹਾ ਕਿ ਅਸੀਂ ਖੁਸ਼ੀ ਨਾਲ ਦੇਂਦੇ ਹਾਂ, ਪਰ ਬਾਬਾ ਜੀ ਨੇ ਏਹ ਕਹਿਕੇ ਵਹਿੜਕਾ ਨਾ ਲਿਆ ਕਿ-'ਜ਼ਬਾਨ ਵੀ ਕੋਈ ਚੀਜ ਹੁੰਦੀ ਹੈ।'

(੩) ਭਜਨ ਪੁਛਣ ਤੋਂ ਪਿਛੋਂ ੧੩ ਵਰ੍ਹੇ ਸ੍ਰੀ ਮਾਨ ਬਾਬਾ ਜਮੀਤ ਸਿੰਘ ਜੀ (ਗਿਲ) ਦੇ ਲੰਗਰ ਦੀ ਸੇਵਾ ਕੀਤੀ। ਏਨ੍ਹਾਂ ਦਿਨਾਂ ਵਿਚ ਆਪਦਾ ਰੋਜ਼ਾਨਾ ਪ੍ਰੋਗ੍ਰਾਮ ਏਹ ਸੀ:-ਪਹਿਲੋਂ ਜੰਗਲ ਪਾਣੀ ਜਾਕੇ ਦਾਤਣ ਕਰ ਇਸ਼ਨਾਨ ਕਰਨਾਂ। ਉਪਰੰਤ ਪੂਰੇ ਦੋਘੰਟੇ ਸਾਧਸੰਗਤ ਦੇ ਲੰਗਰ ਵਾਸਤੇ ਚਕੀ ਨਾਲ ਆਟਾ ਪੀਹਣਾਂ ਫੇਰ ਹਲ ਜਾਣਾਂ। ਪਸਚਾਤ ਡੰਗਰਾਂ ਨੂੰ ਪਠੇ ਪਾਕੇ ਲੰਗਰ ਦੇਭਾਂਡੇ ਮਾਂਜਣੇ। ਉਸਤੋਂ ਪਿਛੋਂ ਜੇਹਾ ਪ੍ਰਸ਼ਾਦਾ ਮਿਲ ਜਾਏ, ਪ੍ਰਸੰਨ ਹੋਕੇ ਛਕ ਲੈਣਾ। ਜੇਹੜਾ ਦੁਧ ਮਿਲਨਾਂ ਉਹ ਆਪ ਨਾਂ ਪੀਣਾਂ ਤੇ ਸਾਧਸੰਗਤ ਨੂੰ ਪਿਆਕੇ ਖੁਸ਼ ਹੋਣਾ। ਗਰਮੀ ਦੇ ਮੌਸਮ ਵਿਚ ਇਕ ਵਾਰ ਥੋੜੀ ਜੇਹੀ ਕਦੀ ਲਸੀ ਪੀ ਲੈਣੀ। ਉਪ੍ਰੰਤ

ਸਾਰੀ ਦਿਹਾੜੀ ਕੋਈ ਚੀਜ ਮੂੰਹਨਾ ਪੌਣੀਂ। ਜੇ ਕੋਈ ਛਕਣ ਵਾਸਤੇ ਕੁਛ ਲਿ ਆਵੇ, ਤਾਂ ਕਹਿਣਾਂ ਭਜਨ ਬੰਦਗੀ ਤਾਂ ਹੋਂਦਾ ਨਹੀਂ ਐਵੇਂ ਕੀ ਸਾਰੀ ਦਿਹਾੜੀ ਬਕਰੀ ਵਾਂਗੂ ਮੂੰਹ ਮਾਰਦੇ ਰਹਿਣਾਂ ਹੈ।"

(੪) ਇਕ ਵਾਰ ਪਿੰਡ ਜਾਣ ਵਾਸਤੇ ਬਾਬਾ ਜਮੀਤ ਸਿੰਘ ਜੀ ਤੋਂ ਛੁਟੀ ਮੰਗੀ ਬਾਬਾ ਜੀ ਨੇ ਪੁਛਿਆ ਕਦੋਂ ਆਵੇਗੇ ? ਅਰਜ ਕੀਤੀ ਪਰਸੋਂ। ਬਾਬਾ ਜੀ ਨੇ ਕਿਹਾ ਜੇ ਪਰਸੋਂ ਨਾਂ ਆਏ ਤਾਂ ੨੦ ਰੁਪੈ ਤਨਖਾਹ ਲਗੇਗੀ। ਸੰਤਾਂ ਦਾ ਬਾਬਾ ਜੀ ਨਾਲ ਬੜਾ ਪ੍ਰੇਮ ਸੀ, ਜਿਸ ਕਰਕੇ ਉਹ ਬੜੀ ਮੁਸ਼ਕਲ ਨਾਲ ਆਪਣੇ ਪਿੰਡ ਰਾਤ ਹੀ ਕੱਟ ਸਕੇ, ਤੇ ਦੂਜੇ ਭਲਕ ਹੀ ਗਿਲੀਂ ਆ ਗਏ। ਨਮਸਕਾਰ ਕਰਨ ਦੇ ਨਾਲ ਹੀ ੨੦ ਰੁਪੈ ਚਰਨਾਂ ਵਿਚ ਰੱਖੇ। ਬਾਬਾ ਜੀ ਨੇ ਪੁੱਛਿਆ ਏਹ ਕੇਹੇ ਨੇ ? ਸੰਤਾਂ ਕਿਹਾ ਤਨਖਾਹ। ਬਾਬਾ ਜੀ ਕਹਿਣ ਲੱਗੇ ਤੁਸੀਂ ਤਾਂ ਸਗੋਂ ਇਕਰਾਰ ਤੋਂ ਇੱਕ ਦਿਨ ਪਹਿਲਾਂ ਹੀ ਆ ਗਏ ਹੋ। ਤਨਖਾਹ ਕਾਹਦੀ ? ਸੰਤਾਂ ਅਰਜ਼ ਕੀਤੀ ਮਹਾਰਾਜ ਤੁਹਾਡਾ ਵਾਕ ਸੀ ਕਿ ਜੇ ਪਰਸੋਂ ਨਾਂ ਆਇਆ ਤਾਂ ਤਨਖਾਹ ਲਗੇਗੀ। ਸੁ ਮੈਂ ਅਜੇ ਹੀ ਆਗਿਆ ਹਾਂ ਤੁਹਾਡੇ ਬਚਨ ਅਨੁਸਾਰ ਭਲਕੇ ਔਣਾਂ ਚਾਹੀਦਾ ਸੀ। ਇਸ ਕਰਕੇ ਬਚਨ ਦੀ ਉਲੰਘਾਂਣ ਦੇ ਕਾਰਣ ਤਨਖਾਹ ਜਰੂਰ ਲੱਗਣੀ ਚਾਹੀਦੀਏ।

(੫) ਹੁਣ ਸੰਤ ਜੀ ਮਹਾਰਾਜ ਗਿੱਲਾਂ ਤੋਂ ਵਿਦਾ ਹੋਕੇ ਸਖਾਨਿਆਂ ਨੂੰ ਤੁਰ ਪੈ ਏਥੋਂ ਦੇ ਸੁਦਾਰ ਹੁਕਮ ਸਿੰਘ ਜੀ ਸ਼ਾਹ ਰਸਤੇ ਵਿਚ ਮਿਲ ਪੈ।

## ਸ਼ਾਹ ਹੁਕਮ ਸਿੰਘ ਜੀ

ਸ਼ਾਹ ਹੁਕਮ ਸਿੰਘ ਜੀ ਸਖਾਨਿਆਂ ਦੇ ਇੱਕ ਧਨਾਢ ਗੁਰ ਸਿੱਖ ਸਨ। ਆਪਨੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਭਜਨ ਪੁਛਿਆ ਸੀ। ਆਪ ਚੰਗੇ ਭਜਨੀਕ ਨਿਤਨੇਮੀ ਤੇ ਵਿਚਾਰ ਸ਼ੀਲ ਸਨ। ਗੁਰ ਸਿਖਾਂ ਦੀ ਸੇਵਾ ਦਾ ਆਪਨੂੰ ਬੜਾ ਚਾ ਰਹਿੰਦਾ ਸੀ। ਲੋਹ ਲੰਗਰ ਤਪਦੇ ਰਹਿੰਦੇ ਸਨ। ਗੁਰਬਾਣੀ ਦੀ ਵਿਚਾਰ ਵੀ ਉਨ੍ਹਾਂ ਨੂੰ ਚੰਗੀ ਸੀ, ਤੇ ਹਰ ਰੋਜ ਪਿਛਲੇ ਪਹਿਰ ਕਥਾ ਨਿਤਨੇਮ ਨਾਲ ਕਰਦੇ ਹੁੰਦੇ ਸਨ- ਪਿੰਡ ਵਾਲੀ ਧਰਮਸਾਲਾ ਉਨਾਂ ਨੇ ਹੀ ਪਵਾਈ ਸੀ। ਸਾਧਾਂ ਵਾਸਤੇ ਬਸਤ੍ਰਾਂ ਤੇ ਜੋੜਿਆਂ ਦੇ ਕੋਠੇ ਭਰ ਛਡਦੇ ਸਨ। ਤੇ ਵਰਤਾ ਵਰਤਾ ਕੇ ਬੜੇ ਖੁਸ਼ ਹੁੰਦੇ ਸਨ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸੱਚੇ ਪਾਤਸ਼ਾਹ ਜਦ ਗੁਰੂ ਚੱਕ ਦੇ ਹੋਲੇ ਤੇ ਗਏ, ਤਾਂ ਏਨੀਂ ਬਰਖਾ ਹੋਈ ਕਿ ਲੰਗਰ ਪਕਾਣ ਵਾਸਤੇ ਥਾਉਂ ਥੋੜਾ ਹੋਣ ਦੇ ਕਾਰਨ ਸੰਗਤ ਨੂੰ ਬੜੀ ਤਕਲੀਫ ਹੋਈ। ਸਤਿਗੁਰੂ ਹਰੀ ਸਿੰਘ ਜੀ ਨੇ ਕਿਹਾ ਭਾਈ! ਜੇ ਹੋਰ ਕੋਈ ਪੇਸ਼ ਨਹੀਂ ਜਾਂਦੀ ਤਾਂ ਛੋਲਿਆਂ ਦੀਆਂ ਘੁੰਙਣੀਆਂ ਹੀ ਉਬਾਲ ਲੋ। ਉਸ ਵੇਲੇ ਸ਼ਾਹ ਹੁਕਮ ਸਿੰਘ ਜੀ ਨੇ ਅਰਜ ਕੀਤੀ, ਸੱਚੇ ਪਾਤਸ਼ਾਹ! ਕਿਰਪਾ ਕਰਕੇ ਸਖਾਣੀਂ ਚਰਨ ਪਾਓ। ਅਰਜ ਮਨਜੂਰ ਹੋ ਗਈ ਤੇ ਸਤਿਗੁਰਾਂ ਨੇ ਸੰਗਤਾਂ ਸਮੇਤ ਸਖਾਣੀਂ ਦਰਸਨ ਦਿਤੇ। ਓਥੇ ਏਨਾਂ ਅਟੁਟ ਲੰਗਰ ਵਰਤਿਆ, ਤੇ ਰਸ ਬੱਝਿਆ, ਕਿ ਧੰਨ ਧੰਨ ਹੋ ਗਈ ਸਤਿਗੁਰਾਂ ਨੇ ਸ਼ਾਹ ਹੁਰਾਂ ਨੂੰ ਪੁਛਿਆ ਹੁਕਮ ਸਿੰਘਾ ਵਿਹਾਰ ਕਿਨੇਂ ਕੁ ਫੇਰ ਵਿਚ ਚਲਦਾ ਹੈ। ਬੇਨਤੀ ਕੀਤੀ, ਗਰੀਬ ਨਿਵਾਜ ਪੰਜਾਹ ਹਜਾਰ ਦੇ ਅੰਦਰ ਬਾਹਰ ਖਿਲਾਰ ਖਿਲਰਿਆ ਹੋਇਆ ਹੈ। ਸਤਿਗੁਰਾਂ ਨੇ ਏਸੇ ਤ੍ਰਾਂ ਦ ਵਾਰ

ਫੇਰ ਪੁਛਿਆ, ਪਰ ਸ਼ਾਹ ਹੁਰਾਂ ਨੇ ਏਹੀ ਜਵਾਬ ਦਿਤਾ ਕਿ ਪੰਜਾਹ ਕੁ ਹਜ਼ਾਰ ਦਾ ਪਹਿਣਾਂ ਹੈ। ਸਤਿਗੁਰਾਂ ਬਚਨ ਕੀਤਾ--'ਜਾਹ ਓਏ ਹੁਕਮ ਸਿੰਘਾ! ਐਸ ਵੇਲੇ ਤੂੰ ਜਿਨੇ ਲੱਖ ਯਾਂ ਜਿਨੇ ਕਰੋੜ ਆਖਨੇ ਓਨਾਂ ਹੀ ਹੋ ਜਾਣਾਂ ਸੀ। ਪਰ ਹੁਣ ਤੇਰਾ ਵਿਹਾਰ ਪੰਜਾਹ ਹਜ਼ਾਰ ਦੇ ਹੀ ਅੰਦਰ ਬਾਹਰ ਰਹੇਗਾ। ਸੱਚੇ ਪਾਤਸ਼ਾਹ ਦਾ ਵਾਕ ਐਸਾ ਅਟੱਲ ਹੋਇਆ, ਕਿ ਸ਼ਾਹ ਹੁਕਮ ਸਿੰਘ ਜੀ ਦੇ ਜੀਵਨ ਪ੍ਰਯੰਤ ਪੰਜ਼ਾਹ ਹਾਜਰ ਤਕ ਦਾ ਹੀ ਸਿਲ ਸਿਲਾ ਰਿਹਾ।

ਸ੍ਰੀ ਮਾਨ ਸੰਤ ਬਾਬਾ ਕੇਸਰ ਸਿੰਘ ਜੀ ਨੂੰ ਜਦ ਸ਼ਾਹ ਹੁਕਮ ਸਿੰਘ ਹੋਰੀਂ ਰਾਹ ਵਿਚ ਮਿਲੇ ਤਾਂ ਕਹਿਣ ਲੱਗੇ, ਹੁਕਮ ਸਿੰਘਾ ਤੂੰ ਸਾਨੂੰ ਕਈ ਵਾਰ ਆਖਦਾ ਹੁੰਦਾ ਸੈਂ ਕਿ ਸਖਾਣੀਂ ਆਓ, ਸੋ ਹੁਣ ਅਸੀਂ ਆਗਏ ਹਾਂ ਪਰ ਜੇ ਸਾਨੂੰ ਰਖਣਾ ਹਈ ਤਾਂ ਬਚਨ ਕਰ ਕਿ ਸਾਨੂੰ ਵੇਹਲਿਆਂ ਨਹੀਂ ਬਹਿਣ ਦੇਵੇਂਗਾ। ਸ਼ਾਹ ਹੋਰਾਂ ਕਿਹਾ ਮਹਾਰਾਜ ਜੋ ਆਗਯਾ। ਸ਼ਾਹ ਹੋਰਾਂ ਕਿਹਾ ਬਾਬਾ ਜੀ ੪੦ ਭਰੀਆਂ (ਸੁੱਕੀ) ਜਵਾਰ ਹੈ, ਆਪ ਰੋਜ਼ ਸਵੇਰੇ ਉੱਠਕੇ ਇੱਕ ਕੁਤਰ ਛਡਿਆ ਕਰੋ। ਸੰਤ ਜੀ ਮਹਾਰਾਜ ਜਵਾਰ ਨੂੰ ਏਸਤ੍ਰਾਂ ਟੱਕਰੇ, ਕਿ ਪੰਜਾਂ ਛੇਆਂ ਦਿਨਾਂ ਵਿਚ ਸਾਰੀ ਹੀ ਕੁਤਰ ਛੱਡੀ। ਹੁਣ ਫੇਰ ਸ਼ਾਹ ਨੂੰ ਪੁੱਛਿਆ ਕੋਈ ਹੋਰ ਕੰਮ ਦੱਸ। ਸ਼ਾਹ ਜੀ ਨੇ ਕਿਹਾ ਮੱਝੀਂ ਚਾਰ ਲਿਆਇਆ ਕਰੋ। ਹੁਣ ਬਾਬਾ ਜੀ ਮੱਝੀਂ ਚਾਰਨ ਲਗੇ। ਪਹਿਰ ਰਾਤ ਰਹਿੰਦੀ ਹੀ ਮਝੀਆਂ ਬਾਹਰ ਕੱਢ ਲੈਣੀਆਂ। ਦਿਨ ਚੜੇ ਪਿੰਡ ਲਿਆਕੇ ਦੁਧ ਚੁਆ ਫੇਰ ਬਾਹਰ ਲੈ ਜਾਣੀਆਂ ਤੇ ਪਹਿਰ ਰਾਤ ਗਈ ਲਿਔਣੀਆਂ ਜੇਠ ਹਾੜ ਵਿਚ ਦੁਪਹਿਰੇ ਤਬੇਲੇ ਵਿਚ ਬੰਨ੍ਹਕੇ ਸੇਵਾ ਕਰਨੀ ਅੰਦਰੇ ਪਾਣੀ ਡਾਹਣਾਂ। ਪਾਣੀਂ ਪਿਔਣ ਲਗਿਆਂ ਤਬੇਲੇ ਵਿਚ ਪਾਣੀ ਖਲੋ ਜਾਣਾ ਮੱਝੀਂ ਨੇ ਬਹੁਤ ਖੁਸ਼ ਰਹਿਣਾਂ। ਫੇਰ ਪੱਖਾ ਲੈਕੇ ਕਿਨਾਂ ਕਿਨਾਂ ਚਿਰ ਮਹੀਂ ਨੂੰ ਝਲਦਿਆਂ ਰਹਿਣਾਂ। ਆਖਣਾਂ ਕਿ ਬੰਦੇ ਤਾਂ ਆਪ ਪੱਖਾਝੱਲ ਲੈਂਦੇ ਨੇ ਏਨ੍ਹਾਂ ਨੂੰਕੌਣ ਝਲੇ?

ਹੁਣ ਸ਼ਾਹ ਹੁਰਾਂਨੇ ਕਿਹਾ ਬਾਬਾ ਜੀ ਤੁਸੀਂ ਲੰਗਰ ਦੀ ਸੇਵਾ ਤੇ ਲਗ ਜਾਓ। ਸਤਿ ਬਚਨ ਕਹਿਕੇ ਸੇਵਾ ਸ਼ੁਰੂ ਕਰ ਦਿਤੀ। ਹਰ ਰੋਜ਼ ਪੰਜਾਹ ਸੱਠ ਸਾਧਾਂ ਦਾ ਤੇ ਕਿਸੇ ਕਿਸੇ ਦਿਨ ਸੌ ਸੌਦਾ ਪ੍ਰਸ਼ਾਦਾ ਪਕਦਾ ਸੀ। ਸੰਤਾਂ ਨੇ ਦੋ-ਵਕਤ ਲੰਗਰ ਵਾਸਤੇ ਜਲ ਦੀਆਂ ਗਾਗਰਾਂ ਢੋਣੀਆਂ ਤੇ ਲੰਗਰ ਦਾ ਬੇਹਾ ਪ੍ਰਸ਼ਾਦਾ ਛਕਕੇ ਮਸਤ ਹੋ ਰਹਿਣਾਂ।

(੬) ਇਕ ਦਿਨ ਅਜੇਹਾ ਖੇਲ ਕੀਤਾ, ਕਿ ਮਾਤਾ ਗੁਰਦੇਈ ਜੀ (ਜੋ ਕਿ ਸ਼ਾਹ ਹੁਕਮ ਸਿੰਘ ਹੁਰਾਂ ਦੇ ਘਰੋਂ ਸਨ) ਨੂੰ ਕਹਿਣ ਲਗੇ, ਮੈਨੂੰ ਭੁਖ ਲਗੀ ਹੈ, ਪ੍ਰਸਾਦਾ ਦਿਓ। ਮਾਤਾ ਜੀ ਨੇ ਕਿਹਾ, ਪ੍ਰਸਾਦੇ ਵਰਤੇ ਗਏ ਨੇ ਤੰਦੂਰ ਤਪ ਰਿਹਾ ਹੈ, ਹੁਣ ਲਾਕੇ ਛਕਾਂਦੀ ਹਾਂ ਜੇ ਕਾਹਲ ਹੈ ਤਾਂ ਤੰਦੂਰ ਵਿਚ ਛਾਲ ਮਾਰ ਦੇ ਸੰਤ ਜੀ ਨੇ ਇਹ ਬਚਨ ਸੁਣਦਿਆਂ ਹੀ ਤੰਦੂਰ ਵਿਚ ਛਾਲ ਮਾਰ ਦਿਤੀ ਤੇ ਮਸਤ ਹੋਕੇ ਅੱਗ ਵਿਚ ਬਹਿ ਰਹੇ। ਸੰਗਤ ਸਭ ਹੈਰਾਨ ਰਹਿ ਗਈ। ਛੇਕੜ ਸੰਗਤ ਨੇ ਹੱਥ ਜੋੜੇ, ਕਿ ਮਹਾਰਾਜ ਤੰਦੂਰ ਵਿਚੋਂ ਨਿਕਲੋ। ਤਾਂ ਆਪ ਕੁਦ ਕੇ ਬਾਹਰ ਆ ਗਏ। ਸੰਗਤ ਦਾ ਖਿਆਲ ਸੀ ਕਿ ਸਰੀਰ ਦੇ ਕਈ ਅੰਗ ਸੜ ਗਏ ਹੋਣਗੇ, ਪਰ ਜਦ ਵੇਖਿਆ ਤਾਂ ਰੋਮ ਤਕ ਦਾ ਨੁਕਸਾਨ ਨਹੀਂ ਸੀ ਹੋਇਆ। ਚਰਨ ਵੇਖੇ ਤਾਂ ਛਾਲਾ ਤਕ ਨਾਂ ਡਿਠਾ- ਸਭ ਅਸ-ਚਰਜ ਹੋ ਗਏ।

# ਸ੍ਰੀ ਬਾਬਾ ਠਾਕੁਰ ਜੀ ਮਹਾਰਾਜ

( ਨਾਮਧਾਰੀ ਦਰਬਾਰ ਦੇ ਪ੍ਰਧਾਨ, ਸ੍ਰੀ "ਆਲਿਮ" ਜੀ ਦੀ ਕਲਮ ਦੁਆਰਾ )

ਪਰਮ ਪੂਜਨੀਜ ਅਲਮਸਤ ਫ਼ਕੀਰ ਸ੍ਰੀ ਮਾਨ ਬਾਬਾ ਕੇਸ਼ਰ ਸਿੰਘ ਜੀ 'ਠਾਕੁਰ' ਮਹਾਵੇ ਵਾਲਿਆਂ ਦਾ ਜੀਵਨ ਪਰਮ ਚਮਤ ਕਾਰਕ ਹੈ। ਜੀਵਨ ਮੁਕਤ ਦੇ ਸਮੂਹ ਲਖ-ਸ਼ਣ ਉਨ੍ਹਾਂ ਦੀ ਪਰਮ ਪਾਵਨ ਹਸਤੀ ਤੇ ਪੂਰਣ ਰੂਪ ਵਿਚ ਘਟ ਦੇ ਸਨ। ਮੈਂ ਅਠ ਨੌਂ ਸਾਲ ਆਪ ਦੇ ਦਰਸ਼ਨਾਂ ਦਾ ਸੌਭਾਗ ਪ੍ਰਾਪਤ ਕੀਤਾ ਹੈ। ਇਸ ਅਰਸੇ ਵਿੱਚ ਕਈ ਵਾਰ ਮੈਨੂੰ ਆਪਦੀ ਸੰਗਤ ਤੋਂ ਲਾਭ ਉਠਾਣ ਦਾ ਵੀ ਮੌਕਿਆ ਮਿਲਿਆ ਹੈ। ਮੈਂ ਏਹ ਗੱਲ ਸਪਸ਼ਟ ਅਰ ਐਲਾਨੀਆਂ ਤੌਰ ਤੇ ਕਹਿਣ ਦੀ ਦਲੇਰੀ ਰਖਦਾ ਹਾਂ, ਕਿ ਮੈਂ ਜਦੋਂ ਤੋਂ ਆਪਜੀ ਦਾ ਦਰਸ਼ਨ ਕੀਤਾ ਅਖੀਰ ਤਕ ਆਪ ਨੂੰ ਮਸਤੀ ਦੀ ਇਕ ਰਸ ਦਸ਼ਾ ਵਿਚ ਵੇਖਿਆ। ਏਹ ਗੱਲ ਮੈਂ ਠਾਕੁਰ ਜੀ ਦੇ ਉਸ ਜੀਵਨ ਕਾਲ ਦੀ ਕਹਿ ਰਿਹਾ ਹਾਂ, ਜਦਕਿ ਜ਼ਿਲਾ ਅਮ੍ਰਿਤ ਸਰ ਦੇ ਪਿੰਡਾਂ ਵਿਚ ਮਾਈਆਂ ਤੇ ਬੀਬੀਆਂ ਤ੍ਰਿੰਵਣ ਕਤਦੀਆਂ ਕਤਦੀਆਂ ਵਡੇ ਚਾ ਤੇ ਉਮਾਹ ਨਾਲ ਏਹ ਪ੍ਰਚੱਲਤ ਗੀਤ ਗੌਂਦੀਆਂ ਹੁੰਦੀਆਂ ਸਨ ਕਿ—"ਘਰ ਆਜਾ ਬਾਬਾ ਕੇਸਰਾ ਮੈਂ ਕੇਸਰ ਕੇਸਰ ਕਰਦੀ। ਘਰ ਆਜਾ ਮੇਰੇ ਠਾਕਰਾ ਮੈਂ ਠਾਕਰ ਠਾਕਰ ਕਰਦੀ।' ਮੇਰੇ ਜੀਵਨ ਵਿੱਚ ਪਲਟਾ ਆਪ ਜੀ ਦੇ ਹੀ ਗੂੜੇ ਰੰਗ ਨਾਲ ਰੰਗੀਨ ਨੇਤ੍ਰਾਂ ਅਤੇ ਮਧੁਰਾੜੀ ਆਵਾਜ਼ ਨੇ ਦਿਤਾ ਸੀ, ਜਿਸ ਦਾ ਵਰਨਨ ਅੱਗੇ ਚਲਕੇ ਕੀਤਾ ਜਾਵੇਗਾ।

ਆਪ ਜੀ ਦੇ ਜੀਵਨ ਬਾਬਤ ਇਹ ਦਾਹਵਾ ਕਰਨਾਂ ਸਰਾ ਸਰ ਗਲਤੀ ਹੋਵੇਗੀ ਕਿ ਅਸੀਂ ਉਸ ਨੂੰ ਸੰਪੂਰਣ ਰੂਪ ਵਿਚ ਅਤੇ ਉਨ੍ਹਾਂ ਦੀ ਸ਼ਾਨ ਦੇ ਮੁਤਾਬਕ ਸੰਗਤਾਂ ਦੀ ਭੇਟ ਕਰ ਸਕਾਂਗੇ, ਪਰ ਇਹ ਗੱਲ ਬਿਲਾ ਖੌਫ ਤਰਦੀਦ ਦੇ ਲਿਖੀ ਜਾ ਸਕਦੀ ਹੈ ਕਿ ਜਿਨੇ ਵਾਕਿਆਤ ਵੀ ਪਾਠਕਾਂ ਦੇ ਸਾਮ੍ਹਣੇ ਇਸ ਲੇਖ ਦੁਆਰਾ ਰੱਖ ਰਹੇ ਹਾਂ ਤਸਦੀਕ ਸ਼ੁਦਹ, ਅਰ ਬਿਲ ਕੁਲ ਸਹੀ ਹੈਨ। ਆਪ ਦੇ ਚਸ਼ਮਦੀਦ ਵਾਕਿਆਤ ਤੋਂ ਛੁਟ ਹੇਠਾਂ ਲਿਖੇ ਸੱਜਨਾਂ ਨੇ ਸਾਨੂੰ ਕਾਫੀ ਸਹੈਤਾ ਦਿਤੀ ਹੈ:—

(੧) ਨਾਮਧਾਰੀ ਪੰਥ ਭੂਸ਼ਣ ਸ੍ਰੀ ਮਾਨ ਭਾਈ ਹਰਨਾਮ ਸਿੰਘ ਜੀ ਸਾਬਕ ਸੰਗੀਤਾ ਚਾਰਜ ਨਾਮਧਾਰੀ ਸੰਗੀਤ ਵਿਦਿਆਲਾ ਸ੍ਰੀ ਭੈਣੀ ਸਾਹਿਬ॥ ਆਪ ਉਹ ਵਿਅਕਤੀ ਹਨ, ਜਿਨਾਂ ਨੇ ਆਪਣੀ ਜੁਵਾਨ ਅਵਸਥਾ ਦੇ ੨੨ ਸਾਲ ਠਾਕਰ ਜੀ ਮਹਾਰਾਜ ਦੇ ਨਾਲ ਵਿਚ ਗੁਜ਼ਾਰੇ ਹਨ। ਆਪ ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਨਾਮਧਾਰੀ ਸਜਕੇ ਸੰਗੀਤਾ ਚਾਰਯ ਅਤੇ ਨਾਮਧਾਰੀ ਪੰਥ ਦੇ ਆਲ੍ਹਾ ਦਰਜੇ ਦੇ ਪ੍ਰਚਾਰਕ ਬਣੇ। ਆਪ ਨੇ ਜੋ ਪ੍ਰਚਾਰ ਅਰ ਕੀਰਤਨ ਦੁਆਰ ਪੰਥ ਦੀ ਸੇਵਾ ਕੀਤੀ ਹੈ, ਉਸ ਬਾਬਤ ਅਸੀਂ ਕਦੇ ਵੀ ਉਨਾਂ ਦੇ ਰਿਣ ਤੋਂ ਉਰਿਣ ਨਹੀਂ ਹੋ ਸਕਦੇ। ਇਸ ਲੇਖ ਵਿਚ ਬਾਬਾ ਜੀ ਦ

ਜੀਵਨੀ ਦੇ ਪਹਿਲੇ ਵਾਕਿਆਤ ਉਨਾਂ ਦੀ ਬਦੌਲਤ ਹੀ ਪ੍ਰਾਪਤ ਹੋਏ ਹਨ।

(੨) ਸ੍ਰੀ ਮਾਨ ਸੰਤ ਬੇਲਾ ਸਿੰਘ ਜੀ ਅਤੇ ਸੰਤ ਮੰਗਲ ਸਿੰਘ ਜੀ ਮਹਾਵਾ, ਜੋ ਕਿ ਠਾਕਰ ਜੀ ਦੇ ਸਪੁਤ੍ਰ ਹਨ। ਏਹ ਆਪਣੇ ਪਿਤਾ ਜੀ ਦੀ ਆਗਿਆ ਨਾਲ ਘਰ ਰਹਿਕੇ ਦਸਾਂ ਨਵਾਂ ਦੀ ਕ੍ਰਿਤ ਕਰਦੇ ਅਤੇ ਨਾਮ ਜਪਦੇ ਹਨ। ਆਪ ਦੀ ਜ਼ਬਾਨ ਤੋਂ ਸੁਣੇ ਹੋਏ ਵਾਕਿਆਤ ਇਸ ਲੇਖ ਵਿਚ ਦਰਜ ਹਨ।

(੩) ਸ੍ਰੀ ਮਾਨ ਸੰਤ ਕ੍ਰਿਪਾਲ ਸਿੰਘ ਜੀ-ਆਪ ਠਾਕਰ ਜੀ ਦੇ ਪੋਤ੍ਰੇ ਹਨ। ਏਨਾਂ ਨੂੰ ਤਾਂ ਠਾਕਰਾਂ ਦਾ ਜੀਵਨ ਇਉਂ ਕੰਠਾਗ੍ਰ ਹੈ, ਜਿਵੇਂ ਕਿਸੇ ਹਾਫ਼ਿਜ਼ ਨੂੰ ਕੁਰਾਨ। ਜੇ ਆਪ ਦੁਆਰਾ ਬਿਆਨ ਕੀਤੇ ਹੋਏ ਸਮੂਹ ਵਾਕਿਆਤ ਦਰਜ ਕੀਤੇ ਜਾਂਦੇ, ਤਾਂ ਸੰਤ ਅੰਕ ਵਿਚ ਕਿਸੇ ਹੋਰ ਮਹਾਂ ਪੁਰਖ ਦਾ ਜੀਵਨ ਲਿਖਣ ਦੀ ਥਾਂ ਨਾਂ ਰਹਿ ਜਾਂਦੀ। ਆਪ ਨੇ ਇਸ ਲੇਖ ਵਿਚ ਸਾਡੀ ਬਹੁਤ ਸਹੈਤਾ ਕੀਤੀ ਹੈ, ਜਿਸ ਲਈ ਆਪ ਦਾ ਬਹੁਤ ੨ ਧੰਨਵਾਦ ਹੈ।

ਹੁਣ ਬਾਬਾ ਜੀ ਦੀਆਂ ਜੀਵਨ ਝਾਕੀਆਂ ਸਾਧ ਸੰਗਤ ਦੀ ਭੇਟਾ ਕੀਤੀਆਂ ਜਾਂਦੀਆਂ ਹਨ।" (ਆਲਿਮ)

## ੧.

"ਭਲਾ ਹੋਇਆ ਘਰ ਸਾਧੂ ਆਏ ਮੇਰਾ ਭਇਆ ਸੁਹਾਵਾ ਅੰਗਣਾਂ," ਦਾ ਗੀਤ ਮਹਾਵਾ ਜ਼ਿਲਾ ਅੰਮ੍ਰਿਤਸਰ ਦਾ ਇਕ ਗ੍ਰਿਹਿਸਤੀ ਸਿੱਖ ਬੜੇ ਉਮਾਹ ਵਿਚ ਗਾ ਰਿਹਾ ਹੈ। ਜਦ ਉਸਨੂੰ ਸ੍ਰੀ ਬਾਬਾ ਦਯਾ ਸਿੰਘ ਜੀ ਸਤਲਾਣੀ ਵਾਲਿਆਂ ਨੇ ਆਖਿਆ, 'ਚੰਦਾ ਸਿੰਘਾ! ਭਾਈ, ਤੇਰੇ ਘਰ ਗੋਬਿੰਦ ਲੋਕ ਪ੍ਰਗਟ ਹੋਇਆ ਹੈ, ਜਦੋਂ ਏਸੇ ਗੱਲ ਦੀ ਤਸਦੀਕ ਸ੍ਰੀ ਮਾਨ ਸੰਤ ਪ੍ਰੇਮ ਸਿੰਘ ਜੀ ਰੰਘ੍ਰੀ ਨੇ ਕੀਤੀ, ਤਾਂ ਬਾਬਾ ਜੀ ਅਨੰਦ ਸਾਗਰ ਵਿਚ ਪਹਿਲੋਂ ਤੋਂ ਵੀ ਵਧੀਕ ਤਾਰੀਆਂ ਲਾਣ ਲਗ ਪਏ। ਇਹ ਬਾਤ ੧੦ ਚੇਤ੍ਰ ਸੰਮਤ ੧੯੦੧ ਬਿਕ੍ਰਮੀ ਤੋਂ ਕੁਛ ਦਿਨ ਪਿਛੋਂ ਦੀ ਹੈ, ਜਦ ਕਿ ਗੋਬਿੰਦ ਲੋਕ ਇਸ ਮਾਤ ਲੋਕ ਤੇ ਸ੍ਰਦਾਰ ਚੰਦਾ ਸਿੰਘ ਜੀ ਮਾਨ (ਗੋਤ ਦੇ ਜਟ) ਦੇ ਘਰ ਪ੍ਰਗਟ ਹੋਏ। ਤੇ ਨਾਮ ਕੇਸਰ ਰਖਾਇਆ।

ਛੋਟੀ ਅਵਸਥਾ ਵਿਚ ਹੀ ਸੰਤ ਪ੍ਰੇਮ ਸਿੰਘ ਜੀ ਦੇ ਪਾਸ ਗੋਬਿੰਦ ਲੋਕ ਪੜ੍ਹਨ ਵਾਸਤੇ ਭੇਜੇ ਗਏ, ਜਿਥੇ ਆਪਨੇ ਲਿਖਾਈ ਪੜ੍ਹਾਈ ਦਾ ਕੰਮ ਬਹੁਤ ਛੇਤੀ ਸਿੱਖ ਲਿਆ। ਸਾਧਾਂ ਸੰਤਾਂ ਨਾਲ ਪਿਆਰ ਦਾ ਸੁਭਾਉ ਤਾਂ ਆਪ ਪੂਰਬ ਜਨਮ ਤੋਂ ਹੀ ਲੈ ਆਏ ਸਨ। ਇਕ ਦਿਨ ਹੀ ਪਿਤਾ ਜੀ ਨੇ ਖੂਹ ਤੇ ਵੱਛਾ ਲਿਜਾਣ ਦਾ ਕੰਮ ਦੱਸਿਆ, ਤੇ ਆਪ ਸੰਤਾਂ ਪਾਸ ਚਲੇ ਗਏ। ਦੂਜੇ ਦਿਨ ਤਾੜਨਾਂ ਕੀਤੀ ਗਈ, ਪਰ ਚੁਪ ਕਰ ਮੋਨੀ ਬਣੇ ਰਹੇ। ਸੰਤ ਪ੍ਰੇਮ ਸਿੰਘ ਜੀ ਨੇ ਕੋਲੋਂ ਕਹਿ ਦਿੱਤਾ ਕਿ ਇਹ ਗੋਬਿੰਦ ਲੋਕ ਹਨ, ਏਨ੍ਹਾਂ ਨੇ ਹੋਰ ਹੀ ਕੰਮ ਕਰਨੇ ਹਨ, ਤੁਸੀਂ ਏਨ੍ਹਾਂ ਨੂੰ ਕੋਈ ਕੰਮ ਨਾਂ ਦੱਸਿਆ ਕਰੋ। ਗੋਬਿੰਦ ਲੋਕਾਂ ਨੂੰ ਛੁਟੀ ਮਿੱਲ ਗਈ ਤੇ ਆਪ ਹੁਣ ਨਿਸ਼ੰਕ ਹੋਕੇ ਪੜ੍ਹਾਈ ਤੇ ਸੰਤਾਂ ਦੀ ਸੇਵਾ ਵਿਚ ਤਤਪਰ ਹੋ ਗਏ, ਇਸ ਵੇਲੇ ਆਪਦੀ ਆਯੂ ਦਾ ਛੇਵਾਂ ਯਾ ਸਤਵਾਂ ਸਾਲ ਸੀ।

ਚੁਕਾ ਸੀ। ਸਤਿਗੁਰਾਂ ਨੇ ਆਪ ਦੇ ਮਹਾਨ ਉੱਚੇ ਜੀਵਨ ਨੂੰ ਵੇਖਕੇ ਬਚਨ ਕੀਤਾ ਸੀ "ਬਾਬਾ ਜੀਜੇ ਆਪ ਵਰਗਾ ਇਕ ਇਕ ਸਾਧੂ ਹਰ ਪਰਗਨੇ ਵਿਚ ਮੌਜੂਦ ਹੋਏ, ਤਾਂ ਸਾਰੀ ਸ੍ਰਿਸ਼ਟੀ ਦਾ ਉਧਾਰ ਹੋ ਜਾਵੇ

ਆਪ ਜੀ ਦੀ ਜਸ ਸੁਗੰਧੀ ਸੰਤ ਕੇਸਰ ਸਿੰਘ ਜੀ ਨੇ ਬਾਲਕ ਰੂਪ ਵਿਚ ਸੁਣੀ। ਮਨ ਚਾਉ ਪੈਦਾ ਹੋਇਆ ਕਿ ਮਹਾਂ ਪੁਰਸ਼ਾਂ ਦੇ ਦਰਸ਼ਨ ਕਰੀਏ ਤੇ ਉਹ ਉੱਚੀ ਦਾਤ ਲਭੀਏ ਜਿਸ ਦੀ ਪ੍ਰਾਪਤੀ ਲਈ ਸਾਨੂੰ ਇਹ ਮਨੁਖਾ ਦੇਹ ਮਿਲੀ ਹੈ। ਖਬਰ ਆਈ ਅੱਜ ਸੰਤਾਂ ਦਾ ਦੀਵਾਨ ਸਜਣਾਂ ਹੈ। ਤਿਆਰਾ ਕੀਤਾ ਤੇ ਗਿੱਲੀਂ ਚਲੇ ਗਏ। ਦੀਵਾਨ ਵਿਚ ਹਾਜਰੀ ਭਰੀ, ਮਹਾਂ ਅਨੰਦ ਦੇ ਸਾਗਰ ਵਿਚ ਰੱਜ ਰੱਜ ਕੇ ਟੁਬੇ ਲਾਏ ਅਤੇ ਉਦੋਂ ਤੀਕ ਘਰ ਵਾਪਸ ਨਾਂ ਪਰਤੇ, ਜਦ ਤੀਕ ਸ੍ਰੀ ਮਾਨ ਬਾਬਾ ਬ੍ਰਹਮਾਂ ਸਿੰਘ ਜੀ ਤੋਂ ਭਜਨ ਨਾਂ ਪੁਛ ਲਿਆ।

ਬਾਬਾ ਜੀ ਨੇ ਭਜਨ ਦਸਿਆ ਤੇ ਪੂਰਬਲੇ ਸ਼ੁਭ ਕਰਮਾਂ ਦਾ ਬੂਟਾ ਫੁੱਟ ਕੇ ਲੈਂਬਰੇ ਮਾਰਨ ਲੱਗ ਪਿਆ। ਮਸਤੀ ਦੀ ਦਸ਼ਾ ਵਰਤ ਗਈ ਤੇ ਘਰ ਬਾਰ ਦਾ ਚਿੱਤ ਚੇਤਾ ਵੀ ਨਾਂ ਰਿਹਾ। ਨਾਂ ਕਿਸੇ ਨਾਲ ਬਚਨ ਕਰਨ, ਨਾਂ ਕੁਝ ਖਾਣ ਨਾ ਕੁਝ ਪੀਣ, ਤੇ ਬਸ ਭਜਨ ਵਿਚ ਹੀ ਨਿਰਮਾਣ ਰਹਿਣ। ਤਨ ਨੂੰ ਖੁਰਾਕ ਪਹੁੰਚਾਣ ਦਾ ਖਿਆਲ ਹੀ ਨਾਂ ਰਿਹਾ ਤੇ ਸੁਰਤੀ ਦਾ ਸਾਰਾ ਰੁਖ ਰੂਹ ਨੂੰ ਗਿਜ਼ਾ ਦੇਣ ਵਲ ਹੋ ਗਿਆ। ਬਾਬਾ ਜਮੀਤ ਸਿੰਘ ਜੀ ਨੇ ਇਹ ਹਾਲਤ ਵੇਖੀ ਤਾਂ ਗੁਰਮੁਖਾਂ ਵਾਲੀ ਜੁਗਤੀ ਨਾਲ ਆਪ ਨੂੰ ਖਾਣ ਪੀਣ ਤੇ ਗਲ ਬਾਤ ਕਰਨ ਦੀ ਪ੍ਰੇਰਨਾਂ ਕੀਤੀ। ਸਚ ਮੁਚ ਜਦ ਆਤਮਾਂ ਕਿਸੇ ਉੱਚੇ ਪਦਾਰਥਾਂ ਨੂੰ ਭੁੰਚਨ ਕਰਨ ਲੱਗ ਜਾਂਦੀ ਹੈ ਤਾਂ ਸ੍ਰੀਰਕ ਭੋਗਾਂ ਦਾ ਖਿਆਲ ਤੀਕ ਵੀ ਨਹੀਂ ਰਹਿੰਦਾ। ਕਿਸੇ ਮਹਾਂ ਪੁਰਸ਼ ਨੇ ਕਿਹਾ ਹੈ—

"ਮਨ ਪ੍ਰਕਾਸ਼ ਦੇਹ ਕਾ, ਸਭ ਇੰਦ੍ਰੀ ਕੀ ਲੇ ਸਾਰ। ਸੋ ਜਾਇ ਰਹਿਤ ਪ੍ਰੀਤਮੈ ਕੋ ਕਰ ਹੈ ਦੇਹ ਸੰਭਾਰ।"

ਕਬੀਰ ਜੀ ਨੇ ਇਸ ਪਰਥਾਏ ਕਿਹਾ ਹੈ—

"ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨ ਜੁ ਏਕ। ਲਾਗਤ ਹੀ ਭੁਇ ਗਿਰ ਪਰਾ, ਪਰਾ ਕਰੇਜੇ ਛੇਕ।"

ਸੰਤ ਜਮੀਤ ਸਿੰਘ ਜੀ ਨੂੰ ਸਤਿਗੁਰੂ ਦੇ ਮਸਤਾਨਿਆਂ ਨਾਲ ਖਾਸ ਪਿਆਰ ਸੀ ਅਤੇ ਉਹ ਇਹਨਾਂ ਅਨੰਤ ਮੰਡਲ ਵਿਚ ਉਡਾਰੀਆਂ ਲੈਣ ਵਾਲੀਆਂ ਰੂਹਾਂ ਦੀ ਸੇਵਾ ਲਈ ਆਪਣਾਂ ਆਪ ਵੇਚਣੋਂ ਸੰਕੋਚ ਨਹੀਂ ਸਨ ਕਰਦੇ। ਬਾਬਾ ਜੀ ਨੂੰ ਪ੍ਰੇਮੀਆਂ ਦੀ ਇਸ ਆਪਾ ਭੁਲਾਊ ਦਸ਼ਾ ਦਾ ਪਤਾ ਸੀ। ਤੇ ਉਹ ਜਾਣਦੇ ਸਨ, ਕਿ—ਗੂੰਗਾ ਹੂਆ ਬਾਵਰਾ ਬਹਰਾ ਹੂਆ ਕਾਨ। ਪਾਵਹੁ ਤੇ ਪਿੰਗਲ ਭਇਆ ਮਾਰਿਆ ਸਤਿਗੁਰ ਬਾਨ।

ਹਾਂ, ਅੰਤਰ ਆਤਮੇ ਰੰਗ ਲਗ ਜਾਂਦਾ ਹੈ। ਤੇ ਪ੍ਰੇਮੀ ਸਭ ਕੁਝ ਭੁਲ ਕੇ ਕਹਿੰਦੇ ਹਨ:—

ਕਤ ਜਾਈਐ ਰੇ ਘਰਿ ਲਾਗੋ ਰੰਗੁ।
ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ।

ਜਦ ਪ੍ਰੇਮੀਆਂ ਦਾ ਹਾਲ ਇਹ ਵਰਤਦਾ ਹੈ ਤਾਂ ਕਈ ਤਾਂ ਮਗਨ ਹੋ ਜਾਂਦੇ ਹਨ ਅਤੇ ਕਈ ਗੁਰੂ ਬਾਲਕ ਸਿੰਘ ਜੀ ਦੇ ਬਾਂਕੇ ਸੇਵਕਾਂ ਵਾਂਗ ਲਬਾ ਲਬ ਭਰੇ ਪਿਆਲੇ ਵਾਂਗ ਛਲਕ ਉਠਦੇ ਹਨ। ਬਾਂਕੇ ਦੀ ਕਥਾ ਨਾਮਧਾਰੀ ਸੰਗਤਾਂ ਪਾਸੋਂ ਲੁਕੀ ਹੋਈ ਨਹੀਂ। ਸ੍ਰੀ ਗੁਰੂ ਬਾਲਕ ਸਿੰਘ ਜੀ

ਪਾਸੋਂ ਨਾਮ ਪ੍ਰਾਪਤ ਕਰਨ ਸਾਰ ਹੀ ਖੀਵੇ ਹੋ ਗਏ ਸਨ। ਯਥਾਃ-

ਬਾਲਕ ਮ੍ਰਿਗਿੰਦ ਜੂ ਗੋਬਿੰਦ ਨਾਮਧਾਰੀ
ਜਪ ਤਪ ਕਰ ਤੇਜ ਕੀਨੀ ਸ਼ਬਦ ਕਟਾਰ ਜਬ।
ਏਕ ਬਾਂਕੇ ਸੇਵਕ ਪੈ ਜੋਹਰ ਅਜਮਾਵਨੇ ਕੋ,
ਸ਼ਬਦ ਕਟਾਰ ਕੇਰਾ ਕੀਨਾ ਉਨ ਵਾਰ ਤਬ।
ਲਾਗਤ ਸੋ ਲਬਾ ਲਬ,ਲਬਾਲਬ ਕਹਿਨ ਲਗੋ,
ਕਬੀ ਖੁਦ ਕੂਦ ਕਹੈ ਅੰਬਰ ਖਿਲਾਰ ਅਬ।
ਬੈਠੇ ਗੁਰੂ ਬਾਲਕਸਿੰਘ ਬੈਠੇ ਗੁਰੂ ਰਾਮਸਿੰਘ,
ਬਾਬਾ ਬੁਧ ਸਿੰਘ ਈਹਾਂ ਬੈਠੇ ਸਰਕਾਰ ਤਬ।

ਇਸ ਮਸਤੀਦੀਹਾਲਤ ਵਿਚਆਪਗਿਲੀਂ ਹੀ ਟਿਕ ਗਏ। ਦਿਨ ਰਾਤ ਨਾਮ ਜਪਦੇ, ਰਸ ਵਿਚ ਰਹਿੰਦੇ ਅਤੇ ਸਾਧ ਸੰਗਤ ਦੀ ਸੇਵਾ ਕਰਕੇ ਜਨਮ ਜਨਮ ਦਾ ਲਾਹ ਖਟਦੇ। ਭਰ ਜਵਾਨੀ ਤੀਕ ਇਸੇ ਰੰਗ ਵਿਚ ਇਥੇ ਹੀ ਰਹੇ ਅਤੇ ਆਪ ਦੀ ਜਸ ਸੁਗੰਧੀ ਸਾਰੇ ਇਲਾਕੇ ਵਿਚ ਪਸਰ ਗਈ। ਦਰਸ਼ਨਾਂ ਹਿਤ ਲੁਕਾਈ ਉਮਡਨ ਲਗ ਪਈ. ਅਤੇ ਆਪਨੂੰ ਇਹ ਆਵਾਜਾਈ ਚੰਗੀ ਨ ਲਗੀ। ਆਪਨੇ ਸੁਣਿਆ ਹੋਇਆ ਸੀ ਕਿ-'ਦੀਦ ਸ਼ਨਾਖਤ ਸਿਫਤ ਜਹਿ,ਸਾਧੂ ਠਹਿਰੇ ਨਾਹਿ। ਹਿਤ ਮਾਨਾਦਿਕ ਬਿਘਨ ਤੇ, ਸੋ ਮਨ ਮੈਂ ਡਰ ਖਾਹਿ।'

ਸੰਤਾਂ ਦੀ ਉਮਰ ਇਸ ਵੇਲੇ ੨੮-੨੯ ਸਾਲ ਦੀ ਸੀ। ਆਪ ਨੇ ਗਿਲਾਂ ਤੋਂ ਛੁਟੀ ਲਈ ਤੇ ਨਗਰ 'ਸਿਖਾਣੀ' ਭਾਈ ਹੁਕਮ ਸਿੰਘ ਜੀ ਸ਼ਾਹ ਪਾਸ ਆਟਿਕੇ। ਸ਼ਾਹ ਹੁਰਾਂ ਨੇ ਆਪ ਦੀ ਕੀਰਤੀ ਤਾਂ ਅਗੇ ਹੀ ਸੁਣੀ ਹੋਈ ਸੀ ਪਰ ਜਿਸ ਵੇਲੇ ਆਪਦੀ ਉੱਚੀ ਅਵਸਥਾ ਨੂੰ ਅਖੀਂ ਵੇਖਿਆ, ਤਾਂ ਕੁਰਬਾਨ ਹੋ ਗਏ। ਇਕ ਦਿਨ ਹੱਥ ਜੋੜ ਅਰਜ਼ ਕਰਨ ਲਗੇ-"ਇਹ ਲੰਗਰ ਜਿਸਦੀ ਸੇਵਾ ਦਾ ਭਾਰ ਮੇਰੇ ਕਮਜ਼ੋਰ ਮੋਢਿਆਂ ਤੇ ਹੈ, ਕ੍ਰਿਪਾ ਕਰਕੇ ਤੁਸੀ ਚੁਕ ਲਵੋ ਤੇ ਮੈਨੂੰ ਅਪਣੀ ਅਰਦਲ ਵਿਚ ਸੇਵਾ ਕਰਨ ਦਾ ਮਾਣ ਬਖਸ਼ੋ।"

ਸੰਤਾਂ ਨੇ ਕਿਹਾ-"ਮੈਂ ਕਿਸੇ ਕਾਰ ਦਾ ਬੀੜਾ ਨ ਚੁੱਕਣ ਤੋਂ ਘਰੋਂ ਨਿਕਲਿਆ ਹਾਂ, ਪਰ ਭਾਈ ਜੇ ਤੂੰ ਇਹ ਬਚਨ ਦੇਵੇਂ ਕਿਮੈਂ ਹੋ ਆਉਂਦਾ ਅਪਣੇ ਵਲੋਂ ਫਰਕ ਨਹੀਂ ਰਖਾਂਗਾ. ਲੰਗਰ ਵਿਚ ਕਾਣੀ ਵੰਡ ਨਹੀਂ ਵਰਤੇਗੀ, ਕਿਸੇਦਾ ਦਿਲ ਨਹੀਂ ਦੁਖਾਇਆ ਜਾਵੇਗਾ, ਗੁਰਮਤ ਤੋਂ ਉਲਟ ਕੋਈ ਵਰਤਾਰਾ ਨਹੀਂ ਵਰਤੇਗਾ, ਸੇਵਾ ਯੋਗ ਸੱਜਣ ਨੂੰ ਸੇਵਾ ਮਿਲੇਗੀ, ਹੁਕਮ ਦੀ ਪਾਇੰਦੀ ਕਿਸੇ ਤੇ ਨਹੀਂ ਹੋਵੇਗੀ, ਸਾਦਾ ਖਾਧਾ ਤੇ ਸਾਦਾ ਪਹਿਨਿਆ ਜਾਵੇਗਾ, ਲਿਹਾਜ਼ ਪਾਜ ਕਿਸੇ ਦਾ ਨ ਹੋਵੇਗਾ ਤੇ ਸਾਰੇ ਸਕੇਸੀ ਅਸ਼ਨਾਨ ਕਰਕੇ ਸੇਵਾ ਦਾ ਲਾਹ ਲਿਆ ਕਰਨਗੇ, ਤਾਂ ਮੈਂ ਇਹ ਭਾਰ ਧੰਨ ਭਾਗ ਜਾਣਕੇ ਚੁਕ ਲੈਂਦਾ ਹਾਂ। ਇਸ ਦੇ ਉਲਟ ਜੇ ਕੋਈ ਕਾਰ ਵਰਤੀ ਤਾਂ ਜਿਨਾਂ ਚਿਰ ਹੋ ਆਵੇਗੀ ਮੈਂ ਸੇਵਾ ਕਰਾਂਗਾ।

ਇਹ ਬਚਨ ਜੁੜੀ ਸੰਗਤ ਵਿਚ ਭਾਈ ਹੁਕਮ ਸਿੰਘ ਜੀ ਨੇ ਸਤਿ ਕਹਿਕੇ ਪਰਵਾਨ ਕਰਲਿਆ। ਸੰਤ ਕੇਸਰ ਸਿੰਘ ਜੀ ਵੇਖਣ ਨੂੰ ਤਾਂ ਅਨਪੜ੍ਹ ਸਨ। ਪਰ ਨਾਮ ਦਾ ਅੰਤਰ ਪ੍ਰਕਾਸ਼ ਹੋਣ ਕਰਕੇ ਉਹ ਸੋਝੀ ਸੀ, ਜੋ ਪੜ੍ਹੇ ਲਿਖੇ ਵਿਦਵਾਨ ਪੰਡਤ ਹਜ਼ਾਰਾਂ ਜਨਮਾਂ ਦੀ ਪੜ੍ਹਾਈ ਨਾਲ ਪ੍ਰਾਪਤ ਨਹੀਂ ਕਰ ਸਕਦੇ। ਇਤਿਹਾਸ ਅਤੇ ਗੁਰ ਬਾਣੀ ਦਾ ਚੋਖਾ ਹਿਸਾ ਕੰਠ ਹੋ ਗਿਆ ਅਤੇ ਬਚਨ-ਕਰਨ ਸਮੇਂ ਰਸਨਾਂ ਵਿਚੋਂ ਉਹ ਗਲਾਂ ਸਹਿਜੇ ਹੀ ਨਿਕਲ ਜਾਂਦੀਆਂ ਜੋ ਮਹਾਂ ਗਿਆਨੀ ਹੀ ਕਰਦੇ ਹਨ।

ਇਹ ਗਲ ਦਸਨ ਦੀ ਲੋੜ ਨਹੀਂ ਕਿ ਸਿਖੀ ਨਿਰੀ ਕਮਾਈ ਹੈ ਤੇ ਜੇਹੜਾ ਕਮਾਈ

ਕਰਦਾ ਹੈ ਉਸਨੂੰ ਇਹ ਦਾਤ ਪ੍ਰਾਪਤ ਹੁੰਦੀ ਹੈ। ਪਰ ਓਹ ਲੋਕ ਜੋ ਇਸ ਨੂੰ ਆਪਣੇ ਜੀਵਨ ਵਿਚ ਨਹੀਂ ਵਸੌਂਦੇ ਤੇ ਕੇਵਲ ਗਲਾਂ ਨਾਲ ਹੀ ਸਿਖ ਬਨਣਾ ਚਾਹੁੰਦੇ ਹਨ, ਓਹਨਾਂ ਨੂੰ ਸਿਖੀ ਦੀ ਪਾਹ ਵੀ ਨਹੀ ਲਗਦੀ। ਉਹ ਕੋਰੇ ਦੇ ਕੋਰੇ ਹੀ ਰਹਿੰਦੇ ਹਨ ਤੇ ਜਿਸ ਕਰਕੇ ਗੁਰ ਸਿਖੀ ਵਿਚ ਉਹਨਾਂ ਲਈ ਕੋਈ ਟਿਕਾਣਾ ਨਹੀਂ ਹੁੰਦਾ। ਸੰਤਾਂ ਨੇ ਸਿਖੀ ਨੂੰ ਅਮਲ ਵਿਚ ਲਿਆ ਕੇ ਦੱਸਿਆ ਤੇ ਓਹਨਾਂ ਚੀਨੀ ਵਾਲੇ ਪਾਤਸ਼ਾਹ ਦੇ ਉਹ ਹੁਕਮਨਾਮੇ ਜੋ ਉਹਨਾਂ ਨੇ ਸਿਖਾਂ ਪ੍ਰਤਿ ਕੀਤੇ ਸਨ, ਓਹਨਾਂ ਤੇ ਅੰਤਮ ਸਵਾਸਾਂ ਤਕ ਪਹਿਰਾ ਦਿਤਾ।

## ੩.

ਸੰਤ ਸਵਾ ਪਹਿਰ ਦੇ ਤੜਕੇ ਉਠਦੇ, ਅਸ਼ਨਾਨ ਸੋਧਦੇ, ਰਸਨਾਂ ਨਾਮ ਜਪਦੀ ਤੇ ਹੱਥ ਕਾਰ ਕਰਦੇ। ਲੰਗਰ ਦਾ ਸਾਰਾ ਜਲ ਹਥੀਂ ਢੋਣਾ, ਸਭ ਨੂੰ ਆਪ ਹੱਥੀਂ ਇਸ਼ਨਾਨ ਕਰੌਣਾ ਤੇ ਸੇਵਾ ਵਿਚ ਮਸਤ ਹੋਕੇ ਸੇਵਾ ਰੂਪ ਹੀ ਹੋ ਜਾਣਾ। ਕਦੇ ਕੋਈ ਸਜਣ ਕਹਿੰਦਾ—'ਜੀ ਸੰਗਤ ਨੂੰ ਅਸ਼ਨਾਨ ਕਰੌਣ ਦੀ ਸੇਵਾ ਦਾ ਸੁਭਾਗ ਮੈਨੂੰ ਬਖਸ਼ੋ, ਤਾਂ ਕਹਿੰਦੇ "ਹਛਾ ਭਾਈ ਜੇਹੜਾ ਭਲਕੇ ਖੂਹੀ ਤੇ ਸਭ ਤੋਂ ਪਹਿਲਾਂ ਆ ਜਾਵੇ, ਸੇਵਾ ਦਾ ਲਾਹ ਉਹ ਲੈ ਲਵੇ।"

ਜਿਦਨ ਇਹ ਬਚਨ ਕਰਦੇ ਰਾਤ ਖੂਹੀ ਤੇ ਹੀ ਆ ਜਾਂਦੇ। ਜਗ ਰਾਤਾ ਕਟਦੇ ਤੇ ਗੜਵਾ ਲੈਕੇ ਸੇਵਾ ਲਈ ਕਮਰ ਕਸੀ ਰਖਦੇ। ਜੇ ਮਝਾਂ ਦੀ ਸੇਵਾ ਲੈਂਦੇ ਤਾਂ ਕਿਲੇ ਤੇ ਬਧੀਆਂ ਮਝਾਂ ਨੂੰ ਹੀ ਪਾਣੀ ਪਿਲਾਂਦੇ ਤੇ ਮਲ ਮਲ ਕੇ ਨੁਲ੍ਹਾਂਦੇ। ਦਯਾ ਤਰਸ ਦਾ ਇਹ ਹਾਲ ਸੀ, ਇਕ ਵੇਰਾਂ ਭਾਈ ਹੁਕਮ ਸਿੰਘ ਜੀ ਦੀ ਆਗਜ਼ਾ ਅਨੁਸਾਰ ਬੀਬੀ ਨੂੰ ਘੋੜੀ ਤੇ ਚੜ੍ਹਾ ਦੂਜੇ ਪਿੰਡ ਛਡਨ ਗਏ। ਜਿਸ ਵੇਲੇ ਬੀਬੀ ਨੂੰ ਛੱਡਆਏ, ਤਾਂ ਘੋੜੀ ਤੇ ਸਵਾਰੀ ਕਰਨ ਦੀ ਥਾਂ ਨ ਕੇਵਲ ਪੈਦਲ ਹੀ ਤੁਰਦੇ ਆਏ, ਬਲਕਿ ਘੋੜੀ ਦੀ ਕਾਠੀ ਤੇ ਤਾਹਰੂ ਵੀ ਆਪਣੇ ਸਿਰਤੇ ਚਾਈ ਲਿਆਏ। ਇਸ ਹਾਲਤ ਵਿਚ ਔਂਦਿਆਂ ਨੂੰ ਜਦ ਭਾਈ ਹੁਕਮ ਸਿੰਘ ਜੀ ਨੇ ਵੇਖਿਆ ਤਾਂ ਪੁਛਣ ਤੇ ਕਹਿਣ ਲਗੇ—'ਸ਼ਾਹ ਜੀ ਅਸੀਂ ਸਾਧੂ ਫਕੀਰ ਹਾਂ, ਬੇਜ਼ਬਾਨ ਜਾਨਵਰਾਂ ਤੇ ਸਾਨੂੰ ਤਰਸ ਕਰਾਂਨ ਲੋੜੀਏ ਤੇ ਜਿਨਾਂ ਭਾਰ ਵੰਡਾਇਆ ਜਾ ਸਕਦਾ ਹੈ, ਵੰਡਾਈਏ।

ਇਕ ਦਿਨ ਦੀ ਗਲ ਹੈ ਕਿ ਭਾਈ ਹੁਕਮ ਸਿੰਘ ਜੀ ਨੇ ਆਪਨੂੰ ਬੋਹਲ ਦੀ ਰਾਖੀ ਲਈ ਅਰਜ਼ ਕੀਤੀ। ਸਤ ਬਚਨ ਕਹਿਕੇ ਬੋਹਲ ਪਾਸ ਜਾ ਬੈਠੇ। ਸਾਰੀ ਰਾਤ ਜਗਦੇ ਤੇ ਭਜਨ ਕਰਦੇ ਰਹੇ। ਜਦ ਅੰਮ੍ਰਿਤ ਵੇਲਾ ਹੋਇਆ ਤਾਂ ਦੋ ਚਿਤੀ ਵਿਚ ਪੈ ਗਏ। ਸੋਚਨ ਮੈਂ ਰਾਖਾ ਬੈਠਾ ਹਾਂ। ਵੇਲਾ ਅਸ਼ਨਾਨ ਕਰਨ ਦਾ ਹੈ, ਪਰ ਜੇ ਅਸ਼ਨਾਨ ਕਰਨ ਜਾਂਦਾ ਹਾਂ, ਤਾਂ ਆਪਣੀ ਡਿਊਟੀ ਵਿਚ ਫਰਕ ਆਉਂਦਾ ਹੈ ਤੇ ਜੇ ਅਸ਼ਨਾਨ ਨਹੀਂ ਕਰਦਾ ਤਾਂ ਹੁਕਮ ਦੀ ਉਲੰਘਣਾ ਹੁੰਦੀ ਹੈ। ਆਖਰ ਇਹ ਜੁਗਤ ਫੁਰੀਓ ਨੇ ਕਿ ਖੂਹ ਜੋਹਵੇਲੀ ਦੇ ਪਾਸ ਸੀ ਪੁਠੀ ਪੈਰੀਂ ਉਸ ਵਲ ਜਾਵਾਂ ਤੇ ਜਾਕੇ ਅਸ਼ਨਾਨ ਕਰਕੇ ਝਟ ਪਟ ਵਾਪਸ ਆ ਜਾਵਾਂ। ਆਪਨੇ ਏਸੇ ਤਰਾਂ ਕੀਤਾ ਤੇ ਬਚਨ ਵਿਚ ਫਰਕ ਨ ਪੈਣ ਦਿਤਾ।

## ਜਤ ਸਤ ਦਾ ਹਾਲ

ਜਵਾਨੀ ਦੇ ਆਰੰਭ ਤੋਂ ਹੀ ਆਪ ਘਰੋਂ ਨਿਕਲ ਆਏ ਸਨ ਤੇ ਆਪ ਦਾ ਅਨੰਦ

ਕਾਰਜ ਨਹੀਂ ਸੀ ਹੋਇਆ। ਜਦ ਜਵਾਨੀ ਦਾ ਜ਼ੋਰ ਸੀ, ਤਾਂ ਆਪ ਮਹੰਤ ਰੰਗਾਂ ਵਿਚ ਖੇਡਦੇ ਸਨ ਤੇ ਆਪ ਆਪਨੂੰ ਕਦੇਸੁਪਨੇ ਵਿਚ ਵੀ ਇਸਤ੍ਰੀ ਦਾ ਖਿਆਲ ਨਹੀਂ ਸੀ ਆਇਆ ...ਪ ਦਾ ਲੰਮਾ ਤੇ ਸਿਧਾ ਕੱਦ. ਜਵੇਂ ਸਹਣੇ ਨਕਸ਼, ਮਸਤ ਅਲਸਤ ਨੈਣ ਅਤੇ ਸਾਦਾ ਜਿਹਾ ਪਹਿਰਾਵਾ ਆਪਣੇ ਅੰਦਰ ਅਨੇਕਾ ਖਿਚਾਂ ਰਖਦਾ ਸੀ। ਇਕ ਜਵਾਨ ਇਸਤ੍ਰੀ ਆਪਦੀ ਜਵਾਨੀ ਤੇ ਜ਼ਵਾਨੀ ਦੀ ਸੁੰਦ੍ਰਤਾ ਨੂੰ ਵੇਖਕੇ ਮੋਹੀ ਗਈ। ਮੋਹ ਵਸ ਹੋਕ ਉਹ ਆਪ ਦੇ ਮਗਰ ਲਗ ਪਈ ਤੇ ਜਦ ਕਦੇ ਆਪ ਨੂੰ ਇਕਾਂਤ ਵਿਚ ਵੇਖਦੀ, ਕਾਮਾਤ੍ਰ ਹੋਈ ਕਈ ਤਰਾਂ ਦੀਆਂ ਗਲਾਂ ਕਰਨ ਲਗ ਪੈ ਦੀ। ਮਸਤੀ ਦੇ ਰੰਗ ਵਿਚ ਰੰਗੇ ਸੰਤਾਂ ਨੂੰ ਉਸ-ਦੀਆਂ ਗਲਾਂ ਪੋਂਹਦੀਆਂ ਵੀ ਨਾ। ਜੇ ਕਦੇ ਬੋਲਦੇ ਤਾਂ ਉਸਨੂੰ ਮਾਈ ਭਾਈ ਕਹਿਕੇ ਸੁਮਤ ਬਖਸ਼ਦੇ, ਪਰ ਉਹ ਆਸ਼ਕਤ ਹੋਈ ਇਸਤ੍ਰੀ ਆਪਣੇ ਹੱਠ ਤੇ ਕਾਇਮ ਰਹਿੰਦੀ ਤੇ ਆਪਨੂੰ ਜਫੇ ਮਾਰਨ—ਲਗ ਜਾਂਦੀ। ਅਖੀਰ ਜਾਂ ਸੰਤਾਂ ਤੇ ਕੋਈ ਵਾਹ ਚਲਦੀ ਨ ਵੇਖੀ ਤਾਂ ਤੰਗ ਆਕੇ ਸਖਾਣਿਆਂ ਤੋਂ ਨਿਕਲ ਤੁਰੇ ਇਸਤ੍ਰੀ ਨੂੰ ਸੰਤਾਂ ਦਾ ਪਤਾ ਲਗਾ ਤਾਂ ਉਹ ਵੀ ਮਗਰ ਹੀ ਨਸ ਪਈ ਤੇ ਸੰਤਾਂ ਨੂੰ ਉਜਾੜ ਵਿਚ ਘੇਰਕੇ ਖਲੋ ਗਈ। ਸੰਤ ਉਚੀਆਂ ਬਾਹੀਆਂ ਕਰਕੇ ਦੁਹਾਈਆਂ ਦੇਣ ਲਗ ਪਏ "ਹਾਇ ਗੁਰੂ ਰਾਮ ਸਿੰਘ ਰਖ ਲੈ।

ਦੁਹਾਈਆਂ ਦੇਂਦੇ ਹੀ ਆਪ ਬੇਹੋਸ਼ ਹੋਕੇ ਡਿਗ ਪਏ। ਉਸ ਕਾਮਾਤ੍ਰ ਇਸਤ੍ਰੀ ਨੇ ਇਸ ਹਾਲਤ ਵਿਚ ਸਾਰੇ ਜਤਨ ਕੀਤੇ, ਪਰ ਧੰਨ ਸੰਤ ਕੇਸਰ ਸਿੰਘ ਜੀ ਕਿ ਜਿਨ੍ਹਾਂ ਤੇ ਉਸਦਾ ਕੋਈ ਜਾਦੂ ਵੀ ਨਾ ਚਲਿਆ। ਅਖੀਰ ਉਸ ਇਸਤ੍ਰੀ ਦਾ ਅਨੰਦ ਕਾਰਜ ਕਿਲਾ ਸੂਬਾ ਸਿੰਘ ਦੇ ਭਾਈ ਖ਼ੰਡਾਸਿੰਘ ਨਾਲ ਕਰ ਦਿਤਾ ਗਿਆ।

## ਸੰਤ ਗੁਜਰਾਂਵਾਲੇ

ਬਿਹੰਗਮ ਬਿਰਤੀ ਵਿਚ ਹੀ ਸੰਤ ਗੁਜਰਾਂ ਵਾਲੇ ਜਾ ਰਹੇ ਅਤੇ ਸਾਲਾਂ ਬਧੀ ਓਥੇ ਹੀ ਟਿਕੇ ਰਹੇ। ਜਿਹੜਾ ਵਾਕ ਮੂੰਹੋਂ ਨਿਕਲਦਾ ਸਿਧ ਹੋ ਜਾਂਦਾ ਤੇ ਏਸਤ੍ਰਾਂ ਅਨੇਕਾਂ ਸਜਣਾਂ ਦੀਆਂ ਮਨੋ ਕਾਮਨਾਵਾਂ ਸੁਤੇ ਹੀ ਪੂਰਨ ਹੋ ਗਈਆਂ। ਇਕ ਦਿਨ ਹਿੰਦੂ ਚਕ ਦਾਸ ਦੇ ਗ੍ਰਹਿ ਆਏ। ਆਪ ਦੇ ਨਾਲ ਭਾਈ ਲਹਿਣਾ ਸਿੰਘ ਲੁਬਾਣਾ ਅਤੇ ਇਕ ਕੁਤਾ ਸੀ। ਭਾਈ ਲਹਿਣਾ ਸਿੰਘ ਉਂਞ ਤਾਂ ਚੰਗਾ ਗੁਰ ਸਿਖ ਸੀ, ਪਰ ਖਾਣ ਪੀਣ ਦਾ ਚਸਕਾ ਚੋਖਾ ਸਾ ਸੂ। ਜਿਸ ਸਿਖ ਦੇ ਘਰ ਲਵੇਰਾ ਤੇ ਹੋਰ ਪਦਾਰਥ ਨਾਂ ਹੁੰਦੇ, ਉਸ ਵਲ ਘਟ ਵਧ ਹੀ ਪ੍ਰਸਾਦ ਮੰਨਦਾ। ਉਸਦੀ ਇਹ ਹਾਲਤ ਵੇਖਕੇ ਮੇਰੇ ਪਿਤਾ ਨੇ ਸੰਤਾਂ ਪਾਸ ਸ਼ਕਾਇਤ ਕੀਤੀ, ਸੰਤਾ ਨੇ ਬਚਨ ਕੀਤਾ, ਇਹ ਜਨਮ ਦਾ ਭੁਖਾ ਹੈ, ਪਰ ਹੁਣ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਅਨੁਸਾਰ ਇਸਦੀ ਤੇ ਇਹੋ ਜਿਹੇ ਹੋਰਨਾਂ ਜਨਮ ਜਨਮਾਂਤ੍ਰਾਂ ਦੀ ਭੁਖ ਦੂਰ ਕਰ ਦਿਆਂਗਾ।

ਜਿਥੇ ਰਹਿੰਦੇ, ਘਰ ਵਾਲਿਆ ਨੂੰ ਨਾਲ ਹੀ ਉਠਾਲ ਲੈਂਦੇ ਤੇ ਸਭ ਨੂੰ ਅਸਨਾਨ ਕਰਵਾਂਉਂਦੇ। ਇਕ ਦਿਨ ਆਪ 'ਤਾਜੋਕੇ' ਇਕ ਸੰਬੰਧੀ ਦੇ ਘਰ ਜਾ ਰਹੇ। ਅੰਮ੍ਰਿਤ ਵੇਲੇ ਉਸਨੂੰ ਅਸ਼ਨਾਨ ਕਰਨ ਲਈ ਉਠਾ-ਇਆ। ਉਹ ਨਾਂ ਉਠਿਆ, ਤੇ ਓਸਨੂੰ ਲੀੜਿਆਂ ਸਣੇ ਫੜਕੇ ਛਪੜ ਵਿਚ ਸਵੇਰ ਤਕ ਖਲੋਤੇ ਰਹੇ।

ਸੋਧੀਆਂ ਨੂੰ ਸ਼ਾਹ ਵੇਲੇ ਜਾਂ ਰੋਟੀ ਵੇਲੇ ਅਸ਼ਨਾਨ ਕਰਦਿਆਂ ਨੂੰ ਵੇਖਕੇ ਕਹਿੰਦੇ-ਇਹ ਨ੍ਹਾਉਣ ਪ੍ਰਭਾਤ ਵੇਲੇ ਹੁੰਦਾ ਹੈ। ਓਹੁ ਸੋਧ

ਕਿਸੇ ਗੁਣ ਨਹੀਂ ਜੋ ਸਰਵੇ ਦਾ ਅਸ਼ਨਾਨ ਰੋਕਦੀ ਹੈ। ਭਾਂਵੇ ਵਿਹਾਰੀ ਹੁੰਦਾ ਜਾਂ ਸੋਧੀ, ਕਹਿੰਦੇ ਕਿ ਅੰਮ੍ਰਿਤ ਵੇਲੇ ਦਾ ਅਸ਼ਨਾਨ ਨਹੀ ਉਕਾਣਾਂ ਚਾਹੀਦਾ।

ਓਹਨਾਂ ਦਾ ਅੰਦਰ ਚੀਨੀ ਵਾਲੇ ਦੀ ਯਾਦ ਵਿਚ ਹਰ ਵੇਲੇ ਭਰਿਆ ਰਹਿੰਦਾ ਤੇ ਜਦ ਬਿਰਹੋਂ ਦਾ ਅਤ ਜ਼ੋਰ ਹੁੰਦਾ ਤਾਂ ਉਚੀ ਬਾਂਹ ਕਰਕੇ ਕਹਿੰਦੇ "ਹਾਏ! ਗੁਰੂ ਰਾਮ ਸਿੰਘ ਨਾਂ ਵਿਸਰੇ !" ਇਹ ਬਚਨ ਕਹਿੰਦਿਆਂ ਆਪ ਦੇ ਨੇਤ੍ਰ ਛਮਾ ਛਮ ਵਸਣ ਲਗ ਜਾਂਦੇ ਤੇ ਕਰੁਣਾ ਦਾ ਰੂਪ ਹੋਕੇ ਵੇਖਣ ਵਾਲੇ ਨੂੰ ਵੀ ਜਲ ਅਹਾਰ ਕਰ ਦੇਂਦੇ।

ਜੇ ਕਿਸੇ ਨੂੰ ਮੋਢੇ ਤੇ ਡਾਂਗ ਚੁਕੀ ਵੇਖਦੇ ਤਾਂ ਆਖਦੇ—"ਲੜਾਈ ਮੋਢੇ ਤੇ ਚੁਕੀ ਫਿਰਦਾ ਹੈ? ਤੇ ਖੂਹ ਜੋ ਏਦੂ ਹੌਲਾ ਹੈ ਅਤੇ ਜੋ ਅਪਣਾ ਤੇ ਹੋਰਨਾ ਦਾ ਵੀ ਭਲਾ ਕਰਦਾ ਹੈ. ਉਹ ਨਹੀਂ ਚੁਕਸਕਦਾ ਖੂਹ ਤੋਂ ਭਾਵ ਆਪ ਦਾ ਲੈਂਦੇ ਸਨ। ਜੇ ਕੋਈ ਸੋਧੀ ਖੁਲ੍ਹੇ ਨੂੰ ਪਾਣੀ ਨ ਪਿਲਾਉਂਦਾ, ਤਾਂ "ਰਖ ਲੈ ਗੁਰੂ ਰਾਮ ਸਿੰਘ!" ਕਹਿਕੇ ਕਹਿੰਦੇ "ਵੇਖੋ! ਇਸ ਸਿਖ ਦੀ ਮਤ ਹੈ ਜਲ ਸਿਖ ਨੂੰ ਨਹੀਂ ਛਕਾਉਂਦੇ। ਤੇ ਬੂੰਦੇ ਡੋਲੀ ਜਾਂਦਾ ਹੈ!" ਜੇ ਕਿਸੇ ਸਿਖ ਨੂੰ ਕਿਸੇ ਨਾਲ ਗਲ ਕਰਦਾ ਵੇਖਦੇ ਤਾਂ ਆਖਦੇ ਕਿ ਤੁਹਾਨੂੰ ਗੁਰੂ ਰਾਮ ਸਿੰਘ ਜੀ ਦਾ ਹੁਕਮ ਭੁਲ ਗਿਆ ਹੈ। ਸਾਥੀ ਨਾਲ ਵਿਥ ਤੇ ਤੁਰਨਾ ਤੇ ਭਜਨ ਵਿਚ ਮਸਤ ਰਹਿਣਾ, ਆਮ ਤੌਰ ਤੇ ਆਪ ਦੀ ਬਿਰਤੀ ਸੀ ਯਥਾ:—

ਦੋਹਰਾ—'ਪ੍ਰੇਮ ਮਗਨ ਹੋਇ ਸਬਦ ਕੋ, ਗਾਵੈ ਰੁਚ ਉਪਜਾਇ। ਊਚੀ ਭੁਜ ਕਰ ਹਾਇ ਕਹਿ, ਰੋਵੈਂ ਪੁਨ ਹਸ ਪਾਇ।'

ਚੌਪਈ—'ਕਬਹੂੰ ਵਹੁ ਤਿਨਕੇ ਉਠ ਚੁਣੈਂ। ਸਭ ਘਟ ਮੈਂ ਵਹਿ ਪ੍ਰੀਤਮ ਗਣੈਂ।'

ਦੋਹਰਾ:—'ਰੁਖ ਬਿਰਖ ਕੇ ਗਲ ਲਗੈਂ, ਅੰਤ੍ਰ ਦਰਸ ਪਿਆਸ। ਜੋ ਸਭ ਮੇਂ ਸਿਰਮੌਰ ਗੁਰ, ਤਿਸ ਦੇਖਣ ਦੀ ਆਸ।'

ਜਿਥੇ ਜਾਣਾ ਚਾਹੁੰਦੇ, ਝਟ ਪਹੁੰਚ ਜਾਂਦੇ ਤੇ ਜਾਣ ਸਾਰ ਅਸਚਰਜ ਰੰਗ ਬੰਨ੍ਹ ਦੇਂਦੇ। ਹਉਂ ਹੰਕਾਰ ਅਤੇ ਆਪੇ ਦਾ ਮਾਣ ਤਾਂ ਆਪ ਦੇ ਨੇੜੇ ਵੀ ਨਹੀਂ ਢੁਕਦਾ ਸੀ। ਸਚ ਮੁਚ ਨਿਰਮਾਣਤਾ, ਭਜਨ, ਤਿਆਗ ਅਤੇ ਤਰਸ ਦੀ ਮੂਰਤ ਜਾਪਦੇ ਸਨ ਤੇ ਜੇਹੜਾ ਦਰਸ਼ਨ ਕਰਦਾ ਸੀ, ਠਰ ਜਾਂਦਾ ਸੀ।

ਵੱਡੀ ਉਮਰ ਹੋਣ ਕਰਕੇ ਖੰਘ ਲਗ ਗਈ, ਜੇ ਕੋਈ ਆਕੇ ਦਵਾਈ ਖਾਣ ਲਈ ਅਰਜ਼ ਕਰਦਾ, ਤਾਂ ਕਹਿੰਦੇ ਕਿ ਭਾਈ ਦਵਾਈ ਅੰਦਰ ਠੰਢ ਪੌਣ ਦੀ ਚਾਹੀਦੀ ਹੈ। ਸਰੀਰ ਦਾ ਕੋਈ ਖਿਆਲ ਨਹੀਂ ਇਹ ਕਹਿੰਦੇ ਕਹਿੰਦੇ ਗਾਣ ਲੱਗ ਜਾਂਦੇ—"ਜੋਬਨ ਜਾਂਦੇ ਨ ਡਰਾਂ, ਜੇ ਸਹਿ ਪ੍ਰੀਤ ਨ ਜਾਇ।"

## ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ

ਸ੍ਰੀ ਸਤਿਗੁਰੂ ਜੀ ਸੰਤ ਕੇਸਰ ਸਿੰਘ ਜੀ 'ਚੁਪ' ਕਰਕੇ ਗੁਜਰਾਂਵਾਲੇ ਜਾਇਆ ਕਰਦੇ ਸਨ, ਪਰ ਜਦੋਂ ਤੋਂ ਸੰਤ ਚਲੇ ਗਏ, ਸਤਿਗੁਰੂ ਜੀ ਦੇ ਦਰਸ਼ਨ ਵਧਰੇ ਹੋਣ ਲਗ ਪਏ। ਜਦੋਂ ਸਤਿਗੁਰੂ ਜੀ ਕਦੇ ਦੇਰ ਲਾ ਦੇਂਦੇ ਤਾਂ ਵਜਾ ਵਜ੍ਹਾ ਨਾਲ ਯਾਦ ਕਰਵਾਉਂਦੇ ਤੇ ਕਹਿੰਦੇ ਖੇਤੀ ਦੇ ਮਾਲਕ ਨੂੰ ਖੇਤੀ ਦੀ ਸਾਰ ਕਰਨੀ ਲੋੜੀਏ।

ਇੱਕ ਵੇਰਾਂ ਦੀ ਗੱਲ ਹੈ ਕਿ ਸਤਿਗੁਰਾਂ ਨੇ ਸੰਤਾਂ ਨੂੰ ਕੀਮਤੀ ਦੁਸ਼ਾਲਾ ਬਖਸ਼ਿਆ

ਆਪ ਨੇ ਅਗਲੇ ਦਿਨ ਹੀ ਵਾਪਸ ਮੋੜਦਿਆਂ ਹੋਇਆਂ ਕਿਹਾ—"ਇਹ ਤੁਹਾਨੂੰ ਹੀ ਸੋਭਦਾ ਹੈ, ਸਾਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਹੀ ਚਿਤ ਆਵੇ।

ਆਪ ਦੇ ਭੁਜਨ ਕਰਨ ਦਾ ਇਹ ਹਾਲ ਸੀ ਕਿ ਵਡੇਰੀ ਉਮਰ ਵਿਚ ਜਾਕੇ ਵੀ ਸਾਰੀ ਸਾਰੀ ਰਤ ਇਕ ਰਸ ਭਜਨ ਕਰਦੇ ਰਹਿੰਦੇ ਸਨ। ਇਕ ਵੇਰਾਂ ਸਤਿਗੁਰਾਂ ਨੂੰ ਦਸਿਆ ਗਿਆ ਕਿ ਸੰਤ ਅਸ਼ਨਾਨ ਨਹੀਂ ਕਰਦੇ, ਪਰ ਜਾਣੀ ਜਾਣ ਪਾਤਸ਼ਾਹ ਨੇ ਆਪ ਦੀ ਬਿਰਤੀ ਵੇਖਕੇ ਫੁਰਮਾਇਆ ਕਿ ਇਹੋ ਜਿਹੇ ਮਹਾਂ ਪੁਰਸ਼ ਜੋ ਦਿਨ ਰਾਤ ਸਾਈਂ ਧਿਆਨ ਵਿਚ ਮਗਨ ਰਹਿੰਦੇ ਹਨ, ਓਹਨਾਂ ਨੂੰ ਅਸ਼ਨਾਨ ਕਰਨ ਦੀ ਕੀ ਲੋੜ।

ਮੈਨੂੰ ਸਤਿਗੁਰਾਂ ਨੇ ਦਸਿਆ ਸੀ ਕਿ ਸਾਡੇ ਦਿਲ ਵਿਚ ਪਕੀ ਗਲ ਵਸ ਗਈ ਹੈ ਕਿ ਢਿਲੇ ਸਿੱਖਾਂ ਨੂੰ ਡੰਨ ਤੇ ਤਨਖਾਹ ਤੋਂ ਬਿਨਾਂ ਨਹੀਂ ਛਡਣਾਂ ਤੇ ਨਾਹੀ ਕਿਸੇ ਨੂੰ ਐਵੇ ਬਖ ਸ਼ਨਾ ਹੈ ਜਿਸ ਵੇਲੇ ਸਤਿਗੁਰੂ ਜੀ ਗਏ ਤਾਂ ਸੰਤਾਂ ਨੇ ਸਤਿਗੁਰਾਂ ਦਾ ਮੋਢਾ ਫੜਕੇ ਕਿਹਾ- "ਸਤਿਗੁਰੂ ਰਾਮ ਸਿੰਘ ਜੀ ਦੀ ਬਖਸ਼ਿਸ਼ ਦਾ ਬੂਹਾ ਕਦੇ ਬੰਦ ਨਹੀਂ ਕਰਨਾਂ। ਇਹ ਦਰ ਸਦਾ ਖੁਲ੍ਹਾ ਰਹਿਣ ਵਾਲਾ ਹੈ।"

ਸਤਿਗੁਰਾਂ ਦੀ ਹਜ਼ੂਰੀ ਵਿਚ ਹੀ ਇਕ ਦਿਨ ਦੀ ਗਲ ਹੈ ਕਿ ਸੰਤਾਂ ਨੇ ਕਿਹਾ—" ਜੀ ਸਚੇ ਪਾਤਿਸ਼ਾਹ! ਇਹ ਜੋ ਤੇਰੇ ਮਗਰ ਹੱਥ ਜੋੜ ਖਲੋਤੇ ਤੇ ਅਰਜਾਂ ਬੇਨਤੀਆਂ ਕਰਦੇ ਹਨ, ਇਹਨਾਂ ਦਾ ਫਿਕਰ ਵੀ ਤੁਸਾਂ ਹੀ ਕਰਨਾ ਹੈ।" ਸਚੇ ਪਾਤਿਸ਼ਾਹ ਨੇ ਕਿਹਾ— "ਤੁਹਾਡੇ ਹੁੰਦਿਆਂ ਇਹਨਾਂ ਨੂੰ ਕੀ ਫਿਕਰ।"

ਸੰਗਤ ਵਿਚ ਜਿਸ ਦਿਨ ਜੇਹੜਾ ਸਿਖ ਨਾ ਆਉਂਦਾ, ਅਗਲੇ ਦਿਨ ਉਸਨੂੰ

ਕਹਿੰਦੇ—"ਭਾਈ ਕਲ, ਤੇਰਾ ਹੀ ਭਜਨ ਕਰਦੇ ਰਹੇ ਹਾਂ।

ਸੰਗਤਾਂ ਵਿਚ ਨਿਧੜਕ ਬਚਨ ਕਰਦੇ ਤੇ ਆਪ ਬੀਤੀਆਂ ਦੇ ਸਾਰੇ ਹਾਲ ਸਾਫ ਸਾਫ ਕਹਿੰਦੇ। ਕਦੇ ਕਦੇ ਇਹ ਵੀ ਕਹਿੰਦੇ ਕਿ ਜੇਹੜੇ ਸਿਖ ਪਰ ਇਸਤ੍ਰੀਆਂ ਨਾਲ ਪ੍ਰੇਮ ਦੇ ਬਚਨ ਕਰਕੇ ਹਸਦੇ ਤੇ ਆਖਦੇ ਹਨ ਕਿ ਅਸੀਂ ਬਚੇ ਹੋਏ ਹਾਂ, ਉਹ ਝੂਠ ਹਨ। ਇਸਤਰਾਂ ਕਰਨ ਨਾਲ ਦੋ ਗੁਨਾਹ ਹੋਏ। ਇਕ ਤਾਂ ਇਹ ਕਿ ਜਿਨਾਂ ਚਿਰ ਪਰ ਇਸਤ੍ਰੀ ਨਾਲ ਬਚਨ ਕੀਤੇ, ਭਜਨ ਭੁਲਾ ਤੇ ਦੂਜਾ ਗੁਰੂ ਦਾ ਹੁਕਮ ਕਿ "ਪਰ ਤ੍ਰਿਅ ਰੂਪ ਨ ਪੇਖ ਨੇਤ ਵਿਸਰਿਆ।

ਇਕ ਦਿਨ ਮੈਂ ਦਰਸ਼ਨ ਕਰਨ ਆਇਆ ਕਹਿਣ ਲਗੇ ਕਿ "ਹਿਦੂ ਚਕੋਂ ਕੋਈ ਵਾਹੀ ਵਾਲਾ ਜਟ ਆਇਆ ਹੈ? ਮੈਂ ਅਰਜ਼ ਕੀਤੀ ਕਿ ਮੈਂ ਤੇ ਦੇਵਾ ਸਿੰਘ ਆਏ ਹਾਂ ਹੁਕਮ? ਕਿਹੋ ਨੇ ਕਾਰ ਦੀ ਬਾਤ ਕਰਦੇ ਹੋ ਕਿ ਗੁਰ ਵਿਚਾਰ ਦੀ" ਮੈ ਉਤਰ ਦਿਤਾ—"ਜੀ ਕਾਰ ਦੀ" ਇਹ ਸੁਣਕੇ ਬਾਂਹ ਉਚੀ ਕੀਤੀ ਤੇ ਕਹਿਣ ਲਗੇ—"

"ਮਨ ਹਾਲੀ ਕ੍ਰਿਸਾਣੀ ਕਰਣੀ,
ਸਰਮ ਪਾਣੀ ਤਨ ਖੇਤੁ।
ਨਾਮ ਬੀਜ ਸੰਤੋਖ ਸੁਹਾਗਾਮ,
ਰਖ ਗਰੀਬੀ ਵੇਸੰ।

ਫੇਰ ਕਿਹਾ—" ਸੋਹਾਗਣ ਹੈ ਕਿ ਛੁਟੜ? ਮੈਂ ਉਤਰ ਦਿਤਾ "ਸੋਹਾਗਣੀ"

ਸੰਤਾਂ ਆਖਿਆ- "ਕੰਤ ਵੀ ਡਿਠਾ ਹਈ ਕ ਵੇਂਦਾ ਹੈ?"

ਮੈਂ ਕਿਹਾ —"ਸੰਤ ਜੀ ਮੈਂ ਤਾਂ ਸੋ ਸੁਣਕੇ ਹੀ ਸੁਦੈਣ ਹੋਈ ਪਈ ਹਾਂ, ਡਿਠਾ ਨਹੀਂ।"

ਪਾਸੋਂ ਦੇਵਾ ਸਿੰਘ ਨੇ ਆਖਿਆ "ਜੀ ਕੰਤ ਤੁਹਾਡੇ ਜੈਸਾ ਹੈ।"

ਸੰਤਾਂ ਨੇ ਹੌਂਸਲਾ ਲੈਕੇ ਕਿਹਾ ਕਿ-ਜਾਨੀ ਨ ਜਾਈ ਕਛੂ ਰੂਪ ਰੇਖੰ। ਕਹਾਂ ਬਾਸ ਤਾਕੋ ਫਿਰੈ ਕੌਨ ਭੇਖੰ।

ਇਕ ਦਿਨ ਆਪ ਨਿਕੀ ਜਹੀ ਮੰਜੀ ਡਾਹੀ ਬੈਠੇ ਸਨ। ਮਿਲਖਾ ਸਿੰਘ ਮਸਤਾਨਾ ਆਇਆ ਤੇ ਸੰਤਾਂ ਨੂੰ ਹੇਠ ਲੈਕੇ ਕਹਿਣ ਲਗਾ ਕਿ "ਤੂੰ ਪੂਜਾ ਕਰਵਾਂਦਾ ਹੈ ਉਹਨਾਂ ਨੂੰ ਵਰ ਸਰਾਫ ਦੇਂਦਾ ਤੇ ਵੱਡਾ ਸੰਤ ਬਣੀ ਬੈਠਾ ਹੈ, ਮੈਨੂੰ ਆਪਣੀ ਸੰਤ ਗੀਰੀ ਵਿਖਾ।"

ਸੰਤ ਚੋਖਾ ਚਿਰ ਚੁਪ ਕੀਤੇ ਰਹੇ, ਪਰ ਜਦ ਉਸ ਨੇ ਸੰਤਾਂ ਦੀ ਧੌਣ ਮਰੋੜ ਕੇ ਮੰਜੀ ਦੀ ਦੌਣ ਵਿਚ ਦੇ ਦਿਤੀ ਤਾਂ ਸੰਤਾਂ ਨੇ ਸੁਭਾਵਕ ਕਿਹਾ "ਖੂਨੀਆਂ! ਏਨ੍ਹਾ ਤੰਗ ਕਿਉਂ ਕੀਤਾ ਈ।"

ਇਸ ਘਟਨਾ ਪਿਛੋਂ ਮਿਲਖਾ ਸਿੰਘ ਭੂਪਾਲ ਵਾਲੇ ਗਿਆ ਤੇ ਓਥੇ ਖੂਨ ਕਰਨ ਦੇ ਕਾਰਨ ੧੪ ਸਾਲ ਲਈ ਕਾਲੇ ਪਾਣੀ ਚਲਾਗਿਆ।

ਸੰਤਾਂ ਨੇ ਅਰਜ ਕਰਕੇ ਸਤਿਗੁਰਾਂ ਪਾਸੋਂ ਗੁਜਰਾਂਵਾਲੇ ਲਈ ਹੋਲਾ ਲਿਆ। ਜਿਸ ਵੇਲੇ ਵਾਪਸ ਗੁਜਰਾਂ ਵਾਲੇ ਗਏ ਤਾਂ ਸੰਗਤਾਂ ਨੂੰ ਕਿਹਾ "ਸਜਨੋਂ! ਸਾਨੂੰ ਦਰਗਾਹੇ ਹਾਜ਼ਰ ਹੋਣ ਦਾ ਦੋ ਵੇਰ ਹੁਕਮ ਆ ਚੁਕਾ ਹੈ, ਅਸਾਂ ਹੋਲੇ ਦੇ ਦਰਸ਼ਨ ਨਹੀ ਕਰਨੇ।

"ਹੋਲਾ ਨਹੀਂ ਦੇਖਣਾ" ਦਾ ਬਚਨ ਸੰਗਤਾਂ ਨੇ ਸੁਣਿਆਂ ਤਾਂ ਅਰਜ਼ ਕੀਤੀ ਕਿ ਹੋਲਾ ਵਿਚ ਹੋਕੇ ਕਰੋ, ਜਬਾਬ ਦਿਤੋ ਨੇ-" ਅਗੇ ਹੀ ਕਾਫਰ ਪੁਣਾ ਕੀਤਾ ਹੈ ਤੇ ਦੋ ਵੇਰਾਂ ਬਚਨ ਮੋੜਚੁਕੇ ਹਾਂ। ਹੁਣ ਤੀਜਾ ਹੁਕਮ ਫੇਰ ਕੇ ਅਸਾਂ ਖਸਮ ਨਾਲ ਲੜਾਈ ਨਹੀਂ ਕਰਨੀ।'

ਲੜਾਈ ਕਰਨ ਤੋਂ ਦੋ ਦਿਨ ਪਹਿਲੋਂ ਸੰਤ ਕੇਸਰ ਸਿੰਘ ਜੀ 'ਚੁਪ' ਨੇ ਬਚਨ ਕੀਤਾ ਸੀ ਕਿ ਪਰ ਸੋ ਸੰਤਾਂ ਨੇ ਝੜਾਈ ਕਰ ਜਾਣੀ ਹੈ। ਜਿਸਨੇ ਬਚਨ ਕਰਨੇ ਹਨ, ਕਰ ਲਵੇ। ਸੰਗਤਾਂ ਬੇਅੰਤ ਇਕਠੀਆਂ ਹੋਈਆਂ ਅਤੇ ੨੭ ਭਾਦਰੋਂ ੧੯੨੮ ਵਾਲੇ ਦਿਨ ਇਹ ਮਹਾਨ ਉਚੀ ਆਤਮਾ ਪਰਮ ਪੁਰਖ ਕਰਤਾਰ ਵਿਚ ਲੀਨ ਹੋਗ ਏ।

ਗੁਰਬਾਣੀ ਦੀਆਂ ਇਹ ਤੁਕਾਂ ਆਪਦੀ ਰਸਨਾ ਤੇ ਆਮ ਤੌਰਤੇ ਰਹਿੰਦੀਆਂ ਸਨ-

ਕਪੜ ਰੂਪ ਸੁਹਾਵਣਾ ਛਡ ਦੁਨੀਆਂ ਅੰਦਰ ਜਾਵਣਾ..........................

ਕਿਤਬਿਧ ਧੀਅਰੇ ਹੀਅਰੋ ਨਿਮਾਣੇ।
ਮਿਲ ਸਾਜਨ ਹਉ ਤੁਝ ਕੁਰਬਾਣੇ।

..........................

ਹਉ ਸਭ ਵੇਸ ਕਰੀ ਪਿਰ ਕਾਰਨ,
ਜੇ ਹਰਿ ਪ੍ਰਭ ਸਾਚੇ ਭਾਵਾ।
ਸੋਪਿਰ ਪਿਆਰਾ ਮੈਂ ਨਦਰਿ ਨ ਦੇਖੈ
ਹਉ ਕਿਉ ਕਰ ਧੀਰਜ ਪਾਵਾ

..........................

ਇਕ ਫਰਮਾਇਸ ਆਖੀਐ ਜੇ ਮੰਨੇ ਸਾਈਂ।

ਆਪ ਮਾਯਾ ਦੇ ਪੂਰਨ ਤਿਆਗੀ ਸਨ, ਪਰ ਜੇ ਕੋਈ ਪ੍ਰੇਮੀ ਕੁਝ ਦੇ ਜਾਂਦਾ ਤਾਂ ਮਾਯਾ ਇਕਤ੍ਰ ਕਰਕੇ ਸਤਿਗੁਰਾਂ ਦੀ ਭੇਟ ਕਰ ਦੇਂਦੇ।

# (ਅ) ਸ੍ਰੀ ਸੰਤ ਕੇਸਰ ਸਿੰਘ ਜੀ ਚਵਿੰਡਾ

( ਸ੍ਰੀ ਮਾਨਜਵਰਸੰਤ ਭਗਤ ਸਿੰਘ ਜੀ ਦਾਤੇਵਾਲ )

ਪੰਥ ਦੇ ਪੁਰਾਣੇ ਸੇਵਕ ਅਤੇ ਪ੍ਰਚਾਰਕ ਸ੍ਰੀ ਮਾਨ ਸੰਤ ਭਗਤ ਸਿੰਘ ਜੀ ਦਾਤੇਵਾਲ ਜ਼ਿਲਾ ਸਿਆਲ ਕੋਟ ਨੇ ਬਾਵਜੂਦ ਬਹੁਤ ਰੁੱਝਿਆਂ ਹੋਣ ਦੇ ਚਵਿੰਡੇ ਵਾਲੇ ਮਹਾਂ ਪੁਰਸ਼ ਬਾਬਾ ਕੇਸਰ ਸਿੰਘ ਜੀਦੇ ਜੀਵਨ ਸਬੰਧੀ ਕੁਛ ਹਾਲ ਲਿਖਕੇ ਭੇਜੇ ਹਨ: ਜਿਨ੍ਹਾਂ ਸਬੰਧੀ ਸ੍ਰੀ ਸੰਤ ਜੀ ਮਹਾਰਾਜ ਦਾ ਧੰਨਵਾਦ ਹੈ: ( ਸੰਪਾਦਕ )

## ਪਹਿਲੀ ਉਮਰ

ਬੀਤਰਾਗ ਬਾਬਾ ਕੇਸਰਸਿੰਘਜੀ ਨੇ ਭਜਨ ਸ੍ਰੀਸਤਿਗੁਰੂ ਰਾਮ ਸਿੰਘ ਜੀ ਦੀ ਰਸਨਾਂ ਤੋਂ ਸੁਣਿਆ ਸੀ: ਏਨ੍ਹਾਂ ਦਾ ਸੁਭਾ ਪਹਿਲੋਂ ਵੀ ਸਾਧੂਆਂ ਵਾਲਾਸੀ,ਪਰ ਭਜਨ ਪੁਛਣ ਤੋਂਪਿਛੋਂ ਅਜੇਹਾ ਰੰਗ ਚੜ੍ਹਿਆ ਕਿ ਕਹਿਬੇ ਕਉ ਸੋਭਾ ਨਹੀਂ ਦੇਖਾ ਹੀ ਪ੍ਰਵਾਨ ਵਾਲੀ ਗੱਲਹੋ ਗਈ।

(੧) ਇਕਦਿਨਆਪ ਅਪਣੇ ਭਰਾ ਨਾਲ ਹਲ ਵਾਹ ਰਹੇ ਸਨ,ਕਿ ਉਸਨੇ ਕਿਹਾ ਕਿ ਹਲ ਚੰਗੀਤ੍ਰਾਂ ਲਾ। ਆਪਨੇ ਹੱਲ ਖੋਹਲਕੇ ਜੂਲੇ ਨਾਲ ਨਾਹਣ ਦਿਤੀ, ਤੇ ਕਿਹਾ,ਹੁਣ ਤਾਂ ਚੰਗੀ ਲਗ ਦੀਏ ਨਾਂ?ਕੋਲੋਂ ਦੀ ( ਪਿੰਡ ਦੇ ਇਕ ਬਜ਼ੁਰਗ )ਬਾਬਾ ਹੀਰਾ ਸਿੰਘ ਜੀ ਜਾ ਰਹੇ ਸਨ। ਸੰਤਾਂ ਦੇ ਭਰਾ ਨੇ ਕਿਹਾ,ਵੇਖ ਭਾਈਆ, ਮੈਂ ਜਰਾਕ ਗਲ ਕਹੀ ਹੈ, ਤਾਂ ਗੁੱਸਾ ਕਰਕੇ ਸਗੋਂ ਉਲਟਾ ਕੰਮ ਕੀਤਾ ਸੂ। ਸੰਤਾਂ ਨੇ ਕਿਹਾ ਭਾਈਆ ਏਨ ਕਿਹਾ ਸੀ ਹਲ ਬਹੁਤੀ ਲਾ ਪਰ ਏਨੂੰ ਪੁਛਖਾਂ ਭਈ ਪਸ਼ੂਆਂ ਵਿਚ ਜਾਨ ਨਹੀਂ ਹੈ?ਮੈ ਬਲਦਾਂਨੂੰ ਨੱਹਕਤਕਲੀਫ ਕਿਉਂਦੇਵਾਂ?

(੨) ਇੱਕ ਵਾਰ ਇੱਕ ਚੰਗੜ ਨੇ ਕਿਹਾ ਬਾਬਾ ਜੀ। ਮੇਰੀ ਝੋਟੀ ਬੜੀ ਚਲਦੀ ਹੈ। ਸੰਤਾਂ ਨੇ ਆਖਿਆ ਸਾਡਾ ਵਹਿੜਕਾ ਬੜਾ ਤੁਰਦਾਏ ਏਰੱਲ ਕਰ ਲਈ, ਭਈ ਜੀਹਦਾ ਪਸ਼ੂ ਅੱਗੇ ਲੰਘ ਜਾਏ, ਉਹ ਦੂਜੇ ਦੇ ਨੂੰ ਅਪਣੇ ਘਰ ਲੈ ਜਾਏ। ਲੱਕੜ ਦੇ ਵੇਲਣੇ ਤੇ ਜੋੜ ਦਿਤੇ। ਚਲਾਣ ਵਾਲੇ ਨੇਪਹਿਲੋਂ ਝੋਟੀ ਨੂੰ ਸੋਟਾ ਮਾਰ ਦਿਤਾ, ਜਿਸ ਕਰਕੇ ਵਹਿੜਕਾ ਪਿਛੇ ਰਹਿ ਗਿਆ। ਬਾਬਾ ਜੀ ਵਹਿੜਕਾ ਛਡਕੇ ਘਰ ਚਲੇ ਗਏ। ਲੋਕਾਂ ਨੇ ਚੰਗੜਾਂ ਨੂੰ ਕਿਹਾ ਕਿ ਬਾਬੇ ਦਾ ਵਹਿੜਕਾ ਮੋੜ ਦਿਓ। ਉਹ ਘਰ ਲੈਕੇ ਗਏ, ਤੇ ਕਿਹਾ ਕਿ ਅਸੀਂ ਖੁਸ਼ੀ ਨਾਲ ਦੇਂਦੇ ਹਾਂ, ਪਰ ਬਾਬਾ ਜੀ ਨੇ ਏਹ ਕਹਿਕੇ ਵਹਿੜਕਾ ਨਾ ਲਿਆ ਕਿ—'ਜ਼ਬਾਨ ਵੀ ਕੋਈ ਚੀਜ ਹੁੰਦੀ ਹੈ।'

(੩) ਭਜਨ ਪੁਛਣ ਤੋਂ ਪਿਛੋਂ ੧੩ ਵਰ੍ਹੇ ਸ੍ਰੀ ਮਾਨ ਬਾਬਾ ਜਮੀਤ ਸਿੰਘ ਜੀ (ਗਿਲ) ਦੇ ਲੰਗਰ ਦੀ ਸੇਵਾ ਕੀਤੀ। ਏਨ੍ਹਾਂ ਦਿਨਾਂ ਵਿਚ ਆਪਦਾ ਰੋਜ਼ਾਨਾ ਪ੍ਰੋਗ੍ਰਾਮ ਏਹ ਸੀ:—ਪਹਿਲੋਂ ਜੰਗਲ ਪਾਨੀ ਜਾਕੇ ਦਾਤਣ ਕਰ ਇਸ਼ਨਾਨ ਕਰਨਾਂ। ਉਪਰੰਤ ਪੂਰੇ ਦੋ ਘੰਟੇ ਸਾਧ ਸੰਗਤ ਦੇ ਲੰਗਰ ਵਾਸਤੇ ਚਕੀ ਨਾਲ ਆਟਾ ਪੀਹਣਾਂ ਫੇਰ ਹਲ ਜਾਣਾਂ। ਪਸਚਾਤ ਡੰਗਰਾਂ ਨੂੰ ਪਠੇ ਪਾਕੇ ਲੰਗਰ ਦੇਭਾਂਡੇ ਮਾਂਜਣੇ। ਉਸਤੋਂ ਪਿਛੋਂ ਜੇਹਾ ਪ੍ਰਸ਼ਾਦਾ ਮਿਲ ਜਾਏ, ਪ੍ਰਸੰਨ ਹੋਕੇ ਛਕ ਲੈਣਾ। ਜੇਹੜਾ ਦੁਧ ਮਿਲਨਾਂ ਉਹ ਆਪ ਨਾਂ ਪੀਣਾਂ ਤੇ ਸਾਧ ਸੰਗਤ ਨੂੰ ਪਿਆਕੇ ਖੁਸ਼ ਹੋਣਾ। ਗਰਮੀ ਦੇ ਮੌਸਮ ਵਿਚ ਇਕ ਵਾਰ ਥੋੜੀ ਜੇਹੀ ਕਚੀ ਲਸੀ ਪੀ ਲੈਣੀ। ਉਪ੍ਰੰਤ

ਸਾਰੀ ਦਿਹਾੜੀ ਕੋਈ ਚੀਜ ਮੂੰਹਨਾ ਪੌਣੀਂ। ਜੇ ਕੋਈਛਕਣਵਾਸਤੇ ਕੁਛ ਲਿਆਵੇ, ਤਾਂ ਕਹਿਣਾਂ ਭਜਨ ਬੰਦਗੀ ਤਾਂ ਹੋਂਦਾ ਨਹੀਂ ਐਵੇਂ ਕੀ ਸਾਰੀ ਦਿਹਾੜੀ ਬਕਰੀ ਵਾਂਗੂੰ ਮੂੰਹ ਮਾਰਦੇ ਰਹਿਣਾਂ ਹੈ।"

(੪) ਇੱਕ ਵਾਰ ਪਿੰਡ ਜਾਣ ਵਾਸਤੇ ਬਾਬਾ ਜਮੀਤ ਸਿੰਘ ਜੀ ਤੋਂ ਛੁਟੀ ਮੰਗੀ ਬਾਬਾ ਜੀ ਨੇ ਪੁਛਿਆ ਕਦੋਂ ਆਵੇਗੇ? ਅਰਜ ਕੀਤੀ ਪਰਸੋਂ। ਬਾਬਾ ਜੀ ਨੇ ਕਿਹਾ ਜੇ ਪਰਸੋਂ ਨਾਂ ਆਏ ਤਾਂ ੨੦ ਰੁਪੈ ਤਨਖਾਹ ਲਗੇਗੀ। ਸੰਤਾਂ ਦਾ ਬਾਬਾ ਜੀ ਨਾਲ ਬੜਾ ਪ੍ਰੇਮ ਸੀ, ਜਿਸ ਕਰਕੇ ਉਹ ਬੜੀ ਮੁਸ਼ਕਲ ਨਾਲ ਆਪਣੇ ਪਿੰਡ ਰਾਤ ਹੀ ਕੱਟ ਸਕੇ, ਤੇ ਦੂਜੇ ਭਲਕ ਹੀ ਗਿਲੀਂ ਆ ਗਏ। ਨਮਸਕਾਰ ਕਰਨ ਦੇ ਨਾਲ ਹੀ ੨੦ ਰੁਪੈ ਚਰਨਾਂ ਵਿਚ ਰੱਖੇ। ਬਾਬਾ ਜੀ ਨੇ ਪੁੱਛਿਆ ਏਹ ਕੇਹੇ ਨੇ? ਸੰਤਾਂ ਕਿਹਾ ਤਨਖਾਹ। ਬਾਬਾ ਜੀ ਕਹਿਣ ਲੱਗੇ ਤੁਸੀਂ ਤਾਂ ਸਗੋਂ ਇਕਰਾਰ ਤੋਂ ਇੱਕ ਦਿਨ ਪਹਿਲਾਂ ਹੀ ਆ ਗਏ ਹੋ। ਤਨਖਾਹ ਕਾਹਦੀ? ਸੰਤਾਂ ਅਰਜ਼ ਕੀਤੀ ਮਹਾਰਾਜ ਤੁਹਾਡਾ ਵਾਕ ਸੀ ਕਿ ਜੇ ਪਰਸੋਂ ਨਾਂ ਆਇਆ ਤਾਂ ਤਨਖਾਹ ਲਗੇਗੀ। ਸੁ ਮੈਂ ਅਜੇ ਹੀ ਆਗਿਆ ਹਾਂ ਤੁਹਾਡੇ ਬਚਨ ਅਨੁਸਾਰ ਭਲਕੇ ਔਣਾਂ ਚਾਹੀਦਾ ਸੀ। ਇਸ ਕਰਕੇ ਬਚਨਦੀਉਲੰਘਾਂਣਦੇ ਕਾਰਣ ਤਨਖਾਹ ਜਰੂਰਲੱਗਣੀ ਚਾਹੀਦੀਏ।

(੫) ਹੁਣ ਸੰਤ ਜੀ ਮਹਾਰਾਜ ਗਿੱਲਾਂ ਤੋਂਵਿਦਾ ਹੋਕੇ ਸਖਾਣਿਆਂ ਨੂੰ ਤੁਰ ਪੈ ਏਥੋਂ ਦੇ ਸ੍ਰਦਾਰ ਹੁਕਮ ਸਿੰਘ ਜੀ ਸ਼ਾਹ ਰਸਤੇ ਵਿਚ ਮਿਲ ਪੈ।

## ਸ਼ਾਹ ਹੁਕਮ ਸਿੰਘ ਜੀ

ਸ਼ਾਹ ਹੁਕਮ ਸਿੰਘਜੀ ਸਖਾਣਿਆਂਦੇਇੱਕ ਧਨਾਢ ਗੁਰ ਸਿੱਖ ਸਨ। ਆਪਨੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਤੋਂ ਭਜਨ ਪੁਛਿਆ ਸੀ। ਆਪ ਚੰਗੇ ਭਜਨੀਕ ਨਿਤਨੇਮੀ ਤੇ ਵਿਚਾਰ ਸ਼ੀਲ ਸਨ। ਗੁਰ ਸਿਖਾਂ ਦੀ ਸੇਵਾ ਦਾ ਆਪਨੂੰ ਬੜਾ ਚਾ ਰਹਿੰਦਾ ਸੀ। ਲੋਹ ਲੰਗਰ ਤਪਦੇ ਰਹਿੰਦੇ ਸਨ। ਗੁਰਬਾਣੀਂ ਦੀ ਵਿਚਾਰ ਵੀ ਉਨ੍ਹਾਂ ਨੂੰ ਚੰਗੀ ਸੀ, ਤੇ ਹਰ ਰੋਜ ਪਿਛਲੇ ਪਹਿਰ ਕਥਾ ਨਿਤਨੇਮ ਨਾਲ ਕਰਦੇ ਹੁੰਦੇ ਸਨ– ਪਿੰਡ ਵਾਲੀ ਧਰਮਸਾਲਾ ਉਨਾਂ ਨੇ ਹੀ ਪਵਾਈ ਸੀ। ਸਾਧਾਂ ਵਾਸਤੇ ਬਸਤ੍ਰਾਂ ਤੇ ਜੋੜਿਆਂ ਦੇ ਕੋਠੇ ਭਰ ਛਡਦੇ ਸਨ। ਤੇ ਵਰਤਾ ਵਰਤਾ ਕੇ ਬੜੇ ਖੁਸ਼ ਹੁੰਦੇ ਸਨ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਸੱਚੇ ਪਾਤਸ਼ਾਹ ਜਦ ਗੁਰੂ ਚੱਕ ਦੇ ਹੋਲੇ ਤੇ ਗਏ, ਤਾਂ ਏਨੀਂ ਬਰਖਾ ਹੋਈ ਕਿ ਲੰਗਰ ਪਕਾਣ ਵਾਸਤੇ ਬਾਉਂ ਥੋੜਾ ਹੋਣ ਦੇ ਕਾਰਨ ਸੰਗਤ ਨੂੰ ਬੜੀ ਤਕਲੀਫ ਹੋਈ। ਸਤਿਗੁਰੂ ਹਰੀ ਸਿੰਘ ਜੀ ਨੇ ਕਿਹਾ ਭਾਈ! ਜੇ ਹੋਰ ਕੋਈ ਪੇਸ਼ ਨਹੀਂ ਜਾਂਦੀ ਤਾਂ ਛੋਲਿਆਂ ਦੀਆਂ ਘੁੰਙਣੀਆਂ ਹੀ ਉਬਾਲ ਲੌ। ਉਸ ਵੇਲੇ ਸ਼ਾਹ ਹੁਕਮ ਸਿੰਘ ਜੀ ਨੇ ਅਰਜ ਕੀਤੀ, ਸੱਚੇ ਪਾਤਸ਼ਾਹ! ਕਿਰਪਾ ਕਰਕੇ ਸਖਾਣੀਂ ਚਰਨ ਪਾਓ। ਅਰਜ ਮਨਜੂਰ ਹੋ ਗਈ ਤੇ ਸਤਿਗੁਰਾਂ ਨੇ ਸੰਗਤਾਂ ਸਮੇਤ ਸਖਾਣੀਂ ਦਰਸਨ ਦਿਤੇ। ਓਥੇ ਏਨਾਂ ਅਟੁਟ ਲੰਗਰ ਵਰਤਿਆ, ਤੇ ਰਸ ਬੱਝਿਆ, ਕਿ ਧੰਨ ਧੰਨ ਹੋ ਗਈ ਸਤਿਗੁਰਾਂ ਨੇ ਸ਼ਾਹ ਹੁਰਾਂ ਨੂੰ ਪੁਛਿਆ ਹੁਕਮ ਸਿੰਘਾ ਵਿਹਾਰ ਕਿਨੇਂ ਕੁ ਫੇਰ ਵਿਚ ਚਲਦਾ ਹੈ। ਬੇਨਤੀ ਕੀਤੀ, ਗਰੀਬ ਨਿਵਾਜ ਪੰਜਾਹ ਹਜਾਰ ਦੇ ਅੰਦਰ ਬਾਹਰ ਖਿਲਾਰ ਖਿਲਰਿਆ ਹੋਇਆ ਹੈ। ਸਤਿਗੁਰਾਂ ਨੇ ਏਸੇ ਤ੍ਰਾਂ ਦ ਵਾਰ

ਫੇਰ ਪੁਛਿਆ, ਪਰ ਸ਼ਾਹ ਹੁਰਾਂ ਨੇ ਏਹੀ ਜਵਾਬ ਦਿਤਾ ਕਿ ਪੰਜਾਹ ਕੁ ਹਜ਼ਾਰ ਦਾ ਪਹਿਣਾਂ ਹੈ। ਸਤਿਗੁਰਾਂ ਬਚਨ ਕੀਤਾ-'ਜਾਹ ਓਏ ਹੁਕਮ ਸਿੰਘਾ! ਐਸ ਵੇਲੇ ਤੂੰ ਜਿਨੇ ਲੱਖ ਯਾਂ ਜਿਨੇ ਕਰੋੜ ਆਖਣੇ ਓਨਾਂ ਹੀ ਹੋ ਜਾਣਾਂ ਸੀ। ਪਰ ਹੁਣ ਤੇਰਾ ਵਿਹਾਰ ਪੰਜਾਹ ਹਜ਼ਾਰ ਦੇ ਹੀ ਅੰਦਰ ਬਾਹਰ ਰਹੇਗਾ। ਸੱਚੇ ਪਾਤਸ਼ਾਹ ਦਾ ਵਾਕ ਐਸਾ ਅਟੱਲ ਹੋਇਆ, ਕਿ ਸ਼ਾਹ ਹੁਕਮ ਸਿੰਘ ਜੀ ਦੇ ਜੀਵਨ ਪ੍ਰਯੰਤ ਪੰਜ਼ਾਹ ਹਾਜਰ ਤਕ ਦਾ ਹੀ ਸਿਲ ਸਿਲਾ ਰਿਹਾ।

ਸ੍ਰੀ ਮਾਨ ਸੰਤ ਬਾਬਾ ਕੇਸਰ ਸਿੰਘ ਜੀ ਨੂੰ ਜਦ ਸ਼ਾਹ ਹੁਕਮ ਸਿੰਘ ਹੋਰੀਂ ਰਾਹ ਵਿਚ ਮਿਲੇ ਤਾਂ ਕਹਿਣ ਲੱਗੇ, ਹੁਕਮ ਸਿੰਘਾ ਤੂੰ ਸਾਨੂੰ ਕਈ ਵਾਰ ਆਖਦਾ ਹੁੰਦਾ ਸੈਂ ਕਿ ਸਖਾਣੀਂ ਆਓ, ਸੋ ਹੁਣ ਅਸੀਂ ਆਗਏ ਹਾਂ ਪਰ ਜੇ ਸਾਨੂੰ ਰਖਣਾ ਹਈ ਤਾਂ ਬਚਨ ਕਰ ਕਿ ਸਾਨੂੰ ਵੇਹਲਿਆਂ ਨਹੀਂ ਬਹਿਣ ਦੇਵੇਂਗਾ। ਸ਼ਾਹ ਹੋਰਾਂ ਕਿਹਾ ਮਹਾਰਾਜ ਜੋ ਆਗਯਾ। ਸ਼ਾਹ ਹੋਰਾਂ ਕਿਹਾ ਬਬਾ ਜੀ ੪੦ ਭਰੀਆਂ (ਸੁੱਕੀ) ਜਵਾਰ ਹੈ, ਆਪ ਰੋਜ ਸਵੇਰੇ ਉੱਠਕੇ ਇੱਕ ਕੁਤਰ ਛਡਿਆ ਕਰੋ। ਸੰਤ ਜੀ ਮਹਾਰਾਜ ਜਵਾਰ ਨੂੰ ਏਸਤ੍ਰਾ ਟੱਕਰੇ, ਕਿ ਪੰਜਾਂ ਛਿਆਂ ਦਿਨਾਂ ਵਿਚ ਸਾਰੀ ਹੀ ਕੁਤਰ ਛੱਡੀ। ਹੁਣ ਫੇਰ ਸ਼ਾਹ ਨੂੰ ਪੁੱਛਿਆ ਕੋਈ ਹੋਰ ਕੰਮ ਦੱਸ। ਸ਼ਾਹ ਜੀ ਨੇ ਕਿਹਾ ਮੱਝੀਂ ਚਾਰ ਲਿਆਇਆ ਕਰੋ। ਹੁਣ ਬਾਬਾ ਜੀ ਮੱਝੀਂ ਚਾਰਨ ਲਗੇ। ਪਹਿਰ ਰਾਤ ਰਹਿੰਦੀ ਹੀ ਮਝੀਆਂ ਬਾਹਰ ਲੈ ਕ ਲੈਣੀਆਂ। ਦਿਨ ਚੜੇ ਪਿੰਡ ਲਿਆਕੇ ਦੁਧ ਚੁਆ ਫੇਰ ਬਾਹਰ ਲੈ ਜਾਣੀਆਂ ਤੇ ਪਹਿਰ ਰਾਤ ਗਈ ਲਿਔ ਣੀਆਂ ਜੇਠ ਹਾੜ ਵਿਚ ਦੁਪਹਿਰੇ ਤਬੇਲੇ ਵਿਚ ਬੰਨ੍ਹਕੇ ਸੇਵਾ ਕਰਨੀ ਅੰਦਰੇ ਪਾਣੀ ਡਾਹਣਾਂ। ਪਾਣੀਂ ਪਿਔਣ ਲਗਿਆਂ ਤਬੇਲੇ ਵਿਚ ਪਾਣੀ ਖਲੋ ਜਾਣਾ ਮੱਝੀਂ ਨੇ ਬਹੁਤ ਖੁਸ਼ ਰਹਿਣਾਂ। ਫੇਰ ਪੱਖਾ ਲੈਕੇ ਕਿਨਾਂ ਕਿਨਾਂ ਚਿਰ ਮਹੀਂ ਨੂੰ ਝਲਦਿਆਂ ਰਹਿਣਾਂ। ਆਖਣਾਂ ਕਿ ਬੰਦੇ ਤਾਂ ਆਪ ਪੱਖਾਝੱਲ ਲੈਂਦੇ ਨੇ ਏਨ੍ਹਾਂ ਨੂੰਕੌਣ ਝਲੇ?

ਹੁਣ ਸ਼ਾਹ ਹੁਰਾਂਨੇ ਕਿਹਾ ਬਾਬਾ ਜੀ ਤੁਸੀਂ ਲੰਗਰ ਦੀ ਸੇਵਾ ਤੇ ਲਗ ਜਾਓ। ਸਤਿ ਬਚਨ ਕਹਿਕੇ ਸੇਵਾ ਸ਼ੁਰੂ ਕਰ ਦਿਤੀ। ਹਰ ਰੋਜ ਪੰਜਾਹ ਸੱਠ ਸਾਧਾਂ ਦਾ ਤੇਕਿਸੇ ਕਿਸੇਦਿਨ ਸੌ ਸੌਦਾ ਪ੍ਰਸ਼ਾਦਾ ਪਕਦਾ ਸੀ। ਸੰਤਾਂ ਨੇ ਦੋ-ਵਕਤ ਲੰਗਰ ਵਾਸਤੇ ਜਲ ਦੀਆਂ ਗਾਗਰਾਂ ਢੋਣੀਆਂ ਤੇ ਲੰਗਰ ਦਾ ਬੇਹਾ ਪ੍ਰਸ਼ਾਦਾ ਛਕਕੇ ਮਸਤ ਹੋ ਰਹਿਣਾਂ।

(੬) ਇਕ ਦਿਨ ਅਜੇਹਾ ਖੇਲ ਕੀਤਾ, ਕਿ ਮਾਤਾ ਗੁਰਦੇਈ ਜੀ (ਜੋ ਕਿ ਸ਼ਾਹ ਹੁਕਮ ਸਿੰਘ ਹੁਰਾਂ ਦੇ ਘਰੋਂ ਸਨ)ਨੂੰ ਕਹਿਣ ਲਗੇ, ਮੈਨੂੰ ਭੁਖ ਲਗੀ ਹੈ, ਪ੍ਰਸਾਦਾ ਦਿਓ। ਮਾਤਾ ਜੀ ਨੇ ਕਿਹਾ,ਪ੍ਰਸਾਦੇ ਵਰਤੇ ਗਏ ਨੇ ਤੰਦੂਰ ਤਪ ਰਿਹਾ ਹੈ, ਹੁਣ ਲਾਕੇ ਛਕਾਂਦੀ ਹਾਂ ਜੇ ਕਾਹਲ ਹੈ ਤਾਂ ਤੰਦੂਰ ਵਿਚ ਛਾਲ ਮਾਰ ਦੇ ਸੰਤ ਜੀ ਨੇ ਇਹ ਬਚਨ ਸੁਣਦਿਆਂ ਹੀ ਤੰਦੂਰ ਵਿਚ ਛਾਲ ਮਾਰ ਦਿਤੀ ਤੇ ਮਸਤ ਹੋਕੇ ਅੱਗ ਵਿਚ ਬਹਿ ਰਹੇ। ਸੰਗਤ ਸਭ ਹੈਰਾਨ ਰਹਿ ਗਈ। ਛੇਕੜ ਸੰਗਤ ਨੇ ਹੱਥ ਜੋੜੇ, ਕਿ ਮਹਾਰਾਜ ਤੰਦੂਰ ਵਿਚੋਂ ਨਿਕਲੋ। ਤਾਂ ਆਪ ਕੁਦ ਕੇ ਬਾਹਰ ਆ ਗਏ। ਸੰਗਤ ਦਾ ਖਿਆਲ ਸੀ ਕਿ ਸਰੀਰ ਦੇ ਕਈ ਅੰਗ ਸੜ ਗਏ ਹੋਣਗੇ,ਪਰ ਜਦ ਵੇਖਿਆ ਤਾਂ ਰੋਮ ਤਕ ਦਾ ਨੁਕਸਾਨ ਨਹੀਂ ਸੀ ਹੋਇਆ। ਚਰਨ ਵੇਖੇ ਤਾਂ ਛਾਲਾ ਤਕ ਨਾਂ ਡਿਠਾ- ਸਭ ਅਸ-ਚਰਜ ਹੋ ਗਏ।

# ਸ੍ਰੀ ਬਾਬਾ ਠਾਕੁਰ ਜੀ ਮਹਾਰਾਜ

( ਨਾਮਧਾਰੀ ਦਰਬਾਰ ਦੇ ਪ੍ਰਧਾਨ, ਸ੍ਰੀ "ਆਲਿਮ" ਜੀ ਦੀ ਕਲਮ ਦੁਆਰਾ )

ਪਰਮ ਪੂਜਨੀਕ ਅਲਮਸਤ ਫ਼ਕੀਰ ਸ੍ਰੀ ਮਾਨ ਬਾਬਾ ਕੇਸਰ ਸਿੰਘ ਜੀ 'ਠਾਕੁਰ' ਸਦਾਵੇ ਵਾਲਿਆਂ ਦਾ ਜੀਵਨ ਪਰਮ ਚਮਤਕਾਰਕ ਹੈ। ਜੀਵਨ ਮੁਕਤ ਦੇ ਸਮੂਹ ਲਖਸ਼ਣ ਉਨ੍ਹਾਂ ਦੀ ਪਰਮ ਪਾਵਨ ਹਸਤੀ ਤੇ ਪੂਰਣ ਰੂਪ ਵਿਚ ਘਟ ਦੇ ਸਨ। ਮੈਂ ਅਠ ਨੌਂ ਸਾਲ ਆਪ ਦੇ ਦਰਸ਼ਨਾਂ ਦਾ ਸੌਭਾਗ ਪ੍ਰਾਪਤ ਕੀਤਾ ਹੈ। ਇਸ ਅਰਸੇ ਵਿੱਚ ਕਈ ਵਾਰ ਮੈਨੂੰ ਆਪਦੀ ਸੰਗਤ ਤੋਂ ਲਾਭ ਉਠਾਣ ਦਾ ਵੀ ਮੌਕਿਆ ਮਿਲਿਆ ਹੈ। ਮੈਂ ਏਹ ਗੱਲ ਸਪਸ਼ਟ ਅਰ ਐਲਾਨੀਆਂ ਤੌਰ ਤੇ ਕਹਿਣ ਦੀ ਦਲੇਰੀ ਰਖਦਾ ਹਾਂ, ਕਿ ਮੈਂ ਜਦੋਂ ਤੋਂ ਆਪਜੀ ਦਾ ਦਰਸ਼ਨ ਕੀਤਾ ਅਖੀਰ ਤਕ ਆਪ ਨੂੰ ਮਸਤੀ ਦੀ ਇਕ ਰਸ ਦਸ਼ਾ ਵਿਚ ਵੇਖਿਆ। ਏਹ ਗੱਲ ਮੈਂ ਠਾਕੁਰ ਜੀ ਦੇ ਉਸ ਜੀਵਨ ਕਾਲ ਦੀ ਕਹਿ ਰਿਹਾ ਹਾਂ, ਜਦਕਿ ਜ਼ਿਲਾ ਅਮ੍ਰਿਤ ਸਰ ਦੇ ਪਿੰਡਾਂ ਵਿਚ ਮਾਈਆਂ ਤੇ ਬੀਬੀਆਂ ਤ੍ਰਿੰਞਣ ਕਤਦੀਆਂ ਕਤਦੀਆਂ ਬੜੇ ਚਾ ਤੇ ਉਮਾਹ ਨਾਲ ਏਹ ਪ੍ਰਚੱਲਤ ਗੀਤ ਗੌਂਦੀਆਂ ਹੁੰਦੀਆਂ ਸਨ ਕਿ—"ਘਰ ਆਜਾ ਬਾਬਾ ਕੇਸਰਾ ਮੈਂ ਕੇਸਰ ਕੇਸਰ ਕਰਦੀ। ਘਰ ਆਜਾ ਮੇਰੇ ਠਾਕਰਾ ਮੈਂ ਠਾਕਰ ਠਾਕਰ ਕਰਦੀ।' ਮੇਰੇ ਜੀਵਨ ਵਿੱਚ ਪਲਟਾ ਆਪ ਜੀ ਦੇ ਹੀ ਗੂੜੇ ਰੰਗ ਨਾਲ ਰੰਗੀਨ ਨੇਤ੍ਰਾਂ ਅਤੇ ਮਧੁਰਾੜੀ ਆਵਾਜ਼ ਨੇ ਦਿਤਾ ਸੀ, ਜਿਸ ਦਾ ਵਰਨਨ ਅੱਗੇ ਚਲਕੇ ਕੀਤਾ ਜਾਵੇਗਾ।

ਆਪ ਜੀ ਦੇ ਜੀਵਨ ਬਾਬਤ ਇਹ ਦਾਹਵਾ ਕਰਨਾਂ ਸਰਾ ਸਰ ਗਲਤੀ ਹੋਵੇਗੀ ਕਿ ਅਸੀਂ ਉਸ ਨੂੰ ਸੰਪੂਰਣ ਰੂਪ ਵਿਚ ਅਤੇ ਉਨ੍ਹਾਂ ਦੀ ਸ਼ਾਨ ਦੇ ਮੁਤਾਬਕ ਸੰਗਤਾਂ ਦੀ ਭੇਟ ਕਰ ਸਕਾਂਗੇ, ਪਰ ਇਹ ਗੱਲ ਬਿਲਾ ਖੌਫ ਤਰਦੀਦ ਦੇ ਲਿਖੀ ਜਾ ਸਕਦੀ ਹੈ ਕਿ ਜਿਨੇਂ ਵਾਕਿਆਤ ਵੀ ਪਾਠਕਾਂ ਦੇ ਸਾਮ੍ਹਣੇ ਇਸ ਲੇਖ ਦੁਆਰਾ ਰੱਖ ਰਹੇ ਹਾਂ ਤਸਦੀਕ ਸ਼ੁਦਹ, ਅਰ ਬਿਲ ਕੁਲ ਸਹੀ ਹੈਨ। ਆਪ ਦੇ ਚਸ਼ਮਦੀਦ ਵਾਕਿਆਤ ਤੋਂ ਛੁਟ ਹੇਠਾਂ ਲਿਖੇ ਸੱਜਨਾਂ ਨੇ ਸਾਨੂੰ ਕਾਫੀ ਸਹੈਤਾ ਦਿਤੀ ਹੈ:—

(੧) ਨਾਮਧਾਰੀ ਪੰਥ ਭੂਸ਼ਣ ਸ੍ਰੀ ਮਾਨ ਭਾਈ ਹਰਨਾਮ ਸਿੰਘ ਜੀ ਸਾਬਕ ਸੰਗੀਤਾ ਚਾਰਜ ਨਾਮਧਾਰੀ ਸੰਗੀਤ ਵਿਦਿਆਲਾ ਸ੍ਰੀ ਭੈਣੀ ਸਾਹਿਬ॥ ਆਪ ਉਹ ਵਿਅਕਤੀ ਹਨ, ਜਿਨਾਂ ਨੇ ਆਪਣੀ ਜੁਵਾਨ ਅਵਸਥਾ ਦੇ ੨੨ ਸਾਲ ਠਾਕਰ ਜੀ ਮਹਾਰਾਜ ਦੇ ਨਾਲ ਵਿਚ ਗੁਜ਼ਾਰੇ ਹਨ। ਆਪ ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਹੀ ਨਾਮਧਾਰੀ ਸਜਕੇ ਸੰਗੀਤਾ ਚਾਰਯ ਅਤੇ ਨਾਮਧਾਰੀ ਪੰਥ ਦੇ ਆਲ੍ਹਾ ਦਰਜੇ ਦੇ ਪ੍ਰਚਾਰਕ ਬਣੇ। ਆਪ ਨੇ ਜੋ ਪ੍ਰਚਾਰ ਅਰ ਕੀਰਤਨ ਦੁਆਰਾ ਪੰਥ ਦੀ ਸੇਵਾ ਕੀਤੀ ਹੈ, ਉਸ ਬਾਬਤ ਅਸੀਂ ਕਦੇ ਵੀ ਉਨਾਂ ਦੇ ਰਿਣ ਤੋਂ ਉਰਿਣ ਨਹੀਂ ਹੋ ਸਕਦੇ। ਇਸ ਲੇਖ ਵਿਚ ਬਾਬਾ ਜੀ ਦ

ਜੀਵਨੀ ਦੇ ਪਹਿਲੇ ਵਾਕਿਆਤ ਉਨ੍ਹਾਂ ਦੀ ਬਦੌਲਤ ਹੀ ਪ੍ਰਾਪਤ ਹੋਏ ਹਨ।

(੨) ਸ੍ਰੀ ਮਾਨ ਸੰਤ ਬੇਲਾ ਸਿੰਘ ਜੀ ਅਤੇ ਸੰਤ ਮੰਗਲ ਸਿੰਘ ਜੀ ਮਹਾਵਾ, ਜੋ ਕਿ ਠਾਕਰ ਜੀ ਦੇ ਸਪੁਤ੍ਰ ਹਨ। ਇਹ ਆਪਣੇ ਪਿਤਾ ਜੀ ਦੀ ਆਗਿਆ ਨਾਲ ਘਰ ਰਹਿਕੇ ਦਸਾਂ ਨਵ੍ਹਾਂ ਦੀ ਕ੍ਰਿਤ ਕਰਦੇ ਅਤੇ ਨਾਮ ਜਪਦੇ ਹਨ। ਆਪ ਦੀ ਜ਼ਬਾਨ ਤੋਂ ਸੁਣੇ ਹੋਏ ਵਾਕਿਆਤ ਇਸ ਲੇਖ ਵਿਚ ਦਰਜ ਹਨ।


(੩) ਸ੍ਰੀ ਮਾਨ ਸੰਤ ਕ੍ਰਿਪਾਲ ਸਿੰਘ ਜੀ-ਆਪ ਠਾਕਰ ਜੀ ਦੇ ਪੋਤ੍ਰੇ ਹਨ। ਏਨਾਂ ਨੂੰ ਤਾਂ ਠਾਕਰਾਂ ਦਾ ਜੀਵਨ ਇਉਂ ਕੰਠਾਗ੍ਰ ਹੈ, ਜਿਵੇਂ ਕਿਸੇ ਹਾਫ਼ਿਜ਼ ਨੂੰ ਕੁਰਾਨ। ਜੇ ਆਪ ਦੁਆਰਾ ਬਿਆਨ ਕੀਤੇ ਹੋਏ ਸਮੂਹ ਵਾਕਿਆਤ ਦਰਜ ਕੀਤੇ ਜਾਂਦੇ, ਤਾਂ ਸੰਤ ਅੰਕ ਵਿਚ ਕਿਸੇ ਹੋਰ ਮਹਾਂ ਪੁਰਖ ਦਾ ਜੀਵਨ ਲਿਖਣ ਦੀ ਥਾਂ ਨਾਂ ਰਹਿ ਜਾਂਦੀ। ਆਪ ਨੇ ਇਸ ਲੇਖ ਵਿਚ ਸਾਡੀ ਬਹੁਤ ਸਹੈਤਾ ਕੀਤੀ ਹੈ, ਜਿਸ ਲਈ ਆਪ ਦਾ ਬਹੁਤ ੨ ਧੰਨਵਾਦ ਹੈ।

ਹੁਣ ਬਾਬਾ ਜੀ ਦੀਆਂ ਜੀਵਨ ਝਾਕੀਆਂ ਸਾਧ ਸੰਗਤ ਦੀ ਭੇਟਾ ਕੀਤੀਆਂ ਜਾਂਦੀਆਂ ਹਨ।" (ਆਲਿਮ)


## ੧.

"ਭਲਾ ਹੋਇਆ ਘਰ ਸਾਧੂ ਆਏ ਮੇਰਾ ਭਇਆ ਸੁਹਾਵਾ ਅੰਗਣਾਂ," ਦਾ ਗੀਤ ਮਹਾਵਾ ਜ਼ਿਲਾ ਅੰਮ੍ਰਿਤਸਰ ਦਾ ਇਕ ਗ੍ਰਿਹਸਤੀ ਸਿੱਖ ਬੜੇ ਉਮਾਹ ਵਿਚ ਗਾ ਰਿਹਾ ਹੈ। ਜਦ ਉਸਨੂੰ ਸ੍ਰੀ ਬਾਬਾ ਦਯਾ ਸਿੰਘ ਜੀ ਸਤਲਾਣੀ ਵਾਲਿਆਂ ਨੇ ਆਖਿਆ, 'ਚੰਦਾ ਸਿੰਘਾ! ਭਾਈ, ਤੇਰੇ ਘਰ ਗੋਬਿੰਦ ਲੋਕ ਪ੍ਰਗਟ ਹੋਇਆ ਹੈ, ਜਦੋਂ ਏਸੇ ਗੱਲ ਦੀ ਤਸਦੀਕ ਸ੍ਰੀ ਮਾਨ ਸੰਤ ਪ੍ਰੇਮ ਸਿੰਘ ਜੀ ਰੰਘ੍ਰੀ ਨੇ ਕੀਤੀ, ਤਾਂ ਬਾਬਾ ਜੀ ਅਨੰਦ ਸਾਗਰ ਵਿਚ ਪਹਿਲੋਂ ਤੋਂ ਵੀ ਵਧੀਕ ਤਾਰੀਆਂ ਲਾਣ ਲਗ ਪਏ। ਇਹ ਵਾਰਤਾ ੧੦ ਚੇਤ੍ਰ ਸੰਮਤ ੧੯੦੧ ਬਿਕ੍ਰਮੀ ਤੋਂ ਕੁਛ ਦਿਨ ਪਿਛੋਂ ਦੀ ਹੈ, ਜਦ ਕਿ ਗੋਬਿੰਦ ਲੋਕ ਇਸ ਮਾਤ ਲੋਕ ਤੇ ਸ੍ਰਦਾਰ ਚੰਦਾ ਸਿੰਘ ਜੀ ਮਾਨ (ਗੋਤ ਦੇ ਜਟ) ਦੇ ਘਰ ਪ੍ਰਗਟ ਹੋਏ। ਤੇ ਨਾਮ ਕੇਸਰ ਰਖਾਇਆ।


ਛੋਟੀ ਅਵਸਥਾ ਵਿਚ ਹੀ ਸੰਤ ਪ੍ਰੇਮ ਸਿੰਘ ਜੀ ਦੇ ਪਾਸ ਗੋਬਿੰਦ ਲੋਕ ਪੜ੍ਹਨ ਵਾਸਤੇ ਭੇਜੇ ਗਏ, ਜਿਥੇ ਆਪਨੇ ਲਿਖਾਈ ਪੜ੍ਹਾਈ ਦਾ ਕੰਮ ਬਹੁਤ ਛੇਤੀ ਸਿੱਖ ਲਿਆ। ਸਾਧਾਂ ਸੰਤਾਂ ਨਾਲ ਪਿਆਰ ਦਾ ਸੁਭਾਉ ਤਾਂ ਆਪ ਪੂਰਬ ਜਨਮ ਤੋਂ ਹੀ ਲੈ ਆਏ ਸਨ। ਇਕ ਦਿਨ ਹੀ ਪਿਤਾ ਜੀ ਨੇ ਖੂਹ ਤੇ ਵੱਛਾ ਲਿਜਾਣ ਦਾ ਕੰਮ ਦੱਸਿਆ, ਤੇ ਆਪ ਸੰਤਾਂ ਪਾਸ ਚਲੇ ਗਏ। ਦੂਜੇ ਦਿਨ ਤਾੜਨਾਂ ਕੀਤੀ ਗਈ, ਪਰ ਚੁਪ ਕਰ ਮੋਨੀ ਬਣੇ ਰਹੇ। ਸੰਤ ਪ੍ਰੇਮ ਸਿੰਘ ਜੀ ਨੇ ਕੋਲੋਂ ਕਹਿ ਦਿੱਤਾ ਕਿ ਇਹ ਗੋਬਿੰਦ ਲੋਕ ਹਨ, ਏਨ੍ਹਾਂ ਨੇ ਹੋਰ ਹੀ ਕੰਮ ਕਰਨੇ ਹਨ, ਤੁਸੀਂ ਏਨ੍ਹਾਂ ਨੂੰ ਕੋਈ ਕੰਮ ਨਾਂ ਦੱਸਿਆ ਕਰੋ। ਗੋਬਿੰਦ ਲੋਕਾਂ ਨੂੰ ਛੁਟੀ ਮਿੱਲ ਗਈ ਤੇ ਆਪ ਹੁਣ ਨਿਸ਼ੰਕ ਹੋਕੇ ਪੜ੍ਹਾਈ ਤੇ ਸੰਤਾਂ ਦੀ ਸੇਵਾ ਵਿਚ ਤਤਪਰ ਹੋ ਗਏ, ਇਸ ਵੇਲੇ ਆਪਦੀ ਆਯੂ ਦਾ ਛੇਵਾਂ ਯਾ ਸਤਵਾਂ ਸਾਲ ਸੀ।



ਮਸਤ ਸ੍ਰੋਮਣੀ ਸੰਤ ਬਾਬਾ ਕੇਸਰ ਸਿੰਘ ਜੀ ਠਾਕੁਰ ਮਹਾਵੇ ਵਾਲੇ



ਬੀਤਰਾਗ ਸ੍ਰੋਮਣੀ ਸੰਤ ਬਾਬਾ ਕੇਸਰ ਸਿੰਘ ਜੀ ਚਵਿੰਡੇ ਵਾਲੇ



ਬਾਬਾ ਕਿਸ਼ਨ ਸਿੰਘ ਜੀ ਭੂਤੀਏ (ਛਜਾਵਾਲ)



ਸ੍ਰੀ ਮਾਨ ਸੰਤ ਧਿਆਨ ਸਿੰਘ ਜੀ ਵਰਨ ਇਤਿਹਾਸ ਲੇਖਕ

## (੨) ਫ਼ਾਰਸੀ ਸਿਖਯਾ

ਪਹਿਲੋਂ ਆਪਨੇ ਗੁਰੂ ਘਰ ਦੀ ਵਿਦਿਆ ਪੜ੍ਹੀ, ਜਿਸ ਵਿਚ ਆਪ ਗ੍ਰੰਥ ਸਾਹਿਬ ਦੇ ਪਾਠੀ ਆਹਲਾ ਦਰਜੇ ਦੇ ਹੋ ਗਏ ਤੇ ਲਿਖਾਰੀ ਬੜੇ ਉੱਤਮ ਬਣ ਗਏ। ਹੁਣ ਆਪਨੂੰ ਫ਼ਾਰਸੀ ਪੜ੍ਹਨ ਦਾ ਸ਼ੌਕ ਉਪਜਿਆ, ਜਿਸ ਲਈ ਆਪਨੇ ਪਿੰਡ ਨੌਸ਼ਟਾ (ਜੋ ਮਹਾਵੇ ਤੇ ਅਟਾਰੀ ਦੇ ਦਰਮਿਆਨ ਹੈ) ਦੇ ਇਕ ਆਲਿਮ ਮੌਲਵੀ ਤੋਂ ਪੜ੍ਹਨਾ ਸ਼ੁਰੂ ਕੀਤਾ। ਥੋੜੇ ਸਮੇਂ ਵਿਚ ਹੀ ਆਪਨੇ ਫ਼ਾਰਸੀ ਦੀਆਂ ਪ੍ਰਸਿੱਧ ਕਿਤਾਬਾਂ ਗੁਲਿਸਤਾਂ, ਬੋਸਤਾਂ, ਅਤੇ ਬਹਾਰ ਦਾਨਸ਼ ਆਦਿ ਪੜ੍ਹ ਲਈਆਂ। ਆਪ ਆਪਣੀਆਂ ਗੱਲਾਂ ਬਾਤਾਂ ਵਿਚ ਏਹਨਾਂ ਕਿਤਾਬਾਂ ਦੇ ਸ਼ੇਅਰ ਬੋਲਦੇ ਹੁੰਦੇ ਸਨ, ਜਿਨ੍ਹਾਂ ਦਾ ਸੁਣਨ ਵਾਲਿਆਂ ਤੇ ਬੜਾ ਪ੍ਰਭਾਵ ਪੈਂਦਾ ਸੀ। ਇਸ ਸਿੱਖਯਾ ਦੇ ਪ੍ਰਾਪਤੀ ਕਾਲ ਵਿਚ ਆਪਨੇ ਗੁਰਬਾਣੀ ਦੇ ਪਾਠ ਵੱਲ ਵੀ ਵਿਸ਼ੇਸ਼ ਧਿਆਨ ਰੱਖਿਆ। ਆਪਦਾ ਪਾਠ ਬੜਾ ਸਪਸ਼ਟ ਸੁਰੀਲਾ ਅਤੇ ਸ੍ਰੋਤਿਆਂ ਦੇ ਮਨ ਨੂੰ ਮੋਹਤ ਕਰਨ ਵਾਲਾ ਸੀ। ਜੇਹੜਾ ਇਕ ਵਾਰ ਸੁਣ ਲੈਂਦਾ, ਉਹ ਅਜੇਹਾ ਸ੍ਰੋਤਾ ਬਣ ਜਾਂਦਾ ਕਿ ਹਰ ਰੋਜ਼ ਨਿੱਤ ਨੇਮ ਨਾਲ ਜਦੋਂ ਆਪ ਪਾਠ ਕਰਦੇ ਘਰ ਦੇ ਕੰਮ ਛਡਕੇ ਵੀ ਸੁਣਨ ਲਈ ਪਹੁੰਚਦਾ। ਏਥੋਂ ਤਕ ਕਿ ਧਰਮ ਸਾਲਾ ਵਿਚ ਪਾਠ ਦੇ ਸ੍ਰੋਤਿਆਂ ਦੀ ਕਾਫੀ ਭੀੜ ਹੋ ਜਾਂਦੀ।

## (੩) ਰਾਮ ਨਾਮ

ਸ੍ਰੀ ਮਾਨ ਸੰਤ ਪ੍ਰੇਮ ਸਿੰਘ ਜੀ ਨੂੰ ਗੋਬਿੰਦ ਲੋਕ ਦੀ ਲਿਖਾਈ ਅਜੇਹੀ ਸੋਹਣੀਂ ਲਗੀ, ਕਿ ਉਨ੍ਹਾਂ ਨੇ ਆਪ ਜੀ ਤੋਂ ਭਗਤ ਸ਼ੋਮਣੀ ਕਬੀਰ ਦੀ ਜਨਮ ਸਾਖੀ ਲਿਖਵਾਈ। ਜਨਮਸਾਖੀ ਦੇ ਪ੍ਰਸੰਗਾਂ ਦਾ ਆਪਦੇ ਦਿਲ ਤੇ ਚੰਗਾ ਅਸਰ ਹੋਇਆ, ਜਿਸ ਦੇ ਕਾਰਨ ਆਪ—"ਰਾਮ" ਸ਼ਬਦ ਦਾ ਜਾਪ ਕਰਨ ਲਗ ਪਏ। ਪ੍ਰੰਤੂ ਜਦ ਆਪ ਗੁਰਬਾਣੀਂ ਦੇ ਪਾਠ ਵਿਚ ਪੜ੍ਹਦੇ ਕਿ:—"ਰਾਮ ਰਾਮ ਸਭ ਕੋ ਕਹੈ ਕਹਿਐ ਰਾਮ ਨ ਹੋਇ। ਗੁਰ ਪ੍ਰਸਾਦੀ ਰਾਮ ਮਨਿ ਵਸੈ ਤਾਂ ਸੁਖੁ ਪਾਵੈ ਕੋਇ ਅਰ—"ਨਾਮਾਂ ਛੀਬਾਂ ਕਬੀਰ—ਜੁਲਾਹਾ ਪੂਰੇ ਗੁਰ ਤੇ ਗਤਿ ਪਾਈ ਤਾਂ ਆਪ ਦੇ ਚਿਤ ਵਿਚ ਗੁਰੂ ਨੂੰ ਮਿਲਨ ਦਾ ਸ਼ੌਕ ਪੈਦਾ ਹੋਗਿਆ। ਆਪ ਜਦੋਂ ਵੀ ਅਜੇਹੇ ਸ਼ਬਦਾਂ ਤੇ ਵਿਚਾਰ ਕਰਦੇ ਕਿ:— ਪਾਠ ਪੜਿਓ ਅਰ ਬੇਦ ਬਿਚਾਰਿਓ ਨਿਵਲਿ ਭੁਇਅੰਗਮੁ ਸਾਧੇ। ਪੰਚ ਜਨਾਂ ਸਿਉ ਸੰਗਨ ਛੁਟਕਿਓ ਅਧਿਕ ਅਹੰਬੁਧਿ ਬਾਧੇ। ਪਿਆਰੇ ਇਨਿ ਬਿਧਿ ਮਿਲਨ ਨ ਜਾਈ ਕੀਏ ਕਰਮ ਅਨੇਕਾ। ਹਾਰ ਪਰਿਓ ਸੁਆਮੀ ਕੈ ਦੁਆਰੇ ਦੀਜੈ ਬੁਧਿ ਬਬੇਕਾ।, ਤਾਂ ਆਪ ਆਪਨੇ ਆਪਤੇ ਹੀ ਪ੍ਰਸ਼ਨ ਕਰਦੇ, ਬਿਬੇਕ ਬੁਧੀ ਬਖਸ਼ਣ ਵਾਲਾ ਸੁਆਮੀ ਕੌਣ ਹੈ? ਗਲ ਕੀ, ਆਪਦੇ ਹਿਰਦੇ ਵਿਚ ਇਹ ਮੰਗ ਬੜੀ ਤੀਬ੍ਰ ਮਾਤ੍ਰਾ ਵਿਚ ਪੈਦਾ ਹੋਗਈ ਕਿ ਗੁਰੂ ਨੂੰ ਮਿਲਕੇ ਨਾਮ ਪ੍ਰਾਪਤ ਕੀਤਾ ਜਾਏ, ਆਪ ਅਪਣੇ ਮਨ ਹੀ ਮਨ ਵਿਚ ਗੱਲਾਂ ਕਰਦੇ ਹਨ ਕਿ ਜਿਸ ਦਿਨ ਮੇਰੇ ਤੇ ਸਤਿਗੁਰਾਂ ਦੀ ਕਿਰਪਾ ਹੋਵੇਗੀ ਉਹ ਲੱਖਾਂ ਖੁਸ਼ੀਆਂ ਵਾਲਾ ਵਡਭਾਗਾ ਦਿਨ ਹੋਵੇਗਾ। ਜਿਸ ਨਿਮਖ ਵਿਚ ਉਹ ਮੈਨੂੰ ਨਾਮ ਬਖਸ਼ਣਗੇ, ਮੇਰੇ ਤਨ ਮਨ ਦੀ ਜਲਨ ਬੁਝਕੇ ਸ਼ਾਂਤੀ ਹੋਜਾਵੇਗੀ, ਪਰ ਨਾਲ ਹੀ ਏਹ ਗੱਲ ਵੀ ਵਿਚਾਰ ਯੋਗ ਹੈ, ਕਿ ਸਤਿਗੁਰ ਉਨਾਂ ਨੂੰ ਮਿਲਦਾ ਹੈ ਤੇ ਸਤਿਗੁਰਾਂ ਦੇ ਚਰਨਾਂ ਦੀ ਸ਼ਰਨ ਉਨਾਂ ਨੂੰ ਪ੍ਰਾਪਤ ਹੁੰਦੀ ਹੈ, ਜਿਨਾਂ

ਦੇ ਪੂਰਨ ਭਾਗ ਹਨ:–"ਲਖ ਖੁਸੀਆ ਪਾਤਸਾਹੀਆ ਜੇ ਸਤਿਗੁਰੁ ਨਦਰਿ ਕਰੇਇ। ਨਿਮਖ ਏਕ ਹਰਿ ਨਾਮ ਦੇਇ ਮੇਰਾ ਮਨੁ ਤਨੁ ਸੀਤਲੁ ਹੋਇ। ਜਿਸ ਕਉ ਪੂਰਬ ਲਿਖਿਆ ਤਿਨਿ ਸਤਿਗੁਰ ਚਰਨ ਗਹੇ॥"

(ਸਿਰੀ ਰਾਗ ਮ: ੫)

ਏਸ ਲਗਨ ਵਿਚ ਆਪ ਕਿਨਾਂ ਚਿਰ ਚੁਪ ਕਰ ਰਹਿੰਦੇ, ਪਰ ਪਿਤਾ ਜੀ ਸਮਝਦੇ ਕਿ ਏਨ੍ਹਾਂ ਨੂੰ ਕੋਈ ਦੱਬਾ ਪੈਂਦਾ ਹੈ। ਫਕੀਰਾਂ ਵਾਲੇ ਲੱਖਣ ਵੇਖਕੇ ਪਿਤਾ ਜੀਨੇਏਹ ਨਿਸਚਯ ਕੀਤਾ ਕਿ ਏਨ੍ਹਾਂ ਦਾ ਵਿਆਹ ਕਰ ਦਿਤਾ ਜਾਏ,ਫੇਰ ਆਪੇ ਜੀ ਲਗ ਜਾਵੇਗਾ। ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਏਨ੍ਹਾਂ ਦਾ ਜੀ ਜਿੱਥੇ ਲੱਗਣਾਂ ਸੀ ਲਗ ਚੁਕਾ ਹੈ।

ਸੁਖ!ਪਿਤਾ ਜੀ ਨੇ ਵਿਆਹ ਵਾਸਤੇ ਮਜ-ਬੂਰ ਕੀਤਾ,ਅਤੇ ਉਹ ੨੦–੨੧ ਸਾਲ ਦੀ ਉਮਰ ਵਿਚ ਚੁਗਾਵੇਂ ਪਿੰਡ (ਜੋ ਲੋਪੋਕਿਆਂ ਦੇ ਕੋਲ ਹੈ) ਮਾਈ ਕਰਮ ਕੌਰ ਨਾਲ ਹੋਗਿਆ।

## ਮਾਤਾ ਪਿਤਾ

ਮਾਤਾ ਜੀ ਤਾਂ ਆਪਨੂੰ ੩ ਸਾਲਾਂ ਦੀਉਮਰ ਵਿਚ ਹੀ ਛਡਕੇ ਪ੍ਰਲੋਕ ਗਮਨ ਕਰ ਗਏਸਨ ਹੁਣ ਵਿਆਹ ਤੋਂ ਕੁਛ ਕਾਲ ਉਪ੍ਰੰਤ ਪਿਤਾਜੀ ਵੀ ਤੁਰਦੇ ਬਣੇ।

## ਗੁਰੂ ਜੀ ਦੀ ਸੋ੍ਤ

ਸੰ: ੧੯੯੨ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅੰਮ੍ਰਿਤਸਰ ਵਿਖੇ ਦੀਪ ਮਾਲਾ ਦੇ ਮੇਲੇ ਤੇ ਆਏ। ਸੰਤ ਪ੍ਰੇਮ ਸਿੰਘ ਜੀ ਮਹਾਵੇ ਵਾਲੇ ਜਦ ਸਤਿਗੁਰਾਂ ਦਾ ਦਰਸ਼ਨ ਕਰਕੇ ਮਹਾਵੇ ਪਰਤੇ, ਤਾਂਧਰਮਸਾਲਾ ਵਿਚ ਬੈਠਕੇ ਆਪਨੇ ਸਤਿ-ਗੁਰਾਂ ਦੀਸੰਗਤ ਸਮੇਤ ਬਹੁਤ ਉਪਮਾਂ ਕੀਤੀ ਉਨ੍ਹਾਂ ਨੇ ਕਿਹਾ ਵੇਖਣ ਨੂੰ ਤਾਂ ਸਿੰਘ ਹੀ ਹਨ, ਪਰ ਕਰਮ ਏਨ੍ਹਾਂ ਦੇ ਵੈਸ਼ਨੋ ਸਾਧੂਆਂ ਵਾਲੇ ਹਨ–

ਖਾਲਸਾ ਜੀ ਵਿਚ ਅਸੁਰੀ ਗੁਣਾਂ ਦੇ ਗ਼ਲਬੇ ਨੇ ਇਸ ਗੱਲ ਨੂੰ ਅਸਚਰਜ ਬਣਾ ਦਿਤਾ ਸੀ ਕਿ ਸਿੰਘ ਵੀ ਵੈਸ਼ਨਵਹੋਸਕਦਾਹੈ? ਉਸਵਕਤ ਦੀ ਖਾਲਸਾ ਬਹਾਦਰ ਦੀ ਤਸਵੀਰ ਬੜੀ ਭਿਆਨਕ ਤੇ ਹਿੰਸਾਤਮਕ ਸੀ। ਉਸਨੂੰ ਵੇਖਕੇ ਕੋਈ ਆਦਮੀ ਵੀ ਇਹ ਨਿਸਚਾ ਨਹੀਂ ਸੀ ਕਰ ਸਕਦਾ ਕਿ ਧਰਮ ਯੁਧ ਤੋਂ ਬਿਨਾਂ ਖਾਲਸਾ ਜੀ ਨੂੰ ਕਿਸੇ ਉਤੇ ਵੀ ਤਲਵਾਰ ਉਠਾਣੀਂ ਪਾਪ ਹੈ।

ਆਮ ਤੌਰ ਤੇ ਮਾਸ ਖਾਣਾਂ ਸਰਾਬ ਪੀਣੀ, ਦੂਜਿਆਂ ਤੇ ਜਬਰ ਕਰਨਾਂ ਸਿੱਖਾਂ ਦਾ ਧਰਮ ਅਤੇ ਬਿਗਾਨਾਂ ਹੱਕ ਬੂਰੀ ਮਹਿਂ ਦਾ ਦੁਧ ਸਮਝਿਆ ਜਾਂਦਾ ਸੀ। ਇਸ ਲਈ ਸੰਤ ਪ੍ਰੇਮ ਸਿੰਘ ਜੀ ਨਾਮਧਾਰੀ ਸੰਗਤ ਦੇ ਸਾਤ-ਵਿਕ ਗੁਣਾਂ ਦੀ ਉਪਮਾਂ ਕਰਦੇ ਹੋਏ ਕਹਿੰਦੇ ਸਨ ਕਿ ਹੈਨ ਤਾਂ ਸਿੰਘ, ਪਰ ਸਾਧੂ ਜਾਪਦੇ ਹੈਨ। ਹੰਸਾਂ ਸਮਾਨ ਚਿੱਟੇ–ਬਸਤ੍ਰ, ਗਲਾਂ ਵਿਚ ਉੱਨ ਦੀਆਂ ਮਾਲਾ, ਪੈਰੀਂ ਨਿਰਾਲੀ ਹੀ ਕਿਸਮ ਦੇ ਪਊਏ, ਤੇ ਹਥਾਂ ਵਿਚ ਲੋਹੇ ਦੇ ਗੜਵੇ ਰਖਦੇ ਹੈਨ। ਕੰਨ ਵਿਚ ਭਜਨ ਦੱਸ ਕੇ ਕਹਿੰਦੇ ਹੈਨ, ਕਿਸੇ ਨੂੰ ਦੱਸੀਂ ਨਾਂ ਤੇ ਕਈ ਸੁਨਦਿਆਂ ਸਾਰ ਹੀ ਲੋਟਣ ਪੋਟਣ ਹੋ ਜਾਂਦੇ ਹਨ।

ਸੰਤ ਪ੍ਰੇਮ ਸਿੰਘ ਜੀ ਤੋਂ ਪੰਥ ਦੀ ਉਪਮਾਂ ਸੁਣਕੇ ਗੋਬਿੰਦ ਲੋਕ (ਬਾਬਾ ਕੇਸਰ ਸਿੰਘ ਜੀ) ਦੇ ਮਨ ਵਿਚ ਪਹਿਲੋਂ ਨਾਲੋਂ ਵੀ ਵਧੀਕ ਖਿਚ ਲਗ ਗਈ, ਤੇ ਕਹਿਣ ਲਗੇ ਕਿ–ਮਸਤ ਨਾਂ ਕੀਤੋਸੂ ਤਾਂ ਗੁਰੂ ਕਾਹਦਾ ਹੋਇਆ ਤੇ ਦੁਨੀਆਂ ਨਾਲੋਂ ਵਖ ਨ ਹੋਇਆ ਤਾਂ ਭਗਤ ਕਾਹਦਾ, ਕਿਉਂਕਿ ਵੇਰ ਤਾਂ ਮਸਾਂ ਘਰ

ਦਿਆਂ ਦੀ ਹੀ ਭਗਤੀ ਕਰੂ।"

ਮਹਾਵੇ ਦਾ ਇਕ ਘੁਮਿਆਰ ਸਿੱਖ ਭਜਨ ਪੁਛ ਆਇਆ, ਜਿਸਨੇ ਔਂਦਿਆਂ ਹੀ ਅਪਣਾਂ ਖਾਨ ਪਾਨ ਘਰਦਿਆਂ ਨਾਲੋਂ ਵੱਖਰਾ ਕਰ ਲਿਆ। ਉਸਨੂੰ ਘਰਵਾਲਿਆ ਨੇ ਬੜਾ ਤੰਗ ਕੀਤਾ। ਬਾਹਰ ਵੀ ਲੋਕ ਕਈ ਤ੍ਰਾਂ ਦੀਆਂ ਗਲਾਂ ਕਰਨ। ਉਹ ਸਿੱਖ ਤੰਗ ਆਕੇ ਬਾਹਰ ਗੋਬਿੰਦ ਲੋਕਾਂ ਕੋਲ ਉਨ੍ਹਾਂ ਦੀ ਕਟੀਆ ਵਿਚ ਚਲਾ ਗਿਆ। ਆਪਨੇ ਕਿਹਾ ਗੋਬਿੰਦ ਜੀ ਮੈਨੂੰ ਤਾਂ ਘਰੋ ਬਾਹਰੋ ਧੱਕੇ ਹੀ ਮਿਲਨ ਲਗ ਗਏ ਹਨ, ਦੱਸੋ ਮੈਂ ਕੀ ਕਰਾਂ? ਬਾਬਾ ਜੀਨੇ ਕਿਹਾ, ਫਿਕਰ ਨਾਂ ਕਰ! ਭਗਤਾਂ ਨਾਲ ਮੁੱਢੋਂ ਹੀ ਹੁੰਦੀ ਆਈ ਹੈ। ਕਬੀਰ ਦੀ ਮਾਂ ਦਾ ਪਤਾ ਹੈ ਕਿ ਨਹੀਂ? ਕਹਿੰਦੀ ਸੀ, ਮੇਰਾ ਪੋਚਾ ਫੇਰਦੀ ਫੇਰ ਦੀ ਦਾ ਜੀ ਸੜ ਗਿਆ ਹੈ-'ਨਿਤ ਉਠ ਕੋਰੀ ਗਾਗਰ ਆਨੈ ਲੀਪਤ ਜੀਉ ਗਇਓ ਤਾਨਾ ਬਾਨਾ ਕਛੂ ਨਸੂਝੈ ਹਰਿ ਹਰਿ ਰਸ ਲਪਟਿਓ" ਤੇ ਫੇਰ ਆਖਿਆ ਸੀ ਕਿ-"ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖ ਨ ਭਇਓ।" ਉਪ੍ਰੰਤ ਬਾਬਾ ਜੀ ਨੇ ਪੁੱਛਿਆ ਦੱਸਖਾਂ ਭਲਾ ਤੇਰੇ ਕੰਨ ਵਿਚ ਭਜਨ ਕੀ ਦੱਸਿਆ ਸਾਨੇ? ਉਸਨੇ ਕਿਹਾ ਮੈਨੂੰ ਦੱਸਣ ਦਾ ਹੁਕਮ ਨਹੀਂ। ਜੇ ਆਪਨੇ ਪੁਛਣਾਂ ਹੈ, ਤਾਂ ਫੱਗਣ ਦੀ ੧੨ ਨੂੰ ਰਣੀਕਿਆਂ ਵਿਚ ਸਾਧ ਸੰਗਤ ਦਾ ਮੇਲਾ ਹੋਣਾ ਹੈ, ਜਿਥੇ ਸਤਿਗੁਰਾਂ ਦੇ ਸੂਬੇ ਸ੍ਰੀਮਾਨ ਬਾਬਾ ਬ੍ਰਹਮਾ ਸਿੰਘ ਜੀ ਨੇ ਵੀ ਦਰਸ਼ਨ ਦੇਣਾ ਹੈ, ਤੁਸੀਂ ਉਸ ਮੇਲੇ ਤੇ ਚਲਕੇ ਨਾਲੇ ਸਾਧ ਸੰਗਤ ਦਾ ਦਰਸ਼ਨ ਕਰਨਾਂ, ਤੇ ਨਾਲੇ ਭਜਨ ਪੁੱਛ ਲੈਣਾਂ।

## ( ੪ )

ਰਣੀਕਿਆਂ ਵਿਚ ਸਾਧ ਸੰਗਤ ਦੀ ਗੁਲਜ਼ਾਰ ਖਿੜੀ ਹੋਈ ਹੈ। ਦਰਸ਼ਕ ਤੇ ਰਸਕ ਭੌਰੇ ਗੁਰ ਸਿੱਖ ਰੂਪ ਕਲੀਆਂ ਦੇ ਇਰਦ ਗਿਰਦ ਗੂੰਜਦੇ ਹਨ। ਲੰਗਰ ਲਗਾ ਹੋਯਾ ਹੈ, ਜਿਸ ਵਿਚੋਂ ਹਰ ਇਕ ਨੂੰ ਬੜੇ ਪ੍ਰੇਮ ਨਾਲ ਪ੍ਰਸ਼ਾਦ ਛਕਾਇਆ ਜਾਂਦਾ ਹੈ। ਰਾਗੀਆਂ ਦਾ ਦੀਵਾਨ ਸਜ ਰਿਹਾ ਹੈ, ਜਿਸ ਵਿਚ ਹੋਰ ਸੰਗਤ ਦੇ ਸਮੇਤ ਇਕ ਦਿਵਜ ਜੋਤੀ ਮਹਾਂ ਪੁਰਖ ਉਨ੍ਹਾਂ ਦੇ ਆਸਣ ਤੇ ਬੈਠੇ ਹੋਏ ਉਨ ਦੀ ਮਾਲਾ ਫੇਰ ਰਹੇ ਹਨ। "ਇਹ ਬਾਬਾ ਬ੍ਰਹਮਾਂ ਸਿੰਘ ਜੀ ਹਨ" ਸਵੇਰੇ ਧਰਮ ਸਾਲਾ ਵਿਚ ਸੰਗਤ ਬੈਠੀ ਹੋਈ ਹੈ, ਜਿਥੇ ਕੋਇਲ ਜੈਸੀ ਸੁਰ ਵਾਲਾ ਇਕ ਨੌਜਵਾਨ ਪਰ ਸੰਤ ਸਰੂਪ ਸਿੱਖ ਬੈਠਾ ਪਾਠ ਕਰ ਰਿਹਾ ਹੈ। ਸ੍ਰੋਤੇ ਮੁਗਧ ਹੋ ਰਹੇ ਹਨ, ਹਰ ਇਕ ਦੇ ਮੂੰਹੋਂ ਵਾਹ ੨ ਨਿਕਲ ਰਹੀ ਹੈ, ਇਸ ਪਾਠੀ ਦੀ ਸਾਰੇ ਮੇਲੇ ਵਿਚ ਚਰਚਾ ਹੈ, ਏਥੋਂ ਤਕ ਕਿ ਬਾਬਾ ਬ੍ਰਹਮਾ ਸਿੰਘ ਜੀ ਦੇ ਕੰਨਾਂ ਤੱਕ ਵੀ ਅੱਪੜ ਜਾਂਦੀ ਹੈ।

ਦੂਜੇ ਦਿਨ ਜਦ ਦੀਵਾਨ ਦਾ ਭੋਗ ਪੈਣ ਲਗਦਾ ਹੈ, ਤਾਂ ਸ੍ਰੀ ਬਾਬਾ ਬ੍ਰਹਮਾਂ ਸਿੰਘ ਜੀ ਪੁਛਦੇ ਹਨ, ਭਾਈ ਕੱਲ ਵਾਲਾ ਪਾਠੀ ਸਿੰਘ ਕਿਥੇ ਹੈ? ਭਾਈ ਚੰਦਾ ਸਿੰਘ ਜੀ ਨੇ (ਜਿਨ੍ਹਾਂ ਦੇ ਘਰ ਮੇਲਾ ਸੀ) ਅਰਜ ਕੀਤੀ ਜੀ ਉਹ ਸਿੱਖ ਮਹਾਵੇਦਾ ਹੈ ਨਾਮ ਤਾਂ ਉਸਦਾ ਕੇਸਰ ਹੈ, ਪਰ ਲੋਕ ਉਸਨੂੰ ਗੋਬਿੰਦ ਲੋਕ ਕਹਿਕੇ ਬੁਲਾਂਦੇ ਹਨ, ਮਹਾਰਾਜ ਉਸਦਾ ਪਾਠ ਬੜਾ ਸੁੰਦਰ ਹੈ, ਬਾਬਾ ਜੀਨੇ ਕਿਹਾ, ਤਦੇ ਤਾਂ ਅਸਾਂ ਯਾਦ ਕੀਤਾ ਹੈ, ਭਾਈ ਹੁਣ ਉਹ ਕਿਥੇ ਹੈ? ਚੰਦਾ

ਸਿੰਘ ਜੀਨੇ ਕਿਹਾ ਜੀ ਪਤਾ ਲਗਾ ਹੈ, ਕਿ ਉਹ ਕਲ ਤਕਾਲੀਂ ਅਪਣੇਂ ਪਿੰਡ ਨੂੰ ਚਲਾ ਗਿਆ ਸੀ ॥

## ੫.

ਭੋਗ ਪਾਕੇ ਅਗਲੇ ਦਿਨ ਬਾਬਾ ਬ੍ਰਹਮਾਂ ਸਿੰਘ ਜੀ ਨੇ ਭੜਾਣੇਂ ਤੇ ਨਾਰਲੀ ਆਦਿਕ ਪਿੰਡਾਂ ਦਾ ਦੌਰਾ ਕਰਨ ਵਾਸਤੇ ਕਮਰਕੱਸੇ ਲਾਏ। ਮਹਾਵੇ ਤੇ ਰਣੀਕਿਆਂ ਦੇ ਰਸਤੇ ਵਿਚ ਇਕ ਖੂਹ ਤੇ ਇਸ਼ਨਾਨ ਕਰਨ ਵਾਸਤੇ ਅਟਕ ਗਏ। ਏਥੇ ਹੀ ਪਾਠੀ ਸਿੱਖ ਖਿਚਿਆ ਹੋਇਆ ਆ ਪੁਜਦਾ ਹੈ। ਬਾਬਾ ਜੀ ਪਛਾਣ ਲੈਂਦੇਂ ਹਨ, ਤੇ ਜਦ ਉਸ ਨੇ ਚਰਨੀਂ ਹਥ ਲਾਇਆ, ਬਾਬਾ ਬ੍ਰਹਮਾਂ ਸਿੰਘ ਜੀ ਨੇ ਕਿਹਾ ਭਾਈ ਸਿੱਖਾ!- "ਹਰਿ ਹਰਿ ਨਾਮ ਸੰਤਨ ਕੀ ਓਟਾ। ਜੋ ਸਿਮਰੈ ਤਿਸਕੀ ਗਤਿ ਹੋਵੈ ਉਧਰੈ ਸਗਲੇ ਕੋਟਾ।" ਬਾਬਾ ਜੀ ਨੇ ਬੇਨਤੀ ਕੀਤੀ ਸੱਚੇ ਪਾਤਸ਼ਾਹ! ਮੈਨੂੰ ਤਾਂ ਅੱਗੇ ਹੀ ਨਾਮ ਦੀ ਭੁਖ ਨੇ ਬਿਆਕੁਲ ਕਰ ਛੱਡਿਆ ਹੈ, ਇਸ ਲਈ-"ਦੇਹ ਨਾਮ ਸੰਤੋਖੀਆ ਉਤਰੈ ਮਨ ਕੀ ਭੁਖ" ਬਾਬਾ ਜੀ ਨੇ ਪਰਮ ਅਧਿਕਾਰੀ ਦੇਖਕੇ ਭਜਨ ਦੱਸ ਇਉਂ ਉਪਦੇਸ਼ ਕੀਤਾ:-

(ੳ) ਮਾਸ ਅਤੇ ਸ਼ਰਾਬ ਨਹੀਂ ਵਰਤਣਾਂ, (ਅ) ਬਿਗਾਨਾਂ ਹੱਕ ਨਹੀਂ ਖਾਣਾਂ, (ੲ) ਕਿਸੇ ਜੀਵ ਨੂੰ ਦੁਖ ਨਹੀਂ ਦੇਣਾਂ (ਸ) ਪ੍ਰਾਣੀ ਮਾਤ੍ਰ ਦਾ ਭਲਾ ਲੋੜਨਾ (ਹ) ਲੰਗਰ ਲਈ ਪਾਣੀਂ ਆਪ ਭਰਨਾਂ, (ਕ) ਸਵਾ ਪਹਿਰ ਰਾਤ ਰਹਿੰਦੀ ਸਣ ਕੇਸੀਂ ਇਸ਼ਨਾਨ ਕਰਨਾਂ, (ਖ) ਨਾਮ ਦਾ ਅਭਿਆਸ ਕਰਨਾਂ, (ਗ) ਸਾਧ ਸੰਗਤ ਦੀ ਸੇਵਾ ਕਰਨੀ, (ਘ) ਚੋਰੀ ਯਾਰੀ ਤੇ ਨਿੰਦਾ ਚੁਗਲੀ ਤੋਂ ਬਚਣਾਂ। ਤੇ (ਙ) ਸਤਿਗੁਰ ਸਚੇਪਾਤਿਸ਼ਾਹ ਤੋਂ ਮੋਹਰ ਛਾਪ ਵੀ ਲਵਾ ਲੈਣੀਂ. ਜਿਸਦਾ ਭਾਵ ਏਹ ਹੈ. ਕਿ ਮੈਂ ਆਪ ਦਾ ਭਜਨ ਪੁਛਕੇ ਆਪਦਾ ਹੋ ਚੁਕਿਆ ਹਾਂ, ਮੈਨੂੰ ਆਪਣਾਂ ਜਾਨਣਾਂ।

## ੬.

ਠਟਾ ਇਕ ਛੋਟਾ ਜਿਹਾ ਪਿੰਡ ਲੋਪੋਕਿਆਂ ਦੇ ਪਾਸ ਹੈ, ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦੀਵਾਨ ਸਜਿਆ ਹੋਇਆ ਹੈ। ਰਣੀ-ਕਿਆਂ ਵਾਲਾਸੰਤ ਚੰਦਾ ਸਿੰਘ ਏਥੇ ਸਹੁਰੇ ਘਰ ਆ ਰਿਹਾ ਸੀ। ਬਾਬਾ ਜੀ ਨੇ ਉਨ੍ਹਾਂ ਨੂੰ ਕਿਹਾ ਮੈਨੂੰ ਮੋਹਰ ਛਾਪ ਲੁਆਦੇ। ਚੰਦਾ ਸਿੰਘ ਜੀ ਨੇ ਸਤਿਗੁਰਾਂ ਦੇ ਪੇਸ਼ ਕੀਤਾ। ਸਤਿਗੁਰਾਂ ਪੁਛਿਆ ਸਿੱਖਾ ਭਜਨ ਪੁਛ ਲਿਆ ਹੈ ਨਾਂ? ਬਾਬਾ ਜੀ ਨੇ ਕਿਹਾ ਦੀਨ ਦਿਆਲ! ਭਜਨ ਤਾਂ ਪੁਛ ਲਿਆ ਹੈ, ਹੁਣ ਸਿਰਫ ਮੋਹਰ ਛਾਪ ਲੁਔਣ ਦੀ ਕਸਰ ਹੈ। ਠਾਕੁਰ ਜੀ ਦਸਦੇ ਹੁੰਦੇ ਸਨ, ਕਿ ਸਤਿਗੁਰ ਸਚੇ ਪਾਤਿਸ਼ਾਹ ਨੇ ਮੇਰੇ ਮਸਤਕ ਤੇ ਹਥ ਧਰਕੇ ਮੈਨੂੰ ਸਬਦ ਦਸਿਆ। ਤਿੰਨ ਵਾਰ ਕਹਿਣ ਦਾ ਤਾਂ ਮੈਨੂੰ ਪਤਾ ਹੈ, ਫੇਰ ਮੈਨੂੰ ਕੋਈ ਪਤਾ ਨਹੀਂ ਰਿਹਾ, ਕਿਉਂਕਿ ਮੈਂ ਬੇ ਸੁਧ ਹੋ ਗਿਆ ਸਾਂ। ਕਿਨਾਂ ਚਿਰ ਪਿਛੋਂ ਮੈਨੂੰ ਐਉਂ ਭਾਸਿਆ ਕਿ ਸਤਿਗੁਰ ਮੇਰਾ ਕੰਡ ਤੇ ਹਥ ਫੇਰ ਰਹੇ ਹਨ।

ਹੁਣ ਸਤਿਗੁਰਾਂ ਨੇ ਬਾਬਾ ਜੀ ਨੂੰ ਕਿਹਾਸਿਖਾ ਦਾਤਣ ਜਰੂਰ ਕਰਿਆ ਕਰ, ਦਾਤਣ ਦਾ ਪਾਪ ਤੈਨੂੰ ਮਾਰ ਨਹੀਂ ਲੈਂਦਾ। ਉਪਰੰਤ ਸੰਗਤ ਨੂੰ ਕਿਹਾ ਭਾਈ ਸਿਖ ਐਨਤ੍ਰਾਂ ਦਾ ਹੋਣਾ ਚਾਹੀਦਾ ਹੈ, ਵੇਖੋ ਇਹ ਹਿੰਸਾ ਦੇ ਵਿਚਾਰ ਨਾਲ ਦਾਤਣ ਦੀ ਥਾਂ ਸੁਕਾ ਡੱਕਾ ਮੂੰਹ ਵਿਚ ਫੇਰਦਾ ਹੈ। ਏਸਦੇ ਦਿਲ ਵਿਚ ਏਹ ਭਾਵ ਹੈ, ਕਿ ਗਿੱਲੀ ਦਾਤਣ

ਵਢਣ ਨਾਲ ਜੀ ਹਿੰਸਾ ਹੁੰਦੀ ਹੈ। ਠਾਕੁਰ ਜੀ ਦੀ ਏਸ ਗੱਲ ਦਾ ਠਾਕਰਾਂ ਤੋਂ ਬਿਨਾਂ ਕਿਸੇ ਨੂੰ ਵੀ ਪਤਾ ਨਹੀਂ ਸੀ।

੭.

ਗੁਰੂ ਦਰਸ਼ਨ ਤੇ ਮੋਹਰ ਛਾਪ ਲੁਆਣ ਪਸਚਾਤ ਠਾਕੁਰ ਜੀ ਨੇ ਪਿੰਡ ਜਾਕੇ ਬੜੀ ਕਰੜੀ ਤਪੱਸਿਆ ਕੀਤੀ। ੪੦ ਪਾਠ ਜਪੁਜੀ ਸਾਹਿਬ ਦੇ ਕਰਨੇ, ਨਾਮ ਅਭਯਾਸ ਕਰਨਾਂ, ਸੰਗਤ ਦੀ ਸੇਵਾ ਕਰਨੀਂ, ਹਰ ਰੋਜ ਪਿਛਲੇ ਪਹਿਰ ਕਥਾ ਕਰਨੀ। ਏਹ ਆਪਦਾ ਨਿਤਨੇਮ ਸੀ।

ਆਪ ਬੜੇ ਪ੍ਰੇਮ ਨਾਲ ਲੋਕਾਂ ਦੇ ਪਾਠ ਕਰਦੇ ਸਨ, ਪਰ ਪੂਜਾ ਨਹੀ ਲੈਂਦੇ ਸਨ। ਅਠੀਂ ਪਹਿਰੀਂ ਇਕਲੇ ਹੀ ਅਖੰਡ ਪਾਠ (ਇਕੇ ਚੌਂਕੜੇ) ਕਰ ਲੈਂਦੇ ਸਨ।

**ਖੁਰਾਕ**-ਏਨੀਂ ਖੇਚਲ ਕਰਦਿਆਂ ਹੋਇਆਂ ਵੀ ਆਪਦੀ ਖੁਰਾਕ ਇਹ ਸੀ। ਗੰਢੇ ਨਾਲ ਪ੍ਰਸਾਦਾ ਰੁਖਾ ਮਿੱਸਾ ਜਿਸਨੂੰ ਦਾ ਮਿਲ ਜਾਏ ਅੰਮ੍ਰਿਤ ਕਹਿਕੇ ਛਕ ਲੈਣਾਂ, ਤੇ ਕਾਲੀਆਂ ਮਿਰਚਾਂ ਘੋਟਕੇ ਵਿਚ ਗੁੜ ਦਾ ਮਿਠਾ ਪਾ ਸ਼ੁਦਾਈ ਛਕਣੀ। ਸਭ ਤੋਂ ਪਹਿਲੋਂ ਸ੍ਰਦਾਰ ਕਰਮ ਸਿੰਘ, ਖੁਸ਼ਾਲ ਸਿੰਘ, ਸੰਤਾ ਸਿੰਘ ਤੇ ਸ਼ਾਹ ਗੁਪਾਲ ਸਿੰਘ ਲੋਸ਼ਟੇ ਵਾਲੇ ਏਨ੍ਹਾਂ ਦੀ ਸ਼ਰਨ ਆਏ। ਆਪ ਦੇ ਉਸ ਵੇਲੇ ਦੇ ਹੋਰ ਸੇਵਕਾਂ ਵਿਚੋਂ ਮਦਾਰ ਵਾਲੇ ਸੰਤ ਰਿਖੀ ਸਿੰਘ ਜੀ ਅਤੇ ਰਾਮਪੁਰਿਏ ਸ੍ਰਦਾਰ ਉਸ਼ਨਾਕ ਸਿੰਘ ਜੀ ਪ੍ਰਸਿਧ ਸਨ।

## ਕੇਸਰ ਵਿਚ ਅਕਾਲ ਪੁਰਖ

ਏਨ੍ਹਾਂ ਹੀ ਦਿਨਾਂ ਵਿਚ ਸ੍ਰੀ ਮਾਨ ਬਾਬਾ ਬੁੱਢਾ ਸਿੰਘ ਜੀ ਵਾਂ ਵਾਲਿਆਂ ਨੇ ਹੋਕਾ ਦਿਤਾ, ਕਿ ਕੇਸਰ ਵਿੱਚ ਅਕਾਲ ਪੁਰਖ ਪ੍ਰਗਟ ਹੋਇਆ ਹੈ।

੮.

**ਜਲਵੇ**-ਪੰਜਾਹ ਸਾਲ ਦੀ ਉਮਰ ਵਿਚ ਆਪਨੇ ਅੰਨ ਵੀ ਤਿਆਗ ਦਿੱਤਾ, ਹਰ ਸੰਗ੍ਰਾਂਦ, ਪੁੰਨਿਆਂ ਮੱਸਿਆ, ਤੇ ਹਰ ਐਤਵਾਰ ਨੂੰ ਸੂਰਜ ਚੜ੍ਹਦਿਆਂ ਸਾਰ ਹੀ ਜੋਤ ਜਗਾਕੇ, ਧੂਪ ਧੁਖਾਕੇ, ਕੁੰਭ ਰਖਕੇ ਤੇ ਬੂਹੇ ਵਿਚ ਪਹਿਰੂ ਬਿਠਾਕੇ ਬੰਦਗੀ ਕਰਨੀ, ਫੇਰ ਤਾਂ ਜਲਵੇ ਤੇ ਚਮਤਕਾਰ ਭਾਸਣ ਲਗੇ, ਅਤੇ ਸਾਖਯਾਤ ਦਰਸ਼ਨ ਦੇ ਇਕਰਾਰ ਹੋਣ ਲਗੇ, ਚਾਰ ਸਾਲ ਏਸੇ ਰੰਗ ਵਿਚ ਗੁਜ਼ਰੇ ਹੁਣ ਆਪਦਾ ਰੰਗ ਪੀਲਾ ਹੋ ਗਿਆ। ਅਰਕਾਂ ਤਕ ਬਾਹਾਂ ਤੇ ਗੋਡਿਆਂ ਤਕ ਲੱਤਾਂ ਮੁਰਦਿਆਂ ਸਮਾਨ ਹੋ ਗਈਆਂ ਆਪ ਵੈਰਾਗ ਵਿਚ ਹੋ ਕੇ ਆਖਿਆ ਕਰਨ, ਕਿ ਸਾਖਯਾਤ ਦਰਸ਼ਨ ਤੇ ਨਹੀਂ ਹੋਇਆ, ਪਰ ਮਨ ਤਾਂ ਕਾਬੂ ਆ ਹੀ ਗਿਆ ਹੈ।

**ਭਜਨ ਦਾ ਦਰਸਨ**-ਸੰਮਤ ੧੯੫੪ ਸ਼ੁਰੂ ਅਰਥਾਤ ੧ ਚੇਤ੍ਰ ਨੂੰ ਭਾਈ ਉਸ਼ਨਾਕ ਸਿੰਘ ਆ ਗਿਆ। ਪਿਛਲੀ ਰਾਤੇ ਭਾਈ ਜੀ ਨੂੰ ਹੁਕਮ ਦਿਤਾ, ਕਿ ਧੂਪ ਦੀਪ ਕੁੰਭ ਸਭ ਤਿਆਰ ਕਰੋ। ਆਪ ਬਾਹਰ ਇਸ਼ਨਾਨ ਪਾਣੀ ਕਰਨ ਚਲੇ ਗਏ। ਸੂਰਜ ਦੀ ਟਿੱਕੀ ਨਿਕਲੀ ਤਾਂ ਉਸ਼ਨਾਕ ਸਿੰਘ ਨੂੰ ਪਹਿਲੇ ਬਿਠਾਕੇ ਆਪ ਭਜਨ ਕਰਨ ਬੈਠ ਗਏ। ਬਚਨ ਕੀਤਾ ਕਰਦੇ ਸਨ, ਕਿ ਉਸ ਦਿਨ ਸਾਨੂੰ ਅਜੇਹਾ ਡਰ ਆਇਆ, ਕਿ ਕੁਛ ਪੁਛੋ ਹੀ ਨਾਂ, ਪਰ ਅਸਾਂ ਨਿਸਚਾ ਕਰ ਲਿਆ. ਕਿ ਸਰੀਰ ਤਾਂ ਭਾਵੇਂ ਲਗ ਜਾਵੇ, ਪੈਰ੍ਹ ਪਿੱਛੇ ਨਹੀਂ ਹਟਣਾਂ। ਦ੍ਰਿੜ੍ਹਤਾ ਨਾਲ ਬੈਠੇ ਰਹੇ। ਸਜੇ ਹਥ ਵਿਚ ਮਾਲਾ, ਸਾਹ-

ਮਣੇ ਜੋਤ, ਇਕ ਬੰਨੇ ਧੂਪ, ਦੂਜੇ ਬੰਨੇਂ ਜਲ ਦਾ ਗੜਵਾ ਰਖਕੇ ਅਭਯਾਸ ਕਰ ਰਹੇ ਸਨ, ਅਚਾਨਕ ਹੀ ਏਹ ਜਲਵਾ ਹੋਇਆ ਕਿ ਭਜਨ ਦੀ ਪਹਿਲੀ ਮਾਤ੍ਰਾ ਉਚਾਰਨ ਕਰ-ਦਿਆਂ ਹੀ ਪਹਿਲਾ ਅਖਰ, ਜਿਸਦਾ ਰੰਗ ਅਗਨੀ ਨਾਲ ਸੁਧ ਹੋਏ ਸੋਨੇ ਦੇ ਸਮਾਨ ਹੈ, ਮੂੰਹ ਬਾਣੀ ਅੰਦਰ ਪ੍ਰਵੇਸ਼ ਕਰ ਗਿਆ। ਏਸੇ ਤ੍ਰਾਂ ਦੂਜਾ ਤੇ ਫੇਰ ਤੀਜਾ ਪ੍ਰਵਿਸ਼ਟ ਹੋਇਆ ਚੌਥੀ ਮਾਤ੍ਰਾ ਉਚਾਰਣੀ ਹੀ ਨਹੀਂ ਮਿਲੀ ਕਿ ਇਕ ਦਮ ਓਥੇ ਜਾ ਪੁਜੇ, ਜਿਥੇ ਯੋਗੀਆਂ ਦੀ ਪਹੁੰਚ ਲਿਖੀ ਹੈ, ਬਲਮੀਕ ਆਦਿ ਰਿਸ਼ੀਆਂ ਨੇ ਨਿਰੂਪਣ ਕੀਤਾ ਹੈ, ਕਿ ਉਪਾਸ਼ਕ ਦੀ ਉਪਾਸ਼ਨਾਂ ਤਦੇ ਪੂਰੀ ਮੰਜ਼ਲ ਤੇ ਪਹੁੰਚਦੀ ਹੈ, ਜਦੋਂ ਉਸਦਾ ਮੁਖ ਮੰਡਲ ਅਜੇਹਾ ਦਿਪਤ ਹੋ ਜਾਵੇ, ਜੇਹਾ ਕਿ ਹਾੜ ਦੇ ਮਹੀਨੇ ਦੁਪਹਿਰ ਵੇਲੇ ਸੂਰਜ ਦਾ ਤੇਜ ਹੁੰਦਾ ਹੈ। ਪਹਿਰੇ ਵਾਲੇ ਨੂੰ ਜਦ ਇਸ ਪ੍ਰਕਾਸ਼ਮਾਨ ਮੂਰਤੀ ਦਾ ਦਰਸ਼ਨ ਹੋਇਆ, ਤਤਛਿਨ ਬੇਸੁੱਧ ਹੋਕੇ ਧਰਤੀ ਤੇ ਡਿਗ ਪਿਆ। ਠਾਕਰਾਂ ਨੂੰ ਇਉਂ ਭਾਸਿਆ ਜਿਵੇਂ ਜਲ ਦੇ ਗੜਵੇ ਨੂੰ ਸਫ਼ੈਦ ਕੂਕਰ ਲੱਕ ਰਿਹਾ ਹੈ, ਪਹਿਰੂ ਦੀ ਗ਼ਫਲਤ ਸਮਝਕੇ ਨੇਤ੍ਰ ਉਘਾੜੇ ਕੂਕਰ ਤਾਂ ਨਜ਼ਰ ਨਾ ਆਇਆ, ਪਰ ਜਦ ਉਸ਼ਨਾਕ ਸਿੰਘ ਵਲ ਤਕਿਆ ਤਾਂ ਉਸਦਾ ਮੂੰਹ ਖੁਲ੍ਹਾ ਏ ਤੇ ਅਖਾਂ ਮ੍ਰਿਤਕ ਵਾਕਰ ਤਾੜੇ ਲਗੀਆਂ ਹੋਈਆਂ ਹਨ, ਠਾਕੁਰ ਜੀ ਨੇ ਚਰਨ ਲਾਏ ਤਾਂ ਉਸ਼ਨਾਕ ਸਿੰਘ ਹੋਸ਼ ਵਿਚ ਆਇਆ, ਉਸ ਵੇਲੇ ਉਸਦੇ ਮੂੰਹ ਵਿਚੋਂ ਰਾ–ਰਾ ਰਾ-ਦਾ ਪ੍ਰਕਾਸ਼ ਹੋਇਆ, ਫੇਰ ਉਸਦੇ ਨਾਲ ਹੀ ਠਾਕੁਰ ਜੀ ਵੀ ਰਾਰਾ ਰਾਰਾ ਰਾਰਾ ਕਰਦੇ ਹੋਏ ਜੋਤ ਦੇ ਦੁਆਲੇ ਦੁਆਲੇ ਪ੍ਰਕਰਮਾਂ ਕਰਦੇ ਨੱਸੇ ਫਿਰਨ। ਰੌਲਾ ਸੁਣਕੇ ਨੱਗਰ ਦੇ ਲੋਕ ਇਕੱਠੇ ਹੋਗਏ, ਜੋਤ ਦਾ ਘਿਉ ਮੁਕ ਜਾਣ ਤੇ ਬੀਬੀ ਜੀ ਨੇ ਪਾ ਦਿਤਾ ਤੇ ਠਾਕਰ ਜੀ ਮਹਾਰਾਜ ੧੮ ਦਿਨ ਏਸੇ ਕਾਰ ਵਿਚ ਮਸਤਾਨੇ ਰਹੇ।

## ਠਾਕਰ ਸੰਗਜ਼ਾ

ਅਠਾਰਾਂ ਦਿਨਾਂ ਪਿਛੋਂ ਬਾਹਰ ਆਏ। ਸੰਗਤਾਂ ਦੀ ਭੀੜ ਲਗ ਗਈ। ਬੜਾ ਭਾਰਾ ਜੋੜ ਮੇਲਾ ਹੋਇਆ, ਯੱਗ ਕੀਤਾ ਅਤੇ ਆਪ ਜੀਦਾ ਇਸ ਵਕਤ ਤੋਂ 'ਠਾਕਰ' ਨਾਮ ਪ੍ਰਸਿਧ ਹੋਇਆ। ਹੁਣ ਠਾਕਰ ਜੀਕਈ ਵਾਰ ਤਾਂਕਈ ਕਈ ਦਿਨ ਰਾਰਾ ਰਾਰਾ ਹੀ ਕਰਦੇ ਰਹਿਣ ਤੇ ਕਈ ਵਾਰ ਏਹ ਦੌਰ ਸ਼ੁਰੂ ਹੋ ਜਾਏ-ਵਾਹਗੁਰੂ ਕੇਸਰ-ਕੇਸਰ ਵਾਹਗੁਰੂ। ਵਾਹਗੁਰੂ ਵਿਚ ਕੇਸਰ ਆਇਆ, ਕੇਸਰ ਵਿਚ ਵਾਹਗੁਰੂ ਆਇਆ। ਕੇਸਰ ਵਾਹਗੁਰੂ,ਵਾਹਗੁਰੂ ਕੇਸਰ ਕੇਸਰ ਵਾਹਗੁਰੂ। ਵਾਹਗੁਰੂ ਕੇਸਰ।

## ੮. ਮੈਂ ਅੱਲਾ

ਇਕ ਵਾਰ ਆਪ ਲਾਹੌਰ ਦੀ ਬਾਦਸ਼ਾਹੀ ਮਸੀਤ ਵਿਚ ਏਸੇ ਮਸਤਾਨੀ ਦਸ਼ਾ ਵਿਚ ਚਲੇ ਗਏ। ਉਸ ਵੇਲੇ ਅੰਦਰੋਂ ਬੋਲਾ ਇਹ ਹੋ ਰਿਹਾ ਸੀ- ਮੈਂ ਅਲਾ, ਮੈਂ ਅਲਾ, ਮੈਂ ਅਲਾ, ਮੈਂ ਅਲਾ। ਅੱਲਾ ਅੱਲਾ ਅੱਲਾ ਅੱਲਾ। ਸਭ ਮੁਸਲਮਾਨ ਕੱਠੇ ਹੋ ਗਏ। ਬੜੇ ਬੜੇ ਆਲਿਮ ਤੇ ਮੌਲਵੀ ਜੁੜ ਗਏ। ਇਮਾਮ ਮਸਜਦ ਨੂੰ ਵੀ ਸਦਿਆ ਗਿਆ। ਜਿਸ ਵੇਲੇ ਸਭ ਇਕੱਠੇ ਹੋਏ ਤੇ ਬਾਬੇ ਦੀ ਸ਼ਕਲ ਨੂਰਾਨੀ ਵੇਖਕੇ ਸਭ ਦੇ ਸਿਰ ਅਦਬ ਨਾਲ ਝੁਕ ਗਏ। ਹੁਣ ਆਪਨੇ ਏਹ ਮੁਹਾਰਨੀ ਸ਼ੁਰੂ ਕੀਤੀ– "ਅਲਾ ਆਇਆ, ਮੁਹੰਮਦ ਆਇਆ, ਕਲਮਾ ਆਇਆ, ਈਸਾ ਆਇਆ, ਮੂਸਾ ਆਇਆ ਰਾਮਾ ਆਇਆ, ਕ੍ਰਿਸ਼ਨਾ ਆਇਆ, ਨਾਨਕ ਆਇਆ। ਆਇਆ ਆਇਆ ਆਇਆ

ਆਇਆ, ਅਲਾ ਆਯਾ, ਅਲਾ ਆਯਾ। ਮੈਂ ਅੱਲਾ ਮੈਂ ਵਾਹਗੁਰੂ। ਅੱਲਾ ਦੀ ਕਾਰ, ਅੱਲਾ ਦੀ ਵਿਹਾਰ। ਮੇਰੇ ਵਿਚ ਅੱਲਾ, ਅਲਾ ਵਿਚ ਮੈਂ। ਅੱਲਾ ਮੈਂ, ਅੱਲਾ ਮੈਂ, ਅੱਲਾ ਮੈਂ ਕਿਨਾਂ ਚਿਰ ਠਾਕੁਰ ਜੀ ਮਸਤੀ ਵਿਚ ਬੋਲੇ ਬੋਲਦੇ ਰਹੇ, ਪਰ ਕੋਈ ਕੁਸਕਦਾ ਤਕ ਨਹੀਂ ਸੀ। ਕੋਈ ਕਹੇ ਏਹ ਹਜ਼ਰਤ ਮਨਸੂਰ ਰਹਿਮ-ਤੁਲਅਲੈਹਿ ਆ ਗਏ ਹਨ, ਕੋਈ ਕਹੇ ਏਹ ਪੂਰੇ ਆਰਿਫ ਹਨ, ਕੋਈ ਕਹੇ ਕਾਮਲ ਫਕੀਰ ਹੈਨ। ਗੱਲ ਕੀ ਸਭ ਨੇ ਸਲਾਮ ਕੀਤਾ, ਤੇ ਠਾਕਰ ਜੀ ਆਪਣੀ ਕਾਰ ਵਰਤਾ ਕੇ ਜਾਂਦੇ ਬਣੇਂ।

## (੯) ਕੇਸਰ ਕਿੱਲੀ

ਇੱਕ ਵਾਰ ਆਪਨੇ ਕਈ ਦਿਨਾਂ ਤੱਕ ਏਹ ਬੋਲਾ ਸ਼ੁਰੂ ਰਖਿਅ। ਕਿੱਲੀ ਕਿੱਲੀ ਕਿੱਲੀ ਕਿੱਲੀ ਕਿੱਲੀ ਕਿੱਲੀ ਏਸ ਤਰਾਂ ਕਹਿੰਦੇ ਹੋਏ ਦੀਵਾਨਾਂ ਵਿਚ ਦੌੜੇ ਫਿਰਨ। ਇੱਕ ਥਾਂ ਸਿੱਖਾਂ ਨੇ ਪੁਛਿਆ ਠਾਕਰ-ਜੀ ਸਾਨੂੰ ਕੋਈ ਸਮਝ ਨਹੀਂ ਆਉਂਦੀ, ਕਿ ਆਪ ਕੀ ਆਖਦੇ ਹੋ, ਠਾਕਰਾਂ ਦਾ ਤਕੀਆ ਕਲਾਮ ਸੀ-"ਨਾਂਨਾਂ ਪੁਤ" ਏਥੋਂ ਬਚਨ ਸ਼ੁਰੂ ਕਰਦੇ ਸਨ। ਆਖਣ ਲਗੇ-"ਨਾਂ-ਨਾਂ, ਪੁਤ੍ਰ, ਏਹ ਕਲੁਜੁਗ ਹੈ। ਰਾਗ ਦ੍ਵੈਖ ਖਰਾਸ ਦੇ ਦੋ ਪੜ੍ਹਏ ਹੈਨ, ਤੇ ਕਿੱਲੀ ਹੈ ਸਾਧ ਸੰਗਤ। ਪੁਤ, ਜੇਹੜੇ ਦਾਣੇ ਕਿੱਲੀ ਨਾਲ ਨਹੀਂ ਲੱਗਦੇ ਉਹ ਪੀਸੇ ਜਾਂਦੇ ਹਨ। ਤੇ ਜੇੜੇ ਕਿੱਲੀ ਲਾਗੇ ਲੱਗ ਜਾਂਦੇ ਨੇ ਉਹ ਬਚ ਜਾਂਦੇ ਨੇ। ਪੁਤ-"ਦੋਇ ਪੁੜ ਚਕੀ ਜੋੜਕੇ ਪੀਸਣ ਆਇ ਬਹਿਠ" ਜੋ ਦਰ ਰਹੇ ਸੇ ਉਬਰੇ ਨਾਨਕ ਅਜਬ ਡਿਠ॥" "ਪੁਤ ਨਾਮ ਕਿੱਲੀ-ਸੰਗਤ ਕਿੱਲੀ ਕਿੱਲੀ ਕਿੱਲੀ ਕਿੱਲੀ ਕਿੱਲੀ ਕੂਕਦੇ ਫਿਰ ਦੌੜ ਗਏ। ਏਥੋਂ ਆਪ ਜੀ ਦਾ ਨਾਮ 'ਕੇਸਰ ਕਿੱਲੀ ਪ੍ਰਸਿਧ ਹੋ ਗਿਆ ਜਿਥੇ ਜਾਣ ਲੋਕ ਕਹਿਣ ਕੇਸਰ ਕਿੱਲੀ ਆ ਗਿਆ, ਕੇਸਰ ਕਿੱਲੀ ਆ ਗਿਆ।

## (੧੦) ਆਪਣੀ ਕਹਾਣੀ

ਮੇਰੇ ਪਹਿਲੇ ਖਯਾਲ ਓਨ੍ਹਾਂ ਸਿੱਖਾਂ ਵਰਗ ਹੀ ਸਨ, ਜੋ ਕਿ ਆਮ ਸਿੱਖਾਂ ਦੇ ਘਰ ਪੈਦਾ ਹੋਣ ਵਾਲੀ ਸੰਤਾਨ ਦੇ ਹੁੰਦੇ ਹਨ। ਮੈਂ ਆਪਣੇ ਆਪ ਨੂੰ ਸਿੰਘ ਸਭੀਆ ਮੰਨਦਾ ਸਾਂ, ਅਤੇ ਨਾਮਧਾਰੀਆਂ ਨੂੰ ਉਨ੍ਹਾਂ ਅੱਖਾਂ ਨਾਲ ਹੀ ਵੇਖਦਾ ਸਾਂ, ਜਿਨਾਂ ਨਾਲ ਸਿੰਘ ਸਭੀਏ ਨਾਮਧਾਰੀਆਂ ਨੂੰ ਵੇਖਦੇ ਹਨ। ਮੇਰੇ ਪਿਤਾ ਜੀ ਦਾ ਨਾਮ ਸੂ੍ਰ ਸੋਹਣ ਸਿੰਘ ਜੀ ਜਿਨ੍ਹਾਂ ਨੇ ਬਰਮਾਂ ਵਿਚ ੩੦ ਸਾਲ ਫਜੀ ਨੌਕਰੀ ਕੀਤੀ ਸੀ। ਆਪ ਫਸਟ ਗ੍ਰੇਡ ਜਮਾਂਦਾਰ ਸਨ, ਅਤੇ ਸੂਬੇਦਾਰੀ ਦਾ ਨੰਬਰ ਸੀ, ਪਰ ਭਾਗਾਂ ਦੀ ਗਲ, ਆਪ ਸ਼ਰਾਬ ਪੀਕੇ ਕਮਾਨ ਅਫਸਰ ਨਾਲ ਵਧ ਘਟ ਹੋ ਪਏ, ਜਿਸ ਦੋਸ਼ ਵਿਚ ਆਪ ਦਾ ਕੋਰਟ ਮਾਰਸ਼ਲ ਹੋ ਗਿਆ। (ਜਿਸ ਦਾ ਮਤਲਬ ਏਹ ਹੈ, ਕਿ ਆਪ ਦਾ ਕੇਸ ਫੌਜੀ ਅਦਾਲਤ ਦੇ ਸਪੁਰਦ ਕੀਤਾ ਗਿਆ) ਫੌਜੀ ਅਦਾਲਤ ਨੇ ਆਪ ਦਾ ਨਾਮ ਕੱਟ ਦਿਤਾ। ਇਹਨਾਂ ਦਿਨ ਵਿੱਚ ਮੈਂ ਵੀ ਆਪ ਦੇ ਪਾਸ ਫੌਜੀ ਸਿਪਾਹੀ ਸਾਂ ਅਤੇ ਦਫ੍ਤ੍ਰ ਵਿਚ ਬਤੌਰ ਕਲਰਕ ਦੇ ਕੰਮ ਕਰਦਾ ਸਾਂ। ਪਿਤਾ ਜੀ ਨੇ ਦਰਖਾਸਤ ਕਰਕੇ ਮੇਰਾ ਨਾਮ ਵੀ ਕਟਾ ਲਿਆ। ਏਹ ੧੯੧੪ ਈ: ਦੀ ਗੱਲ ਹੈ। ਪਿਤਾ ਜੀ ਨੇ ਪਿਨਸ਼ਨ ਵਾਸਤੇ ਰਹਿਮ ਦੀ ਦ੍ਰਖਾਸਤ ਕੀਤੀ ਪਰ ਉਹ ਮਨਜ਼ੂਰ ਨਾਂ ਹੋਈ। ਛੇਕੜ ਅਸੀਂ ਦੋਵੇਂ ਪਿਓ ਪੁਤ੍ਰ ਆਪਣੇ ਪਿੰਡ (ਲੋਪੋਕੀ ਜ਼ਿਲਾ ਅੰਮ੍ਰਿਤਸਰ ਵਿਚ ਆਪਣੇ

ਘਰ) ਆ ਗਏ।

ਮੇਰੇ ਭਾਈ ਧਿਆਨ ਸਿੰਘ ਦੇ ਘਰ ਲੜਕਾ (ਜਰਨੈਲ ਸਿੰਘ) ਪੈਦਾ ਹੋਇਆ ਜਿਸ ਦੇ ਪਾਠ ਦਾ ਭੋਗ ਪੈਣ ਦੇ ਸਮੇਂ ਮੇਰੇ ਮਾਤਾ (ਸ੍ਰੀ ਇੰਦ ਕੌਰ ਜੀ) ਨੇ ਮੈਨੂੰ ਆਗਿਜਾ ਕੀਤੀ,-'ਪੁਤ, ਪਿੰਡ ਤੋਂ ਦੂਜੇ ਬੰਨੇ ਭਾਈ ਸੁੰਦ੍ਰ ਸਿੰਘ ਕਾਰੀਗਰ ਦੇ ਕਾਰਖਾਨੇ ਬਾਬਾ ਕੇਸਰ ਜੀ ਮਹਾਵੇ ਵਾਲੇ ਆਏ ਹੋਏ ਹਨ, ਤੇ ਚੇਲੇ ਕਿਆਂ ਵਾਲੇ ਮਹੰਤ ਬਿਸ਼ਨ ਸਿੰਘ ਜੀ ਵੀ ਨਾਲ ਹਨ। ਉਹਨਾਂ ਨੂੰ ਜਾਕੇ ਅਰਜ ਕਰਕੇ ਲੈ ਆ, ਮੈਂ ਗੁਸਤਾਖੀ ਭਰੇ ਲਹਿਜੇ ਵਿੱਚ ਆਖਿਆ ਤੇ ਭਲਾ ਬੇਬੇ ਜੀ! ਮੈਂ ਕੂਕਿਆਂ ਨੂੰ ਕਿਉਂ ਸੱਦ ਲਿਆਵਾਂ? ਤੇ ਉਹ ਜੇੜਾ ਬਾਬਾ ਕੇਸਰ ਹੈ, ਉਹ ਤਾਂ ਕਮਲਾ ਜਿਹਾ ਸਾਧ ਹੈ। ਲੋਕੀਂ ਓਹਨੂੰ ਕੇਸਰ ਕਿੱਲੀ ਆਂਹਦੇ ਹੈਨ, ਸੁਖਾ ਪੀ ਛੱਡਦਾ ਹੈ ਤੇ ਪਿੰਡੋ ਪਿੰਡੀ ਭੌਂਦਾ ਫਿਰਦਾ ਹੈ। ਮੈਂ ਇੱਕ ਦਿਨ ਟਪਿਆਲੇ (ਲੋਪੋ ਕਿਆਂ ਦੇ ਕੋਲ ਇੱਕ ਛੋਟਾ ਜਿਹਾ ਪਿੰਡ ਹੈ) ਗਿਆ ਸਾਂ, ਓਥੇ ਕੂਕਿਆਂ ਦੇ ਦੀਵਾਨ ਵਿੱਚ ਮੈਂ ਬਾਬੇ ਨੂੰ ਵੀ ਵੇਖਿਆ ਸੀ, ਸਿਰ ਤੇ ਪੱਗ ਹੈ ਨਹੀਂ ਸੀ, ਕੇਸਾਂ ਦੀਆਂ ਛੋਟੀਆਂ ਛੋਟੀਆਂ ਬੌਰੀਆਂ ਸਨ। ਗਿਟਿਆਂ ਤਾਈਂ ਖੱਦਰ ਦਾ ਚੋਲਾ ਸੀ, ਤੇ ਦੀਵਾਨ ਵਿੱਚ ਖਲੋਕੇ ਕਮਲ ਛਾਣਨ ਡਿਹਾ ਹੋਇਆ ਸੀ। ਗੱਲਾਂ ਤੇ ਉਹ ਅਲਵੱਲਲੀਆਂ ਹੀ ਕਰਦਾ ਸੀ, ਪਰ ਲੋਕੀਂ ਬੜੇ ਧਿਆਨ ਨਾਲ ਉਹਦੇ ਮੂੰਹ ਵਲ ਤੱਕ ਰਹੇ ਸਨ। ਉਹ ਆਖਦਾ ਸੀ, ਮੂਸਾ ਆਇਆ, ਈਸਾ ਆਇਆ.........ਰਾਮ ਆਇਆ.......ਰਹੀਮ ਆਇਆ.........ਨਾਨਕ ਆਇਆ.......ਗੁਰੂ ਗੋਬਿੰਦ ਸਿੰਘ ਜੀ ਦਾ ਵੀ ਅੱਧਾ ਨਾਂ ਲੈਕੇ ਆਖਦਾ ਸੀ.........ਅ ਇਆ। ਕਦੇ ਕਦੇ ਅੱਲਾ ਅਲਾ ਕਰਨ ਲੱਗ ਪੈਂਦਾ ਸੀ। ਮੈਨੂੰ ਤਾਂ ਉਹ ਚੰਗਾ ਨਹੀਂ ਸੀ ਲਗਦਾ। ਮਾਤਾ ਜੀ! ਭਲਾ ਏਹੋ ਜਿਹੇ ਪਾਗਲਾਂ ਬਿਨਾਂ ਸਾਡਾ ਘਰ ਨਹੀਂ ਸੋਭਦਾ? ਜੇ ਤੁਸੀਂ ਆਖੋ ਤਾਂ ਮੈਂ ਸਾਰੇ ਪਿੰਡ ਨੂੰ ਇਕੱਠਾ ਕਰ ਲਿਔਂਦਾ ਹਾਂ ਪਰ ਕੂਕਿਆਂ ਨੂੰ ਮੈਂ ਨਹੀਂ ਜੇ ਸੱਦਣ ਜਾਣਾਂ। ਮੇਰੀ ਮਾਤਾ ਨੇ ਮੈਨੂੰ ਮਜਬੂਰ ਕੀਤਾ, ਜਿਸ ਕਰਕੇ ਮੈਨੂੰ ਜਾਣਾ ਪਿਆ। ਮੈਂ ਆਪਣੀ ਪਿਆਰੀ ਮਾਤਾ ਦਾ ਕਿਨਾਂ ਕੁ ਜੱਸ ਗਾਵਾਂ, ਜਿਸਨੇ ਮੈਨੂੰ ਬਦੋ ਬਦੀ ਸਾਧ ਸੰਗਤ ਵਲ ਤੋਰਿਆ?

## ੧੧.

ਭਾਈ ਸੁੰਦਰ ਸਿੰਘ ਜੀ ਸਾਡੇ ਨੱਗਰ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਇਕ ਪ੍ਰੇਮੀ ਗੁਰ ਸਿਖ ਸਨ। ਆਪਦੇ ਪਿਤਾ ਬਾਬਾ ਦੇਵਾ ਸਿੰਘ ਜੀ ਵੀ ਅਚਰਜ ਸਾਧੂ ਸਨ। ਏਹ ਖਾਨਦਾਨ ਲੋਪੋਕਿਆਂ ਵਿਚ ਨਾਮਧਾਰੀਆਂ ਦਾ ਆਦੀ ਪ੍ਰਵਾਰ ਸੀ। ਭਾਈ ਸੁੰਦਰ ਸਿੰਘ ਜੀ ਐਸੇ ਸਿਦਕੀ ਸਨ, ਕਿ ਪੰਜਾਂ ਛਿਆਂ ਸਾਲਾਂ ਦਾ ਪੁੱਤ ਰਾਤ ਨੂੰ ਚੜ੍ਹਾਈ ਕਰਗਿਆ, ਪਰਕਿਸੇਨੂੰਪਤਾਤਕਨਹੀਂਲਗਣਦਿਤਾ ਸਵੇਰੇ ਪਿੰਡ ਵਿਚ ਇਕ ਸਿੱਖ ਦੀ ਲੜਕੀ ਦਾ ਅਨੰਦ ਕਾਰਜ ਕਰਾਣਾ ਸੀ। ਆਪ ਢੋਲਕੀ ਬੜੀ ਸੁੰਦਰ ਵਜਾਂਦੇ ਹੁੰਦੇ ਸਨ। (ਆਪਦਾ ਇਕੋ ਹੀ ਪੁਤ੍ਰ ਕਰਤਾਰ ਸਿੰਘ ਹੈ, ਜੋ ਲਖ ਨਊ ਵਿਹਾਰ ਕਰਦਾ ਹੈ, ਤੇ ਢੋਲਕੀ ਸੋਹਣੀ ਵਜਾਂਦਾ ਹੈ) ਭਾਈ ਸੁੰਦਰ ਸਿੰਘ ਜੀ ਵਾਰਾਂ ਵੀ ਸੋਹਣਾਂ ਲਾਇਆ ਕਰਦੇ ਸਨ। ਆਪਨੇ ਅੰਮ੍ਰਿਤ ਵੇਲੇ ਮੋਏ ਹੋਏ ਪੁੱਤ ਨੂੰ ਘਰ ਛਡਕੇ ਅਨੰਦ ਕਾਰਜ ਦਾ ਕੰਮ ਭੁਗਤਾ

ਇਆ। ਭੋਗ ਪੈਣ ਤੋਂ ਪਿਛੋਂ ਹੱਥ ਜੋੜ ਕੇ ਅਰਜ ਕੀਤੀ ਸਾਧ ਸੰਗਤ ਜੀ! ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਬਖਸ਼ਿਆ ਹੋਇਆ ਭੁਜੰਗੀ ਓਨ੍ਹਾਂ ਦੇ ਚਰਨਾਂ ਵਿਚ ਪਹੁੰਚ ਗਿਆ ਹੈ, ਆਪ ਸਭ ਦਰਸਨ ਦੇਵੋ, ਤੇ ਉਸਦਾ ਸਸਕਾਰ ਕਰ ਆਵੀਏ। ਸਭ ਸੰਗਤ ਹੈਰਾਨ ਹੋ ਰਹੀ। ਸਭ ਆਖਣ ਭਾਈ ਧੰਨ ਸਿਖ ਦਾ ਜੇਰਾ ਹੈ, ਘਰ ਪੁਤ ਮੋਇਆ ਪਿਆ ਹੈ, ਤੇ ਆਪ ਅਨੰਦ ਕਰੌਂਦਾ ਫਿਰਦਾ ਹੈ, ਓਥੇ ਹੀ ਢੋਲਕੀ ਗਲ ਵਿਚ ਪਾ ਲਈ ਤੇ ਸਬਦ ਕੀਰਤਨ ਕਰਦੇ ਹੋਏ ਅਪਣੇ ਘਰ ਆਏ। ਲੜਕੇ ਦਾ ਪੂਰਨ ਗੁਰਮਤ ਅਨੁਸਾਰ ਦਾਹ ਸੰਸਕਾਰ ਕੀਤਾ। ਹੁਣ ਵੀ ਆਪਦੇ ਭਾਈ ਸਾਵਣ ਸਿੰਘ ਜੀ ਗੁਰੂ ਘਰ ਦੇ ਸ਼੍ਰਧਾਲੂ ਸੇਵਕਾਂ ਵਿਚੋਂ ਹਨ।

ਏਨਾਂ ਦੇ ਕਾਰਖਾਨੇ ਦੇ ਪਿਛਲੇ ਪਸਾਰ (ਸਬਾਤ) ਵਿਚ ਸੰਗਤ ਜੁੜੀ ਹੋਈ ਸੀ। ਬਾਬਾ ਕੇਸਰ ਜੀ ਮਹਾਰਾਜ ਮੰਜੇ ਤੇ ਸਰ੍ਹਾਣੇ ਵਲ ਬੈਠੇਹਏ ਸਨ, ਤੇ ਸ੍ਰੀਮਾਨ ਮਹੰਤਬਿਸ਼ਨ ਸਿੰਘ ਜੀ ਚੇਲੇਕਿਆਂ ਵਾਲੇ ਪਵਾਂਦੀ ਵਲ ਬੈਠੇ ਸਨ ਮੰਜੇ ਦੇ ਅਗੇ ਸਫਾਂ ਤੇ ਸਾਧ ਸੰਗਤ ਬੈਠੀ ਸੀ, ਜੋ ਕਿ ਠਾਕਰ ਜੀ ਦੇ ਬਚਨ ਬੜੀ ਸਰਧਾ ਨਾਲ ਸੁਣ ਰਹੀ ਸੀ. ਮੈ ਅਜੇ ਨਵਾਂ ਨਵਾਂ ਬਰੱਮਾਂ ਚੋਂ ਆਇਆ ਸਾਂ. ਚੀਨੀ ਅਲਪਾਕੇ ਦਾ ਕੋਟ, ਦੋਹਰੀ ਫਿਫਟੀ ਵਾਲੀ ਪਗ, ਲਕ ਪਜਾਮਾਂ ਚੂੜੀ ਦਾਰ, ਬੂਟ ਕੱਸੇ ਹੋਏ, ਤੇ ਹਥ ਵਿਚ ਚਾਂਦੀ ਦੇ ਸੰਮ ਵਾਲੀ ਸੋਟੀ, ਮੈਂ ਬੂਹੇ ਵਿਚ ਖਲੋਕੇ ਆਕੜ ਕੇ ਆਖਿਆ-"ਵਾਹਿਗੁਰੂ ਸਿੰਘ ਕਾ ਖਾਲਸਾ ਸ੍ਰੀ ਵਹਿਗੁਰੂ ਸਿੰਘ ਕੀ ਫਤੇ" ਏਸ ਸੰਤ ਮੰਡਲ ਵਿਚ ਏਸ ਤ੍ਰੀਕੇ ਦੀ ਫਤੇ ਅਸਚਰਜ ਦ੍ਰਿਸ਼ਟੀ ਨਾਲ ਤੱਕੀ ਗਈ, ਠਾਕਰ ਜੀ ਮਹਾਰਾਜ ਨੇ ਮੇਰੇ ਵਲ ਇਕ ਖਾਸ ਅੰਦਾਜ ਨਾਲ ਤੱਕਕੇ, ਇਕ ਖਾਸ ਹੀ ਲਹਿਜੇ ਵਿਚ ਬਚਨ ਕੀਤਾ '- ਆ ਪੁਤ੍ਰਆ ਗਿਆ ਏਂ?" ਆਪ ਦਾ ਏਹਪ੍ਰਸ਼ਨ ਕਿਸੇ ਕੋਮਲ ਭਾਵ ਦਾ ਨਮੂਨਾ. ਅਤੇ ਮੇਰੇ ਪਿਛਲੇ ਜੀਵਨ ਨੂੰ ਖਤਮ ਕਰਕੇ ਨਵੀਂ ਜਿੰਦਗੀ ਆਰੰਭ ਕਰਨ ਦਾ ਸ੍ਰੀ ਗਣੇਸ਼ ਸੀ, ਏਨ੍ਹਾਂਸ਼ਬਦਾਂ ਦੇ ਮੇਰੇ ਕੰਨਾਂ ਦੇ ਰਸਤੇ ਮਨ ਮੰਦਰ ਵਿਚਪ੍ਰਵੇਸ਼ ਕਰਦਿਆਂ ਹੀ ਮੇਰੇ ਅੰਦਰ ਝਰਨਾਟ ਜੇਹੀਛਿੜ ਪਈ, ਮੈਂ ਓਸੇ ਵੇਲੇ ਬੇਸੁਧ ਹੋਕੇ ਧਰਤੀ ਤੇ ਡਿਗ ਪਿਆ। ਦੋ ਢਾਈ ਘੰਟਿਆਂ ਪਿਛੋਂ ਮੈਨੂੰ ਹੋਸ਼ ਆਈ. ਤੇ ਆਪਣੀ ਨਵੀਂ ਹਾਲਿਤ ਨੂੰ ਵੇਖਕੇ ਹੈਰਾਨ ਹੋਗਿਆ। ਪੱਗ ਲਥੀ ਹੋਈ, ਕੇਸ ਖਿਲਰੇ ਹੋਏ, ਦੰਦਾਂ ਚੋਂ ਲਹੂ ਵਗੇ, ਗੋਡੇ ਗਿੱਟੇ ਤੇ ਅਰਕਾਂ ਛਿਲੀਆਂ ਹੋਈਆਂ, ਪਰ ਰਸਨਾਂ ਵਿਚੋਂ ਭਜਨ ਫਰਨ ਫਰਨ ਫੁਰੇ. ਮੈਨੂੰ ਐਉਂ ਜਾਪੇ ਜਿਵੇਂ ਮੈਂ ਪਹਿਲੇਂ ਵਾਲਾ ਨਹੀਂ ਬਲਕੇ ਮੇਰੀ ਕਾਇਆਂ ਪਲਟ ਗਈ ਹੈ। ਮੈਂ ਪੜਦਾ ਹੁੰਦਾ ਸਾਂ-"ਪਰਾ ਕਲੇਜੇ ਛੇਕ" ਅਤੇ-"ਆਕਲ ਬਿਕਲ ਭਈ" ਸੋ ਅਜ ਮੈ ਅਪਣੇ ਤੇ ਹੀ ਇਹ ਤੁਕਾਂ ਘਟਦੀਆਂ ਅਨੁਭਵ ਕੀਤੀਆਂ ਸੁਖ! ਮੈਨੂੰ ਏਹ ਪਤਾ ਲਗਗਿਆ ਕਿ ਬਾਬੇ ਨੇ ਮੈਨੂੰ ਅਪਣੇ ਬਚਨ ਰੂਪ ਅਣੀਅਲੇ ਤੀਰ ਨਾਲ ਘਾਇਲ ਕੀਤਾ ਹੈ, ਬਿਨਾਂ ਤਲਵਾਰ ਤੇ ਬਿਨਾਂ ਤੀਰ ਤੋਂ ਕਿਸੇ ਦੀ ਅਜੇਹੀ ਦਸ਼ਾ ਹੋਈ, ਨਾਂ ਮੈਂ ਅਜ ਤਕ ਵੇਖੀ ਸੀ, ਤੇ ਨਾਂ ਹੀ ਸੁਣੀ ਸੀ, ਹੁਣ ਮੈਨੂੰ ਇਕ ਆਰਿਫ ਦੇ ਏਨ੍ਹਾਂ ਮਿਸਰਿਆਂ ਦੀ ਸਮਝ ਪਈ ਕਿ -"ਸੈਫ ਹੋ ਜਿਸਕੀ ਜ਼ਬਾਂ ਸ਼ਮਸ਼ੀਰ ਕੀ ਹਾਜਤ ਨਹੀਂ, ਸਾਫ ਹੋ ਜਿਸਕੀ ਨਿਗਾਹ ਉਸੇ ਤੀਰ ਕੀ ਹਾਜਤ ਨਹੀਂ।" ਮੈਂ ਅਪਣੇ ਜੀਵਣ ਵਿਚ ਪਹਿਲੀ ਵਾਰ ਇਹ ਭਾਣਾਂ ਅਪਣੇ ਤੇ ਹੀ ਵਰਤਿਆ ਡਿੱਠਾ, ਕੋਲ

ਦਿਆਂ ਤੋਂ ਮੈਨੂੰ ਪਤਾ ਲਗਾ, ਕਿ ਮੈਂ ਪਿਛਲੇ ਜਨਮਾਂ ਦੀਆਂ ਗੱਲ ਕਰਕੇ ਨਾਮ ਦੀ ਬਖਸ਼ਸ਼ ਮੰਗਦਾ ਸਾਂ, ਤੇ ਠਾਕੁਰ ਜੀ ਮਹਾਰਾਜ ਨੇ ਸ੍ਰੀ ਮਾਨ ਮਹੰਤ ਬਿਸ਼ਨ ਸਿੰਘ ਜੀ ਨੂੰ ਆਗਜ਼ਾ ਕਰਕੇ ਮੇਰੇ ਕੰਨ ਵਿਚ—"ਨਾਮ ਮੰਤ੍ਰ" ਦੀ ਫੂਕ ਮਰਵਾ ਦਿਤੀ, ਮੈਂ ਹੋਸ਼ ਵਿਚ ਹੁੰਦਾ ਤਾਂ ਸ਼ਾਇਦ ਮੈਂ ਇਸ ਫੂਕ ਦਾ ਸਖਤ ਵਿਰੋਧ ਕਰਦਾ, ਅਤੇ ਇਸਨੂੰ 'ਕੰਨਾਂ ਮੰਨਾ ਕੁਰਰ" ਹੀ ਆਖਦਾ, ਪਰ ਜਾਣੀ ਜਾਣ ਬਾਬੇ ਨੇ ਪਹਿਲੋਂ ਹੀ ਅਜੇਹਾ ਕਲੋਰਾਫਾਰਮ ਸੁੰਘਾ ਦਿਤਾ, ਜਿਸ ਦੇ ਪ੍ਰਭਾਵ ਹੇਠ ਮੈਨੂੰ ਪਤਾ ਹੀ ਨਹੀਂ ਲਗ ਸਕਿਆ, ਕਿ ਕਦੋਂ ਇਹ ਇਲਾਹੀ ਦਾਤ ਮੇਰੇ ਕਰਨ ਛਿਦ੍ਰ ਦੀ ਰਾਹੀਂ ਮੇਰੇ ਮਨ ਮੰਦਰ ਵਿਚ ਪ੍ਰਵੇਸ਼ ਕਰ ਗਈ ਹੈ।

ਮੈਨੂੰ ਹੁਣ ਇਉਂ ਜਾਪਦਾ ਸੀ ਕਿ ਮੈਂ ਹੋਰ ਦਾ ਹੋਰ ਹੋਗਿਆ ਹਾਂ। ਉਸ ਵੇਲੇ ਮੇਰੀ ਅਵਸਥਾ ਦਾ ਫੋਟੋ ਸਾਈਂ ਬੁਲ੍ਹੇਸ਼ਾਹ ਦੀ ਇਸ ਕਾਫੀ ਦੇ ਸਮਾਨ ਸੀ—' ਮੈਂ ਹੋ ਗਈ ਹੋਰ ਦੀ ਹੋਰ ਹੁਣ ਮੈਨੂੰ ਕੌਣ ਪਛਾਣੇ ਮੁਰਸ਼ਦ ਮੈਨੂੰ ਸਬਕ ਪੜ੍ਹਾਇਆ ਵਾਹਦਤ ਪਾਇਆ ਸ਼ੋਰ" ਹੋਰ ਕਿਸੇ ਦੀ ਗੱਲ ਤਾਂ ਰਹੀ ਵੱਖਰੀ ਮੈਂ ਖੁਦ ਹੀ ਅਪਣੇ ਆਪਨੂੰ ਪਛਾਨ ਦੇ ਅਜੋਗ ਸਾਂ। ਥੋੜੇ ਦਿਨਾਂ ਪਿਛੋਂ ਮੈਨੂੰ ਗਜਕੇ ਤਾਪ ਚੜ੍ਹ ਗਿਆ। ਬਥੇਰੇ ਹਕੀਮ ਲਿਆਂਦੇ ਗਏ, ਡਾਕਟਰ ਲਾਹੌਰੋਂ ਬੁਲਾਏ ਗਏ, ਪਰ ਸਭ ਨੇ ਕਿਹਾ, ਮਰਜ਼ ਲਾ ਇਲਾਜ ਹੈ, ਸਾਡੀ ਕੋਈ ਵਾਹ ਨਹੀਂ। ਸਾਰੇ ਅੰਗ ਸਾਕ ਮੇਰੇ ਅੰਤਮ ਦਰਸ਼ਨ ਕਰਨ ਵਾਸਤੇ ਇਕੱਠੇ ਹੋਏ ਹੋਏ ਸਨ। ੨੯ ਦਿਨ ਬੀਤ ਗਏ ਤੀਹਵਾਂ ਦਿਨ ਚੜ੍ਹਿਆ। ਮੇਰੀਆਂ ਅੱਖਾਂ ਬੰਦ ਸਨ, ਪਰ ਸਬੰਧੀ ਦਸਦੇ ਹਨ ਕਿ ਤਾੜੇ ਲਗੀਆਂ ਹੋਈਆਂ ਸਨ, ਮੈਨੂੰ ਠਾਕਰ ਜੀ ਦਾ ਦਰਸ਼ਨ ਹੋਇਆ। ਸ਼ਰੀਰ ਦਾ ਅਕਾਰ ਇਨਾਂ ਵੱਡਾ ਸੀ ਕਿ ਮੈਂ ਅਜ ਤਕ ਕਿਸੇ ਮਨੁੱਖ ਦਾ ਅਕਾਰ ਇਨਾਂ ਵੱਡਾ ਨਹੀਂ ਡਿਠਾ, ਮੈਨੂੰ ਬਾਹੋਂ ਫੜਕੇ ਉਠਾ ਰਹੇ, ਤੇ ਕਹਿ ਰਹੇ ਹਨ, ਉਠ ਬੱਚਾ! ਪਿਛਲਾ ਨਿਧਾਨ ਸਿੰਘ ਖਤਮ, ਤੇ ਨਵਾਂ ਸ਼ੁਰੂ। ਪੁਤ ਗਾਰੇ ਦੀ ਕਾਰ ਵਿਚ ਉਠ। ਤੂੰ ਹੁਣ ਰਾਜੀ ਬਾਜੀ ਹੈਂ, ਤੈਥੋਂ ਬੜੀ ਕਾਰ ਲੈਣੀ ਹੈ, ਮੇਰੀਆਂ ਅਖਾਂ ਖੁਲ੍ਹ ਗਈਆਂ। ਤਾਕਤ ਮਹਿਸੂਸ ਹੋਈ ਅਜ ਹੋਰ ਭਲਕੇ ਹੋਰ, ਮੈਂ ਨੌ ਬਰ ਨੌ ਹੋਗਿਆ

## (੧੨) ਸਾਧ ਬਚਨ ਅਟਲਾਧਾ

ਮੱਖਣ ਸਿੰਘ (ਨਾਂਗੀ ਵਾਲੇ) ਦੇ ਬੂਹੇ ਅਗੇ ਠਾਕਰ ਜੀ ਹਥ ਵਿਚ ਮਤਹਿਰ ਫੜੀ ਖਲੋਤੇ ਹਨ। ਮਖਣ ਸਿੰਘ ਘਰ ਨਹੀਂ ਹੈ। ਬੂਹੇ ਨੂੰ ਜੰਦਰਾ ਵੱਜਾ ਹੋਇਆ ਹੈ। ਮਖਣ ਸਿੰਘ ਦਾ ਦੂਜਾ ਵਿਆਹ ਠਾਕਰ ਜੀ ਦੇ ਵਰ ਨਾਲ ਹੋਇਆ ਸੀ। ਠਾਕਰ ਜੀ ਕਹਿ ਰਹੇ ਹੈਨ—'ਹੈਂ! ਏਹ ਕੀ ਹੋਇਆ? ਮੱਖਣ ਸੈਂਹ ਦਾ ਬੂਹਾ ਤਾਂ ਖੋਹਲਿਆ ਸੀ, ਪਰ ਏਹ ਜੰਦਰਾ ਵੱਜਾ ਹੋਇਆ ਹੈ "ਜਾਹ ਉਇ ਮਖਣਾਂ ਨਿਕ-ਰਮਣਾਂ।" ਬਾਬਾ ਜੀ ਦਾ ਏਹ ਸੁਭਾਵਕ ਵਾਕ ਅਜ ਤਕ ਅਟੱਲ ਹੈ। ਉਹ ਘਰ ਜਿਉਂ ਉਜਾੜ ਹੋਇਆ ਅਜ ਤਕ ਵੱਸਿਆ ਹੀ ਨਹੀਂ।

ਸਾਡੇ ਘਰ ਦੀ ਡਿਉੜ੍ਹੀ ਤੇ ਮਖਣ ਸਿੰਘ ਦੇ ਘਰ ਕੋਲੋ ਕੋਲੀ ਹਨ। ਵਿਚਾਲੇ ਸਿਰਫ ਗਲੀ ਹੀ ਹੈ। ਬਾਬਾ ਜੀ ਜਦ ਪਿਛਾਂਹ ਨੂੰ ਪਰਤੇ ਤਾਂ ਪਿਤਾ ਜੀ ਬੂਹੇ ਅਗੇ ਖਲੋਤੇ ਹੋਏ ਸਨ। ਉਨ੍ਹਾਂਨੇ ਹੱਥ ਜੋੜਕੇ ਆਖਿਆ, ਬਾਬਾ ਜੀ! ਦੁੱਧ ਛਕ ਲੌ। ਭਾਗਾਂ ਦੀ ਗਲ, ਪਿਤਾ ਜੀ ਨੇ ਅਜ ਤਕ ਨਾਂ ਕਿਸੇ

ਨੂੰ ਸਾਧ ਹੀ ਜਾਣਿਆਂ ਸੀ, ਤੇ ਨਾਂ ਕਦੇ ਕਿਸੇ ਨੂੰ ਝੁਕੇ ਹੀ ਸਨ। ਬਾਬਾ ਜੀ ਨੇ ਕਿਹਾ, ਲਿਆ ਪੁਤ ਅਜ ਤੇਰੇ ਕੋਲੋਂ ਹੀ ਦੁੱਧ ਪੀਂਦੇ ਹਾਂ। ਡਿਉੜ੍ਹੀ ਵਿਚ ਡੱਠੇ ਪਲੰਘ ਤੇ ਬਾਬਾ ਜੀ ਨੂੰ ਬਿਠਾ ਪਿਤਾ ਜੀ ਨੇ ਗਰਮ ਗਰਮ ਦੁੱਧ ਛਕਾਇਆ। ਪਿਛੇ ਦੱਸਿਆ ਜਾ ਚੁਕਾ ਹੈ, ਕਿ ਪਿਤਾ ਜੀ ੩੦ ਸਾਲ ਦੀ ਫੌਜੀ ਮੁਲਾਜ਼ਮਤ ਕਰਕੇ ਸੂਦਾਰੀ ਅਹੁਦੇ ਤੋਂ ਬਰਖਾਸਤ ਹੋਕੇ ਆਏ ਹੋਏ ਸਨ, ਤੇ ਇਸ ਗੱਲ ਨੂੰ ਪੂਰੇ ਸੱਤ ਸਾਲ ਗੁਜਰ ਚੁਕੇ ਸਨ। ਬਾਬਾ ਜੀ ਨੂੰ ਪਿਤਾ ਜੀ ਨੇ ਆਪਣੀ ਕਹਾਣੀ ਸੁਣਾਕੇ ਕਿਹਾ-'ਬਾਬਾ ਜੀ! ਸਾਰੀ ਜ਼ਿੰਦਗੀ ਅੰਗ੍ਰੇਜ਼ਾਂ ਦੀ ਨੌਕਰੀ ਕਰਕੇ ਗਵਾ ਲਈ, ਤੇ ਅੰਤ ਨੂੰ ਥੋੜੀ ਗੱਲ ਪਿਛੇ ਮੈਨੂੰ ਬਰਖਾਸਤ ਕਰ ਦਿਤਾ। ਮੈਂ ਪਿਨਸ਼ਨ ਵਾਸਤੇ ਰਹਿਮ ਦੀ ਦਰਖਾਸਤ ਵੀ ਕੀਤੀ, ਪਰ ਪ੍ਰਵਾਨ ਨਾਂ ਕੀਤੀ ਗਈ। ਬਾਬਾ ਜੀ ਇਹ ਤਾਂ ਅੰਗ੍ਰੇਜ਼ਾਂ ਦੇ ਘਰ ਵਿਚ ਨਿਆਂ ਹੈ। ਬਾਬਾ ਜੀ ਮੰਜੇ ਤੋਂ ਉਠਕੇ ਖਲੋ ਗਏ ਤੇ ਇਸਤ੍ਰਾਂ ਬਚਨ ਕਰਨ ਲਗੇ- ਪੁਤ੍ਰ ਵਾਹਗੁਰੂ ਦੀ ਕਾਰ, ਤੇ ਵਾਹਗੁਰੂ ਦੀ ਵਿਚਾਰ ਕੇਸਰ ਵਿਚ ਵਾਹਿਗੁਰੂ ਆਇਆ, ਵਾਹਿਗੁਰੂ ਵਿਚ ਕੇਸਰ ਆਇਆ, ਵਾਹਿਗੁਰੂ ਕੇਸਰ ਕੇਸਰ ਵਾਹਿਗੁਰੂ ਤੇਰੀ ਸੇਵਾ ਮਨਜ਼ੂਰ, ਤੇਰੀ ਘਾਲ ਥਾਇ ਪਈ। ਤੂੰ ਸੱਚਾ ਤੇ ਬਿੱਲਾ ਝੂਠਾ, ਤੂੰ ਸੱਚਾ ਤੇ ਬਿੱਲਾ ਝੂਠਾ, ਤੇਰੀ ਪਿਨਸ਼ਨ ਪੂਰੀ, ਤੇਰੀ ਪਿਨਸ਼ਨ ਪੂਰੀ' ਪਿਤਾ ਜੀ ਨੇ ਮੱਥਾ ਟੇਕਿਆ ਅੱਜ ਪਹਿਲਾ ਭਾਗਾਂ ਭਰਿਆ ਦਿਨ ਸੀ, ਕਿ ਆਪਣੇ ਸਾਰੇ ਜੀਵਨ ਵਿਚ ਮੇਰੇ ਪਿਤਾ ਜੀ ਨੇ ਇਕ ਮਹਾਪੁਰਖ ਦੇ ਕਦਮਾਂ ਤੇ ਅਪਣਾਂ ਸੀਸ ਰੱਖਿਆ ਬਾਬਾ ਜੀ ਦੇ ਇਸ ਵਰ ਤੋਂ ਪੂਰੇ ੩ ਮਹੀਨੇਂ ਪਿਛੋਂ ਪਿਤਾ ਜੀ ਨੂੰ ਇਕ ਸਰਕਾਰੀ ਚਿਠੀ ਆਈ, ਜਿਸ ਵਿੱਚ ਲਿਖਿਆ ਹੋਇਆ ਸੀ ਕਿ-"ਆਪ ਕੇ ਕਾਗਜ਼ਾਤ ਪਰ ਅਜ ਸਰੇ ਨੌ ਗ਼ੌਰ ਕੀਆ ਗਿਆ ਔਰ ਯਹ ਫੈਸਲਾ ਕੀਆ ਗਿਆ ਹੈ, ਕਿ ਆਪ ਕੀ ਫੌਜੀ ਖਿਦਮਤ ਕੋ ਮੱਦੇ ਨਜ਼ਰ ਰਖਤੇ ਹੁਏ ਆਪ ਕੋ ਪਚੀਸ ਰੁਪੈ ਮਾਹਵਾਰ ਕੇ ਹਿਸਾਬ ਸੇ ਪਿਨਸ਼ਨ ਦੀ ਜਾਏ। ਯੇਹ ਪਿਨਸ਼ਨ ਕਾ ਸਰਟੀਫਿਕੇਟ ਇਸ ਚਿਠੀ ਕੇ ਸਾਥ ਹੀ ਨੱਥੀ ਕੀਆ ਜਾਤਾ ਹੈ, ਜਿਸੇ ਦਿਖਲਾਕਰ ਤੁਮ ਅਪਨੇ ਸਬ ਪੋਸਟਆਫਿਸ ਸੇ ਡਿਸਚਾਰਜ ਹੋਨੇ ਕੇ ਦਿਨ ਸੇ ਲੇਕਰ ਆਜ ਤਕ ਕਾ ਬਕਾਇਆ ਯਕਮੁਸ਼ਤ ਲੇ ਸਕਤੇ ਹੋ ਆਇੰਦਾ ਭੀ ਤੁਮਾਰੀ ਜਿੰਦਗੀ ਤਕ ਯੇਹ ਪਿਨਸ਼ਨ ਤੁਮੇਂ ਮਿਲਤੀ ਰਹੇਗੀ"।

ਪਿਤਾ ਜੀ, ਅਤੇ ਸਾਡੇ ਪ੍ਰਵਾਰ ਦੀ ਪ੍ਰਸੰਨਤਾ ਦੀ ਕੋਈ ਹੱਦ ਨਾਂ ਰਹੀ। ਪਿਤਾ ਜੀ ਨੂੰ ਸਾਰਾ ਰੁਪੈਯਾ ਇਕੱਠਾ ਮਿਲ ਗਿਆ, ਸਗੋਂ ਪੰਜ ਰੁਪੈ ਪਿਛੇ ਫੇਰ ਵਧਾਕੇ ਪੂਰੇ ੩੦ ਰੁਪੈ ਮਹੀਨਾਂ ਕਰ ਦਿਤੇ ਗਏ। ਬਾਪੂ ਜੀ ਠਾਕੁਰਜੀ ਦਾ ਇਹ ਵਰਦਾਨ ਸਫਲ ਹੋਇਆ ਵੇਖਕੇ ਨਾਮਧਾਰੀ ਸਜ ਗਏ ਸਨ ਤੇ ਪਿਛਲੇ ਜੀਵਨ ਵਿਚ ਉਨਾਂ ਨੇ ਭਜਨ ਕਰਦਿਆ ਹੋਇਆਂ ਵੈਸ਼ਨਵ ਬ੍ਰਿਤੀ ਵਿਚ ਹੀ ਆਯੂ ਬਤੀਤ ਕੀਤੀ,

## ੧੩.

ਪਰਮ ਪੂਜਨੀਯ ਸੰਤ ਮੰਗਲ ਸਿੰਘ ਜੀ ਰਾਮਟਾਲੀ (ਕੱਕੜਾਂ ਵਾਲੇ) ਨਾਮਧਾਰੀ ਪੰਥ ਦੇ ਮਹਾਂ ਪੁਰਖਾਂ ਵਿਚੋਂ ਇੱਕ ਉਚ ਕੋਟੀ ਦੇ ਮਹਾਤਮਾਂ ਹੋਏ ਹਨ ਜੇਬੜੇ ਭਜਨੀਕ, ਤਪੱਸੀ, ਬਾਣੀ ਦੇ ਨੇਮੀ, ਤੇ ਮਰਯਾਦਾ ਦੇ ਧਾਰਨੀ ਸਨ। ਆਪ ਦੇ ਤੇਜ ਅੱਗੇ ਅਮੀਰ ਗੀਬ ਸਭ ਦਾ ਸਿਰ ਨਿਉਂ ਜਾਂਦਾ ਸੀ। ਰਸਾਲਦਾਰ

ਸੰਤ ਸਿੰਘ ਜੇਹੇ ਸੂਦਾਰ ਅਤੇ ਪ੍ਰਤਾਪ ਸਿੰਘ ਜੇਹੇ ਡਿਪਟੀ (ਜੋ ਫਰੀਦ ਕੋਟ ਕੌਂਸਲ ਦੇ ਪ੍ਰੈਜ਼ੀਡੈਂਟ ਵੀ ਰਹੇ ਸਨ) ਆਪ ਦੇ ਚਰਨਾਂ ਤੇ ਢਹਿਕੇ ਤੇ ਆਪ ਦੀ ਚਰਣ ਰਜ ਨੂੰ ਨੇਤ੍ਰਾਂ ਤੇ ਮੱਥੇ ਤੇ ਲੈਣਾਂ ਫਖਰ ਸਮਝਦੇ ਸਨ। ਆਪ ਦਾ ਜੀਵਨ ਅਦੁਤੀ ਸੀ। ਬਹਾਰ ਸ਼ਾਹ ਫਕੀਰ ਜੋ ਰਾਵੀ ਤੋਂ ਪਾਰ ਫੱਤੇ ਰਿਆਣ ੧੬ ਸਾਲ ਤੋਂ ਖਾਮੋਸ਼ ਬੈਠਾ ਸੀ, ਸੰਤਾਂ ਨਾਲ ਹੀ ਬੋਲਿਆ ਸੀ ਤੇ ਆਖਿਆ ਸੀ ਮੇਰਾ ਲੰਗਰ ਰਹਿਣ ਦੇ ਮੈਂ ਉਹਨਾ ਦੇ ਬਹੁਤ ਵਾਰ ਦਰਸ਼ਨ ਕੀਤੇ ਅਤੇ ਚਰਣ ਪਰਸੇ ਹਨ। ਆਪ ਅਪਣੇ ਡੇਰੇ ਰਾਮਟਾਲੀ ਜੋ ਕਿ ਨੱਗਰ ਤੋਂ ਬਾਹਰ ਵਾਰ ਇੱਕ ਮੀਲ ਦੇ ਫਾਸਲੇ ਤੇ ਹੈ ਹਰ ਸਾਲ ਸਰਾਧਾਂ ਦੀ ਪੂੰਨਿਆਂ ਨੂੰ ਇੱਕ ਬੜਾ ਭਾਰੀ ਜੋੜਮੇਲ ਕਰਦੇ ਹੁੰਦੇ ਸਨ, ਜਿਸ ਤੇ ਮੈਂ ਆਪਣੇ ਜਥੇ ਨਾਲ ਹਰ ਸਾਲ ਜਾਇਆ ਕਰਦਾ ਸਾਂ। ਕਿਉਂਕਿ ਉਨ੍ਹਾਂ ਨੇ ਸਾਥੋਂ ਹਰ ਸਾਲ ਉਸ ਮੇਲੇ ਤੇ ਪੁਜਣ ਦਾ ਪ੍ਰਣ ਲਿਆ ਹੋਇਆ ਸੀ, ਜੋ ਕਿ ਸਤਿਗੁਰ ਦੀ ਕ੍ਰਿਪਾ ਨਾਲ ਉਨਾਂ ਦੇ ਜੀਵਨ ਪ੍ਰਯੰਤ ਅਸੀਂ ਨਿਬਾਹੁੰਦੇ ਰਹੇ। ਉਹਨਾਂ ਦਿਨਾਂ ਵਿੱਚ ਸਾਡੇ ਜਥੇਦਾਰ ਸ੍ਰੀ ਮਾਨ ਸੰਤ ਨਥਾ ਸਿੰਘ ਜੀ ਲੋਪੋਕੇ (ਪ੍ਰਲੋਕ ਵਾਸੀ) ਹੁੰਦੇ ਸਨ। ਜਿਨਾਂ ਦੇ ਸ਼ਬਦ ਵਿਚ ਕਮਾਲ ਦੀ ਤਾਸੀਰ ਸੀ ਅਤੇ ਸਾਰੀ ਸਾਰੀ ਰਾਤ ਦੀਵਾਨ ਲੌਂਦੇ ਥੱਕਦੇ ਨਹੀਂ ਸਨ। ਉਨ੍ਹਾਂ ਨੇ ਨਾਮਧਾਰੀ ਪੰਥ ਦਾ ਬਹੁਤ ਪ੍ਰਚਾਰ ਕੀਤਾ। ਸੈਂਕੜੇ ਸਿੱਖ ਸਜਾਏ। ਜੌਹਲਾਂਦੇ ਵਡਾਲੇ ਵਲੇ ਠਾਕਰ ਕਰਤਾਰ ਸਿੰਘ ਜੀ, ਜਥੇਦਾਰ ਸੰਤ ਮੋਹਨ ਸਿੰਘ ਜੀ ਪ੍ਰਲੋਕਵਾਸੀ ਤੇ ਜਥੇਦਾਰ ਅਜੈਬ ਸਿੰਘ ਆਦਿ ਸਭ ਉਹਨਾਂ ਦੀ ਕ੍ਰਿਪਾ ਨਾਲ ਹੀ ਸਿੰਘ ਸਜ ਸਨ। ਉਹ ਹੱਲੇ ਦਾ ਦੀਵਾਨ ਬਹੁਤ ਸੁੰਦਰ ਲਗਾਂਦੇ ਸੀ। ਜੋ ਸੁਣਦਾ ਸੀ ਮੋਹਤ ਹੋ ਜਾਂਦਾ ਸੀ ਓਨ੍ਹਾਂ ਦਿਨਾਂ ਵਿਚ ਓਹਨਾਂ ਦਾ ਵੈਰਾਗ ਤਿਆਗ ਵੀ ਕਮਾਲ ਦਾ ਸੀ। ਸ੍ਰੀ ਬਾਬਾ ਜੇਤਾ ਸਿੰਘ ਜੀ ਲੋਪੋਕਿਆਂ ਵਾਲੇ ਓਹਨਾਂ ਨਾਲ ਲਾਂਗਰੀ ਹੁੰਦੇ ਸਨ। ਓਹਨਾਂ ਤੇ ਵੀ ਗਜ਼ਬ ਦਾ ਰੰਗ ਸੀ। ਮੈਂ ਸੰਤਾਂ ਦੇ ਜਥੇ ਵਿਚ ਹਾਰਮੋਨੀਅਮ ਵਜਾਂਦਾ ਹੁੰਦਾ ਸਾਂ। ਸੰਤ ਮੰਗਲ ਸਿੰਘ ਜੀ ਕੱਕੜਾਂ ਵਾਲੇ ਮੇਰੀ ਸਿੱਧੀ ਦਸਤਾਰ ਵੇਖਕੇ ਤੇ ਕੀਰਤਨ ਵਿਚ ਦ੍ਰਿਸ਼ਟਾਂਤ ਪ੍ਰਮਾਣ ਸੁਣਕੇ ਬਹੁਤ ਖੁਸ਼ੀਆਂ ਦੇਂਦੇ ਹੁੰਦੇ ਸਨ। ਤੇ ਕਹਿੰਦੇ ਹੁੰਦੇ ਨਿਧਾਨ ਸਿੰਘ ਤਾਂ ਮੈਨੂੰ ਰੱਬ ਦਾ ਰੂਪ ਨਜ਼ਰ ਔਂਦਾ ਹੈ। ਉਹਨਾਂ ਮਹਾਂਪੁਰਖਾਂ ਦੇ ਡੇਰੇ ਦੀਵਾਨ ਸਜਿਆ ਹੋਇਆ ਹੈ। ਸ੍ਰਾਧਾਂ ਦੀ ਪੂੰਨਿਆਂ ਹੈ ਭਾਦ੍ਰੋਂ ਦਾ ਮਹੀਨਾਂ ਹੈ। ਸੰਗਤ ਬੇਅੰਤ ਜੁੜੀ ਹੋਈ ਹੈ। ਸਾਡਾ ਜਥਾ ਆਸਾ ਦੀ ਵਾਰ ਦਾ ਕੀਰਤਨ ਕਰ ਰਿਹਾ ਹੈ। ਸੰਤ ਨੱਥਾ ਸਿੰਘ ਜੀ ਬੜੇ ਪ੍ਰੇਮ ਨਾਲ ਖਲੋਕੇ ਪੜ੍ਹ ਰਹੇ ਹਨ। "ਰਾਮ ਰਸ ਪੀਅਰੇ ਬਿਸਰ ਗਏ ਰਸ ਔਰ" ਠ ਕਰ ਜੀ ਮਹਾਰਾਜ ਵੀ ਇੱਕ ਬੱਨਿਓਂ ਰਾਰਾ ਰਾਰਾ ਕਰਦੇ ਆ ਜਾਂਦੇ ਹਨ। ਹਥਾਂ ਵਿਚ ਪਊਏ ਖੜਤਾਲਾਂ ਵਾਂਗ ਵਜਾਂਦੇ ਹੋਏ ਦੀਵਾਨ ਵਿਚ ਨ੍ਰਿਤ ਕਾਰੀ ਕਰ ਰਹੇ ਹਨ। ਹੋਰ ਵੀ ਕਈ ਸਾਧ ਮਸਤਾਨੇ ਹੋ ਜਾਂਦੇ ਹਨ। ਕਿਲਕਾਂ ਵਜਦੀਆਂ ਹਨ, ਬੋਲੇ ਹੋ ਰਹੇ ਹਨ, ਸੰਗਤ ਮਹਾਨ ਅਨੰਦ ਵਿਚ ਹੈ ਲੋਕ ਅਸ਼ ਅਸ਼ ਕਰ ਰਹੇ ਨਹ। ਕਿਨ੍ਹਾਂ ਚਿਰ ਏਹ ਰੰਗ ਬੱਝਾ ਰਿਹਾ ਦੀਵਾਨ ਦਾ ਭੋਗ ਪੈਂਦਾ ਹੈ। ਠਾਕਰ ਜੀ ਮੇਰੇ ਸਿਰ ਤੇ ਪਿਆਰ ਦੇਕੇ ਆਖਦੇ ਹਨ—ਬੱਚਾ ਤੇਰੀ ਚਾਰਚੱਕ ਵਿਚ ਉਜਾਗਰੀ

ਹੋਊ ਤੇਰੀਆਂ ਸੋਆਂ ਸੁਣਕੇ ਲੋਕ ਹਰੇ ਹੋਣਗੇ। ਲੋਕ ਤੇਰਾ ਰਾਹ ਤਕਿਆ ਕਰਨਗੇ, ਕਈ ਤੇਰਾ ਨਾਂ ਸੁਣਕੇ ਹੀ ਤ੍ਰਹਿ ਉਠਿਆ ਕਰਨਗੇ। ਬੱਚਾ ਤੂੰ ਮੈਨੂੰ ਆਸਾ ਦੀ ਵਾਰ ਸੁਣਾਈ ਹੈ, ਤੇਰੇ ਸਿਰ ਤੇ ਛਤ੍ਰ ਝੁਲੇਗਾ। ਜਿਥੇ ਜਾਏਂਗਾ, ਲੋਕ ਇੱਕ ਦੂਜੇ ਨਾਲ ਗੱਲਾਂ ਕਰਿਆ ਕਰਨਗੇ ਔਹ ਪ੍ਰਧਾਨ ਸਿੰਘ ਆ ਗਿਆ।" ਮੈਨੂੰ ਕੋਈ ਏਹਨਾਂ ਗੱਲਾਂ ਤੇ ਪਰਤੀਤ ਨਾਂ ਆਈ ਕਿਉਂਕਿ ਮੈਨੂੰ ਅਪਣੀ ਯੋਗਤਾ ਦਾ ਪਤਾ ਸੀ। ਮੈਨੂੰ ਤਾਂ ਇਲਾਕੇ ਤੋਂ ਬਾਹਰ ਕੋਈ ਜਾਣਦਾ ਵੀ ਨਹੀਂ ਸੀ। ਹੈਰਾਨ ਸਾਂ ਕਿ ਮੈਂ ਏਡਾ ਵੱਡਾ ਆਦਮੀ ਜਿਨਾਂ ਕਿ ਬਾਬਾ ਆਖਦਾ ਹੈ ਕਿਵੇਂ ਬਣ ਜਾਵਾਂਗਾ। ਮੇਰੇ ਦਿਲ ਨੇ ਏਹੀ ਫੈਸਲਾ ਕੀਤਾ ਕਿ ਇਹ ਬਾਬੇ ਦੇ ਸੁਖ ਨਿਧਾਨ ਦੀ ਮੌਜ ਹੈ–ਭੰਗ ਦੇ ਤ੍ਰੰਗ ਹਨ, ਇਸ ਤੋਂ ਬਿਨਾਂ ਹੋਰ ਕੁਛ ਨਹੀ।

## ੧੩.

ਮੁਕਤਸਰ (ਜ਼ਿਲਾ ਫਿਰੋਜ਼ ਪੁਰ) ਦਾ ਸਟੇਸ਼ਨ ਹੈ। ਪਲੇਟ ਫਾਰਮ ਤੇ ਏਨੀਂ ਖਲਕਤ ਹੈ ਕਿ ਕਿਤੇ ਤਿਲ ਮਾਰਿਆ ਭੁੰਞੇ ਨਹੀਂ ਪੈਂਦਾ। ਮੁਕਤ ਸਰ ਵਿਖੇ ਕਾਂਗਰਸ ਵਲੋਂ ਇਕ ਜ਼ਿਲਾ ਕਾਨਫਰੰਸ ਰਖੀ ਹੋਈ ਸੀ, ਜਿਸ ਦੇ ਵਾਸਤੇ ਮੈਨੂੰ ਲਾਹੌਰ ਤੋਂ ਬੁਲਾਇਆ ਗਿਆ ਸੀ। ਮੈਂ ਲਾਲਾ ਲਾਜ ਪਤ ਰਾਏ ਫ਼ਿਦਾਏ ਵਤਨ ਨਾਲ ਏਸੇ ਗਡੀ ਤੇ ਮੁਕਤ ਸਰ ਪੁਜਾ ਸਾਂ। ਲਾਲਾ ਜੀ ਆਲ ਇੰਡੀਆ ਲੀਡਰ ਅਤੇ ਪੰਜਾਬ ਕਾਂਗਰਸ ਦੇ ਮੁਖ ਨੇਤਾ ਸਨ, ਜਿਨ੍ਹਾਂ ਦੀ ਮਹਿਮਾਂ ਇੰਗਲੈਂਡ ਅਤੇ ਅਮੀਕਾ ਆਦੀ ਪ੍ਰਦੇਸਾਂ ਵਿਚ ਵੀ ਪਸਰੀ ਹੋਈ ਸੀ। ਦੁਨੀਆਂ ਭਰ ਦੇ ਰਾਜ ਨੀਤਕ ਆਲਿਮਾਂ ਵਿਚ ਆਪਦੀ ਯੋਗਤਾ ਮੰਨੀ ਪ੍ਰਮੰਨੀ ਸੀ। ਕਲਮ ਦੇ ਧਨੀ ਸਨ, ਤਕਰੀਰ ਏਡੀ ਜ਼ਬਰ ਦਸਤ ਹੁੰਦੀ ਸੀ, ਕਿ ਮੁਰਦਾ ਰੂਹਾਂ ਫੜਕਣ ਲਗ ਪੈਂਦੀਆਂ ਸਨ। ਮੈਨੂੰ ਇਸ ਗਲ ਦੀ ਹਸਰਤ ਹੈ, ਕਿ ਲਾਲਾ ਜੀ ਤੋਂ ਬਾਦ ਪੰਜਾਬ ਅਜੇ ਤਕ ਦੂਜਾ ਲਾਜਪਤ ਰਾਏ ਪਦਾ ਨਹੀਂ ਕਰ ਸਕਿਆ। ਜਿਸਨੂੰ ਕਿ ਅਮਰੀਕਾ ਜੈਸੇ ਮੁਲਕ ਨੇ ਦੇਸ਼ ਦੀ ਪ੍ਰਧਾਨਗੀ ਵਾਸਤੇ ਖੜਾ ਕੀਤਾ ਹੋਵੇ। ਗਲਕੀ ਆਪਕੁਰਬਾਨੀਆਂ ਦੇ ਲਿਹਾਜ ਨਾਲ, ਯੋਗਤਾ ਦੇ ਲਿਹਾਜ ਨਾਲ ਅਤੇ ਹਰ ਪਹਿਲੂ ਦੇ ਲਿਹਾਜ ਨਾਲ ਮੇਰੇ ਅਤੇ ਦੇਸ਼ ਦੇ ਮਹਾਨ ਨੇਤਾ ਸਨ ਜਿਨ੍ਹਾਂ ਦੀ ਮੇਰੇ ਦਿਲ ਵਿਚ ਅਪਾਰ ਸ੍ਰਧਾ ਸੀ। ਜਦ ਅਸੀਂ (ਮੈਂ ਤੇ ਲਾਲਾ ਜੀ ਦੋਵੇਂ ਮੁਕਤ ਸਰ ਸਟੇਸ਼ਨ ਦੇ) ਪਲੇਟ ਫਾਰਮ ਤੇ ਉਤਰੇ, ਤਾਂ ਲਾਲਾ ਜੀ ਨੂੰ ਤਾਂ ਪਤਾ ਨਹੀਂ ਕੇਹੜੇ ਵੇਲੇ ਡੇਰੇ ਪਚਾ ਦਿਤਾ ਗਿਆ, ਤੇ ਮੈਨੂੰ ਬਾਹਰ ਲਿਜਾਕੇ ਇਕ ਬਹੁਤ ਖੂਬ ਸੂਰਤ ਫਿਟਨ ਤੇ ਬਿਠਾਇਆ ਗਿਆ, ਜਿਸ ਅਗੇ ਘੋੜਿਆਂ ਦੀ ਥਾਂ ਜਿਲਾ ਫੀਰੋਜ ਪੁਰ ਦੇ ਵਡੇ ਤੋਂ ਵਡੇ ਪਤਵੰਤੇ ਸੇਠ ਤੇ ਸ਼ਾਹੂਕਾਰ ਗਡੀ ਖਿਚਣ ਵਾਸਤੇ ਖੜੇ ਸਨ। ਮੈਨੂੰ ਏਸ ਗਲ ਦੀ ਪਹਿਲੋਂ ਪਹਿਲੋਂ ਸਮਝ ਨ ਆਈ, ਕਿ ਲਾਲਾ ਜੀ ਦੇ ਹੁੰਦਿਆਂ ਹੋਇਆਂ ਮੇਰਾ ਜਲੂਸ ਕਿਉਂ ਕਢਿਆ ਜਾ ਰਿਹਾ ਹੈ। ਪਰ ਜਦ ਮੈਂ ਪਿਛੇ ਵੇਖਿਆ, ਤਾਂ ਇਕ ਸ਼ਰੀਫ ਆਦਮੀ ਮੇਰੇ ਸਿਰ ਤੇ ਛਤਰ ਝੁਲਾਈ ਖੜਾ ਸੀ। ਇਰਦ ਗਿਰਦ ਵੇਖਿਆ ਤਾਂ ਖਲਕਤ ਹੀ ਖਲਕਤ ਸੀ। ਬਾਜ਼ਾਰ ਚੰਗੀ ਤਰਾਂ ਸਜਾਇਆ ਹੋਇਆ ਸੀ। ਲੋਕ ਫੁਲਾਂ, ਬਦਾਮਾਂ ਤੇ ਪੈਸਿਆਂ ਆਦਿ ਦੀ ਸੋਟ ਕਰਦੇ ਸਨ। ਏਹ ਸਾਰਾ ਦ੍ਰਿਸ਼ਜ ਤਕ ਕੇ ਮੈਂ ਅਪਣੇ ਅੰਤਰ ਆਤਮਾ ਤੋਂ ਪੁਛਿਆ ਕਿ ਇਹ ਕੀ

ਹੋ ਰਿਹਾ ਹੈ ? ਅਗੋਂ ਆਵਾਜ਼ ਆਈ ਕਿ ਐਸ ਵੇਲੇ ਠਾਕੁਰ ਜੀ ਦਾ ਉਹ ਵਾਕ ਸਫਲ ਹੋ ਰਿਹਾ ਹੈ, ਜੋ ਓਹਨਾਂ ਨੇ ਕਕੜੀਂ ਰਾਮ ਟਾਹਲੀ ਦੇ ਦੀਵਾਨ ਵਿਚ ਕੀਤਾ ਸੀ, ਕਿ 'ਬਚਾ ਤੇਰੇ ਸਿਰ ਤੇ ਛਤ੍ਰ ਝੁਲੇਗਾ, ਤੇ ਤੇਰੀ ਚਾਰ ਚਕ ਵਿਚ ਉਜਾਗਰੀ ਹੋਊ।' ਬਸ ਮੈਂ ਸਮਝ ਗਿਆ, ਤੇ ਮੇਰੇ ਦਿਲ ਵਿਚ ਆਇਆ ਬਾਬਾ ! ਅਜ ਤੂੰ ਸਰੀਰ ਕਰਕੇ ਮੇਰੇ ਪਾਸ ਨਹੀਂ ਹੈਂ, ਪਰ ਤੇਰੀ ਬਚਨ ਅਟੱਲਤਾ ਦਾ ਨਜ਼ਾਰਾ ਮੇਰੇ ਸਾਹਮਣੇ ਮੂਰਤੀ ਮਾਨ ਹੋ ਰਿਹਾ ਹੈ । ਇਸ ਖਿਆਲ ਵਿਚ ਮੇਰਾ ਜੀ ਭਰ ਆਇਆ । ਅੱਖਾਂ ਵਿਚੋਂ ਮੋਟੇ ਮੋਟੇ ਅੱਥਰੂ ਕਿਰਨ ਲਗੇ, ਮੈਂ ਬਥੇਰਾ ਸੰਭਲਨ ਦੀ ਕੋਸ਼ਸ਼ ਕੀਤੀ, ਪਰ ਨਿਸ਼ਫਲ । ਖਲਕਤ ਤਾਂ ਮੇਰਾ ਜਲੂਸ ਕੱਢ ਰਹੀ ਸੀ, ਪਰ ਮੈਂ ਕਿਸੇ ਹੋਰਸ ਹੀ ਧੁਨ ਵਿਚ ਮਗਨ ਸਾਂ । ਫੇਰ ਪਤਾ ਨਹੀਂ ਕਿਥੋਂ ਕਿਥੋਂ ਦੀ ਜਲੂਸ ਗੁਜ਼ਰਿਆ, ਤੇ ਕਿਵੇਂ ਗੁਜ਼ਰਿਆ । ਮੈਨੂੰ ਜਦ ਕੋਠੀ ਵਿਚ ਲੈਜਾ ਕੇ ਬਿਠਾਇਆ ਗਿਆ, ਤਾਂ ਪ੍ਰਬੰਧਕਾਂ ਨੇ ਮੇਰੇ ਕਰੁਣਾ ਰਸ ਦਾ ਕਾਰਨ ਪੁਛਿਆ, ਜਿਸਦੇ ਉੱਤਰ ਵਿਚ ਮੈਂ ਸਾਰੀ ਕਥਾ ਜਿਉਂ ਕੀ ਤਿਉਂ ਸੁਣਾ ਦਿਤੀ ।

## ੧੪. ਅਚਰਜ ਖੇਲ

ਇਕ ਦਿਨ ਠਾਕੁਰ ਜੀ ਆਪਣੇ ਨਗਰ ਮਹਾਵੇ ਵਿਖੇ ਬੈਠੇ ਹੋਏ ਸਨ । ਸੇਵਕ ਨੂੰ ਆਗਯਾ ਕੀਤੀ ਦੇਗ ਰਗੜੋ, ਕਿਉਂਕਿ ਅਸਾਂ ਅਜ ਦੁਗੈਂਚੀਂ ਪਹੁੰਚਣਾਂ ਹੈ । ਓਥੇ ਇਕ ਸਿਖ ਨੇ ਮੇਲਾ ਕਰਇਆ ਹੈ, ਜੋ ਸਤਿਗੁਰ ਹਰੀ ਸਿੰਘ ਜੀ ਕੋਲ ਅਰਜ਼ ਕਰ ਰਿਹਾ ਹੈ, ਕਿ ਸਚੇ ਪਾਤਸ਼ਾਹ ਮੇਰਾ ਮੇਲਾ ਵਡਾ ਭਰਿਆ ਹੈ, ਪ੍ਰੰਤੂ ਪੂਰੀ ਖੁਸ਼ੀ ਤਾਂ ਹੁੰਦੀ ਹੈ, ਜੇ ਠਾਕਰ ਜੀ ਮਹਾਵੇ ਵਾਲੇ ਵੀ ਦਰਸ਼ਨ ਦੇਣ । ਮਹਾਵੇ ਤੋਂ ਦੁਗੈਚ (ਜੋ ਕਿ ਨਨਕਾਣੇ ਸਾਹਿਬ ਤੋਂ ਪਰੇਹ ਹੈ) ੭੦ਕੋਹਦੇਲਗ ਭਗ ਹਨ।ਸੇਵਕ ਨੇ ਅਰਜਕੀਤੀਮਹਾਰਾਜ਼ ।ਦੁਗੈਚਤਾਂ ਏਥੋਂ ਬਹੁਤ ਦੂਰ ਹੈਨ,ਤੇਆਪ ਅਜ ਕਿਵੇਂ ਪਹੁੰਚ ਜਾਵੋਗੇ? ਠਾਕਰਾਂ ਨੇ ਕਿਹਾ ਬੱਚਾਂ ਮੇਰੀ ਸਵਾਰੀ ਸਬਦ ਦੀ ਹੈ, ਕਿਉਂਕਿ ਮੈਂ ਨਾਨਕ ਦੀ ਕਾਰ ਵਿਚ ਹਾਂ । ਠਾਕੁਰ ਜੀ ਸਾਰੀ ਉਮਰ ਰੇਲ ਤੇ ਨਹੀਂ ਚੜੇ । ਉਹ ਰੇਲ ਨੂੰ ਭੂਤਨੀਂ ਆਖਦੇ ਹੁੰਦੇ ਸਨ ਤੇ ਨਾਲੇ ਕਹਿੰਦੇ ਹੁੰਦੇ ਸਨ, ਪੁਤ੍ਰ ਰੇਲ ਚੂਹੜਿਆਂ ਦੀ ਹੈ । ਠਾਕੁਰ ਜੀ ਮਹਾਰਾਜ ਦੇਗ ਛਕਕੇ ਸ਼ਾਮ ਦੇ ਚਾਰ ਬਜੇ ਦੇ ਕਰੀਬ ਮਹਾਵੇ ਤੋਂ ਚੱਲੇ, ਤੇ ਦੁਗੈਚੀਂ ਸੂਰਜ ਅਸਤਦੇ ਨਾਲ ਦੀਵਾਨ ਵਿਚ ਜਾਪੁਜੇ । ਸਭ ਸੰਗਤ ਵੇਖ ਕੇ ਪ੍ਰਸੰਨ ਹੋ ਗਈ, ਤੇ ਸਤਿਗੁਰ ਸਚੇ ਪਾਤਿਸ਼ਾਹ ਨੇ ਮੇਲੇ ਵਾਲੇ ਸਿੰਘ ਨੂੰ ਕਿਹਾ—ਲੈ ਭਾਈ ਹੁਣ ਤਾਂ ਖੁਸ਼ ਹੈਂ ਨਾਂ, ਠਾਕਰ ਆ ਗਏ ਹਨ । ਸਿਖ ਨੇ ਕਿਹਾਂ, ਸਚੇ ਪਾਤਿਸ਼ਾਹ ਏਹ ਸਭ ਆਪ ਦੀ ਕ੍ਰਿਪਾ ਨਾਲ ਹੀ ਮੇਰੀ ਭਾਵਨਾ ਪੂਰੀ ਹੋਈ ਹੈ ।

## ੧੫. ਦਰਯਾ ਲੰਘਣਾ

ਇਕ ਵਾਰ ਠਾਕੁਰ ਜੀ ਚਕੜਾਲੀ ਤੋਂ ਮਹਾਵੇ ਨੂੰ ਚਲੇ । ਰਸਤੇ ਵਿਚ ਰਾਵੀ ਹੜ ਆਈ ਹੋਈ ਸੀ । ਪਤਣ ਤੇ ਮਲਾਹਾਂ ਦਾ ਪਰੋਹਣਾ ਇਕ ਗਭਰੂ ਸੀ । ਉਸਨੂੰ ਠਾਕੁਰ ਜੀ ਨੇ ਕਿਹਾ, ਬਚਾ ! ਮੈਨੂੰ ਬੇੜੀ ਤੇ ਚੜ੍ਹਾਕੇ ਪਾਰ ਲੈ ਚਲ । ਉਸ ਨੇ ਕਿਹਾ, ਬਾਬਾ ਮੇਰੀ ਕੋਈ ਵਾਹ ਨਹੀਂ ਹੈ । ਠਾਕਰਾਂ ਨੇ ਕਿਹਾ ਬੇਟਾ ਕੋਈ ਖਤਰਾ ਨਹੀਂ ਤੂੰ ਬੇੜੀ ਠੇਲ੍ਹਦੇ, ਪਰ ਮਲਾਹ ਨਾਂ ਮੰਨਿਆਂ, ਠਾਕਰ ਜੀ ਪੈਦਲ ਹੀ ਦਰਯਾ ਵਿਚ ਠਿੱਲ੍ਹ ਪਏ, ਜਿਸ

ਵੇਲੇ ਪਾਣੀ ਮੂੰਹ ਤਕ ਆਇਆ, ਖਲੋਕੇ ਕਹਿਣ ਲਗੇ—"ਕੇਸਰ ਉਤੇ, ਪਾਣੀ ਹੇਠਾਂ, ਕੇਸਰ ਉਤੇ, ਪਾਣੀ ਹੇਠਾਂ" ਏਹ ਕਹਿੰਦਿਆਂ ਸਾਰਾ ਦਰਯਾ ਦਾ ਪਾਣੀ ਲਹਿਕੇ ਗੋਡੇ ਗੋਡੇ ਹੋਗਿਆ, ਤੇ ਠਾਕਰ ਜੀ ਉਸ ਮਲਾਹ ਮੁੰਡੇ ਦੇ ਵੇਖਦਿਆਂ ਵੇਖਦਿਆਂ ਪਾਰ ਹੋ ਗਏ। ਜਦ ਪੱਤਣ ਦੇ ਮਲਾਹ ਆਏ, ਤਾਂ ਮੁੰਡੇ ਨੇ ਠਾਕਰਾਂ ਵਾਲੀ ਸਾਰੀ ਗਲ ਸੁਣਾਈ। ਮਲਾਹ ਜੋ ਬਾਬਾ ਜੀ ਨੂੰ ਜਾਣਦੇ ਸਨ, ਮੁੰਡੇ ਨੂੰ ਗੁਸੇ ਹੋਕੇ ਕਹਿਣ ਲਗੇ ਤੂੰ ਮਾੜੀ ਗਲ ਕੀਤੀ, ਕਿ ਬਾਬਾ ਜੀ ਦਾ ਬਚਨ ਨਾ ਮੰਨਿਆਂ। ਉਹ ਤਾਂ ਰੱਬ ਲੋਕ ਹੈਨ। ਉਹ ਪੂਰੇ ਵਲੀ ਅਲਾ ਹੈਨ। ਮਲਾਹਾਂ ਦੇ ਦਿਲ ਤੇ ਐਸਾ ਅਸਰ ਹੋਇਆ ਕਿ ਉਹ ਬਾਬਾ ਜੀ ਦੇ ਪਿੰਡ ਪਹੁੰਚੇ। ਅਗੇ ਠਾਕੁਰ ਸੰਗਤ ਵਿਚ ਬੈਠੇ ਹੋਏ ਸਨ। ਮਲਾਹਾਂ ਨੇ ਜਾਕੇ ਸਲਾਮ ਕੀਤੀ, ਤੇ ਲੋਕਾਂ ਨੂੰ ਆਖਿਆ-, ਭੁਲੇ ਨਾ ਰਹਿਣਾ, ਏਹ ਬਾਬਾ ਵਲੀ ਅੱਲਾ ਹੈ। ਏਹਨੂੰ ਦਰਯਾ ਨੇ ਰਾਹਾ ਦਿਤਾ ਹੈ। ਠਾਕਰ ਕਾਰ ਵਿਚ ਸਨ। ਕਹਿਣ ਲਗੇ, ਐਤਕੀਂ ਤਾਂ ਤੁਸਾਂ ਵੇਖ ਲਿਆ ਹੈ, ਮੈਂ ਤਾਂ ਕਈ ਵਾਰ ਦਰਯਾ ਸੁਕਾਕੇ ਲੰਘਿਆ ਹਾਂ। ਬੱਚਾ! ਅਕਾਲ ਪੁਰਖ ਦੇ ਹੁਕਮ ਵਿਚ ਪੌਣ ਪਾਣੀ ਤੇ ਅਗਨੀ ਆਦਿਕ ਸਾਰੇ ਤਤ ਹੈਨ—'ਭੈ ਵਿਚਿ ਚਲਹਿ ਲਖ ਦਰੀਆਉ।"

## (੧੬) ਚਕੜਾਲੀ ਦੀ ਕਾਰ

ਚਕੜਾਲੀ ਜ਼ਿਲਾ ਸਿਆਲ ਕੋਟ ਵਿਚ ਇਕ ਸਾਖਸ਼ਾਤ ਦੇਵੀ ਬੀਬੀ ਕਿਸ਼ਨ ਕੌਰ ਜੀ ਹੈਨ। ਆਪ ਦੀ ਉਮਰ ਐਸ ਵੇਲੇ ੫੦ ਤੇ ੬੦ ਦੇ ਦਰਮਜਾਨ ਹੈ। ਬਚਪਨ ਤੋਂ ਲੈਕੇ ਅਜ ਤਕ ਅੰਨ ਨਹੀਂ ਛਕਿਆ। ਬ੍ਰਹਮਚਰਜ ਵਿਚ ਜੀਵਨ ਹੈ ਹਨਾ ਸ਼ਾਦੀ ਨਹੀਂ ਕਰਵਾਈ, ਸਿਧਾ ਦਸਤਾਰਾ ਤੇ ਕਛਿਹਰੇ ਉਤੋਂ ਦੀ ਪਜਾਮਾ ਰਖਦੇ ਹਨ ਬਿਰਤੀ ਬਹੁਤ ਸਤੋਗੁਣੀ ਹੈ। ਸਤਿਗੁਰਾਂ ਤੇ ਪੂਰੀ ਪ੍ਰਤੀਤ ਹੈ, ਤੇ ਸਾਧ ਸੰਗਤ ਦੇ ਬੜੇ ਸੇਵਕ ਹੈਨ। ਏਹਨਾਂ ਨੂੰ ਆਮ ਸੰਗਤ ਸੰਤ ਕਿਸ਼ਨ ਸਿੰਘ ਕਰਕੇ ਵੀ ਪੁਕਾਰਦੀ ਹੈ। ਠਾਕੁਰ ਜੀ ਏਹਨਾਂ ਦੇ ਘਰ ਕਈ ਵਾਰ ਜਾਇਆ ਕਰਦੇ ਸਨ। ਉਹ ਏਨ੍ਹਾਂ ਨੂੰ ਕਿੱਸੋ ਕਹਿੰਦੇ ਹੁੰਦੇ ਸਨ। ਆਮ ਤੌਰ ਤੇ ਠਾਕੁਰ ਹਰ ਇਕ ਦਾ ਅੱਧਾ ਨਾਮ ਹੀ ਸਦਦੇ ਹੁੰਦੇ ਸਨ। ਸ੍ਰੀ ਮਾਨ ਸੰਤ ਲਾਲ ਸਿੰਘ ਜੀ ਭੂਰੇ ਗਿਲਾਂ ਵਾਲਿਆਂ ਨੂੰ "ਲਾਲੂ" ਤੇ ਸ੍ਰੀ ਮਾਨ ਬਾਬਾ ਮਿਤ ਸਿੰਘ ਜੀ ਜੀਉਣ ਭਿੰਡਰ ਵਾਲਿਆਂ ਨੂੰ "ਮਿਤ੍ਰੂ" ਆਖਦੇ ਹੁੰਦੇ ਸਨ।

ਇਕ ਵਾਰ ਜਦੋਂ ਕਿ ਆਪ ਆਪਣੇ ਪਿੰਡ ਮਹਾਵੇ ਸਨ, ਬੀਬੀ ਕਿਸ਼ਨ ਕੌਰ ਨੇ ਅਪਣੇ ਘਰ ਦੇਗ ਰਗੜਕੇ ਆਖਿਆ, ਜੇ ਅਜ ਠਾਕੁਰ ਏਥੇ ਪ੍ਰਗਟ ਹੋਕੇ ਮੇਰੇ ਹਥੋਂ ਦੇਗ ਦਾ ਛੰਨਾਂ ਲੈਕੇ ਛਕਣ ਤਾਂ ਜਾਣਾਂ। ਮੁਹਾਵੇ ਤੇ ਚਕੜਾਲੀ ਦਾ ਫੈਸਲਾ ਵੀਹਾਂ ਕੋਹਾਂ ਦਾ ਹੈ, ਤੇ ਰਾਹ ਵਿਚ ਦਰਯਾ ਵਹਿੰਦਾ ਹੈ। ਬੀਬੀ ਜੀ ਕੀ ਵੇਖਦੇ ਹਨ ? ਲੰਮਾ ਚੋਲਾ ਭਿਜਾ ਹੋਇਆ, ਸਿਰ ਦੀਆਂ ਬੌਰੀਆਂ ਖਿਲਰੀਆਂ ਹੋਈਆਂ ਤੇ ਡਾਂਗ ਮੋਢੇ ਤੇ ਧਰੀ ਹੋਈ 'ਮੈਂ ਵਹਿਗੁਰੂ, ਮੈਂ ਵਾਹਗੁਰੂ, ਕਹਿੰਦੇ ਹੋਏ ਠਾਕੁਰ ਵੇਹੜੇ ਵਿਚ ਆਕੇ ਆਖਣ ਲਗੇ ਸਹੁਰੀਏ, ਤੂੰ ਮੈਨੂੰ ਬੜਾ ਸਤਾਇਆ ਹੈ। ਕਿਤੇ ਹੋਵਾਂ ਤੂੰ ਖਲੋਣ ਨਹੀਂ ਦੇਂਦੀ। ਲਿਆ ਛੰਨਾਂ ਤੇਰੀ ਦੇਗ ਛਕਾਂ। ਮਹਾਵੇ ਤੋਂ ਨਠਾ ਹਾਂ। ਰਾਹ ਵਿਚ ਦਰਯਾ ਲੰਘਣ ਲਗਿਆਂ ਵੀ ਲੀੜੇ ਭਿਜ ਗਏ ਨੇ। ਬੀਬੀਜੀ ਦਰਸ਼ਨ ਕਰ ਤੇ ਬਚਨ ਸੁਣਕੇ ਬਾਗ਼ ਬਾਗ਼ ਹੋਏ। ਦੇਗ ਛਕਾਈ ਤੇ ਅੰਦਰ ਮੰਜਾ ਡਾਹ ਦਿਤਾ। ਠਾਕੁਰ ਜੀ ਪਲੰਘ ਤੇ ਬਹਿਕੇ

ਕਹਿਣ ਲਗੇ, ਪੁਤ ਭੁਖ ਬੜੀ ਲਗੀ ਹੈ, ਚੌਲ ਛਕਾ। ਬੀਬੀ ਜੀ ਨੇ ਝਟ ਚੌਲ ਧਰ ਦਿਤੇ, ਤੇ ਠਾਕਰਾਂ ਦੇ ਪ੍ਰੇਮ ਵਿਚ ਏਨੇ ਮਗਨ ਹੋਏ ਜੋ ਤਿੰਨ ਵਾਰ ਕੜਛੀ ਦੀ ਥਾਂ ਬਾਂਹ ਪਾਕੇ ਹੀ ਚੌਲ ਹਿਲੌਂਦੇ ਰਹੇ। ਜਦ ਚੌਥੀ ਵਾਰ ਬਾਂਹ ਪਾਣ ਲਗੇ, ਤਾਂ ਠਾਕਰ ਝਟ ਬਾਹਰ ਨਿਕਲ ਆਏ, ਤੇ ਕਹਿਣ ਲਗੇ—'ਸਹੁਰੀਏ ਐਤਕੀਂ ਪਾ ਖਾਂ ਚੌਲਾਂ ਵਿਚ ਹਥ, ਵੇਖ ਖਾਂ ਲੂਹਨਾਂ ਹਾਂ ਕਿ ਨਹੀਂ? ਸੌਹਰੀ-ਮੇਰੀਆਂ ਅਜਮੈਸ਼ਾਂ ਲੈਂਦੀ ਹੈ।

## (੧੭)ਡੰਗਰਾਂ ਦਾ ਲੰਗਰ

ਮੌੜਿਆਂ ਦਾ ਊਧਮ ਸਿੰਘ ਠਾਕਰ ਜੀ ਦਾ ਜਵਾਈ ਸੀ। ਇਕ ਵਾਰ ਬਾਬਾ ਜੀ ਅਪਣੀ (ਪਿੰਡ ਵਾਲੀ) ਕੁਟੀਆ ਤੋਂ ਉਸਦੇ ਨਾਲ ਮੌੜਿਆਂ ਨੂੰ ਚਲੇ। ਕੁਟੀਆ ਦੇ ਨੇੜੇ ਹੀ ਰਾਹ ਵਿਚ ਠਾਕਰਾਂ ਦਾ ਮਕਈ ਦਾ ਖੇਤ ਸੀ ਊਧਮ ਸਿੰਘ ਨੇ ਕੁਟੀਆ ਤੋਂ ਤੁਰਦਿਆਂ ਹੀ ਵੇਖਿਆ ਕਿ ਮਕਈ ਵਿਚ ਕਿਸੇ ਦੇ ਡੰਗਰ ਚਰ ਰਹੇ ਹਨ। ਚਿਤ ਵਿਚ ਆਇਆ, ਕਿ ਜੇ ਹੁਣੇ ਨਸ ਕੇ ਮੋੜੇ ਤਾਂ ਖਵਰੇ ਠਾਕਰ ਕੀ ਕਹਿਣ। ਪਿਛੇ ਪਿਛੇ ਤੁਰਿਆ ਜਾਂਦਾ ਹਾਂ, ਜਦ ਠਾਕਰ ਮਕਈ ਵਾਲੀ ਪੈਲੀ ਤੋਂ ਅਗੇ ਲੰਘ ਜਾਣਗੇ, ਤਾਂ ਚੁਪ ਕੀਤਾ ਹੀ ਪਿਛੋਂ ਡੰਗਰ ਮੋੜ ਦਿਆਂਗਾ। ਅੰਤ੍ਰ ਜਾਮੀ ਬਾਬਾ ਠਾਕੁਰ ਜੀ ਓਸੇ ਵੇਲੇ ਕਹਿਣ ਲਗੇ, ਪੁਤ ਮੇਰੀ ਕਾਰ ਵਿਚ ਤੁਰਿਆ ਹੈਂ ਕਿ ਬੇਲਾ ਸਿੰਘ ਤੇ ਮੰਗਲ ਸਿੰਘ ਦੀ ਕਾਰ ਵਿਚ? ਊਧਮ ਸਿੰਘ ਜੀ ਨੇ ਅਰਜ ਕੀਤੀ ਕਿ ਮਹਾਰਾਜ! ਮੈਂ ਆਪਦੀ ਕਾਰ ਵਿਚ ਹਾਂ। ਠਾਕਰਾਂ ਨੇ ਕਿਹਾ- ਬਚਾ, ਜੇ ਮੇਰੀ ਕਾਰ ਵਿਚ ਹੈਂ, ਤਾਂ ਡੰਗਰਾਂ ਨੂੰ ਚਰਨ ਦੇ ਮਕਈ ਵਿਚ ਪੁਤ ਰੋਟੀ ਖਾਂਦੇ ਨੂੰ ਥਾਲੀ ਕੋਲੋਂ ਉਠਾਕੇ ਘਰੋਂ ਕਢ ਦੇਈਏ ਤਾਂ ਚੰਗੀ ਗਲ ਤੇ ਨਹੀਂ ਨਾਂ। ਊਧਮ ਸਿੰਘ ਜੀ ਨੇ ਡੰਗਰ ਨਾਂ ਮੋੜੇ ਤੇ ਠਾਕਰ ਜੀ ਦੇ ਨਾਲ ਮੌੜਿਆਂ ਨੂੰ ਚਲੇ ਗਏ।

## (੧੮)ਠਾਕਰਾਂ ਦੇ ਸਿਰ ਤੇ ਚੌਰ

ਇਕ ਵਾਰ (ਲੋਪੋਕਿਆਂ ਦੇ ਪਾਸ) ਚੇਲੇਕੀ ਸਾਧ ਸੰਗਤ ਦਾ ਜੋੜ ਮੇਲ ਸੀ ਸਤਿਗੁਰੂ ਹਰੀ ਸਿੰਘ ਜੀ ਦੀਵਾਨ ਵਿਚ ਸੋਭ ਨੀਕ ਹੋ ਰਹੇ ਸਨ। ਠਾਕਰ ਜੀ ਵੀ ਦੀਵਾਨ ਵਿਚ ਬੈਠੇ ਹੋਏ ਸਨ। ਠਾਕਰਾਂ ਦੇ ਸੇਵਕ ਉਸ਼ਨਾਕਸਿੰਘ ਨੇ ਉਨ੍ਹਾਂ ਦੇ ਸੀਸ ਤੇ ਚੌਰ ਝੁਲਾਣਾਂ ਸ਼ੁਰੂ ਕਰ ਦਿਤਾ। ਸੰਗਤ ਵਿਚੋਂ ਇਕ ਸਿਖ ਨੇ, ਉਠਕੇ ਇਕ ਸੋਟੀ ਨਾਲ ਛਿਤਰ ਬਧਾ, ਤੇ ਠਾਕਰਾਂ ਦੇ ਸਿਰ ਤੇ ਚੋਰੀ ਵਾਂਗ ਝੁਲੌਣ ਲਗ ਪਿਆ। ਠਾਕਰ ਜੀ ਜੋ ਸ਼ਾਂਤੀ ਦੇ ਸਰੋਵਰ ਸਨ, ਚੁਪ ਕਰਕੇ ਬੈਠੇ ਰਹੇ, ਤੇ ਉਨ੍ਹਾਂ ਦੇ ਮਨ ਵਿਚ ਜਰਾ ਭਰ ਵੀ ਖੋਭ ਨਾਂ ਹੋਇਆ, ਸਗੋਂ ਸਿਖ ਨੂੰ ਕਹਿਣ ਲਗੇ, ਨਿਹਾਲ ਬੱਚਾ ਨਿਹਾਲ।

## (੧੯)

ਇੱਕ ਵਾਰ ਸ੍ਰੀ ਭੈਣੀ ਸਾਹਿਬ ਵਿਚ ਦੀਵਾਨ ਸਜਿਆ ਹੋਇਆ ਸੀ। ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਸਜੀਆਂ ਹੋਈਆਂ ਸਨ। ਦੀਨ ਦਯਾਲ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਏਹਨਾਂ ਮਾਨ ਸਰੋਵਰੀ ਹੰਸਾਂ ਵਿਚ ਪਰਮ ਹੰਸ ਦੇ ਰੂਪ ਵਿੱਚ ਸਸ਼ੋਭਤ ਹੋ ਰਹੇ ਸਨ। ਸ੍ਰੀ ਬਾਬਾ ਠਾਕਰ ਜੀ ਵੀ ਮਸਤ ਬਿਰਤੀ ਵਿਚ ਰਾਰਾ ਰਾਰਾ ਕਰਦੇ ਹੋਏ ਦੀਵਾਨ ਦੇ ਚੱਕਰ ਵਿੱਚ ਨੱਸੇ ਫਿਰਦੇ ਸਨ। ਏਸੇ ਕਾਰ ਵਿਚ ਜਦ ਆਪ ਸਤਿਗੁਰਾਂ ਦੇ ਚਰਨਾਂ ਵਿਚ ਆਏ ਤਾਂ ਸਤਿਗੁਰਾਂ ਨੇ ਪੁਛਿਆ ਬਾਬਾ ਜੀ ਤੁਸੀਂ ਕਛੈਹਰੇ ਕਿਉਂ ਨਹੀਂ ਪੌਂਦੇ? ਬਾਬਾ ਜੀ ਨੇ ਮਸਤ ਦਸ਼ਾ ਵਿਚ ਉੱਤ੍ਰ ਦਿਤਾ ਕਿ ਜਦੋਂ ਤੁਸਾਂ ਤ੍ਰੇਤੇ ਜੁਗ

ਵਿਚ ਅਵਤਾਰ ਧਾਰਿਆ ਸੀ, ਓਦੋਂ ਤੁਸੀਂ ਲਛਮਨ ਦਾ ਅਵਤਾਰ ਸੋ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰਾਮ ਚੰਦ੍ਰ ਦਾ ਅਵਤਾਰ ਸਨ। ਮੈਂ ਵੀ ਤੁਹਾਡੇ ਨਾਲ ਵਸ਼ਿਸ਼ਟ ਬਣਕੇ ਆਯਾ ਸਾਂ। ਹੁਣ ਤੁਸਾਂ ਗੁਰੂ ਗੋਬਿੰਦ ਸਿੰਘ ਦਾ ਰੂਪ ਧਾਰਿਆ ਏ ਤੇ ਮੈਂ ਆਇਆ ਹਾਂ ਨਾਨਕ ਦੀ ਕਾਰ ਵਿਚ। ਜੇ ਤੁਸਾਂ ਮੈਨੂੰ ਕਛੈਹਰਾ ਪਵੌਣਾਂ ਹੈ, ਤਾਂ ਤੁਸੀਂ ਨਾਨਕ ਦੀ ਕਾਰ ਵਿਚ ਆ ਜਾਓ ਤੇ ਮੈਂ ਗੁਰੂ ਗੋਬਿੰਦ ਸਿੰਘ ਦੀ ਕਾਰ ਵਿਚ ਆ ਜਾਂਦਾ ਹਾਂ। ਸਤਿਗੁਰੂ ਸਚੇ ਪਾਤਸ਼ਾਹ ਜੀ ਨੇ ਮਾਤਾ ਜੀਵਨਕੌਰ ਜੀ ਨੂੰ ਆਖਿਆ ਜੀਵਨਕੌਰੇ ਦੋ ਨਵੇਂ ਕਛਹਿਰੇ ਲੈ ਆਓ। ਜਿਸ ਵੇਲੇ ਕਛਹਿਰੇ ਲੈ ਆਂਦੇ ਗਏ ਤਾਂ ਸਤਿਗੁਰਾਂ ਨੇ ਕਿਹਾ ਲਓ ਬਾਬਾ ਜੀ ਕਛਹਿਰਾਪਹਿਨ ਲਉ। ਠਾਕਰਾਂ ਨੇ ਕਿਹਾ ਮੈਂ ਤਾਂ ਤੁਹਾਡੇ ਲਕ ਦਾ ਕਛਹਿਰਾ ਪੌਣਾਂ ਹੈ। ਤੁਸੀਂ ਆਪ ਧੋਤੀ ਬੰਨ੍ਹ ਲੌ ਤੇ ਮੈਨੂੰ ਕਛਹਿਰਾ ਦੇ ਦਿਉ। ਸਤਿਗੁਰਾਂ ਨੇ ਉਸੇ ਵੇਲੇ ਧੋਤੀ ਬੰਨ੍ਹ ਕੇ ਕਛੈਹਰਾ ਲਾਹ ਦਿਤਾ। ਠਾਕਰਾਂ ਨੇ ਕਛਹਿਰੇ ਲੈਕੇ ਕਿਹਾ, ਮੈਂ ਤੁਹਾਡਾ ਕਛਹਿਰਾ ਪਾਕੇ ਬੇਅਦਬੀ ਕਿਉਂ ਕਰਾਂ ? ਮੈਂ ਤਾਂ ਇਸਨੂੰ ਪਿੰਡ ਲਜਾਕੇ ਧੂਪ ਦੀਪ ਨਾਲ ਇਸ ਦੀ ਪੂਜਾ ਕਰਾਂਗਾ। ਦੀਨ ਦਯਾਲ, ਇਹ ਜਤੀ ਸਤੀ ਦੀ ਕੱਛ ਜੂ ਹੋਈ। ਇਹ ਕਹਿਕੇ ਨਮਸਕਾਰ ਕਰਕੇ ਦੌੜ ਗਏ। ਪਿਛੋਂ ਮੁਖੀ ਮੁਖੀ ਸਿਖਾਂ ਨੇ ਸਤਿਗੁਰਾਂ ਕੋਲ ਅਰਜ਼ ਕੀਤੀ ਸਚੇ ਪਾਤਸ਼ਾਹ ਸਾਨੂੰ ਤਾਂ ਤੁਸੀਂ ਪੌਂਚਾ ਲਹੁਣ ਤੋਂ ਵੀ ਤਨਖਾਹ ਲਾ ਦੇਂਦੇ ਹੋ, ਤੇ ਆਪਨੇ ਮਸਤਾਨੇ ਦੇ ਆਖੇ ਉੱਕਾ ਹੀ ਲਾਹ ਦਿੱਤਾ ਹੈ। ਸਤਿਗੁਰਾਂ ਨੇ ਕਿਹਾ, ਭਾਈ ਅਸਾਂ ਕੇਸਰ ਦਾ ਬਚਨ ਨਹੀਂ ਸੀ ਮੋੜਨਾਂ। ਹੁਣ ਤੁਸੀਂ ਜਿਵੇਂ ਆਖੋ ਤਿਵੇਂ ਹੀ ਕਰ ਲੈਂਦੇ ਹਾਂ। ਸਿੱਖ ਚੁਪ ਕਰ ਗਏ। ਸਤਿਗੁਰਾਂ ਨੇ ਕਿਹਾ, ਭਾਈ ਸਾਨੂੰ ਤਨਖਾਹ ਲੱਗਣੀ ਚਾਹੀਦੀ ਹੈ। ਉਪ੍ਰੰਤ ਇਕ ਸੌ ਰੁਪੈ ਦਾ ਕੜਾਹਪ੍ਰਸਾਦ ਕਰਾਕੇ ਕਛਹਿਰਾ ਪੈਹਨਿਆ।

## (੨੦)

ਇੱਕ ਵਾਰ ਮਿਸਟਰ ਕਿੰਗ ਡਿਪਟੀ ਕਮਿਸ਼ਨਰ, ਜ਼ਿਲਾ ਅੰਮ੍ਰਿਤਸਰ ਵਲੋਂ ਠਾਕੁਰ ਜੀ ਨੂੰ ਇਤਲਾਹ ਪਹੁੰਚੀ ਕਿ ਮੈਂ ਆਪਦੇ ਦਰਸ਼ਨ ਨੂੰ ਆਰਿਹਾ ਹਾਂ। ਸੇਵਕਾਂ ਨੇ ਠਾਕਰ ਜੀ ਨੂੰ ਇਹ ਖਬਰ ਸੁਣਾਈ ਤਾਂ ਠਾਕੁਰ ਅਪਣੀ ਮੌਜ ਵਿਚ ਚੁਪ ਕਰ ਰਹੇ। ਦੂਜੇ ਦਿਨ ਡਿਪਟੀ ਕਮਿਸ਼ਨਰ ਆਪਣੇ ਅਮਲੇ ਫੈਲੇ ਨਾਲ ਮੁਹਾਵੇ ਪਹੁੰਚਾ। ਪਤਾ ਲਗਾ, ਕਿ ਠਾਕੁਰ ਜੀ ਅਪਣੀ ਕੁਟੀਆ ਵਿਚ ਹਨ ਤਾਂ ਕੁਟੀਆ ਜਾਕੇ ਦਰਸ਼ਨ ਕੀਤਾ, ਟੋਪੀ ਲਾਹਕੇ ਅੰਗ੍ਰੇਜ਼ੀ ਤ੍ਰੀਕੇ ਨਾਲ ਨਮਸਕਾਰ ਕੀਤੀ। ਬਾਬਾ ਸਾਹਿਬ ਹਮ ਕੋ ਕੋਈ ਖਿਦਮਤ ਬਖਸ਼ੋ। ਹਮ ਚਾਹਤੇ ਹੈ ਕਿ ਆਪਕੇ ਲੰਗਰ ਵਾਸਤੇ ਕੋਈ ਜਾਗੀਰ ਆਪਕੋ ਦੇਵੇਂ। ਕਿਆ ਆਪ ਕੋ ਮਨਜ਼ੂਰ ਹੈ। ਠਾਕੁਰ ਜੀ ਨੇ ਕਿਹਾ ਸਾਰੀ ਧਰਤੀ ਦਾ ਮਾਲਕ ਫਕੀਰ ਹੈ। ਤੁਸੀਂ ਤਾਂ ਅਗੇ ਹੀ ਲੁਟੇਰੇ ਹੋ। ਅਸਾਂ ਤੁਹਾਡੇ ਕੋਲੋਂ ਕੀ ਲੈਣਾ ਹੈ। ਫਰੰਗੀਆ, ਅਸੀਂ ਖੁਦ ਮਾਲਕ ਹਾਂ। ਅਰਸ਼ ਫਰਸ਼ ਸਾਡੇ ਹੁਕਮ ਵਿਚ ਹਨ। ਜਦੋਂ ਡਿਪਟੀ ਕਮਿਸ਼ਨਰ ਨੇ ਦੁਬਾਰਾ ਸੇਵਾ ਵਾਸਤੇ ਅਰਜ਼ ਕੀਤੀ ਤਾਂ ਬਾਬੇ ਨੇ ਕਿਹਾ ਚੰਗਾ, ਫਿਰ ਕਚੈਹਰੀਆਂ ਵਿਚੋਂ ਝੂਠ ਤੇ ਰਿਸ਼ਵਤ ਬੰਦ ਕਰਦੇ। ਸਾਹਿਬ ਨੇ ਕਿਹਾ ਬਾਬਾ ਜੀ ਯੇਹ ਹਮਾਰੇ ਇਖਤਯ਼ਾਰ ਕੀ ਬਾਤ ਨਹੀਂ ਹੈ। ਤਾਂ ਬਾਬਾ ਜੀ ਨੇ ਬੇਪ੍ਰਵਾਹੀ ਦੇ ਨਾਲ ਕਿਹਾ,

ਜੇ ਨਹੀਂ ਤਾਂ ਜਾਓ। 'ਸਾਹਿਬ' ਸਲਾਮ ਕਰਕੇ ਟੁਰਗਿਆ।

## (੨੧) ਸਰੀਰ ਦੀ ਮਿਣਤੀ

ਇਕ ਦਿਨ ਠਾਕੁਰ ਜੀ ਆਪਣੇ ਦੋਹਾਂ ਪੁਤ੍ਰਾਂ ਸੰਤ ਬੇਲਾ ਸਿੰਘ ਤੇ ਮੰਗਲ ਸਿੰਘ ਨੂੰ ਆਖਣ ਲੱਗੇ, ਆਓ ਮੇਰੇ ਨਾਲ ਘੁਲੋ ਪਹਿਲਾਂ ਤਾਂ ਝਕਦੇ ਰਹੇ, ਫੇਰ ਉਹਨਾਂ ਦੀ ਰਜਾ ਸਮਝਕੇ ਘੁਲਣ ਲਗ ਪਏ, ਘੜੀ ਕੁ ਪਿਛੋਂ ਠਾਕਰਾਂ ਨੇ ਆਖਿਆ, ਪੁਤ੍ਰ ਮੈਨੂੰ ਮਿਣੋਂ ਮੈਂ ਕਿਨਾਂ ਲੰਮਾਂ ਹਾਂ। ਮਿਣਿਆਂ ਤਾਂ ਸਾਢੇ ਪੰਜ ਹੱਥ ਹੋਏ। ਦੂਜੀ ਵਾਰ ਫੇਰ ਆਖਿਆ ਕਿ ਮਿਣੋਂ ਤਾਂ ਸਾਢੇ ਚਾਰ ਹੱਥ ਹੋਏ। ਜਿਸ ਵੇਲੇ ਓਹਨਾਂ ਦੀ ਆਗਿਆ ਅਨੁਸਾਰ ਤੀਜੀ ਵਾਰ ਮਿਣਿਆਂ ਤਾਂ ਸਿਰਫ ਤਿੰਨ ਹੱਥ ਰਹਿ ਗਏ। ਠਾਕਰਾਂ ਦੀ ਏਹ ਖੇਡ ਸਾਰੇ ਇਲਾਕੇ ਵਿਚ ਪ੍ਰਸਿਧ ਸੀ ਕਿ ਆਪ ਆਪਣੀ ਇਛਿਆ ਦੇ ਅਨੁਸਾਰ ਦੇਹ ਦਾ ਅਕਾਰ ਵਧ ਘਟ ਕਰ ਲੈਂਦੇ ਹਨ।

## (੨੨) ਜੀਵਨ ਦਾਨ

ਇਕ ਦਿਨ ਠਾਕਰ ਜੀ ਨੁਸ਼ਹਿਰਾ ਪੰਨਵਾਂ ਜਿਲਾ ਅੰਮ੍ਰਿਤਸਰ ਵਿਚ ਗਏ। ਏਥੇ ਸ੍ਰ: ਕ੍ਰਿਪਾਲ ਸਿੰਘ ਜੀ ਬੜੇ ਪ੍ਰਸਿਧ ਨਾਮਧਾਰੀ ਸਰਦਾਰ ਹਨ। ਸ੍ਰ: ਜੀ ਦੇ ਪਿਤਾ ਜੀ ਜੋ ਕਿ ਪਹਿਲਾਂ ਹੀ ਬੀਮਾਰ ਸਨ, ਚੜ੍ਹਾਈ ਕਰ ਗਏ। ਸਰਦਾਰ ਕਿਰਪਾਲ ਸਿੰਘ ਜੀ ਨੇ ਠਾਕਰਾਂ ਨੂੰ ਘਰ ਲਿਆਕੇ ਅਰਜ਼ ਕੀਤੀ ਕਿ ਮਹਾਰਾਜ. ਸਾਡੇ ਪਿਤਾ ਜੀ ਨੂੰ ਕੁਛ ਚਿਰ ਹੋਰ ਆਯੂ ਬਖਸ਼ੋ। ਠਾਕਰਾਂ ਨੇ ਕਿਹਾ, ਬੱਚਾ ਇਸ ਨੂੰ ਦਸ ਵਰ੍ਹੇ ਹੋਰ ਉਮਰ ਦਿੱਤੀ। ਪਸਚਾਤ ਸਰਦਾਰ ਜੀ ਦੇ ਪਿਤਾ ਨੂੰ ਕਿਹਾ, ਬੱਚਾ ਹੁਣ ਉਠ ਤੂੰ ਦਸ ਵਰ੍ਹੇ ਹੋਰ ਜੀਵੇਂਗਾ। ਬਸ ਆਖਣ ਦੀ ਦੇਰ ਸੀ ਕਿ ਆਪ ਇਸਤਰਾਂ ਉਠਕੇ ਬੈਠ ਗਏ, ਜਿਸਤ੍ਰਾਂ ਕੋਈ ਸੁਤਾ ਹੋਯਾ ਪੁਰਸ਼ ਜਾਗ ਔਣ ਤੇ ਉਠ ਬੈਠਦਾ ਹੈ, ਤਾਂ ਸਰਦਾਰ ਕ੍ਰਿਪਾਲ ਸਿੰਘ ਜੀ ਨੇ ਜੋ ਕਿ ਅਜੇ ਮੌਜੂਦ ਹਨ) ਉਸ ਵੇਲੇ ਦਿਨ ਤੇ ਵਕਤ ਲਿਖ ਲਿਆ। ਸ੍ਰ: ਕ੍ਰਿਪਾਲ ਸਿੰਘ ਜੀ ਦਸਦੇ ਹਨ ਕਿ ਉਨ੍ਹਾਂ ਦੇ ਪਿਤਾ ਠਾਕਰਾਂ ਦੇ ਬਚਨ ਅਨੁਸਾਰ ਪੂਰੇ ਦਸ ਸਾਲ ਪਿਛੋਂ ਗੁਜ਼ਰੇ।

## ੨੩.

ਇਕਵਾਰ ਬਾਬਾ ਗੰਡਾਸਿੰਘ ਜੀ ਖਿਆਲੇ ਵਾਲੇ ਨੇ ਠਾਕਰ ਜੀਨੂੰ ਕਿਹਾ ਕਿ ਮੇਰਾ ਚਿਤ ਇਕੋਤ੍ਰ ਸੌ ਅਖੰਡ ਪਾਠ ਕਰੌਣ ਨੂੰ ਲੋਚਦਾ ਹੈ। ਠਾਕਰਾਂ ਨੇ ਕਿਹਾ ਜਿਨੀਂ ਰਸਤ ਤੇਰੇ ਕੋਲ ਹੈ ਸਾਡੇ ਕੋਲ ਲਿਆਕੇ ਰਖ ਦੇਹ। ਗੰਡਾ ਸਿੰਘ ਨੇ ਇਕ ਘੜਾ ਜਵਾਂ ਦਾ ਤੇ ਅਠਾਂ ਆਨਿਆਂ ਦਾ ਗੁੜ ਆਪ ਅਗੇ ਲਿਆ ਕੇ ਰਖ ਦਿਤਾ। ਬੇਪ੍ਰਵਾਹ ਸੰਤਾਂ ਨੇ ਅਰਦਾਸ ਕਰਕੇ ਅਖੰਡ ਪਾਠ ਖੋਲ੍ਹ ਦਿਤੇ। ਇਕਤ੍ਰ ਸੌ ਅਖੰਡ ਪਾਠ ਦਾ ਅਰੰਭ ਸੁਣਕੇ ਆਪਦੇ ਇਕ ਸੇਵਕ ਨੇ, ਜੋ ਲਾਹੌਰ ਰੇਲਵੇ ਦੇ ਕਾਰ-ਖਾਨੇ ਵਿਚ ਕੰਮ ਕਰਦਾ ਸੀ, ਸਤ ਸੌ ਰੁਪੈਯਾ ਕੱਠਾ ਕਰਕੇ ਠਾਕਰਾਂ ਦੀ ਭੇਟਾ ਕੀਤਾ। ਏਨ੍ਹਾਂ ਦਿਨਾਂ ਵਿਚ ਨਾਮਧਾਰੀ ਪੰਥ ਉਤੇ ਸਰਕਾਰ ਵਲੋਂ ਬੜੀਆਂ ਪਾਬੰਦੀਆਂ ਸਨ। ਆਗਿਆ ਪ੍ਰਾਪਤ ਕਰਨ ਤੋਂ ਬਿਨਾ ਕੋਈ ਨਾਮਧਾਰੀ ਮੇਲਾ ਨਹੀ ਸੀ ਕਰ ਸਕਦਾ। ਜਦ ਪਾਠਾਂ ਦੀ ਸਮਾਪਤੀ ਦਾ ਸਮਾਂ ਨੇੜੇ ਆਯਾ ਤਾਂ ਠਾਕਰਾਂ ਨੇ ਬਾਬਾ ਗੰਡਾ ਸਿੰਘ ਨੂੰ ਮੇਲੇ ਦੀ ਮਨਜ਼ੂਰੀ ਲੈਣ ਵਾਸਤੇ

ਆਖਿਆ। ਸ੍ਰਕਾਰ ਨੇ ਤਿੰਨਾਂ ਦਿਨਾਂ ਦੀ ਮਨ-ਜ਼ੂਰੀ ਦੇ ਦਿਤੀ ਪਰ ਮੇਲੇ ਦਾ ਐਸਾ ਰਸ ਬਝਿਆ ਕਿ ਤਿੰਨਾਂ ਦਿਨਾਂ ਦੀ ਥਾਂ ਚੌਥ ਦਿਨ ਰਾਤਨੂੰ ਭੋਗ ਪਿਆ। ਗੰਡਾ ਸਿੰਘ ਦੇ ਦਿਲ ਵਿਚ ਸੂਖਮ ਜਿਹਾ ਮਾਣ ਹੋਗਿਆ ਕਿ ਮੈਨੂੰ ਸ੍ਰਕਾਰ ਨੇ ਮੇਲੇ ਦੀ ਮਨਜ਼ੂਰੀ ਦੇ ਦਿਤੀ ਹੈ। ਠਾਕਰਾਂ ਨੇ ਕਿਹਾ ਮਾਣ ਨ ਕਰ ਇਹ ਗੋਰੇ ਕਿਸੇ ਦੇ ਮਿਤ੍ਰ ਨਹੀਂ। ਮੇਲੇ ਦੀ ਸਮਾਪਤੀ ਦੇ ਪਿਛੋਂ ਜਦ ਸੰਗਤ ਘਰੋ ਘਰੀ ਚਲੀ ਗਈ ਤਾਂ ਬਾਬੇ ਗੰਡਾ ਸਿੰਘ ਜੀ ਨੂੰ ਏਸ ਦੋਸ਼ ਵਿੱਚ ਛੇ ਮਹੀਨੇ ਦੀ ਕੈਦ ਦਾ ਹੁਕਮ ਹੋਇਆ ਕਿ ਉਸ ਨੇ ਤਿੰਨਾਂ ਦਿਨਾਂ ਦੀ ਮਨਜ਼ੂਰੀ ਲੈਕੇ ਚਾਰ ਦਿਨ ਮੇਲਾ ਕਿਉਂ ਕੀਤਾ ਹੈ। ਪਤਾ ਲੱਗਣ ਤੇ ਠਾਕਰਾਂ ਨੇ ਕਿਹਾ ਕਿ ਗੰਡਾ ਸਿੰਘ ਨੂੰ ਏਹ ਵੀ ਮਾਣ ਹੋ ਗਿਆ ਸੀ ਕਿ ਮੇਲਾ ਮੇਰੇ ਪਰਤਾਪ ਨਾਲ ਹੋਯਾ ਹੈ। ਭਾਈ ਇਹ ਤਾਂ ਅਕਾਲ ਪੁਰਖ ਦੀ ਖੇਡ ਸੀ। ਉਸ ਦਾ ਮਾਣ ਤੋੜਨ ਵਾਸਤੇ ਓਸ ਨੂੰ ਛੇ ਮਹੀਨੇ ਦੀ ਸਜ਼ਾ ਹੋਈ।

## (੨੪)ਮਹੰਤ ਕ੍ਰਿਪਾ ਸਿੰਘ ਜੀ

ਮਹੰਤ ਕਿਰਪਾ ਸਿੰਘ ਜੀ ਗੁਰੂ ਸਰ ਸੁਤ-ਲਾਣੀਂ ਵਾਲਿਆਂ ਨੂੰ ਬਾਬਾ ਜਮੀਤ ਸਿੰਘ ਜੀ ਗਿਲਾਂ ਵਾਲਿਆਂ ਦੇ ਵਰ ਨਾਲ ਮਹੰਤੀ ਮਿਲੀ ਸੀ। ਮਹੰਤ ਸਾਹਿਬ ਆਪ ਕਹਿੰਦੇ ਹੁੰਦੇ ਸਨ ਕਿ 'ਇਕ ਵਾਰ ਮੈਂ ਗਿਲੀਂ ਬਾਬਾ ਜੀ ਦਾ ਦਰਸ਼ਨ ਕਰਨ ਵਾਸਤੇ ਗਿਆ। ਅੰਮ੍ਰਿਤ ਵੇਲੇ ਜਦ ਮੈਂ ਖੂਹ ਤੇ ਇਸ਼ਨਾਨ ਵਾਸਤੇ ਗਿਆ, ਤਾਂ ਬਾਬਾ ਜੀ ਸੰਗਤ ਦਾ ਇਸ਼ਨਾਨ ਕਰਵਾ ਰਹੇ ਸਨ। ਖਵਰੇ ਮੇਰਾ ਸਰੀਰ ਲੰਮਾਂ ਤੇ ਭਾਰਾ ਵੇਖਕੇ ਉਨ੍ਹਾਂ ਨੇ ਕਿਹਾ,ਆ ਮਹੰਤਾ ਤੇਨੂੰ ਇਸ਼ਨਾਨ ਕਰਾਈਏ। ਮੈਂ ਝਟ ਬਸਤ੍ਰ ਉਤਾਰਕੇ ਹਾਜ਼ਰ ਹੋ ਗਿਆ। ਬਾਬਾ ਜੀ ਨੇ ਮੇਰੇ ਕੇਸਾਂ ਵਿਚ ਜਲ ਦੇ ਗੜਵੇ ਪਾਕੇ ਤਿੰਨ ਵੇਰ ਕਿਹਾ 'ਤੈਨੂੰ ਮਹੰਤ ਕੀਤਾ'ਪਰ ਮਹੰਤੀ ਨੂੰ ਦੀਵਾਨਿਆਂ ਮਸਤਾਨਿਆਂ ਤੋਂ ਬਚਾ ਕੇ ਰਖੀਂ। ਸੋ ਸੰਤ ਜੀ! ਮੇਰੇ ਤੇ ਨਾਮਧਾਰੀ ਸਾਧ ਸੰਗਤ ਦੀ ਹੀ ਕ੍ਰਿਪਾ ਹੈ।'

ਮਹੰਤ ਸਾਹਿਬ ਬਾਬੇ ਗਿਲਾਂ ਵਾਲੇ ਦੀ ਕ੍ਰਿਪਾ ਨਾਲ ਬੜੇ ਪ੍ਰਤਾਪ ਵਾਲੇ ਮਹੰਤ ਹੋਏ। ਲਾਟ ਸਾਹਿਬ ਤਕ ਆਪਨੂੰ ਟੋਪੀ ਲਾਹਕੇ ਸਲਾਮ ਕਰਦੇ ਸਨ। ਮਾਨਤਾ ਵੀ ਬੜੀ ਸੀ ਰੋਅਬ ਝਲਿਆ ਨਹੀਂ ਸੀ ਜਾਂਦਾ, ਪਰ ਜਦੋਂ ਉਸਨੇ ਬਾਬਾ ਜੀ ਦੇ ਬਚਨ ਦਾ ਉਲੰਘਨ ਕੀਤਾ ਉਸ ਵਿਚਾਰੇ ਦੀ ਇਜ਼ਤ ਕੌਡੀ ਦੀ ਵੀ ਨਾਂ ਰਹਿ ਗਈ। ਉਹ ਵਾਰਤਾ ਇਉਂ ਹੈ ਕਿ ਪਿੰਡ ਭਕਨਾਂ ਜ਼ਿਲਾ ਅੰਮ੍ਰਿਤਸਰ ਵਿਚ ਬੜਾ ਭਾਰੀ ਦੀਵਾਨ ਲਗਾ ਹੋਇਆ ਸੀ, ਜਿਸ ਵਿਚ ਮਹੰਤ ਕਿਰਪਾ ਸਿੰਘ ਜੀ ਵੀ ਬੈਠੇ ਹੋਏ ਸਨ। ਬਾਬਾ ਕੇਸਰ ਸਿੰਘ ਜੀ ਮਹਾਰਾਜ ਜੋਕਿ ਅਲਮਸਤ ਬਿਰਤੀ ਵਿਚ ਹੀ ਵਿਚਰਦੇ ਰਹਿੰਦੇ ਸਨ ਦੀਵਾਨ ਵਿਚ ਜਾਕੇ ਕਹਿਣ ਲਗੇ—"ਮੈਂ ਖੁਦ ਗੁਰੂ ਨਾਨਕ ਹਾਂ।" ਮਹੰਤ ਕਿਰਪਾ ਸਿੰਘ ਜੀ ਨੇ ਸਿੱਖਾਂ ਨੂੰ ਕਿਹਾ, ਕਿ ਇਸਨੂੰ ਦੀਵਾਨ ਵਿਚੋਂ ਕਢ ਦਿਓ, ਕਿਉਂਕਿ ਇਹ ਗੁਰੂ ਨਾਨਕ—ਬਣ ਕੇ ਗੁਰੂ ਜੀ ਦੀ ਹੱਤਕ ਕਰ ਰਿਹਾ ਹੈ। ਬਾਬਾ ਕੇਸਰ ਜੀ ਦਾ ਜਲਵਾ ਵੀ ਅਜੇਹਾ ਸੀ, ਕਿ ਮਹੰਤ ਸਾਹਿਬ ਦੀ ਗੱਲ ਨੂੰ ਲੋਕਾਂ ਨੇ ਮਸ਼ੀਨ ਦੇ ਘੁੱਗੂ ਵਾਂਗੂ ਧਿਆਨ ਵਿਚ ਹੀ ਨਾਂ ਲਿਆਂਦਾ, ਪਰ ਗੁਰੂ ਨਾਨਕ ਰੂਪ ਠਾਕਰ ਨੇ ਕਿਹਾ, ਪੁਤ ਕਿਰਪਿਆ। ਨਾਨਕ ਨੂੰ ਦਿਵਾਨ

ਵਿਚੋਂ ਕੱਢਣ ਵਾਲਾ ਕੌਣ ਹੈ? ਨਾਨਕ ਤਾਂ ਖੰਡਾਂ ਬ੍ਰਹਿਮੰਡਾਂ ਦਾ ਮਾਲਕ ਹੈ, ਸਭ ਉਸਦੇ ਹੁਕਮ ਵਿਚ ਹੈਨ। ਤੈਨੂੰ ਵੀ ਜਮੀਤ ਸੋਂਹ ਨੇ ਨਾਨਕ ਦੀ ਕਾਰ ਵਿਚ ਈ ਮਹੰਤੀ ਬਖਸ਼ੀ ਸੀ, ਪਰ ਤੈਨੂੰ ਉਸਦੀ ਸਿੱਖਯਾ ਭੁੱਲ ਗਈ ਹੈ। ਓਇ ਤੈਨੂੰ ਤਾਂ ਮਹੰਤ ਬਣਾਇਆ ਸੀ ਤੇ ਤੂੰ ਪਾਮਰ ਹੋ ਗਿਆ ਹੈਂ? ਪੁਤ ਨਾਨਕ ਦੀ ਕਾਰ ਵਿਚ ਆ। ਨਾਨਕ ਦਾ ਬਣ ਕੇ ਰਹੁ ਨਹੀਂ ਤਾਂ ਮਹੰਤੀ ਰੁਖ ਦੇ ਪੱਤੇ ਵਾਂਗੂ ਉੱਡ ਜਾਊ। ਠਾਕਰਾਂ ਦੇ ਏਨ੍ਹਾਂ ਬਚਨਾਂ ਦਾ ਹੋਰ, ਸੰਗਤਾਂ ਤੇ ਐਸਾ ਅਸਰ ਹੋਇਆ, ਕਿ ਲੋਕ ਉੱਠ ਉਠਕੇ ਮਥੇ ਟੇਕਣ ਲਗ ਪਏ। ਜਦੋਂ ਮੱਥਾ ਟੇਕਣ ਲਗਿਆਂ ਮਹੰਤ ਵੱਲ ਪਿਠ ਹੋਵੇ ਤਾਂ ਉਹ ਸਗੋਂ ਖਿਝੇ, ਤੇ ਬੁੜ ਬੁੜ ਕਰੇ। ਦੀਵਾਨ ਦਾ ਭੋਗ ਪੈ ਗਿਆ ਤੇ ਸੰਗਤਾਂ ਚਾਲੇ ਪਾ ਗਈਆਂ।

## ੨੫.

ਥੋੜੇ ਚਿਰ ਪਿਛੋਂ ਮਹੰਤ ਜੀ ਦੇ ਵਿਰੁੱਧ ਇਲਾਕੇ ਵਿੱਚ ਬੜਾ ਰੌਲਾ ਪੈ ਗਿਆ। ਲੋਕਾਂ ਨੇ ਦਰਖਾਸਤ ਦਿਤੀ ਕਿ ਸਾਨੂੰ ਏਹ ਮਹੰਤ ਮਨਜ਼ੂਰ ਨਹੀਂ। ਜ਼ਿਮੇਵਾਰ ਹਾਕਮ ਗੁਰੂਸਰ ਸੁਤਲਾਣੀਂ ਪੁਜੇ, ਤੇ ਲੋਕਾਂ ਨੂੰ ਕੱਠਿਆਂ ਕਰਕੇ ਪੁੱਛਿਆ, ਤੁਹਾਨੂੰ ਕਿਰਪਾ ਸਿੰਘ ਮਹੰਤ ਮਨਜ਼ੂਰ ਹੈ ਕਿ ਨਹੀਂ? ਅਗੋਂ ਅਵਾਜ ਆਈ, ਕਿ ਜਿਸ ਕਿਰਪਾ ਸਿੰਘ ਨੂੰ ਰੱਬ ਰੂਪ ਬਾਬੇ ਕੇਸਰ ਨੇ ਪਾਮਰ ਕਿਹਾ ਸੀ, ਉਹ ਸਾਨੂੰ ਕਿਵੇਂ ਮਨਜ਼ੂਰ ਹੋ ਸਕਦਾ ਹੈ? ਆਖਿਰ ਮਹੰਤ ਸਾਹਿਬ ਨੂੰ ਬਰਖਾਸਤ ਕੀਤਾ ਗਿਆ, ਤੇ ਉਨ੍ਹਾਂ ਨੇ ਅਪਣੇ ਜੀਵਨ ਦੇ ਪਿਛਲੇ ਦਿਨ ਛਾਉਣੀਂ ਮੀਆਂਮੀਰ ਦੇ ਇਕ ਡੇਰੇ ਵਿਚ ਬੜੇ ਕਸ਼ਟ ਨਾਲ ਵਤੀਤ ਕੀਤੇ।

## (੨੬) ਸ੍ਰ: ਸੋਹਣ ਸਿੰਘ ਜੀ

ਸ੍ਰਦਾਰ ਸੋਹਣ ਸਿੰਘ ਜੀ ਭਕਨਾਂ ਜ਼ਿਲਾ ਅੰਮ੍ਰਿਤਸਰ ਦੇ ਇਕ ਪ੍ਰਸਿੱਧ ਵਿਅਕਤੀ ਹਨ, ਜਿਨ੍ਹਾਂ ਨੂੰ ਅਜ ਕਲ ਬਾਬਾ ਸੋਹਣ ਸਿੰਘ ਜੀ ਕਹਿੰਦੇ ਹਨ। ਵਰਤਮਾਨ ਕਾਲਵਿਚ ਆਪ ਕਿਰਤੀ ਲਹਿਰ ਦੇ ਮੁਖੀਆਂ ਵਿਚੋਂ ਹਨ।

ਆਪ ਦਾ ਅਰੰਭਕ ਇਤਹਾਸ ਤਾਂ ਬੜਾ ਚੋਖਾ ਹੈ, ਪਰ ਏਥੇ ਕੇਵਲ ਏਹੀ ਦੱਸਣ ਦੀ ਲੋੜ ਭਾਸਦੀ ਹੈ, ਕਿ ਠਾਕੁਰ ਜੀ ਦੀ ਕਿਰਪਾ-ਦ੍ਰਿਸ਼ਟੀ ਨੇ ਉਹਨਾਂ ਦੇ ਜੀਵਨ ਵਿਚ ਅਜੇਹਾ ਪਲਟਾ ਦਿਤਾ ਸੀ, ਕਿ ਉਹ-"ਚੰਦਨ ਵਾਸ ਨਿੰਮ ਮਹਿਕਾਈ" ਵਤ ਨਿੰਮ ਤੋਂ ਚੰਨਣ ਰੂਪ ਹੋ ਗਏ ਸਨ, ਆਪ ਸੰਗਤ ਦੀ ਸੇਵਾ ਵਿਚ ਏਨੇ ਤੱਤ ਪਰ ਸਨ, ਕਿ ਹੋਲੇ ਮਹੱਲੇ ਤੇ ਮੇਲੇ ਕਰਕੇ ਅਪਣੇ ਦੋਵੇਂ ਖੂਹ ਗਹਿਣੇ ਪਾ ਦਿਤੇ। ਪਰ ਠਾਕਰਾਂ ਨੇ ਵਾਕ ਕੀਤਾ ਪੁਤ ਤੇਰਾ ਇੱਕ ਖੂਹ ਐਵੇਂ ਛੁਟ ਜਾਵੇਗਾ। ਬਾਬਾ ਸੋਹਣ ਸਿੰਘ ਜੀ ਦੀ ਠਾਕਰਾਂ ਤੇ ਬੜੀ ਸ਼੍ਰਧਾ ਸੀ ਤੇ ਵਾਕ ਤੇ ਭਰੋਸਾ ਸੀ। ਵੈਰਾਗ ਦਸ਼ਾ ਵਿਚ ਰਹਿੰਦੇ ਸਨ। ਏਹਨਾਂ ਦੇ ਚਿੱਤ ਵਿਚ ਇਹ ਇੱਛਾ ਰਹਿੰਦੀ ਸੀ, ਕਿ ਮੇਰੇ ਕੋਲ ਬਹੁਤ ਸਾਰੀ ਮਾਇਆ ਹੋਵੇ, ਤਾਂ ਮੈਂ ਸਾਧ ਸਗਤ ਦੀ ਸੇਵਾ ਰਜ ਕੇ ਕਰ ਲਵਾਂ। ਜਦ ਇਹ ਇਛਿਆ ਠਾਕਰ ਜੀ ਕੋਲ ਪ੍ਰਗਟ ਕੀਤੀ, ਤਾਂ ਉਹਨਾਂ ਨੇ ਕਿਹਾ ਪੁਤ ਕੀ ਕਰਨਾਂ ਹੈ ਮਾਇਆ ਨੂੰ? ਏਹ ਤਾਂ ਨਾਗਣੀ ਹੈ। ਪੁਤ ਜਿਨਾਂ ਘਰ ਹੋਇਆ

ਸੇਵਾ ਕਰ ਛੱਡੀ ਬਾਬਾ ਸੋਹਣ ਸਿੰਘ ਜੀ ਠਾਕਰਾਂ ਤੋਂ ਚੋਰੀ ਅਮਰੀਕਾ ਚਲੇ ਗਏ। ਜਦ ਠਾਕਰ ਜੀ ਨੂੰ ਪਤਾ ਲੱਗਾ, ਤਾਂ ਆਖਣ ਲੱਗੇ ਮੁੰਡੇ ਨੇ ਬਚਨ ਨਹੀ ਮੰਨਿਆਂ ਮਾਇਆ ਪਿੱਛੇ ਲਗਕੇ ਚਲਾ ਗਿਆ ਹੈ, ਪਰ ਉਥੋਂ ਦੁਖ ਦੀ ਕਾਰ ਲੈਕੇ ਆਵੇਗਾ ਤੇ ਭੁਖਾ ਮਰੇਗਾ। ਠਾਕਰਾਂ ਦੇ ਏਹ ਬਚਨ ਹਰਫ ਬਹਰਫ ਦਰੁਸਤ ਹੋਏ। ਕੋਮਾਂਗਾਟਾ ਮਾਰੂ ਦੇ ਕੇਸ ਵਿਚ ਬਾਬਾ ਸੋਹਣ ਸਿੰਘ ਜੀ ਨੂੰ ਫਾਂਸੀ ਦਾ ਹੁਕਮ ਹੋਇਆ। ਲਹੌਰ ਦੀ ਸੇਂਟਰਲ ਜੇਹਲ ਵਿਚੋਂ ਬਾਬਾ ਜੀ ਨੇ ਠਾਕਰਾਂ ਕੋਲ ਅਰਜ ਕਰ ਘੱਲੀ ਕਿ ਮੈਨੂੰ ਮਿਲ ਜਾਓ। ਠਾਕਰ ਜੀ ਆਪ ਤਾਂ ਨਾਂ ਗਏ ਪਰ ਅਪਣੇ ਪੁਤ੍ਰ ਬੇਲਾ ਸਿੰਘ ਤੇ ਭਾਈ*ਹੀਰਾ ਸਿੰਘ ਰਾਗੀ ਨੂੰ ਕਹਿਆ ਪੁਤ ਜਾਓ! ਸੋਹਣੇਂ ਨੂੰ ਆਖ ਆਓ—‘‘ਤੇਰੀ ਫਾਸੀ ਕੱਟੀ’’ ਜਦ ਉਹਨਾਂ ਨੇ ਜਾਕੇ ਠਾਕਰ ਜੀ ਦਾ ਇਹ ਸਨੇਹਾ ਸੁਣਾਇਆ ਤਾਂ ਕੋਲੋਂ ਜੇਹਲ ਦਾ ਦ੍ਰੋਗਾ ਹਸ ਕੇ ਕਹਿਣ ਲੱਗਾ, ਕਿ ਭਲਕੇ ਤਾਂ ਇਸ ਨੇ ਫਾਹੇ ਲੱਗ ਜਾਣਾਂ ਹੈ, ਸ੍ਰਕਾਰੀ ਹੁਕਮ ਭਲਾ ਕਿਵੇਂ ਟਲ ਜਾਏਗਾ? ਤਾਂ ਭਾਈ ਹੀਰਾ ਸਿੰਘ ਜੀ ਤੇ ਬੇਲਾ ਸਿੰਘ ਨੇ ਕਿਹਾ ਸੋਹਣ ਸਿੰਘ ਤੂੰ ਡੋਲੀਂ ਨਾਂ ਠਾਕਰਾਂ ਦਾ ਬਚਨ ਕਦੇ ਬਿਰਥਾ ਨਹੀਂ ਜਾਏਗਾ। ਭਾਈ—‘‘ਸਾਧ ਬਚਨ ਅਟਲਾਧਾ,’’ ਇਹ ਗੁਰੂ ਜੀ ਦਾ ਵਾਕ ਹੈ ਨਿਸਫਲ ਨਹੀਂ ਜਾ ਸਕਦਾ। ਸਿੱਖ ਸੁਨੇਹਾਂ ਦੇਕੇ ਚਲੇ ਗਏ। ਰਾਤ ੧੨ ਵਜੇ ਵਲੈਤ ਤੋਂ ਤਾਰ ਆ ਗਈ ਕਿ ਅਮੁਕੇ ਅਮੁਕੇ ਆਦਮੀ ਨੂੰ ਫਾਂਸੀ ਨਾਂ ਦਿੱਤੀ ਜਾਵੇ। ਏਹਨਾਂ ਵਿਚ ਬਾਬਾ ਸੋਹਣ ਸਿੰਘ ਜੀ ਦਾ ਵੀ ਨਾਮ ਸੀ। ਏਨ੍ਹਾਂ ਦੀ ਫਾਂਸੀ ਕੈਦ ਦੇ

---

*ਮਹਾਵੇ ਵਿਚ ਇਕ ਹੀਰਾ ਮਰਾਸੀ ਸੀ। ਜਿਸ ਵੇਲੇ ਠਾਕਰ ਮਸਤ ਹੋਏ ਤਾਂ ਆਪ ਨੂੰ ਕੀਰਤਨ ਸੁਣਨ ਦੀ ਖਿਚ ਲੱਗੀ। ਆਪ ਹੀਰੇ ਦੇ ਘਰ ਗਏ, ਹੀਰਾ ਲੀੜਾ ਲੈਕੇ ਲੰਮਾ ਪਿਆ ਹੋਇਆ ਸੀ। ਠਾਕਰਾਂ ਨੇ ਕਿਹਾ ਹੀਰਿਆ, ਉਠ ਤੈਨੂੰ ਰਾਗ ਦੇਈਏ। ਹੀਰੇ ਤੋਂ ਜੁਲਾ ਲਾਹਕੇ ਆਪਣਾ ਚਾਦਰਾ ਉਸ ਤੇ ਪਾ ਕਹਿਣ ਲਗੇ, ਪੁਤ ਤੈਨੂੰ ਨਾਨਕ ਦੀ ਕਾਰ ਵਿਚ ਰਿਧੀਆਂ ਸਿਧੀਆਂ ਦਿਤੀਆਂ। ਹੀਰੇ ਨੇ ਬਚਨ ਮੰਨ ਲਿਆ ਤੇ ਨਾਲ ਤੁਰ ਪਿਆ। ਏਹੀ ਬਾਦ ਵਿਚ ਹੀਰਾ ਸਿੰਘ ਕਰਕੇ ਪ੍ਰਸਿਧ ਹੋਯਾ। ਬਾਬਾ ਹੀਰਾ ਸਿੰਘ ਜੀ ਢੋਲਕ ਵਜਾਕੇ ਬੜੇ ਪ੍ਰੇਮ ਨਾਲ ਕੀਰਤਨ ਕਰਦੇ ਹੁੰਦੇ ਸਨ। ਏਨ੍ਹਾਂ ਦੇ ਪੁਤ੍ਰਭਾਈ ਗੁਰਮੁਖ ਸਿੰਘ ਤੇ ਭਾਈ ਸਰਮੁਖ ਸਿੰਘ ਅਜ ਕਲ ਬੜੇ ਪ੍ਰਸਿਧ ਰਾਗੀ ਹਨ। ਰਿਧੀਆਂ ਸਿੱਧੀਆਂ ਵਾਲਾ ਬਚਨ ਅਜੇਹਾ ਪੂਰਾ ਹੋਇਆ ਕਿ ਏਨ੍ਹਾਂ ਦੇ ਕੁਤੇ ਵੀ ਦੁਧ ਨਹੀਂ ਕਬੂਲਦੇ। ਪਿਛੇ ਦਸਿਆ ਗਿਆ ਹੈ ਕਿ ਠਾਕਰਾਂ ਨੇ ਅਪਣੀ ਚਾਦਰ ਭਾਈ ਹੀਰੇ ਤੇ ਪਾਕੇ ਜੁੱਲਾ ਲਾਹ ਦਿੱਤਾ ਸੀ, ਜੋ ਘਰ ਲਿਜਾ ਸੁਟਿਆ, ਤੇ ਕਿਹਾ ਪੁਤ ਬੇਲਾ ਸਿੰਘਾ ਏਹ ਹੀਰੇਕਿਆਂ ਦਾ ਜੁੱਲਾ ਹੈ। ਸੋ ਸੰਤ ਬੇਲਾ ਸਿੰਘ ਜੀ ਹੁਰਾਂ ਦੀ ਕਾਰ ਢਿਲੀ ਜੇਹੀ ਹੀ ਰਹਿੰਦੀ ਹੈ। ਪਰ ਉਹਨਾਂ ਦਾ ਪਰਵਾਰ ਸਾਧੂਆਂ ਦਾ ਹੈ ਕ੍ਰਿਤ ਕਰਕੇ ਜੋ ਹੋਵੇ ਸੋ ਵੰਡ ਛੱਕਦੇ ਹੈਨ ਠਾਕਰਾਂ ਦੇ ਪੋਤ੍ਰੇ ਸੰਤ ਕ੍ਰਿਪਾਲ ਸਿੰਘ ਤੇ ਮੋਹਨ ਸਿੰਘ ਨਾਮਧਾਰੀ ਪੰਥ ਦੇ ਪੂਰੇ ਸੇਵਕ ਹਨ। ਭਾਈ ਹੀਰਾਸਿੰਘ ਜੀ ਸੰਮਤ ੧੯੩੯ ਦੇ ਅਖੀਰ ਵਿਚ ਗੁਜਰਾਂਵਾਲੇ ਵਿਖੇ ਲਗ ਭਗ ੮੦ ਸਾਲ ਦੀ ਉਮਰ ਵਿੱਚ ਚੜ੍ਹਾਈ ਕਰ ਗਏ ਹਨ।

ਰੂਪ ਵਿੱਚ ਬਦਲ ਗਈ।

## (੨੭)

ਬਹਿੜ ਵਾਲ ਅਟਾਰੀ ਤੋਂ ਚੁਗਾਵੇਂ ਨੂੰ ਜਾਣ ਵਾਲੀ ਸੜਕ ਤੇ ਨਹਿਰ ਦੇ ਪੁਲ ਕੋਲ ਇਕ ਪਿੰਡ ਹੈ। ਨਹਿਰ ਦੇ ਕੰਢੇ ਤੇ ਈਸਾਈਆਂ ਦਾ ਇਕ ਮਿਸ਼ਨ ਹੈ ਜਿਸਦਾ ਨਾਮ ਆਸਰਾ ਪੁਰ ਪ੍ਰਸਿੱਧ ਹੈ। ਇਸ ਮਿਸ਼ਨ ਦਾ ਸੰਚਾਲਕ ਤੇ ਇਨਚਾਰਜ ਮਿਸਟਰ ਵਧਾਵਾ ਮਲ ਬੜਾ ਹੀ ਪ੍ਰੇਮੀ ਅਤੇ ਸਤਿਸੰਗੀ ਸੀ, ਜਿਸਦਾ ਨਾਮਧਾਰੀ ਪੰਥ ਨਾਲ ਬਹੁਤ ਪ੍ਰੇਮ ਸੀ। ਉਹ ਹਰ ਸਾਲ ਅਪਣੇ ਆਸ਼੍ਰਮ ਤੇ ਮਿਸ਼ਨ ਵਲੋਂ ਇਕ ਮੇਲਾ ਕਰਦਾ ਹੁੰਦਾ, ਜਿਸ ਦਾ ਨਾਮ "ਪ੍ਰੇਮ ਸੰਗਤ" ਦੇ ਨਾਉਂ ਨਾਲ ਪੁਕਾਰਿਆ ਜਾਂਦਾ ਸੀ। ਉਹ ਠਾਕਰਾਂ ਨੂੰ ਮਸੀਹ ਦਾ ਰੂਪ ਮੰਨਕੇ ਉਨਾਂ ਦਾ ਬੜਾ ਸਤ-ਕਾਰ ਕਰਦਾ ਹੁੰਦਾ ਸੀ, ਜਦੋਂ ਠਾਕਰ ਜੀ ਬਹਿੜ ਵਾਲ ਜਾਂਦੇ ਉਨ੍ਹਾਂ ਨੂੰ ਤੁਰੇ ਔਂਦਿਆ ਵੇਖਕੇ ਆਸ਼੍ਰਮ ਵਿਚ ਸ਼ੋਰ ਮਚ ਜਾਂਦਾ ਕਰਾ ਇਸਟ ਇਜ਼ ਕਮਿੰਗ, ਕਰਾਇਸਟ ਇਜ਼ ਕਮਿੰਗ, ਇਸ ਦਾ ਅਰਥ ਹੈ-'ਯਿਸੂ ਮਸੀਹ ਆ ਰਿਹਾ ਹੈ, ਯਿਸੂ ਮਸੀਹ ਆ ਰਿਹਾ ਹੈ। ਤਰਨ ਤਾਰਨ ਵਿਖੇ ਈਸਾਈ ਮਿਸ਼ਨ ਦਾ ਅੰਗ੍ਰੇਜ਼ ਪਾਦਰੀ ਵੀ ਸਮੇਤ ਅਪਣੇ ਪ੍ਰਵਾਰ ਦੇ ਠਾਕਰਾਂ ਨੂੰ ਮਸੀਹ ਦਾ ਰੂਪ ਹੀ ਮੰਨਦਾ ਸੀ, ਜਦ ਆਪ ਉਨ੍ਹਾਂ ਦੇ ਬੰਗਲੇ ਜਾਂਦੇ ਉਨ੍ਹਾਂ ਨੂੰ ਚਾ ਚੜ੍ਹ ਜਾਂਦਾ ਸੀ,। ਉਹ ਸਭ ਅਗਾਦੀ ਦੌੜੇ ਆਉਂਦੇ, ਤੇ ਟੋਪ ਲਾਹ ਲਾਹ ਸਲਾਮਾਂ ਕਰਦੇ। ਠਾਕਰ ਜੀ ਵੀ ਉਨ੍ਹਾਂ ਦੀ ਭਾਵਨਾਂ ਦੇ ਅਨੁਸਾਰ ਆਖਦੇ ਕੇਸਰ ਵਿਚ ਈਸਾ ਈਸੇ ਵਿਚ ਕੇਸਰ। ਮੈਂ ਖੁਦ ਈਸਾ। ਮੈਂ ਖੁਦ ਈਸਾ। ਸੰਤ ਇੰਦਰ ਸਿੰਘ ਜੀ ਸਮਸੇ (ਜ਼ਿਲਾ ਸਿਆਲਕੋਟ) ਵਾਲਿਆਂ ਤੇ ਜਦ ਠਾਕਰਾਂ ਦੀ ਕਿਰਪਾ ਹੋਈ, ਤਾਂ ਉਹ ਵੀ ਉਹਨਾਂ ਦੇ ਨਾਲ ਕਈ ਵਾਰ ਤਰਨ ਤਾਰਨ ਜਾਂਦੇ ਹੁੰਦੇ ਸਨ। ਇਕ ਵਾਰ ਠਾਕਰ ਤਰਨ ਤਾਰਨ ਗਏ ਤਾਂ ਅਗੇ ਇੰਦ੍ਰ ਸਿੰਘ ਜੀ ਬੈਠੇ ਹੋਏ ਸਨ ਤੇ ਪਾਦਰੀ ਦੀਆਂ ਲੜਕੀਆਂ ਉਹਨਾਂ ਦੇ ਸਿਰ ਵਿਚ ਤੇਲ ਝਸ ਰਹੀਆਂ ਸਨ। ਠਾਕਰਾਂ ਨੇ ਕਿਹਾ ਪੁਤ ਇੰਦਰਾ ਬਚਕੇ ਰਹੀਂ। ਵੇਖੀਂ ਤੇਲ ਝਸਾਉਂਦੇ ਨੂੰ ਕਿਤੇ ਬਿਜਲੀ ਨਾਂ ਪੈ ਜਾਵੇ। ਇੰਦਰ ਨੇ ਕਿਹਾ ਮਹਾਰਾਜ ਬਖਸ਼ੋ, ਤੇ ਏਹ ਅਪਣਾਂ ਬਚਨ ਮੋੜ ਲੌ। ਠਾਕਰ ਜੀ ਨੇ ਕਿਹਾ ਚੰਗਾ ਮੋੜਿਆ, ਪਰ ਤੂੰ ਵੀ ਮੁੜਿਆ ਰਹੀਂ, ਪ੍ਰੰਤੂ ਇੰਦਰ ਸਿੰਘ ਨਾਂ ਮੁੜਿਆ ਤੇ ਇਕ ਮਿਸ ਬਦਲੇ ਈਸਾਈ ਹੋ ਗਿਆ ਪਰ ਠਾਕਰਾਂ ਨੇ ਜਾਕੇ ਦੋ ਡਾਂਗਾਂ ਲਾਕੇ ਆਖਿਆ ਉਇ ਫਸ ਗਿਆਏਂ ਨਰਕ ਵਿਚ ਨਿਕਲ ਤੇਰੀ ਐਸੀ ਤੈਸੀ ਫੇਰ ਇੰਦਰ ਸਿੰਘ ਸਭ ਕੁਛ ਛਡਕੇ ਠਾਕਰਾਂ ਦੇ ਨਾਲ ਆਗਿਆ।

## ਲੌਹ ਦੀ ਸੇਵਾ

ਠਾਕੁਰ ਜੀ ਭਾਵੇਂ ਬੜੇ ਬਿਰਕਤ ਸਨ, ਅਤੇ ਮਾਇਆ ਨੂੰ ਹਥ ਤਕ ਨਹੀਂ ਸਨ ਲਗਾਂਦੇ, ਪਰ ਫੇਰ ਵੀ ਸੰਗਤਾਂ ਜੋ ਮੱਥਾ ਟੇਕਣ ਉਹ ਅਪਣੇ ਸੇਵਕ ਈਸਰ ਸਿੰਘ ਬਰਾੜ ਵਾਲੇ ਦੇ ਪੱਲੇ ਬਨ੍ਹਾਂ ਦਿੰਦੇ ਸਨ। ਜਿਥੇ ਸਤਿਗੁਰੂ ਰਾਮ ਸਿੰਘ ਜੀ ਦੀ ਲੌਹ ਚਲਦੀ ਦੇਖਣੀਂ, ਈਸਰ ਸਿੰਘ ਨੂੰ ਹੁਕਮ ਦੇਣਾਂ ਪੁਤ ਲੰਗਰ ਦੀ ਕਾਰ ਵਿਚ ਜੋ ਕੁਛ ਪੱਲੇ ਹੈਗਾਈ ਐਥੇ ਰਖਦੇ। ਜੀਏ ਬੱਗੇ ਵਾਲੀ ਮਾਈ ਰੂਪੀ ਨੇ ਜੇਹੜੀ ਧੇਲੀ ਮਥਾ ਟੇਕੀ ਸੀ ਐਥੇ ਰਖਦੇ। ਮੌੜਿਆਂ ਵਾਲੀ ਰੁੱਕੋ ਨੇ ਜੇਹੜੀ ਪੌਲੀ ਦਿਤੀ

ਸੀ ਉਹ ਵੀ ਧਰਦੇ। ਫਲਾਣੇ ਸਿਖ ਨੇ ਜੇਹੜਾ ਰੁਪਯਾ ਦਿਤਾ ਸੀ ਓਹ ਵੀ ਰੱਖਦੇ। ਏਸੇ ਤ੍ਰਾਂ ਜੋ ਕਛ ਕਿਤਿਓਂ ਮਿਲਿਆ ਹੋਣਾਂ, ਨਾਂ ਲੈ ਲੈਕੇ ਕਹੀ ਜਾਣਾਂ ਓਹ ਵੀ ਰੱਖਦੇ ਉਹ ਵੀ ਰੱਖਦੇ। ਉਪ੍ਰੰਤ ਆਖਣਾਂ ਕੰਨੀਆਂ ਝਾੜ ਦੇਹ। ਬਾਬੇ ਈਸਰ ਸਿੰਘ ਨੇ ਸਾਰਾ ਲੇਖਾ ਵਖੋ ਵੱਖਰਾ ਠਾਕਰ ਜੀ ਦੇ ਅੱਗੇ ਰੱਖ ਦੇਣਾਂ। ਉਪ੍ਰੰਤ ਠਾਕਰ ਜੀ ਨੇ ਡੇਰੇ ਦੇ ਮਹੰਤ ਨੂੰ ਕਹਿਣਾਂ ਲੈ ਪੁਤ ਗੁਰੂ ਕੇ ਲੰਗਰ ਦੀ ਕਾਰ।

## ੨੮. ਰਾਮ ਕੌਡੀ

ਠਾਕਰਾਂ ਦੀ ਰਾਮ ਕੌਡੀ ਪ੍ਰਸਿਧ ਖੇਡ ਸੀ। ਰਾਤ ਨੂੰ ਆਪ ਨੇ ਆਪਣੇ ਸੇਵਕਾਂ ਨੂੰ ਬਾਹਰ ਲੈ ਜਾਂਦੇ ਤੇ ਕਹਿੰਦੇ ਆਓ ਪੁੱਤ ਰਾਮ ਕੌਡੀ ਖੇਡੀਏ। ਆਗਯਾ ਦੇ ਅਨਸਾਰ ਦੋ ਢੇਰੀਆਂ ਬਣਾ ਕੇ ਅੱਧੇ ਓਧਰ ਤੇ ਅੱਧੇ ਓਧਰ ਹੋ ਜਾਂਦੇ।ਆਪ ਠਾਕਰ ਦੋਹਾਂ ਪਾਰਟੀਆਂ ਵੱਲ ਵਾਰੀ ੨ ਖੇਡਦੇ ਕੌਡੀ ਦੀ ਥਾਂ ਰਾਰਾ ਰਾਰਾ ਰਾਰਾ ਰਾਰਾ ਆਖਦੇ ਤੇ ਅਖਵਉਂਦੇ। ਜੀਹਦਾ ਸਾਹ ਟੁਟ ਜਾਵੇ ਉਹਨੂੰ ਆਖ ਦੇਣ ਔਹ ਮਾਰਿਆ। ਪੁਤ ਇਹ ਰਾਰੇ ਹੱਕੋਂ ਜੂ ਟੁਟ ਗਿਆ, ਏਸ ਲਈ ਇਹ ਮਾਰਿਆ। ਪੁਤ ਜੀਹਦਾ ਦਮ ਰਾਰੇ ਵੱਲੋਂ ਟੁਟ ਗਿਆ ਓਹਦਾ ਰਿਹਾ ਕੀ।

## ੨੯. ਜੀਵਨ ਮੁਕਤਮਾਤਾ ਜੀ

ਸਾਡੇ ਪੂਜ ਜੀਯਾ ਮਾਤਾ ਜੀਓਣ ਕੌਰ ਜੀ ਦਸਦੇ ਹਨ, ਕਿ ਸਾਨੂੰ ਬੜੀਆਂ ਖੁਸ਼ੀਆਂ ਦੇਂਦੇ ਹੁੰਦੇ, ਤੇ ਆਖਦੇ ਜੀਉਣ ਕੌਰੇ ਤੂੰ ਜੀਵਨ ਕੌਰ ਨਹੀਂ ਜੀਵਨ ਮੁਕਤ ਹੈ। ਤੂੰ ਧੰਨ ਹੈਂ ਜੋ ਸਧ ਸੰਗਤ ਦੀ ਸੇਵਾ ਕਰਦੀ ਹੈਂ। ਮਾਤਾ ਜੀ ਨੇ ਦੱਸਿਆ ਖੋਟੇ ਜ਼ਿਲਾ ਫੀਰੋਜ਼ਪੁਰ ਦੇ ਹੋਲੇ ਵਿਚ ਮੈਂ ਠਾਕਰਾਂ ਨੂੰ ਰਸਦ ਵਾਲੀ ਹੱਟੀ ਵਿਚ ਬਹਾਕੇ ਕਿਹਾ ਬਾਬਾ ਜੀ! ਤੁਸੀਂ ਏਥੇ ਹੀ ਬੈਠੇ ਰਹੋ ਤਾਕਿ ਰਸਦ ਦੀ ਟੋਟ ਨਾ ਆਵੇ ਥਾਪੀ ਦੇਕੇ ਕਹਿਣ ਲਗੇ ਜੀਉਣ ਕੌਰੇ ਤੇਰਿਆਂ ਹੱਥਾਂ ਵਿਚ ਬਰਕਤ ਹੈ, ਤੂੰ ਜਿਨਾਂ ਜੀ ਕਰੇ ਵਰਤਾਇਆ ਕਰ ਕਦੇ ਟੋਟ ਨਹੀਂ ਆਵੇਗੀ। ਇਹ ਸਤਿਗੁਰੂ ਰਮ ਸਿੰਘ ਜੀ ਦਾ ਲੰਗਰ ਹੈ।

## (੩੦) ਰਾਮ ਰੇਲ

ਪਿਛੇ ਇਕ ਥਾਂ ਦੱਸਿਆ ਜਾ ਚੁੱਕਾ ਹੈ, ਕਿ ਠਾਕਰ ਜੀ ਦੁਗੈਚਾਂ ਦੇ ਮੇਲੇ ਤੇ ਗਏ ਸਨ, ਜੋ ਲਹੌਰ ਤੋਂ ੪੯ ਮੀਲ ਹੈ। ਲਹੌਰ ਵਲ ਔਣ ਵਾਲੀ ਸੰਗਤ ਨੂੰ ਆਪਨੇ ਕਿਹਾ ਕਿ ਆਓ ਤੁਹਾਨੂੰ ਰਾਰੇ ਦੀ ਰਾਮ ਰੇਲ ਤੇ ਚੜ੍ਹਾਕੇ ਲੈ ਚਲਾਂ। ਸਭ ਨੂੰ ਅੱਗੜ ਪਿਛੜ ਖੜਿਆਂ ਕਰਕੇ ਇਕ ਮੋਟੇ ਤੇ ਲੰਮੇਂ ਸਿੱਖ ਨੂੰ ਅਗੇ ਲਾ ਆਖਿਆ—"ਲੈ ਪੁਤ ਭੂ ਬੰਬਾ ਹੋਇਓਂ" ਤੇ ਆਪ ਸਭ ਤੋਂ ਪਿਛੇ ਹੋਕੇ ਕਿਹਾ ਮੈਂ ਗਾਡ ਹੋਇਆ। ਪੁਤ ਮੇਰਾ ਸਲੇਤ੍ਰ ਝੰਡੀ ਸਮਝਣੀਂ। ਏਨੂੰ ਵੇਖਕੇ ਤੂੰ ਫਫ ਫਫ ਕਰਕੇ ਦੌੜ ਪਵੀਂ। ਸਭ ਨੂੰ ਕਿਹਾ ਕਿ ਤੁਸੀਂ ਸਾਰ ਗੱਡੀਆਂ ਹੋਏ। ਏਹ ਮੇਰੇ ਰਾਮੇ (ਸ੍ਰੀ ਸਤਿ-ਗੁਰੂ ਰਾਮ ਸਿੰਘ ਜੀ) ਦੀ ਰੇਲ ਬਣ ਗਈ। ਏਹਨਾਂ ਵਿਚ ਕਈ ਓਹ ਸਨ ਜੋ ਸਤ ਅਠ ਕੋਹ ਦੌੜਨਾਂ ਤਾਂ ਕਿਤੇ ਰਿਹਾ ਤੁਰਵੀ ਨਹੀਂ ਸਕਦੇ ਸਨ। ਜਿਸ ਵੇਲੇ ਗਾਡ ਨੇ ਝੰਡੀ ਦਿੱਤੀ ਤਾਂ ਰੇਲ ਚੀਕ ਮਾਰਕੇ (ਜੈਕਾਰਾ ਗਜਾਕੇ) ਫਫ ਫਫ ਕਰਦੀ ਚਲ ਪਈ। ਲਹੌਰ ਦੇ ਅੱਧ ਵਿਚ ਜਾਕੇ ਖਲਿਹਾਰ ਕੇ

ਆਖਣ ਲਗੇ ਇੰਜਣ ਬਦਲ ਲਈਏ। ਫੇਰ ਅਗਲੇ ਸਿੱਖ ਨੂੰ ਪਿਛੇ ਕਰਕੇ ਉਸਦੀ ਥਾਂ ਨਵਾਂ ਲਾ ਕੇ ਚਲ ਪਏ। ਇਸੇ ਤ੍ਰਾਂ ਦੌੜਦੇ ਹੋਏ ਲੌਢੇ ਵੇਲੇ ਲਹੌਰ ਪੁਜ ਗਏ।

## ੩੧. ਬੂਟਾ ਲਾਇਆ

ਨੁਸ਼ਹਿਰੇ ਨੰਗਲੀ ਵਾਲਾ ਸ੍ਰਦਾਰ ਰੂੜ ਸਿੰਘ ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤ ਸਰ ਦਾ ਸਰਬ੍ਰਾਹ ਅਤੇ ਅੰਮ੍ਰਿਤਸਰ ਵਿਖੇ ਆਨਰੇਰੀ ਮੈਜਿਸਟ੍ਰੇਟ ਸੀ, ਉਸਨੇ ਇਕ ਵਾਰ ਅਰਜ ਕੀਤੀ ਸੱਚੇ ਪਾਤਸ਼ਾਹ ਮੇਰੀ ਉਮਰ ਗੁਜਰ ਚੱਲੀ ਹੈ, ਪਰ ਪੁੱਤਰ ਦਾ ਮੂੰਹ ਵੇਖਣਾਂ ਨਸੀਬ ਨਹੀਂ ਹੋਇਆ। ਠਾਕਰਾਂ ਨੇ ਆਖਿਆ ਜਾਹ ਤੇਰੇ ਘਰ ਬੂਟਾ ਲਾਇਆ। ਬ੍ਰਿਧ ਅਵਸਥਾ ਵਿਚ ਪੁਤ੍ਰ ਹੋਇਆ, ਜੋ ਹੁਣ ਬੂਟਾ ਸਿੰਘ ਦੇ ਨਾਮ ਨਾਲ ਪ੍ਰਸਿੱਧ ਹੈ।

ਕਈ ਵਾਰ ਠਾਕਰ ਸ੍ਰਦਾਰ ਅਰੂੜ ਸਿੰਘ ਜੀ ਦੀ ਕਚਹਿਰੀ ਵਿਚ ਜਾਕੇ ਆਖਦੇ ਪੁਤ ਰੂੜੀ ਐਤਕੀਂ ਦੀ ਮੱਸਿਆ ਤੈਨੂੰ ਦਿਤੀ। ਭਾਵ ਏਹ, ਕਿ ਤਰਨ ਤਾਰਨ ਜੋ ਹਰ ਮਹੀਨੇ ਮੱਸਿਆ ਲਗਦੀ ਹੈ, ਉਸ ਵਿਚ ਸਾਧ ਸੰਗਤ ਦਾ ਖਰਚ ਤੈਥੋਂ ਲੈਣਾਂ ਹੈ। ਸ੍ਰਦਾਰ ਨੇ ਅਰਜ ਕਰਨੀ, ਮਹਾਰਾਜ ਹੁਕਮ ਕਰੋ। ਠਾਕਰਾਂ ਨੇ ਕਹਿਣਾ ਦੋ ਪੌਂਡ ਸੱਜੇ ਹਥ ਨਾਲ ਮੇਚ ਤੇ ਰਖਦੇ। ਪੰਜ ਬੋਰੀਆਂ ਮੈਦੇ (ਆਟੇ) ਦੀਆਂ ਐਥੇ ਰਖਵਾਦੇ। ਇਕ ਪੀਪਾ ਘਿਉ ਦਾ ਐਥੇ ਮੰਗਵਾਦੇ। ਸ੍ਰਦਾਰ ਨੇ ਝਟ ਆਗਜ਼ਾ ਦਾ ਪਾਲਨ ਕਰਨਾਂ, ਤੇ ਆਪ ਦੇ ਨਾਲ ਮਜਦੂਰਾਂ ਨੂੰ ਢੁਕਾ ਕੇ ਅੰਮ੍ਰਿਤਸਰ ਦੀ ਨਾਮਧਾਰੀ ਧਰਮ ਸਾਲਾ ਵਿਖੇ ਪੁਚਾ ਦੇਣਾਂ। ਉਥੇ ਜਾਕੇ ਠਾਕਰ ਜੀ ਨੇ ਸ੍ਰੀ ਮਾਨ ਮਹੰਤ ਜੀਉਣ ਸਿੰਘ ਜੀ ਨੂੰ ਕਹਿਣਾਂ, ਲੈ ਪੁਤ ਜੀਉਣਿਆਂ ਭਾਦ੍ਰੋਂ ਦੀ ਮੱਸਿਆ ਐਤਕੀਂ ਰੂੜੀ ਨੂੰ ਦੇ ਆਏ ਹਾਂ। ਪੁਤ ਮੱਸਿਆ ਸਾਂਭ ਲੈ। ਏਸੇ ਤਰਾਂ ਕਈ ਵਾਰ ਰਾਜਾਸਾਂਸੀ ਵਾਲੇ ਸ੍ਰਦਾਰ ਰਘਬੀਰ ਸਿੰਘ ਸਾਹਿਬ ਦੇ ਪਾਸ ਜਾਕੇ ਵੀ ਸੰਗਤ ਦੀ ਸੇਵਾ ਵਾਸਤੇ ਪ੍ਰੇਰਨਾਂ ਕਰਦੇ। ਸਭ ਆਪ ਦੇ ਹੁਕਮ ਦੀ ਤਾਮੀਲ ਕਰਨ ਵਿਚ ਆਪਣੀ ਖੁਸ਼ ਕਿਸਮਤੀ ਸਮਝਦੇ ਸਨ।

## ੩੨. ਖੇਡ ਉਜੜ ਜਾਊ

ਪ੍ਰਲੋਕ ਵਾਸੀ ਸ੍ਰੀ ਮਾਨ ਸੰਤ ਜਵੰਦ ਸਿੰਘ ਜੀ ਦਾ ਨਾਮ ਸਿੰਘ ਸਭਾਵਾਂ ਵਿਚ ਓਸ ਜ਼ਮਾਨੇ ਵਿੱਚ ਬੜਾ ਪ੍ਰਸਿੱਧ ਸੀ। ਆਪ ਦੀ ਬਿਰਤੀ ਬੜੀ ਅਡੋਲ ਸੀ ਅਤੇ ਕੀਰਤਨ ਬੜਾ ਸੁੰਦਰ ਕਰਦੇ ਸਨ। ਉਹਨਾਂ ਦੇ ਨਾਮ ਨਾਲ ਜੀਵਨ ਮੁਕਤ ਦੀ ਪਦਵੀ ਜੋੜੀ ਜਾਂਦੀ ਸੀ। ਰਾਜਾ ਸਾਂਸੀ ਦੇ ਬਾਹਰ ਪੌਣੇ ਕੁ ਮੀਲ ਦੇ ਫਾਸਲੇ ਤੇ ਸੰਤਾਂ ਦਾ ਡੇਰਾ ਸੀ। ਸ੍ਰਦਾਰ ਸਾਹਿਬ ਸ੍ਰਦਾਰ ਰਘਬੀਰ ਸਿੰਘ ਜੀ ਨੇ ਅਪਨੇ ਘਰ ਪੁਤ੍ਰ ਪੈਦਾ ਹੋਣ ਦੀ ਖੁਸ਼ੀ ਵਿਚ ਬੜਾ ਭਾਰੀ ਜੋੜਮੇਲ ਕੀਤਾ ਸੀ। ਅਸੀਂ (ਮੈਂ, ਸੰਤ ਨਥਾ ਸਿੰਘ ਤੇ ਜਥਾ) ਵੀ ਓਥੇ ਗਏ ਹੋਏ ਸਾਂ। ਮਹੰਤ ਕ੍ਰਿਪਾ ਸਿੰਘ ਜੀ ਵੀ ਬੁਲਾਏ ਹੋਏ ਸਨ। ਹੋਰ ਰਾਗੀਆਂ ਰਬਾ-ਬੀਆਂ ਦੀਆਂ ਕਈ ਜੋੜੀਆਂ ਸਨ। ਦਿਨ ਦੇ ਦੱਸ ਕੁ ਵਜੇ ਦਾ ਵਕਤ ਸੀ ਜਦ ਕਿ ਠਾਕਰ ਰਾਰਾ ਰਾਰਾ ਕਰਦੇ ਸੰਤ ਜਵੰਦ ਸਿੰਘ ਜੀ ਦੇ ਡੇਰੇ ਆ ਗਏ। ਅਸੀਂ ਵੀ ਉਸ ਸਮੇਂ ਓਥੇ ਸਾਂ। ਸਭ ਲੋਕਾਂ ਨੇ ਠਾਕਰਾਂ ਨੂੰ ਨਮਸਕਾਰ ਕੀਤੀ। ਠਾਕਰਾਂ ਨੇ ਕਿਹਾ ਮੈਂ ਜਵੰਦ ਸਿੰਘ ਨੂੰ ਮਿਲਨਾਂ ਹੈ। ਸੁਣਿਆਂ

# ਸ੍ਰੀ ਸਤਿਗੁਰੂ ਹਰੀ ਸਿੰਘ ਜੀ ਮਹਾਰਾਜ






ਦੋਨੋ ਭਈਆ ਏਕ ਸਰੂਪ ਕਰ ਭਾਸੇ । ਸਤਿਗੁਰ ਆਪ ਮੁਖੋਂ ਪ੍ਰਗਾਸੇ ॥

ਏ ਅਜ ਕੱਲ ਉਹ ਚੰਗਾ ਭੂਤਰਿਆ ਹੋਇਆ ਹੈ। ਵੇਖੀਏ ਤਾਂ ਸਹੀ। ਉਹਨਾਂ ਦੇ ਸੇਵਕਾਂ ਨੂੰ ਕੀ ਪਤਾ ਸੀ, ਕਿ ਬਾਬਾ ਅਕਾਲ ਪੁਰਖ ਦਾ ਰੂਪ ਹੈ। ਉਹ ਏਹੀ ਸਮਝਦੇ ਸਨ. ਕਿ ਇਹ ਕੋਈ ਕਮਲਾ ਯਾਂ ਭੰਗੜ ਬੁੱਢਾ ਹੈ। ਉਹਨਾਂ ਨੇ ਕਿਹਾ ਬਾਬਾ ! ਮਹਾਰਾਜ ਗੁਫ਼ਾ ਵਿਚ ਬੈਠੇ ਹੋਏ ਭਜਨ ਕਰਦੇ ਹੈਨ, ਐਸ ਵੇਲੇ ਦਰਸ਼ਨ ਨਹੀਂ ਹੋ ਸਕਦਾ। ਠਾਕਰ ਜੀ ਨੇ ਕਿਹਾ ਓਹਨੂੰ ਆਖੋ ਜੀਹਦਾ ਭਜਨ ਕਰਨਾਂਏ ਉਹ ਤਾਂ ਤੈਨੂੰ ਮਿਲਨ ਆਇਆ ਬਾਹਰ ਖਲੋਤਾ ਏ. ਤੇ ਤੂੰ ਅੰਦਰ ਕੀ ਬਣੌਨਾਂ ਏਂ? ਸੇਵਕਾਂ ਨੂੰ ਏਸ ਬਚਨ ਦਾ ਸਗੋਂ ਗੁੱਸਾ ਲੱਗਾ, ਤੇ ਆਪਣੇ ਹੀ ਹਠ ਤੇ ਕੈਮ ਰਹੇ। ਠਾਕਰਾਂ ਨੇ ਕਿਹਾ ਚੰਗਾ ਪੁੱਤ ਜੇ ਤੁਸੀਂ ਦਰਸ਼ਨ ਕਰਾ ਦੇਂਦੇ ਤਾਂ ਚੰਗਾ ਹੀ ਸੀ, ਪਰ ਜਾਓ ਇਹ ਡੇਰਾ ਉਜੱੜ ਜਾਊ। ਪੁਤ! ਜਿਥੇ ਵਾਹਿਗੁਰੂ ਦੀ ਪੁਛ ਨਾਂ ਹੋਵੇ. ਨਾਨਕ ਨੂੰ ਵੇਖਣ ਵਾਲੀਆਂ ਅੱਖਾਂ ਨਾਂ ਹੋਣ ਓਥੇ ਅਬਾਦੀ ਕਿਸਤ੍ਰਾਂ ਰਹਿ ਸਕਦੀ ਹੈ। ਏਹ ਬਚਨ ਕਰਕੇ ਠਾਕਰ ਚਲੇ ਗਏ। ਇੱਕ ਦੋ ਸਾਲ ਹੀ ਪਿੱਛੋਂ ਸੰਤ ਜਵੰਦ ਸਿੰਘ ਜੀ ਦਾ ਸਰੀਰ ਸ਼ਾਂਤ ਹੋਗਿਆ ਉਨ੍ਹਾਂ ਦੇ ਪਿਛੋਂ ਚੇਲਿਆਂ ਨੇ ਕੁਛ ਹਰੇ ਹਾਣ ਰਖੀ, ਪਰ ਆਖਿਰ ਕਾਰ ਓਥੇ ਅਜੇਹੀ ਖੇਡ ਵਰਤੀ ਕਿ ਇਕ ਖ਼ਾਸ ਕੇਸ ਦੇ ਕਾਰਨ ਉਹ ਡੇਰਾ ਬਰਬਾਦ ਹੋਗਿਆ। ਉਹ ਡੇਰਾ, ਜੇਹੜਾ ਸੰਤ ਜਵੰਦ ਸਿੰਘ ਹੁਰਾਂ ਦੇ ਨਾਮ ਅਤੇ ਕੀਰਤਨ ਦੇ ਪ੍ਰਤਾਪ ਨਾਲ ਏਨਾ ਅਬਾਦ ਹੋਇਆ ਸੀ, ਕਿ ਸ਼ਹਿਰਾਂ ਤੇ ਪਿੰਡਾਂ ਦੇ ਲੋਕ ਓਥੇ ਦਰਸ਼ਨ ਕਰਨ ਵਾਸਤੇ ਔਣ ਲਗ ਪਏ ਸਨ, ਤੇ ਸੰਤ ਸਰ ਤਲਾ ਦੀ ਪੌੜੀ ਹੋ ਚੁਕੀ ਸੀ ਅਜ ਬੇ ਆਬਾਦੀ ਦੀ ਸ਼ਕਲ ਵਿਚ ਇਸ ਗਲ ਦਾ ਪ੍ਰਤੱਖ ਸਬੂਤ ਪੇਸ਼ ਕਰ ਰਿਹਾ ਹੈ. ਕਿ ਹਰੀ ਰੂਪ ਮਹਾਂਪੁਰਖਾਂ ਦੇ ਵਾਕ ਅਮੋਘ ਬਾਣ ਹਨ ਜੋ ਕਿ ਕਦੇ ਖਾਲੀ ਨਹੀਂ ਜਾ ਸਕਦੇ।

## (੩੩) ਮੈਂ ਤਾਂ ਰਾਮੇ ਦਾ ਹਾਂ

ਇਕ ਵਾਰ ਆਪ ਦੇ ਕੋਲ ਬਹੁਤ ਸਾਰੀ ਸੰਗਤ ਬੈਠੀ ਹੋਈ ਸੀ। ਆਪਨੇ ਉਠ ਕੇ ਧਰਤੀ ਤੇ ਇਕ ਲਕੀਰ ਖਿਚਕੇ ਕਿਹਾ ਕਿ ਜੇਹੜੇ ਰਾਮੇ ਦੇ ਹੈਨ ਔਧਰ ਹੋ ਜਾਓ, ਤੇ ਜੇਹੜੇ ਕੇਸਰ ਦੇ ਹਨ ਐਧਰਆਜਾਓ। ਅਜੇ ਸਿਖ ਦਲੀਲਾਂ ਹੀ ਕਰਦੇ ਸਨ ਕਿ ਕਿਧਰ ਹੋਈਏ, ਕਿ ਸਭ ਤੋਂ ਪਹਿਲੋਂ ਛਾਲ ਮਾਰਕੇ ਲੀਕ ਟਪ ਗਏ, ਤੇ ਕਹਿਣ ਲਗੇ ਮੈਂ ਤਾਂ ਰਾਮੇਂ ਦਾ ਹਾਂ।

## ਅੰਤਮ ਬੇਨਤੀ

ਠਾਕਰਾਂ ਦਾ ਜੀਵਨ ਸਾਗਰ ਤਾਂ ਅਥਾਹ ਹੈ, ਜਿਸਦਾ ਤਰਨਾਂ ਅਸੰਭਵ ਹੈ. ਇਸ ਲਈ ਮੈਂ ਆਸ਼ਾ ਕਰਦਾ ਹਾਂ ਕਿ ਪਾਠਕ ਜਨ ਮੇਰੀ ਅਲਪੱਗਤਾ ਨੂੰ ਮੁਖ ਰਖਦੇ ਹੋਏ ਇਸ ਬੂੰਦ ਮਾਤ੍ਰ ਨੂੰ ਹੀ ਪ੍ਰਵਾਨ ਕਰ ਲੈਣਗੇ। ਕਦੇ ਸਮਾਂ ਮਿਲਿਆ ਤਾਂ ਆਪ ਦਾ ਜੀਵਨ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕਰਕੇ ਸਾਧ ਸੰਗਤ ਦੀ ਭੇਟਾ ਕਰਾਂਗਾ। ਆਪ ਦਾ ਸ਼ਰੀਰ ਪਿੰਡ ਸਮਸਾ ਜ਼ਿਲਾ ਸਿਆਲਕੋਟ ਵਿਖੇ ੨੫ ਹਾੜ ਸੰਮਤ ੧੯੭੨ ਬਿ: ਨੂੰ ਸ਼ਾਂਤ ਹੋਇਆ। ਸ਼ਰੀਰ ਸ਼ਾਂਤ ਹੋਣ ਦੀ ਕਥਾ ਵੀ ਬੜੀ ਬਿਚਿਤ੍ਰ ਹੈ ਜੋ ਕਿ ਸਥਾਨਾ ਭਾਵ ਦੇ ਕਾਰਨ ਏਥੇ ਅੰਕਿਤ ਕਰਨੀ ਕਠਿਨ ਹੈ। (ਆਲਿਮ)

# ਜੀਵਨ ਮੁਕਤ

ਸੋਰਠਿ ਮਹਲਾ ੯॥

ਸੋਰਠਿ ਮਹਲਾ ੯ ॥ ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾਕੈ ਕੰਚਨ ਮਾਟੀ ਮਾਨੈ ॥੧ ॥ ਰਹਾਉ ॥ ਨਹ ਨਿੰਦਿਆ ਨਹ ਉਸਤਤਿ ਜਾਕੈ ਲੋਭੁ ਮੋਹੁ ਅਭਿਮਾਨਾ ॥ ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ ੧ ॥ ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥ ਕਾਮ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ ॥ ੨ ॥ ਗੁਰਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿਪਛਾਨੀ ॥ ਨਾਨਕ ਲੀਨ ਭਇਓ ਗੋਬਿੰਦ ਸਿਉਜਿਉਪਾਨੀ ਸੰਗਿ ਪਾਨੀ ॥ ॥ ੩ ॥ ੧੧ ॥

# ਸੁਖਮਨੀ ਵਿਚੋਂ

—ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥ ਤੈਸਾ ਸੁਵਰਨ ਤਸੀ ਉਸ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥ ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥

# (੧੫)ਸਰਹਾਲੀਪੂਵਾਰ

ਵਲੋਂ ਸੰਤ ਮੰਗਲ ਸਿੰਘ ਜੀ
ਲੋਪੋਕੀ ਹਾਲ ਅੰਮ੍ਰਿਤਸਰ

## (ੳ) ਬਾਬਾ ਸ਼ਾਮ ਸਿੰਘ ਜੀ

ਬਾਬਾ ਸ਼ਾਮ ਸਿੰਘ ਜੀ, ਬਾਬਾ ਜੀਊਣ ਸਿੰਘ ਜੀ ਦੇ ਪਿਤਾ ਜੀ ਸਨ, ਆਪ ਜੀ ਦਾ ਜਨਮ ਨਗਰ ਸਰਹਾਲੀ, ਜ਼ਿਲਾ ਅੰਮ੍ਰਿਤਸਰ ਵਿਖੇ ਬਾਬਾ ਰਾਜਾ ਸਿੰਘ ਜੀ ਦੇ ਘਰ ੧੮੭੬ ਬਿਕਰਮੀ ਨੂੰ ਹੋਇਆ ਆਪ ਜੀ ਚੰਗੇ ਮੰਨੇ ਪ੍ਰਮੰਨੇ, ਸਰਕਾਰੇ ਦਰਬਾਰੇ ਔਣ ਜਾਣ ਵਾਲੇ. ਛੇ ਸਤ ਲਖਦੇ ਪਹਿਣੇ ਵਾਲੇ ਸੰਧੂ ਜਟ ਸਨ, ਆਪ ਜੀ ਦੀ ਬੱਧੀ ਛੁਟਦੀ ਸੀ, ਕਾਫੀ ਜ਼ਮੀਨ ਗਹਿਣੇ ਲਈ ਹੋਈ ਸੀ, ਪਿੰਡ ਦੇ ਨੰਬਰਦਾਰ ਅਤੇ ਨਗਰ ਦੇ ਚੌਧਰੀ ਸਨ ਜੇਹੜਾ ਫੈਸਲਾ ਕਰਦੇ ਉਸਤੇ ਲੋਕ ਫੁਲ ਚੜ੍ਹਾਉਂਦੇ ਸਨ, ਘੋੜਿਆਂ ਦੇ ਬੜੇ ਸ਼ੌਕੀਨ ਸਨ, ਪੰਜ ਸਤ ਘੋੜੇ ਹਮੇਸ਼ਾਂ ਤਬੇਲੇ ਵਿਚ ਬਝੇ ਰਹਿੰਦੇ ਸਨ, ਕਦੀ ਛੋਟੇ ਬਚਿਆਂ ਨੂੰ ਬੜਾ ਸਲਾਹੁੰਦੇ, ਕਹਿੰਦੇ ਸ਼ਾਬਾਸ਼ ਪੁਤਰੋ ਹੁਣ ਸਾਨੂੰ ਰਾਜ ਮਿਲਣ ਦੀ ਉਮੈਦ ਹੈ, ਏਥੋਂ ਤਕ ਕਿ ਅਪਨੇ ਪੋਤਰੇ, ਆਤਮਾ ਸਿੰਘ ਨੂੰ ਬਾਹਰ ਟਿਬੇ ਪਰ ਲਜਾਕੇ ਘੋੜੇ ਤੇ ਚੜ੍ਹਾ ਦੇਨਾਂ ਅਤੇ ਧਿਆਨ ਕੰਨਾਂ ਵਲ ਰਖਣ ਦੀ ਪ੍ਰੇਰਨਾਂ ਕਰਕੇ ਘੋੜੇ ਨੂੰ ਸਰਪਟ ਦੁੜਾ ਦੇਣਾਂ. ਕਈ ਵਾਰੀ ਉਸਦੇ ਘੋੜੇ ਤੋਂ ਡਿਗਕੇ ਅੰਗ ਟੁਟੇ, ਪਰ ਆਪ ਦਾ ਘੋੜਿਆਂ ਨਾਲ ਅਗਾਧ ਪ੍ਰੇਮ ਸਦਾ ਹੀ ਬਣਿਆਂ ਰਿਹਾ।

## ਭਜਨ ਪੁਛਣਾਂ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਜਦੋਂ ਪਹਿਲੀ ਵਾਰੀ ਮਾਝੇ ਨੂੰ ਭਾਗ ਲਾਏ, ਤਾਂ ਆਪ ਜੀ ਨੇ ਭਜਨ ਪੁਛਿਆ। ਪੁਛਦਿਆਂ ਹੀ ਕਾਇਆਂ ਪਲਟ ਗਈ ਭਜਨ ਦਾ ਐਸਾ ਰਸ ਆਇਆ ਕਿ ਥੋੜੇ ਚਿਰ ਵਿਚ ਹੀ ਪੂਰਨ ਪੁਰਖਾਂ ਵਾਲੇ ਗੁਣ ਉਨਾਂ ਵਿਚੋਂ ਪ੍ਰਤੱਖ ਪ੍ਰਗਟ ਹੋਣ ਲੱਗ ਪਏ।

## ਦਾਨੀ ਸੁਭਾਉ(ਉਦਾਰਤਾ)

ਇੱਕ ਵੇਰ ਆਪ ਜੀ ਦੇ ਦਿਲ ਵਿੱਚ ਏਹ ਖਿਆਲ ਆਇਆ ਕਿ ਇਹ ਜੇਹੜੀ ਐਨੀ ਮਾਇਆ ਮੈਨੂੰ ਅਕਾਲ ਪੁਰਖ ਨੇ ਬਖ਼ਸ਼ੀ ਹੈ, ਕੀ ਇਸ ਸਾਰੀ ਦਾ ਮੈਨੂੰ ਹੀ ਹਕ ਹੈ ਕਿ ਮੈ ਇਸ ਨੂੰ ਜੰਦਰੇ ਮਾਰ ਛੱਡਾਂ? ਨਹੀਂ! ਇਸ ਨੂੰ ਲੋੜ ਵਾਲਿਆਂ ਵਾਸਤੇ ਵਰਤਨਾਂ ਮੇਰਾ ਮੁਖ ਫਰਜ਼ ਹੈ। ਬੱਸ ਫੇਰ ਕੀ ਸੀ ਮਾਇਆ ਦੇ ਭੰਡਾਰੇ ਖੋਹਲ ਦਿੱਤੇ। ਦੂਰੋਂ ਦੂਰੋਂ ਆਪ ਜੀ ਦਾ ਜੱਸ ਸੁਨਕੇ ਗ਼ਰੀਬ ਗ਼ੁਰਬਾ ਔਣ ਲੱਗਾ, ਅਤੇ ਅਪਨੀਂ ਤ੍ਰਿਸ਼ਨਾਂ ਦੀ ਨਵਿਰਤੀ ਕਰਨ ਲੱਗਾ, ਇੱਕ ਵੇਰਾਂ ਕਾਲ ਪੈ ਗਿਆ ਤਾਂ ਬਾਬਾ ਜੀ ਨੇ ਹਰੇਕ ਗ਼ਰੀਬ ਨੂੰ ਅੰਨ ਦਿਤਾ। ਉਹ ਇਸ ਉਪਕਾਰ ਨੂੰ ਕੋਈ ਅਪਨੀ ਵਲੋਂ ਦਾਨ ਨਹੀਂ ਸੀ ਸਮਝਦੇ ਉਹ ਕਹਿੰਦੇ ਹੁੰਦੇ ਸਨ, ਲੋੜਵੰਦਾਂ ਦੀ ਸਹਾਇਤਾ ਕਰਣੀ ਪ੍ਰਾਣੀ ਮਾਤਰ ਦਾ ਪਰਮ ਧਰਮ ਹੈ, ਉਹਨਾਂ ਦੇ ਦਿਲ ਵਿਚ ਕੋਈ ਵਿਤਕਰਾ ਨਹੀ ਸੀ ਕਿਸੇ ਫਿਰਕੇ ਯਾ ਮਜ਼ਹਬ ਦੇ ਆਦਮੀ

ਨਾਲ ਦਵੈਸ਼ ਨਹੀਂ ਸੀ ਬਲਕਿ ਆਪ ਜੀ ਦਾ ਪ੍ਰੇਮ ਪਸ਼ੂ ਪੰਛੀ ਤਕ ਇਕ ਸਾਰ ਸੀ ਜਿਸ ਵੇਲੇ ਆਪ ਜੀ ਨੇ ਵੇਖਿਆ ਕਿ ਐਨਾਂ ਰੁਪੈਆ ਜੇਹੜਾ ਕਿ ਮੈਂ ਬਤੌਰੇ ਕਰਜ਼ਾ ਲੋਕਾਂ ਨੂੰ ਦਿਤਾ ਹੋਇਆ ਹੈ, ਮੈਨੂੰ ਉਸਦੀ ਕੋਈ ਲੋੜ ਨਹੀਂ ਤਾਂ ਆਪ ਜੀ ਨੇ ਅਪਨੇ ਕਾਮੇਂ ਹਰੀਏ ਦੇ ਸਿਰ ਤੇ ਵਹੀਆਂ ਦੀ ਪੰਡ ਚੁਕਾਕੇ ਸਰਹਾਲੀ ਦੇ ਲੈਂਹਦੇ ਬੰਨੇ ਵਾਲੇ ਬੁੱਢੇ ਖੂਹ ਵਿਚ ਜਾ ਸੁਟੀ। ਆਪ ਜੀ ਦੀ ਮਹਿਕ ਚੁਫੇਰੀਂ ਖਿੰਡਰ ਗਈ. ਸੰਗਤਾਂ ਦਰਸ਼ਨਾਂ ਨਮਿਤ ਔਣ ਲਗ ਪਈਆਂ ॥ ਹਰ ਰੋਜ਼ ਮੇਲਾ ਹੀ ਬਨਿਆ ਰਹਿਣ ਲਗਾ ਕਈ ਵਾਰੀ ਸਾਧ ਸੰਗਤ ਦਾ ਇਕੱਠ ਏਨਾਂ ਹੋ ਜਾਣਾ, ਕਿ ਖੂਹਾਂ ਦਾ ਪਾਣੀ ਭੀ ਮੁਕ ਜਾਣਾਂ, ਜਿਧਰ ਨਿਗਾਹ ਮਾਰੋ ਸੰਗਤਾਂ ਹੀ ਸੰਗਤਾਂ ਨਜ਼ਰ ਔਂਦੀਆਂ, ਦੋ ਮਨ ਕਚੇ ਘਿਓ ਦਾ ਰੋਜ਼ ਹਵਨ ਹੁੰਦਾ, ਇਕ ਹੋਲਾ ਪਹਿਲਾਂ ਕੀਤਾ, ਅਤੇ ਦੂਜਾ ਹੋਲਾ ਜ਼ਮੀਨ ਵੇਚਕੇ ਕਰ ਦਿਤਾ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਪ੍ਰਦੇਸ ਗਵਨ ਕਰਨ ਤੋਂ ਬਾਦ ਆਪ ਮਹਾਰਾਜ ਜੀ ਨੂੰ ਰੰਗੂਨ ਜਾਕੇ ਮਿਲੇ, ਆਪ ਜੀ ਨੇ ਗਵਰਮੈਂਟ ਦੀ ਕੱਟਰ ਨਿਗਰਾਨੀ ਦੇ ਹੁੰਦਿਆਂ ਹੋਇਆਂ ਆਪਣੇ ਪ੍ਰੀਤਮ ਜੀ ਦੇ ਚਰਨ ਜਾ ਪਰਸੇ।

ਇਕ ਵਾਰੀ ਆਪ ਜੀ ਨੂੰ ਸਾਹਿਬਨੇ ਕਿਹਾ ਕਿ ਬਾਬਾ ਜੀ, ਪੰਜ ਮੁਰੱਬੇ ਅਤੇ ਜ਼ੈਲ-ਦਾਰੀ ਲੈਲੋ ਪਰ ਕੂਕਿਆਂ ਦਾ ਖਹਿੜਾ ਛਡ ਦੇਓ, ਪਰ ਬਾਬਾ ਜੀ ਨੇ ਸਾਫ ਇਨਕਾਰ ਕਰ ਦਿਤਾ ਅਤੇ ਕਿਹਾ ਕਿ ਹੁਨ ਰਾਮ ਸਿੰਘ ਮੇਰੇ ਰੋਮ ੨ ਵਿਚ ਰਚ ਗਿਆ ਹੈ।ਇਹ ਨਹੀਂ ਨਿਕਲ ਸਕਦਾ।

## ਅੰਤ ਸਮਾਂ ੧੯੫੬

ਇਸ ਸਮੇ ਆਪ ਪਿੰਡ ਬੁਰਜ ਰਾਏਕਾ ਵਿਚ ਗਏ ਹੋਏ ਸਨ, ਆਪ ਜੀ ਦੇ ਨਾਲ ਆਪ ਜੀ ਦਾ ਸੇਵਾਦਾਰ ਭਾਊ ਕਿਸ਼ਨ ਸਿੰਘ ਸੀ (ਇਨਾਂ ਨੂੰ ਭਾਊ ਕਹਿਕੇ ਹੀ ਬੁਲਾਓਂਦੇ ਹੁੰਦੇ ਸਨ) ਜੇੜਾ ਇਹ ਸਮਦਰਸੀ ਅਤੇ ਸਤ ਸੁਭਾਓ ਵਾਲਾ ਸਿਖ ਸੀ ਆਪ ਬਾਹਰ ਜੰਗਲ ਮੈਦਾਨ ਗਏ ਤਾਂ ਆਪ ਜੀ ਨੇ ਟਿਚ-ਕਰ ਮਾਰੀ, ਤਾ ਭਾਊ ਨੇ ਕਿਹਾ ਮਹਾਰਾਜ ਇਸ ਵੇਲੇ ਸਾਡੇ ਲਾਗੇ ਚਾਗੇ ਤਾਂ ਕੋਈ ਨਹੀਂ ਆਪ ਨੇ ਟਿਚਕਰ ਕਿਨੂੰ ਮਾਰੀ ਹੈ ਆਪ ਜੀ ਨੇ ਕਿਹਾ ਕਿ ਸਿੰਘ ਘੋੜੇ ਲੈਕੇ ਆਏ ਸਨ, ਪਰ ਮੈਂ ਅਜ ਇਨਕਾਰ ਕਰ ਦਿਤਾ ਹੈ, ਸੋ ਹੁਨ ਪਰਸੋਂ ਅੰਮ੍ਰਿਤ ਵੇਲੇ ਤਿਆਰ ਕਰਾਂਗੇ ਸੋ ਆਪ ਜੀ ਨੇ ਤੀਸਰੇ ਦਿਨ ਅੰਮ੍ਰਿਤ ਵੇਲੇ ਸਰੀਰ ਤਿਆਗ ਦਿਤਾ।

## (ਅ) ਸੰਤ ਜੀਊਂਣ ਸਿੰਘ ਜੀ

ਆਪ ਜੀ ਦਾ ਜਨਮ ੧੯੦੨ ਬਿਕ੍ਰਮੀ ਨੂੰ ਸ੍ਰੀਮਾਨ ਬਾਬਾ ਸ਼ਾਮ ਸਿੰਘ ਜੀ ਦੇ ਗ੍ਰਹਿ ਵਿਖੇ ਹੋਯਾ। ਆਪ ਜੀਦੀ ਮਾਤਾ ਦਾ ਨਾਮ ਦਇਆ ਕੌਰ ਸੀ,ਇਹ ਵਿਅਕਤੀ ਨਾਮਧਾਰੀ ਪੰਥਵਿਚ ਬੜੀ ਮਾਨਨੀਕ ਹੋਈ ਹੈ.ਆਪ ਜੀ ਦਾ ਸਿਖ ਸਜਣ ਤੋਂ ਪਹਿਲਾਂ ਦਾ ਜੀਵਨ ਬੜੀ ਐਸ਼ ਇਸ਼ਰਤ ਵਿਚ ਗੁਜ਼ਰਿਆ ਸੀ। ਆਪ ਜੀਦੀ ਸੰਗਤ ਉਨ੍ਹਾਂ ਲੋਕਾਂ ਨਾਲ ਸੀ ਜਿਨ੍ਹਾਂ ਦਾ ਪੇਸ਼ਾ ਰਾਤ ਦਿਨੇ ਅਧਰਮ ਵਿਚ ਰੁਝੇ ਰਹਿਣਾ ਸੀ, ਆਪ ਜੀ ਦੇ ਪਿਤਾ ਬਾਬਾ ਸ਼ਾਮ ਸਿੰਘ ਜੀ ਤਾਂ ਇਕ ਉਚ ਕੋਟੀ ਦੇ ਨਾਮਧਾਰੀ ਸੰਤ ਸਨ, ਪਰ ਆਪਦਾ ਝੁਕਾ ਮੁੱਢ ਪੁਣੇ ਵਲ ਸੀ,ਜਿਸ ਵੇਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਗਤਾਂ ਨੂੰ

ਤਾਰਦੇ ਸੁਹਾਲੀ ਗਏ ਤਾਂ ਬਾਬਾ ਸ਼ਾਮ ਸਿੰਘ ਜੀ ਨੇ ਅਰਜ਼ ਕੀਤੀ, ਦੀਨ ਦਯਾਲ, ਜਿਉਂਣ ਸਿੰਘ ਤੇ ਕਿਰਪਾਕਰੋ,ਇਸਦੀ ਸੰਗਤ ਲੁਚਿਆਂ ਲੰਡਿਆਂ ਨਾਲ ਹੈ, ਤਾਂ ਅਗੋਂ ਹੁਕਮ ਹੋਇਆ ਲਿਆਓ ਬਾਬਾ ਜੀ ਅਪਣੇ ਮੁੰਡੇ ਨੂੰ ਉਸਨੂੰ ਭਜਨ ਦਸੀਏ, ਜਿਸ ਵੇਲੇ ਆਪ ਜੀਨੂੰ ਇਹ ਪਤਾ ਲਗਾ ਕਿ ਮੈਨੂੰ ਭੀ ਕੂਕਾ ਬਨਾਉਣ ਦੇ ਮਨਸੂਬੇ ਹੁੰਦੇ ਹਨ,ਤਾਂ ਆਪ ਪਿੰਡ ਦੀ ਦੂਸਰੀ ਪੱਤੀ ਜਾਕੇ ਅਲੋਪ ਹੋ ਗਏ ਪਰ ਪਿਤਾ ਜੀ ਨੇ ਆਪ ਨੂੰ ਫੜ ਕੇ ਆਨ ਹਜ਼ੂਰੀ ਵਿਚ ਹਾਜ਼ਰ ਕੀਤਾ। ਸ੍ਰੀ ਜੀ ਨੇ ਆਪ ਦੇ ਕੰਨ ਵਿਚ ਅਜੇਹੀ ਫੂਕ ਮਾਰੀ,ਕਿ ਇਕ ਦਮ ਕਾਇਆ ਹੀ ਪਲਟ ਗਈ, ਅਤੇ ਇਸ ਵਾਕ ਨੂੰ ਪੂਰਾ ਕੀਤਾ ਕਿ:—'ਪਸੂ ਪ੍ਰੇਤਹੁ ਦੇਵ ਕਰ ਪੂਰੇ ਸਤਿ ਗੁਰ ਦੀ ਵਡਿਆਈ।' ਭਜਨ ਪੁਛਾਦਿਆਂ ਸਾਰ ਹੀ ਮਸਤ ਹੋਗਏ, ਅਤੇ ਉਚੀ ੨ ਆਪਨੇ ਆਪ ਨੂੰ ਸੰਬੋਧਨ ਕਰਕੇਬਾਰ ੨ਕਹਿੰਦੇ'ਜੀਊਣਿਆਂ ਅਜ ਤੈਨੂੰ ਖੁਦ ਖੁਦਾਈ ਦਿਤੀ।' ਬਸ ਅਠੇ ਪਹਿਰ ਏਹੋ ਹੀ ਬੋਲਾ ਹੁੰਦਾ ਰਹਿੰਦਾ। ਭਜਨ ਹੀ ਆਪ ਜੀ ਦਾ ਆਸਰਾ ਬਨ ਗਿਆ, ਏਥੋਂ ਤਕ ਕਿ ਨੀਂਦਰ ਨੂੰ ਭੀ ਜਵਾਬ ਦੇ ਦਿਤਾ, ਕਿ ਹੁਣ ਤੇਰਾ ਮੇਰੇਨਾਲ ਕੋਈ ਵਾਸਤਾ ਨਹੀਂ।

## ੨.

ਇਕ ਵਾਰੀ ਆਪ ਹਮੇਸ਼ਾ ਵਾਂਗ ਪਟੀ ਜ਼ਿਲ੍ਹਾ ਲਾਹੌਰ ਵਿਚ ਨੌਸ਼ਾਹੀਏ ਮਤ ਦੇ ਮੁਸਲ ਮਾਨਾਂ ਦੇ ਮੇਲੇ ਗਏ,ਅਗੇ ਤਾਂ ਹੋਰ ਸ਼ਕਲਵਿਚ ਜਾਂਦੇ ਹੁੰਦੇ ਸੀ ਲੇਕਿਨ ਇਸ ਵਾਰੀ ਕਿਸੇ ਇਲਾਹੀ ਰੰਗ ਵਿਚ ਰੱਤੇ ਹੋਏ ਸਨ, ਅਗੇ ਜਾਂਦਿਆਂ ਨੂੰ ਕਵਾਲ ਲਗੇ ਹੋਏ ਸਨ ਤਾਂ ਆਪ ਬੜੀ ਉਚੀ ਜਹੀ ਮਸਤਾਨੀ ਬ੍ਰਿਤੀ ਵਿਚ ਹੋਕੇ ਕਹਿਣ ਲਗੇ ਮੈਂ ਖੁਦ ਖੁਦਾ ਮੈਂ ਖੁਦ ਖੁਦਾ, ਇਹ ਹਥ ਖੁਦਾ ਦੇ, ਇਹ ਪੈਰ ਖੁਦਾ ਦੇ,ਛਾਤੀ ਤੇ ਹਥ ਮਾਰ ਮਾਰ ਕੇ ਕਹਿਣ, ਓਹ ਲੋਕੋ! ਖੁਦਾ ਦੇ ਦਰਸ਼ਨ ਕਰ ਲਓ, ਫੇਰ ਨ ਕਹਿਣਾ ਕਿ ਖਬਰ ਨਹੀਂ ਹੋਈ, ਉਨ੍ਹਾਂ ਵਿਚੋਂ ਇਕ ਮੁਸਲਮਾਨ ਫਕੀਰਕਹਿਣ ਲਗਾ'ਇਹ ਖੁਦਾ— ਅਤੇ ਮੈਂ ਖੁਦਾਦਾਪਿਓ।' ਸੰਤਾਂਨੇ ਸਾਜ ਵਜਾ- ਉਣ ਵਾਲਿਆਂ ਨੂੰ ਕਿਹਾ, ਕਿ ਸਾਜ ਬੰਦ ਕਰ ਦੇਓ, ਆਪ ਜੀਦਾ ਐਸਾ ਪ੍ਰਭਾਵ ਪਿਆ ਕਿ ਹਜ਼ਾਰਾਂ ਦੀ ਗਿਣਤੀ ਵਿਚਜੁੜੀ ਹੋਈ ਮਜਲਸ ਤੇ ਇਕ ਦਮ ਸਨਾਟਾ ਛਾ ਗਿਆ, ਆਪ ਨੇ ਕਿਹਾ ਕਿ ਖੁਦਾ ਤਾਂ ਆਪ ਨੇ ਕਈ ਵਾਰੀ ਸੁਣਿਆ ਹੋਵੇਗਾ ਪਰ ਖੁਦਾ ਦਾ ਪਿਓ ਕਦੀ ਨਹੀਂ ਸੁਣਿਆ। ਸੋ ਤੁਹਾਨੂੰ ਅਜ ਖੁਦਾ ਦੇ ਪਿਓ ਦੇ ਪ੍ਰਤਖ ਦਰਸ਼ਨ ਕਰੌਂਦੇ ਹਾਂ।

ਸੰਤਾਂ ਨੇ ਉਸ ਫਕੀਰ ਕੋਲੋਂ ਤਿੰਨ ਵਾਰੀ ਅਖਵਾ ਲਿਆ ਕਿ ਮੈਂ ਖੁਦਾ ਦਾ ਪਿਓ ਹਾਂ, ਉਸੇ ਵੇਲੇ ਇੱਕ ਆਦਮੀ ਨੂੰ ਬਜ਼ਾਰ ਭੇਜਕੇ ਝਟਕਾ, ਹਲਾਲ, ਦੋਵੇਂ ਮੰਗਵਾ, ਫ਼ਕੀਰ ਨੂੰ ਸੰਤਾਂ ਕਿਹਾ, ਆਓ ਬਾਪੂ ਜੀ! ਇਸ ਨੂੰ ਰਲਕੇ ਛੋਹੋ ਓਹ ਫ਼ਕੀਰ ਸ਼ਰਮਿੰਦਾ ਹੋਕੇ ਪਿਛਾਂਹ ਜਾਵੇ ਸੰਤ ਉਸਨੂੰ ਅਪਨੇ ਵਲ ਧਰੂਨ ਸੰਤਾਂ ਕਿਹਾ ਬਸ! ਏਨੇ ਵਿਚ ਹੀ ਬੱਸ ਕਰ ਗਿਆ ਹੈਂ? ਅਜੇ ਤੇ ਹੋਰ ਬੜਾ ਕੁਝ ਕਰਨਾਂ ਸੀ, ਆਪ ਜੀ ਨੇ ਤਿੰਨ ਵਾਰੀ ਕਿਹਾ ਫਿੱਟੇ ਮੂੰਹ ਐਹੋ ਜਿਹੇ ਖੁਦਾ ਦੇ ਝੂਠੇ ਪਿਓ ਦਾ। ਬੱਸ ਏਨੀ ਲੱਗ ਸੁਣਦਿਆਂ ਉਸ ਪੀਰ ਦੇ ਚੇਲੇ ਡਾਂਗਾਂ ਸੋਟੇ ਲੈਕੇ ਰੌਲਾ ਪਾਣ ਲੱਗੇ। ਬੱਸ ਉਸੇ ਵੇਲੇ ਮੇਲਾ ਕਟੌਣ ਵਾਲੇ"ਸ਼ਪਾਹੀਏ ਸ਼ਾਹ" ਨੇ ਕਿਹਾ ਚਲੇ ਜਾਓ ਮੇਰੇ ਡੇਰਿਓਂ ਟੁਕੜ ਬੋਚੋ ਮੈਨੂੰ ਤੁਸੀਂ ਸਭ ਝੂਠੇ ਨਜ਼ਰ ਆਏ ਹੋ ਮੈਨੂੰ ਵਾਕਿਆ ਹੀ ਇਸ ਵੇਲੇ ਸੰਤਾਂ ਵਿਚੋਂ ਖ਼ੁਦਾ ਦਾ ਜਲਵਾ

ਹੋ ਰਿਹਾ ਹੈ ਬੱਸ ਇਹ ਖ਼ੁਦਾ ਹੈ ਪਰ ਖ਼ੁਦਾ ਕਾ ਮਾਈ ਬਾਪ ਕੋਈ ਨਹੀ! ਉਸ ਪੀਰ ਨੇ ਆਪ ਜੀ ਨੂੰ ਝੁਕ ਕੇ ਸਲਾਮ ਕੀਤੀ ਅਤੇ ਬੜੇ ਮਾਰਫਤ ਦੇ ਬਚਨ ਬਿਲਾਸ ਹੋਏ।

(੩) ਜ਼ਿਲਾ ਸਿਆਲ ਕੋਟ ਗੁਰੂ ਚੱਕ ਦੇ ਮੇਲੇ ਤੇ ਇੱਕ ਵਿਦ੍ਵਾਨ ਪੰਡਤ ਨੇ ਅਪਨੇ ਸ਼ਿਸ਼ਾਂ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਪਾਸ ਭੇਜਿਆ, ਕਿ ਪੰਡਤ ਜੀ ਆਪ ਨਾਲ ਬੈਹਸ ਕਰਨੀ ਚਹੁੰਦੇ ਹਨ ਸਤਿਗਰਾਂ ਨੇ ਕਿਹਾ ਉਹਨਾਂ ਨੂੰ ਸੁਹਾਲੀ ਵਾਲੇ ਸੰਤਾਂ ਪਾਸ ਲੈ ਜਾਓ! ਪੰਡਤ ਜੀ ਸੰਤਾਂ ਪਾਸ ਗਏ ਤਾਂ ਅੱਗੇ ਇੱਕ ਮੰਡਲੀ ਵਿੱਚ ਸੰਤ ਬੈਠੇ ਹੋਏ ਸਨ ਆਪ ਜੀ ਦੇ ਨਾਲ ਸੰਤ ਲਾਲ ਸਿੰਘ ਜੀ ਭੂਰੇ ਗਿੱਲ, ਸੰਤ ਮਿਤ ਸਿੰਘ ਜੀ ਜੀਵਨ ਭਿੰਡਰ, ਸੰਤ ਨਰੈਣ ਸਿੰਘ ਜੀ ਕਾਮਲ ਪੁਰੀਏ ਆਦਿਕ ਮਹਾਤਮਾਂ ਬੈਠੇ ਹੋਏ ਸੀ ਸੰਤਾਂ ਨੇ ਪੰਡਤ ਜੀ ਨੂੰ ਬੜਾ ਆਦਰ ਦਿੱਤਾ ਅਪਨੇ ਆਸਨ ਤੇ ਬਿਠਾਇਆ, ਕਿਉਂਕਿ ਆਪ ਵਿਦ੍ਵਾਨ ਭੀ ਚੰਗੇ ਸਨ ਫਾਰਸੀ ਭੀ ਚੰਗੀ ਪੜ੍ਹੇ ਹੋਏ ਸਨ ਆਪ ਜੀ ਨੇ ਕਿਹਾ ਪੰਡਤ ਜੀ ਹੁਕਮ ਕਰੋ ਆਪ ਨੇ ਕਿਸ ਵਿਸ਼ੇ ਤੇ ਵਿਚਾਰ ਕਰਨੀ ਹੈ, ਪਤਾ ਨਹੀਂ ਪੰਡਤ ਜੀ ਦੇ ਦਿਲ ਉਤੇ ਆਪ ਦਾ ਕੀ ਪ੍ਰਭਾਵ ਪਿਆ, ਕੋਈ ਬਚਨ ਅਹੁੜੇ ਨਾਂ ਅਤੇ ਹਾਰ ਕੇ ਕਹਿਣ ਲੱਗਾ ਕਿ ਨਹੀਂ ਸੰਤ ਜੀ ਆਪ ਹੀ ਕੋਈ ਗੱਲ ਸ਼ੁਰੂ ਕਰੋ ਤਾਂ ਸੰਤਾਂ ਨੇ ਕਿਹਾ ਪਹਿਲੇਂ ਇਹ ਦਸੋ ਕਿ ਆਪ ਗਿਆਨੀ ਹੋ, ਜਾਂ ਅਗਿਆਨੀ, ਪੰਡਤ ਜੀ ਚੁਪ ਹੋ ਗਏ, ਫੇਰ ਪੰਜ ਕੁ ਮਿੰਟ ਬਾਦ ਸੰਤਾਂ ਕਿਹਾ ਪੰਡਤ ਜੀ ਆਪ ਨਿਧੜਕ ਹੋਕੇ ਬਚਨ ਕਰੋ, ਅੱਗੋਂ ਪੰਡਤ ਜੀ ਨੇ ਕਿਹਾ—ਬੱਸ—ਜੀ ਮੇਰਾ ਘਰ ਪੂਰਾ ਹੋ ਗਿਆ ਹੈ, ਸੰਤ ਲਾਲ ਸਿੰਘ ਜੀ ਨੇ ਪਾਸੋਂ ਕਿਹਾ ਪੰਡਤ ਜੀ! ਆਪ ਬੜੇ ਚੰਗੇ ਟਹਿ ਗਏ ਹੋ ਨਾਲ ਦੇ ਤਮਾਸ਼-ਬੀਨਾਂ ਨੇ ਕਿਹਾ ਪੰਡਤ ਜੀ ਆਪ ਕਈਆਂ ਦਿਨਾਂ ਤੋਂ ਕਹਿੰਦੇ ਸੋ ਕਿ ਮੈਂ ਕੂਕਿਆਂ ਦੇ ਗੁਰੂ ਨਾਲ ਗੱਲ ਕਰਨੀ ਹੈ, ਆਪ ਤਾਂ ਗੁਰੂ ਜੀ ਦੇ ਸਿੱਖਾਂ ਨਾਲ ਭੀ ਕੋਈ ਗਲ ਨਹੀ ਕਰ ਸਕੇ, ਅਗੋਂ ਪੰਡਤ ਜੀ ਨੇ ਕਿਹਾ ਬੱਸ ਭਾਈ ਮੈਂ ਹੁਣ ਸਮਝ ਗਿਆ ਹਾਂ ਕਿ ਆਪਸਰਬ ਗੁਣ ਸਪੰਨਹਨ।

## ੪.

ਆਪ ਬੜੇ ਸੰਤ ਸੇਵੀ ਸਨ, ਹਰ ਰੋਜ਼ ਸਾਧ ਸੰਗਤ ਦਾ ਮੇਲਾ ਲਗਾ ਰਹਿੰਦਾ ਸੀ, ਦੋ ਹੋਲੇ ਅਪ ਜੀ ਦੇ ਪਿਤਾ ਨੇ ਕਰਵਾਏ ਅਤੇ ਇਕ ਹੋਲਾਆਪਜੀਨੇ ਸ੍ਰੀਸਤਿਗੁਰੂ ਹਰੀ ਸਿੰਘ ਜੀ ਦੇ ਵਕਤ ਕਰਵਾਇਆ ਆਪ ਅਪਣੀ ਕ੍ਰਿਆ ਆਪ ਹੀ ਕੀਤਾ ਕਰਦੇ ਸਨ, ਆਪ ਫੁਰਮਾਂਦੇ ਹੁੰਦੇ ਸਨ, ਭਾਈ ਜਿਨਾਂ ਚਿਰ ਦੇਹ ਚਲੇ ਓਨਾਂ ਚਿਰ ਕਿਸੇ ਪਾਸੋਂ ਸੇਵਾ ਨਹੀਂ ਕਰੌਣੀ ਚਾਹੀਦੀ, ਸੰਤ ਤਾਰਾ ਸਿੰਘ ਜੀ ਢੋਟੀਆਂ ਵਾਲੇ ਬਚਨ ਦਸਦੇ ਹਨ, ਕਿ ਮੈਂ (ਉਹਨਾਂ ਦੀ ਸੰਗਤ ਵਿਚ ਕਾਫੀ ਸਮਾਂ ਬਤੀਤ ਕੀਤਾ ਹੈ) ਇਕ ਵਾਰੀ ਅੰਮ੍ਰਿਤ ਵੇਲੇ ਆਪ ਜੀ ਦੇ ਨਾਲ ਇਸ਼ਨਾਨ ਕਰ ਰਿਹਾ ਸਾਂ ਤਾਂ ਸੰਤ ਮਸਤੀ ਵਿਚ ਆਨਕੇ ਕਹਿਣ ਲਗੇ, ਜਾ ਤਾਰਾ ਸਿੰਘਾ ਤੇਰੇ ਘਰ ਇਕ ਭੁਜੰਗੀ ਬਖਸ਼ਿਆ, ਤਾਂ ਅਗੋਂ ਮੈਂ ਅਰਜ਼ ਕੀਤੀ, ਮੈਂ ਇਸ ਵਾਸਤੇ ਤਾਂ ਆਪ ਜੀ ਦੀ ਸੰਗਤ ਨਹੀਂ ਕਰਦਾ ਕਿ ਮੈਨੂੰ ਮੁੰਡੇ ਦੇਓ ਮੈਂ ਨਹੀਂ ਇਹ ਦਾਤ ਲੈਣੀ ਜੇ ਕਿਰਪਾ ਕਰਦੇ ਹੋ ਤਾਂ ਨਾਮ ਦਾਨ ਬਖਸ਼ੋ, ਤਾਂ ਆਪ

ਜੀ ਨੇ ਫੁਰਮਾਇਆ, ਭਾਈ ਹੁਣ ਤਾਂ ਨਹੀਂ ਫਿਰਸਕਦਾ ਹੋਕੇ ਰਵੇਗਾ, ਤਾਂ ਮੇਰੀ ਘਰ ਵਾਲੀ ਚਾਰ ਮਹੀਨੇ ਲੜਕਾ ਪੈਦਾ ਹੋਣ ਤੋਂ ਪਹਿਲਾਂ ਬੀਮਾਰ ਹੋ ਗਈ, ਸਭ ਲੋਕ ਕਹਿਣ ਲਗੇ, ਇਹ ਬਚਾ ਨਹੀਂ ਬਚੇਗਾ, ਪਰ ਸਾਨੂੰ ਭਰੋਸਾ ਸੀ ਕਿ ਸੰਤਾਂ ਨੇ ਇਹ ਬਖ-ਸ਼ਸ਼ਆਪ ਕੀਤੀ ਹੈ ਜੋਉਲਟ ਨਹੀਂ ਹੋ ਸਕਦੀ ਬਚਾ ਜਨਮ ਵੇਲੇ ਉਂਗਲ ਵਾਂਗ ਮਰਯਲ ਸੀ, ਅਪਨੀ ਮਾਤਾ ਦਾ ਦੁਧ ਪੀਣ ਤੋਂ ਬਿਨਾਂ ਹੀ ਪਲ ਗਿਆ ਅਜ ਬੜਾ ਗਭਰੂ ਹੈ, ਕਿਰਤ ਕਮਾਈ ਅਤੇ ਸਿਮਰਣ ਕਰਦਾ ਹੈ। ਨਾਮ ਉਸਦਾ ਲਛਮਣ ਸਿੰਘ ਹੈ, ਆਪ ਜੀ ਦੇ ਵਾਕ ਨਾਲ ਰਤੇ ਚੋਏ ਜ਼ਿਲਾ ਲਾਇਲ ਪੁਰ ਵਿਚ ਸੋਣਾਸਿੰਘ ਜ਼ੈਲਦਾਰ ਦੇ ਘਰ ਦੋ ਪੁਤ੍ਰ ਹੋਏ। ਇਕ ਵਾਰੀ ਤਾਰਾ ਸਿੰਘ ਨੇ ਪੁਛਿਆ ਮਹਾਰਾਜ ਕੋਈ ਉਪਦੇਸ਼ ਕਰੋ ਤਾਂ ਆਪ ਜੀ ਨੇ ਕਿਹਾ ਜੇ ਜ਼ਿੰਦਗੀ ਵਿਚ ਸੁਖ ਲੈਣਾਂ ਹਈ ਤਾਂ ਅਪਨੀ ਪਤਨੀ ਤੋਂ ਬਿਨਾਂ ਹਰੇਕ ਨੂੰ ਮਾਵਾਂ ਧੀਆਂ ਭੈਣਾਂ ਸਮਝੀਂ ॥ ਅਗੋਂ ਤਾਰਾ ਸਿੰਘ ਨੇ ਕਿਹਾ ਆਪ ਦੀ ਕਿਦਾਂ ਬੀਤੀ ਹੈ, ਤਾਂ ਕਿਹਾ ਏਹ ਮਨ ਬੜਾ ਦੁਸ਼ਟ ਹੈ ਇਕ ਵਾਰੀ ਇਸ ਦੇ ਮਗਰ ਥੋੜਾ ਜਿਹਾ ਲਗਾ ਸਾਂ ਤਿੰਨ ਸਾਲ ਭਟਕਦਾ ਰਿਹਾ ਸਾਂ, ਉਹ ਕੋਈ ਗੱਲ ਛੁਪਾ ਕੇ ਨਹੀ ਸਨ ਰਖਦੇ ਪਰ ਸਤਿਗੁਰੂ ਸਚੇ ਪਾਤਸ਼ਾਹ ਅਗੇ ਰੋਜ਼ ਬੇਨਤੀ ਕਰਦੇ ਰਹਿੰਦੇ ਸਨ, ਕਿ ਹੇ ਦੀਨ ਦਿਆਲ ਬਖਸ਼ ਲੈ ਧਰਮ ਬਨਿਆ ਰਵੇ, ॥ ਸਚੇ ਪਾਤਸ਼ਾਹ ਨੇ ਅਮਰਤਸਰ ਮਹੇਸੇ ਵਾਲੇ ਤਲਾ ਉਤੇ ਦਰਸ਼ਨ ਦਿਤੇ ਤਾਂ ਕਿਤੇ ਜਾਕੇ ਖਲਾਸੀ ਹੋਈ. ਸਭ ਤੋਂ ਉਚਾ ਦਰਜਾ ਉਹ ਸ਼ੁਧ ਕਰੈ-ਕਟਰ (ਚਾਲ ਚਲਣ) ਨੂੰ ਦੇਂਦੇ ਸਨ.

## ( ੪ )

ਪਿੰਡ ਉਬੋਕੀ. (ਜ਼ਿਲਾ ਅੰਮ੍ਰਿਤਸਰ) ਵਿਚ ਭਾਈ ਭਾਨ ਸਿੰਘ ਜੀ ਨੇ ਮੇਲਾ ਕਰਾਇਆ, ਤਾਂ ਓਥੇ ਬੜੇ ਬੜੇ ਮਹਾਤਮਾਂ ਬਾਬਾ ਕੇਸਰ ਕਿਲੀ, ਕਿਸ਼ਨ ਸਿੰਘ ਜੀ ਮਛਲੀਚੁੰਨੀ, ਬਾਬਾ ਨੈਣਾਂ ਸਿੰਘ ਜੀ ਵਰਿਆਹ, ਬੁਢਾ ਸਿੰਘ ਜੀ ਵਾਂ, ਬਾਬਾ ਕਾਹਨ ਸਿੰਘ ਜੀ ਬੁਰਜ, ਸੰਤ ਸੁੰਦਰ ਸਿੰਘ ਜੀ ਗਿਆਨੀ ਆਦਿਕ ਮਹਾ-ਤਮਾ ਪੁਜੇ ਹੋਏ ਸਨ ॥ ਭੋਗ ਪੈਣ ਲਗਾ ਤਾਂ ਆਪ ਉਠਕੇ ਖਲੋ ਗਏ, ਕਹਿਣ ਲਗੇ ਮੈਨੂੰ ਪਹਿਲੋਂ ਕੜਾਹ ਪ੍ਰਸ਼ਾਦ ਦੇ ਲਵੋ ਫੇਰ ਸਲੋਕ ਪੜਨੇ। ਭਗਤੇ ਵਾਲਾ ਕਿਸ਼ਨ ਸਿੰਘ ਪ੍ਰਸਾਦ ਦੀ ਤਾਬਿਆ ਬੈਠਾ ਹੋਯਾ ਸੀ. ਝਟ ਉਠਕੇ ਖਲੋ ਗਿਆ ਅਤੇ ਕਹਿਨ ਲਗਾ, ਆ ਤੈਨੂੰ ਪਹਿਲੋਂ ਪ੍ਰਸਾਦ ਦਿਆਂ! ਆਪਨੇ ਫੁਰਮਾਇਆ ਜੇ ਨ ਦੇਵੇਂਗੇ ਤਾਂ ਮੈ ਲੱਤ ਮਾਰਕੇ ਡੋਹਲ ਦੇਵਾਂਗਾ, ਬਸ ਏਨੀ ਗਲ ਸੁਣਕੇ ਕਈਆਂ ਸਾਧੂਆਂ ਦੇ ਦਿਲ ਦੁਖ ਗਏ, ਅਤੇ ਆਪ ਜੀ ਨੂੰ ਕਈ ਅਯੋਗ ਬਚਨ ਬੋਲੇ, ਪਰ ਆਪ ਜੀ ਨੇ ਸਾਰੇ ਬਚਨ ਸਹਾਰਦਿਆਂ ਹੋਇਆਂ ਪੈਰ ਮਾਰਕੇ ਪ੍ਰਾਤ ਮੂਧੀ ਕਰ ਦਿਤੀ ਸੰਤ ਕਾਹਨ ਸਿੰਘ ਜੀ (ਆਪਦੇ ਬ੍ਰਾਦਰੀ ਵਿਚੋਂ ਭਾਈ ਸਨ) ਨੂੰ ਬੜਾ ਕ੍ਰੋਧ ਚੜਿਆ ਤਾਂ ਬਾਬਾ ਨੈਣਾਂ ਸਿੰਘ ਜੀ ਨੇ ਕਿਹਾ ਕਾਹਨ ਸਿੰਘ ਜੀ ਆਪ ਸੰਤੋਖ ਰਖੋ, ਇਹ ਕੰਮ ਕਿਸੇ ਕਾਰਣ ਤੋਂ ਬਿਨਾਂ ਨਹੀਂ ਹੋ ਸਕਦਾ ਆਪ ਬੜੇ ਨੀਤੀ ਵਾਲੇ ਮਹਾਂ ਪੁਰਸ਼ ਹਨ ਇਸ ਵਿਚ ਕੋਈ ਜ਼ਰੂਰ ਰਾਜ਼ ਹੋਵੇਗਾ, ਤਾਂ ਘਰੋਂ ਰਸਤ ਤੋਲਣ ਵਾਲੀ ਬੀਬੀ ਨੇ ਗਲ ਵਿਚ ਪੱਲਾ ਪਾਕੇ ਅਰਜ਼ ਕੀਤੀ, ਸਾਧ ਸੰਗਤ ਜੀ ਏਹ ਜੋ ਸੰਤਾਂ ਨੇ


ਕੀਤਾ ਹੈ ਬਿਲਕੁਲ ਠੀਕ ਕੀਤਾ ਹੈ, ਮੈਥੋਂ ਘਿਓ ਘਟ ਪੈ ਗਿਆ ਹੈ ਜਿਸ ਕਰਕੇ ਇਹ ਕਾਰ ਵਰਤੀ ਹੈ ਕਿਉਂਕਿ ਇਸ ਪ੍ਰਸ਼ਾਦ ਦਾ ਭੋਗ ਸਤਿਗੁਰਾਂ ਨੂੰ ਨਹੀਂ ਸੀ ਲਗ ਸਕਦਾ। ਸਾਰੀ ਸਾਧ ਸੰਗਤ ਆਪ ਜੀ ਦੇ ਚਰਨਾਂ ਤੇ ਢੈ ਪਈ, ਅਤੇ ਕਹਿਣ ਲਗੀ ਧੰਨ ਹੋ ਜਿਨਾਂ ਨੇ ਇਸ ਮਰਯਾਦਾ ਵਿਚ ਭੰਗ ਨਹੀਂ ਪੌਣ ਦਿਤਾ ਕਿਉਂਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ (ਤੀਨ ਭਾਂਤ ਕੇ ਸਮਸਰ ਕੀਜੈ) ਦੇ ਮਹਾਂ ਵਾਕ ਤੇ ਫੁਲ ਚੜਾਏ ਹਨ, ਫੇਰ ਦੋਬਾਰਾ ਪੂਰੀ ਰਸਤ ਦਾ ਕੜਾਹ ਪ੍ਰਸਾਦ ਕਰਕੇ ਭੋਗ ਪਾਇਆ ਗਿਆ।

ਇੱਕ ਵਾਰੀ ਗਿੱਲਾਂ (ਬਾਬਾ ਜਮੀਤ ਸਿੰਘ ਵਾਲੇ) ਵਿਚ ਬੜੀ ਸਾਧ ਸੰਗਤ ਦਾ ਜੋੜ ਮੇਲ ਸੀ ਤਾਂ ਆਪ ਮਸਤਾਨੀ ਬਿਰਤੀ ਵਿਚ ਬਾਂਹ ਮਾਰਕੇ ਕਹਿਣ ਲੱਗੇ ਹਿਲ ਮੇਰੀ ਤਾਣੀਏਂ! ਬਸ ਇਹ ਕਹਿਣ ਦੀ ਡੇਰ ਸੀ ਸਾਰੀ ਸੰਗਤ ਮਸਤਾਨੀ ਹੋ ਗਈ ਜਦੋਂ ਬਾਂਹ ਨੂੰ ਖਲਾਰਿਆ ਸਾਰੀ ਸੰਗਤ ਅਪਨੇ ਘਰ ਵਿਚ ਆਈ। ਦੂਸਰੇ ਦਿਨ ਮਸਤਾਨੇ ਹੋਕੇ ਪਿੰਡ ਦੇ ਛੱਪੜ ਵਿਚ ਜਾ ਵੜੇ ਤਾਂ ਕਈ ਸਾਧ ਆਪ ਜੀ ਦਾ ਇਹ ਕੌਤਕ ਵੇਖ ਰਹੇ ਸਨ ਤਾਂ ਛਪੜ ਵਿਚੋਂ ਆਪ ਜੀ ਨੇ ਉਚੀ ਜਹੀ ਹੋਕਾ ਦੇਕੇ ਆਖਿਆ ਆਓ ਜਿਸ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਚਰਨਾਂ ਮ੍ਰਿਤ ਲੈਣਾਂ ਹੈ, ਤਾਂ ਕਈ ਆਪ ਜੀ ਦੇ ਪਿਤਾ ਬਾਬਾ ਸ਼ਾਮ ਸਿੰਘ ਜੀ ਸਮੇਤ ਸਨ-ਕਪੜੀਂ ਛਪੜ ਵਿਚ ਵੜ ਗਏ ਤਾਂ ਕਿ ਛਕਾਓ ਮਹਾਰਾਜ ਤਾਂ ਆਪ ਜੀ ਨੇ ਅਪਨਾਂ ਇੱਕ ਚਰਨ ਚੁਕਕੇ ਕਿਹਾ ਛਕੋ ਤਾਂ ਸਭ ਨੇ ਜੇਹੜਾ ਜਲ ਚਰਨਾਂ ਨਾਲੋਂ ਚੋਂਦਾ ਸੀ ਪਾਨ ਕੀਤਾ।

(੬) ਇਕ ਵਾਰੀ ਸੰਤ ਮੁਕਤਸਰ ਮੇਲੇ ਉਤੇ ਗਏ ਹੋਏ ਸਨ। ਤਾਂ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲੇ ਓਥੋਂ ਗਡੀ ਚੜਨ ਲਗੇ ਤਾਂ ਕਿਸੇ ਨੇ ਆਪ ਜੀ ਨੂੰ ਕਿਹਾ ਕਿ ਇਹ ਬੜੇ ਮਹਾਤਮਾ ਹਨ, ਸੰਤਾਂ ਕਿਹਾ ਵੇਖ ਲੈਂਦੇ ਹਾਂ ਤਾਂ ਆਪ ਜੀ ਨੇ ਜਾ ਫਤੇ ਬੁਲਾਈ ਅਤੇ ਕਹਿਣ ਲਗੇ ਓਏ! ਮੈਂ ਕੌਣ ਹਾਂ ਤਾਂ ਅਗੋਂ ਸੰਤਾਂ ਕਿਹਾ, ਜੀ ਦਸਿਆਂ ਹੀ ਪਤਾ ਲਗੇ ਨ, ਆਪ ਕੌਣ ਹੋ, ਤਾਂ ਆਪ ਕਹਿਣ ਲਗੇ ਦਸਿਆਂ ਤਾਂ ਹਰ ਕੋਈ ਜਾਣ ਸਕਦਾ ਹੈ, ਤੂੰ ਐਨੇ ਐਵੇਂ ਮਗਰ ਲਾਈ ਫਿਰਦਾ ਹੈਂ, ਤਾਂ ਸੰਤ ਅਤਰ ਸਿੰਘ ਜੀ ਕਹਿਣ ਲਗੇ ਆਪਾਂ ਇਕੋ ਹੀ ਡਾਰਦੇ ਪੰਛੀ ਹਾਂ॥

ਇਕ ਵਾਰੀ ਇਕ ਬੜਾ ਸਜਿਆ ਹੋਇਆ ਸੰਤ ਆਪ ਜੀਦੇ ਘਰ ਆਗਿਆ ॥ ਉਸਨੇ ਆਪਣੇ ਸ੍ਰੀਰ ਨੂੰ ਚੰਗਾ ਸ਼ਿੰਗਾਰਿਆ ਹੋਜਾ ਸੀ। ਅਖੀਆਂ ਵਿਚ ਸੁਰਮਾ ਆਦਿ ਚੰਗੀ ਤਰਾਂ ਪਾਇਆ ਹੋਇਆ ਸੀ, ਬੇਬੇ ਜੀਨੇ ਮੰਜਾ ਡਾਹ ਦਿਤਾ। ਆਪ ਬਾਹਰੋਂ ਆਏ ਤਾਂ ਸਾਧੂ ਨੂੰ ਕਹਿਣ ਲਗੇ ਮੁਸ਼ਟੰਡਿਆਤੇਰਾ ਕੀ ਕੰਮਹੈਘਰ ਬੈਠਣ ਦਾ? ਇਹ ਬਚਨ ਕਰਦੇ ਹੀ ਸਨ ਕਿ ਮੁਹਾਵੇ ਵਾਲੇ ਸੰਤ ਅਲਫ ਨੰਗੇ ਭੱਜੇ ਆਉਂਦੇ ਨਜ਼ਰੀ ਪਏ ਰਾਰਾ ਰਾਰਾ ਦੀ ਧੁਨੀ ਗੂੰਜ ਰਹੀ ਸੀ ਤਾਂ ਆਪ ਜੀਨੇ ਆਪਣੀ ਸੁਪਤਨੀ ਜੀ ਨੂੰ ਕਿਹਾ ਇਹ ਹਨ ਸੰਤ ਦਰਸ਼ਨ ਕਰਨ ਯੋਗ ਜਿਨਾਂ ਦਾ ਦਰਸ਼ਨ ਕਰਕੇ ਜਨਮਾਂ ਜਨਮਾਂ ਦੇ ਪਾਪ ਖੰਡਨ ਹੋ ਜਾਂਦੇ ਹਨ।

(੭) ਇਕ ਵਾਰ ਆਪ ਰਤੇ ਚੋਏ ਸਨ ਤਾਂ ਬਾਂਦਰੀ ਨੇ ਸ੍ਰੀ ਗਰੰਥ ਸਾਹਿਬ ਦੇ ਪਤ੍ਰੇ ਪਾੜ ਦਿਤੇ ਤਾਂ ਆਪ ਜੀ ਰੰਗ ਵਿਚ ਹੋਕੇ ਕਹਿਣ ਲਗੇ, ਜਿਸਤ੍ਰਾਂ ਤੂੰ ਦਰਬਾਰ ਦੇ ਪਤੇ ਪਾੜੇ



ਚੀਨੀ' ਵਾਲੜਾ ਸਾਮਣੇ ਨਜ਼ਰ ਆਵੇ । ਚੜਿਆ ਨਜ਼ਰ ਆਵੇ ਜੇਕਰ ਚੰਨ ਸੋਹਣਾਂ । ਦਿੱਸੇ ਸਾਮਣੇ' ਥਮਾਂ ਦੀ ਜੋਤ ਜਗਦੀ । ਚਾਰੋਂ ਤਰਫ ਬੰਦੂਕ ਦੇ ਹੋਣ ਪਹਿਰੇ ।

ਹਨ ਸ਼ਾਮ ਤਕ ਤੇਨੂੰ ਭੀ ਉਸੇਤਰਾਂ ਕੁਤੇ ਪਾੜਨ ਗੇ ਆਪ ਜੀ ਦਾ ਬਚਨ ਸਚ ਹੋਯਾ।

(੮) ਆਪ ਜੀ ਨੇ ਅਜੇਹੀਆਂ ਕਰੜੀਆਂ ਬੰਦਸ਼ਾਂ ਦੇ ਬਾ-ਵਜੂਦ ਭੀ ਸਤਿਗੁਰਾਂ ਦੇ ਮੋਰਮਈ ( ਰੰਗੂਨ ) ਜਾਕੇ ਦਰਸ਼ਨ ਕੀਤੇ। ਅਤੇ ਇਸ ਵਾਕ ਨੂੰ ਪੂਰਿਆਂ ਕੀਤਾ 'ਸਮੁੰਦ ਸਾਗਰ ਹੋਵੇ ਬਹੁ ਖਾਰਾ, ਗੁਰ ਸਿਖ ਲੰਘ ਗੁਰੂ ਪੈਜਾਈ, ਇਕ ਵਾਰੀ ਆਪ ਜੀ ਨੇ ਨਹਿਰ ਤੇ ਸਤਿਗੁਰੂ ਰਾਮਸਿੰਘਜੀ ਨੂੰ ਹਾਉਕਾ ਲੈਕੇ ਯਾਦ ਕੀਤਾ ਤਾਂ ਓਧਰ ਸਚੇ ਪਾਤ-ਸ਼ਾਹ ਰੰਗੂਨ ਵਿਚ ਅਸ਼ਨਾਨ ਕਰਕੇ ਕਛੈ-ਹਰਾ ਬਦਲਨ ਲਗੇ ਸਨ, ਆਪ ਜੀ ਦਾ ਫੁਰਨਾਂ ਹੁੰਦਿਆਂ ਹੀ ਗਿਲੇ ਕਛੈਹਰੇ ਸਮੇਤ ਦਰਸ਼ਨ ਦੇ ਕੇ ਕਹਿਨ ਲਗੇ ਕਦੀ ਵੇਲਾ ਵਖਤ ਤਾਂ ਵਿਚਾਰ ਲਿਆ ਕਰੋ।

## ਅੰਤ ਸਮਾਂ

ਚੜ੍ਹਾਈ ਤੋਂ ਅਠ ਦਿਨ ਪਹਿਲੋਂ ਆਪ ਜੀ ਨੇ ਦਸ ਦਿਤਾ ਸੀ ਕਿ ਹੁਨ ਅਸਾਂ ਕੂਚ ਕਰ ਜਾਣਾਂ ਹੈ, ਸੋ ੧੯੫੬ ਬਿ: ਪੋਹ ਦੇ ਮਹੀਨੇ ਰਾਏ ਕੇ ਬੁਰਜ ਵਿਚ, ਪਹਿਰ ਰਾਤ ਰੈਂਹਦੀ ਹਰੀ ਸਿਮ੍ਰਣ ਕਰਦੇ ਕਰਦੇ ਜੋਤੀ ਜੋਤ ਸਮਾ ਗਏ।

## (੯) ਸੰਤ ਬਾਬਾ ਮੀਹਾਂ ਸਿੰਘ ਜੀ

ਆਪ ਸੰਤ ਜੀਉਣ ਸਿੰਘ ਜੀ ਦੇ ਛੋਟੇ ਭਾਈ ਸਨ ਆਪ ਦਾ ਜਨਮ ਸੰ: ੧੯੧੧ ਬਿ: ਨੂੰ ਬਾਬਾ ਸ਼ਾਮ ਸਿੰਘ ਜੀ ਦੇ ਗਰਹਿ ਵਿਖੇ ਹੋਇਆ, ਆਪ ਬੜੇ ਉੱਚੇ ਲੰਮੇ ਸੂਰ-ਬੀਰ ਸਨ। ਪ੍ਰਉਪਕਾਰ ਤਾਂ ਆਪ ਜੀ ਵਿਚ ਕੁਟ ੨ ਕੇ ਭਰਿਆ ਹੋਇਆ ਸੀ ਚੀਨੀ ਵਾਲੇ ਪ੍ਰੀਤਮ ਜੀ ਦੇ ਗੀਤ ਹਰ ਵੇਲੇ ਆਪ ਗੌਂਦੇ ਰਹਿੰਦੇ ਸਨ। ਮਾਲਾ ਵਾਲੇ ਮਾਹੀ ਦਾ ਆਪ ਵਿਛੋੜਾ ਨ ਸਹਾਰ ਸਕੇ ਸਮੁੰਦਰਾਂ ਤੋਂ ਪਾਰ ਜਾ ਦਰਸ਼ਨ ਕੀਤੇ ਆਪ ਜੀ ਨੇ ਕੋਈ ਪ੍ਰਵਾਹ ਨ ਕਰਦਿਆਂ ਹੋਇਆਂ ਬੰਗਲੇ ਵਾਲੇ ਕਿਲੇ ਦੀ ਦੀਵਾਰ ਟੱਪ ਕੇ ਪ੍ਰੀਤਮ ਜੀ ਦੇ ਚਰਣ ਜਾ ਪਰਸੇ, ਸਤਿਗੁਰਾਂ ਨੇ ਛਾਤੀ ਨਾਲ ਲਾ ਲਿਆ ਅਤੇ ਕਿਹਾ ਮੀਹਾਂ ਸਿੰਘ ਇਹ ਤੇਰੇ ਪਿਛਲੇ ਜਨਮ ਦੇ ਤਪ ਦਾ ਫਲ ਹੈ, ਆਪ ਤਿੰਨ ਵਾਰਾਂ ਸਮੁੰਦਰ ਤੋਂ ਪਾਰ ਗਏ ਅਤੇ ਪਵਿਤਰ ਚਰਨ ਪਰਸੇ, ਸਤਿਗੁਰਾਂ ਨੇ ਕਿਹਾ ਮੀਹਾਂ ਸਿੰਘ ! ਤੁਹਾਨੂੰ ਡਰ ਨਹੀਂ ਲਗਦਾ ਐਨੀਆਂ ਬੰਦਸ਼ਾਂ ਦੇ ਬਾਵਜੂਦ ਤੁਸੀਂ ਪ੍ਰਵਾਹ ਨਹੀਂ ਕਰਦੇ ਕਿ ਸਾਡਾ ਕੀ ਹਾਲ ਹੋਊ, ਤਾਂ ਆਪ ਕਹਿਣ ਲਗੇ:-

ਚੀਨੀ ਵਾਲੜਾ ਸਾਹਮਣੇ ਨਜ਼ਰ ਆਵੇ,
ਦਰਸ਼ਨ ਕਰਨ ਦੇ ਵਾਸਤੇ ਝੁੱਕਣਾਂ ਕੀ।
ਚੜ੍ਹਿਆ ਨਜ਼ਰ ਆ ਵੇ ਜੇਕਰ ਚੰਨ ਸੋਹਣਾਂ,
ਤੇ ਚਕੋਰ ਨੇ ਵੇਂਹਦਿਆਂ ਥੱਕਣਾਂ ਕੀ।
ਦਿਸੇ ਸਾਮਣੇ ਸ਼ਮਾਂ ਦੀ ਜੋਤ ਜਗਦੀ,
ਤੇ ਪਤੰਗ ਨੇ ਮਰਣ ਤੋਂ ਹੱਟਣਾਂ ਕੀ।
ਚਾਰੇਂ ਤਰਫ ਬੰਦੂਕ ਦੇ ਹੋਣ ਪਹਿਰੇ,
'ਰਾਮ'ਦਿਸੇਸੋਹੇ, ਡਰ ਫਿਰ ਰਖਣਾ ਕੀ।

ਹੇ ਦੀਨ ਦਿਆਲ ! ਜਿਸਦੇ ਸਿਰ ਤੇ ਆਪ ਜੀ ਦਾ ਪਵਿੱਤਰ ਹਥ ਹੋਵੇ, ਉਹਨੂੰ ਕਦੀ ਕਿਸੇ ਦਾ ਭੈ ਵਿਆਪ ਸਕਦਾ ਹੈ, ਦੀਨ ਦਿਆਲ ! ਆਪ ਜੀ ਨੇ ਨੌਵੇਂ ਜਾਮੇਂ ਵਿਚ ਲਿਖਿਆ ਹੈ ( ਭੈ ਕਾਹੂ ਕੋ ਦੇਤਿ ਨਹਿ ! ਨਹਿ ਭੈ ਮਾਨਤ ਆਨ ) ਪ੍ਰੀਤਮ ਜੀ, ਜੇਹੜਾ ਤੇਰਾਹੋਵੇਉਹਨੂੰ ਕੀਹਦਾ ਡਰ, ਇਹਕਹਿਆਪ ਵਿਦਿਆ ਹੋਏ, ਜਿਸ ਵੇਲੇ ਪੂਰੀ ਤਹਿਕੀਕਾਤ ਹੋਈ, ਤਾਂ ਆਪ ਜੀ ਨੂੰ ਫਿਰ ਪੰਜਾਬ ਵਿਚੋਂ ਬੁਲਾਕੇ ਸਜਾ ਦਿਤੀ ਗਈ, ਜਿਸ ਨੂੰ ਆਪਨੇ

ਖਿੜੇ ਮਥੇ ਬਰਦਾਸ਼ਤ ਕੀਤਾ।

### ਅੰਤ ਸਮਾਂ

੧੯੯੪ ਬਿ: ਦੀ ਕਤਕ ਨੂੰ ਆਪ ਜੀ ਨੇ ਅਪਨੇ ਨਗਰ ਵਿਚ ਹੀ ਪ੍ਰਲੋਕ ਗਵਨ ਕੀਤਾ ਸਰਹਾਲੀ ਵਿਚ ਅੰਤ ਸਵਾਸਾਂ ਤਕ ਮਾਹੀ ਦੀ ਯਾਦ ਵਿਚ ਮਨ ਨੂੰ ਮਗਨ ਰਖਿਆ।

## (ਅ) ਸੰਤ ਕਿਸ਼ਨ ਸਿੰਘ ਜੀ

ਇਹ ਆਪ ਜੀ ਤੋਂ ਪੰਜ ਸਾਲ ਛੋਟੇ ਸਨ, ਇਨ੍ਹਾਂ ਉਤੇ ਭੀ ਸਚੇ ਪਾਤਸ਼ਾਹ ਜੀ ਦੀ ਬੜੀ ਕ੍ਰਿਪਾ ਸੀ ਜਿਨਾਂ ਚਿਰ ਕੋਈ ਸਿਖ ਸੰਤ ਘਰੋਂ ਪ੍ਰਸਾਦਾ ਨ ਛਕ ਜਾਵੇ ਓਨਾਂ ਚਿਰ ਆਪ ਪ੍ਰਸ਼ਾਦ ਨਹੀਂ ਸਨ ਛਕਦੇ ਇਕ ਵਾਰੀ ਚਾਰ ਦਿਨ ਹੀ ਭੁਖੇ ਰਹੇ, ਅੰਤ ਸਮੈ ਆਪ ਜੀ ਨੂੰ ਨਮੂਨਆਂ ਹੋਇਆ ਤਾਂ ਆਪਨੇ ਪਿਹਿਲੋਂ ਘਰ ਵਾਲਿਆਂ ਨੂੰ ਹਦਾਇਤ ਕਰ ਦਿਤੀ ਕਿ ਤੁਹਨੂੰ ਆਂਡੇ ਸ਼ਰਾਬ ਵਰਤਣ ਵਾਸਤੇ ਲੋਕ ਕਹਿਣ ਗੇ ਪਰ ਯਾਦ ਰਖਣਾਂ ਜੋੜਾ ਮੈਨੂੰ ਇਹ ਚੀਜ਼ਾਂ ਖਵਾਏਗਾ ਓਹ ਕੋਹੜਾ ਹੋ ਕੇ ਮਰੇਗਾ ਅੰਤ ਸਮੇਂ ਤਕ ਆਪ ਜੀ ਨੇ ਸਤਿਗੁਰਾਂ ਦੇ ਬਚਨਾਂ ਤੇ ਅਮਲ ਕੀਤਾ।

ਨੋਟ—ਏਸ ਲੇਖ ਦੇ ਨੋਟ ਗੁਰੂ ਘਰ ਦੇ ਨਿਸ਼ਕਾਮ ਸੇਵਕ ਸ੍ਰੀ ਮਾਨ ਮਾਸਟਰ ਸੰਪੂ-ਰਣ ਸਿੰਘ ਜੀ ਜਖੇਪਲ ਨੇ ਸਰਹਾਲੀ ਨੱਗਰ ਵਿਚ ਜਾਕੇ ਸੰਤਾਂ ਦੇ ਖਾਸ ਸੰਬੰ-ਧੀਆਂ ਤੇ ਨਿਕਟ ਵਰਤੀਆਂ ਤੋਂ ਇਕੱਠੇ ਕਰਕੇ ਭੇਜੇ ਹਨ। ਮਾਸਟਰ ਜੀ ਤੋਂ ਇਲਾਵਾ ਭਾਈ ਨਿਰੰਜਣ ਸਿੰਘ ਜੀ ਬੁਰਜ ਨੇ ਵੀ ਇਸ ਪ੍ਰਵਾਰ ਦੇ ਜੀਵਨ ਸਬੰਧੀ ਸਤਿਜੁਗ ਦੀ ਸੇਵਾ ਕੀਤੀ ਹੈ, ਮੈਂ ਦੋਹਾਂ ਸੱਜਨਾਂ ਦਾ ਦਿਲੋਂ ਵਜੋਂ ਧਨਵਾਦ ਕਰਦਾ ਹਾਂ।

# ਨਾਮਧਾਰੀ ਸੰਤ

(ਵਲੋਂ ਗਿਆਨੀ ਹਰਸਹਾਇ ਸਿਘ ਜੀ 'ਪਾਰਸ' ਕੋਟਲਾ ਤਪਾ ਗੁਜਰਾਂਵਾਲਾ)

ਪੋਹ ਦਾ ਮਹੀਨਾ ਤੇ ਕੱਕਰ ਸੀ ਡਾਢਾ ਜੰਮਿਆਂ।
ਝੱਖੜ ਹਨੇਰਾ ਗਜ਼ਬ ਦਾ, ਸੂਰਜ ਅਜੇ ਨ ਨਿੰਮਿਆਂ।
ਪਾਲੇ ਨੇ ਫੌਜਾਂ ਚਾੜ੍ਹੀਆਂ, ਰੁਖਾਂ ਦੇ ਪਤਰ ਝੜੇ ਸੀ।
ਸਬਜ਼ੇ ਤੇ ਜੰਮੀ ਤ੍ਰੇਲ ਜਿਓਂ, ਮੋਤੀ ਕਿਸੇ ਨੇ ਜੜੇ ਸੀ।
ਪੰਛੀ ਵੜੇ ਸੀ ਆਹਲਣੀਂ. ਪੈਂਦੀ ਹਾ! ਐਸੀ ਸੀਤ ਸੀ।
ਗਰਮੀਆਂ ਸਨ ਹਾਰੀਆਂ, ਤੇ ਸਰਦੀਆਂ ਦੀ ਜੀਤ ਸੀ।

ਢੱਕੇ ਸੀ ਪਰਬਤ ਬਰਫ ਨੇ, ਪਾਣੀ ਸੀ ਜਾਂਦਾ ਜੰਮਦਾ।
ਹਥ ਪੈਰ ਹੁੰਦੇ ਸੁੰਨ ਸੀ, ਤਕ ਕੇ ਜਲੇਜਾ ਕੰਬਦਾ।

ਤੱਕੋ ਹਾਂ! ਵੇਖੋ ਐਸ ਵੇਲੇ, ਕੌਣ ਖੂਹ ਤੇ ਨ੍ਹਾ ਰਿਹਾ।
ਪਿਆਰੇ ਦੇ ਗੂੜ੍ਹੇ ਪਿਆਰ ਵਿਚ, ਉਚੀ ਸੁਰਾਂ ਹੈ ਲਾ ਰਿਹਾ।

ਪੈਰੀਂ ਖੜਾਵਾਂ ਹਥ ਗੜਵਾ, ਸਣੇ ਕੇਸੀਂ ਨ੍ਹਾਂਵਦਾ।
ਕਹਿ 'ਧੰਨ ਸਤਿਗੁਰ ਰਾਮ ਸਿੰਘ' ਪਾਪਾਂ ਨੂੰ ਕਟੀ ਜਾਂਵਦਾ।

ਇਕ ਕਛਹਿਰਾ ਤੇੜ ਤੇ ਇਕ ਰਖਿਆ ਉਸ ਕੋਲ ਹੈ।
ਵੈਰਾਗ ਦੇ ਵਿਚ ਉਚਰਦਾ ਡਾਢੇ ਹੀ ਮਿਠੇ ਬੋਲ ਹੈ।

ਆਸਣ ਤੇ ਲਾਕੇ ਚੌਕੜਾ, ਹਥ ਮਾਲਾ ਉਸ ਨੇ ਫੜ ਲਈ।
ਸ਼ਾਂਤੀ ਸਰੋਵਰ 'ਰਾਮ' ਦੀ ਸੂਰਤੀ 'ਚਿ ਸੂਰਤ ਜੜ ਲਈ।

ਨੈਣਾਂ 'ਚਿ ਮਸਤੀ ਨਾਮ ਦੀ, ਹਾਂ! ਨੂਰ ਮਸਤਕ ਚਮਕਦਾ।
ਸਾਦਗੀ ਗੰਭੀਰਤਾ ਦਾ, ਚੰਨ ਚੇਹਰੇ ਦਮਕਦਾ।

ਹੈ ਵਿਚਰਦਾ ਉਪਕਾਰ ਵਿਚ, ਗਊਆਂ ਲਈ ਤੋਪਾਂ ਚਖਦਾ।
ਦੁਰਮਤ ਦਵੈਤਾ ਦੂਰ ਕਰ, ਸੁਚ ਸੋਧ ਸੰਜਮ ਰਖਦਾ।

ਦੁਨੀਆਂ ਦੇ ਬੰਧਨ ਤੋੜਕੇ, ਰਬ ਨਾਲ ਲਾਈਆਂ ਯਾਰੀਆਂ।
ਗੁਰੂ ਰਾਮ ਹਰਿ ਪ੍ਰਤਾਪ ਦੇ, ਹੁਕਮਾਂ 'ਚਿ ਲਾਵੇ ਤਾਰੀਆਂ।

ਮੁਕਤੀ ਦਾ ਸੋਮਾਂ ਸ਼ਾਂਤ ਰਬੀ, ਸਚ 'ਪਾਰਸ' ਭੇਤ ਹੈ।
ਨਾਮ-ਧਾਰਾ ਨਾਮ ਦੀ, ਏ ਨਾਮ-ਧਾਰੀ ਸੰਤ ਹੈ।

# (੧੬) ਮਿਰਜੇਵਾਲੀਏ ਬਾਬਾ ਜਵਾਹਰ ਸਿੰਘ ਜੀ

ਸੰਤ ਜਵਾਹਰ ਸਿੰਘ ਜੀ ਦੀ ਨਾਮਧਾਰੀ ਪੰਥ ਵਿਚ ਬੜੀ ਉੱਚੀ ਪੁਜ਼ੀਸ਼ਨ ਹੈ ਆਪ ਜੀ ਦਾ ਜਨਮ ੧੯੦੩ ਬਿ: ਵਿਚ ਪਿੰਡ ਮਿਰਜ਼ੇ ਵਾਲੀ-ਜ਼ਿਲਾ ਗੁਰਦਾਸ ਪੁਰ ਵਿਚ ਹਿੰਦੂ ਜੱਟਾਂ ਦੇ ਘਰ ਹੋਇਆ ਆਪ ਜੀ ਦਾ ਪ੍ਰਵਾਰ ਸਰਵਰੀਆਂ ਦਾ ਸੀ, ਜਿਸ ਦੀ ਇਹ ਰਸਮ ਸੀ-ਬਾਲਕ ਪੈਦਾ ਹੋਣ ਸਮੇਂ ਕੰਨ ਵਿਚ ਟਾਹਰ ਦਵਾਂਦੇ ਸਨ। ਕਈ ਵਾਰ ਰਾਤ ਨੂੰ ਆਪ ਜੀ ਨੂੰ ਸੁਤਿਆਂ ਪਿਆਂ ਇੱਕ ਚਾਨਣ ਜਿਹਾ ਭਾਸਦਾ ਸੀ, ਜਿਸ ਵਿਚੋਂ ਇੱਕ ਤੇਜਸ੍ਵੀ ਮੂਰਤੀ ਦਾ ਦਰਸ਼ਨ ਹੁੰਦਾ ਸੀ। ਕੱਦ ਲੰਬਾ ਬਸਤ੍ਰ ਦੁਧ ਤੋਂ ਭੀ ਚਿਟੇ, ਗਲ ਵਿਚ ਸਫੈਦ ਉੱਨ ਦੀ ਮਾਲਾ ਆਪ ਹੈਰਾਨ ਹੁੰਦੇ ਕਿ ਇਹ ਕੌਣ ਹੈ, ਜੋ ਮੇਰੇ ਮਨ ਨੂੰ ਬਦੋ ਬਦੀ ਅਪਨੀਂ ਵਲ ਪ੍ਰੇਰ ਰਿਹਾ ਹੈ। ਦਿਲ ਵਿਚ ਪ੍ਰਤੱਖ ਦਰਸ਼ਨਾਂ ਦੀ ਲਾਲਸਾ ਏਨੀਂ ਵਧ ਗਈ-'ਕਿ ਸੁਪਨੇਂ ਆਇਆ ਭੀ ਗਇਆ ਮੈਂ ਜਲ ਭਰਿਆ ਰੋਇ'' ਵਾਲੀ ਗੱਲ ਪ੍ਰਤੱਖ ਭਾਸਣ ਲਗੀ। ਆਪ ਕਹਿੰਦੇ -''ਹੇ ਸੁਪਨੇਂ ਵਿਚ ਔਣ ਵਾਲੇ ਪ੍ਰੀਤਮ! ਕ੍ਰਿਪਾ ਕਰ, ਤੇ ਸਾਖਿਆਤ ਦਰਸ਼ਨ ਦੀ ਦਾਤ ਬਖਸ਼, ਨਹੀਂ ਤਾਂ, ''ਆਓ ਸੁਭਾਗੀ ਨੀਦੜੀਏ, ਮੈਨੂੰ ਨੀਂਦ ਹੀ ਪਿਆਰੀ ਲੱਗਦੀ ਹੈ ਜਿਸ ਵਿਚ ਦ੍ਰਸ਼ਨ ਤਾਂ ਹੁੰਦੇ ਹਨ। ਕੁਝ ਕੁ ਸਮਾਂ ਆਪ ਦਾ ਏਸੇਤ੍ਰਾਂ ਹੀ ਬਿਤੀਤ ਹੋਇਆ।

ਇਕ ਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾ ਰਾਜ ''ਦੜਪ ਦਾ ਦੌਰਾ ਕਰਦੇ ਪੰਨਵੀਂ ਆਏ, ਜੋ ਮਿਰਜ਼ੇ ਵਾਲੀ ਤੋਂ ਤਿਨ ਚਾਰ ਕੋਹ ਦੀ ਵਿਥ ਤੇ ਹੈ। ਅ ਪ ਭੀ ਸੁਣਕੇ ਦਰਸ਼ਨਾਂ ਨੂੰ ਚਲੇ ਗਏ, ਦਿਲ ਨਾਲ ਪੱਕਾ ਫੈਸਲਾ ਕਰ ਲਿਆ-'ਲੋਕ ਕਹਿੰਦੇ ਹਨ ਪੰਨਵੀਂ ਗੁਰੂ ਆਇਆ ਹੈ, ਜੇ ਠੀਕ ਗੁਰੂ ਹੈ ਤਾਂ ਮੇਰੀ ਬਾਂਹ ਤੋਂ ਫੜਕੇ, ਮੇਰਾ ਨਾਮ ਲੈਕੇ ਆਪਣਾਂ ਚੇਲ਼ਾ ਕਰੇ। ਪੰਨਵੀਂ ਦੀਵਾਨ ਲਗਾ ਹੋਇਆ ਸੀ, ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਬਿਰਾਜਮਾਨ ਸਨ। ਭਾਵੇਂ ਆਪ ਦਰਸ਼ਨ ਮਾਤ੍ਰ ਨਾਲ ਹੀ ਮੋਹਿਤ ਹੋ ਗਏ, ਪਰ ਅਪਨੇ ਘਰੋਂ ਟੁਰਨ ਵੇਲੇ ਕੀਤੇ ਪ੍ਰਣ ਦੇ ਕਾਰਣ ਪੂਰਾ ਪੂਰਾ ਵਿਸ਼ਵਾਸ ਨ ਕਰ ਸਕੇ। ਜਬ ਆਪਨੇ ਮੱਥਾ ਟੇਕਣ ਵੇਲੇ ਸਿਰ ਨਿਵਾਇਆ, ਤਾਂ ਘਟ ਘਟ ਦੀ ਜਾਨਣ ਹਾਰ, ਨੇ ਬਾਹੋਂ ਫੜਕੇ ਕਿਹਾ, ਜਵਾਹਰ ਸਿੰਘਾ! ''ਕੀ ਅਜੇ ਵੀ ਸਿਖ ਬਣਨ ਵਿਚ ਡੇਰ ਹੈ? ਜਾਂ ਆਪ ਨੇ ਸਿਰ ਉਤਾਂਹ ਚੁਕਿਆ, ਤਾਂ ਦਰਸ਼ਨ ਕਰਕੇ ਮਸ-ਤਾਨੇ ਹੋ ਗਏ। ਭਰੋਸਾ ਹੋ ਗਿਆ ਕਿ ਇਹ ਓਹੋ ਹੀ ਹਨ। ਜਿਨਾਂ ਨੇ ਮੈਨੂੰ ਸੁਤਿਆਂ ਨੂੰ ਨਿਹਾਲ ਕੀਤਾ ਸੀ। ਆਪ ਦੀਆਂ ਸਭ ਮਨੋਂ ਕਾਮਨਾਂ ਪੂਰਨ ਹੋ ਗਈਆਂ। ਭਜਨ ਪੁਛ, ਅਤੇ ਅੰਮ੍ਰਿਤ ਛਕਕੇ ਜਵਾਹਰੂ ਤੋਂ ਜਵਾ ਹਰ ਸਿੰਘ ਹੋ ਗਏ।

ਪਿੰਡ ਦੇ ਲੋਕਾਂ ਨੇ ਆਪ ਜੀ ਦੇ ਮਾਪਿਆਂ ਨੂੰ ਜਾ ਦੱਸਿਆ ਕਿ ਤੁਹਾਡਾ ''ਜਵਾਹਰੂ'' ਅਜ ਕੂਕਾ ਬਣ ਗਿਆ ਹੈ, ਇਹ ਸੁਣਕੇ ਘਰ ਵਾਲਿਆਂ ਨੇ ਏਨਾਂ ਸ਼ੋਕ ਕੀਤਾ, ਜਿਵੇਂ ਕਿਸੇ ਦਾ ਜਵਾਨ ਲੜਕਾ ਚੜ੍ਹਾਈ ਕਰ ਜਾਂਦਾ ਹੈ। ਘਰ ਆਕੇ ਆਪਨੇ

ਡਿਠਾ ਤਾਂ ਪਿੰਡ ਦੇ ਕਈ ਤੀਵੀਆਂ ਮਰਦ ਉਹਨਾਂ ਦੇ ਘਰ ਆਪਦੇ ਕੂਕਾ ਬਨਣ ਤੇ ਅਫਸੋਸ ਕਰ ਰਹੇ ਹਨ।

ਆਪਦੇ ਘਰ ਵਾਲਿਆਂ ਨੇ ਆਪ ਨੂੰ ਬਹੁਤ ਬੁਰਾ ਭੁਲਾ ਕਿਹਾ ਪਰ ਆਪ ਦੇ ਦਿਲ ਉਤੇ ਛਿੱਡੀ ਜਿਨਾਂ ਵੀ ਅਸਰ ਨਾਂ ਹੋਇਆ। ਜਿਉਂ ਜਿਉਂ ਆਪ ਦੀ ਵਿਰੋਧਤਾ ਵਧਦੀ ਗਈ ਤਿਓਂ ੨ ਆਪ ਪੱਕੇ ਹੁੰਦੇ ਗਏ। ਜਦੋਂ ਆਪ ਦੀ ਮਾਤਾ ਨੂੰ ਇਹ ਨਿਸਚਾ ਹੋ ਗਿਆ ਕਿ ਜਵਾਹਰੂ ਹੁਣ ਸਾਡਾ ਨਹੀਂ ਰਿਹਾ ਤਾਂ ਆਪਣੇ ਦੂਜੇ ਪੁਤ੍ਰ ਨੂੰ ਹੁਕਾ ਪੀਣ ਲਾ ਦਿਤਾ ਤਾਕਿ ਸਰਵਰੀਆਂ ਦੀ ਸਿਖੀ ਸੇਵਕੀ ਵਿਚ ਫਰਕ ਨਾਂ ਪੈ ਜਾਵੇ। ਮਾਤਾ ਹੁਕਈ ਪੁਤ੍ਰ ਨੂੰ ਨਾਲ ਲੈਕੇ ਆਪਣੇ ਪੇਕਿਆਂ ਨੂੰ ਤੁਰ ਗਈ, ਤਾਕਿ ਉਸ ਉਤੇ ਜਵਾਹਰੂ ਦਾ ਅਸਰ ਨ ਹੋ ਸਕੇ। ਲੋਕੀ ਆਖਦੇ, ਕੈਸਾ ਵਸਦਾ ਰਸਦਾ ਘਰ ਸੀ, ਦਨਾਂ ਵਿਚ ਉਜੱੜ ਗਿਆ ਹੈ। ਏਸ ਮੁੰਡੇ ਨੇ ਘਰ ਨੂੰ ਕਲੰਕਤ ਕਰ ਦਿਤਾ, ਪਰ ਭੋਲੀ ਲੁਕਾਈ ਨੂੰ ਕੀ ਪਤਾ ਸੀ ਕਿ ਇਹ ਮੁੰਡਾ ਕਈਆਂ ਭੁਲੀਆਂ ਰੂਹਾਂ ਵਾਸਤੇ ਰੌਸ਼ਨ ਮੁਨਾਰਾ ਬਨੇਗਾ॥

## ਤਪਸਿਆ

ਭਜਨ ਪੁਛਕੇ ਬਾਬਾ ਜੀ ਨੇ ਅਜੇਹੀ ਕਠਨ ਤਪੱਸਿਆ ਅਰੰਭੀ ਕਿ ਵੇਖਣ ਵਾਲੇ ਹੈਰਾਨ ਰਹਿ ਗਏ। ਇਹ ਗਲ ਯਾਦ ਰਹੇ ਕਿ ਸਚੇ ਪਾਤਸ਼ਾਹ ਜੀ ਨੇ ਉਪਦੇਸ਼ ਕਰਨ ਲਗਿਆਂ ਹੁਕਮ ਕੀਤਾ ਸੀ ਕਿ ਜਿਨਾਂ ਚਿਰ ਇਹ ਸ੍ਰੀਰ ਅਗਨ ਭੇਟ ਨ ਹੋ ਜਾਵੇ, ਸੁਆਸ ੨ ਭਜਨ ਕਰਨਾਂ। ਇਸ ਬਚਨ ਨੂੰ ਮੁਖ ਰਖ ਦਿਆਂ ਆਪਨੇ ਨੀਂਦਰ ਨੂੰ ਵੱਸ ਵਿਚ ਕਰਣ ਲਈ ਉੱਦਮ ਕਰਨਾਂ ਅਰੰਭ ਦਿਤਾ, ਕਿਉਂਕਿ ਨੀਂਦ ਵਿਚ ਸੁਾਸ ਬਿਰਥਾ ਜਾਣ ਦਾ ਡਰਸੀ ਰਾਤ ਨੂੰ ਦਰਯਾ ਵਿਚ ਖਲੋਕੇ ਭਜਨ ਕਰਨਾ। ਪੋਹ ਦੀਆਂ ਰਾਤਾਂ ਵਿੱਚ ਅਪਨੇ ਕੋਠੇ ਤੇ ਬੈਠਕੇ, ਕਪੜੇ ਭਿਜੇ ਹੋਏ ਪਾਕੇ ਬੰਦਗੀ ਕਰਨੀ, ਫੇਰ ਖੂਹ ਦੇ ਝੱਲਣ ਉਤੇ ਪੈਰਾਂ ਭਾਰ ਬੈਠਕੇ ਸਿਮਰਨ ਅਰੰਭ ਦਿਤਾ। ਆਪ ਦਸਦੇ ਹੁੰਦੇ ਸੀ ਕਿ ਤਿੰਨ ਵਾਰੀ ਮੈਂ ਉਂਘਲਾਕੇ ਖੂਹ ਵਿਚ ਡਿਗਾ ਸਾਂ, ਪਰ ਮਾਹਲ ਰਾਹੀਂ ਖੂਹ ਵਿਚੋਂ ਨਿਕਲ ਕੇ ਫੇਰ ਝਲਣ ਤੇ, ਬਹਿ ਜਾਂਦਾ ਸਾਂ। ਤੀਜੀ ਵਾਰ ਤੋਂ ਪਿਛੋਂ ਨੀਂਦਰ ਮੇਰਾ ਖਹਿੜਾ ਛਡ ਗਈ।

ਏਸ ਤ੍ਰਾਂ ਆਪ ਨੇ ਨੀਂਦਰ ਨੂੰ ਜਿਤਿਆ। ਬਾਰ੍ਹਾਂ ਵਰ੍ਹੇ ਰਾਤ ਦਿਨ ਜਾਗਦੇ ਰਹੇ, ਤੇ ਇਕ ਸੁਾਸ ਵੀ ਨਾਮ ਬਿਨਾਂ ਨਿਸਫਲ ਨਾਂ ਜਾਣ ਦਿਤਾ। ਏਨੇਂ ਚਿਰ ਵਿਚ ਆਪਨੇ ਅਪਣੀ ਕੰਡ ਵੀ ਧਰਤੀ ਜਾਂ ਜੀ ਨਾਲ ਨਹੀਂ ਲਾਈ, ਕਿ ਮਤਾਂ ਆਲਸ ਆਕੇ ਨੀਂਦ ਫੇਰ ਸਵਾਰ ਹੋ ਜਾਂਦੀ ਹੋਵੇ।

ਏਸ ਤ੍ਰਾਂ ਬੰਦਗੀ ਕਰਨ ਨਾਲ ਭਜਨ ਆਪ ਜੀ ਦੇ ਰੋਮ ਰੋਮ ਵਿਚ ਰਚ ਗਿਆ। ਕਈ ਵਾਰੀ ਇਹ ਅਜ਼ਮਾਇਆ ਗਿਆ ਸੀ ਕਿ ਉਨ੍ਹਾਂ ਦੇ ਸਰੀਰ ਨਾਲ ਕੰਨ ਲਾਇਆਂ ਰੋਮਰੋਮ ਵਿਚੋਂ ਗੁਰਮੰਤ੍ਰ ਦੀ ਧੁਨੀ ਗੂੰਜਦੀਸੀ।

## ਬਗਾਨਾਂ ਹੱਕ

ਪ੍ਰਾਈ ਵਸਤ ਨੂੰ ਗਊ ਸੂਰ ਵਤ ਸਮਝਦੇ ਸਨ। ਜਿਸ ਦਿਨ ਤੋਂ ਆਪ ਨੇ ਭਜਨ ਪੁਛਿਆ, ਆਪਣੇ ਬਲਦਾਂ ਨੂੰ ਭੀ ਘਰੋਂ ਛਿੱਕੇ ਚਾੜ੍ਹਕੇ ਆਪਨੀ ਖੇਤੀ ਵਿਚ ਲਿਜਾਂਦੇ, ਅਤੇ ਇਸਤ੍ਰਾਂ ਹੀ ਵਾਪਸ ਲਿਆਉਂਦੇ ਸਨ।

ਭਾਵੇਂ ਲੋਕ ਆਪ ਦੀ ਇਸ ਕਿਰਿਆ ਤੇ ਮਖੌਲ ਕਰਦੇ, ਪਰ ਆਪ ਹਰ ਕੰਮ ਵਿੱਚ ਸਤਿਗੁਰੂ ਜੀ ਦੇ ਪਵਿਤ੍ਰ ਅਸੂਲ ਨੂੰ ਹੀ ਮੁਖ ਰੱਖਦੇ। ਆਪ ਕਿਰਤ ਦਾ ਪ੍ਰਸ਼ਾਦਾ ਛਕਦੇ। ਜੇ ਕਿਸੇ ਦੇ ਘਰ ਜਾਣਾਂ ਪੈ ਜਾਂਦਾ, ਤਾਂ ਅਪਨੀ ਲੋੜ ਅਨੁਸਾਰ ਪੰਜ ਕਾਲੀਆਂ ਮਿਰਚਾਂ, ਪਾ ਪੱਕਾ ਗੁੜ, ਅਤੇ ਪਾ ਪੱਕੇ ਸੱਤੂ ਘਰੋਂ ਬੰਨ੍ਹਕੇ ਲੈ ਜਾਂਦੇ, ਕਿਉਂਕਿ ਸੱਚੇ ਪਾਤਸ਼ਾਹ ਜੀ ਨੇ ਕਿਹਾ ਸੀ ਕਿ ਅਪਨੇਂ ਹਕ ਤੋਂ ਬਿਨਾਂ ਹਰੇਕ ਪਦਾਰਥ ਨੂੰ ਵਿਹੁ ਸਾਮਾਨ ਜਾਣਨਾਂ। ਸੋ ਜਿਸ ਵੇਲੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਮਹਾਰਾਜ ਅਗੇ ਸੰਤਾਂ ਦੇ ਇਸ ਪ੍ਰਣ ਬਾਬਤ ਸੰਗਤਾਂ ਨੇ ਅਰਜ਼ ਕੀਤੀ ਤਾਂ ਸਚੇ ਪਾਤਸ਼ਾਹ ਨੇ ਬਾਬਾ ਜੀ ਨੂੰ ਕਿਹਾ ਕਿ ਸੰਤ ਜੀ! ਹੁਣ ਤੁਸੀਂ ਜਲ ਪ੍ਰਸ਼ਾਦਾ ਸੰਗਤਾਂ ਪਾਸੋ ਵੀ ਛਕ ਲਿਆ ਕਰੋ। ਕਿਉਂਕਿ ਜਦੋਂ ਤੁਸੀਂ ਕਿਸੇ ਸਿੱਖ ਦੇ ਘਰ ਜਾਕੇ ਭੋਜਨ ਅੰਗੀਕਾਰ ਨਹੀਂ ਕਰਦੇ ਤਾਂ ਉਹਨਾਂ ਨੂੰ ਬਹੁਤ ਖੇਦ ਹੁੰਦਾ ਹੈ। ਭਾਵੇਂ ਆਪ ਨੇ ਗੁਰਾਂ ਦੀ ਆਗਯਾ ਮੰਨ ਲਈ ਪਰ ਫੇਰ ਵੀ ਕਿਸੇ ਦੇ ਘਰ ਦਾ ਅੰਨ ਗ੍ਰਹਿਣ ਕਰਨ ਤੋਂ ਪਹਿਲਾਂ ਇਹ ਜ਼ਰੂਰ ਸੋਚ ਲੈਂਦੇ ਕਿ ਇਸ ਦੀ ਕਿਰਤ ਕਿਸਤ੍ਰਾਂ ਦੀ ਹੈ, ਜਿਸ ਦਾ ਕਾਰਨ ਏਹ ਹੈ, ਕਿ ਅੰਨ ਦਾ ਮਨ ਤੇ ਅਸਰ ਪੈਂਦਾ ਹੈ। ਭਰਥਰੀ ਜੀ ਨੇ ਵੀ ਕਿਹਾ ਹੈ—"ਮਲਿਨ ਅੰਨ ਤੇ ਮਲਿਨ ਚਿੱਤ ਸ਼ੁਧ ਅੰਨ ਤੇ ਸ਼ੁੱਧ।"

## ਸੁਚ ਸੋਧ

ਭਜਨ ਪੂਛਕੇ ਆਪਨੇ ਸੁਚ ਸੋਧ ਰਖ ਲਈ। ਭਾਵੇਂ ਆਪ ਜੀ ਦੀ ਸੁਪਤਨੀ ਇਸ ਕਾਰਯ ਉਤੇ ਨਰਾਜ ਹੀ ਸੀ, ਪਰ ਆਪਨੇ ਅਪਨੀ ਹਥੀਂ ਲੰਗਰ ਕਰਕੇ ਛਕਣਾਂ ਅਰੰਭ ਕਰ ਦਿਤਾ। ਜਿਨਾਂ ਚਿਰ ਆਪ ਜੀ ਦੀ ਸੁਪਤਨੀ ਨੇ ਅੰਮ੍ਰਿਤ ਛਕਕੇ ਮਰ ਯਾਦਾ ਧਾਰਨ ਨਾਂ ਕੀਤੀ ਤਦ ਤਕ ਆਪ ਅਪਣੇਹਥੀਂ ਹੀ ਲੰਗਰ ਸਜਾ ਕੇ ਛਕਦੇ ਰਹੇ।

## ਇਸ਼ਨਾਨ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਵਿਤ੍ਰ ਅਸੂਲ ਤੇ ਵੀ ਆਪਨੇ ਫੁਲ ਚੜ੍ਹਾਏ ਕਿ ਇਸ਼ਨਾਨ ਦੀ ਮਰਯਾਦਾ ਨੂੰ ਆਪ ਜੀ ਨੇ ਅੰਤਮ ਸੁਵਾਸਾਂ ਤਕ ਨਿਬਾਹਿਆ। ਇਕ ਵਾਰੀ ਆਪ ਬਹੁਤ ਨਰਬਲਤਾ ਦੀ ਹਾਲਤ ਵਿਚ ਸਨ। ਜਦ ਅਵਾਜ਼ਾ ਹੋਇਆ ਕਿ "ਜਵਾਹਰ ਸਿੰਘਾ! ਹੁਣ ਤੂੰ ਇਸ਼ਨਾਨ ਨ ਕਰਿਆ ਕਰ। ਆਪ ਨੇ ਕਿਹਾ ਇਹ ਮੇਰੇ ਚੀਨੀ ਵਾਲੇ ਦਾ ਹੁਕਮ ਹੈ, ਜਿਸ ਨੂੰ ਮੈਂ ਕਦੇ ਵੀ ਨਹੀਂ ਛਡ ਸਕਦਾ। ਇਸ਼ਨਾਨ ਕਰਦਿਆਂ ਕਰਦਿਆਂ ਕੁਝ ਦਿਨਾਂ ਵਿਚ ਆਪ ਦੇ ਸ੍ਰੀਰ ਤੇ ਫੋੜੇ ਹੋ ਗਏ। ਪ੍ਰੰਤੂ ਆਪ ਅਪਣੇ ਪ੍ਰਣ ਤੇ ਡਟੇ ਰਹੇ। ਇਕ ਸਮੇਂ ਦਾ ਜ਼ਿਕਰ ਹੈ ਆਪ ਬੀਮਾਰੀ ਦੀ ਹਾਲਿਤ ਵਿਚ ਹੀ ਇਸ਼ਨਾਨ ਕਰਨ ਲਗੇ। ਪੱਥਰ ਤੋਂ ਪੈਰ ਤਿਲਕ ਕੇ ਡਿਗ ਪਏ, ਤੇ ਇਕੋ ਹੀ ਫੋੜੇ ਚੋਂ ਖੂਨ ਨਿਕਲਨ ਨਾਲ ਸਾਰੀ ਦੇ ਹੀ ਕੰਚਨ ਵਰਗੀ ਹੋ ਗਈ।

ਇਸ਼ਨਾਨ ਕਰਨ ਤੋਂ ਪਿਛੋਂ ਅਕਾਸ਼ ਬਾਣੀ ਹੋਈ ਜਵਾਹਰ ਸਿੰਘ ਧੰਨ ਹੈਂ ਤੂੰ ਤੇ ਧੰਨ ਤੇਰਾ ਸਿਦਕ। ਭਾਵੇਂ ਆਪਨੇ ਇਕ ਵਾਰ ਬਾਰਾਂ ਵਰ੍ਹੇ ਕੇਸਾਂ ਵਿਚ ਦਹੀਂ ਨਾਂ ਪਾਇਆ, ਪਰ ਸਨੇ ਕੇਸੀਂ ਇਸ਼ਨਾਨ ਕਰਨਾਂ ਆਪਨੇ ਨਹੀਂ ਤਿਆ-ਗਿਆ।

## ਪਾਠ

ਆਪ ਸਾਰੀ ਆਯੂ ਪ੍ਰਯੰਤ ਲੱੜਵੰਦਾਂ ਦੇ ਪਾਠ ਬਿਨਾਂ ਮਾਇਆ ਲੈਣ ਤੋਂ ਹੀ ਕਰਦੇ ਰਹੇ। ਪਹਿਲੋਂ ਤਾਂ ਜਲ ਪ੍ਰਸ਼ਾਦਾ ਵੀ ਘਰੋਂ ਛਕਦੇ ਹੁੰਦੇ ਸਨ, ਪਰ ਜਦੋਂ ਤੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਹੁਕਮ ਕੀਤਾ ਸੀ, ਓਦਣ ਤੋਂ ਚੰਗੀ ਕਿਰਤ ਵੇਖਕੇ ਪਾਠ ਕਰਨ ਵਾਲਿਆਂ ਦੇ ਘਰੋਂ ਹੀ ਪ੍ਰਸ਼ਾਦ ਛਕ ਲੈਂਦੇ, ਪ੍ਰੰਤੂ ਮਾਇਆ ਨੂੰ ਉਕਾ ਹੀ ਗ੍ਰਹਿਨ ਨ ਕਰਦੇ।

ਇਕ ਵਾਰੀ ਆਪਜੀ ਨੇ ਅਪਣੀ ਲੜਕੀ ਦਾ ਅਨੰਦ ਕਾਰਜ ਅਰੰਭਿਆ, ਤਾਂ ਆਪ ਦੇ ਸ਼ਰੀਕਾਂ ਨੇ ਈਰਖਾ ਕਰਕੇ ਸੰਤਾਂ ਵਲੋਂ (ਕਬੀਰ ਜੀ ਦੇ ਯਗ ਦੀ ਤ੍ਰਾਂ) ਚਿਠੀਆਂ ਭੇਜ ਦਿਤੀਆਂ ਕਿ ਸੰਤਾਂ ਦੇ ਘਰ ਬੜਾ ਮੇਲਾ ਹੈ। ਉਹ ਚਾਹੁੰਦੇ ਸੀ ਕਿ ਜਵਾਹਰ ਸਿੰਘ ਦੀ ਭੰਡੀ ਹੋਵੇਗੀ। ਆਪ ਕਿਰਤੀ ਜ਼ਿਮੀਦਾਰ ਸਨ, ਅਤੇ ਥੋੜੀ ਕਿਰਤ ਹੀ ਕਰਿਆ ਕਰਦੇ ਸਨ। ਆਪ ਹਲ ਵਾਹੁਣਾ ਭੀ ਛੱਡ ਚੁਕੇ ਸਨ। ਕਹੀ ਨਾਲ ਹੀ ਜ਼ਮੀਨ ਗੋਡਕੇ ਅੰਨ ਬੀਜ ਦਿਆ ਕਰਦੇ ਅਤੇ ਉਸੇ ਵਿਚੋਂ ਹੀ ਸਾਧ-ਸੰਗਤ ਦੀ ਸੇਵਾ ਅਰ ਅਪਨਾਂ ਨਿਰਬਾਹ ਕਰਦੇ ਹੁੰਦੇ ਸਨ। ਵਿਆਹ ਵਾਲੇ ਦਿਨ ਸੰਗਤਾਂ ਦੀ ਭੀੜ ਦਾ ਕੋਈ ਅੰਤ ਨ ਰਿਹਾ ਉਸ ਮੌਕੇ ਆਪ ਜੀ ਦੇ ਘਰ ਕੇਵਲ ਪੰਜ ਸੱਤ ਮਣ ਹੀ ਦਾਣੇ ਸਨ। ਆਪਨੇ ਆਟਾ ਪਿਹਾ ਕੇ ਭੜੋਲੀ ਵਿਚ ਪਾ ਦਿਤਾ ਅਤੇ ਲਾਂਗਰੀਆਂ ਅਗੇ ਅਰਜ਼ ਕੀਤੀ "ਆਟਾ ਇਸ ਭੜੋਲੀ ਦੇ ਐਨ ਰਾਹੀਂ ਕਢਣਾਂ" ਇਸ ਦਾ ਢੱਕਣ ਨ ਲਾਹੁਣਾਂ। ਇਸ ਮੌਕੇਬਾਰਸ਼ ਨੇ ਵੀ ਜਲ ਥਲ ਕਰ ਦਿਤਾ। ਏਨਾਂ ਮੀਂਹ ਅਗੇ ਘਟਹੀ ਵ੍ਰਿਆ ਸੀ। ਆਪ ਦਾ ਯੱਗ ਏਸਤ੍ਰਾਂ ਸਪੂਰਣ ਹੋਇਆ, ਮਾਨੋਂ ਕੋਈ ਅਸਮੇਧ ਯਗ ਕੀਤਾ ਗਿਆ ਹੈ।

'ਤੋਟਿ ਨ ਆਵੈ ਵਧਦੋ ਜਾਈ'

ਦੇ ਮਹਾਵਾਕ ਅਨੁਸਾਰ, ਆਟਾ ਫੇਰਭੀ ਵਧ ਗਿਆ। ਜਿਨ੍ਹਾਂ ਨੇ ਆਪ ਨਾਲ ਈਰਖਾ ਕੀਤੀ ਸੀ, ਹੈਰਾਨ ਹੋਕੇ ਸੰਤਾਂ ਦੀ ਕੀਰਤੀ ਕਰਨ ਲੱਗ ਪਏ।

ਇੱਕ ਵਾਰ ਸੰਤ ਅਭਿਆਸ ਵਿੱਚ ਬੈਠੇ ਹੋਏ ਸਨ ਤਾਂ ਬੜਾ ਭਾਰੀ ਸੱਪ ਸੰਤਾਂ ਦੇ ਸਾਹਮਣੇ ਆਕੇ ਬੈਠ ਗਿਆ। ਸੰਤਾਂ ਨੇ ਦਿਲ ਵਿਚ ਕਿਹਾ, ਸ਼ਬਦ ਨੂੰ ਇਸ ਨੇ ਕੀ ਆਖਣਾਂ ਹੈ। ਨਿਰਭੈ ਹੋਕੇ ਜਾਪ ਕਰਦੇ ਰਹੇ। ਸੱਪ ਨੇ ਆਪਦੇ ਇਰਦ ਗਿਰਦ ਕੁੰਡਲ ਮਾਰ ਲਿਆ ਤੇ ਅਪਣੇ ਫਣ ਨੂੰ ਸੰਤਾਂ ਦੇ ਮੂੰਹ ਦੇ ਸਾਹਮਣੇ ਕਰ ਦਿਤਾ। ਸੰਤ ਫੇਰ ਵੀ ਅਡੋਲ ਬੈਠੇ ਰਹੇ ਤਾਂ ਆਪ ਦੇ ਗਲ਼ ਵਿੱਚ ਵਲਾਵੇਂ ਮਾਰ ਬੈਠਾ। ਪ੍ਰੰਤੂ ਸੰਤਾਂ ਦੀ ਬ੍ਰਿਤੀ ਵਿਚ ਜਰਾ ਵੀ ਫਰਕ ਨਾਂ ਪਿਆ। ਚੌਂਕੜਾ ਮਾਰੀ ਬੈਠੇ ਰਹੇ। ਥੋੜੇ ਚਿਰ ਪਿੱਛੋਂ ਆਪੇ ਹੀ ਵਲ ਲਾਹਕੇ ਟੁਰਨ ਲੱਗਾ ਤਾਂ ਸੰਤਾਂ ਕਿਹਾ ਬੱਸ ਸਜਣਾਂ ਏਨਾਂ ਹੀ ਕੰਮ ਸੀ?

ਇਕ ਵਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਮਹਾਰਾਜਦਾ ਦੌਰਾ ਕਿਆਮ ਪੁਰ ਗਿਆ। ਆਪ ਦੇ ਨਗਰ ਅਤੇ ਕਿਆਮ ਪੁਰ ਦਾ ਫਾਸਲਾ ਚਾਰ ਕੁ ਮੀਲ ਦਾ ਹੈ। ਏਹਨਾਂ ਦੋਹਾਂ ਪਿੰਡਾਂ ਨੂੰ ਬਸੰਤ੍ਰ ਨਦੀ ਅਡ ਅਡ ਕਰਦੀ ਹੈ। ਉਸ ਦਿਨ ਨਦੀ ਅਪਣੇ ਪੂਰੇ ਜੋਬਨ ਵਿਚ ਠਾਠਾਂ ਮਾਰ ਰਹੀ ਸੀ। ਚਿਤ ਵਿਚ ਆਈ—"ਸਤਿਗੁਰਾਂ ਦਾ ਦਰਸ਼ਨ ਕਿਵੇਂ ਕਰਾਂ। ਸ੍ਰੀ ਗੁਰੂ ਨਾਨਕ ਦੇਵ ਜੀ ਕੇਹੜੀ ਤਾਕਤ ਨਾਲ ਉਡਦੇ ਹੁੰਦੇ ਸੀ। ਸ਼ਬਦ ਤਾਂ ਓਹੋ ਹੀ ਹੈ,

ਪਰ ਸਾਡੇ ਕਰਨ ਵਿਚ ਹੀ ਫਰਕ ਹੈ। "ਆਪ ਕਮਰ ਕੱਸਾ ਖੋਹਲ ਕੇ ਚੀਤਾ ਕਰਕੇ ਉਠੇ ਤਾਂ ਕੀ ਦੇਖਦੇ ਹਨ, ਕਮਰ ਕੱਸਾ ਅਜੇ ਹਥ ਵਿਚ ਹੀ ਹੈ, ਪਰ ਆਪ ਸਤਿਗੁਰੂ ਜੀ ਦੇ ਹਜ਼ੂਰ ਦੀਵਾਨ ਵਿਚ ਖੜੇ ਹਨ। ਸਤਿ-ਗੁਰਾਂ ਨੇ ਪੁਛਿਆ "ਬਾਬਾ! ਕਦੋਂ ਕੁ ਦੇ ਆਏ ਹੋਏ ਹੋ? ਕਿਹਾ ਸਤਿਗੁਰੂ ਤੇਰੀਆਂ ਤੂਹੀਂ ਜਾਣੇਂ ਆਪ ਨਾਲੇ ਕਮਰ ਕੱਸਾ ਬੰਨ ਰਹੇ ਹਨ, ਤੇ ਨਾਲੇ ਅਪਨੀ ਇਸ ਛੋਟੀ ਜੇਹੀ ਮੰਗ ਉਤੇ ਪਸਚਾਤਾਪ ਕਰ ਰਹੇ ਹਨ।

## ਅੰਤ ਸਮਾਂ

ਚੜ੍ਹਾਈ ਕਰਨ ਤੋਂ ਇਕ ਦਿਨ ਪਹਿਲੋਂ ਸੰਤਾਂ ਨੇ ਸਾਧ ਸੰਗਤ ਨੂੰ ਅਰਦਾਸ ਘਲਕੇ ਸਦ ਲਿਆ। ਸੰਤ ਕਹਿਣ ਲਗੇ, ਸਾਧ ਸੰਗਤ ਜੀ ਸਾਡੇ ਬਚਨ ਯਾਦ ਰਖਣੇ। ਇਕ ਤਾਂ ਆਪਣੇ ਨੇਤ੍ਰਾਂ ਵਿਚੋਂ ਅਥਰੂ ਨਾਂ ਡਿਗਣ ਦੇਣੇਂ ਕਿਉਂਕਿ ਅਸੀਂ ਆਪਣੇਂ ਘਰ ਚਲੇ ਹਾਂ ਦੂਜੇ ਸਾਡੇ ਹਥੋਂ ਮਾਲਾ ਨਹੀਂ ਛੁਡੌਣੀ। ਮੇਰੀ ਦੇਹ ਤਾਂ ਛੁਟ ਜਾਵੇਗੀ, ਪਰ ਅਰਕ ਤਕ ਸਜੀ ਬਾਂਹ ਬਿਚ ਜਾਨ ਰਹੇਗੀ, ਤੇ ਰਸਨਾਂ ਚਲਦੀ ਹੋਵੇਗੀ। ਇਹ ਸਮਝਕੇ ਸਸਕਾਰ ਤੋਂ ਸੰਕੋਚ ਨਾਂ ਕਰਨਾਂ ਕਿ ਬਾਬਾ ਅਜੇ ਜੀਉਂਦਾ ਹੈ।

ਜਦ ਤਕ ਆਪਦਾ ਸਰੀਰ ਅਗਨੀ ਦੀ ਭੇਟਾ ਨਹੀਂ ਹੋਇਆ ਓਨਾਂ ਚਿਰ ਅਪਦੀ ਰਸਨਾ ਚਲਦੀ ਰਹੀ ਤੇ ਮਾਲਾ ਫਿਰਦੀ ਰਹੀ ਆਪਦੇ ਸਚਖੰਡ ਪਧਾਰਨ ਦਾ ਸੰਮਤ ੧੯੮੪ ਬਿ: ਹੈ।

(ਮੰਗਲ ਸਿੰਘ ਲਾਇਲਪੁਰੀ)

## ਸੰਤ ਕਾ ਮਾਰਗ

"ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਏ। ਕੋਟਿ ਜਨਮ ਕੇ ਕਿਲ ਬਿਖ ਨਾਸੇ ਹਰਿ ਚਰਣੀ ਚਿਤੁ ਲਾਏ"

(ਸੋਰਠ ਮਹਲਾ ੫)

## ਸੰਤਾਂ ਸਰੋਵਰ

"ਸੰਤ ਸਰੋਵਰ ਨਾਵੈ। ਸੋ ਜਨੁ ਪਰਮ ਗਤਿ ਪਾਵੈ। ਮਰੈ ਨ ਆਵੈ ਜਾਈ। ਹਰਿ ਹਰਿ ਨਾਮ ਧਿਆਈ।"

(ਸੋਰਠ ਮਹਲਾ ੫

## ਸੰਤ ਦੀ ਓਟ

ਸੋਰਠ ਮਹਲਾ ੫। ਗਰੀਬੀ ਗਦਾ ਹਮਾਰੀ ਖੰਨਾ ਸਗਲ ਰੇਨਛਾਰੀ। ਤਿਸੁਆਗੈ ਕੋਇ ਨ ਟਿਕੈ ਵੇਕਾਰੀ। ਗੁਰ ਪੂਰੇ ਏਹ ਗਲ ਸਾਰ ੧॥ ਹਰਿ ਹਰਿ ਨਾਮੁ ਸੰਤ ਨ ਕੀ ਓਟਾ ਜੋ ਸਿਮਰੈ ਤਿਸ ਕੀ ਗਤਿ ਹੋਵੈ ਉਧਰਹਿ ਸਗਲੇ ਕੋਟਾ ॥੧॥ ਰਹਾਉ॥ ਸੰਤ ਸੰਗਿ ਜਸੁ ਗਾਇਆ ॥ ਇਹ ਪੂਰਨ ਹਰਿ ਧਨੁ ਪਾਇਆ ॥ ਕਹੁ ਨਾਨਕ ਆਪੁ ਮਿਟਾਇਆ ॥ ਸਭੁ ਪਾਰ ਬ੍ਰਹਮੁ ਨਦਰੀ ਆਇਆ ॥

## ਜੁਗੋ ਜੁਗ ਸੋਭਾ

ਜਿਨਿ ਹਰਿ ਮਨਿ ਵਸਿਆ ਸੇ ਦਰਿ ਸਾਚੇ ਦਰਿ ਸਾਚੇ ਸਚਿਆਰਾ। ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣ ਹਾਰਾ।

(ਸੋਰਠ ਮ: ੩)

# (ਅ) ਮਿਰਜੇ ਵਾਲੀਏ ਬਾਬਾ ਜਵਾਹਰ ਸਿੰਘ ਜੀ

( ਗਿਆਨੀ ਰਜਿੰਦਰ ਸਿੰਘ ਜੀ ਐਡੀਟਰ 'ਖਾਲਸਾ ਐਡਵੋਕੇਟ' ਅੰਮ੍ਰਿਤਸਰ )

ਸਮੇਂ ਦੇ ਹੇਰਾਂ ਫੇਰਾਂ ਵਿਚ ਸਿੱਖ ਆਪਣਾ ਆਪ ਭੁਲ ਰਏ। ਸਿੱਖੀ ਮ੍ਰਜਾਦਾ ਸੁਪਨਾ ਹੋ ਗਈ। ਦਸ਼ਮੇਸ਼ ਪਿਤਾ ਨੂੰ ਭਾਇਆ ਕਿ ਉਹਨਾਂ ਦੇ ਸਿਖ ਫੇਰ ਢਹਿੰਦੀਆਂ ਕਲਾਂ ਵਿਚੋਂ ਮੋੜਾ ਖਾਣ, ਸੁੱਤੇ ਹੋਏ ਉਠਣ ਅਰ-ਆਪਣੇ ਆਪ ਦੀ ਪਛਾਨ ਕਰਨ। ਆਪ ਦੀ ਅੰਤ੍ਰਪ੍ਰੇਰਨਾ ਨਾਲ ਬਾਬਾ ਬੀਰ ਸਿੰਘ ਜੀ, ਬਾਬਾ ਰਾਮ ਸਿੰਘ ਬਾਬਾ ਬਾਲਕ ਸਿੰਘ ਜੀ ਆਦਿਕ ਕੁਝ ਵਿਜੱਕਤੀਆਂ ਉਠੀਆਂ ਜਿਨਾਂ ਦੇ ਭਜਨ ਪਰਤਾਪ ਨਾਲ ਸਿਖਾਂ ਵਿਚ ਫੇਰ ਨਵੇਂ ਸਿਰੇ ਜਾਨ ਪੈ ਆਈ। ਵਡਿਆਂ ਤੋਂ ਸੁਣਿਆ ਹੈ ਕਿਸ੍ਰੀ ਬਾਬਾ ਰਾਮ ਸਿੰਘ ਜੀ ਨੇ ਪਿੰਡ ੨ ਪਹੁੰਚ ਕੇ ਚਿਰਾਂ ਦੇ ਬੰਦ ਪਏ ਗੁਰ ਦੁਆਰਿਆਂ ਨੂੰ ਖੋਲਿਆ ਉਹਨ੍ਹਾਂ ਵਿਚੋਂ ਕਈਆਂ ਦੇ ਛੱਤ ਢਹਿ ਚੁੱਕੇ ਸਨ. ਕਈਆਂ ਦੇ ਛਤਾਂ ਵਿਚ ਮੁਘੋਰੇ ਹੋਏ੨ ਸਨ ਅਰ ਕਈ ਕੁ ਸੌਣ ਮਹਾਰਾਜ ਦੀ ਪਵਿਤ੍ਰ ਦੇਹਾਂ ਉਤੇ ਵੱਸ ਚੁਕੇ ਸਨ, ਕਈ ਥਾਂਈ ਸਿਉਂਕ ਨੇ ਪੂਰੀ ਪੂਰੀ ਦੀਦਾ ਦਲੇਰੀ ਤੋਂ ਕੰਮਲਿਆ ਹੋਇਆ ਸੀ। ਆਪ ਨੇ ਉਹਨ੍ਹਾਂ ਹੀ ਗੁਰਦੁ-ਆਰਿਆਂ ਦੀ ਸਿੰਘਾਂ ਦੀ ਮਦਦ ਨਾਲ ਮੁਰੰਮਤ ਕੀਤੀ ਤੇ ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕੀਤੇ। ਕਿਹਾ ਜਾਂਦਾ ਹੈ ਕਿ ਕਈ ਥਾਈਂ ਆਪ ਦੀਆਂ ਇਨ੍ਹਾਂ ਸਰਗਰ-ਮੀਆਂ ਦੀ ਵਿਰੋਧਤਾ ਭੀ ਹੋਈ ਪਰਆਪ ਦੇ ਪ੍ਰੇਮ ਤੇ ਨਿਮ੍ਰਤਾ ਭਰੇ ਸਲੂਕ ਦੀ ਸਦਾ ਜਿਤ ਹੁੰਦੀ ਰਹੀ। ਅਜ ਮੈਂ ਸਿਖ ਸੰਗਤਾਂ ਨੂੰ ਉਸੁ ਭਜਨੀਕ ਵਯਕਤੀ ਦੀ ਜਾਣ ਪਛਾਣ ਕਰਾਉਂਦਾ ਹਾਂ ਜਿਸਨੂੰ ਸ੍ਰੀ ਬਾਬਾ ਰਾਮ ਸਿੰਘ ਜੀ ਦੇ ਦਰਸ ਪਰਸ ਦਾ ਸੁਭਾਗ ਪ੍ਰਾਪਤ ਸੀ। ਆਪ ਉਸ ਪਾਰਸ ਨਾਲ ਲਗ ਕੇ ਪਾਰਸ ਚੁਕੇ ਸਨ।

ਬਾਬਾ ਜੀ ਦੀ ਜਿਲਾਵਤਨੀ ਤੋਂ ਤਿੰਨ ਸਾਲ ਅਗੋਂ ਮਿਰਜੇ ਵਾਲੀ ਜਿਲਾ ਗੁਰਦਾਸ ਪੁਰ ਦੇ ਇਕ ਜਵਾਹਰ ਨਾਮੀ ਜੱਟ ਦੇ ਪੂਰ-ਬਲੇ ਕਰਮਾਂ ਦਾ ਅੰਕੁਰ ਫੁਟਿਆ। ਉਸ ਦੇ ਉੱਚ ਨਸੀਬ ਉਸਨੂੰ ਸ੍ਰੀ ਬਾਬਾ ਜੀ ਦੇ ਦਰਸਲਈ ਨੇੜੇ ਦੇ ਇਕ ਪਿੰਡ ਲੈ ਗਏ। ਆਪ ਬਾਬਾ ਜੀ ਦੇ ਹਥੋਂ ਅੰਮ੍ਰਿਤ ਛਕ ਕੇ ਜਵਾਹਰ ਸਿੰਘ ਸਜਗਏ ਗੁਰੂ ਘਰ ਦਾ ਮੰਤਰ ਆਪਨੂੰ ਦਸਿਆ ਗਿਆ। ਆਪ ਦਸਿਆ ਕਰਦੇ ਸਨ ਕਿ ਗੁਰਮੰਤ੍ਰ ਸੁਣ ਦੇ ਸਾਰ ਆਪਨੂੰ ਐਉਂ ਭਾਸਿਆ ਜੀ ਕੂ ਆਪ ਦੀ ਜੂਨ ਕਟੀ ਗਈ ਹੈ। ਅਤੇ ਆਪ ਦਾ ਕਿਸੇ ਬੜੀ ਉੱਚੀ ਕੁਲ ਵਿੱਚ ਨਵਾਂ ਜਨਮ ਹੋਯਾਹੈ।

ਆਪ ਦਾ ਵਿਆਹ ਹੋਏ ਨੂੰ ਥੋੜਾ ਚਿਰ ਹੋਇਆ ਸੀ। ਮੁਕਲਾਵਾ ਹ ਲੇ ਨਹੀਂ ਆਯਾ ਸੀ। ਜਦ ਲੜਕੀ ਵਾਲਿਆਂ ਨੂੰ ਮੁਕਲਾਵਾ ਦੇਣ ਵਾਸਤੇ ਆਖਯਾ ਗਿਆ ਤਾਂ ਉਹਨਾਂ ਜਵਾਬ ਦਿਤਾ ਕਿ ਮੁੰਡੇ ਨੇ ਕੱਛ ਪਾ ਲਈ ਹੈ ਅਸਾਂ ਲੜਕੀ ਨਹੀਂ ਤੋਰਨੀ। ਮੁੰਡਾ ਕੱਛ ਲਾਹ ਛੱਡੇ ਤਾਂ ਅਸੀਂ ਲੜਕੀ ਤੋਰ ਦੇਂਦੇ ਹਾਂ। ਆਪਨੇ ਜਵਾਬ ਦਿਤਾ ਕਿ ਤੁਸੀਂ ਲੜਕੀ ਨਾ ਤੋਰੋ, ਤੁਹਡੀ ਮਰਜ਼ੀ ਮੈਂ ਸਿੰਘ ਸਜਗਿਆ

ਹਾਂ ਅਰ ਹੁਣ ਕੱਛਾ ਲਾਹਕੇ ਮੈਂ ਆਪਣੇ ਗੁਰੂ ਤੋਂ ਬੇਮੁਖ ਨਹੀਂ ਹੋ ਸਕਦਾ। ਗੱਲ ਕੀ ਸੋਹਰਿਆਂ ਨੇ ਜਿਦ ਵਿਚ ਆਕੇ ਪੰਜ ਸਾਲ ਲੜਕੀ ਨਾਂ ਤੋਰੀ। ਆਪਨੇ ਏਹਨਾਂ ਦਿਨਾਂ ਵਿਚ ਨਿਹੈਤ ਉਗ੍ਰ ਤਪ ਕੀਤਾ ਕੋਠੇ ਉਤੇ ਖਾਰੀ ਮੂਧੀ ਮਾਰ ਲੈਂਦੇ, ਉਸ ਦੇ ਉਪਰ ਚੌਕੜੀ ਮਾਰਕੇ ਸਿਮਰਨ ਕਰ-ਦਿਆਂ ਹਾਲਤ ਵਿਚ ਸਾਰੀ ਸਾਰੀ ਰਾਤ ਬਿਤਾ ਦੇਂਦੇ। ਏਥੇ ਹੀ ਬੱਸ ਨਹੀਂ। ਨੀਂਦਰ ਦਾ ਜੋਰ ਪੈਂਦੇ ਵੇਖਣਾ ਤਾਂ ਫੇਰ ਅੰਦਰ ਛੱਤ ਨਾਲ ਕਸ ਬੰਨਕੇ ਭਜਨ ਕਰਦਿਆਂ ਰਾਤਾਂ ਬਿਤਾ ਦਿਤੀਆਂ ਕਈ ਵਾਰ ਰਾਤ ਨੂੰ ਖੂਹ ਦੇ ਝੱਲਣ ਉਤੇ ਬੈਠਕੇ ਭਜਨ ਕੀਤਾ ਜਿਥੇ ਕਿ ਜ਼ਰਾਕੁ ਆਦਮੀ ਹੰਘਲਾਇਆ ਨਹੀ ਤੇ ਧੜੱਮ ਖੂਹ ਵਿੱਚ ਡਿੱਗਾ ਨਹੀਂ ॥ ਇਸਤ੍ਰਾਂ ਦੀ ਕਠਨ ਤੱਪਸਿਆ ਦਾ ਨਤੀਜਾ ਇਹ ਹੋਇਆ ਕਿ ਸਿਮਰਨ ਆਪ ਦੇ ਲੂੰ ਲੂੰ ਵਿਚ ਧੱਸ ਗਿਆ, ਅਰ ਸ੍ਰੀਰ ਵਿਚੋਂ ਆਲਸ ਤੇ ਨੀਂਦ੍ਰ ਨੂੰ ਸਦਾ ਵਾਸਤੇ ਦੇਸ ਨਿਕਾਲਾ ਮਿਲ ਗਿਆ। ਬਸ ਫੇਰ ਆਪ ਨੇ ਦਿਨੇ ਕਾਰ ਕਰਨੀਂ ਅਤ ਰਾਤ ਨੂੰ ਭਜਨ ਕਰਨਾਂ। ਆਪ ਦਸਿਆ ਕਰਦੇ ਸਨ ਕਿ ਕਈ ਵਾਰ ਹਲ ਵਾਹੁੰਦਿਆਂ ਅਗੰਮ ਦੀ ਖੁਸ਼ੀ ਵਿੱਚ ਆਕੇ ਹਲ ਦੀ ਜੰਘੀ ਛੁਟ ਜਾਂਦੀ ਅਰ ਪੰਜ ਸੱਤ ਛਾਲਾਂ ਵਜ ਜਾਂਦੀਆਂ। ਆਪ ਆਪਣੇ ਚਾਚੇ ਦਾ ਕੰਮ ਕਰਦੇ ਤੇ ਓਧਰੋਂ ਹੀ ਪ੍ਰਸ਼ਾਦਾ ਛਕਦੇ ਸੀ, ਇਕ ਵਾਰ ਆਪਨੇ ਦੂਸਰੇ ਚਾਚੇ ਪਾਸੋਂ ਕੇਸੀਂ ਇਸ਼ਨਾਨ ਕਰਨ ਲਈ ਦਹੀਂ ਮੰਗਿਆ। ਉਸ ਨੇ ਕਿਹਾ ਦੇਂਦਾ ਹਾਂ ਆਪ ਨੇ ਕਿਹਾ ਛੇਤੀ ਦਿਓ। ਇਸ ਪਰ ਉਸ ਨੇ ਕਿਹਾ ਜੇ ਏਡਾ ਕਾਹਲਾ ਸੈਂ ਤਾਂ ਆਪਣਾਂ ਲਵੇਰਾ ਰੱਖ ਲੈਣਾਂ ਸੀ। ਹੁਣ ਆਪਨੇ ਮਨ ਵਿਚ ਧਾਰ ਲਿਆ ਕਿ ਹੁਣ ਓਦੋਂ ਹੀ ਕੇਸੀਂ ਇਸ਼ਨਾਨ ਕਰਨਾਂ ਏਂ ਜਦੋਂ ਗੁਰੂ ਆਪ ਕਰਾਏਗਾ। ਆਪ ਦੇ ਬਾਰਾਂ ਸਾਲ ਬਿਨਾਂ ਕੇਸੀ ਇਸ਼ਨਾਨ ਕੀਤਿਆਂ ਹੀ ਬੀਤ ਗਏ। ਇੱਕ ਦਿਨ ਦੀ ਗੱਲ ਹੈ ਕਿ ਆਪ ਹਲ ਵਾਹ ਰਹੇ ਸੀ ਜਦ ਆਪ ਵੱਟ ਤੇ ਲਗੇ ਅਪੜੇ ਤਾਂ ਆਪ ਕੀ ਵੇਖਦੇ ਹਨ ਕਿ ਸਾਹਮਣੇ ਇਕ ਬਿਧ ਸ੍ਰੀਰ ਦਾ ਸਿੰਘ ਖੜਾ ਹੈ ਤੇ ਹੱਥ ਵਿੱਚ ਇੱਕ ਕੁੱਜਾ ਹੈ। ਉਸ ਨੇ ਕੋਈ ਗੱਲ ਆਖੀ ਆਪਨੇ ਬੰਨੇ ਲਾਗਿਓਂ ਅੰਦਰ ਨੂੰ ਹਲ ਮੋੜਕੇ ਖਲ੍ਹਾਰ ਦਿਤਾ ਅਰ ਜਦ ਉਸ ਵਲ ਪਰਤੇ ਤਾਂ ਉਹ ਸਿੰਘ ਅਲੋਪ ਸੀ ਪਰ ਇਕ ਕੁੱਜਾ ਵੱਟ ਤੇ ਧਰਿਆ ਪਿਆ ਸੀ ਜਿਸ ਵਿਚ ਦਹੀਂ ਸੀ। ਇਸ ਤਰਾਂ ਬਾਰਾਂ ਸਾਲਾਂ ਮਗਰੋਂ ਆਪਨੇ ਉਸ ਦਹੀ ਨਾਲ ਇਸ਼ਨਾਨ ਕੀਤਾ ਜੋ ਗੁਰੂ ਜੀ ਨੇ ਆਪ ਭੇਜਿਆ। ਉਸ ਦਹੀਂ ਨਾਲ ਇਸ਼ਨਾਨ ਕਰਨ ਦੀ ਢਿੱਲ ਸੀ ਕਿ ਸੁਰਤ ਹੋਰ ਭੀ ਚੜ੍ਹ-ਦੀਆਂ ਕਲਾਂ ਵਿਚ ਹੋ ਗਈ।

ਇਕ ਵਾਰ ਆਪ ਜ਼ਿਲਾ ਲਾਇਲਪੁਰ ਟਿਕੇ ਹੋਏ ਸਨ ਆਪ ਮੇਰੇ ਪਿਤਾ ਦੇ ਸਕੇ ਮਾਮੇ ਸਨ ਪਰ ਆਪ ਸਾਰੀ ਉਮਰ ਵਿੱਚ ਇਕ ਵਾਰ ਹੀ ਸਾਡੇ ਘਰ ਆਏ ਸੀ। ਉਸ ਵਕਤ ਆਪ ੨ ਡੇਢ ਮਾਹੀਨੇ ਦੇ ਲਗ ਪਗ ਸਾਡੇ ਪਾਸ ਰਹੇ। ਇਕ ਦਿਨ ਸਵੇਰੇ ਚਾਰ ਵਜੇ ਦੇ ਕਰੀਬ ਪਤਾ ਨਹੀਂ ਆਪ ਕਿਸ ਅਗੰਮ ਦੀ ਲਹਿਰ ਵਿਚ ਆਏ। ਆਪ ਨੇ ਕਿਹਾ "ਲਾਲਾ ਸਿੰਘ" (ਛੋਟੇ ਭਣੇਵੇ ਦਾ ਨਾਮ) ਮੈਨੂੰ ਇਕ ਵਾਰ ਨਸ਼ਾ ਚੜ੍ਹਿਆ ਸੀ ਉਹ ਭੀ ਪੂਰਾ ਨਹੀਂ। ਉਸ ਵੇਲੇ ਤ੍ਰਿਲੋਕੀ ਦਾ ਨਕਸ਼ਾ ਸਾਹਮਣੇ ਸੀ। ਪਰ ਇਹ ਹਾਲਤ ਦੋ ਚਾਰ ਪਲ ਹੀ ਰਹੀ। ਫੇਰ ਪੜਦਾ ਡਿੱਗ ਪਿਆ

ਬਾਬਾ ਜਮੀਅਤ ਸਿੰਘ ਜੀ ਗਿਲਾਂ ਵਾਲੇ ਆਪਦੇ ਗੁਰ ਭਾਈ ਸਨ। ਆਪਨੇ ਇਕਠੇ ਉਹਨਾਂ ਨਾਲ ਅੰਮ੍ਰਿਤ ਛਕਿਆ ਸੀ। ਉਹ ਭੀ ਬੜੇ ਭਜਨੀਕ ਸਨ। ਉਹ ਕਿਸੇ ਨੂੰ ਅਪਣੀ ਚਰਨੀ ਹਥ ਨਾਂਹੀਂ ਲਾਉਣ ਦੇਂਦੇ ਸਨ। ਜੇ ਕੋਈ ਲਾਵੇ ਤਾਂ ਚੁਪੇੜ ਕੱਢ ਮਾਰਦੇ ਸੀ। ਆਪ ਨੇ ਉਹਨਾਂ ਦਾ ਇਹ ਸੁਭਾ ਬਦਲਣਾ ਚਾਹਿਆਂ, ਆਪ ਦਸਦੇ ਹੁੰਦੇ ਸਨ ਕਿ ਮੈਂ ਆਪਣੇ ਪਿੰਡੋਂ ਉਹਨਾਂ ਦੇ ਪੈਰ ਦਾ ਅੰਗੂਠਾ ਚੱਟਣਾ ਸ਼ੁਰੂ ਕੀਤਾ। (ਗਿਲਾਂ ਤੇ ਮਿਰਜੇ ਵਾਲੀ ਦੇ ਦਰਮਜਾਨ ਸੋਲਾਂ ਕੋਹਾਂਦੀ ਵਿਥ ਹੈ) ਉਹਨਾਂ ਦੇ ਅੰਗੂਠੇ ਵਿਚੋਂ ਗਿਰੀ ਦਾ ਸਵਾਦ ਆਉਂਦਾ ਸੀ। ਉਹਨਾਂ ਦਾ ਅੰਗੂਠਾ ਘਸਦਾ ਗਿਆ ਆਖਰ ਉਹਨਾਂ ਨੇ ਪ੍ਰਣ ਕੀਤਾ ਕਿ ਉਹ ਕਿਸੇ ਨੂੰ ਚਰਨੀ ਪੈਣੋਂ ਨਹੀਂ ਰੋਕਣਗੇ। ਤਾਂ ਮੈਂ ਅੰਗੂਠਾ ਚਟਣਾਂ ਬੰਦ ਕੀਤਾ।

ਸਿੰਘਣੀ ਦੇ ਚਲਾਣਾ ਕਰ ਜਾਣ ਮਗਰੋਂ ਆਪ ਨੇ ਹਲ ਦੀ ਕਿਰਤ ਛੱਡ ਦਿਤੀ ਆਪ ਕਹੀ ਨਾਲ ਹੀ ਥੋੜਾ ਜਿਹਾ ਥਾਂ ਗੋਡ ਕੇ ਕਣਕ ਬੀਜ ਲਿਆ ਕਰਦੇ ਸਨ। ਉਸ ਵਿਚੋਂ ਜਿਨੇਂ ਦਾਣੇ ਹੋ ਜਾਣ ਉਹਨਾਂ ਨਾਲ ਸਾਲ ਵੰਨੇ ਹੁੰਦਾ ਸੀ। ਆਪ ਪਾਸ ਸਿੰਘਾਂ ਦੀ ਭੀੜ ਖਾਸੀ ਲਗੀ ਰਹਿੰਦੀ ਸੀ। ਅਰ ਸਦਾ ਉਹਨਾਂ ਨੂੰ ਅਪਣੇ ਪਾਸੋਂ ਪ੍ਰਸ਼ਾਦਾ ਛਕਾਯਾ ਕਰਦੇ ਸਨ। ਜਿਸ ਵੇਲੇ ਕੋਈ ਹੋਰ ਆਦਮੀ ਕੋਲ ਪਾਸ ਨ ਹੋਵੇ ਆਪ ਚੱਕੀ ਪੀਹਣ ਬੈਹ ਜਾਂਦੇ। ਜਿਨਾਂ ਆਟਾ ਪੀਸ ਜਾਏ ਫੇਰ ਜਿਨੇਂ ਭੀ ਛਕਣ ਵਾਲੇ ਆ ਜਾਣ ਉਸੇ ਵਿਚੋਂ ਭੁਗਤ ਜਾਂਦੇ ਸੀ ਪਰ ਭੜੋਲੀ ਵਿਚੋਂ ਆਟਾ ਸਦਾ ਐਣ ਰਾਹੀਂ ਕਢਿਆ ਕਰਦੇ ਸੀ। ਨਾਂ ਕਦੇ ਆਪ ਭੜੋਲੀ ਦਾ ਚਾਪੜ ਉਥੱਲਦੇ ਤੇ ਨਾ ਕਿਸੇ ਹੋਰ ਨੂੰ ਉਥੱਲਣ ਦੀ ਆਗਜਾ ਸੀ। ਆਪ ਨੇ ਉਮਰ ਦਾ ਚੋਖਾ ਹਿੱਸਾ ਏਸੇ ਤਰਾਂ ਸਿਖ ਸੰਗਤਾਂ ਦੀ ਸੇਵਾ ਕਰਦਿਆਂ ਗੁਜ਼ਾਰਿਆ। ਆਪ ਦਾ ਇਕੋ ਲੜਕਾ ਸੀ ਤੇ ਓਹੋ ਭੀ ਆਗਿਆ ਕਾਰ ਨਹੀਂ ਸੀ। ਆਪ ਉਸਨੂੰ ਭੀ ਚੱਕੀ ਪੀਹ ਕੇ ਖਵਾਉਂਦ ਹਾਲਾਂ ਕਿ ਉਹੋ ਜਵਾਨ ਸੀ, ਧੀਆਂ ਪੁਤਰਾਂ ਵਾਲਾ ਸੀ। ਜੇ ਕੋਈ ਪੁਛ ਬਹਿੰਦ ਕਿ ਆਪ ਦਾ ਲੜਕਾ ਤੁਹਾਡੀ ਸੇਵਾ ਕਿਓਂ ਨਹੀਂ ਕਰਦਾ। ਤਾਂ ਆਪ ਦਸਿਆ ਕਰਦੇ ਕਿ ਭਾਈ ਅਸੀਂ ਇਸਦੇ ਪਿਛਲੇ ਜਨਮ ਦੇ ਕਰਜ਼ਾਈ ਹਾਂ, ਅਸੀਂ ਦੋਵੇਂ ਸਾਧ ਸਾਂ ਇਕ ਵਾਰ ਇਸ ਪਾਸੋਂ ਇਕ ਰੁਪਯਾ ਲੈਕੇ ਵਰਤਿਆ ਸੀ, ਜੋ ਦੇਣਾ ਰਹਿ ਗਿਆ। ਅਸੀਂ ਹੁਣ ਇਸਦਾ ਉਹ ਦੇਣਾ ਦੇ ਰਹੇ ਹਾਂ।

ਆਪ ਦਾ ਸਮਾਂ ਕਿਰਤ ਕਰਦਿਆਂ ਤੇ ਬਾਣੀ ਦਾ ਪਾਠ ਕਰਦਿਆਂ ਗੁਜ਼ਰਦਾ ਸੀ। ਆਪ ਹਾੜ ਸਿਆਲ ਪਿਛਲੀ ਕੋਠੜੀ ਵਿਚ ਹੀ ਸੌਂਦੇ ਰਹਿੰਦੇ ਸੀ। ਕੋਠੜੀ ਦਾ ਹਾਲ ਇਹ ਸੀ ਜੇ ਓਥੇ ਸਪ ਆ ਵਸੇ ਹਨ, ਤਾਂ ਉਹਨਾਂ ਨੂੰ ਕਢਿਆ ਮਾਰਿਆ ਨਹੀਂ, ਜੇ ਬੂਹੇ ਉਤੇ ਭੂੰਡਾਂ ਖੱਖਰ ਲਾ ਲਈ ਹੈ, ਤਾਂ ਉਹਨਾਂ ਨਹੀਂ ਲਾਹੀ ਜਿਸ ਹਾਲ ਬੀਤ ਦੀ ਸੀ ਆਪ ਉਸ ਵਿਚ ਖੁਸ਼ ਸੀ। ਜਿਸ ਪਾਸ ਪਾਠੀਆਂ ਕੋਲੋਂ ਪਾਠ ਕਰੌਣ ਦੀ ਹਿੰਮਤ ਨਾਂ ਹੁੰਦੀ ਆਪ ਉਸਦੇ ਘਰ ਜਾਕੇ ਪਾਠ ਕਰਦੇ ਇਸ ਤਰਾਂ ਆਪ ਨੇ ਹਜ਼ਾਰਾਂ ਦੀ ਗਿਣਤੀ ਵਿਚ ਪਾਠ ਕੀਤੇ ਆਪਨੂੰ ਬਾਣੀ ਸਾਰੀ ਕੰਠਾਗਰ ਸੀ।

ਭਜਨ ਵਿਚ ਬਿਰਤੀ ਆਪਦੀ ਏਨੀ ਟਿਕ ਚੁਕੀ ਸੀ ਕਿ ਰਸਤੇ ਚਲਦਿਆਂ ਭੀ ਉਥਾਨ ਨਹੀਂ ਹੁੰਦੀ ਸੀ, ਆਪ ਦੀ ਇਕ ਭੈਣ ਘੋਨੇ

ਵਾਹਲੇ ਰਾਵੀ ਤੋਂ ਪਾਰ ਵਿਆਹੀ ਹੋਈ ਸੀ, ਆਪ ਜਦ ਮਿਲਣ ਜਾਂਦੇ ਤਾਂ ਸਿਮਰਨ ਇਚ ਟਿਕੇ ਟਿਕਾਏ ਤੋੜ ਪਹੁੰਚ ਜਾਂਦੇ। ਰਸਤੇ ਵਿਚ ਦਰਯਾ ਭੀ ਸੁਕੇ ਪੈਰੀਂ ਲੰਘ ਜਾਂਦੇ ਪਰ ਇਹ ਹਾਲ ਸੁਤੇ ਹੀ ਹੋ ਜਾਂਦੇ ਸੀ। ਅਗਲੇ ਹੈਰਾਨ ਹੁੰਦੇ ਕਿ ਰਾਤ ਬੇੜੀ ਭੀ ਨਹੀਂ ਪੈਂਦੀ ਅਰ ਆਪ ਸੁਕੇ ਪੈਰੀਂ ਕਿਸਤਰਾਂ ਦਰਯਾ ਲੰਘ ਆਂਉਂਦੇ ਹਨ। ਉਹ ਭੋਲੇ ਕੀ ਜਾਨਣ ਕਿ "ਵਾਹਿਗੁਰੁ" ਨਾਮ ਜਹਾਜ਼ ਤੇ ਸਦਾ ਹੀ ਸਵਾਰ ਰਹਿੰਦੇ ਹਨ। ਜਦ ਆਪ ਸਾਡੇ ਪਾਸ ਜ਼ਿਲਾ ਲਾਇਲਪੁਰ ਚਕ ੧੨੯ ਸ੍ਰੀਂਹ ਵਾਲ ਟਿਕੇ ਹੋਏ ਸਨ ਤਾਂ ਆਪਨੂੰ ਕਈ ਵਾਰ ਬੜੇ ਫਖਰ ਨਾਲ ਕਹਿੰਦੇ ਸੁਣਿਆ "ਪ੍ਰੇਮੀਏ'! ਆਪ ਦੀ ਛੋਟੀ ਭੈਣ ਅਰ ਲੇਖਕ ਦੀ ਦਾਦੀ ਮੇਰੀ ਇਸ ਬਾਂਹ ਨੂੰ (ਸਜੀ ਬਾਂਹ ਚੁਕ ਕੇ) ਸਤਿਗੁਰੂ ਰਾਮ ਸਿੰਘ ਜੀ ਨੇ ਫੜਿਆ ਸੀ, ਇਹ ਨਿਰੀ ਸੋਨਾਂ ਹੋਈ ਪਈ ਹੈ।"

ਪਤਾ ਨਹੀਂ ਇਹਨਾਂ ਲਫਜਾਂ ਵਿਚ ਉਹਨਾਂ ਨੂੰ ਕੀ ਖੁਸ਼ੀ ਮਿਲਦੀ ਸੀ, ਉਨ੍ਹਾਂ ਦਿਨਾਂ ਵਿਚ ਸਾਡੇ ਘਰ ਦੇ ਸਾਰੇ ਜੀ ਦੋ ਵਜੇ ਸਵੇਰੇ ਉਠਕੇ ਇਸ਼ਨਾਨ ਕਰਦੇ ਅਰ ਫੇਰ ਕਚੀਆਂ ਪਕੀਆਂ ਦੇ ਹਿਸਾਬ ਮਾਲਾ ਫੇਰਨ ਲਗ ਜਾਂਦੇ। ਨਿਕੇ ਵਡੇ ਸਾਰੇ ਝੁਗਲਮਾਟੇ ਕਰਕੇ ਮਾਲਾਦੇ ਮਣਕੇ ਗਿਣ ਰਹੇਹੁੰਦੇ ਸਨਵਿਚ ਵਿਚ ਆਪ ਆਪਣੀ ਭੈਣ ਨੂੰ ਪੁਛਦੇ 'ਪ੍ਰੇਮੀਏ' ਗਾਫਲ ਤਾਂ ਨਹੀਂ ਹੋ ਗਈ।' ਜੇ ਉਹ ਹੁੰਗਲਾ ਜਾਂਦੀ ਤਾਂ ਕਹਿੰਦੇ "ਨੀਂਦਰ ਨੂੰ ਸ੍ਰੀਰ ਵਿਚੋਂ ਕੱਢ ਦੇਹ, ਵੇਖ ਸਾਡੀ ਨੀਂਦਰ ਕਾਲੀ ਜਹੀ ਔਹ ਕਿਡੀ ਦੂਰ ਬੈਠੀ ਹੈ।" ਮੇਰੇ ਚਾਚਾ ਜੀ ਦਸਿਆ ਕਰਦੇ ਸਨ ਕਿਜਦ ਆਪ ਸਵੇਰੇ ਹਨੇਰੇ ਭਜਨ ਵਿਚ ਲਿਵਲੀਨ ਹੁੰਦੇ ਸੇ, ਆਪਦਾ ਸ੍ਰੀਰ ਅੱਗ ਵਿਚੋਂ ਨਿਕਲੇ ਹੋਏ ਸੋਨੇਵਾਂਗੂੰ ਡਲਕਾਂ ਮਾਰਦਾ ਹੁੰਦਾ ਸੀ।

ਉਹਨਾਂ ਦਿਨਾਂ ਦੀ ਹੀ ਗਲ ਹੈ ਕਿ ਆਪ ਦੇ ਸ੍ਰੀਰ ਨੂੰ ਮਾਝਾ ਦੁਧ ਨ ਸੁਖਾਇਆ ਸਾਡੇ ਪਾਸਇਕ ਡਾਚੀ ਸੂਈ ਹੋਈ ਸੀ। ਉਸ ਦਾ ਦੁਧ ਆਪਦੇ ਸ੍ਰੀਰ ਨਾਲ ਠੀਕ ਰਚ ਗਿਆ। ਅਗੇ ਡਾਚੀ ਫਿਰ ਤੁਰਕੇ ਚੁਗਦੀ ਸੀ। ਹੁਣ ਖਾਸ ਹਦੈਤਾਂ ਦੇ ਹੇਠ ਉਸਨੂੰ ਬੰਨਕੇ ਪੱਠੇ ਪਾਉਣੇ ਸ਼ੁਰੂ ਕੀਤੇ। ਇਕ ਦਿਨ ਅਚਾਨਕ ਉਹ ਖੁਲ ਗਈ ਤੇ ਗਵਾਂਢੀਆਂ ਦੀ ਪੈਲੀ ਜਾ ਪਈ। ਚਾਰ ਬੁਰਕੇ ਹੀ ਲਾਏ ਹੋਣਗੇ। ਕਿ ਫੜਕੇ ਬੰਨ੍ਹ ਲਈ ਗਈ। ਫੇਰ ਭੀ ਆਪਨੇ ਅਗਲੇ ਦਿਨ ਸਵੇਰੇ ਚਾਰ ਪੰਜ ਵਜੇ ਸ਼ਕਾਇਤ ਕੀਤੀ ਕਿ ਮਲੂਮ ਹੁੰਦਾ ਹੈ ਡਾਚੀ ਨੇ ਪਰਾਇਆ ਪੱਠਾ ਚੁਗਿਆ ਹੈ ਅਜ ਸਾਡੀ ਬਿਰਤੀ ਭਜਨ ਵਿਚ ਨਹੀਂ ਟਿਕੀ॥ ਜੇਕਰ ਇਸਨੂੰ ਬੰਨ੍ਹਕੇ ਪੱਠੇ ਨਹੀਂ ਚਾਰ ਸਕਦੇ ਤਾਂ ਸਾਨੂੰ ਇਸ ਦਾ ਦੁਧ ਨਾਦਿਆ ਕਰੋ। ਏਥੋਂ ਤਕ ਤਬੀਯਤ ਸੂਖਮ ਹੋ ਚੁੱਕੀ ਸੀ। ਏਥੋਂ ਅਨਮਾਨ ਲਾ ਲਉ ਕਿ ਭਜਨ ਨੀਕ ਵਾਸਤੇ ਅਹਾਰ ਦਾ ਸੁੱਚਾ ਹੋਣਾਂ ਕਿਨਾਂ ਜਰੂਰੀ ਹੈ।

ਇਸ ਵੇਲੇ ਮਿਰਜੇ ਵਾਲੀ ਵਿਚ ਇਕ ੨੫ ਸਾਲਦਾ ਨੌਜਵਾਨ ਆਪ ਦੀ ਸੰਗਤ ਦੇ ਫਲ ਦੇ ਤੌਰਤੇ ਉਸੇ ਤਰਾਂ ਭਜਨ ਵਿਚ ਲਿਵਲੀਨ ਰਹਿੰਦਾ ਹੈ। ਆਪਨੂੰ ਗੁਰ ਪੁਰੀ ਸਧਾਰਿਆਂ ਤਿੰਨ ਕੁਸਾਲ ਹੋਏ ਹਨ। ਆਪ ਦੀ ਜੀਵਨੀ ਸਿਲ ਸਿਲੇ ਵਾਰ ਲਿਖਣੀ ਬੜੀ ਜ਼ਰੂਰੀ ਹੈ। ਜੇ ਕੋਈ ਸੱਜਨ ਉਹਨਾਂ ਦੇ ਜੀਵਨ ਦੇ ਹੋਰ ਹਾਲ ਇਕੱਠੇ ਕਰੇ ਤਾਂ ਉਸਦਾ ਇਹ ਉੱਦਮ ਨਿਹੈਤ ਸਲਾਘਾ ਯੋਗਜ ਹੋਵੇਗਾ। ਇਸ ਲੇਖ ਵਿਚ ਐਵੇਂ ਆਤਮ ਰੰਗ ਰਸੀਆਂ ਲਈ ਕੁਝਕੁ ਵਿਕੋਲਿਤਰੀਆਂ ਰੋਚਕ ਗਲਾ ਦਿਤੀਆਂ ਹਨ।

# (੧੭) ਸ੍ਰੀ ਬਾਬਾ ਕੇਸਰ ਸਿੰਘ ਜੀ "ਚੁੱਪ"

ਪ੍ਰਮਪੂਜਯ ਭਾਈ ਗੁਰਦਾਸ ਜੀ ਸਤਿਗੁਰ ਤੇ ਸਤਿਗੁਰ ਦੇ ਸਿਖਾਂ ਦੀ ਮਹਿਮਾਂ ਲਿਖ ਦੇ ਹੋਏ ਕਥਨ ਕਰਨ ਹਨ।

"ਭਉਜਲਅੰਦਰ ਮਾਨਸਰ,
ਸਤ ਸਮੁੰਦੀ ਗਹਿਰ ਗੰਭੀਰਾ।
ਨਹ ਪੱਤਣ ਨਹ ਪਾਤਣੀ,
ਪਾਰਾਵਾਰ ਨ ਅੰਤੁ ਨ ਚੀਰਾ।
ਨ ਬੇੜੀ ਨ ਤਲ ਹੜਾਂ,
ਵੰਝੀ ਹਾਥ ਨ ਧੀਰ ਕ ਧੀਰਾ।
ਹੋਰ ਨ ਕੋਈ ਅਪੜੈ, ਹੰਸ ਚੁਗਦੇ ਮੋਤੀਹੀਰਾ।

ਭਾਈ ਜੀ ਦੇ ਇਸ ਵਾਕ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਾਨਸਰ ਦੀ ਮੌਜ ਲਹਿਰ ਦੇ ਉਛਾਲੇ 'ਹੀਰੇ ਮੋਤੀ' ਹਰਿ ਨਾਮ ਗੁਨ ਦੇ ਗਾਹਕ ਚੁਗਣ ਵਾਲੇ ਅਨੰਤ ਹੰਸਾਂ ਵਿਚੋਂ ਏਥੇ ਉਸ ਹੰਸਦਾ ਵਰਨਨ ਕਰਦਾ ਹਾਂ, ਜਿਸ ਦਾ ਸ਼ੁਭ ਨਾਮ ਸੀ ' ਬਾਬਾ ਚੁਪ" ਜਾਂ ਸੰਤ ਕੇਸਰ ਸਿੰਘ ਜੀ 'ਚੁਪ'

ਆਪ ਜੀ ਦਾ ਜਨਮ ਸੰ: ੧੮੭੯ ਬਿਕ੍ਰਮੀ ੨ ਵਿਸਾਖ ਨਗਰ ਸੇਖਮ ਜ਼ਿਲਾ ਸਿਆਲਕੋਟ ਵਿਖੇ ਬਾਬਾ ਜੀ ਵਨ ਸਿੰਘ ਜੀ ਸੇਖੂ ਰਮਦਾਸ, ਬਾਬੇ ਪਿਰਾਣੇ ਦੇ ਖਾਨ ਦਾਨ ਵਿੱਚ ਮਾਤਾ ਕਰਮ ਕੌਰ ਦੀ ਕੁਖ ਥੀਂ ਹੋਯਾ ਆਪਦੀ ਭੋਲੀ ਭਾਲੀ ਸੂਰਤ, ਅਤੇ ਹੰਸਮੁਖ ਚੇਹਰਾ, ਸ਼ਾਂਤ ਸੁਭਾਵ ਦੇਖ ਲੋਕੀਂ ਆਖਦੇ ਕਿ ਇਹ ਬਾਲ ਤਾਂ ਮੁੜ ਬਾਬਾ ਪਿਰਾਣਾ ਗੁਰੂਆਮਨ ਭਾਣਾਂ ਹੀ ਪੈਦਾ ਹੋਯਾ ਹੈ। ਇਸ ਕੁਲਵਿਚ ਪਹਿਲ਼ਾਂ ਵੀ ਕਈ ਮਹਾਤਮਾ ਚਰਨ ਦਾਸ ਜੀ ਚੁਬੱਚਾ ਲਾਹੌਰ ਅਤੇ ਭਾਈ ਵਧਾਵਾ ਸਿੰਘ ਜੀ ਆਦਿ ਬੜੇ ਮਸ਼ਹੂਰ ਹੋ ਗੁਜ਼ਰੇ ਹਨ ਪੰਜ ਬਰਸ ਦੀ ਉਮਰ ਵਿਚ ਪਿਤਾ ਨੇ ਚਹਿਲ ਨਾਮੀ ਪਿੰਡ ਵਿਖੇ ਆਪ ਜੀ ਨੂੰਹੁਸੈਨ ਸਾਹ ਸਯਦ ਕੋਲ ਪੜ੍ਹਨ ਪਾਯਾ। ਆਪ ਕਦੀ ਵੇਲੇ ਸਿਰ ਮਸੀਤੇ ਨਹੀਂ ਸਨ ਪੁਜਦੇ, ਇਕ ਦਿਨ ਸ਼ਾਹ ਸਾਹਬ ਨੇ ਕਿਹਾ ਕਿ ਤੂੰ ਰੋਜ ਪੈਂਡਾ ਮਾਰਕੇ ਔਂਦਾ ਹੈਂ ਪਰ ਪੜ੍ਹਦਾ ਕੁਝ ਨਹੀਂ ? ਆਪ ਨੇ ਭੋਲੇ ਭਾਉ ਕਿਹਾ ਕਿ ਸ਼ਾਹ ਜੀ ਮੈਨੂੰ ਅਲਫ ਬੇ ਨਹੀਂ ਔਂਦਾ ਪਰ ਮੇਰਾ ਜੀ ਕਰਦਾ ਹੈ ਕਿ ਮੈਂ ਉਹ ਪੜ੍ਹਾਈ ਕਰਾਂ ਜੋ ਆਪ ਹਰ ਵੇਲੇ ਤਸਬੀ ਨਾਲ ਕਰਦੇ ਰਹਿੰਦੇ ਹੋ। ਸੱਯਦ ਨੇ ਹਸਕੇ ਕਿਹਾ ਕਿ ਮੈਂ ਤਾਂ ਅੱਲਾਹ ਅੱਲਾਹ ਕਰਦਾ ਹਾਂ, ਤੇਰੀ ਮਰਜ਼ੀ ਹੈ ਤਾਂ ਤੂੰਵੀ ਕਰਿਆ ਕਰ। ਬਸ ਆਪ ਉਸੇ ਵੇਲੇ ਅਲ਼ਾਹ ਅਲਾਹ ਕਰਦੇ ਜਾ ਬੈਠੇ, ਮੁੜ ਚਹਿਲੀਂ ਨ ਗਏ। ਪਿਤਾ ਨੇ ਗਊਆਂ ਮਗਰ ਲਾਯਾ ਪਰ ਏਥੇ ਵੀ ਆਪ ਦੀ ਰਟ ਅੱਲਾਹ ਅੱਲਾਹ ਹੀ ਰਹੀ।

ਸੱਤ ਸਾਲ ਦੀ ਉਮਰ ਵਿਚ ਆਪਨੂੰ ਵਧਾਵਾ ਸਿੰਘ ਨਾਮੀ ਗੁਲਾਬ ਦਾਸੀਆ ਸੰਤ ਮਿਲਿਆ, ਓਸ ਕਿਹਾ ਹਿੰਦੂ ਹੋ ਕੇ ਅਲੱਾਹ ਅੱਲਾਹ ਕਰਨਾ ਠੀਕ ਨਹੀਂ। ਆਪ ਓਸ ਨਾਲ ਹੀ ਰਲ ਗਏ ਅਤੇ ਸਿਰ ਮੁਨਾ ਗੁਲਾਬ ਦਾਸੀਏ ਹੋ ਗਏ। ਪਿਤਾ ਨੂੰ ਪਤਾ ਲਗਾ ਓਹ ਆਪਨੂੰ ਲੈ ਆਏ। ਇਕ ਦਿਨ ਘੋੜੀ ਤੇ ਚੜ੍ਹ ਖੂਹ ਨੂੰ ਜਾ ਰਹੇ ਸਨ ਡਿਗ ਕੇ ਖੱਬੀ ਬਾਂਹ ਟੁਟ ਗਈ। ਜੋ ਸਦਾ ਲਈ ਜਵਾਬ ਦੇ ਗਈ। ਫੇਰ ਆਪਨੂੰ ਕੋਈ

ਕੰਮ ਨ ਰਿਹਾ। 'ਕੁਬੇ ਨੂੰ ਲੱਤਕਾਰ ਆਈ' ਦੀ ਕਹਾਵਤ ਅਨੁਸਾਰ ਹਨ, ਆਪ ਨੂੰ ਕੋਈ ਵੀ ਨਹੀਂ ਕੁਆਂਦਾ ਸੀ।

ਸ੍ਰੀਸਤਿਗੁਰੂ ਰਾਮਸਿੰਘ ਜੀ ਸੰਗਤਾਂਨੂੰ ਤਾਰਦੇ ਹੋਏ ਦੜਪ ਨੂੰ ਭਾਗਲਾਣ ਆਏ ਚਹਿਲੀਂ ਡੇਰਾ ਕੀਤਾ, ਸੁਨ ਸੁਨ ਕੇ ਸੰਗਤਾਂ ਦੀਆਂ ਵਹੀਰਾਂ ਔਨ ਲਗੀਆਂ। ਏਹਨਾਂ ਦੇ ਨਗਰ ਵਿਚ ਦੀ ਹੋਕੇ ਬਹੁਤ ਸਾਰੀ ਸੰਗਤ ਚਹਿਲਾਂ ਨੂੰ ਲੰਘੀ। ਆਪ ਨੇ ਪਿਤਾ ਨੂੰ ਪੁਛਿਆ ਕਿ ਇਹ ਲੋਕੀ ਕਿਧਰ ਜਾ ਰਹੇ ਹਨ, ਪਿਤਾ ਨੇ ਕਿਹਾ ਕਿ ਚਹਿਲੀਂ ਚੀਨੀ ਸਵਾਰ ਸਤਿਗੁਰੂ ਰਾਮ ਸਿੰਘ ਜੀ ਆਏ ਹਨ, ਸੰਗਤ ਓਹਨਾਂ ਦੇ ਦਰਸ਼ਨਾਂ ਨੂੰ ਜਾਰਹੀ ਹੈ। ਤੂ ਵੀ ਚਲ ਜੇ ਚਲਨਾ ਹੈ।

ਇਕ ਸਿੰਘ ਦੇ ਘਰ ਦੀ ਵਾਨ ਲਗਾ ਹੋਇਆ ਸੀ। ਆਪਨੇ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਚਹਿਲੀਂ ਜਾ ਚਰਨ ਪਰਸੇ ਅਗੇ ਅਮਰ ਸਿੰਘ ਨਾਮੀ ਸਿਖ ਦੇ ਘਰ ਦੀਵਾਨ ਲਗ ਹੋਜਾ ਸੀ। ਸਤਿਗੁਰਾਂ ਦੀ ਪਜਾਰੀ ਪੁਤ੍ਰੀ ਬੀਬੀ ਦਜਾ ਕੌਰ ਮਸਤਾਨੇ ਰੰਗ ਵਿਚ ਹੋਈ ਹੋਈ ਆਖਦੀ ਸੀ ਸਚੇ ਪਤਾਸ਼ਾਹ ਕੀ ਹੁਕਮ ਹੈ। ਗੁਰੂ ਜੀ ਨੇ ਸੰਤਾਂ ਵਲ ਤਕ ਕੇ ਬੀਬੀ ਨੂੰ ਕਿਹਾ ਉਸ ਝੂੰਗੀ ਵਾਲੇ ਰਿਸੀ ਨੂੰ ਫੜਕੇ ਸਾਡੇ ਕੋਲ ਲਿਆ। ਉਸ ਸਮੇਂ ਰਾਗੀ ਇਹ ਗਾ ਰਹੇ ਸਨ ਕਿ:- "ਅਨ ਬੋਲਤ ਮੇਰੀ ਬਿਰਥਾ ਜਾਨੀ ਆਪਨਾ ਨਾਮ ਜਪਾਇਆ। ਬਾਹ ਪਕੜ ਕੱਢ ਲੀ ਨੇ ਅਪਨੇ ਗ੍ਰਹਿ ਅੰਧ ਕੂਪ ਤੇ ਮਾਇਆ।

ਬਸ ਮਨੋਰਥ ਸਿਧ ਹੁੰਦਾ ਦੇਖ ਸਮਾਧੀ ਲਗ ਗਈ ਬੀਬੀ ਜੀ ਫੜਕੇ ਸਿਤਗੁਰਾਂ ਦੇ ਹਜੂਰ ਲੈ ਗਏ। ਹਜੂਰ ਨੇ ਨੂਰ ਭਰੀਨਾਮ ਦੀ ਦਾਤ ਬਖਸ਼ਕੇ ਕਿਹਾ ਕਿ ਭਾਈ ਤੂੰ ਤਾਂ ਕੋਈ ਰਿਖੀ ਜਾਪਦਾ ਹੈ। ਅਤੇ ਕਈਆਂ ਜਨਮਾਂ ਦਾ ਤਪਸੀ ਹੈ। ਪਰ ਸਮੇਂ ਦੀ ਕਾਰ ਕਰਕੇ ਇਹ ਰਹਿਤ ਜਰੂਰ ਧਾਰਨ ਕਰਨੀ ਪਿਛਲੀ ਰਾਤ ਸਨਕੇਸੀਂ ਨਾਉਣਾਂ। ਅਨਮਤੀਏ ਦਾ ਅੰਨ ਜਲ ਮੁਖ ਨਾਂ ਪੌਣਾਂ। ਅਠੇ ਪਹਿਰ ਭਜਨ ਕਰਨਾਂ। ਦੁਨੀਆਂ ਦੇ ਧੰਧਿਆਂ ਵਿਚ ਪੈ ਕੇ ਨਾਂ ਖਪਨਾਂ। ਸਭ ਨੂੰ ਭਲੀ ਸਿੱਖਜਾ ਦੇਨੀ ਸਭ ਦੀ ਖੁਸ਼ੀ ਲੈਣੀ ਅਤੇ ਕਰਤੇ ਦੀ ਕੀਤੀ ਸਹਿਣੀ ਦੋ ਕਛਾਂ ਰਖਣੀਆਂ ਕੇਸਾਂ ਤੇ ਰੋਮਾਂ ਦੀ ਬੇਅਦਬੀ ਨਹੀ ਕਰਨੀ। ਟਿੰਡਾਂ ਭਰੀਆਂ ਤੇ ਸੱਖਣੀਆਂ ਵਾਂਗ ਜਗਤ ਦੀ ਲਟਕ ਚਿਤ ਨਾਂ ਧਰਨੀ।" ਪਾਸੋਂ ਪਿਤਾ ਨੇ ਕਿਹਾ ਜੀ ਇਹ ਸਾਡਾ ਕੋਈ ਕੰਮ ਨਹੀਂ ਕਰਦਾ ਆਪੇ ਵਿਚ ਹੀ ਮਗਨ ਰਹਿੰਦਾ ਹੈ, ਗੁਰੂ ਜੀ ਕਿਹਾ ਕਿ ਬਾਬਾ ਤੇਰਾ ਪੁਤ੍ਰ ਬਹੁਤ ਸੰਸਾਰ ਦਾ ਭਲਾ ਕਰੇਗਾ। ਇਸ ਦੇ ਸੰਗ ਬਹੁਤ ਸੰਸਾਰ ਤਰੇਗਾ। ਆਪ ਮਸਤ ਹੋ ਗਏ। ਇਕਾਂਤ ਰਹਿਨਾਂ ਫਿਰ ਬਾਲਕਾਂ ਨੂੰ ਅੱਖਰ ਪੜ੍ਹਾਣੇ ਸ਼ੁਰੂ ਕੀਤੇ। ਏਥੋਂ ਫਿਰ ਆਪ ਗਿੱਲੀਂ ਬਾਬਾ ਜਮੀਤ ਸਿੰਘ ਜੀ ਪਾਸ ਆ ਰਹੇ ਓਥੇ ਆਪ ਚੁਪ ਰਹਿੰਦੇ, ਬਾਹਰ ਭਜਨ ਕਰਨ ਚਲੇ ਜਾਂਦੇ ਅਤੇ ਪੰਜ ਪੰਜ, ਸੱਤ ਸੱਤ ਦਿਨ ਨਾਂ ਮੁੜਦੇ ਬਾਬਾ ਜੀ ਮਸਤ ਸਾਧੂਆਂ ਦਾ ਖਾਸ ਖਿਜਾਲ ਰਖਦੇ ਆਪ ਇਹਨਾਂ ਨੂੰ ਲੱਭ ਕੇ ਆਪਣੇ ਹਥੀ ਸੇਵਾ ਕਰਦੇ।

ਸ੍ਰੀ ਸਤਿਗੁਰੂ ਜੀ ਦੇ ਪ੍ਰਦੇਸ ਗਮਨ ਕਰ ਜਾਨ ਮਗਰੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਬਾਬਾ ਜਮੀਤ ਸਿੰਘ ਜੀ ਨੂੰ ਦੋ ਪੱਤਰ ਘਲਕੇ ਕਿਹਾ ਕਿ "ਅਸੀਂ ਸੰਤ ਕੇਸਰ ਸਿੰਘ ਜੀ ਦੀ ਮਹਿਮਾਂ ਸੁਣੀ ਹੈ ਉਹਨਾਂ ਨੂੰ ਭੈਣੀ ਸਾਹਿਬ ਘੱਲ ਦਿਓ। ਹੁਣ ਏਥੇ ਭਜਨੀਕ ਸਾਧਾਂ ਦੇ ਡੇਰਾ ਲਾਨਦੀ ਲੋੜ ਹੈ। ਲੰਗਰ ਦੀ ਕਾਰ ਭਜਨ ਕਰਨ ਵਾਲੇ ਸਾਧ ਹੀ ਚਲਾ

ਸਕਦੇ ਹਨ। ਖਸਮਤਾਂ ਰਾਹੀਆਂ ਵਾਲੀ ਰਸਮ ਕਰ ਗਿਆ ਹੈ। ਮੈਨੂੰ ਕਸਮ ਹੈ ਆਪਣੇ ਆਪ ਦੀ; ਮਾਈ ਤੇ ਬਾਪ ਦੀ। ਮੇਰਾ ਕਿਤੇ ਜੀਨਹੀਂ ਲਗਦਾ। ਜਗਤ ਦਾ ਸੁਖ ਦੁਖ ਹੋ ਭਾਸਦਾ ਹੈ। ਭਾਵੇਂ ਏਥੇ ਅਗੇ ਬਹੁਤ ਸਾਧ ਹਨ, ਪਰ ਜਿਨੇ ਹੋਣ ਥੋੜੇ ਹਨ। ਹੁਸੜੇ ਦਿਲ ਨੂੰ ਹੁਸਨ ਤੇ ਹੁਬ ਹੀ ਪਰਚਾ ਸਕਦੇ ਹਨ। ਸੰਤਾਂ ਭਜਨ ਕਰਨ ਵਾਲਿਆਂ ਜਿਹਾ ਨਾਂ ਕਿਸੇ ਦਾ ਹੁਸਨ ਹੀ ਹੁੰਦਾ ਹੈ ਅਤੇ ਨਾਂਹੀ ਏਹਨਾਂ ਜੇਡੀ ਕਿਸੇ ਵਿਚ ਹੁਬ ਹੀ ਹੁੰਦੀ ਹੈ। ਇਸ ਵਾਸਤੇ ਸੰਤਾਂ ਨੂੰ ਭੈਣੀ ਸਾਹਿਬ ਘੱਲ ਦਿਓ। ਮੇਰੇ ਮਾਹੀ ਦੇ ਵਿਯੋਗੀ ਜੀਉੜੇ ਨੂੰ ਘਲ ਦਿਓ" ਬਾਬਾ ਜੀ ਨੇ "ਚੁਪ" ਜੀ ਨੂੰ ਕਿਹਾ ਪਰ ਆਪ ਚੁਪ ਹੀ ਰਹੇ ਬਾਬਾ ਜੀ ਨੇ ਵੀ ਜੋਰ ਨਾਂ ਦਿੱਤਾ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੜਪ ਦਾ ਦੌਰਾ ਕਰਦੇ ਗਿੱਲੀਂ ਆਏ। ਬਾਬਾ ਅੱਗੋਂ ਲੈਣ ਗਇਆ ਨਮਸਕਾਰ ਕੀਤੀ ਪ੍ਰਸਪਰ ਮਿਲੇ। ਰਾਤ ਗਈ ਚੁਪ ਜੀ ਆਏ ਬਾਬਾ ਜੀ ਕਿਹਾ ਕਿ ਆਪ ਦੇ ਹੁਕਮ ਨਾਮੇ ਪੁਜੇ ਸਨ ਪਰ ਸੰਤਾਂ ਨੂੰ ਭੇਜਨ ਤੇ ਸਾਡਾ ਦਿਲ ਨਹੀਂ ਕਰਦਾ ਸੀ ਸੰਤ ਕਹਿੰਦੇ ਸਨ ਕਿ ਜਾਣਾ ਹੈ ਹੁਨ ਮੂੰਹ ਰੂਬਰੂ ਪੁਛ ਲਈ ਏ ਬਾਬੇ ਕਿਹਾ ਕਿ ਸੰਤ ਜੀ! ਹੁਣ ਕਿਵੇਂ ਗਲ ਹੈ ਹੁਣ ਤੇ ਆਪ ਲੈਨ ਅ ਏ ਹਨ, ਸੰਤਾਂ ਕਿਹਾਂ ਅਛਾ ਮਾਲਕ ਹਨ, ਮਾਲਕ ਹਨ ਜਿਵੇਂ ਓਹਨਾਂ ਦੀ ਰਜਾ ਹੁਨ ਆਪ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨਾਲ ਭੈਣੀ ਸਾਹਿਬ ਆ ਰਹੇ। ਏਥ ਆ ਕੇ ਵੀ ਉਹੋ ਸੁਭਾਵ ਰਿਹਾ ਕਿ ਸਵੇਰੇ ਬਾਹਰ ਚਲੇ ਜਾਣਾ ਰਹਿਰਾਸ ਸਮੇਂ ਔਣਾ ਕਦੇ ਨਾਹੀ ਔਣਾ ਗੁਰੂ ਜੀ ਬੜਾ ਖਿਆਲ ਰਖਦੇ। ਕਈ ਕਈ ਦਿਨ ਨਾਂ ਵੀ ਲਭਦੇ, ਕਦੀ ਕਦੀ ਡੰਗਰ ਚਾਰਨ ਵਾਲੇ ਮੁੰਡੇ ਆਕੇ ਸਦਦੇ ਕਿ ਸਿਖ ਰੋਹੀ ਵਿਚ ਮਰਨ ਕਿਨਾਰੇ ਹੋਯਾ ਪਿਆ ਹੈ, ਗੁਰੂ ਜੀ ਸਿੱਖ ਭੇਜਕ ਮੰਗ ਵਾਂਏ, ਸੇਵਾ ਕਰਵਾਂ ਦੇ।

ਆਪ ਭਜਨ ਵਿਚ ਬਦੇਹ ਹੋ ਜਾਂ ਦੇ, ਜੇ ਕੋਈ ਅਵਾਜ਼ ਮਾਰਦਾ ਤਾਂ ਦੂਜੀ ਤੀਜੀ ਅਵਾਜ ਬੋਲਦੇ ਜਿਵੇਂ ਕੋਈ ਪਾਣੀ ਪੀਂਦਾ ਹੁੰਦਾ ਹੈ ਪੀਕੇ ਬੋਲਦੇ। ਇਕ ਵਾਰ ਦੋ ਤਿੰਨ ਦਿਨ ਘਰ ਨਾ ਆਏ, ਪਤਾ ਨ ਲਗੇ ਗੁਰੂ ਹਰੀ ਸਿੰਘ ਜੀ ਦਿਨ ਰਾਤ ਚੈਨ ਨਾ ਲੈਣ ਕੈਹਨ ਕੀ ਕਰਾਂ ਖਬਰੇ ਚੁਪ ਜੀ ਕਿਸ ਹਾਲ ਵਿਚ ਹਨ। ਫੇਰ ਕਹਿੰਦੇ ਉਹ ਤਾਂ ਕਿਤੇ ਬਾਲਕ ਦੀ ਖੇਡ ਵਾਂਗ ਆਪਣੇ ਰਸ ਵਿਚ ਮਗਨ ਹੋਣਗੇ ਪਰ ਮੈਨੂੰ ਹੀ ਮਾਂ ਦੇ ਦਿਲ ਵਾਂਗ ਖੋਹ ਲਗੀ ਹੋਈ ਹੈ ਅੰਤ ਆਪ ਸੰਤਾਂ ਨੂੰ ਲਭਣ ਲਈ ਟੁਰਪਏ। ਸਾਰੀ ਦੋ ਪਹਿਰ ਸਿਰਤੇ ਝਾਕੀ ਅੰਤ ਰੇਤ ਦੇ ਟਿੱਬੇ ਵਿਚ ਨਪਿਆਂ ਨੂੰ ਜਾ ਲਭਿਆ ਕੇਵਲ ਸਿਰ ਹੀ ਸਿਰ ਨੰਗਾ ਸੀ। ਹਥਾਂ ਨਾਲ ਰੇਤ ਹਟਾਈ ਆਹ! ਪਤਿਤ ਪਾਵਨ ਗੁਰੂ ਨੇ ਅਪਣੇ ਪਜਾਰੇ ਸੇਵਕ ਦੇ ਚਰਨਾਂ ਦੀਆਂ ਤਲੀਆ ਝੱਸਕੇ ਹੋਸ਼ ਵਿਚ ਲਿਆਂਦਾ।

ਏਥੋਂ ਆਪ ਜੀ ਨੂੰ ਸਰਦਾਰ ਭਗਵਾਨ ਸਿੰਘ ਜੀ ਮਾਨਾਵਾਲੀਏ ਗੁਰੂ ਜੀ ਤੋਂ ਮੰਗਕੇ ਲੈ ਗਏ। ਸਰਦਾਰ ਦੇ ਬੜਾਈ ਕਰ ਜਾਨਤੇ ਫਿਰ ਭੈਣੀ ਸਾਹਿਬ ਆਰਹੇ।

ਦੂਜੀ ਵਾਰ ਆਪ ਗੁਜਰਾਂਵਾਲੇ ਚਲੇ ਗਏ ਓਥੇ ਜਾਕੇ ਆਪ ਨੇ ਨਾਮ ਸਿਮਰਨ ਦਾ ਪ੍ਰਵਾਹ ਜਾਰੀ ਕੀਤਾ। ਗੁਜਰਾਂਵਾਲੇ ਦੀ ਧਰਮ ਸ਼ਾਲਾ ਤਿਆਰ ਕਰ ਵਾਈ ਅਤੇ ਦੁਸੈਹਰੇ ਦਾ ਮੇਲਾ ਕਾਇਮ ਕੀਤਾ ਜੋ ਅਜ ਤੀਕ ਲਗਦਾ ਹੈ।


ਸੰਤਾਂ ਦੇ ਚੋਜ ਅਨੰਤ ਹਨ ਮਹਿਮਾ ਅਗਾਧ ਬੋਧ ਹੈ। ਆਪ ਜੀਦੇ ਕੀਤੇ ਹੋਏ ਕੰਮ, ਅਤੇ ਸ੍ਵਾਸ ਸ੍ਵਾਸ ਨਾਮ ਜਪਨ ਦੀ ਪਵਿਤ੍ਰ ਧਾਰਨਾ ਨੂੰ ਕੌਣ ਨਹੀਂ ਜਾਣਦਾ। ਗੁਜਰਾਂ ਵਾਲੇ ਵਿਚ ਨਾਮਧਾਰੀ ਪੰਥ ਦੀ ਬਿਰਧੀ ਆਪ ਜੀਦੇ ਅਤੇ ਸੰਤ ਚਵਿੰਡੇ ਵਾਲਿਆਂ ਦੀ ਕਿਰਪਾ ਦੀ ਹੀ ਬਰਕਤ ਹੈ।

ਅੰਤ, ਸ੍ਰੀ ਯੋਗੀਰਾਜ, ਮਹਾਨ ਆਤਮਾ, ਜੀਵਨ ਮੁਕਤ, ਸੰਤ ਕੇਸਰ ਸਿੰਘ ਜੀ "ਚੁਪ" ੧੯ ਵੈਸਾਖ ਸੰਮਤ ੧੯੯੪ ਨੂੰ ਸੰਤ ਅਤਰ ਸਿੰਘ ਜੀ ਦੇ ਘਰ ਗੁਜਰਾਂ ਵਾਲੇ ਵਿਖੇ ਜੋਤ ਵਿਖੇ ਲੀਨ ਹੋ ਗਏ। (ਵਹਿਮੀ)

# ਸੰਤਾਂ ਦਾ ਮਾਰਗ

( ਵਲੋਂ ਬਾਬੂ ਗਣੇਸ਼ ਦਾਸ ਜੀ 'ਪੂਰਨ' ਲਾਇਲਪੁਰ )

ਜੋ ਚਾਹੇਂ ਜ਼ਿੰਦਗੀ ਅਬਦੀ, ਉਨ੍ਹੇਂ ਮੌਲਾ ਹੀ ਪਿਆਰਾ ਹੈ।
ਉਸੀ ਸੇ ਗੁਫ਼ਤਗੂ ਉਨਕੀ, ਵਹੀ ਉਨਕਾ ਸਹਾਰਾ ਹੈ।
ਮੁਹਬਤ ਕੀ ਨਿਸ਼ਾਨੀ ਯੇਹ, ਹਕੀਕੀ ਗਰ ਹੈ ਮਾਲਿਕ ਸੇ।
ਕਰੇ ਕੁਰਬਾਨ ਜਾਂ ਖ਼ਦਾਮ, ਜਿਗਰ ਦਿਲ ਪਾਰਾ ਪਾਰਾ ਹੈ।
ਨਹੀਂ ਵੋਹ ਆਸ਼ਕੇ ਸਾਦਿਕ, ਜੋ ਜਾਂ ਅਪਨੀ ਬਚਾ ਰਖੇ।
ਬਜੁਜ਼ ਕਟਵਾਨੇ ਸਰ ਅਪਨਾ, ਨ ਹੀਲਾ ਯਾ ਨ ਚਾਰਾ ਹੈ।
ਯੇਹ ਮੰਜ਼ਲ ਇਸ਼ਕੇ ਵਾਹਦ ਹੈ, ਨ ਆਸਾਂ ਇਸਕੋ ਤੁਮ ਸਮਝੋ।
ਯੇਹ ਰਸਤਾ ਹੂ-ਬਹੂ ਜੈਸੇ, ਖੜਗ ਕੀ ਤੇਜ਼ ਧਾਰਾ ਹੈ।
ਜੋ ਖੇਲੇ ਜਾਨ ਪਰ ਇਸ ਜਾ, ਬਲੰਦ ਉਸਕਾ ਹੀ ਰੁਤਬਾ ਹੈ।
ਕਿ ਧ੍ਰੂ ਪ੍ਰਹਿਲਾਦ ਮੀਰਾਂ ਨੇ, ਦੀਆ ਇਸਕਾ ਇਸ਼ਾਰਾ ਹੈ।
ਸ਼ੁਮਾਰ ਉਸਕਾ ਹੀ ਇਨਸਾਨੋਂ, ਮੇਂ ਰਿਸ਼ੀਓਂ ਨੇ ਬਤਾਇਆ ਹੈ।
ਹਵਾਸੋਂ ਕੋ ਕੀਆ ਕਾਬੂ, ਨਫਸ ਕੋ ਜਿਸ ਨੇ ਮਾਰਾ ਹੈ।
ਭਟਕਤਾ ਵੁਹ ਯਕੀਨੀ ਹੈ, ਬਹੁਤ ਜਨਮੋਂ ਕੇ ਚੱਕਰ ਮੇਂ।
ਪ੍ਰਭੂ ਕੋ ਭੂਲ ਕਰ ਜਿਸਨੇ, ਜਨਮ ਵਿਸ਼ਿਓਂ ਮੇ ਹਾਰਾ ਹੈ।
ਨ ਹੋਗਾ ਖ਼ਾਬ ਮੇਂ ਭੀ ਸੁਖ, ਉਸੇ ਸ਼ਾਹ ਬਾਦਸ਼ਾਹ ਹੀ ਹੈ।
ਭਰਾ ਨਫ਼ਸਾਨੀ ਖ਼ਾਹਸ਼ ਸ, ਜੋ ਦਿਲ ਕਿਸਮਤ ਕਾ ਮਾਰਾ ਹੈ।
ਖ਼ੁਦੀ ਖਾਹਿਸ਼ ਕੋ ਕਹਿਤੇ ਹੈਂ, ਜੋ ਬੇਖਾਹਸ਼ ਵੁਹ ਬੇਖ਼ੁਦ ਹੈ।
ਖ਼ੁਦਾ ਖ਼ੁਦ ਵੁਹ ਕਿ ਖ਼ਾਹਸ਼ ਸੇ, ਕੀਆ ਜਿਸਨੇ ਕਿਨਾਰਾ ਹੈ।
ਸਫਲ ਉਸਕਾ ਹੀ ਸਮਝੋ ਤੁਮ, ਯੇਹ ਇਨਸਾਨੀ ਜਨਮ ਪੂਰਨ।
ਖ਼ੁਦੀ ਕਾ ਕਾਟ ਸਰ ਜਿਸਨੇ, ਪ੍ਰਭੂ ਚਰਨੋਂ ਮੇਂ ਡਾਰਾ ਹੈ।



ਸ੍ਰੀ ਮਾਨਯਵਰ ਬਾਬਾ ਕੇਸਰ ਸਿੰਘ ਜੀ (ਚੁਪ) ਸੇਖਵ



ਬਾਬਾ ਗੰਡਾ ਸਿੰਘ ਜੀ ਗੁਣੀਏਕੇ



ਬਾਬਾ ਬੂਟਾ ਸਿੰਘ ਜੀ ਮੌੜੇ ਜਿਲਾ ਅਮ੍ਰਿਤਸਰ

# (੧੮) ਵਾਂ ਨਿਵਾਸੀ ਬਾਬਾ ਬੁੱਢਾ ਸਿੰਘ ਜੀ

(ਵਲੋਂ ਸੰਤ ਮੰਗਲ ਸਿੰਘ ਜੀ ਅੰਮ੍ਰਿਤਸਰੀ)

ਆਪ ਜੀ ਦਾ ਜਨਮ ਪਿੰਡ ਘਸੀਟ ਪੁਰਾ ਜਿਲਾ ਅਮ੍ਰਿਤਸਰ ਵਿਚ ਪਿਤਾ ਬਾਬਾ ਦੇਵਾ ਸਿੰਘ. ਅਤੇ ਮਾਤਾ ਬੇਬੇ ਜੁਜਰੀ ਜੀ ਦੇ ਗ੍ਰਹਿ ਵਿਖੇ ਹੋਇਆ।

## ਨਾਮ ਪ੍ਰਾਪਤੀ

ਆਪ ਕਈ ਵਾਰੀ ਬੈਠੇਬੈਠੇ ਚਿਤ ਵਿਚਵਿਚਾਰਾਂ ਕਰਦੇ ਕਿ ਮੇਰੀ ਅੱਧੀ ਆਯੂ ਬਤੀਤ ਹੋਣ ਵਾਲੀ ਹੈ, ਪਰ ਮੈਂ ਅਜੇ ਤਕ ਬੇਸੂਝ ਹੀ ਰਿਹਾ ਹਾਂ, ਬਜ਼ੁਰਗਾਂ ਪਾਸੋਂ ਕਈ ਵਾਰੀ ਸੁਣਦਾ ਹੁੰਦਾ ਸਾਂ ਕਿ ਪਹਿਲੇ ਸਿਖ ਗੁਰੂ ਵਾਲੇ ਹੁੰਦੇ ਸਨ, ਪਰ ਓਦੋਂ ਤੇ ਗੁਰੂ ਵੀ ਹੁੰਦੇ ਸਨ ਤਾਂ ਹੀ ਗੁਰਮਿਖ ਹੁੰਦੇ ਹੋਣਗੇ ਨਾਂ। ਹੁਣ ਤੇ ਕੋਈ ਪਿਛਲਿਆਂ ਸਿਖਾਂ ਵਰਗਾ ਸਿਖ ਵੀ ਨਹੀਂ ਦਿਸਦਾ ਹੇ ਅਕਾਲ ਪੁਰਖ ਆਪ ਮੇਹਰ ਕਰੋ ਕਿਸੇ ਮਹਾਂਪੁਰਸ਼ ਦੀ ਦਸ ਪਵੇ ਤਾਂ ਮੈਂ ਵੀ ਗੁਰੂ ਵਾਲਾ ਹੋਵਾਂ। ਸੁਣਦੇ ਹਾਂ ਕਿ ਗੁਰੂ ਤੋਂ ਬਿਨਾ ਮਨੁਖ ਦਾ ਜੀਵਨ ਕਾਵਾਂ ਕੁਤਿਆਂ ਦੇ ਸਾਮਾਨ ਹੈ ਫਿਰ ਕੀ, ਮੈਂ ਏਸੇ ਤ੍ਰਾਂ ਭਟਕਦਾ ਹੀ ਕੂਚ ਕਰ ਜਾਵਾਂਗਾ? ਇਕ ਦਿਨ ਆਪ ਇਹਨਾਂ ਹੀ ਵੈਹਣਾਂ ਵਿਚ ਅਪਣੀ ਪੈਲ ਵਿਚ ਹਥ ਵਿਚ ਤਕੜੀ ਫੜੀ ਕਣਕ ਦਾ ਬੋਹਲ ਤੋਲਣ ਲਗੇ ਸਨ, ਤਾਂ "ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖ ਰਸਿਕ ਬੈਰਾਗੀ" ਦੇ ਮਹਾਂ ਵਾਕ ਅਨੁਸਾਰ ਆਪ ਦਾ ਅੰਕੁਰ ਫੁਟਿਆ! ਕੀ ਵੇਖ ਦੇ ਹਨ ਕਿ ਆਪ ਦੇ ਸਾਮਣੇ ਇਕ ਵਰੋਲਾ ਜੇਹਾ ਭੁਆਟਨੀਆਂ ਖਾਣ ਲਗਾ ਜਿਸਵਿਚੋਂ ਅਗਨੀਦੇ ਸ਼ੁਹਲੇ ਨਿਕਲਰਹੇ ਹਨ। ਉਸ ਵਾ ਵਰੋਲੇ ਵਿਚੋਂ ਇਕ ਆਵਾਜ਼ ਨਿਕਲੀ ਜਿਸ ਆਵਾਜ਼ ਨੇ ਆਪ ਜੀਦੇ ਦਿਲ ਨੂੰ ਅਪਣੀ ਵਲ ਪ੍ਰੇਰਕੇ ਕਿਹਾ ਕਿ 'ਉਠ ਬੁਢਾ ਸਿੰਘ, ਜੇ ਗੁਰੂ ਨੂੰ ਮਿਲਣਾ ਹਈ ਤਾਂ ਲੁਧਿਆਣੇ ਤੋਂ ਦਸਾਂ ਕੋਹਾਂ ਤੇ ਭੈਣੀ ਹੈ ਓਥੇ ਆ ਜਾ। ਮੇਰਾ ਨਾਮ ਰਾਮ ਸਿੰਘ ਹੈ।' ਬਸ ਫੇਰ ਕੀਹ ਸੀ, ਤੱਕੜੀ ਓਥੇ ਹੀ ਛਡਕੇ ਆਪ ਉਸ ਵਾ ਵਰੋਲੇ ਦੇ ਪਿਛੇ ੨ ਤੁਰ ਪਏ। ਜਦੋਂ ਭੈਣੀ ਸਾਹਿਬ ਦੇ ਕੋਲ ਪਿੰਡ ਹੀਰਾਂ ਕੋਲ ਆਏ ਤਾਂ ਵਰੋਲਾ ਅਲੋਪ ਹੋ ਗਿਆ। ਆਪ ਜੀਨੂੰ ਬੜੀ ਨਿਰਾਸਤਾ ਹੋਈ। ਕਹਿੰਦੇ ਹਨ ਕਿਧਰ ਜਾਵਾਂ? ਪਤਾ ਨਹੀਂ ਕਿਥੇ ਹਾਂ। ਰਾਹ ਵਿਚ ਕਿਸੇ ਨਾਲ ਗਲ ਵੀ ਨਹੀਂ ਕੀਤੀ। ਅਛਾ! ਕਿਸੇ ਨੂੰ ਪੁਛ ਵੇਖਦਾ ਹਾਂ, ਕਿਸੇ ਨੂੰ ਪੁਛਿਆ ਕਿ ਸਜਣਾ! ਕੋਈ ਤੁਹਾਡੇ ਨੇੜੇ ਤੇੜੇ ਭੈਣੀ ਪਿੰਡ ਭੀ ਹੈ? ਤਾਂ ਉਤਰ ਮਿਲਿਆ ਹਾਂ। ਆਹ ਬਿਲਕੁਲ ਨੇੜੇ ਹੈ, ਸਿਧੇ ਚਲੇ ਜਾਓ। ਆਪਦੇ ਅੰਦਰ ਇਕ ਅਕਹਿ ਖੁਸ਼ੀ ਦੀ ਲਹਿਰ ਪੈਦਾ ਹੋ ਉਠੀ। ਪਿੰਡ ਦੇ ਨੇੜੇ ਆਏ ਤਾਂ ਬਾਹਰ-ਵਾਰ "ਸੇਵਕ ਕੌ ਨਿਕਟੀ ਹੋਇ" ਦਿਖਾਉਣ ਵਾਲੇ ਮਰਯਾਦਾ ਪਰਸ਼ੋਤਮ ਚੀਨੀ ਵਾਲੇ ਚੋਜੀ ਪ੍ਰੀਤਮ ਆਪ ਜੀ ਨੂੰ ਅੱਗਲਵਾਂਢੀ ਬਾਹਰ ਮਿਲ ਪੈਂਦੇ ਹਨ। ਆਪ ਜੀ ਨੂੰ ਬਾਬਾ ਜੀ ਪੁਛਦੇ ਹਨ! ਜੀ, ਐਥੇ ਕੋਈ ਰਾਮ ਸਿੰਘ ਭੀ ਰਹਿੰਦਾ ਹੈ? ਆਪ ਜੀ ਨੇ ਫੁਰਮਾਇਆ ਹਾਂ

ਜੀ। ਪਿੰਡ ਵਿਚ ਚਲੋ ਚਲੋ ਤੁਹਾਨੂੰ ਮਿਲ ਪਵੇਗਾ ਤਾਂ ਆਪਨੇ ਪਿੰਡ ਵਿਚ ਆਣਕੇ ਘਰ ਦਾ ਪਤਾ ਪੁਛਿਆ ਤਾਂ ਕਿਸੇ ਨੇ ਇਕ ਹੋਰ ਜ਼ਿਮੀਦਾਰ ਰਾਮ ਸਿੰਘ ਦੇ ਘਰ ਭੇਜ ਦਿਤਾ! ਪਰ ਆਪ ਦੀ ਕੋਈ ਤਸਲੀ ਨ ਹੋਈ. ਉਸੇ ਰਾਮ ਸਿੰਘ ਨੂੰ ਪੁਛਿਆ! ਜੀ ਕੋਈ ਹੋਰ ਰਾਮ ਸਿੰਘ ਭੀ ਏਥੇ ਰਹਿੰਦਾ ਹੈ? ਉਨ ਕਿਹਾ 'ਹਾਂ ਇਕ ਹੈ ਤਾਂ ਸਹੀ, ਪਰ ਓਹ ਤੇ ਤ੍ਰਖਾਣ ਹੈ ਉਸ ਨਾਲ ਤੁਹਾਨੂੰ ਕੀ ਗਰਜ਼? ਉਹ ਕਮਲਾ ਜੇਹਾ ਤਾਂ ਕਿਸੇ ਨਾਲ ਗਲ ਬਾਤ ਭੀ ਵਧ ਘਟ ਹੀ ਕਰਦਾ ਹੈ।' ਆਪ ਨੂੰ ਝਟ ਖਿਆਲ ਆਇਆ ਓਹੋ! ਓਹ ਤਾਂ ਆਪ ਮੈਨੂੰ ਅਗਲਵਾਂਢੀ ਲੈਣ ਗਿਆ ਸੀ ਪਰ ਮੇਰੇ ਨੇਤ੍ਰ ਉਸਨੂੰ ਪਛਾਣ ਹੀ ਨਹੀਂ ਸਕੇ।

ਲਾਟੋਂ ਦੀ ਢੱਕੀ ਵਿਚ ਇਕ ਛੱਪੜ ਜਿਸ ਦੇ ਇਰਦ ਗਿਰਦ ਕਰੌਂਦਿਆਂ ਦੇ ਰੁਖ ਸਨ, ਸਤਿਗੁਰੂ ਸਚੇ ਪਾਤਿਸ਼ਾਹ ਓਥੇ ਬੈਠੇ ਹੋਏ ਸਨ। ਬੁਢਾ ਸਿੰਘ ਪੁਛਦਾ ਪੁਛੌਂਦਾ ਓਥੇ ਪੁਜ ਗਿਆ। ਮਥਾ ਟੇਕਿਆ ਤਾਂ ਸਤਿਗੁਰਾਂ ਕਿਹਾ ਆ ਭਾਈ ਬੈਹ ਜਾ ਤੈਨੂੰ ਕੁਝ ਵਿਖਾਈਏ!' ਬੁਢਾ ਸਿੰਘ ਨੇ ਕਿਹਾ ਸਤਿ ਬਚਨ ਮਹਾਰਾਜ! ਤਾਂ ਬਾਬੇ ਦੇ ਵੇਂਹਦਿਆਂ ਹੀ ਵਖਰੇ ਵਖਰੇ ਆਸਣ ਵਿਛਣੇ ਆਰੰਭ ਹੋਗਏ ਜਿਨਾਂ ਤੇ ਆਪ ਸਮੇਤ ੧੨ ਪਾਤਸ਼ਾਹੀਆਂ ਹੀ ਪ੍ਰਤੱਖ ਹੋ ਕੇ ਬੈਠ ਗਈਆਂ। ਬਾਬਾ ਜੀ ਬਾਰਾਂ ਹੀ ਗੁਰੂਆਂ ਦੇ ਦ੍ਰਸ਼ਨ ਕਰਕੇ ਗਦ ਗਦ ਹੋ ਗਏ, ਅਤੇ ਗਲ ਵਿਚ ਪੱਲਾ ਪਾਕੇ ਅਰਜ਼ ਕੀਤੀ ਸਚੇ ਪਾਤਿਸ਼ਾਹ ਨਾਮ ਦਾਨ ਬਖਸ਼ੋ, ਤਾਂ ਆਪ ਨਿਰੰਕਾਰ ਅਨੰਤ ਕਲਾ ਵਾਲੇ ਸਤਿਗੁਰੁ ਰਾਮ ਸਿੰਘ ਜੀਨੇ ਬਾਬਾ ਜੀਨੂੰ ਭਜਨ ਦਸਕੇ ਰਬ ਦਾ ਰੂਪ ਬਨਾ ਦਿਤਾ।

## ਵਾਪਸੀ

ਭਜਨ ਪੁਛਕੇ ਆਪ ਆਪਨੇ ਪਿੰਡ ਨੂੰ ਵਾਪਸ ਆ ਗਏ। ਗੁਰਮੁਖ ਰੋਮ ਰੋਮ ਹਰਿ ਧਿਆਵੈ, ਦੇ ਮਹਾ ਵਾਕ ਅਨੁਸਾਰ ਭਜਨ ਆਪ ਜੀ ਦੇ ਰੋਮ ਰੋਮ ਵਿਚ ਰਚ ਗਿਆ ਬੰਦਗੀ ਵਿਚ ਆਪ ਐਸੇ ਪ੍ਰਵਿਰਤ ਹੋਏ ਕਿ ਸਗਲਤਿਆਗ ਭਜਕੇਵਲਨਾਮ ਵਾਲਾ ਪ੍ਰਮਾਣ ਆਪ ਤੇ ਘਟਣ ਲਗਾ। ਏਥੋਂ ਤਕ ਅਭਿ-ਯਾਸ ਹੋ ਗਿਆ ਜੋ ਨਿੰਦਰਾ ਸਮੇ ਭੀ ਰਸਨਾਂ ਅਪਣੇਂ ਆਪ ਅਕਾਲ ਪੁਰਖ ਦੀ ਯਾਦ ਵਿਚ ਟਕ ਟਕ ਕਰਦੀ ਰਹਿੰਦੀ। ਆਪ ਸਦਾ ਮਸਤ ਰਹਿੰਦੇ ਅਤੇ ਹਰ ਵੇਲੇ ਉਸ ਇਲਾਹੀ ਰੰਗ ਦਾ ਨੂਰ ਆਪ ਜੀ ਦੇ ਮੁਖਮੰਡਲ ਤੇ ਡੁਲ੍ਹਕਾਂ ਮਾਰਦਾ ਰਹਿੰਦਾ।

## ਨਿਰਾਲੇ ਕੌਤਕ

(ੳ) ਆਪ ਨੇ ਯੁਵਾ ਅਵਸਥਾ ਵਿਚ ਤਿੰਨ ਵਿਆਹ ਕਰਵਾਏ ਸਨ। ਆਪ ਦੇ ਘਰੋਂ ਮਾਈਆਂ ਦੇ ਨਾਮ ਏਹ ਸਨ (੧) ਰਾਮੋ (੨) ਗੰਗੀ (੩) ਇੰਦੀ।

ਤਿੰਨ ਪੁਤ੍ਰ ਪਹਿਲੋਂ ਗੁਜਰ ਚੁਕੇ ਸਨ। ਜਿਸ ਵੇਲੇ ਚੌਥਾ ਪੁਤ੍ਰ ਆਪਦੇ ਘਰ ਵਿਖੇ ਹੋਇਆ ਤਾਂ ਉਸ ਬੱਚੇ ਦੀ ਮਾਤਾ ਨੇ ਉਸਦੇ ਗਲ ਵਿਚ ਤਵੀਤ ਧਾਗੇ ਮੰਤਰਾ ਕੇ ਪਾ ਦਿਤੇ। ਆਪ ਉਸ ਵੇਲੇ ਭਜਨ ਪੁਛਕੇ ਪੂਰੇ ਗੁਰ ਸਿਖ ਬਣ ਚੁਕੇ ਸਨ ਜਿਸ ਕਰਕੇ ਆਪ ਇਹ ਮਨਮਤ ਕਿਸੇਤ੍ਰਾਂ ਵੀ ਸਹਾਰ ਨਹੀਂ ਸਕਦੇ ਸਨ। ਆਪ ਕਹਿਣ ਲਗੇ, ਇਹ ਕਾਕੇ ਦੇ ਗਲ਼ ਕੀ ਮੜ੍ਹ ਦਿਤਾ ਹੈ? ਅਤੋਂ ਉਤਰ ਮਿਲਿਆ ਕਿ ਇਹ ਤਵੀਤ ਇਸ ਬੱਚੇ ਦੀ ਰਖਿਆ ਕਰਨਗੇ। ਆਪ ਰੰਗ ਵਿਚ ਹੋਕੇ ਕਹਿਣ ਲਗੇ ਭੋਲੀਏ! ਤੈਨੂੰ ਅਜੇ ਇਹ ਭੀ ਪਤਾ ਨਹੀਂ ਲਗਾ, ਕਿ ਮੇਰੇ

ਹੁਕਮ ਤੋਂ ਬਿਨਾਂ ਕੋਈ ਮਾਰਨ ਵਾਲਾ ਨਹੀਂ ? ਜਾਹ, ਭਰੋਸਾ ਰਖ, ਤੇ ਲਾਹ ਦੇ ਏਸ ਪਖੰਡ ਨੂੰ ਜੇ ਕੋਈ ਚਾਰ ਦਿਨ ਸੁਖ ਲੈਣਾ ਹਈ ਤਾਂ ਨਾਮ ਜਪ ਇਸ ਦਾ ਵਾਲ ਭੀ ਵਿੰਗਾ ਨਹੀਂ ਹੋ ਸਕਦਾ। ਉਸ ਬਚੇ ਦਾ ਨਾਮ ਆਪਨੇ ਸਾਧੂ ਸਿੰਘ ਰਖਿਆ ਵਡਾ ਹੋਕੇ ਆਪ ਜੀ ਦਾ ਬਚਨ ਨਾਂ ਮੰਨਿਆਂ ਕਰੇ ਤਾਂ ਇਕ ਦਿਨ ਕਹਿਣ ਲਗੇ, ਸਾਧੂ ਸਿੰਘਾ ਤੂੰ ਸਤਿਗੁਰਾਂ ਦਾ ਬਚਨ ਨਹੀਂ ਮੰਨਦਾ, ਤੈਨੂੰ ਬਹੁਤ ਵਾਰੀ ਕਹਿ ਚੁਕੇ ਹਾਂ ਪਰ ਤੂੰ ਕਿਸ ਗੱਲ ਤੇ ਅਜ ਤਕ ਅਮਲ ਨਹੀਂ ਕੀਤਾ ਜਾ ਤੇਰੀ ਦੇਹ ਕੀੜੇ ਪੈਕੇ ਛੁਟੇਗੀ ਆਪਜੀਦਾਇਹਵਾਕਹੂਬਹੂ ਇਸੇ ਤਰਾਂ ਹੋਇਆ।

(ਅ) ਇਕ ਵਾਰੀ ਆਪਨੇ ਮਸਤ ਹੋਕੇ ਕਿਹਾ ਸਭ ਖੰਡ ਬ੍ਰਹਿਮੰਡ ਮੇਰੇ ਹੁਕਮ ਵਿਚ ਹਨ ਤਾਂ ਆਪਦੀ ਸੁਪਤਨੀ ਦੇ ਦਿਲ ਵਿਚ ਹੈਰਾਨੀ ਹੋਈ ,ਕਿ ਏਹ ਏਦਾਂ ਐਵੇਂ ਹੀ ਕਰਦੇ ਰਹਿੰਦੇ ਹਨ।

ਤਾਂ ਆਪ ਕਹਿਣ ਲੱਗੇ ਛੇਤੀ ਨਾਲ ਤੇਲ ਦੀ ਕੜਾਹੀ ਤਾਓ। ਹੁਕਮ ਮੰਨਕੇ ਤੇਲ ਗਰਮ ਕੀਤਾ ਗਿਆ। ਕੋਲ ਹੀ ਆਪ ਦਾ ਤਿੰਨ ਸਾਲਾਂ ਦਾ ਬੱਚਾ ਹਰਨਾਮ ਸਿੰਘ ਖੇਡ ਰਿਹਾ ਸੀ। ਆਪ ਨੇ ਚੁਕਕੇ ਤਪਦੇ ਤੇਲ ਵਿਚ ਸੁਟ ਦਿਤਾ, ਪਰ ਬਚੇ ਦੇ ਰੋਮ ਨੂੰ ਭੀ ਆਂਚ ਨਾਂ ਲਗੀ। ਉਪ੍ਰੰਤ ਕਿਹਾ ਅਜੇ ਯਕੀਨ ਆਇਆ ਹੈ ਕਿ ਨਹੀ ? ਕਿ ਸਾਰੀਆਂ ਸ਼ਕਤੀਆਂ ਉਤੇ ਮੇਰਾ ਹੀ ਅਧਿਕਾਰ ਹੈ। ਇਸ ਘਟਨਾਂ ਨੇ ਸਭ ਨੂੰ ਦ੍ਰਿੜ ਕਰ ਦਿਤਾ ਕਿ ਇਹ ਖੁਦ ਅਕਾਲ ਪੁਰਖ ਦਾਰੂਪ ਹਨ।

(ੲ) ਇਕ ਵਾਰੀ ਬਾਬਾ ਜੀ ਦੇ ਸ਼੍ਰੀਕ ਇਨਾਂ ਦੇ ਖਲਵਾੜੇ ਵਿਚੋਂ ਰਾਤ ਨੂੰ ਕਣਕ ਦੀਆਂ ਭਰੀਆਂ ਚੁਰਾ ਕੇ ਲੈ ਗਏ, ਤਾਂ ਪਤਾ ਲੱਗਣ ਤੇ ਆਪ ਉਹਨਾਂ ਪਾਸੋਂ ਭਰੀਆਂ ਵਾਪਸ ਲੈਣ ਗਏ ਉਹਨਾਂ ਨੇ ਆਪ ਜੀ ਨੂੰ ਮਾਰਿਆ। ਪਿੰਡ ਵਿਚੋਂ ਕਿਸੇ ਨੇ ਹਾਕਮ ਪਾਸ ਉਹਨਾਂ ਦੀ ਜਿਨਾਂ ਨੇ ਬਾਬਾ ਜੀ ਨਾਲ ਅਯੋਗ ਵਰਤਾਉ ਕੀਤਾ ਸੀ) ਸ਼ਿਕਾਇਤ ਕੀਤੀ ਤਾਂ ਇਲਾਕੇ ਦੇ ਤਹਸੀਲ ਦਾਰ ਸਾਹਿਬ ਖੁਦ ਪੜਤਾਲ ਵਾਸਤੇ ਆਪ ਦੇ ਨਗਰ ਆਏ ਬਾਬਾ ਜੀ ਨੂੰ ਬੁਲਾਕੇ ਤਹਸੀਲ ਦਾਰ ਨੇ ਪੁਛਿਆ ਬਾਬਾ ਜੀ ਦਸੋ ! ਕੀ ਮਾਮਲਾ ਹੈ ? ਤਾਂ ਆਪ ਨੇ ਕਿਹਾ ਤੁਸੀਂ ਮੇਰੇ ਚੋਜੀ ਦੇ ਚੋਜਾਂ ਤੋਂ ਬੇਖਬਰ ਹੋ ਗੱਲ ਏਹ ਹੈ, ਮੇਰੇ ਪ੍ਰੀਤਮ ਨੇ ਪਹਿਲੋਂ ਇਨ੍ਹਾਂ ਨੂੰ ਆਖਕੇ ਮੇਰੀਆਂ ਭਰੀਆਂ ਚੁਕਣ ਲਈ ਭੇਜ ਦਿਤਾ ਅਤੇ ਫੇਰ ਮੈਨੂੰ ਕਿਹਾ ਜਾ ਓਨ੍ਹਾਂ ਕੋਲ ਤੇਰੀਆਂ ਭਰੀਆਂ ਹਨ, ਜਾਕੇ ਲੈਆ, ਮੈਂ ਗਿਆ ਤਾਂ ਆਪ ਹੀ ਉਨਾਂ ਨੂੰ ਕਹਿ ਦਿਤੋ ਸੂ ਕਿ ਏਨੂੰ ਮਾਰੋ ਸੋ ਉਹਦੇ ਆਖੇ ਏਨ੍ਹਾਂ ਨੇ ਮੈਨੂੰ ਮਾਰਿਆ ਸੀ। ਗਲ ਤਾਂ ਸਿਰਫ ਏਨੀ ਹੈ, ਤਸੀਲ ਦਾਰਨੇ ਮਹਾਪੁਰਖ ਸਮਝਕੇ ਚਰਨਾਂ ਤੇ ਹਥ ਲਾਇਆ ਤੇ ਕਿਹਾ ਧੰਨ ਹੋ ਤੁਸੀਂ ਜਿਨ੍ਹਾਂਦੀ ਐਸੀਨਜ਼ਰ ਹੈ, ਬਾਬਾ ਜੀ ਦੀ ਸਹਿਨ ਸੀਲਤਾ ਤਕ ਆਪਜੀ ਦੇ ਵਿਰੋਧੀ ਵੀ ਆਪ ਦੀ ਚਰਨੀ ਆਨ ਪਏ, ਅਤੇ ਮਾਫੀ ਮੰਗਕੇ ਬਾਬੇ ਦੇ ਮੁਰੀਦ ਹੋ ਗਏ.

## ਆਕਾਸ਼ ਬਾਣੀ

ਇਕ ਦਿਨ ਬਾਬਾ ਜੀ ਆਪਨੇ ਪਿੰਡ ਦੀ ਜੂਹ ਵਿਚ ਬੰਦਗੀ ਕਰ ਰਹੇ ਸਨ, ਆਕਾਸ਼ ਬਾਣੀ ਹੋਈ 'ਬੁਢਾ ਸਿੰਘ' ਤੈਨੂੰ ਬਖਸ਼ਿਆ। ਆਪ ਕਹਿਣ ਲਗੇ ਤੇਰੀ ਕੋਈ ਪ੍ਰਤੀਤ ਨਹੀਂ , ਅਗੋਂ ਫੇਰ ਅਵਾਜ਼ਾ ਹੋਇਆ ਤੈਨੂੰ ਬਖਸ਼ਿਆ, ਪਰ ਆਪ ਨੇ ਫੇਰ ਓਹ ਉਤਰ ਦਿਤਾ। ਤੀਜੀ ਵਾਰੀ ਫੇਰ ਅਵਾਜ਼

ਆਈ ਜੇ ਸਤਿਗੁਰੂ ਰਾਮ ਸਿੰਘ ਜੀ ਦੇ ਮੂਹੋਂ ਸੁਣ ਲਵੇਂ ਤਾਂ ਫੇਰ ਯਕੀਨ ਕਰੇਂਗਾ? ਅਗੋਂ ਜਵਾਬ ਦਿਤਾ ਹਾਂ। ਬਾਬਾ ਜੀ ਸ੍ਰੀ ਭੈਣੀ ਸਾਹਿਬ ਪੁਜੇ ਤਾਂ ਸਤਿਗੁਰ ਵਡੇ ਬੂਹੇ ਵਿਚ ਉਤਲੀ ਸਰਦਲ ਨਾਲ ਹੱਥ ਪਾਕੇ ਖਲੋਤੇ ਹੋਏ ਸਨ। ਆਪ ਬੁਢਾ ਸਿੰਘ ਨੂੰ ਵੇਖ-ਦਿਆਂ ਹੀ ਕਹਿਣ ਲਗ ਪਏ'ਬੁਢਾ ਸਿੰਘਤੈਨੂੰ ਬਖਸ਼ਿਆ ਤਸਲੀ ਹੋਗਈ, ਚਰਨੀਢੈ ਪਿਆ।

## ਵਾਕ ਸਿੱਧੀ

ਹੁਣ ਸਤਿਗੁਰਾ ਨੇ ਮੁਸ਼ਕਰਾ ਕੇ ਪੁਛਿਆ, ਤੈਨੂੰ ਤੇ ਬਖਸ਼ਿਆ ਪਰ ਸਾਡੀ ਗਲ ਸੁਣਾ। ਬਾਬੇ ਨੇ ਰੰਗ ਵਿਚ ਹੋਕੇ ਕਿਹਾ। ਤੈਨੂੰ ਭੀ ਹੁਣ ਏਥੇ ਮਿਸ਼ਰੀ ਦੇ ਸ਼ਰਬਤ ਨਹੀਂ ਪੀਣੇ ਮਿਲਦੇ, ਥੋੜੇ ਦਿਨਾਂ ਨੂੰ ਤੈਨੂੰ ਵੀ ਸਮੁੰਦਰਾਂ ਤੋਂ ਪਾਰ ਕਰ ਦੇਣਾ ਹੈ। ਇਸ ਬਚਨ ਤੋਂ ਥੋੜੇ ਚਿਰ ਬਾਦ ਹੀ ਸਤਿਗੁਰ ਸਚੇ ਪਾਤਸ਼ਾਹ ਪ੍ਰਦੇਸ ਗਮਨ ਕਰ ਗਏ, ਅਤੇ ਬਾਬਾ ਜੀ ਦਾ ਵਾਕ ਪੂਰਾ ਹੋਇਆ।

ਇਕ ਵਾਰੀ ਬਾਬਾ ਜੀ ਨੇ ਅਪਨੀ ਨੂੰਹ ਪਾਸੋਂ ਪਾਣੀ ਮੰਗਿਆ, ਤਾਂ ਉਸਨੇ ਛੰਨਾਂ ਮਾਂਜਨ ਤੋਂ ਬਿਨਾਂ ਹੀ ਜਲ ਲਿਆ ਦਿਤਾ, ਤਾਂ ਆਪ ਕਹਿਣ ਲਗੇ! ਔਂਤਰੀਏ ਜਾ ਕਮਲੀ ਹੀ ਰਵੇਂਗੀ, ਬਸ ਕਮਲੀ ਹੋ ਗਈ, ਅਤੇ ਔਂਤਰੀ ਹੀ ਰਹੀ।

## ਜਪ ਪ੍ਰਯੋਗ

ਇਕ ਵਾਰੀ ਆਪਨੇ ਅਜੇਹਾ ਮੇਲਾ ਕੀਤਾ, ਜੋ ਬਰਾਬਰ ਤਿੰਨ ਮਹੀਨੇ ਜਾਰੀ ਰਹਾ ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਵਿਤ੍ਰ ਦਰਸ਼ਨਾਂ ਨਮਿਤ ਜਪਜੀ ਦੀਆਂ ਸਵਾ ਲੱਖ ਵਟਨੀਆਂ ਦਾ ਪਾਠ ਹੋਇਆ। ਰੋਜ਼ ਹਜ਼ਾਰਾਂ ਸੰਗਤਾਂ ਦਾ ਇਕੱਠ ਰਹਿੰਦਾ, ਆਪ ਕਹਿੰਦੇ ਜਿਨ੍ਹਾਂ ਚਿਰ ਘਰ ਦੇ ਸਾਰੇ ਨਿਕੜ ਛੁਕੜ ਦਾ ਭੋਗ ਨਹੀਂ ਪੈ ਜਾਂਦਾ ਓਹਨਾਂ ਚਿਰ ਇਸ ਮੇਲੇ ਦਾ ਭੋਗ ਵੀ ਨਹੀਂ ਪੈਣਾ। ਇਸ ਪ੍ਰਯੋਗ ਦੇ ਸਮੇਂ ਸਚੇ ਪਾਤਸ਼ਾਹ ਸਤਿਗੁਰੂ ਹਰੀ ਸਿੰਘ ਜੀ ਮਹਾ ਰਾਜ ਨੇ ਵੀ ਦਰਸ਼ਨ ਦਿਤੇ। ਬਾਬਾ ਬੁਢਾ ਸਿੰਘ ਜੀ ਨੂੰ ਐਸੀ ਮਸਤੀ ਆਈ, ਕਿ ਲੰਗਰ ਵਾਲੀ ਤਪਦੀ ਲੋਹ ਉਤੇ ਜੋੜੇ ਸਮੇਤ ਜਾ ਬੈਠੇ। ਓਥੋਂ ਹਟ ਕੇ ਅਪਣੇ ਪੁਤਰ ਲਾਲ ਸਿੰਘ ਨੂੰ ਫੜਕੇ ਕੜਾਹ ਪ੍ਰਸ਼ਾਦ ਵਾਲੀ ਬਲਦੀ ਚਰੂ ਵਿਚ ਸੁਟ ਦਿਤਾ। ਕੋਲ ਹੀ ਇੰਦੀ ਆਪ ਦੀ ਧਰਮ ਪਤਨੀ ਖੜੋਤੀ ਸੀ। ਕਹਿਣ ਲਗੇ ਇੰਦੀਏ, ਆਖ..........(ਅੱਗ) ਨੂੰ ਕਿ ਮੁੰਡੇ ਨੂੰ ਸੇਕ ਤੇ ਲਾਵੇ? ਮਮਤਾ ਦੀ ਮਾਰੀ ਹੋਈ ਮਾਂ ਨੇ ਬਚੇ ਨੂੰ ਦਰੂ ਵਿਚੋਂ ਧੂ ਕੇ ਬਾਹਰ ਕਢ ਲਿਆ।

ਲਾਟਾਂ ਛਡਦੀ ਹੋਈ ਅੱਗ ਬਚੇ ਦੇ ਇਕ ਰੋਮ ਨੂੰ ਭੀ ਆਂਚ ਨਾਂ ਲਾ ਸਕੀ। ਇਧਰੋਂ ਵੇਹਲੇਹੋ ਕੜਾਹ ਪਰਸ਼ਾਦ ਦੇ ਸੜਦੇ ਬਲਦੇ ਕੜਾਹੇ ਵਿਚ ਬਾਂਹ ਪਾਕੇ ਲਗੇ ਮਸੱਦ ਵਾਗੂੰ ਫੇਰਨ। ਲਾਂਗਰੀਆਂ ਨੇ ਦੀਨ ਦਿਆਲ ਜੀ ਅਗੇ ਅਰਜ਼ ਕੀਤੀ, "ਸਚੇ ਪਾਤ ਸ਼ਾਹ" ਬੁਢਾ ਸਿੰਘ ਨੇ ਲੰਗਰ ਖੁਲਾ ਕਰ ਦਿਤਾ ਹੈ (ਜੁਤੀ ਸਣੇ ਲੋਹ ਤੇ ਬੈਠ ਗਿਆ ਹੈ) ਅਤੇ ਹੋਰ ਸਾਰੇ ਕੌਤਕ ਦੱਸੇ ਤਾਂ ਸਚੇ ਪਾਤਸ਼ਾਹ ਜੀ ਕਹਿਣ ਲਗੇ ਓਇ ਭਾਈ ਤੁਹਾਡੇ ਖਿਆਲ ਵਿਚ ਖੁਲਾ ਹੋਗਿਆ ਪਰ ਮੈਂ ਤਾਂ ਕਹਿੰਦਾ ਹਾਂਸੋਧ ਦਾ ਹੀ ਅਜ ਬਣਿਆ ਹੈ ਛੇਤੀ ਵਰਤਾ ਦਿਓ,ਵੇਖਿਓ ਕਿਤੇ ਇਸ ਇਲਾਹੀ ਰੰਗ ਵਿਚ ਘਿਰਣਾਂ ਨਾਂ ਕਰਿ ਬੈਠਿਓ।

(ਏ) ਇੱਕ ਵਾਰੀ ਆਪ ਕੁਤੇ ਨੂੰ ਵੇਮ ਮਾਰਨ ਲਗੇ ਤਾਂ ਵੇਮ ਚਿੜੇ ਨੂੰ ਲਗ ਗਈ

ਜਿਸ ਨਾਲ ਓਹ ਮਰ ਗਿਆ। ਆਪ ਨੇ ਕਿਹਾ ਕਿ, ਉਇ ਬੁਢਿਆ! ਤੈਂ ਨਿਰਦੋਸ਼ ਚਿੜਾ ਮਾਰਿਆ ਹੈ, ਇਸ ਦਾ ਹਸਾਬ ਤੈਨੂੰ ਅਜ ਤੋਂ ਅਠਵੇਂ ਦਿਨ ਨੂੰ ਦੇਣਾਂ ਪਵੇਗਾ। ਸੋ ਅਠਵੇਂ ਦਿਨ ਜੇਹੜਾ ਪੁਤ੍ਰ ਉਹਨਾਂ ਦੇ ਵਾਕ ਨਾਲ ਹੋਇਆ ਸੀ ਚੜ੍ਹਾਈ ਕਰ ਗਿਆ, ਪਰ ਆਪ ਨੇ ਕੋਈ ਸ਼ੋਕ ਨਾਂ ਕੀਤਾ ਇਸ ਬਚੇ ਦਾ ਨਾਮ ਸ਼ਾਮ ਸਿੰਘ ਸੀ। ਭਾਈ ਹਰਨਾਮ ਸਿੰਘ ਚਵਿੰਡੇ ਵਾਲੇ ਰਾਗੀ ਮਿਰਜ਼ਾ ਗਾਉਂਦੇ ਹੁੰਦੇ ਸਨ, ਉਸ ਨੂੰ ਵਾਜਾਂ ਲੈਂਦੇ ਨੂੰ ਠਾਕਰਾਂ ਨੇ ਕਿਹਾ, ਕਿ ਨਾਮਿਆਂ ਆ ਤੈਨੂੰ ਰਾਗ ਦੇਈਏ। ਪੁਤ ਬੋਲੀਆਂ ਪੰਣੀਆਂ ਛੱਡ ਦੇ। ਅਗੋਂ ਭਾਈ ਹਰਨਾਮ ਸਿੰਘ ਜੀ ਨੇ ਕਿਹਾ ਜੀ ਮੈਨੂੰ ਤਾਂ ਕੁਝ ਨਹੀਂ ਔਂਦਾ ਠਾਕਰਾਂ ਕਿਹਾ "ਬਾਬਾ ਬੁੱਢਾ ਸਿੰਘ ਜੀ" ਤਸਦੀਕ ਕਰਦਿਓ ਕਿ ਇਸ ਨੂੰ ਰਾਗ ਦਿੱਤਾ। ਆਪ ਜੀ ਨੇ ਵੀ ਵਾਕ ਕਰ ਦਿਤਾ ਜਿਸ ਦਾ ਪ੍ਰਤੱਖ ਸਬੂਤ ਦੁਨੀਆਂ ਦੇ ਸਾਹਮਣੇ ਹੈ। ਸਚੇ ਪਾਤਸ਼ਾਹ ਜੀ ਦੇ ਪ੍ਰਦੇਸ ਗਵਨ ਕਰਨ ਦੇ ਬਾਦ ਆਪ ਸਦਾ ਹੀ ਵੈਰਾਗੀ ਰਹਿੰਦੇ ਹਰ ਵੇਲੇ ਨੇਤ੍ਰਾਂ ਵਿਚੋਂ ਹੰਝੂ ਕਿਰਦੇ ਰਹਿੰਦੇ ਤੇ ਇਹ ਪੜ੍ਹਦੇ ਰਹਿੰਦੇ—"ਅਵਧ ਤਾਂ ਬੀਤ ਗਈ ਅਬ ਨ ਮਿਲੋਗੇ ਤੋ ਮਿਲੋਗੇ ਕਬ। ਇਹ ਆਖਦੇ ਆਖਦੇ ਬੇ ਸੁਧ ਹੋ ਜਾਂਦੇ।

(ਸ) ਹਕੀਕਾ ਸਿੰਘ (ਆਪ ਦਾ ਭਾਈ) ਅਪਣੇ ਅੰਤ ਸਮੇਂ ਕਹਿਣ ਲਗਾ, ਮੈਨੂੰ ਕਾਲੇ ਕਾਲੇ ਦੈਂਤ ਡਰਾਉਂਦੇ ਹਨ, ਤਾਂ ਆਪ ਕਹਿਨ ਲੱਗੇ ਹਕੀਕਾ ਸਿੰਘਾ ਭਜਨ ਕਰ ਪਰ ਉਸਨੇ ਬਚਨ ਨਾਂ ਮੰਨਿਆਂ। ਤਾਂ ਸੰਤ ਟੋਕਾ ਲੇਕੇ ਸਿਰ ਤੇ ਖੜੇ ਆਨ ਹੋਏ, ਕਹਿਣ ਲਗੇ ਜਾਂ ਭਜਨ ਕਰ, ਨਹੀਂ ਤਾਂ ਗਲ ਵੱਢਦਿਆਂਗਾ ਜਦੋਂ ਡਰਦਾ ਭਜਨ ਕਰਨ ਲਗਾ ਤਾਂ ਆਪ ਨੇ ਪੁਛਿਆ ਸੁਣਾ ਹੁਣ ਕਿਦਾਂ ਈਂ? ਤਾਂ ਅੱਗੋਂ ਕਿਹਾ ਹੁਣ ਤਾਂ ਚੀਨੀ ਵਾਲੇ ਸਚੇ ਪਾਤਸ਼ਾਹ ਜੀ ਦੇ ਦਰਸ਼ਨ ਹੁੰਦੇ ਹਨ। ਸੰਤਾਂ ਕਿਹਾ ਜੇ ਦਰਸ਼ਨ ਹੁੰਦੇ ਹੈਨ ਤਾਂ ਹੋਰ ਐਹੂ ਚੰਗਾ ਵੇਲਾ ਕੇਹੜਾ ਲਭਨਾਂ ਹਈਛੇਤੀ ਕਰ ਤਾਂ ਓਸੇ ਵੇਲੇ ਹਕੀਕਾ ਸਿੰਘ ਨੇ ਦੇਹ ਛੱਡ ਦਿਤੀ।

## ਅੰਤਮ ਸਮਾਂ

ਦੇਹਾਂਤ ਤੋਂ ਇਕ ਸਾਲ ਪਹਿਲਾਂ ਮਾਘੀ ਵਾਲੇ ਦਿਨ ਪ੍ਰਸਾਦ ਛਕ ਦਿਆਂ ਇਲ ਨੇ ਝਪਟ ਮਾਰੀ ਤਾਂ ਆਪ ਕਹਿਨ ਲਗੇ, ਕਿ ਸਾਨੂੰ ਗੋਬਿੰਦ ਨੇ ਸੁਨੇਹਾ ਭੇਜਿਆ ਹੈ, ਕਿ ਤੇਰਾ ਇਕ ਸਾਲ ਬਾਕੀ ਰਹਿ ਗਿਆ ਹੈ, ਘਰੋਂ ਮਾਤਾ ਜੀ ਇਹ ਬਚਨ ਸੁਣਕੇ ਰੋਣ ਲਗ ਪਏ ਤਾਂ ਆਪ ਕਹਿਣ ਲਗੇ ਤੂੰ ਬਚਿਆਂ ਦਾ ਕੋਈ ਫਿਕਰ ਨਾਂ ਕਰ ਕਿ ਇਹ ਅਜੇ ਛੋਟੇ ਹਨ। ਇਹ ਬੜੇ ਸ਼ਾਹੂਕਾਰ ਹੋਨਗੇ, ਸੋ ਇਸਤ੍ਰਾਂ ਹੀ ਹੋਈ, ਏਸੇ ਸਾਲ ਸ੍ਰੀ ਅਮ੍ਰਿਤਸਰ ਦੀਪਮਾਲਾ ਤੇ ਆਇ ਤਾਂ ਸਾਧ ਸੰਗਤ ਨੂੰ ਕਹਿਣ ਲਗੇ, ਅਸੀਂ ਅਖੀਰੀ ਦਰਸ਼ਨ ਕਰਨ ਆਏ ਹਾਂ, ਓਥੇ ਜੁਤੀ ਗੁਆਚ ਗਈ। ਘਰ ਆਏ ਤਾਂ ਪਰਵਾਰਨੇ ਜੁਤੀ ਬਣਵਣ ਵਾਸਤੇ ਅਰਜ਼ ਕੀਤੀ, ਤਾਂ ਆਪਨੇ ਕਿਹਾ ਹੁਣ ਕੇਹੜੇ ਬਹੁਤੇ ਦਿਨ ਰਹਿ ਗਏ ਹਨ। ਸੋ ਆਪ ਜੀ ਨੇ ਪੁਤ੍ਰਾਂ ਨੂੰ ਵਖੋ ਵਖ ਕਰਕੇ ਮਾਘੀ ਵਾਲੇ ਦਿਨ ੧੯੬੪ ਬਿ: ਨੂੰ ਸਾਰੇ ਪ੍ਰਵਾਰ ਨੂੰ ਭਾਣਾਂ ਮੰਨਣ ਵਾਸਤੇ ਕਿਹਾ ਅਤੇ ਸਭ ਮਰਯਾਦਾ ਗੁਰਮਤ ਅਨੁਸਾਰ ਕਰਨ ਦੀ ਪ੍ਰੇਰਨਾਂ ਕਰਕੇ ਵਾਂ ਨਗਰ ਵਿਚ ਸਰੀਰ ਨੂੰ ਤਿਆਗ ਦਿਤਾ ਇਹ ਵਾਂ ਬਾਹਰੇ ਵਾਲੀ ਕਹੀਦੀ ਸੀ ਪਰ ਆਪਦੇ ਨਾਮ ਪ੍ਰਤਾਪ ਨਾਲ ਬਾਬੇ ਬੁਢਾ ਸਿੰਘ ਵਾਲੀ ਪ੍ਰਸਿਧ ਹੋਈ।

# (੧੯) ਸੰਤ ਹਰਨਾਮਸਿੰਘ ਜੀ ਗੜ੍ਹਦੀਵਾਲਾ

( ਸ੍ਰੀ "ਚਕ੍ਰਵਰਤੀ" ਜੀ ਦੀ ਲੇਖਣੀ ਅੰਕਿਤ )

ਪੂਰਨ ਪੁਰਖ ਬ੍ਰਹਮ ਗਿਆਨੀ ਭਗਤ ਸ੍ਰੀ ਨਾਮ ਦੇਵ ਜੀ ਮਹਾਰਾਜ ਨਗਰ ਭੱਟੀ ਵਾਲ ਜ਼ਿਲਾ ਗੁਰਦਾਸ ਪੁਰ 'ਰਾਮੇ ਆਣੇ' ਨਾਮੀ ਸਥਾਨ ਤੇ ਕੁਲੀ ਬਨ੍ਹ ਕੇ ਤਪ ਕਰ ਰਹੇ ਸਨ ਅਜੇ ਆਪ ਜੀ ਨੇ ਆਪਣੇ ਆਪ ਨੂੰ ਪ੍ਰਗਟ ਨਹੀਂ ਸੀ ਕੀਤਾ।। ਕਾਦੀਆਂ ਨਗਰ ਦੇ ਭਾਈ ਲਧਾ ਨਾਮੀ ਖਤਰੀ ਬਾਹਰ ਲੇ ਪਿੰਡਾਂ ਵਿਚੋਂ ਲੂਣ ਤੇਲ ਆਦਿ ਸੌਦਾ ਵੇਚਣ ਜਾਇਆ ਕਰਦੇ ਸਨ। ਇਕ ਦਿਨ ਆਪ ਜੀ ਦਾ ਸਭ ਤੇਲ ਖਤਮ ਹੋਗਿਆ। ਉਸ ਦਿਨ ਬਿਨਾਂ ਦਰਸ਼ਨ ਕੀਤੇ ਹੀ 'ਰਾਮੇ ਆਣੇ' ਦੇ ਅਗੋਂ ਦੀ ਲੰਘ ਚਲੇ। ਸ੍ਰੀ ਨਾਮ ਦੇਵ ਜੀ ਨੇ ਅਵਾਜ਼ ਮਾਰਕੇ ਕਿਹਾ "ਭਾਈ ਲਧਾ ਜੀ ਕੀ ਗਲਏ, ਅਜ ਲੁਕ ਕੇ ਕਿਉਂ ਜਾ ਰਹੇ ਹੋ।"

"ਦੀਨ ਦਜਾਲ, ਕੁਪੀ ਦਾ ਤੇਲ ਖਤਮ ਹੋ ਗਿਆਏ" "ਭਾਈ ਜਰਾ ਕੁਪੀ ਵਲ ਤਕ ਤੇ ਸਹੀ" ਜਦ ਭਾਈ ਲਧਾ ਰਾਮ ਜੀ ਕੁਪੀ ਵਲ ਨਜ਼ਰ ਮਾਰੀ ਤਦ ਕੁਪੀ ਤੇਲ ਨਾਲ ਭਰੀ ਹੋਈ ਜਾਪੀ। ਭਾਈ ਲਧਾ ਸ੍ਰੀ ਭਗਤ ਜੀ ਮਹਾ ਰਾਜ ਦੇ ਚਰਨੀ ਆ ਡਿਗਾ। ਦੀਵਾ ਜਗਾ ਕੇ ਓਥੇ ਹੀ ਬੈਠ ਗਿਆ। ਭਗਤ ਜੀ ਨੇ ਕਿਹਾ—"ਭਾਈ ਹੁਣ ਜਾਹ ਕ ਦੀਆਂ।

ਮਹਾਰਾਜ ਹੁਣ ਤੇ ਮੈਂ ਕਿਤੇ ਜਾਣ ਜੋਗਾ ਨਹੀਂ ਰਿਹਾ। ਮੈਨੂੰ ਪਾਵਨ ਚਰਨਾਂ ਵਿਚ ਹੀ ਰਖੋ।

ਭਗਤ ਜੀ ਮਹਾਰਾਜ ਨੇ ਭਾਈ ਲਧੇ ਨੂੰ 'ਨਾਮ ਦੀ ਦਾਤ ਦੇ ਕੇ ਨਿਹਾਲ ਕੀਤਾ ਅਤੇ ਹੁਕਮ ਕੀਤਾ ਕਿ ਕਾਦੀਆਂ ਥੀਂ ਆ ਜਾਵੇ, ਸਾਡੇ ਨੇੜੇ ਸੁਖੋ ਵਾਲ ਆ ਵਸੋ। ਸਾਡਾ ਡੇਰਾਂ ਘੁਮਾਣਾਂ ਵਿਖੇ ਹੋਵੇਗਾ ਤੇ ਤੇਰਾ ਸੁਖੋਵਾਲ ਵਿਚ। ਤੇਰੇ ਡੇਰੇ ਦੀ ਯਾਤ੍ਰਾ ਬਿਨਾ ਸਾਡੇ ਡੇਰੇ ਦੀ ਯਾਤ੍ਰਾ ਪੂਰੀ ਨਹੀਂ ਹੋਵੇਗੀ। ਤੇਰੇ ਬੰਸ ਵਿਖੇ ਵਡੇ ਵਡੇ ਮਹਾਤਮਾ ਜਨਮ ਧਾਰਨਗੇ। ਲੋਕੀ ਤੈਨੂੰ ਗੁਰੂਆਂ ਵਾਂਗ ਪੂਜਣਗੇ। ਏਹ ਵਰਲੈ ਕੇ ਭਾਈ ਲਧਾ ਰਾਮ ਜੀ ਪ੍ਰਵਾਰ ਸਹਿਤ ਕਾਦੀਆਂ ਪਿੰਡ ਤੋਂ ਸੁਖੋਵਾਲ ਵਿਖੇ ਆ ਗਏ।

ਉਸ ਵੇਲੇ ਭਾਈ ਲਧਾ ਰਾਮ ਜੀ ਦੀ ਵੈਰਾਗੀ ਗੱਦੀ ਤੇ ਸਿਧ ਪੁਰਖ ਬਾਵਾ ਸੰਤ ਰਾਮ ਜੀ ਵਿਰਾਜ ਦੇ ਸਨ। ਏਹਨਾ ਦੇ ਬੜੇ ਭ੍ਰਾਤਾ ਸ੍ਰੀ ਬਾਵਾ ਸੰਤਦਾਸ ਜੀ ਦੇ ਗ੍ਰਹਿ ਵਿਖੇ ਮਾਈ ਆਸਾ ਦੇਵੀ ਜੀ ਦੀ ਕੁੱਖੋਂ ਇਕ ਬਾਲਕ ਪੈਦਾ ਹੋਇਆ ਬਾਵਾ ਸੰਤ ਰਾਮ ਜੀ ਕਿਹਾ ਕਿ ਬਾਲਕਦਾ ਦਰਸ਼ਨ ਕਰਾਵੋ ? ਬਾਵਾ ਕਾਹਨ ਦਾਸ ਜੀ ਬਾਲਕ ਗੋਬਿੰਦ ਦਾਸ ਨੂੰ ਲੈ ਆਏ। ਬਾਵਾ ਸੰਤ ਰਾਮ ਜੀ ਨੇ ਗੋਦ ਵਿਚ ਲੈਕੇ ਕਿਹਾ—ਨਿਹੰਗ ਸਿੰਘ ਜੀ ਪ੍ਰਗਟੇ ਹਨ ਬਾਵੇ ਮਹਾਂ ਪੁਰਸ਼ ਹੋਣਗੇ।

## ੨.

'ਹੋਨਹਾਰ ਬਿਰਵਾਨ ਕੇਚਿਕਨੇ ੨ ਪ ਤ' ਦੀ ਕਹਾਵਤ ਅਨੁਸਾਰ ਗੋਬਿੰਦ ਦਾਸ ਛੋਟੀ ਉਮਰਾ ਵਿਚ ਹੀ ਜੰਗਲ ਵਿਚ ਚਲੇ ਜਾਂਦੇ,

ਇਕਾਂਤ ਪਸੰਦ ਭਾਵੇ ਸਨ। ਬਾਲਕਾਂ ਨਾਲ ਖੇਡਣਾ ਅਤੇ ਪਿੰਡਾਂ ਵਿਚ ਰਹਿਣਾ ਆਪ ਜੀ ਦੇ ਸੁਭਾਵ ਦੇ ਉਲਟ ਸੀ। ਇਕ ਦਿਨ ਜੰਗਲਵਿਚ ਬੈਠਿਆਂਨੂਬਘਿਆੜ ਲੈਟੁਰਿਆ ਕਿਸੇ ਅਯਾਲੀ ਨੇ ਬਾਬੇ ਕਾਹਨ ਦਾਸ ਜੀ ਨੂੰ ਘਰ ਆ ਦਸਿਆ ਕਿ ਤੇਹੇ ਪੁਤ੍ਰ ਨੂੰ ਬਘਿ-ਆੜ ਲੈ ਗਿਆ ਹੈ, ਕਾਹਨੁਦਾਸ ਜੋ, ਬਾਵਾ ਸੰਤ ਰਾਮ ਜੀ ਕੋਲ ਜਾਕੇ ਆਖਣ ਲਗੇ ਕਿ ਆਪ ਤਾਂ ਕਹਿੰਦੇ ਸੈ, ਨਿਹੰਗ ਸਿੰਘ ਪ੍ਰਗਟ ਹਇਆ ਏ, ਬੜਾ ਜੋਧਾ ਤੇ ਬਲੀ ਹੋਵੇਗਾ। ਪਰ ਬਾਲ ਗੋਵਿੰਦ ਦਾਸ ਨੂੰ ਤੇ ਅਜ ਬਘਿਆੜ ਚੁਕਕੇ ਲੈਗਿਆ ਏ, ਸੰਤ ਰਾਮ ਨੇ ਕਿਹਾ ਫਿਕਰ ਨਾਂ ਕਰੋ ਉਹਨਾਂ ਦਾ ਧਰਮ ਰਾਜ ਵੀ ਕੁਝ ਵਿਗਾੜ ਨਹੀਂ ਸਕਦੇ। ਓਹਨਾਂ ਦਾ ਦਰ-ਸਨ ਕਰਕੇ ਖੂੰਖਾਰ ਜੀਵ ਵੀ ਹਿੰਸਾ ਛੱਡ ਦੇਨਗੇ। ਤਦੋ ਪਤਾ ਲਗਾ ਜਦ ਆਪ ਸਹਿਜ ਸੁਭਾਵ ਹੀ ਜੰਗਲ ਵਲੋਂ ਔਂਦੇ ਨਜਰੀਂ ਪਏ, ਪਿਤਾ ਜੀ ਭਜਕੇ ਗਏ। ਜਾਕੇ ਡਿਠਾ ਸਿਰ ਵਿਚ ਦੰਦਾਂ ਦੇ ਨਿਸਾਨ ਹਨ, ਬਾਵਾ ਸੰਤ ਰਾਮ ਜੀ ਕਿਹਾ ਇਹ ਜਨਮ ਮਰਨ ਤੋਂ ਰਹਿਤ ਹਨ, ਪੂਰਨ ਪੁਰਸ ਹਨ। ਏਹ ਬਘਿਆੜ ਕਾਲ ਸੀ ਅਤੇ ਆਪ ਜੀ ਦੇ ਦਰਸ਼ਨ ਨੂੰਆਇਆ ਸੀ।

ਸੱਤ ਸਾਲ ਦੀ ਉਮਰਾ ਵਿਚ ਬਾਵਾ ਸੰਤ ਰਾਮ ਜੀ, ਬਾਲਕ ਗੋਬਿੰਦ ਦਾਸ ਜੀ ਨੂੰ ਆਪਣੀ ਸਿੱਖੀ ਦੀ ਵਾਕਫੀਅਤ ਕਰਾਨ ਲਈ ਨਾਲ ਲੈ ਟੁਰੇ। ਜ਼ਿਃ ਹੁਸ਼ਿਆਰ ਪੁਰ ਦੇ ਜਦ ਲਿੰਗੜਾ ਨਾਮੀ ਇਕ ਪਿੰਡ ਵਿਚ ਗਏ, ਅਗੇ ਖੂਹ ਲਾਣ ਲਈ ਚਕ ਸੱਟਕੇ ਸ਼ੱਕਰ ਵੰਡੀ ਜਾ ਰਹੀ ਸੀ। ਆਪ ਨੂੰ ਸਕਰ ਦਿਤੀ, ਉਹ ਖਾਕੇ ਆਪ ਨੇ ਕਿਹਾ ਹੋਰ ਦਿਓ, ਵਰਤਾਵੇ ਕਿਹਾ ਬਾਬਾ ਜੀ ਸੰਤੋਖ ਕਰੋ, ਆਪ ਨੇ ਕਿਹਾ ਖਾਣੀ ਨਹੀਂ ਖੂਹ ਵਿਚ ਪਾਣੀ ਏਂ, ਜਲ ਮਿੱਠਾ ਕਰਨਾਂ ਏਂ। ਬਾਲ ਜਾਣ ਕਿਸੇ ਖਿਆ ਲਨਾਂ ਕੀਤਾ। ਪਰ ਜਦ ਪਾਣੀ ਕਢਿਆ ਤਦ ਖਾਰਾ ਨਿਕਲਿਆ।

## ੩.

ਬਿੰਦਰਾ ਬਨ ਦੀਆਂ ਗਲੀਆਂ ਵਿਚ ਇਕ ਸਾਧੂ ਫਿਰ ਰਿਹਾ ਏ। ਬਾਈ ਸਾਲਾਂ ਦੀਉਮਰਾ ਏ ਚਿਹਰਾਚੰਨਵਾਗੂੰ ਆਂਭਾਂ ਮਾਰਦਾ ਏ। ਪਤਲੇ ਜੇਹੇ ਪਪੀਸਿਆਂ ਵਰਗੇ ਬੁਲ੍ਹ ਜਦ ਖੁਲਦੇ ਹਨ, ਫੁਲ ਕੇਰਦੇ ਹਨ। ਅਖੀਆਂ ਮੋਟੀਆਂ ਸ਼ਰਮੀਲੀਆਂ, ਮਸਤੀ ਨਾਲ ਭਰੀਆਂ, ਬੇ ਪ੍ਰਵਾਹ ਹਨ। ਰੰਗ ਦੁਧ ਜਿਹਾ ਗੋਰਾ ਏ। ਨੱਕ ਖੰਡੇ ਦੀ ਧਾਰ ਨੂੰ ਸ਼ਰਮ ਸਾਰ ਕਰਦਾਏ ਪਿਆ ਜਿਧਰ ਏਹ ਸਾਧੂ ਜਾਂਦਾ ਏ, ਬ੍ਰਿੰਦਾ ਬਨ ਦੇ ਲੋਕੀਂ ਅਦਬ ਨਾਲ ਮਥੇ ਟੇਕਦੇ ਹੋਏ ਅਗੋਂ ਭੇਟਾ ਲੈ ਮਿਲਦੇ ਹਨ ਕਈ ਤੇ ਆਂਹਦੇ ਹਨ ਕਿ ਇਹ ਸਾਧ ਦੇ ਰੂਪ ਵਿਚ ਮੁੜ ਭਗਵਾਨ ਕ੍ਰਿਸ਼ਨ ਜੀ ਆਪ ਹੀ ਪ੍ਰਗਟੇ ਹਨ। ਸਾਧੂ ਕਿਸੇ ਨਾਲ ਗਲ ਨਹੀ ਕਰਦਾ। ਬਸ ਜਾਂ ਜਮਨਾਂ ਕਿਨਰੇ ਅਤੇ ਜਾਂ ਰਾਸ ਲੀਲਾ ਵਿਚ। ਕੋਈ ਮੰਡਲੀ ਅਜੇਹੀ ਨਹੀਂ ਜਿਸ ਨੇ ਇਸ ਸਾਧੂ ਨੂੰ ਸਦਕੇ ਰਾਸ ਨਹੀਂ ਸੁਣਾਈ। ਆਪ ਰਾਸ ਸੁਣਦੇ ਬਿਦੇਹ ਹੋ ਜਾਂਦੇ ਹਨ। ਤਨ ਬਦਨ ਦੀ ਕੋਈ ਸੁਧ ਨਾਂ ਰਹਿੰਦੀ ਜੇ ਰੋਣ ਲੱਗ ਜਾਂਦੇ ਹਨ, ਤਾਂ ਸਾਰੀ ਰਾਤ ਰੋਈ ਹੀ ਜਾਂਦੇ ਹਨ। ਜਦ ਹੋਸ਼ ਆਂਦੀਏ ਤਾਂ ਡਾਢੇ ਪਿਆਰ ਨਾਲ ਬੋਲ ਉਠਦੇ ਹਨ।

'ਸੀਸ ਮੁਕਟ ਕਟਿ ਕਾਛਨੀ,
ਕਰ ਮੁਰਲੀ ਉਰ ਮਾਲ।
ਇਹ ਬਨਕ ਮੋ ਮਨ ਵਸੋ,
ਸਦਾ ਬਿਹਾਰੀ ਲਾਲ।

ਦੂਜੇ ਸਾਧੂਆਂ ਦੀ ਦੇਖਾ ਦੇਖੀ ਅਤੇ ਬਹੁਤ ਕਹਿਨ ਸੁਣਨ ਕਰਕੇ ਇਹ ਠਾਕਰ ਪੂਜਾ ਵਲ ਲਗ ਜਾਂਦਾਏ। ਇਕ ਦਿਨ ਠਾਕਰਾਂ ਦੀ ਚੌਂਕੀ ਸਿਰ ਤੇ ਚਾਈ, ਜਮਨਾਂ ਕਿਨਾਰੇ ਟੁਰਿਆ ਜਾਂਦਾ ਏ। ਅਗੋਂ ਇਕ ਹੋਰ ਸਾਧੂ ਮਿਲਿਆ। ਉਸ ਕਿਹਾ–ਮਹਾਤਮਾਂ ਜੀ ਇਹ ਕੀ ਚਾਇਆ ਜੇ? ਇਸ ਕਿਹਾ ਮਹਾਰਾਜ ਠਾਕਰ ਜੀ ਹਨ। ਉਸ ਕਿਹਾ–ਠਾਕਰ ਤੇ ਤੁਸੀਂ ਆਪ ਹੋ, ਫਿਰ ਚੁਕੀ ਕੀ ਫਿਰਦੇ ਹੋ।

ਇਸ ਕਿਹਾ–"ਹੋਰ ਕੀ ਕਰਾਂ ਕੁਝ ਸਮਝ ਨਹੀਂ ਪੈਂਦੀ, ਘਰੋਂ ਨਿਕਲਿਆ ਸਾਂ ਕਿ ਕੋਈ ਮਹਾਂ–ਪੁਰਸ਼ ਮਿਲੇਗਾ, ਅੰਦਰ ਠੰਡ ਵਰਤੇਗੀ। ਮਨ ਸ਼ਾਂਤ ਹੋਵੇਗਾ ਸੁਰਤ ਸਬਦ ਨਾਲ ਜੁੜਕੇ ਆਪਣੇ ਨਿਜ ਸਥਾਨ ਤੇ ਪੁਜੇਗੀ। ਇਸੇ ਖਿਆਲ ਨਾਲ ਇਥੇ ਆਇਆ ਸਾਂ ਰਾਸਾਂ ਵੇਖਦਾ ਹਾਂ। ਦਰਸ਼ਨ ਲਈ ਲਾਲਸਾ ਵਧ ਰਹੀਏ। ਖਿਚ ਪੈ ਰਹੀਏ। ਕਿਸੇ ਪਾਸੇ ਦਾ ਕੋਈ ਪਤਾ ਨਹੀਂ। ਕੋਈ ਝਲਕਾਰਾ ਵਜਦਾਏ ਪਤਾ ਕੋਈ ਨਹੀਂ ਲੱਗਦਾ ਬਾਰਾਂ ਸਾਲਾਂ ਦੀ ਉਮਰਾ ਵਿਚ ਏਥੇ ਆਇਆ ਸਾਂ, ੧੨ ਸਾਲ ਹੋਰ ਲੰਘ ਗਏ ਹਨ ਪਰ ਮੇਰੀ ਆਸ ਨਹੀ ਪੁੰਨੀ। ਮੇਰੀ ਮੁਰਾਦ ਨਹੀਂ ਬਰ ਆਈ ਤੁਸੀਂ ਮੇਹਰ ਕਰੋ ਤੇ ਕੁਝ ਦਸੋ ਜੋ ਹੁਣ ਮੈ ਕੀ ਕਰਾਂ। ਆਪ ਹੀ ਕੋਈ ਰਸਤਾ ਦਸੋ। ਰੇਖ ਵਿਚ ਮੇਖ ਮਾਰੋ।"

ਸਾਧੂ ਕਿਹਾ- "ਆਪਦਾ ਭਵਿਸ਼ਯ ਮੈਨੂੰ ਕੁਝ ਉੱਜਲ ਜਾਪਦਾ ਏ। ਜਿਸ ਸਰੂਪ ਵਿਚ ਆਪ ਹੁਣ ਹੋ, ਏਹ ਆਪ ਨੂੰ ਫਬਦਾ ਨਹੀਂ। ਆਪਦਾ ਮਾਲਿਕ ਕੋਈ ਹੈਗਾ ਏ। ਓਹ ਆਪ ਹੀ ਆਪਣੀ ਦਸ ਆਪ ਨੂੰ ਪਾਏ ਗਾ, ਠਾਕਰ ਪੂਜਾ ਛਡ ਛਡੋ। ਇਹ ਕੰਮ ਕਰੋ। ਕਿਸੇ ਦੇ ਮਥੇ ਨ ਲ ਗੋ। ਦਿਨੇ ਰਾਤ ਧਿਆਨ ਮਗਨ ਰਹੋ। ਅਭਿਆਸ ਕਰੋ। ਫਿਰ ਅਸ਼ਾ ਹੈ ਕਿ ਆਪ ਜੀ ਦੀ ਆਸ ਪੂਰੀ ਹੋਵੇਗੀ, ਇਹ ਕਹਿ ਸਾਧੂ ਅਦ੍ਰਿਸ਼ਜ ਹੋ ਗਿਆ। ਸਾਡੇ ਸਾਧੂ ਹੁਣ ਸਗੋਂ ਹੋਰ ਵੀ ਵੈਰਾਗ ਵਿਚ ਹੋ ਗਏ ਹਨ, ਅਖਾਂ ਵਿਚੋਂ ਨੀਰ ਦੇ ਫੁਹਾਰੇ ਚਲ ਰਹੇ ਹਨ, ਪਰ ਅਜ ਮਨ ਕੁਝ ਹਲਕਾ ਜਿਹਾ ਜਾਪਦਾ ਏ, ਕੋਈ ਆਸ਼ਾ ਜਹੀ ਬਝ ਰਹੀ ਏ. ਕਈ ਵਾਰ ਇੰਦ ਭੁਲੇਖਾ ਜਿਹਾ ਪੈਕੇ ਭਰਮ ਹੁੰਦਾ ਏ, ਮੈਂ ਤੇਰੀ ਪੁਕਾਰ ਸੁਣਕੇ ਆਗਿਆ ਹਾਂ ਆਪ ਠਾਕਰਾਂ ਦੀ ਚੌਕੀ ਓਥੇ ਹੀ ਸਟ,, ਇਕ ਪਾਸੇ ਟੁਰ ਜਾਂਦੇ ਹਨ।

## ੪.

ਜਮਨਾਂ ਦੇ ਕਿਨਾਰੇ ਤੇ ਇਕ ਕੁੱਲੀ ਬੱਧੀ ਹੋਈਏ, ਵਿਚ ਇਕ ਸਾਧੂ ਬੈਠਾ ਏ। ਅਜ ੩੦ ਦਿਨ ਹੋ ਗਏ ਹਨ, ਨਾਹੀ ਅਹਾਰ ਕੀਤਾ, ਨਹੀਂ ਕੁਝ ਖਾਧਾ ਅਤੇ ਨਾਹੀ ਪੀਤਾ, ਕਿਸੇ ਨਾਲ ਬੋਲਦਾ ਨਹੀਂ। ਕੋਈ ਸਵਾਲ ਨਾਹੀਂ ਕਰਦਾ, ਲੋਕੀ ਖਾਣ ਵਾਲੇ ਪਦਾਰਥ ਆਪ ਹੀ ਧਰ ਜਾਂਦੇ ਹਨ। ਅਤੇ ਆਪ ਹੀ ਚੁਕ ਲਿਜਾਂਦੇ ਹਨ। ਏਹ ਕਿਸੇ ਬੰਨੇ ਵੀ ਅਖ ਭਰਕੇ ਨਹੀਂ ਤਕਦਾ. ਦਰਸ਼ਨ ਲਈ ਭਗਤਾਂ ਦੀ ਭੀੜ ਲਗੀ ਰਹਿੰਦੀਏ, ਪਰ ਇਹ ਬਾਹਰ ਨਿਕਲਣਾ ਪਸੰਦ ਨਹੀਂ ਕਰਦਾ, ਸ੍ਰੀਰ ਡਾਢਾ ਕ੍ਰਿਸ ਹੋਗਿਆ ਏ। ਫਕਤ ਹੱਡੀਆਂ ਦੀ ਮੁਠ



ਸ੍ਰੀ ਮਾਨ ਸੰਤ ਹਰਨਾਮ ਸਿੰਘ ਜੀ ਗੜ੍ਹਦਿਵਾਲਾ

ਰਹਿ ਗਈ ਏ। ਅਜ ਅਗੇ ਨਾਲੋਂ ਵੀ ਕੁਝ ਬਹੁਤਾ ਉਦਾਸ ਹੈ। ਤੇ ਕਈ ਵਾਰ ਉਹ ਆਪ ਹੀ ਬੁੜ ਬੁੜਾਨ ਲਗ ਪੈਂਦਾਏ ਸਾਧੂ ਜੋ ਕਹਿ ਗਏ ਸਨ, ਧਿਆਨ ਧਰੋ, ਅਭਿਆਸ ਕਰੋ, ਦਰਸ਼ਨ ਹੋਣਗੇ ਪਤਾ ਲਗੇਗਾ, ਕੋਈ ਆਸ ਪੁਗੇਗੀ। ਮਹੀਨਾ ਲੰਘ ਗਿਆਏ, ਕੁਝ ਨਹੀਂ ਬਣਿਆ। ਸਗੋਂ ਉਲਟੀ ਗਲ ਜਾਪਦੀ ਏ। ਧਿਆਨ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦਾ ਧਰਦਾ ਹਾਂ, ਪਰ ਦਰਸ਼ਨ ਇਕ ਸਿਖ ਸਵਾਰ ਦੇ ਹੁੰਦੇ ਹਨ ਖਬਰੇ ਭਗਵਾਨ ਨੂੰ ਕੀ ਮਨਜ਼ੂਰਏ ਖਬਰੇ ਮੇਰੇ ਨਾਲ ਕੀ ਖੇਡ ਵਰਤਾਣੀ ਨੇ ਖਬਰੇ ਇਸ ਆਸ ਵਿਚ ਹੀ ਚਲ ਵਸਨਾਏ। ਖਬਰੇ ਇਸ ਤ੍ਰਾਂ ਹੀ ਜਨਮ ਵਿਤੀਤ ਹੋ ਜਾਣਾਏ ਹੇ ਭਗਵਾਨ ਮੇਹਰ ਕਰ ਹੁਣਤੇ ਕੁਝ ਥਹੁ ਪਤਾ ਦਸ ਹੁਣ ਤੇ ਦਰਸ਼ਨ ਦੇ ਕੇ ਕ੍ਰਿਤਾਰਥ ਕਰ। ਖਬਰੇ ਉਸ ਸਿਖਦੇ ਸਰੂਪ ਵਿਚ ਹੀ ਭਗਵਾਨ ਔਂਦਾ ਹੋਵੇ ਮੈਂ ਅਭੋਲ ਕੀ ਜਾਣਾਂ ਜਿਨਾਂ ਚਿਰ ਉਹ ਆਪ ਨਦਸੇ, ਮੈਂ ਕੀ ਸਮਝ ਸਕਦਾ ਹਾਂ। ਹਾਂ ਏਹ ਜਰੂਰ ਏ, ਜੁ ਉਸ ਸਿਖ ਦੇ ਦਰਸ਼ਨ ਨਾਲ ਮਨ ਸਾਂਤਿ ਹੋ ਜਾਂਦਾ ਏ। ਜੀ ਕਰਦਾ ਏ ਕਿ ਉਹ ਸਰੂਪ ਸਦਾ ਅਖੀਆਂ ਅਗੇ ਰਹੇ। ਖਬਰੇ ਭਗਵਾਨ ਇਸੇ ਰੂਪ ਵਿਚ ਹੀ ਔਂਦੇ ਹਨ। ਇੰਞ ਵਰਲਾਪ ਕਰਦੇ ਹੋਏ ਆਪ ਫਿਰ ਵੇਖਦੇਹਨ ਕਲਗੀ ਸਮਤਸ਼ਸਤ੍ਰ ਧਾਰੀ ਮਹਾਨ ਤੇਜ ਸ੍ਰੀ, ਤੀਰ ਕਮਾਨ ਫੜੀ ਕ੍ਰੋੜਾਂ ਸੂਰਜਾਂ ਦੀ ਅਭ ਮਾਤ ਪਾਣ ਵਾਲੀ ਕਲਗੀ ਦੀ ਜਯੋਤੀ, ਨੀਲੇ ਤੇ ਸਵਾਰ ਸੋਹੇ ਖਲੋਤੀ ਏ। ਹੁਣਤ ਹਿਮਤ ਕਰਕੇ ਉਠ ਬੈਠੇ ਤੇ ਚਰਨਾਂ ਤੇ ਢਹਿ ਪਏ। ਚਰਨ ਸਪ੍ਰਸ਼ ਨਾਲ ਇੰਞ ਥਰ ਥਰਾ ਉਠੇ, ਜਿਵੇਂ ਬਿਜਲੀ ਦੀ ਤਾਰ ਨੂੰ ਹਥ ਛੋਹ ਜਾਵੇ ਅੰਦਰ ਪ੍ਰਕਾਸ਼ ਹੋਗਿਆ ਹਥ ਜੋੜਕੇ ਹਿੰਮਤ ਕਰਕੇ ਪੁਛਿਆ।

"ਮਹਾਰਾਜ ਮੈਂ ਜਿਸ ਸਰੂਪ ਦਾ ਧਿਆਨ ਕਰਦਾ ਹਾਂ ਓਹ ਆਪ ਨਹੀਂ। ਉਸਦੇ ਥਾਂ ਮੈਨੂੰ ਸਦਾ ਆਪਦੇ ਦਰਸ਼ਨ ਹੁੰਦੇ ਹਨ। ਆਪ ਕੋਈ ਵੀ ਕਿਉਂ ਨਾ ਹੋਵੇ, ਤ੍ਰਾਂਨ ਕਰਤਾ। ਮੈਨੂੰ ਇੰਞ ਜਪਦਾਏ ਜਿਵੇਂ ਆਪ ਹੀ ਹੁੰਦੇ ਹੋ। ਮੇਹਰ ਕਰੋ ਅਤੇ ਮੈਨੂੰ ਆਪਣੇ ਪਵਿਤ੍ਰ ਨਾਮ ਥੀਂ ਵਾਕਿਫ ਕਰਾਓ।

ਸਾਧੂ ਦੀ ਇਹ ਜੋਦੜੀ ਸੁਣਕੇ ਉਸ ਜੋਤੀ ਸਰੂਪ ਦੇ ਬੁਲ ਫਰਕੇ। ਅਵਾਜ਼ਨਿਕਲੀ, ਅਵਾਜ਼ ਕੀ ਇੰਞ ਸੀ ਜਿਵੇਂ ਲੱਖਾਂ ਬੱਦਲ ਇਕ ਸਾਰ ਹੀ ਘੋਰ ਉਠੇ ਹਨ। ਪਰ ਇਹ ਅਵਾਜ਼ ਬੱਦਲ ਦੀ ਕਠੋਰਤਾ ਅਤੇ ਭੈ ਦਾ ਕਾਂਬਾ ਨਹੀਂ ਸੀ, ਸਗੋਂ ਪਿਆਰ ਦੀ ਮਧੁਰਤਾ ਸੀ। ਸ਼ਾਂਤੀ ਦਾ ਵੇਗ ਸੀ। ਅਭੇਤਾ ਦੀ ਲਖਤਾ ਸੀ ਪਜਾਰ ਨਾਲ ਸਿਰ ਤੇ ਹਥ ਫੇਰਦਿਆਂ ਹੋਇਆਂ ਕਿਹਾ—'ਪੁਤ੍ਰ ਮੇਰਾ ਨਾਉਂ? ਮੈਂ ਅਕਾਲ ਦਾ ਪੁਤ੍ਰ ਹਾਂ ਹੁਕਮ ਦੇ ਅਨਸਾਰ ਅਦ੍ਰਸ਼ ਮਨੁਖ ਪੈਦਾ ਕਰਨ ਲਈ ਧਰਾ ਤੇ ਅਵਤੀਰਨ ਹੋਯਾ ਹਾਂ ਮੈਂ ਆਪਣੇ ਪਿਤਾ ਸ੍ਰੀ ਅਕਾਲ ਦਾ ਦਾਸ ਹਾਂ। ਮੇਰੇ ਪ੍ਰੇਮੀ ਮੈਨੂੰਸ੍ਰੀ ਗੁਰੂ ਗੋਬਿੰਦ ਸਿੰਘਜੀ ਦੇ ਨਾਉਂ ਨਾਲ ਯਾਦ ਕਰਦੇ ਹਨ। ਇਸ ਸਮੇਂ ਮੇਰਾ ਪਹਿਰਾ ਏ, ਮੈਨੂੰ ਮਾਲਕ ਨੇ 'ਜਹਾਂ ਤਹਾਂ ਤੈ ਧਰਮ ਚਲਾਇ ਕਬੁਧ ਕਰਨ ਤੇ ਲੋਕ ਹਟਾਇ।' ਦਾ ਹੁਕਮਦੇਕੇ ਭੇਜਿਆ ਏ।"

ਸਾਧੂ ਕਿਹਾ 'ਆਪ ਜੀ ਦੇ ਪ੍ਰਤੱਖ ਦਰਸ਼ਨ ਦਾ ਸਥਾਨ?'

ਮੁਸਕ੍ਰਾ ਕੇ ਬੋਲੇ-'ਰਾਮ ਸਿੰਘ ਮੇਰੋ ਹੈ ਨਾਮਾ। ਬਾਢੀ ਸੁਤ ਭੈਣੀ ਕੋ ਧਾਮਾ।"

ਇਹ ਕਹਿੰਦੇ ਹੀ ਅੰਤਰ ਧਿਆਨ ਹੋਗਏ।

ਅਜ ਸਾਧੂ ਬੜਾ ਪ੍ਰਸੰਨ ਹੈ ਜਮਨਾ ਦੇ ਕਿਨਾਰੇ ਇਕ ਮਹਾਨ ਯੱਗ ਰਚਾਯਾ ਗਿਆ ਏ, ਜਿਸ ਵਿਚ ਗੀਬ ਗੁਰਬਾ, ਸਾਧੂ ਬ੍ਰਹਮਣ ਅੰਨ ਖਾਂਦੇ ਹੋਏ ਸਾਧੂ ਨੂੰ ਅਸੀਸਾਂ ਦਿੰਦੇ ਜਾ ਰਹੇ ਹਨ। ਅਜ ਸਾਡੇ ਚਰਿਤ੍ਰ ਨਾਇਕ ਸਾਧੂ ਗੋਬਿੰਦ ਦਾਸ ਹਾਂ ਜੀ। ਸਚੀ ਮੁਚੀ ਬਣੇ ਹੋਏ ਗੋਬਿੰਦ ਜੀ ਦੇ ਦਾਸ, ਬਾਹਰ ਨਿਕਲੇ ਹਨ। ਅਸ਼ਨਾਨ ਕਰਕੇ ਪ੍ਰਸ਼ਾਦ ਛਕ, ਬਿੰਦ੍ਰਾਬਨ ਵਾਸੀਆਂ ਨੂੰ ਰੋਂਦੇ ਧੋਂਦੇ ਛੱਡਿ, ਅ ਪਣੇ ਪਜਾਰੇ ਦੀ ਭਾਲ ਵਿਚ ਪੰਜਾਬ ਨੂੰ ਟੁਰ ਪੈਂਦੇ ਹਨ।

## ੬.

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪੰਜਾਬ ਦੀ ਧਰਤੀ ਨੂੰ ਭਾਗ ਲਾ ਰਹੇ ਹਨ। ਸ੍ਰੀ ਭੈਣੀ ਸਾਹਿਬ ਚਹਿਲ ਪਹਿਲ ਏ। ਅਨੇਕਾਂ ਸਿੰਘ ਹਜ਼ੂਰ ਦੇ ਦਰਸ਼ਨ ਲਈ ਔਂਦੇ ਹਨ ਤੇ ਵਰੋਸਾਏ ਜਾਂਦੇ ਹਨ। ਸ੍ਰੀ ਸਤਿ-ਗੁਰੂ ਜੀ ਬਾਬਾ ਭਗਵਾਨ ਸਿੰਘ ਜੀ ਚੋਬਦਾਰ ਨੂੰ ਹੁਕਮ ਕਰਦੇ ਹਨ ਕਿ ਇਸ ਨੁਹਾਰ ਦਾ ਇਕ ਪ੍ਰੇਮੀ ਦਰਸ਼ਨ ਲਈ ਆ ਰਿਹਾ ਏ, ਉਸਨੂੰ ਵਗੀ ਤਗੀ ਸਾਡੇ ਹਜ਼ੂਰ ਨ ਆਣ ਦੇਣਾਂ। ਡੇਰਾ ਕਰਾਣਾ, ਚਰਨ ਧੋਣੇ, ਪ੍ਰਸਾਦ ਪਾਣੀ ਦੀ ਸੇਵਾ ਕਰਨੀ ਜਦ ਅਸੀਂ ਸਦੀ ਏ ਹਾਜ਼ਰ ਕਰਨਾ।

ਪੁਛਦੇ ਪੁਛਾਂਦੇ ਸ੍ਰੀ ਮਾਨ ਬਾਬਾ ਗੋਬਿੰਦ ਦਾਸ ਜੀ ਸ੍ਰੀ ਭੈਣੀ ਸਾਹਿਬ ਪੁਜ ਦੇ ਹਨ। ਸਤਿਗੁਰੂ ਜੀ ਦੀਆਂ ਦਸੀਆਂ ਨਿਸ਼ਾਨੀਆਂ ਪਛਾਣ ਕੇ, ਬਾਬਾ ਭਗਵਾਨ ਸਿੰਘ ਜੀ ਇਕ ਸਿੰਘ ਨੂੰ ਨਾਲ ਦੇਕੇ ਆਪ ਜੀ ਦੇ ਡੇਰੇ ਅਤ ਸੀਰਕ ਕ੍ਰਿਆਦਾ ਸਭ ਪ੍ਰਬੰਧ ਕਰਾ-ਦੇਂਦੇ ਹਨ। ਸਾਧੂ ਆਂਹਦਾ ਹੈ ਕਿ ਮੈਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰਨਾ ਹੈ। ਸਾਹਿਬ ਅਰਜ਼ ਸੁਣਕੇ ਇਕ ਰਾਗੀ ਸਿੰਘ ਜੀ ਨੂੰ ਭੇਜਿਆ, ਪਰ ਸਾਧੂ ਦੀ ਤਸੱਲੀ ਨ ਹੋਈ। ਦੂਜੇ ਦਿਨ ਇਕ ਸੂਬਾ ਭੇਜਿਆ ਸਾਧੂ ਨੇ ਕਿਹਾ—"ਪਹਿਰਾਵਾ ਮੇਰੇ ਸਵਾਮੀ ਜੇਹਾ ਹੈ" ਪਰ ਦਰਸ਼ਨ ਉਹ ਨਹੀਂ ਲੁਕੇ ਕਿਉਂ ਬੈਠੇ ਹੈਂਨ। ਦਰਸ਼ਨ ਬਿਨਾਂ ਸ਼ਾਂਤੀ ਨਹੀਂ ਔਂਦੀ ਤੀਜੇ ਦਿਨ ਹਜ਼ੂਰ ਨੇ ਸਾਧੂ ਨੂੰ ਆਪਣੇ ਦੀਵਾਨ ਵਿਚ ਸਦ ਭੇਜਿਆ। ਦਰਸ਼ਨ ਕਰਦੇ ਸਾਰ ਹੀ ਵੈਰਾਗੀ ਹੋ ਚਰਨਾਂ ਤੇ ਢਹਿ ਪਿਆ, ਬੇਸੁਧ ਹੋਗਿਆ ਇਕ ਪਹਿਰ ਮਸਤ ਰਿਹਾ। ਮਹਾਂ ਪੁਰਖ ਜੀ ਆਪਣੇ ਘਰ ਆਗਏ ਹੋ, ਹੋਸ਼ ਸੰਭਾਲੋ ਸਾਵਧਾਨ ਹੋਵੋ।" ਸੇਵਾਦਾਰ ਨੂੰ ਹੁਕਮ ਹੋਇਆ—'ਅਸ਼ਨਾਨ ਕਰਾਕੇ ਕਛ ਹਿਠਾ ਪਹਿਨਾ ਲਿਆਓ। ਜੂੜਾ ਵਿਚਕਾਰ ਕਰਨਾਂ ਹਕਮ ਅਨਸਾਰ ਸੇਵਾਦਾਰ ਅਸ਼ਨਾਨ ਕਰਵਾਲਿਆਇਯਾ। ਅੰਮ੍ਰਿਤ ਤਯਾਰ ਕਰਵਾ ਕੇ, ਹਜ਼ੂਰ ਨੇ ਆਪ ਕਮਰ ਕਸਾ ਕਰਕੇ ਗੋਬਿੰਦ ਦਾਸ ਦੇ ਸੀਸ ਤੇ ਦੁਮਾਲਾ ਸਜਾ ਇਆ। ਦੁਮਾਲੇ ਅਗੇ ਖੰਡਾ ਅਤੇ ਚਕ੍ਰ ਸਜਾਯਾ। ਆਪਣੀ ਹਥੀਂ ਅੰਮ੍ਰਿਤ ਛਕਾਕੇ ਹੁਕਮ ਕੀਤਾ ਕਿ—'ਭਾਈ ਥੋੜੇ ਦਿਨਾਂ ਨੂੰ ਬੜਾ ਭਾਰੀ ਸਾਂਗ ਵਰਤੇਗਾ, ਉਸ ਵਿਚ ਵਿਰਲੇ ਹੀ ਕਾਇਮ ਰਹਿ ਸਕਣਗੇ, ਜਿਨ੍ਹਾਂ ਵਿਚ ਇਹ ਮਹਾਂ ਆਤਮਾ ਵੀ ਤਿਆਰ ਬਰ ਤਿਆਰ ਰਹਿਕੇ ਗੁਰਮਤ ਪ੍ਰਚਾਰ ਜਾਰੀ ਰਖੇਗਾ।" ਬਹੁਤ ਸਾਰੇ ਵਰਦਿੱਤੇ ਅਤੇ ਗੋਬਿੰਦ ਦਾਸ ਤੋਂ ਸ੍ਰੀਮਾਨ ਬਾਬਾ ਹਰਨਾਮ ਸਿੰਘ ਜੀ ਨਾਉਂ ਰਖਿਆ। ਅੰਮ੍ਰਿਤ ਛਕਕੇ ਆਪ ਜੀ ਦਾ ਤੇਜ ਸੂਰਜ ਸਮਾਨ ਚਮਕਾਂ ਮਾਰਨ ਲਗਾ। ਉਪ੍ਰੰਤ ਬਾਬਾ ਹਰਨਾਮ

ਸਿੰਘ ਜੀ ਗੜ੍ਹਦੀਵਾਲਾ ਜ਼ਿਲਾ ਹੁਸ਼ਿਆਰ ਪੁਰ) ਵਿਖੇ ਜਾ ਰਹੇ ਸਨ। ਆਪ ਜੀ ਨੇ ਏਥੇ ਆਨੇਕਾਂ ਕ੍ਰਾਮਾਤਾਂ ਵਿਖਾਈਆਂ ਜੋਹੜੀਆਂ ਅਜ ਤੀਕ ਇਸ ਇਲਾਕੇ ਦੇ ਲੋਕਾਂ ਦੀ ਜਬਾਨੀ ਸੁਣੀਆਂ ਜਾਂਦੀਆਂ ਹਨ। ਆਪ ਜੀ ਦੀ ਕਿਰਪਾ ਨਾਲ ਕਈ ਕੋਹੜੇ ਰਾਜੀ ਹੋਏ, ਜਿਨਾਂ ਵਿਚੋਂ ਇਕ ਉਤਮ ਸਿੰਘ ਨਾਮੀ ਸਿੰਘ ਦੇ ਏਹਨਾਂ ਸਤਰਾਂ ਦੇ ਲੇਖਕਾਂ ਨੇ ਦਰਸ਼ਨ ਕੀਤੇ ਹਨ। ਇਕ ਅੰਗੂਠੇ ਤੇ ਕੋਹੜ ਦਾ ਥੋੜਾ ਨਿਸ਼ਾਨ ਸੀ। ਬਾਕੀ ਦੇਹੀ ਉਸੇ ਤ੍ਰਾਂ ਹੀ ਸੁੰਦਰ ਸੀ ਆਪ ਦੇ ਚੋਜ ਬਿਅੰਤ ਅਤੇ ਖੇਲ ਅਪਾਰ ਹਨ। ਸਥਾਨਾ ਭਾਵ ਕਰਕੇ ਮੈ ਵਿਸਥਾਰ ਸਹਿਤ ਲਿਖਣੋਂ ਅਸਮਰਥ ਹਾਂ ਆਪ ਜੀ ਦਾ ਗੜ੍ਹਦੀਵਾਲੇ ਦਾ ਡੇਰਾ ਅਤੇ ਭਟੀਆਂ ਡੇਹਾ ਅਬਾਦ ਹਨ ਆਪਜੀ ਦੇ ਨਿਕਟਵਰਤੀ ਸੇਵਕਾਂ, ਬਾਬਾ ਮਾਨ ਸਿੰਘ ਜੀ, ਬਾਬਾ ਦੂਨਾਂ ਸਿੰਘ ਜੀ, ਬਾਬਾ ਮਲਾ ਸਿੰਘ ਜੀ. ਉਤਮ ਸਿੰਘ ਜੀ, ਖੇਮ ਸਿੰਘ ਜੀ ਮਾਤਾ ਖੇਮ ਕੌਰ ਜੀ ( ਆਪ ਜੀ ਦੇ ਮਹੱਲ ਜੋ ਅਜੇ ਤੱਕ ਜ਼ਿੰਦਾ ਹਨ ਅਤੇ ਦਰਸ਼ਨ ਕਰਨ ਦਾ ਸੁਭਾਗ ਮੈਨੂੰ ਹਾਸਲ ਹੋਯਾਏ ਜਿਨਾਂ ਤੋਂ ਕਈ ਵਾਰ ਬਚਨ ਸੁਣੇ ਹਨ।

## ਬਾਬਾ ਨੈਣਾਂ ਸਿੰਘ

(ਵਲੋਂ ਸ੍ਰੀ ਮਾਨ ਤਰਨ ਸਿੰਘ ਜੀ ਵਹਿਮੀ ਹਿੰਦੂਚੱਕ)

ਨੈਣਾਂ ਸਿੰਘ ਦੇ ਨੈਣਾਂ ਦਾ ਨੂਰ ਚਾਨਣ,
ਉਹਲੇ ਅੱਖਾਂ ਤੋਂ ਦੂਰ ਜਦ ਹੋਗਿਆ ਸੀ।
ਚਾਂਹਦਾ ਕੋਈ ਹੀ ਚੀਜ਼ ਨ ਦਿਲ ਉਹਦਾ,
ਵੈਂਹਦਾ ਰੀਝ ਦਾ ਵੈਂਹਣ, ਖਲੋ ਗਿਆ ਸੀ।
ਵੇਖੇ ਫੱਟ ਅੱਖੀਂ ਫੁੱਟ ਫੁੱਟ ਰੋਵੇ,
ਡਿੱਠਾ ਜਿਸ ਉਹ ਭੀ ਝੱਟ ਰੋ ਗਿਆ ਸੀ।
ਹੋਰਾਂ ਹਿਜਰ ਵਾਲਾ ਇਕੋ ਸੱਲ ਉਹਨੂੰ,
ਚੀਨੀ ਵਾਲੜਾ ਫੱਟ ਲਾ ਦੋ ਗਿਆ ਸੀ।
ਨੈਣਾਂ ਸਿੰਘ ਮਸਤਾਨਿਆਂ ਵਾਂਗ "ਵਹਿਮੀ",
ਭਾਗਾਂ ਵਾਲਿਆਂ ਯਾਰ ਦੇ ਫੱਟ ਦੂਹਰੇ।
ਜਿਨੂੰ ਇਕ ਭੀ ਨਹੀਂ ਉਹ ਕਿਹਾ ਕੂਕਾ,
ਉਹਨੂੰ ਫੂਕ ਲਾ ਅੱਗ ਤਨੂਰ ਮੂਹਰੇ।

# (੨੦) ਸ੍ਰੀਮਾਨ ਸੰਤ ਮਹਾਂ ਸਿੰਘ ਜੀ ਖ਼ਾਨਾਂ

ਆਪ ਸੰ: ੧੮੯੦ ਵਿਚ ਲਾਲਾ ਹੁਕਮੀ ਮਲ ਦੇ ਗ੍ਰਹਿ ਮਾਤਾ ਨਾਨਕੀ ਜੀ ਦੀ ਪਾਵਨ ਕੁਖੋਂ ਪੈਦਾ ਹੋਏ। ਆਪ ਦੀ ਬ੍ਰਿਤੀ ਮੁੱਢ ਤੋਂ ਹੀ ਸਾਧੂਆਂ ਵਾਲੀ ਸੀ। ਆਪ ਨੇ ਆਪਣੀ ਬਾਲ ਅਵਸਥਾ ਵੀ ਸਿਆਣੇਂ ਪੁਰਖਾਂ ਵਾਂਗ ਬਿਤੀਤ ਕੀਤੀ। ਸਮਝ ਵਾਲੇ ਮਨੁੱਖਾਂ ਨੇ ਇਨ੍ਹਾਂ ਨੂੰ ਬਾਲ ਅਵਸਥਾ ਵਿਚ ਹੀ ਪਛਾਣ ਲਿਆ ਸੀ, ਕਿ ਏਹ ਬੜੇ ਮਹਾਂਪੁਰਖ ਹੋਣਗੇ।

## ਵਿਦੱਜਾ ਪ੍ਰਾਪਤੀ

੨੦ ਸਾਲਾਂ ਦੀ ਉਮਰ ਤਕ ਆਪਨੇ ਚੰਗੇ ਚੰਗੇ ਵਿਦਵਾਨ ਨਿਰਮਲ ਸਾਧੂਆਂ ਅਤੇ ਸ਼ਾਸਤ੍ਰ ਵੇਤਾ ਪੰਡਿਤਾਂ ਦੀ ਸੰਗਤ ਦੁਆਰਾ ਵਿਦੱਜਾ ਲਾਭ ਪ੍ਰਾਪਤ ਕੀਤਾ। ਉਪ੍ਰੰਤ ਕਈ ਸਾਲਾਂ ਪ੍ਰਯੰਤ ਸਾਧੂਆਂ ਦੀਆਂ ਮੰਡਲੀਆਂ ਨਾਲ ਦੇਸ਼ ਦਾ ਭ੍ਰਮਣ ਕਰਦੇ ਰਹੇ। ਆਪਦੇ ੩ ਭਾਈ ਹੋਰ ਸਨ, ਪਰ ਆਪ ਦੀ ਚਾਲ ਢਾਲ, ਰਹਿਣੀ, ਅਤੇ ਕਹਿਣੀ ਉਨ੍ਹਾਂ ਤੋਂ ਵਿਲੱਖਣ ਸੀ।

## ਸ੍ਰੀ ਭੈਣੀ ਸਾਹਿਬ

ਸੰਮਤ ੧੯੨੦ ਵਿਚ ਇਕ ਸਾਧੂ ਮੰਡਲੀ ਦੇ ਨਾਲ ਆਪ ਸ੍ਰੀ ਭੈਣੀ ਸਾਹਿਬ ਦੀ ਯਾਤ੍ਰਾ ਲਈ ਆਏ। ਏਥੇ ਆ ਕੇ ਇਨਾਂ ਨੂੰ ਐਉਂ ਭਾਸਿਆ ਕਿ ਇਸ ਧਰਤੀ ਦਾ ਇਕ ਇਕ ਕਿਣਕਾ ਵੀ ਵਡਭਾਗਾ ਹੈ।

ਹੰਸ ਸਰੂਪ ਸਾਧੂਆਂ ਦੇ ਦਰਸ਼ਨ ਪਰਸ਼ਨ ਕਰਕੇ ਮਨ ਵਿਚ ਗਿਣਤੀਆਂ ਔਂਦੀਆਂ, ਕਿ ਜਿਨਾਂ ਦੇ ਚੇਲਿਆਂ ਦਾ ਦਰਸ਼ਨ ਏਨਾਂ ਖਿੱਚ ਵਾਲਾ ਹੈ, ਜੋ ਚਿਤ ਮੱਲੋ ਮਲੀ ਏਨ੍ਹਾਂ ਦੀ ਚਰਨ ਛੋਹ ਪ੍ਰਾਪਤ ਕਰਨ ਹਿਤ ਉਤਾਵਲਾ ਹੋ ਜਾਂਦਾ ਹੈ, ਉਨ੍ਹਾਂ ਸਤਿਗੁਰਾਂ ਦਾ ਦਰਸ਼ਨ ਕਿਨਾਂਕ ਆਕਰਸ਼ਕ ਤੇ ਮੋਹਨੀ ਹੋਊਗਾ ਜਿਉਂ ਜਿਉਂ ਸਾਧੂਆਂ ਦੇ ਦਰਸ਼ਨ ਕਰਦੇ, ਬਚਨ ਸੁਣਦੇ, ਤੇ ਉਨ੍ਹਾਂ ਦੇ ਅਗੰਮੀ ਬੋਲਿਆਂ ਤੇ ਵਿਚਾਰ ਕਰਦੇ ਹਨ, ਤਿਉਂ ੨ ਦਰਸ਼ਨ ਦੀ ਲਾਲਸਾ ਵਧੀਕ ਹੁੰਦੀ ਜਾਂਦੀ ਹੈ।

## ਗੁਰੂ ਦਰਸ਼ਨ

ਮਨ ਦੀ ਇੱਛਾ ਪੂਰਨ ਹੋਣ ਦਾ ਸਮਾਂ ਆਇਆ। ਦੀਵਾਨ ਸਜ ਗਿਆ। ਸੰਗਤਾਂ ਆਪਣੇ ਪਿਆਰੇ ਦਾ ਦਰਸ਼ਨ ਕਰਨ ਵਾਸਤੇ ਆਪੋ ਅਪਣੇ ਆਸਨਾਂ ਤੇ ਸਜ ਗਈਆਂ ਨੇਤ੍ਰ ਪਿਆਰੇ ਦਾ ਰਾਹ ਤੱਕ ਰਹੇ ਹਨ। ਇਕ ਵਿਸ਼ੇਸ਼ ਆਸਨ ਵਿਛਾਇਆ ਗਿਆ, ਜਿਸ ਨੂੰ ਖਾਲੀ ਛਡਕੇ ਸਜੇ ਖਬੇ ਤੇ ਪਿਛੇ ਨੂਰਾਨੀ ਮਸਤਕਾਂ ਵਾਲੇ ਸਾਧੂ ਬੈਠ ਗਏ। ਮਹਾਂ ਸਿੰਘ ਜੀ ਨੇ ਸਮਝ ਲਿਆ ਕਿ ਇਹ ਆਸਣ ਉਸ ਪਾਤਸ਼ਾਹ ਵਾਸਤੇ ਬਿਛਾਇਆ ਗਿਆ ਹੈ, ਜੋ ਇਸ ਸਿੱਖੀ ਰੂਪ ਵਲੈਤ ਦਾ ਮਾਲਿਕ ਹੈ। ਵਾਹਵਾ। ਹੁਣ ਤਾਂ ਆਸ ਪੂਰੀ ਹੋ ਹੀ ਜਾਏਗੀ, ਅਜੇਹਾ ਸੋਚਦੇ ਹੋਏ ਮਹਾਂ ਸਿੰਘ ਜੀ ਵੀ ਇਕ ਪਾਸੇ ਬੈਠ ਗਏ। ਜਦ ਸੱਚੇ ਪਾਤਸ਼ਾਹ ਸ੍ਰੀ ਸਤਗੁਰੂ ਰਾਮ ਸਿੰਘ ਜੀ ਦੀਵਾਨ ਵਿਚ ਪਹੁੰਚੇ ਤਾਂ ਸਾਧ ਸੰਗਤ ਸਤਕਾਰ ਵਿਚ ਉਠ ਖਲੋਤੀ, ਤੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਨਾਲ ਅਕਾਸ਼ ਗੂੰਜ ਉਠਿਆ। ਮਹਾਂ ਸਿੰਘ ਜੀ ਤਾਂ ਦਰਸ਼ਨ ਹੁੰਦੇ

ਸਾਰ ਮੋਹੇ ਗਏ। ਜਦ ਸਿੱਖਾਂ ਨੂੰ ਨਮਸਕਾਰ ਕਰਦਿਆਂ ਦੇਖਿਆ ਤਾਂ ਮਹਾਂ ਸਿੰਘ ਜੀ ਨੇ ਵੀ ਸਾਥੀਆਂ ਸਹਿਤ ਉਠਕੇ ਚਰਨ ਪਰ-ਸਨ ਦਾ ਸੁਭਾਗ ਪ੍ਰਾਪਤ ਕੀਤਾ, ਅਰਜ਼ ਕੀਤੀ—"ਬਹੁਤ ਜਨਮ ਵਿਛੜੇ ਥੇ ਮਾਧਉ ਇਹ ਜਨਮ ਤੁਮਾਰੇ ਲੇਖੇ" ਸਚੇ ਪਾਤਸ਼ਾਹ ਹੁਣ ਮੇਲ ਲਵੋ, ਹੁਕਮ ਹੋਇਆ ਭਜਨ ਪੜ੍ਹਕੇ ਜਪੋ, ਜਿਸ ਨਾਲ ਸਾਰੇ ਕਾਰਜ ਸਿੱਧ ਹੋਣਗੇ, ਮਹਾਂ ਸਿੰਘ ਜੀ ਨੇ ਭਜਨ ਪੜ੍ਹਲਿਆ ਤੇ ਸਾਰੀਆਂ ਪਿਛਲੀਆ ਰੀਤਾਂ ਦਾ ਤਿਆਗ ਕਰਕੇ ਭਜਨ ਪ੍ਰਾਇਣ ਹੀ ਹੋ ਗਏ ਆਪਨੇ ਪੂਰਨ ਗੁਰ ਸਿੱਖਾਂ ਵਾਲਾ ਜੀਵਨ ਵਿਤੀਤ ਕੀਤਾ, ਕਈ ਵਾਰ ਸਤਿਗੁਰਾਂ ਦੇ ਚਰਨ ਪਰਸੇ, ਤੇ ਗੁਰੂ ਧਾਮ ਦੀ ਸੇਵਾ ਕੀਤੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਕਰਨ ਤੋਂ ਉਪ੍ਰੰਤ ਜਦ ਇਕ ਵਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਨਿਮਾਣੀ ਦਾ ਮੇਲਾ ਕੀਤਾ, ਤਾਂ ਆਪ ਭੈਣੀ ਸਾਹਿਬ ਪੁਜ,, ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਹੋਏ ਸਤਿਗੁਰਾਂ ਨੇ ਬੜੇ ਪ੍ਰੇਮ ਨਾਲ ਅਗਿਜਾ ਕੀਤੀ ਸੰਤ ਮਹਾਂ ਸਿੰਘ ਜੀ! ਬਥੇਰਾ ਚਿਰ ਸਹਿਜਧਾਰੀ ਰਹਿ ਚੁਕੇ ਹੋ ਹੁਣ ਅੰਮ੍ਰਿਤ ਪਾਨ ਕਰਕੇ ਰਹਿੰਦੀ ਕਸਰ ਵੀ ਕੱਢ ਦਿਓ ਆਗਜਾ ਦਾ ਪਾਲਨ ਕਰਦਿਆਂ ਹੋਇਆਂ ਸੰਤਾਂ ਨੇ ਅੰਮ੍ਰਿਤ ਛਕ ਗੁਰੂ ਜੀ ਦੀਆਂ ਖੁਸ਼ੀਆਂ ਲਈਆਂ। ਹੁਣ ਆਪ ਪੂਰੇ ਸਿੰਘ ਬਣ ਗਏ ਆਪ ਨੇ ਆਪਣੀ ਆਯੂ ਜਤ, ਸਤ, ਧੀਰਜ ਅਤੇ ਸੰਤੋਖ ਵਿਚ ਵਿਤੀਤ ਕੀਤੀ। ਅਖੀਰ ਦੇ ਵਕਤ ਆਪ ਦੀ ਅਵਸਥਾ ਜੋਗੀਸ਼ੂਰਾਂ ਵਾਲੀ ਸੀ। ਹਰ ਸਮੇਂ ਪ੍ਰਭੂ ਦੇ ਚਰਨਾਂ ਵਿਚ ਜੁੜੇ ਰਹਿੰਦੇ ਸਨ। ਆਪ ਦੇ ਵਾਕ ਪੂਰਨ ਹੁੰਦੇ। ਛੇਕੜ ਅੱਸੂ ੧੯੯੩ ਨੂੰ ਚੀਨੀ ਵਾਲੇ ਪਾਤਸ਼ਾਹ ਦੇ ਧਿਆਨ ਵਿਚ ਮਗਨ ਹੋਇਆਂ ਨੇ ਦੇਹ ਦਾ ਤਿਆਗ ਕੀਤਾ।

ਅਜ ਕਲ ਆਪ ਦੇ ਛੋਟੇ ਭਾਈ ਹੀਰਾ ਮਲ ਦੇ ਪੁਤ੍ਰ ਸੇਠ ਰਤਨਾਂ ਰਾਮ ਜੀ ਮਾਈ ਸਰਖਾਨੇ ਵਿਚ ਸ੍ਰੀ ਭੈਣੀ ਸਾਹਿਬ ਦੇ ਬੜੇ ਉਘੇ ਸੇਵਕ ਹਨ। ਆਪ ਵੀ ਸੰਤ ਮਹਾਂਸਿੰਘ ਜੀ ਦੀ ਪਹਿਲੀ ਅਵਸਥਾ ਵਾਂਗ ਅਜੇ ਤੀਕ ਸਹਿਜਧਾਰੀ ਹਨ, ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਆਪ ਦਾ ਪੂਰਨ ਭਰੋਸਾ ਹੈ। ਪੰਥਕ ਸੇਵਾ ਵਾਸਤੇ ਆਰਥਕ ਪਹਿਲੂ ਦੇ ਲਿਹਾਜ਼ ਨਾਲ ਆਪ ਏਡੇ ਉਦਾਰ ਹਨ ਕਿ ਇਕ ਪੰਥਕ ਕਾਰਜ ਵਾਸਤੇ ਜਦੋਂ ਮੈਂ ਤੇ ਸੰਤ ਬੂਰੀ ਵਾਲਿਆਂ ਨੇ ਇਹਨਾਂ ਕੋਲ ਅਪੀਲ ਕੀਤੀ ਤਾਂ ਆਪ ਕਹਿਣ ਲਗੇ। ਮੰਗੋ ਕੀ ਮੰਗਦੇ ਹੋ। ਅਸੀਂ ਬੜੀ ਛਾਲ ਮਾਰੀ ਤੇ ਕਿਹਾ ਕਿ ਇਕ ਸੌ ਰੁਪਈਆ ਦੇਵੋ। ਆਪ ਨੇ ਸਾਨੂੰ ਮਖੌਲ ਕਰਦਿਆਂ ਹੋਯਾਂ ਕਿਹਾ ਮੰਗਣ ਵਾਲੇ ਤੁਹਾਡੇ ਜੈਸੇ ਪੰਥ ਦੇ ਮੁਖੀ ? ਮੰਗਣਾਂ ਰਤਨਾਂ ਰਾਮ ਕੋਲੋਂ ? ਤੇ ਉਹ ਵੀ ਸਚੇ ਪਾਤਸ਼ਾਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪੰਥ ਵਾਸਤੇ ? ਤੇ ਮੰਗਣਾਂ ਕੇਵਲ ਸੌ ? ਸ੍ਰੀ ਮਾਨ ਸੰਤ ਹਜੂਰਾ ਸਿੰਘ ਜੀ ਬੂਰੀ ਵਾਲਿਆਂ ਨੇ ਕਿਹਾ ਹਛਾ ਰਤਨਾਂ ਰਾਮ ਜੀ ੧੨੫ ਦੇ ਦਿਓ ਆਪਨੇ ਫੇਰ ਕਿਹਾ ਬਸ ਏਨਾਂ ਹੀ ਜੋਰ ਸੀ ? ਇਸ ਇਕੋ ਹੀ ਗੱਲ ਤੋਂ ਪਤਾ ਚਲ ਸਕਦਾ ਹੈ ਕਿ ਸੇਠ ਰਤਨਾਂ ਰਾਮ ਜੀ ਦਾ ਦਿਲ ਗੁਰੂ ਘਰ ਦੀਸੇਵਾਵਾਸਤੇ ਕਿਨਾਂ ਕੁ ਉਦਾਰ ਹੈ।ਸੰਤ ਮਹਾਂ ਸਿੰਘ ਜੀ ਦੇ ਦੂਜੇ ਭਾਈਆਂ ਦੇ ਪੁਤਰ ਪੋਤਰੇ ਗੱਲ ਕੀ ਸਾਰਾ ਪਰਵਾਰ ਹੀ ਕੇਸਾ ਧਾਰੀ (ਸਹਿਜ ਧਾਰੀ) ਹੈ, ਅਰ ਗੁਰੂ ਘਰ ਦਾ ਸੇਵਕ ਹੈ।

# (੨੧) ਸੰਤ ਹੀਰਾ ਦਾਸ ਜੀ ਚਿਟੀ

( ਵਲੋਂ ਸ੍ਰੀ ਮਾਨ ਸੰਤ ਸੱਜਾ ਸਿੰਘ ਜੀ ਸੂਬਾ ਦੁਆਬਾ )

ਸ੍ਰੀ ਮਾਨ ਸੰਤ ਹੀਰਾ ਦਾਸ ਜੀ ਅਪਣੇ ਸਮੇਂ ਵਿਚ ਬੜੇ ਧੁਰੰਧਰ ਵਿਦਵਾਨ ਅਤੇ ਕਰਨੀ ਵਾਲੇ ਮਹਾਤਮਾਂ ਹੋਏ ਹਨ, ਆਪ ਬੜੇ ਵਕਤਾ ਅਤੇ ਸ਼ਾਸਤ੍ਰ ਅਰਥ ਵਿਚ ਨਿਪੁੰਨ ਸਨ। ਆਪ ਦਾ ਜਨਮ ਪਿੰਡ ਗਹਿਲ ਰਿਆਸਤ ਪਟਿਆਲਾ ਵਿਚ ਸੰਮਤ ੧੮੯੪ ਬਿ: ਵਿਚ ਜ਼ਿਮੀਦਾਰਾਂ ਦੇ ਘਰ ਹੋਇਆ ਸੀ। ਆਪ ਨੇ ਜਵਾਨੀ ਦੇ ਪਹਿਲੇ ਪਹਿਰੇ ਵਿਚ ਹੀ ਅਪਣੇ ਪੂਰਵ ਜਨਮ ਦੇ ਅੰਕੁਰ ਅਤੇ ਵਰਤਮਾਨ ਜਨਮ ਦੇ ਪੁਰਸਾ-ਰਥ ਦੇ ਕਾਰਨ ਸੰਸਕ੍ਰਿਤ ਵਿਦਿਆ ਪ੍ਰਾਪਤ ਕਰ ਲਈ ਸੀ। ਆਪ ਵਿਦਜਾ ਪ੍ਰਾਪਤੀ ਵਾਸਤੇ ਬਹੁਤ ਕਾਲ ਤਕ ਕਾਂਸ਼ੀ ਵੀ ਪੜ੍ਹਦੇ ਰਹੇ। ਆਪ ਦੇ ਅੰਦਰ ਗਊ ਰਖਜ਼ਾ ਦਾ ਭਾਵ ਤੀਬਰ ਸੀ, ਮਲੇਰ ਕੋਟਲੇ ਦੀ ਪ੍ਰਸਿਧ ਘਟਨਾਂ ਜੋ ਸੰ: ੧੯੨੮ ਬਿ: ਨੂੰ ਹੋਈ, ਉਸਤੋਂ ਕੁਛ ਚਿਰ ਪਹਿਲੋਂ ਹੀ ਏਨਾਂ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਹੋਗਈ ਸੀ। ਏਨਾਂ ਨੇ ਮਲੇਰ ਕੋਟਲੇ ਦੇ ਸ਼ਹੀਦਾਂ ਨਾਲ ਗਊ ਵਿਰੋ-ਧੀਆਂ ਨੂੰ ਡੰਨ ਦੇਣ ਵਿਚ ਵੀ ਹਿਸਾਲਿਆ ਸੀ, ਪਰ ਪਕੜੇ ਨਹੀ ਗਏ ਸਨ, ਕਿਉਂਕਿ ਆਪ ਕਿਸੇ ਨੂੰ ਲੱਭੇ ਹੀ ਨਹੀਂ, ਤੇ ਨਾ ਹੀ ਆਪ ਦਾ ਕਿਸੇ ਨੂੰ ਬਹੁਤਾ ਪਤਾ ਸੀ।

ਹੈਦਰਾ ਬਾਦ (ਦਖਨ) ਦਾ ਇਕ ਬੜਾ ਮਸ਼ਹੂਰ ਵਾਕਿਆ ਹੈ ਕਿ ਓਥੋਂ ਦੇ ਮੁਸਲਮਾਨ ਸਰੇ ਬਜ਼ਾਰ ਗਊਕਤਲਕਰਨ ਲਗੇ। ਹਜ਼ਾਰਾਂ ਆਦਮੀ ਇਸ ਵਾਕਿਆ ਨੂੰ ਦੇਖਨ ਲਈ ਇਕੱਠੇ ਹੋ ਗਏ। ਤਮਾਸ਼ ਬੀਨ ਬਹੁਤੇ ਤੇ ਗਊ ਲਈ ਸਚਾ ਦਰਦ ਰਖਨ ਵਾਲੇ ਥੋੜੇ ਸਨ ਸੰਤ ਹੀਰਾ ਦਾਸ ਜੀ ਅਚਾਨਕ ਹੀ ਉਧਰ ਆ ਨਿਕਲੇ, ਸਾਰੀ ਵਾਰਤਾ ਸੁਣੀ, ਸਰੀਰ ਦਾ ਲਹੂ ਗਰਮੌਣ ਲਗਾ। ਦਿਲ ਵਿਚ ਜੋਸ਼ ਆਇਆ, ਭੀੜ ਨੂੰ ਚੀਰਦੇ ਹੋਏ ਕਤਲ ਗਾਹ ਵਾਲੀ ਥਾਂ ਪਹੁੰਚ ਗਏ। ਸੰਤ ਜੀ ਦਾ ਜੋਸ਼ ਦੇਖਕੇ ਲੋਕ ਹੈਰਾਨ ਰਹਿ ਗਏ। ਸੰਤਾਂ ਨੇ ਕਸਾਈਆਂ ਨੂੰ ਕਿਹਾ ਕਿ 'ਤੁਸੀਂ ਗਊ ਕਤਲ ਕਰਕੇ ਲਖਾਂ ਦਿਲਾਂਦੇ ਹਿਰਦੇ ਦੁਖੀ ਕਰ ਰਹੇ ਹੋ।' ਜੇ ਹਿੰਦੂਆਂ ਨੂੰ ਵੀ ਜੋਸ਼ ਆ ਗਿਆ ਤਾਂ ਜ਼ਿਮੇ-ਵਾਰ ਕੌਣ ਹੋਵੇਗਾ। ਜ਼ਿਮੇਵਾਰ ਤੁਹਾਨੂੰ ਹੀ ਠਹਿਰਾਯਾ ਜਾਵੇਗਾ। ਪਤਾ ਨਹੀਂ, ਸੰਤਾਂ ਦੀ ਜ਼ਬਾਨ ਵਿਚ ਕੀ ਤਸੀਰ ਸੀ। ਕਿ ਮੁਸਲ-ਮਾਨ ਗਊ ਛਡਕੇ ਭੱਜ ਗਏ। ਇਹ ਘਟਨਾਂ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਬਿਜਲੀ ਦੀ ਤਰਾਂ ਫੈਲ ਗਈ। ਖਾਸ ਕਰ ਹਿੰਦੂ ਤਬਕੇ ਵਿਚ।

੧ ਨਵੰਬਰ ੧੯੨੫ ਦੇ "ਹਿੰਦੂ" ਅਖ-ਬਾਰ ਵਿਚ ਇਹ ਘਟਨਾਂ ਛਪੀ ਸੀ। 'ਹਿੰਦੂ' ਅਖਬਾਰ ਵਾਲਿਆਂ ਨੇ ਸੰਤ ਹੀਰਾ ਦਾਸ ਜੀ ਨੂੰ ਭੀਸ਼ਮ ਪਿਤਾਮਾ ਦੇ ਨਾਮ ਨਾਲ ਸੰਬੋਧਨ ਕੀਤਾ ਸੀ।

ਯਗ, ਹਵਨ, ਬੇਦੀ ਦੀ ਮਰਯਾਦਾ ਦਾ ਆਪਨੇ ਬੜਾ ਪ੍ਰਚਾਰ ਕੀਤਾ। ਸੈਂਕੜੇ ਜੀਵਾਂ ਨੂੰ ਨਾਮ ਰੂਪੀ ਬੇੜੇ ਉਤੇ ਚਾੜ੍ਹਕੇ ਪਾਰ ਕੀਤਾ। ਆਪ ਬੜੇ ਕਰਨੀ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਉਚੇ ਤੇ ਸੁਚੇ ਅਸੂਲਾਂ ਦੇ ਧਾਰਨੀ ਸਹਿਜ ਧਾਰੀ ਸਿਖ ਸਨ।

ਇਕ ਵੇਰਾਂ ਦਾ ਜ਼ਿਕਰ ਹੈ ਕਿ ਸ੍ਰੀ ਹਜ਼ੂਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੌਰਾ ਕਰਦੇ ਚਿਟੀ ਦੇ ਰਸਤੇ ਲੰਘੇ, ਸੰਤ ਹੀਰਾ ਦਾਸ ਜੀ ਨੇ ਸਤਿਗੁਰਾਂ ਦੀ ਸੇਵਾ ਵਿਖੇ ਲੰਗਰ ਲਈ ਅਰਜ ਕੀਤੀ ਪਰ ਸਤਿਗੁਰੂ ਜੀ ਨੇ ਵਕਤ ਦੀ ਤੰਗੀ ਦੇ ਕਾਰਨ ਖਿਮਾਂ ਮੰਗੀ, ਸੰਤ ਜੀ ਨੇ ਅਜਿਹੇ ਨਿਮ੍ਰ ਭਾਵ ਨਾਲ ਆਗ੍ਰਹ ਕੀਤਾ। ਕਿ ਸਤਿਗੁਰਾਂ ਨੂੰ ਪ੍ਰਵਾਨ ਕਰਕੇ ਲੰਗਰ ਕਰਨਾਂ ਹੀ ਪਿਆ।

ਜਦ ਆਪ ਨੇ ਨਾਮਧਾਰੀ ਪੰਗਤ ਵਿਚ ਬੈਠ ਕੇ ਪ੍ਰਸ਼ਾਦ ਛਕਿਆ ਤਾਂ ਬੜੇ ਪ੍ਰਸੰਨ ਹੋਕੇ ਕਿਹਾ ਕਿ ਅਜ ਅਸਾਂ ਆਪਣਿਆਂ ਵਿਚ ਬਹਿਕੇ ਪਰਸ਼ਾਦਾ ਛਕਿਆ। ਸਤਿਗੁਰਾਂ ਨਾਲ ਵਾਰਤਾਲਾਪ ਕਰਦਿਆਂ ਹੋਇਆਂ ਆਪ ਦੇ ਨੇਤ੍ਰਾਂ ਵਿਚੋਂ ਪ੍ਰੇਮ ਦੇ ਅੱਥਰੂ ਕਿਰ ਕਿਰ ਰਹੇ ਸਨ। ਵਿਦਾ ਕਰਨ ਸਮੇਂ ਆਪ ਨੇ ਜੋ ਭੇਟਾ ਸਚੇ ਪਾਤਸ਼ਾਹ ਦੇ ਚਰਨਾਂ ਵਿਚ ਕੀਤੀ ਹਜ਼ੂਰ ਨੇ ਸਤਿਕਾਰ ਪੂਰਵਕ ਵਾਪਸ ਕਰਦਿਆਂ ਹੋਇਆਂ ਕਿਹਾ ਕਿ ਸੰਤ ਜੀ ਆਪ ਮਹਾਂਪੁਰਖ ਹੋ ਤੇ ਇਸ ਮਾਇਆ ਨੂੰ ਕਿਸੇ ਉਪਕਾਰ ਤੇ ਕੰਮ ਲਾ ਦੇਣਾਂ।

## ਉਕਤੀ ਯੁਕਤੀ

ਖਟ ਸ਼ਾਸਤ੍ਰ, ਗੀਤਾ, ਉਪਨਿਸ਼ਦ ਬ੍ਰਹਮ ਸੂਤਰ ਅਤੇ ਹੋਰ ਅਨੇਕਾਂ ਗ੍ਰੰਥਾਂ ਦੇ ਸਿਧਾਂਤ ਤਾਂ ਉਹਨਾਂ ਦੇ ਕੰਠ ਸਭ ਸਨ। ਜਦੋਂ ਕਿਸੇ ਵਿਗਜ਼ ਤੇ ਕਿਸੇ ਪੰਡਿਤ ਨਾਲ ਵਿਚਾਰ ਹੋਣ ਲਗਦਾ ਤਾਂ ਆਪ ਉਕਤੀਆਂ ਯੁਕਤੀਆਂ ਤੇ ਪਰਮਾਣਾਂ ਨਾਲ ਪ੍ਰਤਿ ਪੱਖੀ ਦਾ ਮੂੰਹ ਬੰਦ ਕਰ ਦਿੰਦੇ ਸਨ। ਪਰ ਬਾਵਜੂਦ ਏਸ ਗਲ ਦੇ ਆਪ ਬੜੇ ਨਿਰਮਾਣ ਅਤੇ ਕੋਮਲ ਸੁਭਾਵ ਵਾਲੇ ਸਨ।

## ਸੇਹਤ

ਬਾਵਜੂਦ ਏਨੀਂ ਬ੍ਰਿਧ ਅਵਸਥਾ ਦੇ ਆਪ ਦੀ ਸੇਹਤ ਐਸੀ ਠੀਕ ਸੀ, ਕਿ ਆਪ ਬਿਨਾਂ ਐਨਕੋਂ ਪੜ੍ਹ ਲੈਂਦੇ ਸੀ।

## ਪ੍ਰਚਾਰ

ਭਾਵੇਂ ਆਪ ਸਹਿਜ ਧਾਰੀ ਸਨ, ਪਰ ਫੇਰ ਵੀ ਆਪਨੇ ਚੀਨੀਵਾਲੇ ਪਾਤਸ਼ਾਹਦੀ ਆਗਜਾ ਅਨੁਸਾਰ ਦੇਸ਼ ਵਿਚ ਵਿਚਰਕੇ ਪੂਰੇ ੩੨ ਸਾਲ ਅੰਮ੍ਰਿਤਪ੍ਰਚਾਰ ਕੀਤਾ। ਆਪਦਾ ਜੀਵਨ ਬੜਾ ਵਿਸ਼ਾਲ ਹੈ, ਜਿਸ ਵਿਚੋਂ ਸਥਾਨਾਭਾਵ ਦੇ ਕਾਰਨ ਰੰਚਕ ਮਾਤ੍ਰ ਪਾਠਕਾਂ ਦੀ ਭੇਟ ਕੀਤਾ ਹੈ।

## ਦੇਹਾਂਤ

ਆਖਿਰ ੧੧੯ ਸਾਲਾਂ ਦੀ ਆਯੂ ਵਿਚ ੧੭ ਫਗਣ ੧੯੯੩ ਨੂੰ ਇਕਾਦਸ਼ੀ ਵਾਲੇ ਦਿਨ ਅਪਣੇ ਡੇਰੇ ਚਿਟੀ ਵਿਖੇ ਹੀ ਭਜਨ ਕਰਦੇ ਹੋਏ ਆਪਦਾ ਸ਼ਰੀਰ ਸ਼ਾਂਤ ਹੋਇਆ

# ਰੁਬਾਈ

(ਸੰਤ ਮੰਗਲ ਸਿੰਘ ਜੀ ਲਾਇਲ ਪੂਰੀ)

ਪ੍ਰੇਮ ਪਿਆਲੇ ਮਾਹੀ ਵਾਲੇ,
ਜਿਨ੍ਹਾਂ ਪੀਤੇ ਭਰਕੇ।
ਇਕਲਵਾਂਜੇ ਹੋ ਕੇ ਬਹਿ ਗਏ,
ਭਾਂਬੜ ਕੋਲੋਂ ਡਰਕੇ।
ਨੈਣ ਉਨਾਂ ਦੇ ਗੂੜ੍ਹੇ ਭਾਸਣ,
ਰੰਗ ਉਨਾਂ ਤੇ ਨਿਆਰਾ।
ਪੀਆ ਉਨਾਂ ਦੇ ਅੰਦਰ ਵਸਿਆ,
ਸੰਤ ਬਨੇ "ਕੁਝ" ਜਰਕੇ।

# (੨੨) ਬਾਬਾ ਨੈਣਾਂ ਸਿੰਘ ਜੀ ਵਰਿਆਹ

(ਵਲੋਂ ਸ੍ਰੀਮਾਨ ਸੰਤ ਮੰਗਲ ਸਿੰਘ ਜੀ ਲਾਇਲਪੁਰੀ)

ਆਪ ਜੀ ਦਾ ਜਨਮ ੧੯੯੬ ਬਿ: ਪਿੰਡ ਵਰਿਆਹ ਜ਼ਿਲਾ ਅਮ੍ਰਿਤਸਰ, ਪਿਤਾ ਬਾਬਾ ਸਮੁੰਦ ਸਿੰਘ ਅਤੇ ਮਾਤਾ ਬੇਬੇ ਦਾਖਾਂ ਜੀ ਦੇ ਗ੍ਰਿਹ ਵਿਖੇ ਹੋਇਆ।

ਭਜਨ ਦੀ ਦਾਤ ਆਪ ਜੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਮਹਾਂਰਾਜ ਜੀ ਦੀ ਪਵਿਤ੍ਰ ਰਸਨਾਂ ਦੁਆਰਾ ੧੦ ਸਾਲ ਦੀ ਉਮਰ ਵਿਚ ਪ੍ਰਾਪਤ ਹੋਈ।

## ਸਿਮਰਨ

ਭਜਨ ਪ੍ਰਾਪਤ ਕਰਕੇ ਆਪ ਜੀ ਨੇ ਅਪਨੇ ਮਨ ਨੂੰ ਇਸ ਸਿਮਰਨ ਕਾਰਜ ਲਈ ਬਿਲਕੁਲ ਪ੍ਰੇਰਲਿਆ ਆਪ ਨੇ ਜੋ ਭੀ ਉਪਦੇਸ਼ ਸਤਿਗੁਰਾਂ ਪਾਸੋਂ ਸ੍ਰਵਨ ਕੀਤਾ ਉਸ ਤੇ ਅਮਲ ਕਰਨ ਲਈ ਕਮਰ ਕਸਾ ਕਰਲਿਆ ਪਿਛਲੀ ਰਾਤ ਉਠਕੇ ਸੌਚਅਸ਼ਨਾਨਤੋਂਉਪ੍ਰੰਤ੧੦ਮਾਲਾਪਕੀ- ਆ ਫੇਰਨੀਆਂ (ਜਿਸਦੀਆਂ ਕਚੀਆਂ ੧੦੮੦ ਹੁੰਦੀਆਂ ਹਨ ਇਸ ਤੋਂ ਉਪਰੰਤ ਸਾਰੀ ਪੰਜ- ਗ੍ਰੰਥੀ ਦਾ ਪਾਠ ਕਰਕੇ ਪਰਸ਼ਾਦ ਛਕਨਾਂ ਇਸ ਕੰਮ ਤੋਂ ਵੇਹਲੇ ਹੋਕੇ ਫੇਰ ਮਾਲਾ ਫੜ ਲੈਣੀ. ਅਤੇ ਅਕਾਲ ਪੁਰਖ ਦੀ ਯਾਦ ਵਿਚ ਰੁਝ ਜਾਨਾਂ ਆਪ ਕਹਿੰਦੇ ਹੁੰਦੇ ਸੀ "ਮਨ ਤਾਂ ਬਾਂਦਰ ਵਤ ਹੈ ਇਸ ਨੂੰ ਕਿਸੇ ਆਹਰੇ ਲਾ ਛਡਨਾਂ ਹੀ ਚੰਗਾ ਹੈ ਨਹੀਂ ਤੇ ਇਹ ਕੁਕਰਮਾਂ ਵਲ ਦੌੜਦਾ ਹੈ. ਬਸ ਆਪਨੇ ਅਪਨੇ ਜੀਵਨ ਦਾ ਅਧਾਰ ਹੀ "ਨਾਮ ਅਤੇ ਬਾਣੀ ਬਨਾ ਲਿਆ।

## ਸਤਿਗੁਰੂ ਪ੍ਰੇਮ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਂਰਾਜ ਨਾਲ ਆਪ ਜੀ ਦਾ ਏਨਾਂ ਗੂੜ੍ਹਾ ਪ੍ਰੇਮ ਸੀ ਕਿ ਆਪ ਬਹੁਤਾ ਸਮਾਂ ਮਹਾਂਰਾਜ ਜੀ ਦੀ ਹਜ਼ੂਰੀ ਵਿਚ ਬਤੀਤ ਕਰਦੇ, ਸਦਾ ਚਕੋਰ ਵਾਂਗੂ ਅਪਣੇ ਨੈਣ ਪ੍ਰੀਤਮ ਜੀ ਦੇ ਚੰਦਰਮਾਂ ਤੋਂ ਭੀ ਸੀਤਲ ਮੁਖੜੇ ਵਲ ਲਾਈ ਰਖਦੇ ਅਤੇ ਕਦੀ ਰਜਦੇ ਨਾਂ।

## ਸਾਧ ਸੰਗਤ ਨਾਲ ਪ੍ਰੇਮ

ਜਦੋਂ ਆਪ ਅਪਨੇ ਨਗਰ ਵਿਚ ਹੁੰਦੇ ਤਾਂ ਸਾਧ ਸੰਗਤ ਆਪ ਜੀ ਦੇ ਦਰਸ਼ਨਾਂ ਨੂੰ ਬੇਅੰਤ ਜਾਂਦੀ ਆਪ ਅਜੇਹੀ ਤਨੋਂ ਮਨੋਂ ਹੋਕੇ ਸਾਧ ਸੰਗਤ ਦੀ ਸੇਵਾ ਕਰਦੇ ਜੋ ਕਹਿਬੇ ਕੋ ਸੋਭਾ ਨਹੀਂ ਦੇਖਾ ਹੀ ਪ੍ਰਵਾਨ ਹੈ, ਵਾਲੀ ਗਲ ਹੁੰਦੀ ਜਿਨਾਂ ਮਹਾਂ ਪੁਰਸ਼ਾਂ ਨੇ ਆਪ ਜੀ ਦੇ ਦਰਸ਼ਨ ਕੀਤੇ ਹਨ, ਉਹ ਆਖਦੇ ਹਨ ਕਿ ਨੈਣਾਂ ਸਿੰਘ ਜੇਹਾ ਆਸ਼ਕ ਕੋਈ ਵਿਰਲੀ ਹੀ ਮਾਂ ਜਣਦੀ ਹੈ।

(ੳ) ਆਪ ਪ੍ਰੀਤਮ ਜੀ ਦੇ ਏਨੇ ਸ਼ਰਧਾਲੂ ਸਨ ਕਿ ਰੰਗੂਨ ਨੂੰ ਜਾਂਦਿਆ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਂਰਾਜ ਨੇ ਮਸਤੀ ਦੀ ਦਸ਼ਾ ਵਿਚ ਆਪਨੂੰ ਸਫਾ ਜੰਗ ਮਾਰਿਆ ਤਾਂ ਆਪ ਇਸਤ੍ਰਾਂ ਖੁਸ਼ ਹੋਏ ਜਿਸਤਰਾਂ ਕਿਸੇ ਨੂੰ ਕੋਈ ਅਮੋਲਕ ਪਦਾਰਥ ਪ੍ਰਾਪਤ ਹੁੰਦਾ ਹੈ, ਚਰਨੀਂ ਪੈਕੇ ਕਹਿਣ ਲਗੇ, ਓਹ ਜਾਨੇ ਕੋਈ ਯਾਰ ਦੀ ਨਿਸ਼ਾਨੀ ਤਾਂ ਕੋਲ ਹੋ ਗਈ। ਜਿਸ ਵੇਲੇ ਸਤਿਗੁਰਾਂ ਦੇ ਪ੍ਰਦੇਸ ਗਵਨ ਕਰਨ ਬਾਦ

ਆਪਨੂੰ ਓਹ ਫਟ ਜੇਹੜਾ ਕਿ ਉਸ ਚੇਜੀ ਪ੍ਰੀਤਮ ਜੀ ਦੀ ਨਿਸ਼ਾਨੀ ਸੀ, ਤਾਂ ਆਪ ਦੀਆਂ ਭੁਬਾਂ ਨਿਕਲ ਜਾਂਦੀਆਂ ਅਤੇ ਆਖਦੇ ਓਹ ਸੋਹਣਿਆ ਸਾਈਆਂ, ਜੇ ਏਦਾਂ ਹੀ ਕਰਨਾਂ ਸੀ ਤਾਂ ਗੁੜੀਆਂ ਯਾਰੀਆਂ ਕਾਹਨੂੰ ਲੌਣੀਆਂ ਸੀ, ਬਸ ਝਟ ਮਸਤ ਹੋ ਜਾਂਦੇ ਅਤੇ ਨੈਣਾਂ ਚੋਂ ਹੰਝੂਆਂ ਦਾ ਦਰਿਆ ਵਹਿ ਟੁਰਦਾ।

## ਰੰਗੂਨ ਨੂੰ ਚਾਲੇ

ਆਪ ਜੀ ਕੋਲੋਂ ਪ੍ਰੀਤਮ ਜੀ ਦਾ ਵਿਛੋੜਾ ਨ ਝਲਿਆ ਗਿਆ। ਇਸਦਾ ਵਡਾ ਕਾਰਣ ਯਾਰ ਦਾ ਲਗਾਹੋਇਆ ਫੱਟਸੀ। ਜਿਸਨੂੰ ਤਕਦਿਆਂ ਆਪਦਾ ਹਿਰਦਾ ਸਬਿਰ ਨ ਰਹਿੰਦਾ। ਵੇਖਦਿਆ ਹੀ ਹੰਝੂ ਵਹਿ ਟੁਰਦੇ।

ਨੈਣਾ ਸਿੰਘ ਵੇਖ ਫਟ ਰੋਵੇ।
ਹਾਏ ਦੁਖੀਆਦਿਲ ਨਹੀਂ ਖਲੋਵੇ।
ਯਾਰ ਸਚੇ ਦਾ ਫਟ ਇਹ ਦਿਸੇ।
ਖਿਆ ਵਿਛੋੜਾ ਕਿਸਮਤ ਹਿਸੇ। (ਵਹਿਮੀ)

ਬਸ ਆਪ ਨੇ ਰੰਗੂਨ ਨੂੰ ਚਾਲੇ ਪਾ ਦਿਤੇ ਰੰਗੂਨ ਪਹੁੰਚ ਕੇ ਆਪ ਪ੍ਰੀਤਮ ਜੀਦੇ ਬੰਗਲੇ (ਨਿਵਾਸ ਅਸਥਾਨ) ਦੇ ਨਾਲ ਦੀ ਸੜਕ ਉਤੇ ਭੇਖ ਬਦਲਾ ਕੇ ਟਹਿਲਣ ਲਗ ਪਏ ਪਹਿਰਾ ਬੜਾ ਸਖਤ ਸੀ ਬੰਗਲੇ ਦੇ ਪਾਸ ਸੜਕ ਉਤੇ ਕੋਈ ਖਲੋ ਨਹੀਂ ਸਕਦਾ ਆਪ ਕਦੀ ਐਧਰ ਜਾਂਦੇ ਹਨ ਕਦੀ ਓਧਰ ਤਾਂ "ਸੇਵਕ ਕੋ ਨਿਕਟੀ ਹੋਇ ਦਿਖੋਣ ਵਾਲੇ" ਪ੍ਰੀਤਮ, ਅਪਨੇ ਸੇਵਕ ਨੂੰ ਦਰਸ਼ਨ ਦੇ ਖੁਲੇ ਗੱਫੇ ਪ੍ਰਦਾਨ ਕਰਕੇ ਵਾਪਸ ਮੁੜਨ ਦਾ ਇਸ਼ਾਰਾ ਕਰਦੇ ਹਨ, ਪਰ ਜਿਸ ਦੇ ਸਾਹਮਣੇ ਪਿਆਰਾ ਸਤਿਗੁਰੂ ਰਾਮ ਸਿੰਘ ਆਪ ਖੜਾ ਹੋਵੇ ਤਾਂ ਓਹ ਕੇਹੜਾ ਪੱਥਰ ਹਿਰਦਾ ਹੈ ਜੇਹੜਾ ਅਨੰਦੀ ਹੁਲਾਸ ਨੂੰ ਤਿਆਗ ਸਕੇ, ਪਰ ਆਪ ਖਸਮ ਦੇ ਹੁਕਮ ਅਗੇ ਸਿਰ ਨਿਵਾਕੇ ਅਪਣੇ ਵਤਨ ਨੂੰ ਵਾਪਸ ਮੁੜ ਆਏ, ਅਤੇ ਸੰਗਤਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਦੀ ਝਾਕੀ ਦਰਸਾਕੇ ਬਿਆਕੁਲ ਕਰ ਦਿਤਾ।

## ਅੰਤ ਸਮਾ

ਆਪ ਅੰਤ ਸਵਾਸਾਂ ਤਕ ਉਸ ਯਾਰ (ਚੀਨੀ ਵਾਲੇ ਪ੍ਰੀਤਮ) ਨਾਲ ਗਲਾਂ ਕਰਦੇ ਰਹੇ ਅਤੇ ਉਸ ਇਲਾਹੀ ਮੁਖੜੇ ਵਾਲੇ ਦੇ ਮਨੋਹਰ ਬਚਨ ਸੰਗਤਾਂ ਨੂੰ ਸੁਣੌਂਦੇ ਰਹੇ ਅੰਤ ੧੯੬੬ ਬਿ: ਦੇ ਲਗ ਭਗ ਇਸ ਅਸਾਰ ਸੰਸਾਰ ਤੋਂ ਕੂਚ ਕਰਕੇ ਅਕਾਲ ਪੁਰਖ ਦੀ ਜੋਤ ਵਿਚ ਲੀਨ ਹੋ ਗਏ।

# ਸੰਤਾਂ ਦਾ ਆਗਮਨ

ਸੰਤ ਔਂਦੇ ਹਨ ਦੁਨੀਆਂ ਤੇ,
ਈਸ਼ਵਰ ਭਗਤੀ ਦ੍ਰਿੜੌਨ,
ਭੁਲਿਆਂ ਨੂੰ, ਭਟਕਦਿਆਂ ਨੂੰ,
ਸਚੇ ਰਸਤੇ ਪਉਣ।

* * * * *

ਵੰਡਦੇ ਹਨ ਦੁਨੀਆਂ ਨੂੰ,
ਨਾਮ, ਦਾਨ ਤੇ ਇਸ਼ਨਾਨ,
ਦੇਂਦੇ ਹਨ ਗ਼ਰੀਬਾਂ ਨੂੰ ਸਹਾਰਾ,
ਮੁਰਦਾ ਰੂਹਾਂ ਨੂੰ ਜਗਾਉਂਦੇ ਹਨ,
ਅਪਨੇ ਪਵਿਤ੍ਰ ਚਰਨਾਂ ਦੀ ਛੁਹ ਨਾਲ,
ਪਉਂਦੇ ਹਨ ਜਾਨ ਉਹਨਾਂ ਵਿਚ।
ਜੇ ਸੰਤ ਨ ਹੁੰਦੇ ਦੁਨੀ ਵਿਚ,
ਕੌਣ ਦਸਦਾ ਮੁਕਤੀ ਦਾ ਮਾਰਗ,
ਪਥਰ ਹਿਰਦੇ ਸਾਡੇ,
ਉਪਕਾਰ ਨ ਜਾਨਣ ਸੰਤਾਂ ਦੇ।

* * * * *

(ਪੰਛੀ)

# (੨੩) ਬਾਬਾ ਮੋਹਰ ਸਿੰਘ ਜੀ ਬੁਰਜ

(ਸੰਤ ਬਿਸ਼ਨ ਸਿੰਘ ਜੀ ਨੰਗਲ ਕਲਾ)

ਆਪ ਜੀਦਾ ਜਨਮ ਪਿੰਡ ਘਵਦੀ ਜ਼ਿਲਾ ਲੁਧਿਮਾਣਾਂ ਵਿਚ ਇਕ ਉਦਾਸੀ ਪ੍ਰਵਾਰ ਵਿਚ ਹੋਇਆ। ਪਿਤਾ ਜੀਦਾ ਨਾਮ ਸੰਤ ਗੋਂਵਿੰਦ ਦਾਸ ਸੀ। ਆਪ ਜੀਦਾ ਨਾਮ ਰਾਮਦਾਸ ਰਖਿਆ ਸੀ। ਸਰੀਰ ਪਤਲਾ, ਕਦ ਦਰਮਿਆਨਾ ਤੇ ਨਕਸ਼ ਸੁੰਦਰ ਸਨ। ਆਪ ਦੀ ਬੋਲੀ ਬੜੀ ਕੋਮਲ ਤੇਮਿੱਠੀ ਸੀ। ਆਪ ਨੂੰ ਆਪਦੀ ਨਗਰ ਨਿਵਾਸੀ ਸੰਗਤ ਨੇ ਆਪ ਦੇ ਪਿਤਾ ਤੋਂ ਪਿਛੋਂ ਮਹੰਤੀਦੀ ਦਸਤਾਰ ਸਜਾਈ। ਕਿਉਂਕਿ ਆਪ ਬੜੇ ਖੂਬ ਸੂਰਤ ਸਨ, ਇਸ ਲਈ ਆਪਨੂੰ ਇਕ ਭੂਤ ਚੰਬੜ ਗਿਆ, ਜਿਸ ਨਾਲ ਆਪ ਤੰਗ ਹੋਏ। ਜੇ ਆਪ ਕਿਸੇ ਨੂੰ ਦਸਣ ਦੀ ਕੋਸ਼ਸ਼ ਕਰਦੇ ਤਾਂ ਓਹ ਵਧੇਰੇ ਤੰਗ ਕਰਦੇ, ਤੇ ਮਾਰ ਦੇਣ ਦਾ ਡਰ ਦੇਂਦਾ ਸੀ।

ਆਪ ਇਕਦਿਨ ਕਿਸੇ ਕਾਰਜ ਲੁਧਿਆਣੇ ਆਏ, ਤਾਂ ਓਥੋਂ ਆਪ ਜੀਨੂੰ ਸੂਬਾ ਲਖਾ ਸਿੰਘ ਜੀ ਦੇ ਦਰਸ਼ਨ ਹੋਏ। ਆਪ ਜੀ ਨੇ ਉਨ੍ਹਾਂ ਦੇ ਚਰਨ ਪਕੜਕੇ ਆਪਣੀ ਦੁਖ ਦੀ ਕਥਾ ਦਸ ਦਿਤੀ। ਬਾਬਾ ਜੀ ਦੁਖੀਆਂਦੇ ਦਰਦ ਵੰਡਾਉਣ ਵਾਲੇ ਸਨ, ਉਨ੍ਹਾਂ ਨੇ ਬਾਵਾ ਜੀਨੂੰ ਘੋੜੀ ਪਰ ਚੜ੍ਹਾਕੇ ਭੈਣੀ ਸਾਹਿਬ ਲਿਆਂਦਾ, ਅਤੇ ਸਤਿ-ਗੁਰਾਂ ਦੇ ਚਰਨਾਂ ਵਿਚ ਆ ਨਮਸਕਾਰ ਕੀਤੀ, ਸਾਰੀ ਸੁਧ ਬੁਧ ਭੁਲ ਗਈ, ਸਤਿਗੁਰਾਂ ਕਿਹਾ ਕਿ ਬਾਵਾ ਤੂੰ ਕੀ ਕੰਮ ਕਰਦਾ ਹੁੰਦਾ ਹੈਂ, ਉਸਨੇ ,ਕਹਾ ਕਿ ਹਜੂਰ ਮੰਗ ਕੇ ਗੁਜ਼ਾਰਾ ਕਰਦਾ ਹਾਂ। ਗੁਰੂ ਜੀ ਨੇ ਕਿਹਾ "ਜੋਗੀ ਹੋਵਾਂ ਜਗ ਭਵਾ ਦਰ ਦਰ ਭਿਖਿਆ ਲੇ ਦਰਗਹ ਲੇਖਾ ਮੰਗੀਏ ਕਿਸ ਕਿਸ ਉਤ੍ਰ ਦੇਹ, ਦੇ ਅਨੁਸਾਰ ਮੰਗਣਾ ਮਾੜਾ ਕੰਮ ਹੈ ਤੂੰ ਕ੍ਰਿਤ ਕਰਕੇ ਵੰਡ ਕੇ ਛਕਿਆ ਕਰ ਸਤਿਗੁਰਾਂ ਨੇ ਭਜਨ ਦਸ ਦਿਤਾ ਅਤੇ ਅੰਮਰਤ ਛਕਾਕੇ ਮੋਹਰ ਸਿੰਘ ਨਾਮ ਰੱਖ ਦਿਤਾ ਆਪ ਨੇ ਬੁਰਜ ਵਿਚ ਬੰਦਗੀ ਕਰਨੀ ਸ਼ੁਰੂ ਕਰ ਦਿਤੀ ਅਤੇ ਰਿਧੀ ਸਿਧੀ ਦੇ ਮਾਲਕ ਹੋ ਬੈਠੇ ਲੰਗਰ ਜਾਰੀ ਕਰ ਦਿਤਾ ਹਥੀਂ ਪੀਸਕੇ ਪਰਸ਼ਾਦ ਛਕਾਂਦੇ ਇਹਨਾਂ ਦਾ ਜਸ ਸੁਣਕੇ ਦੂਰੋਂ ੨ ਸੰਗਤਾਂ ਔਣ ਲਗ ਪਈਆਂ ਆਪ ਨੇ ਨਾਮ ਉਪਦੇਸ਼ ਕਰਨਾਂ ਅਰੰਭ ਕਰ ਦਿਤਾ ਅਤੇ ਅਨੇਕਾਂ ਭੁਲਿਆਂਜੀਵਾਂ ਨੂੰ ਸਿਧੇ ਰਸਤੇ ਪਾਇਅ ਗੁਰ ਸਿਖੀ ਦਾ ਪਰਚਾਰ ਕੀਤਾ ਰਾਇ ਕੋਟ ਵਿਚ ਸ਼ਹੀਦ ਸਿੰਘਾਂ ਦਾ ਆਪ ਨੇ ਹੀ ਸਸਕਾਰ ਕੀਤਾ ਆਪ ਜੀ ਦਾ ਨਮ ਉਤੇ ਹੀ ਪਿੰਡ ਦਾ ਨਾਉਂ ਬਾਵੇ ਦਾ ਬੁਰਜ ਪ੍ਰਸਿਧ ਹੋ ਗਿਆ ਸਤਿਗੁਰ ਪ੍ਰਦੇਸ ਗਵਨ ਦੇ ਪਿਛੋਂ ਆਪ ਜੀ ਨੇ ਮਾਲਵੇ ਅੰਦਰ ਚੰਗੀ ਸਿਖੀ ਫੈਲਾਈ ਜਿਸ ਉਤੇ ਸਤਿਗੁਰੂ ਹਰੀ ਸਿੰਘ ਜੀ ਨੇ ਫੁਰਮਾਇਆ ਕਿ ਜੋ ਸਿਖ ਸਾਡਾ ਦਰਸ਼ਨ ਕਰਨ ਲਈ ਆਵੇ ਪਹਿਲੋਂ ਬਾਬੇ ਜੀ ਦੇ ਦਰਸ਼ਨ ਕਰਕੇ ਆਵੇ ਆਪ ਜੀ ਦੀ ਮਹਿਮਾਂ ਅਜੇ ਬੜੀ ਕਾਫੀ ਰਹਿੰਦੀ ਹੈ ਕਦੀ ਫੇਰ ਮੌਕਾ ਮਿਲਨ ਪਰ ਲਿਖੀ ਜਾਵੇਗੀ ਸੰ: ੧੯੪੫ ਚੇਤ੍ਰ ਤੀਜ ਨੂੰ ਆਪ ਮਾਮੂਲੀ ਬੁਖਾਰ ਨਾਲ ਪਰਲੋਕ ਗਮਨ ਕਰ ਗਏ।

# (੨੪)ਬਾਬਾ ਨਰੈਣ ਸਿੰਘ ਜੀ ਫਲੌਰ

( ਵਲੋਂ ਸ੍ਰੀਮਾਨ ਡਾ: ਹਰਚੰਦ ਸਿੰਘ ਜੀ ਤਾਸੀਰ )

ਸ੍ਰੀ ਸਤਿਗੁਰੂ ਨਾਨਕ ਦੇਵ ਤੋਂ ਲੈਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੱਕ ਅਨੇਕਾਂ ਗੁਰ ਸਿਖ ਸੂਰਮੇ ਭਗਤ ਸ਼ਾਂਤੀ ਦੇ ਪੁੰਜ ਸਤਿਗੁਰੂ ਦੇ ਲਾਲ ਹੋਏ ਜਿਨ੍ਹਾਂ ਵਿਚੋਂ ਇਕ ਸ੍ਰੀ ਮਾਨ ਬਾਬਾ ਨਰੈਣ ਸਿੰਘ ਜੀ ਭੀ ਸਨ। ਆਪਨੇ ੧ ਕੱਤਕ ਸੰ: ੧੮੦੨ ਬਿ: ਵਿਚ ਸ੍ਰਦਾਰ ਗੁਲਾਬ ਸਿੰਘ ਜੀ ਖਤ੍ਰੀ ਗੋਤ ਗੋਂਦ ਦੇ ਗ੍ਰਹਿ ਵਿਖੇ ਜਨਮ ਲਿਆ ਅਤੇ ਤਕਰੀਬਨ ੫ ਸਾਲ ਦੀ ਉਮਰ ਵਿਚ ਆਪਨੂੰ ਉਰਦੂ ਪੜ੍ਹਨ ਵਾਸਤੇ ਭੇਜ ਦਿਤਾ ਗਿਆ। ਸਕੂਲ ਵਿਚ ਆਪ ਨੇ ਥੋੜੇ ਸਮੇਂ ਵਿਚ ਹੀ ਪੂਰਣ ਵਿਦਿਆ ਹਾਸਿਲ ਕਰ ਲਈ ਅਤੇ ਸ੍ਰੀ ਮਾਨ ਬਾਬਾ ਨੱਥਾ ਸਿੰਘ ਜੀ ਜੋ ਕਿ ਨਾਮਧਾਰੀ ਸਨ ਉਹਨਾਂ ਦੀ ਕ੍ਰਿਪਾ ਨਾਲ ਆਪ ਨੂੰ ਗੁਰੂ ਚਰਨਾਂ ਨਾਲ ਪ੍ਰੇਮ ਕਰਨੇ ਦੀ ਲਗਨ ਲਗੀ ਤੇ ਅਭਿਆਸ ਵਿਚ ਸਦਾ ਲੀਨ ਰਹਿੰਦੇ ਸਨ ਜਦੋਂ ਕਿਤੇ ਮੇਲਾ ਹੁੰਦਾ ਆਪ ਭੀ ਉਸ ਜਗਾ ਜਾਕੇ ਸਤਿਗੁਰਾਂ ਦੇ ਦਰਸ਼ਨ ਕਰਦੇ ਤੇ ਕਈ ਬਾਰੀ ਆਪਣੇ ਘਰ ਭੀ ਸਤਿਗੁਰਾਂ ਨੂੰ ਸੱਦ ਕੇ ਮੇਲੇ ਕਰਵੇਂਦੇ। ਆਪ ਵਿਚ ਉਸ ਵਕਤ ਚੰਗੀ ਤਰਾਂ ਸਿਖੀ ਸਿਦਕ ਭਰ ਚੁਕੀ ਸੀ। ਜਦੋਂ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਗਵਨ ਕੀਤਾ। ਉਸ ਵਕਤ ਆਪ ਦੀ ਬੜੀ ਨਾਜ਼ਕ ਹਾਲਿਤ ਹੋ ਗਈ ਅਠੇ ਪਹਿਰ ਰੋਂਦਿਆਂ ਗੁਜ਼ਾਰਦੇ ਆਖਿਰ ਇਤਨਾਂ ਦੁਖ ਕਿਉਂ ਕਰ ਜਰਦੇ ਆਪਨੇ ਪਿਆਰੇ ਦੇ ਵਿਜੋਗ ਵਿਚ ਬੌਰੇ ਜਿਹੇ ਹੋ ਗਏ "ਹੈ ਭੀ ਠੀਕ" ਕਿਉਂ ਗੁਰੂਵਾਕ ਭੀ ਹੈ, ਬਿਰਹੋਂ ਭੁਯੰਗਮ ਮਨ ਬਸੈ ਮੰਤੇ ਨਾ ਮਾਨੇ ਕੋਇ ਰਾਮ ਵਿਜੋਗੀ ਨਾ ਜੀਏ ਜੀਏ ਤਾਂ ਬਉਰਾ ਹੋਇ। ਐਸੀ ਹੀ ਹਾਲਿਤ ਏਹਨਾਂ ਦੀ ਹੋ ਗਈ ਇਬਿਰਹਾ ਵਿਚ ਆਪ ਦਸ ਸਿੰਘਾਂ ਨੂੰ ਨਾਲ ਲੈਕੇ ਜਹਾਜ਼ਪਰ ਸਵਾਰ ਹੋਕੇ ਰਗੂੰਨ ਪਹੁੰਚੇ ਆਪਦੇ ਨਾਲ ਮਸਤਾਨ ਸਿੰਘ ਪਿੰਡ ਰਾਈਆਂ। ਕਾਨ ਸਿੰਘ ਜੋਧ ਸਿੰਘ। ਰਾਮ ਸਿੰਘ। ਸ਼ੇਰ ਸਿੰਘ। ਨਰੈਣ ਸਿੰਘ। ਈਸਰ ਸਿੰਘ। ਚੂਨੀ ਤੋਂ। ਈਸ਼ਰ ਸਿੰਘ ਮਦੌਰ ਅਤੇ ਉਤਮ ਸਿੰਘ ਝਾੜ ਮਾੜੀ ਤੋਂ ਸਨ ਏਹ ਸਾਰੇ ਸਿੰਘ ਪਠਾਂਣਾਂ ਦੇ ਭੇਸ ਵਿਚ ਰੰਗੂਨ ਪਹੁੰਚੇ ਓਥੇ ਜਾਕੇ ਨਰੈਣ ਸਿੰਘ ਜੀ ਭਾਈ ਨੰਦ ਲਾਲ ਦੀਆਂ ਫਾਰਸੀ ਦੀਆਂ ਗਜ਼ਲਾਂ ਬੋਲਣ ਲਗ ਪਏ ਜੈਸਾ ਕਿ:-ਦਿਲ ਮਨ ਦਰ ਫਿਰਾ ਕਿ ਯਾਰ ਬਿਸੋਖਤ। ਜਾਨਿ ਮਨ **ਬਹਿਰ ਆਂ** ਨਗਾਰ ਬਸੋਖਤ। ਆ ਚੁਨਾਂ ਸੋਖਤੇਮ ਜਾਂ ਆਤਿਸ਼ ਹਰ ਕਿ ਬਿਸ਼-ਨੀਦ ਚੂ ਚਿਨਾਰ ਬਿਸੋਖਤ। ਮਨ ਤਨ ਹਾ ਨਾਂ ਬਿਸੋਖਤਮ ਦਰ ਇਸ਼ਕ। ਹਮਹ ਆਲਿਮ ਅਜ਼ੀਂ ਸ਼ਰਰ ਬਿਸੋਖਤ। ਮਹ ਚੁਕੀਮੀਆਇ ਬਸ ਬਕਾਰ ਬਿਸੋਖਤ। ਆਫਰੀ ਬਾਦ ਬਰ ਦਿਲੇ ਗੋਯਾ। ਕਿ ਬਉਮੇਦ ਰੁਇਯਾਰ ਬਿਸੋ-ਖਤ। ਆਵਾਜ਼ ਪਛਾਣ ਕੇ ਸਤਿਗੁਰਾਂ ਨੇ ਦਰ-ਸ਼ਨ ਦਿਤੇ ਪਰ ਏਹਨਾਂ ਜਾਤ੍ਰੂਆਂ ਦੀ ਹਾਲਿਤ ਕੁਝ ਹੋਰ ਸੀ ਏਹਨਾਂ ਦੇ ਨੇਤ੍ਰਾਂ ਵਿਚੋਂ ਹੰਝੂਆਂ ਦੀ ਧਾਰਾ ਜਾਰੀ ਸੀ ਉਸ ਵਕਤ ਆਪਣੇ ਸੁਆਮੀ ਦੇ ਚਰਨ ਕਵਲਾਂ ਦ ਚਰਣੋਦਕ

ਲੈਣ ਵਾਸਤੇ "ਨਹੀਂ ਪਾਨ ਪ੍ਰਾਰ ਕੇ ਹਾਥ ਛੋਜੇ ਨੈਨਨ ਕੇ ਜਲ ਸੇਂ ਪਗ ਧੋਏ। ਏਹ ਵੈਰਾਗ ਮਈ ਦ੍ਰਿਸ਼ ਤੱਕ ਕੇ ਪੈਹਿਰੇ ਦਾਰ ਭੀ ਆਪਣੀ ਡੀਊਟੀ ਛਡਕ ਸਤਿਗੁਰਾਂ ਦੇ ਚਰਨਾਂ ਪਰ ਡਿਗੇ ਚੇਜੀ ਪ੍ਰੀਤਮਨੇ ਸਭਿ ਦਾ ਧੀਰਜ ਬਧਾਇਆ ਅਤੇ ਸਭਿਨੂੰ ਕੈਂਪ ਵਿਚ ਲੈਗਏ। ਅੱਠ ਪਹਿਰ ਰਹਿਕੇ ਖੂਬ ਰੱਜ ਰੱਜ ਕੇ ਆਪਣੇ ਪ੍ਰੀਤਮ ਦਾ ਦੀਦਾਰ ਕੀਤਾ। ਅਤੇ ਇਕ ਮਹੀਨਾਂ ਰਹਿਕੇ ਸਤਿਗੁਰਾਂ ਦੇ ਹੁਕਮ ਅਨੁਸਾਰ ਵਾਪਸ ਪੰਜਾਬ ਆਗਏ ? ਉਸ ਤੋਂ ਬਾਦ ਭੀ ਆਪ ਕਾਲਿਜ ਵਿਚ ਅਧਿਯਾਪਕ ਦੀ ਸ਼ਕਲ ਵਿਚ ਦਾਖਲ ਹੋਏ ਅਤੇ ਭਾਈ ਨੰਦ ਲਾਲ ਜੀ ਦੀਆਂ ਫਾਰਸੀ ਗਜਲਾਂ ਦਾ ਪੰਜਾਬੀ ਜਬਾਨ ਵਿਚ ਤਰਜਮਾਂ ਕੀਤਾ ਅਤੇ ਹਜੂਰ ਵਿਲੀਅਮ ਵੈਲ ਸਾਹਿਬ ਬਹਾਦ੍ਰ ਔਰ ਲਾਟ ਸਾਹਿਬ ਬਹਾਦ ਦੀ ਮਨਜ਼ੂਰੀ ਵਿਚ ੧੯੯੨ਇ: ਵਿਚਛਪਾਇਆ ਔਰ ਜਫ਼ਰ ਨਾਮਾ ੧੯੯੭ ਇ: ਵਿਚ ਛਪਵਾਇਆ।

ਸ੍ਰੀ ਸਿਤਗੁਰੂ ਹਰੀ ਸਿੰਘ ਜੀ ਮਹਾਰਾਜ ਆਪ ਜੀ ਨਾਲ ਬੜਾ ਪਿਆਰ ਰਖਦੇ ਸਨ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਦਿਆਲੇ ਦੇ ਅੰਦਰ ਗੁਰਬਾਣੀ ਦਾ ਪ੍ਰਚਾਰ ਤੇ ਵਿਦਿਆ-ਰਥੀਆਂ ਦੀ ਪ੍ਰੀਕਛਾ ਲੈਂਦੇ ਰਹੇ ਆਪ ਜਿੰਦਗੀ ਇਸੇ ਤਰਾਂ ਬਸਰ ਕਰਦੇ ਆਪ ਭਾਦਰੋਂ ਸੰਮਤ ੧੯੯੨ਬਿ: ਵਿਚ ਪੂਰਨ ਮਾਸ਼ੀ ਦੇ ਦਿਨ ਰਾਤ ਦੇ ਦੋ ਬਜੇ ਸਚਿ ਖੰਡ ਪਧਾਰੇ ਔਰ ਫਲੌਰ ਵਿਚ ਹੀ ਦਰਿਆ ਸਤਿਲੁਜ ਦੇ ਕਨਾਰੇ ਆਪਦਾ ਸਸਕਾਰ ਕੀਤਾ ਆਪ ਜੀ ਦੇ ਸਪੁਤ੍ਰ ਦਾ ਨਾਮ ਹਰਿ ਕਿਸ਼ਨ ਸਿੰਘ ਤੇ ਸਪੁਤ੍ਰੀ ਦਾ ਨਾਮ ਊਧਮ ਕੌਰ ਹੈ ਏਹ ਭੀ ਓਹਨਾਂ ਦੀ ਤਰਾਂ ਗੁਰੂ ਘਰ ਦੇ ਪ੍ਰੇਮੀ ਔਰ ਸਤਿਗੁਰਾਂ ਪਰ ਸ਼ਰਧਾ ਰਖਣ ਵਾਲੇ ਹੈਨ।

# (੨੫) ਬਾਬਾ ਲਾਲ ਸਿੰਘ ਜੀ ਲਤਾਲਾ

(ਵਲੋਂ ਸ੍ਰੀਮਾਨ ਸੰਤ ਬਿਸ਼ਨ ਸਿੰਘ ਜੀ ਨੰਗਲ)

ਸ੍ਰੀ ਬਾਬਾ ਲਾਲ ਸਿੰਘ ਜੀਦਾ ਜਨਮ ੧੮੯੦ ਵਿਚ ਨਗਰ ਲਤਾਲਾ ਜਿਲਾ ਲੁਦਿਹਾਣਾ ਵਿਖੇ ਹੋਇਆ।

ਆਪ ਜੀ ਨੇ ਛੋਟੀ ਅਵਸਥਾ ਵਿਚ ਨਿਰਮਲੇ ਸੰਤਾਂ ਕੋਲੋਂ ਵਿਦਿਆ ਪੜੀ। ਸ੍ਰੀ ਯੁਤ ਬਾਬਾ ਜਵਾਹਰ ਸਿੰਘ ਜੀਦੀ ਸੰਗਤ ਨਾਲ ਆਪ ਗੁਰੂ ਘਰ ਦੇ ਸ਼ਰਧਾਲੂ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀਦੇ ਪੱਕੇ ਸਿੰਘ ਸਜ ਗਏ। ਆਪ ਜੀਦੀ ਸ਼ਾਦੀ ਤੋਂ ਥੋੜਾ ਚਿਰ ਬਾਦ ਹੀ ਸਿੰਘਣ ਚੜ੍ਹਾਈ ਕਰ ਗਈ।

ਆਪ ਜੀ ਨੇ ਆਪਨੇ ਨਗਰ ਵਿਚ ਕਈ ਨਾਮਧਾਰੀ ਮਹਾਤਮਾਂ ਪੈਦਾ ਕੀਤੇ। ਸੰਤ ਗੁਰਮੁਖ ਸਿੰਘ ਜੀ ਤੇ ਮੀਹਾਂ ਸਿੰਘ ਜੀ ਜੇਹੜੇ ਮਲੇਰ ਕੋਟਲੇ ਦੇ ਸਾਕੇ ਵਿਚ ਸ਼ਹੀਦ ਹੋਏ ਆਪਦੇ ਹੀ ਨਗਰ ਦੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀਦੇ ਪ੍ਰਦੇਸ ਗਮਨ ਕਰ ਜਾਣ ਤੋਂ ਬਾਦ ਆਪਤੇ ਬੜੀਆਂ ਸਖਤੀਆਂ ਹੋਈਆਂ। ਕਿਤਨਾਂ ਚਿਰ ਅਪਣੇ ਪਿੰਡ ਵਿਚ ਨਜ਼ਰਬੰਦ ਰਹੇ। ਸ੍ਰੀ ਸਤਿਗੁਰੂ ਜੀਦਾ ਸਮੁੰਦਰੋਂ ਪਾਰ ਜਾਕੇ ਦਰਸ਼ਨ ਕੀਤਾ ਅਤੇ ਅਰਜ਼ ਕੀਤੀ ਕਦੋਂ ਸੰਗਤਾਂ ਨੂੰ ਦਰਸ਼ਨ ਦੇਵੋਗੇ।

ਇਸ ਦੇਹ ਵਿਚ ਦ੍ਰਸ਼ਨ ਦੇਵਾਂਗਾ। ਜਪ, ਜਗ, ਪਾਠ ਤੇ ਵਰਨੀਆਂ ਖੂਬ ਤਕੜੇ ਹੋਕੇ ਕਰੋ। ਪ੍ਰੀਤਮ ਪਿਆਰੇ ਦਾ ਇਹ ਸੰਦੇਸ਼ ਲੈਕੇ ਆਪ ਵਾਪਸ ਮੁਲਕ ਨੂੰ ਆਗਏ। ਸਖਤੀ ਦੇ ਸਮੇਂ ਆਪ ਜੀ ਨੂੰ ਕਈ ਵਾਰ ਜੇਲ ਯਾਤ੍ਰਾ ਕਰਨੀ ਪਈ। ਨਾਮਧਾਰੀ ਡਾਕ ਦਾ ਜੋ ਮਹਿਕਮਾ ਸੀ ਆਪ ਉਸਦੇ ਇੰਨਚਾਰਜ ਸਨ। ਨਾਮਧਾਰੀ ਡਾਕ ਭੈਣੀ ਸਾਹਿਬ ਤੋਂ ਇਕ ਦਿਨ ਵਿਚ ਬਿਨਾਂ ਕਿਸੇ ਰੇਲ ਵਗੈਰਾ ਤੋਂ ਮੁਕਤ ਸਰ ਪਹੁੰਚਦੀ ਸੀ।

ਆਪ ਜੀਦਾ ਨਿਤ ਕਰਮ ਇਹ ਸੀ— ਅੰਮ੍ਰਿਤ ਵੇਲੇ ਪੰਜ ਮਾਲਾ, ਪੰਜ ਗ੍ਰੰਥੀ ਪੜਕੇ ਪ੍ਰਸ਼ਾਦ ਪਾਣੀ ਛਕਿਦੇ। ਸ੍ਵਾਸ ਸ੍ਵਾਸ ਭਜਣ ਕਰਦੇ।

ਆਪਣੀ ਬਿਰਧ ਅਵਸਥਾ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀਦੇ ਚਰਨਾਂ ਵਿਚ ਰਹਿਕੇ ਬਤੀਤ ਕੀਤੀ। ਆਪ ਬੜੇ ਪੂਰਨ ਮਹਾਂ ਪੁਰਖ ਸਨ।

# (੨੯) ਬਾਬਾ ਜੀਊਂਣ ਸਿੰਘ ਜੀ ਚੂੰਨੀ ਮਛਲੀ

(ਵਲੋਂ ਸ੍ਰੀਮਾਨ ਪ੍ਰੀਤਮ ਸਿੰਘ ਜੀ ਪੰਛੀ)

ਜਨਮ-ਪਿੰਡ ਮੰਗਵਾਲ ਰਿਆਸਤ ਸੰਗਰੂਰ

ਬਾਬਾ ਜੀਊਣ ਸਿੰਘ ਜੀ ਛੋਟੀ ਅਵਸਥਾ ਵਚ ਹੀ ਉਦਾਸੀ ਸਾਧੂ ਹੋ ਗਏ ਸਨ, ਨਿਵਾਸ ਚੂਨੀ ਜ਼ਿਲਾ ਅੰਬਾਲਾ ਵਿਚ ਰਖਣ ਕਰਕੇ (ਚੂੰਨੀਵਾਲੇ) ਹੀ ਮਸ਼ਹੂਰ ਸਨ।

ਪਿੰਡ ਤੋਂ ਬਾਹਰ ਵਾਰ ਇਕ ਉਦਾਸੀਆਂ ਦਾ ਡੇਰਾ, ਸੰਘਣੇ ਦਰਖਤਾਂ ਦਾ ਝੁੰਡ ਖਿੜਕੀ ਖੋਲਦਿਆਂ ਹੀ ਦੋ ਸਾਧੂ ਨਜ਼ਰ ਪੈਂਦੇ ਹਨ ਜੇਹੜੇ ਆਪਸ ਵਿਚ ਵਾਰਤਾਲਾਪ ਕਰ ਰਹੇ ਹਨ।

"ਗੁਰੂ ਜੀ! ਪਤਾ ਨਹੀਂ ਕੀ ਗਲ ਹੈ ਕਿ ਮਨ ਨੂੰ ਸ਼ਾਂਤੀ ਨਹੀਂ ਔਂਦੀ। ਭਜਨ ਕਰਨ ਵਚ ਮਨ ਲੀਨ ਨਹੀਂ ਹੁੰਦਾ।" ਜੀਵਨ ਦਾਸ ਜੀਨੇ ਮਨ ਦੀ ਅੰਦਰਲੀ ਅਵਸਥਾ ਬਿਆਨ ਕਰਦਿਆਂ ਕਿਹਾ।

"ਤਾਂ ਫਿਰ ਕੀ ਮਨ ਦੁਨੀਆਂ ਵਲ ਭਜਦਾ ਹੈ ?"

"ਕੁਝ ਪਤਾ ਨਹੀਂ ਲਗਦਾ।"

ਇਕਾਂਤ ਹੋਕੇ ਭਜਨ ਕਰਿਆ ਕਰੋ, ਹਰ ਵੇਲੇ ਈਸ਼੍ਵਰ ਧਿਆਨ ਵਿਚ ਮਗਨ ਰਹੋ, ਮਨ ਭਟਕਨੋਂ ਹਟ ਜਾਵੇਗਾ।

ਪਰ ਜੀਵਨ ਦਾਸ ਜੀ ਨੂੰ ਕਿਸੇ ਪੂਰਨ ਗੁਰੂ ਦੀ ਤੀਬਰ ਇਛਾ ਸੀ। ਹਰ ਵੇਲੇ ਇਨ੍ਹਾਂ ਵਿਚਾਰਾਂ ਵਿਚ ਗਲਤਾਨ ਰਹਿੰਦੇ।

"ਅਜ ਕੀ ਗਲ ਹੈ ਭਾਈ! ਪਿੰਡ ਵ੍ਰਿਚ ਰੌਲਾ ਕੇਹਾ ਏ।" ਇਕ ਰਾਹ ਜਾਂਦੇ ਮੁਸਾਫਰ ਨੇ ਪਿੰਡ ਦੇ ਰਹਿਣ ਵਾਲੇ ਕਿਸੇ ਆਦਮੀ ਤੋਂ ਪੁਛਿਆ।

"ਅਜ ਇਸ ਪਿੰਡ ਵਿਚ ਜਗਤ ਵਾਲੀ ਦਾ ਆਗਮਨ ਹੈ।"

"ਹੈਂ? ਜਗਤ ਵਾਲੀ ਕੌਣ ?"

'ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਸ੍ਰੀ ਭੈਣੀ ਸਾਹਿਬ ਵਾਲੇ।"

ਇਹ ਗਲਾਂ ਉਦਾਸੀਆਂ ਦੇ ਡੇਰੇ ਨਜ਼ਦੀਕ ਹੋ ਰਹੀਆਂ ਸਨ ਸੁਣਕੇ ਇਕ ਸਾਧੂ ਅੰਦਰੋਂ ਆਇਆ।

"ਕੀ ਅਜ ਕਿਸੇ ਅਵਤਾਰ ਨੇ ਇਸ ਪਿੰਡ ਨੂੰ ਭਾਗ ਲਾਕੇ ਤਾਰਨਾਂ ਹੈ ?"

'ਹਾਂ ! ਓਹ ਅਵਤਾਰ ਜਿਸ ਸਬੰਧੀ ਗੁਰੂ ਗੋਬਿੰਦ ਸਿੰਘ ਜੀ ਪਹਿਲੋਂ ਹੀ ਚੇਤਾਵਨੀ ਕਰ ਗਏ ਸਨ–

ਰਾਮ ਸਿੰਘ ਮੇਰੋਹੋਇ ਨਾਮਾਂ।
ਬਾਢੀ ਸੁਤ ਭੈਣੀ ਕੇ ਧਾਮਾਂ।

ਓਹ ਅਜ ਸਰਗੁਣ ਸਰੂਪ ਧਾਰਕੇ ਪ੍ਰਗਟ ਹੋਇਆ ਹੈ।"

"ਤਾਂ ਤੇ ਜ਼ਰੂਰ ਦਰਸ਼ਨ ਕਰਾਂਗੇ।" ਜੀਵਨ ਦਾਸ ਸਾਧੂ ਇਹ ਕਹਿਕੇ ਡੇਰੇ ਚਲੇ ਗਏ।

## ੨.

ਦੀਵਾਨ ਲਗਾ ਹੋਇਆ ਹੈ, ਕਈ ਹਜ਼ਾਰ ਭਜਨਾਂ ਨੰਦੀ ਮਹਾਂ ਪੁਰਸ਼ ਬੈਠ ਰਬੀ ਬਾਣੀ ਦੇ ਕੀਰਤਨ ਦਾ ਅਨੰਦ ਲੈ ਰਹੇ ਹਨ। ਜਗਤ ਦੇ ਵਾਲੀ, ਮੇਹਰਾਂ ਦੇ ਸਾਂਈਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੀਵਾਨ ਵਿਚ ਸ਼ੁਸ਼ੋਭਤ ਹੋ ਰਹੇ ਹਨ। ਲੰਮਾਂ ਕੱਦ ਸਡੌਲ ਸਰੀਰ, ਨੂਰਾਨੀ ਚੇਹਰਾ, ਸਫੈਦ ਬਸਤਰ, ਹਜ਼ਾਰਾਂ ਸੂਰਜਾਂ ਨੂੰ ਮਾਤ ਪਾ ਰਿਹਾ ਵਿਸ਼ਾਲ ਪ੍ਰਕਾਸ਼।

ਜੀਵਨ ਦਾਸ ਔਂਦੇ ਹਨ ਸਤਿਜੁਗੀ ਮਹਾ-ਤਮਾਂ ਦੇ ਦਰਸ਼ਨ ਕਰਕੇ ਵਿਸਮਾਦ ਹੋ ਜਾਂਦੇ ਹਨ। ਕੋਈ ਅਲੌਕਿਕ ਸਰੂਰ ਅਨਭਵ ਕਰਦੇ ਹਨ। ਇਕ ਆਸਨ ਤੇ ਬੈਠੀ ਤੇਜਸ੍ਵੀ ਮੂਰਤੀ ਤੇ ਨਜ਼ਰ ਪੈਂਦੀ ਹੈ–ਦਿਲ ਕਹਿ ਉਠਦਾ ਹੈ।

"ਇਹੋ ਹਨ ਜਗਤ ਵਾਲੀ, ਇਹੋ ਹਨ ਕਲੂ ਕਾਲ ਵਿਚ ਨਾਮ ਦੇ ਖੁਲੇ ਗੱਫੇ ਵਰਤਉਣ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ।

ਆਪੇ ਤੋਂ ਬਾਹਰ ਹੋ ਜਾਂਦੇ ਹਨ, ਦਰਸ਼ਨ ਕਰਕੇ ਕਈ ਜਨਮਾਂ ਦੇ ਪਾਪਾਂ ਦੀ ਮੈਲ ਧੋਤੀ ਜਾਂਦੀ ਹੈ। ਦੀਵਾਨ ਅਸਥਾਨ ਦੀ ਭੀੜ ਨੂੰ ਚੀਰਦੇ ਹੋਏ ਸ੍ਰੀ ਜਗਤ ਵਾਲੀ, ਸਤਿਗੁਰੂ ਜੀ ਦੇ ਚਰਨਾਂ ਤੇ ਜਾ ਡਿਗਦੇ ਹਨ। ਦੀਨ ਹੋਕੇ ਅਰਜ਼ ਕਰਦੇ ਹਨ।

"ਹੇ ਦੀਨ ਦਿਆਲ ! ਬਖਸ਼ ਲੈ, ਬਚਾ ਲੈ ਕਲੂ ਕਾਲ ਦੀਆਂ ਭਿਅੰਕਰ ਲਾਟਾਂ ਤੋਂ ਨਾਮ ਦੇ ਬੇੜੇ ਚਾੜ੍ਹਕੇ ਪਾਰ ਕਰਦੇ। ਤੇਰੇ ਬਿਨਾਂ ਸਾਡਾ ਕਿਤੇ ਟਿਕਾਣਾ ਨਹੀਂ। ਕਿਸੇ ਭੇਖ ਵਿਚ ਮਨ ਨੂੰ ਸ਼ਾਂਤੀ ਨਹੀਂ ਆਈ, ਵੜ੍ਹਾ ਫਿਰਕੇ ਦੇਖ ਲਿਆ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਨਾਲ ਜੀਵਨ ਦਾਸ ਜੀ ਨੂੰ ਭਜਨ ਦਿਤਾ ਗਿਆ, ਭਗਵੇ ਕਪੜੇ ਲੁਹਾਕੇ ਸਫੈਦ ਬਸਤ੍ਰ ਪਾਏ ਗਏ। ਭਜਨ ਪੁਛਦਿਆਂ ਹੀ ਕਾਇਆਂ ਪਲਟ ਗਈ। ਮਨ ਨੂੰ ਸ਼ਾਂਤੀ ਆ ਗਈ। ਪੂਰਨ ਗੁਰੂ ਮਿਲ ਗਿਆ।

ਉਸ ਦਿਨ ਤੋਂ ਨਾਮ ਦੀ ਅਜੇਹੀ ਰੰਗਣ ਚੜ੍ਹੀ ਕਿ ਬਿਤੀ ਮਸਤਾਨੀ ਹੋ ਗਈ।

## ੩.

ਪਰਭਾਤ ਦਾ ਸਮਾਂ ਸੀ, ਸੀਤਲ ਪੌਣ ਮੰਦ ਮੰਦ ਵਹਿ ਰਹਾ ਸੀ, ਪੰਛੀਆਂ ਨੇ ਪ੍ਰਭਾਤ ਦੇ ਸੁੰਦਰ ਦ੍ਰਿਸ਼ ਨੂੰ ਦੇਖਕੇ ਰਾਗ ਅਲਾਪਣੇ ਸ਼ੁਰੂ ਕਰ ਦਿਤੇ ਹਨ। ਜੀਵਨ ਦਾਸ ਤੋਂ, ਅੰਮ੍ਰਿਤ ਪਾਨ ਕਰਕੇ ਜੀਉਣ ਸਿੰਘ ਬਣੇ–ਓਹੋ ਉਦਾਸੀ ਸਾਧੂ ਨਾਮਧਾਰੀ ਰੂਪ ਵਿਚ, ਇਕਾਂਤ ਭਜਨ ਬੰਦਗੀ ਕਰਨ ਜਾ ਰਹੇ ਸਨ। ਕੁਝ ਨਾਂਗੇ ਸਾਧੂਆਂ ਦੀ ਮੰਡਲੀ ਮਿਲ ਗਈ। ਅਜੇਹੇ ਕਈ ਭੇਖ ਉਹਨਾਂ ਦੇਖੇ ਹੋਏ ਸਨ। ਦਿਲ ਵਿਚ ਖਿਆਲ ਆਇਆ ਕਿ ਇਹਨਾਂ ਸਾਧੂਆਂ ਨਾਲ ਕੁਝ ਬਚਨ

ਵਿਲਾਸ ਕਰੀਏ। ਨੇੜੇ ਪੁਜਕੇ ਬਾਬਾ ਜੀਉਣ ਸਿੰਘ ਜੀ ਨੇ ਵਾਰਤਾਲਾਪ ਸ਼ੁਰੂ ਕੀਤਾ:-

"ਈਸ਼੍ਵਰ ਦੇ ਪਿਆਰੇ ਭਗਤੋ! ਕੀ ਤੁਹਾਨੂੰ ਪੂਰਨ ਗੁਰੂ ਦੀ ਪ੍ਰਾਪਤੀ ਹੋ ਗਈ ਹੈ? ਕੀ ਤੁਹਾਡੇ ਦਿਲ ਵਿਚ ਪੂਰਨ ਸ਼ਾਂਤੀ ਪ੍ਰਵੇਸ਼ ਕਰ ਚੁਕੀ ਹੈ?"

"ਸਾਡੇ ਵਿਚ ਹਮੇਸ਼ਾਂ ਉਸ ਅਕਾਲ ਪੁਰਖ ਦਾ ਵਾਸ ਹੈ, ਉਹ ਸਾਨੂੰ ਇਕ ਤਿਲ ਭਰ ਵੀ ਆਪਣੇ ਨਾਲੋਂ ਜੁਦਾ ਨਹੀ ਕਰਦਾ।

"ਕੀ ਤੁਸੀਂ ਸ਼ਾਂਤੀ ਅਨੁਭਵ ਕਰਦੇ ਹੋ?"

"ਅਸੀਂ ਬੜੇ ਅਪਰਾਧੀ ਹਾਂ, ਸਾਡੇ ਮਨ ਉਨਾਂ ਚਿਰ ਸ਼ਾਂਤੀ ਅਨੁਭਵ ਨਹੀਂ ਕਰ ਸਕਦੇ ਜਿਨਾਂ ਚਿਰ ਪ੍ਰਮਾਤਮਾਂ ਦੀ ਮੇਹਰਾਂ ਤੁਠੀ ਨਿਗਾਹ ਨਾਂ ਹੋਏ।"

"ਤਾਂ ਤੁਸੀਂ ਪੂਰਨ ਗੁਰੂ ਨੂੰ ਨਹੀਂ ਮਿਲੇ, ਜੋਹੜਾ ਤੁਹਾਡੇ ਤੇ ਕ੍ਰਿਪਾ ਕਰੇ।"

ਸੰਤ ਮੰਡਲੀ ਨੇ ਖਿਆਲ ਕੀਤਾ ਕਿ ਏਹ ਤਾਂ ਕੋਈ ਸਿੱਧੀ ਵਾਲਾ ਪੁਰਖ ਮਲੂਮ ਹੁੰਦਾ ਹੈ ਜਿਸ ਨੇ ਸਾਡੀ ਅੰਦਰਲੀ ਪੀੜ ਪਛਾਣ ਲਈ ਹੈ। ਸਾਡੇ ਅਸ਼ਾਂਤ ਮਨਾਂ ਦੀ ਪਛਾਣ ਕਰ ਲਈ ਹੈ। ਫਿਰ ਬਾਬਾ ਜੀਉਣ ਸਿੰਘ ਜੀ ਤੋਂ ਪੂਰਨ ਗੁਰੂ ਦੀ ਪ੍ਰਾਪਤੀ ਦਾ ਰਸਤਾ ਪੁਛਣ ਲਗੇ। ਬਾਬਾ ਜੀ ਨੇ ਉਹਨਾਂ ਨੂੰ ਬੜਾ ਉਪਦੇਸ਼ ਦਿਤਾ ਤੇ ਸਾਰੀ ਸੰਤ ਮੰਡਲੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਉਚ ਅਸੂਲਾਂ ਦੇ ਪੈਰੋਕਾਰ ਬਣਾ ਦਿਤਾ।

ਬਾਬਾ ਜੀਉਣ ਸਿੰਘ ਜੀ ਨੇ ਆਪਣੀ ਸਾਰੀ ਆਯੂ ਭਜਨ ਬੰਦਗੀ ਕਰਦਿਆਂ ਤੇ ਗੁਰੂ ਘਰ ਦੇ ਕਲਿਆਣ ਕਾਰੀ ਅਸੂਲਾਂ ਨੂੰ ਪ੍ਰਦਾਨ ਕਰਨ ਉਤੇ ਲਾ ਦਿਤੀ।

ਆਪ ਬਾਬਾ ਬੀਰ ਸਿੰਘ ਜੀ ਚੁਨੀ ਵਾਲਿਆਂ ਦੇ ਚਾਚੇ ਸਨ। ਬੜੇ ਪੂਰਨ ਗੁਰਮੁਖ ਗੁਰ ਸਿਖ ਸਨ।

# (੨੭) ਸੰਤ ਵਸਾਵਾ ਸਿੰਘ ਜੀ ਦੁਰਗਾਪੁਰ

(ਵਲੋਂ ਸ੍ਰੀਮਾਨ ਸੰਤ ਪ੍ਰੀਤਮ ਸਿੰਘ ਜੀ "ਪੰਛੀ")

ਸੰਤ ਵਸਾਵਾ ਸਿੰਘ ਜੀ ਦਾ ਅਸਲੀ ਜਨਮ ਅਸਥਾਨ ਘਗਰਾਮ ਜ਼ਿਲਾ ਹੁਸ਼ਿਆਰ ਪੁਰ ਸੀ, ਪਰ ਸੰਤ ਜੀ ਨੇ ਅਪਣੀ ਬਹੁਤ ਸਾਰੀ ਆਯੂ ਦੁਰਗਾਪੁਰ ਜ਼ਿਲਾ ਜਲੰਧਰ ਵਿਚ ਬਤੀਤ ਕੀਤੀ। ਆਪ ਜੀ ਦੇ ਪਿਤਾ ਦਾ ਨਾਮ ਜਵਾਹਰ ਸਿੰਘ ਜੀ, ਅਤੇ ਮਾਈ ਦਾ ਨਾਮ ਹਰ ਕੌਰ ਸੀ। ਪਹਿਲੋਂ ਪਹਿਲ ਸੰਤ ਕਰਤਾਰ ਪੁਰ ਵਾਲ ਸੋਢੀਆਂ ਦੇ ਸੇਵ ਦਾਰ ਸਨ, ਅਤੇ ਸੇਵਾ ਦੇ ਇਵਜ਼ ਵਿਚ ਕੁਝ ਤਨਖਾਹ ਵੀ ਮਿਲਦੀ ਸੀ, ਇਹ ਮਹਾਤਮਾ ਕਛੌਹਰੇ ਦੇ ਮੁਢ ਤੋਂ ਹੀ ਨੇਮੀ ਸਨ।

ਇਕ ਦਿਨ ਸੋਢੀ ਸ਼ਿਕਾਰ ਖੇਡਨ ਦੇ ਖਿਆਲ ਨੂੰ ਲੈਕੇ ਕਪੂਰਥਲੇ ਵਲ ਨਿਕਲ ਤੁਰੇ, ਸੰਤ ਵਸਾਵਾ ਸਿੰਘ ਜੀ ਭੀ ਨਾਲ ਹੀ ਸਨ। ਸ਼ਿਕਾਰ ਖੇਡਿਆ, ਕਿਸੇ ਜੀਵ ਦਾ ਘਾਤ ਕੀਤਾ। ਵਾਪਸ ਕਰਤਾਰ ਪੁਰ ਔਣ ਲਈ ਸ਼ਿਕਾਰ ਖੱਚਰ ਤੇ ਲੱਦ ਲਿਆ ਤੇ ਆਪ ਸੋਢੀ ਘੋੜਿਆਂ ਤੇ ਸਵਾਰ ਹੋ ਗਏ। ਸੰਤ ਜੀ ਨੂੰ ਖੱਚਰ ਲਿਔਣ ਲਈ ਕਿਹਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੁਨੀਆਂ ਨੂੰ ਤਾਰਦੇ ਹੋਏ ਸ੍ਰੀ ਅੰਮ੍ਰਿਤਸਰ ਜੀ ਨੂੰ ਜਾ ਰਹੇ ਸਨ। ਸਤਿਗੁਰਾਂ ਦੇ ਹਜ਼ੂਰ ਬੜੀ ਸਾਧ ਸੰਗਤ ਸੀ

ਅਤੇ ਬਾਈ ਸੂਬੇ ਘੋੜਿਆਂ ਤੇ ਸਵਾਰ ਹੋਏ ਜਾ ਰਹੇ ਸਨ। ਬੜਾ ਅਜੀਬ ਪਹਿਰਾਵਾ, ਸਭਨਾਂ ਦੇ ਚਿਟੇ ਚਿਟੇ ਬਸਤ੍ਰ, ਗਲ ਉੱਨ ਦੀਆਂ ਮਾਲਾਂ ਅਤੇ ਹਥਾਂ ਵਿਚ ਗੜਵੇ ਡੋਰੀਆਂ। ਸੰਤ ਵਸਾਵਾ ਸਿੰਘ ਜੀ ਇਹ ਨਿਰਾਲੀ ਸ਼ਾਨ ਸ਼ੌਕਤ ਵਾਲੇ, ਅਨੋਖੇ ਆਦਮੀਆਂ ਨੂੰ ਵੇਖਕੇ ਠਹਿਰ ਗਏ। ਅਗੇ ਕਈ ਵਾਰ ਸੁਣਿਆ ਹੋਯਾ ਸੀ ਕਿ ਏਹ ਕੂਕੇ ਸਿੰਘ ਹਨ ਅਤੇ ਮੁਸਲਮਾਨੀ ਕਲਾਮ ਪੜ੍ਹਦੇ ਹਨ। ਦਿਲ ਵਿਚ ਖਿਆਲ ਆਇਆ ਇਹ ਕਦੇ ਨਹੀ ਹੋਸਕਦਾ ਕਿ ਇਹੋ ਜਿਹੇ ਤੇਜ ਪ੍ਰਕਾਸ਼ ਵਾਲੇ ਮਹਾਂ ਪੁਰਖ ਲੋਕਾਂ ਨੂੰ ਕੋਈ ਮੁਸਲਮਾਨੀ ਕਲਾਮ ਦਿੰਦੇ ਹੋਣਗੇ ਇਹ ਤਾਂ ਬੜੇ ਸਿੱਧ ਪੁਰਸ਼ ਮਾਲੂਮ ਹੁੰਦੇ ਹਨ।


ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਕ ਬੜਾ ਅਲੌਕਿਕ ਕੌਤਕ ਵਰਤਾਇਆ। ਸੰਤ ਵਸਾਵਾ ਸਿੰਘ ਜੀ ਦੀ ਖਚੱਰ ਜਦੋਂ ਸਤਿਗੁਰਾਂ ਦੇ ਨਜ਼ਦੀਕ ਆਈ ਇਕ ਦਮ ਪੈਰਾਂ ਤੇ ਖੜੋ ਗਈ। ਸੰਤ ਜੀ ਬੜਾ ਜ਼ੋਰ ਲੌਣ ਕਿ ਕਿਸੇ ਨ ਕਿਸੇ ਤਰਾਂ ਖੱਚਰ ਤੁਰ ਪਏ, ਪਰ ਨਾ ਹੀ ਤੁਰੀ, ਸੰਤ ਜੀ ਨੂੰ ਪੱਕਾ ਨਿਸਚਾ ਹੋਗਿਆ ਕਿ ਜਰੂਰ ਇਹ ਕੋਈ ਮਹਾਂ ਪੁਰਸ਼ ਹਨ, ਸਤਿਗੁਰੂ ਸਚੇ ਪਾਤਸ਼ਾਹ ਦੇ ਚਰਨੀਂ ਢਹਿ ਪਏ। ਸ੍ਰੀ ਗੁਰੂ ਜੀ ਨੇ ਸੂਬਿਆਂ ਨੂੰ ਹੁਕਮ ਕੀਤਾ ਕਿ ਭਾਈ! ਇਸ ਨੂੰ ਭਜਨ ਦੀ ਦਾਤ ਬਖਸ਼ੋ। ਸੰਤ ਜੀ ਦੇ ਸਰੀਰ ਉਤੇ ਪਹਿਨੇ ਹੋਏ ਸਾਰੇ ਕਪੜੇ ਪਾੜੇ ਗਏ। ਜਦੋਂ ਪਜਾਮਾਂ ਪਾੜਨ ਲਗੇ, ਸਤਿਗੁਰਾਂ ਕਿਹਾ—ਭਾਈ! ਪਜਾਮਾਂ ਨਾਂ ਪਾੜੋ, ਪਰਦਾ ਰਹਿਣ ਦਿਓ। ਵਸਾਵਾ ਸਿੰਘ ਜੀ ਨੇ ਕਿਹਾ—ਸਚੇ ਪਾਤਸ਼ਾਹ! ਮੈਂ ਕਛਹਿਰਾ ਮੁੱਢ ਤੋਂ ਹੀ ਪਹਿਨ ਰਖਿਆ ਹੈ, ਬੇਸ਼ਕ ਪਜਾਮਾ ਪਾੜਦੇਵੋ। ਸਤਿਗੁਰੂ ਜੀ ਨੇ ਫੁਰਮਾਇਆ—ਭਾਈ! ਏਹ ਤਾਂ ਸਾਡਾ ਆਦੀ ਸਿਖ ਹੈ। ਵਸਾਵਾ ਸਿੰਘ ਜੀ ਨੂੰ ਭਜਨ ਦਸਿਆ। ਬਸ, ਫੇਰ ਕੀ ਸੀ, ਕਾਇਆ ਹੀ ਪਲਟ ਗਈ। ਜਨਮਾਂ ਦੀ ਮੈਲ ਧੋਤੀ ਗਈ, ਬ੍ਰਿਰਤੀ ਮਸਤਾਨੀ ਹੋਗਈ। ਸਤਿਗੁਰੂ ਜੀ ਦੇ ਹਜ਼ੂਰ ਹੀ ਦੀਪ ਮਾਲਾ ਤੇ ਸ੍ਰੀ ਅੰਮ੍ਰਿਤਸਰ ਆ ਗਏ।

ਨੌਕਰੀ ਵਗੈਰਾ ਸਭ ਕੁਝ ਤਿਆਗ ਦਿਤੀ। ਇਕੋ ਸਤਿਗੁਰੂ ਜੀ ਦੇ ਚਰਨਾਂ ਨਾਲ ਪ੍ਰੀਤ ਲੱਗ ਗਈ। ਦੀਪ ਮਾਲਾ ਦੇਖਕੇ ਸਤਿਗੁਰਾਂ ਦੇ ਹਜ਼ੂਰ ਸ੍ਰੀ ਭੈਣੀ ਸਾਹਿਬ ਆ ਗਏ। ਸੋਢੀਆਂ ਨੇ ਕਈ ਵਾਰ ਕੋਸ਼ਸ਼ਾਂ ਕੀਤੀਆਂ ਕਿ ਸੰਤ ਜੀ ਸਾਡੇ ਪਾਸ ਆ ਜਾਣ ਪਰ ਸੰਤ ਵਸਾਵਾ ਸਿੰਘ ਜੀ ਨੇ ਸਤਿਗੁਰਾਂ ਦੇ ਚਰਨਾਂ ਨਾਲ ਜੁੜਿਆ ਰਹਿਣਾ ਹੀ ਚੰਗਾ ਸਮਝਿਆ। ਅਪਣੀ ਸਾਰੀ ਆਯੂ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਬਤੀਤ ਕੀਤੀ। ਕਈ ਕੌਤਕ ਸਾਖਯਾਤ ਡਿਠੇ। ਅੰਤ ਨੂੰ ਅਪਣੀ ਜੀਵਨ ਯਾਤਰਾ ਸਮਾਪਤ ਕਰਦੇ ਹੋਏ ੨ ਵੈਸਾਖ ੧੯੨੨ ਨੂੰ ਸਦ ਲਈ ਇਸ ਮੋਹ ਮਾਇਆ ਦੇ ਜੰਜਾਲ ਸੰਸਾਰ ਤੋਂ ਕੂਚ ਦਾ ਨਗਾਰਾ ਬਜਾ ਗਏ।

# ਸੰਤਾਂ ਦੀ ਛੁਹ

ਸੰਤਾਂ ਦੀ ਛੁਹ ਜੀਵਨ ਬਖਸ਼ੇ,
ਦੁਖੀਏ ਸੁਖੀ ਬਣਾਵੇ।
ਨਾਮ-ਸਿਤਾਰ ਮਸਤ ਕਰ ਦੇਵੇ,
ਰੱਬੀ ਗੀਤ ਜਦ ਗਾਵੇ।
ਅੰਮ੍ਰਿਤ ਬਚਨ ਅਲਾਵਨ ਬਹਿ ਜਦ,
ਝੂਮਣ ਸਭ ਨਰ ਨਾਰੀ।
ਧੂੜ ਇਨ੍ਹਾਂ ਦੀ ਬਿਖੜੇ ਮਾਰਗ,
ਪਲ ਵਿਚ ਕਟੱਦੀ ਜਾਵੇ।

[ਪ੍ਰੀਤਮ ਸਿੰਘ "ਪੰਛੀ"



ਸੰਤ ਸੁੰਦਰ ਸਿੰਘ ਜੀ ਰਿਖੀ ਲੋਪੋਕੇ



ਜੀਵਨ ਮੁਕਤ ਜਗਤ ਮਾਤ ਸ਼੍ਰੀ ਮਾਤਾ ਫ਼ਤਹ ਕੌਰ ਜੀ

# (੨੮) ਸ੍ਰੀ ਮਾਤਾ ਫਤਹ ਕੌਰ ਜੀ

ਪਰਮ ਪੂਜਨੀਯਾ ਮਾਤਾ ਫਤਹ ਕੌਰ ਜੀ ਦਾ ਜਨਮ ਬਰਾਜ ਜ਼ਿਲਾ ਹਿਸਾਰ ਵਿਚ ਹੋਇਆ ਆਪ ਜੀ ਦੇ ਪਿਤਾ ਦਾ ਨਾਉਂ ਸ੍ਰ: ਖੁਸ਼ਾਲ ਸਿੰਘ ਤੇ ਮਾਤਾ ਦਾ ਨਾਉਂ ਭਾਗਵਤੀ ਸੀ॥ ਮਾਤਾ ਭਾਗਭਰੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਸੂਬੇ ਨਰੈਣ ਸਿੰਘ ਜੀ ਖਟੜਿਆਂ ਵਾਲਿਆਂ ਤੋਂ ਓਦੋਂ ਭਜਨ ਪੁਛਿਆ ਸੀ ਜਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਂਰਾਜ ਆਪਦੇ ਪੇਕੇ ਪਿੰਡ ਗਿਲ ਰਿਆਸਤ ਨਾਭਾ ਵਿਚ ਪਧਾਰੇ ਸਨ॥ ਸ੍ਰੀਮਾਨ ਪਿਤਾ ਖੁਸ਼ਾਲ ਸਿੰਘ ਜੀ ਨੇ ੧੯੨੮ ਸੰਮਤ ਦੀ ਮਾਘੀ ਨੂੰ ਮੁਕਤਸਰ ਭਜਨ ਪੁਛਿਆ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜਸ ਕੌਰ ਜੀ ਦੀ ਚੜ੍ਹਾਈ ਦਾ ਮੇਲਾ ਸੰ: ੧੯੨੭ ਦੀ ਦੀਪਮਾਲਾ ਤੋਂ ਪਿਛੋਂ ਸ੍ਰੀ ਭੈਣੀ ਸਾਹਿਬ ਵਿਚੇ ਬੜੀ ਧੂਮ ਧਾਮ ਨਾਲ ਹੋਇਆ ਸੀ। ਮਾਤਾ ਫਤਹ ਕੌਰ ਜੀ ਆਪਣੇ ਪ੍ਰਵਾਰ ਨਾਲ ਪਹਿਲੀ ਵਾਰ ਇਸ ਮੇਲ ਤੇ ਹੀ ਸ੍ਰੀ ਭੈਣੀ ਸਾਹਿਬ ਆਏ ਸਨ। ਮਾਤਾ ਜੀ ਇਸ ਵੇਲੇ ਚਾਰ ਕੁ ਸਾਲਾਂ ਦੇ ਸਨ। ਸ੍ਰ: ਖੁਸ਼ਾਲ ਸਿੰਘ ਜੀ ਨੇ ਜਦ ਸਤਿਗੁਰਾਂ ਨੂੰ ਮਥਾ ਟੇਕਿਆ ਤਾਂ ਹਜ਼ੂਰ ਨੇ ਕਿਹਾ ਭਾਈ ਅਜੇ ਕਛਹਿਰਾ ਨਹੀਂ ਪਾਇਆ? ਉਤ੍ਰ ਦਿਤਾ ਪਾਤਸ਼ਾਹ ਹੁਣੇ ਪਾ ਲੈਂਦਾ ਹਾਂ, ਹੁਕਮ ਕੀਤਾ ਚੰਗਾ, ਘਰ ਜਾਕੇ ਪਾ ਲਵੀਂ॥ ਉਪ੍ਰੰਤ ਸਤਿਗੁਰ ਸਚੇ ਪਾਤਸ਼ਾਹ ਨੇ ਬਾਬਾ ਜੀ ਦੇ ਨਾਲ ਸੰਤ ਮਲੂਕ ਸਿੰਘ ਜੀ ਮਲਵਈ ਨੂੰ ਭੇਜਿਆ, ਜਿਨ੍ਹਾਂ ਦੇ ਨਾਲ ੩੦-੪੦ ਸਿਖ ਮਾਲਵੇ ਦੇ ਸਨ। ਬਰਾਜ ਸ੍ਰੀ ਭੈਣੀ ਸਾਹਿਬ ਤੋਂ ੮੦-੮੫ ਕੋਹ ਦੇ ਫਾਸਲੇ ਤੇ ਹੈ, ਸਿਖ ਪੈਦਲ ਹੀ ਜਾਇਆ ਕਰਦੇ ਸਨ, ਬਾਬਾ ਖੁਸ਼ਾਲ ਸਿੰਘ ਜੀ ਨੂੰ ਤੁਰਨ ਲਗਿਆਂ ਸਤਿਗੁਰਾਂ ਨੇ ਕਿਹਾ ਸੀ, ਭਾਈ ਭਜਨ ਕਰਿਆ ਕਰ। ਉਸਨੇ ਕਿਹਾ ਜੀ ਮੈਂ ਏਥੋਂ ਬਹੁਤ ਦੂਰ ਇਕ ਸਿਰੇ ਤੇ ਰਹਿੰਦਾ ਹਾਂ। ਸਤਿਗੁਰਾਂ ਨੇ ਕਿਹਾ ਭਾਈ ਬੇਲ ਨੂੰ ਸਿਰੇ ਤੇ ਫਲ ਮੋਟਾ ਲਗਦਾ ਹੈ।

## ੨.

ਬਾਬਾ ਖੁਸ਼ਾਲ ਸਿੰਘ ਜੀ ਬਾਬਾ ਮਲੂਕ ਸਿੰਘ ਜੀ ਨੂੰ ਨਾਲ ਲੈਕੇ ਬਰਾਜ ਪਹੁੰਚੇ ਤੇ ਮਾਤਾ ਜੀਊਣ ਕੌਰ, ਮਾਤਾ ਫਤਹ ਕੌਰ ਅਰ ਮਾਤਾ ਜੀ ਦੇ ਭਰਾ ਭਾਈ ਚੂਹੜ ਸਿੰਘ ਜੀ ਨੂੰ ਭਜਨ ਦੇਕੇ ਸੋਧ ਰਖਾ ਦਿਤੀ। ਮਾਤਾ ਜੀਊਣ ਕੌਰ ਜੀ ਦਸਦੇ ਹਨ ਕਿ ਉਸ ਵੇਲੇ ਦੇ ਸਾਧ ਭੂਰਿਆਂ ਤੇ ਮੋਟੇ ਖੱਦਰ ਤੋਂ ਬਿਨਾਂ ਹੋਰ ਕੋਈ ਬਸਤ੍ਰ ਨਹੀਂ ਪਹਿਨਦੇ ਸਨ। ਸੋਧ ਵੀ ਭੂਰਿਆਂ ਵਿਚ ਹੀ ਰਖਦੇ ਸਨ, ਸਾਨੂੰ ਭੂਰਿਆਂ ਦੇ ਚੋਲੇ ਬਣਵਾ ਦਿਤੇ ਸਨ। ਇਸ਼ਨਾਨ ਕਰਕੇ ਉਹ ਪਾ ਲੈਣੇ। ਲੰਗਰ ਕਰਕੇ ਫੇਰ ਲੰਗਰ ਵਾਲੀ ਕਿਲੀ ਤੇ ਝੁਲਾਕੇ ਗਾਹੜੇ ਖਦਰ ਦੇ ਬਸਤ੍ਰ ਪਹਿਨ ਲੈਣੇ। ਬਾਬਾ ਮਲੂਕ ਸਿੰਘ ਜੀ ਇਕ ਸੋਧਣ ਮਾਈ ਨੂੰ ਬਰਾਜ ਛੱਡ ਗਏ, ਜਿਸ ਨੇ ਛੇ ਮਹੀਨਿਆਂ ਤਕ ਰਹਿਕੇ ਸਾਨੂੰ ਸੋਧ ਦੀ ਜਾਚ ਸਿਖਾਈ ਸੀ।

ਸੰਮਤ ੧੯੨੭ ਵਿਚ ਖੋਟਿਓਂ (ਮਾਲਵੇ) ਵਿਚ ਹੋਲਾ ਕਰਕੇ ਸੱਚੇ ਪਾਤਸ਼ਾਹ ਨੇ ਸਾਰੇ ਮਾਲਵੇ ਦਾ ਦੌਰਾ ਕਰਦਿਆਂ ਹੋਇਆਂ ਵਸਾਖੀ ਦਮਦਮੇ ਸਾਹਿਬ ਕੀਤੀ ਸੀ, ਤੇ ਓਥੋਂ

ਸੰਗਤਾਂ ਨੂੰ ਤਾਰ ਦੇ ਹੋਏ ਬਰਾਜ ਪੁਜ ਦਰਸ਼ਨ ਦਿਤੇ ਸਨ। ਬਾਬਾ ਜੀ ਨੇ ਬਹੁਤ ਸੇਵਾ ਕੀਤੀ ਤੇ ਮਾਤਾ ਜੀ ਨੂੰ ਦਰਸ਼ਨਾਂ ਦਾ ਬੜਾ ਚਾ ਚੜ੍ਹਿਆ।

ਪਿਛੇ ਰਿਆਸਤ ਨਾਭਾ ਵਿਚ ਸਤਿਗੁਰ ਗਏ ਤਾਂ ਬਾਬਾ ਖੁਸ਼ਹਾਲ ਸਿੰਘ ਜੀ ਵੀ ਸਣੇ ਪਰਵਾਰ ਦਰਸ਼ਨ ਕਰਨ ਵਾਸਤੇ ਆਏ ਸਨ। ਮਾਤਾ ਫਤਹਕੌਰ ਜੀ ਨੂੰ ਕਿਸੇ ਸਿਖ ਨੇ ਸਤਿਗੁਰਾਂ ਦੀ ਉਸਤਤ ਸਿਖਾ ਦਿਤੀ ਕਿ ਸਚੇ ਪਾਤਸ਼ਾਹ ਤੇਰਾ ਸਰੂ ਜੇਹਾ ਕਦ ਹੈ, ਲੰਮੀ ਗਰਦਨ ਹੈ, ਅਜਾਨ ਬਾਹੂ ਹਨ, ਤਲਵਾਰ ਜੈਸਾ ਨਕ ਹੈ, ਸ਼ੇਰ ਜੈਸੀ ਕਮਰ ਹੈ-"ਆਦਿ" ਮਾਤਾ ਜੀ ਨੇ ਸਤਿਗੁਰਾਂ ਦੇ ਸਾਹਮਣੇ ਜਾਕੇ ਇਹ ਉਸਤਤ ਕੀਤੀ। ਦੀਨ ਦਿਆਲ ਜੀ ਨੇ ਆਪਣਾ ਰੁਮਾਲ ਗਲ ਵਿਚ ਪਾਕੇ ਅਜੇਹਾ ਵਟਣਾਂ ਚਾਹੜਿਆ ਕਿ ਅਖਾਂ ਦੇ ਆਨੇ ਬਾਹਰ ਆ ਗਏ। ਮਾਤਾ ਜੀ ਭਾਵੇਂ ਸਾਵੇਂ ਕੁ ਚਾਰ ਸਾਲਾਂ ਦੇ ਬਾਲ ਸਨ, ਪਰ ਰੋਏ ਨਾਂ। ਸਤਿਗੁਰਾਂ ਕਿਹਾ ਭਾਈ ਹੋਰ ਬੱਚਾ ਹੁੰਦਾ, ਤਾਂ ਡਡਿਆਣ ਲਗ ਪੈਂਦਾ, ਪ੍ਰੰਤੂ ਇਹ ਦੇਵੀ ਹੈ, ਅਕਾਲ ਪੁਰਖ ਦੀ ਸ਼ਕਤੀ ਹੈ। (੪)

ਉਪ੍ਰੰਤ ਸਤਿਗੁਰਾਂ ਨੇ ਮਾਤਾ ਜੀ ਨੂੰ ਕਿਹਾ ਕਿ ਦੇਵੀ! ਅਗੋਂ ਨੂੰ ਇਹ ਸਿਫਤ ਕਦੇ ਨਹੀ ਕਰਨੀ। ਹੁਣ ਜਦ ਮੇਰੇ ਕੋਲ ਆਵੇਂਗੀ ਤਾਂ ਬਾਣੀ ਕੰਠ ਕਰਕੇ ਲਿਆਵੀਂ ਇਹ ਗਲ ਹਾੜ ੧੯੨੮ ਦੀ ਹੈ।

ਉਪਰੰਤ ਮਾਤਾ ਜੀਉਣ ਕੌਰ ਹੋਰੀ ਅਤੇ ਮਾਤਾ ਫਤਹ ਕੌਰ ਜੀ ਆਪਣੇ ਪਿਤਾ ਨਾਲ ਸੰਮਤ ੧੯੧੮ ਦੀ ਮਾਘੀ ਨੂੰ ਆਏ। ਮਾਤਾ ਫਤਹ ਕੌਰ ਜੀ ਨੂੰ ਦਰਸ਼ਨ ਦੀ ਏਨੀ ਖਿਚ ਲਗੀ ਕਿ ਸਭ ਤੋਂ ਪਹਿਲੋਂ ਜਾ ਨਮਸਕਾਰ ਕੀਤੀ। ਜਦ ਪਿਤਾ ਜੀ ਆਏ ਤਾਂ ਸਤਿਗੁਰਾਂ ਕਿਹਾ ਭਾਈ ਇਹ ਦੇਵੀ ਕਦੋਂ ਦੀ ਏਥੇ ਖੜੀ ਹੈ? ਇਹ ਕਿਸਦੇ ਨਾਲ ਆਈ ਹੈ? ਬਾਬਾ ਜੀ ਨੇ ਕਿਹਾ ਸਾਥੋਂ ਪਹਿਲੋਂ ਹੀ ਦੌੜ ਆਈ ਹੈ। ਹੁਣ ਸਤਿਗੁਰ ਸਚੇ ਪਾਤਸ਼ਾਹ ਨੇ ਆਪਣੀ ਰਸਨਾਂ ਨਾਲ ਕਿਹਾ ਦੇਵੀ! ਸ਼ਬਦ ਸੁਣਾ। ਮਾਤਾ ਜੀ ਨੇ ਇਹ ਸੁਣਾਇਆ ਤੁਧ ਧਿਆਇਨ ਬੇਦ ਕਤੇਬਾ ਸਣ ਖੜੇ ਗਿਣਤੀ ਗਿਣੀ ਨਾਂ ਜਾਈ ਤੇਰੇ ਦਰ ਪੜੇ ਇਹ ਸਾਰਾ ਸਬਦ ਤੇ ਆਸਾ ਦੀ ਵਾਰ ਦਾ ਇਹ ਸਲੋਕ-"ਕੂੜ ਰਾਜਾ ਕੂੜ ਪਰਜਾ ਕੂੜ ਸਭ ਸੰਸਾਰ॥" ਸ਼ਬਦ ਸੁਣਕੇ ਦੀਨ ਦਿਆਲ ਜੀ ਬਹੁਤ ਖੁਸ਼ ਹੋਏ। ਸਤਿ ਗੁਰਾਂ ਮਾਤਾ ਜੀ ਦੇ ਮਾਮੇ (ਜਿਨ੍ਹੂੰ ਗੌਤਮ ਰਿਖੀ ਕਹਿੰਦੇ ਸਨ ਨੂੰ ਛੋਲੇ ਲਿਔਣ ਵਾਸਤੇ ਕਿਹਾ, ਅਤੇ ਮਾਤਾ ਫਤਹ ਕੌਰ ਹੁਰਾਂ ਨੂੰ ਸੰਤਰੇ ਦਾ ਪਸ਼ਾਦ ਦਿਤਾ। ਸਤਿਗੁਰਾਂ ਦੀ ਪੁਤ੍ਰੀ ਬੀਬੀ ਨੰਦਾਂ ਦਾ ਕਾਕਾ ਰੋਂਦਾ ਸੁਣਕੇ ਹਜ਼ੂਰ ਨੇ ਪੁਛਿਆ, ਇਹ ਕਿਉਂ ਰੋਂਦਾ ਹੈ? ਬੀਬੀ ਜੀ ਨੇ ਕਿਹਾ ਕਿਸੇ ਦੀ ਕੁੜੀ ਖਲੋਤੀ ਸੀ। ਉਸਤੋਂ ਸੰਤਰਾਂ ਲੈਕੇ ਦਿਤਾ ਸੀ। ਉਹ ਡਿਗ ਪੈਣ ਕਰਕੇ ਰੋਂਦਾ ਹੈ। ਸਚੇ ਪਾਤ-ਸ਼ਾਹ ਨੇ ਕਿਹਾ ਉਹ ਕੁੜੀ ਕਿਸੇ ਦੀ ਨਹੀਂ ਆਪਣੀ ਹੀ ਹੈ। ਦੂਜੇ ਦਿਨ ਬਾਬਾ ਖੁਸ਼ਾਲ ਸਿੰਘ ਜੀ ਇਕੱਲੇ ਹੀ ਦਰਸ਼ਨ ਕਰਨ ਗਏ। ਸਤਿਗੁਰ ਤਬੇਲੇ ਵਿਚ ਬੈਠੇ ਹੋਏ ਸਨ। ਮੱਥਾ ਟੇਕਿਆ ਤਾਂ ਕਿਹਾ ਕਿ ਅਜ ਦੇਵੀਆਂ ਨੂੰ ਕਿਉਂ ਨਹੀਂ ਲਿਆਏ। ਫੇਰ ਮਾਤਾ ਜੀ ਨੂੰ ਲਿਆ ਕੇ ਨਮਸਕਾਰ ਕਰਾਈ। ਚਾਰ ਦਿਨ ਰਹਿਕੇ ਜਦ ਬਰਾਜ ਨੂੰ ਚੱਲੇ ਤਾਂ ਬਾਬਾ ਜੀ ਨੇ ਅਰਜ ਕੀਤੀ, ਜੀ ਮੈਂ ਹੁਣ ਬੱਚੀਆਂ ਨੂੰ ਘਰ ਕਿਵੇਂ ਲੈਕੇ ਜਾਊਂਗਾ। ੯੦-੯੫ ਕੋਹ ਬਾਟ ਹੈ,

ਤੇ ਕੱਲਾ ਸਰੀਰ ਹਾਂ। ਸਤਿਗੁਰਾਂ ਨੇ ਕਿਹਾ ਕਿ 'ਭਾਈ ਚੁਪ ਕਰਕੇ ਚਲਿਆ ਜਾਵੀਂ, ਨਾਂ ਤੂੰ ਕਿਸੇ ਨੂੰ ਬੁਲਾਈਂ, ਨਾਂ ਕੋਈ ਤੈਨੂੰ ਬੁਲਾਊਗਾ।' ਸੋ ਏਵੇਂ ਹੀ ਹੋਇਆ। ਏਹ ਬਾਰਤਾ ਉਦੋਂ ਦੀ ਹੈ, ਜਦ ਨਾਮਧਾਰੀ ਸ਼ਹੀਦਾਂਨੇ ਗਊ ਰਖਿਆਅਰਥਮਲੇਰ ਕੋਟਲੇਤੇਚੜ੍ਹਾਈਕੀਤੀਸੀ।

## ੫.

ਸੰਮਤ ੧੯੪੬ ਵਿਚ ਮਾਤਾ ਜੀਉਣ ਕੌਰ ਤੇ ਮਾਤਾ ਫਤਹ ਕੌਰ ਜੀਦਾ ਅਨੰਦ ਕਾਰਜ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨਾਲ ਹੋਇਆ। ਸਤਿਗੁਰ ਸਚੇ ਪਾਤਸ਼ਾਹ ਦੇ ਚਰਨਾਂ ਨਾਲ ਆਪਦਾ ਅਤਜੰਤ ਹੀ ਪ੍ਰੇਮ ਸੀ।

ਮਾਤਾ ਜੀਨੇ ਅਪਣੀ ਆਯੂ ਵਿਚ ਜੋ ਸ੍ਰੀ ਭੈਣੀ ਸਾਹਿਬ ਵਿਚ ਰਹਿਕੇ ਅਤੇ ਸੰਗਤ ਵਿਚ ਵਿਚਰਕੇ ਸਾਧ ਸੰਗਤਦੀ ਸੇਵਾ ਕੀਤੀ ਹੈ ਉਹ ਕਿਸੇ ਤੋਂ ਭੁਲੀ ਹੋਈ ਨਹੀਂ, ਅਜੇ ਕਲ ਦੀ ਗਲ ਹੈ। ਆਪ ਜੀ ਦੇ ਅੰਦਰ ਸੇਵਾ ਭਾਵ ਐਸਾ ਪ੍ਰਬਲ ਸੀ, ਕਿ ਜੇ ਕੋਈ ਸਿਖ ਬੀਮਾਰ ਹੋ ਜਾਂਦਾ, ਤਾਂ ਉਸਦਾ ਵਿਸ਼ਟਾ ਤਕ ਆਪਣੇ ਹਥਾਂ ਨਾਲ ਸਾਫ ਕਰਦੇ। ਰਤਾ ਵੀ ਗਿਲਾਨੀ ਨਹੀਂ ਕਰਦੇ ਸਨ।

ਆਪਨੇ ਅਪਣੇ ਜੀਵਨ ਵਿਚ ਵਖੋ ਵਖਰੇ ਸਮਿਆਂ ਤੇ ਜੋ ਪੰਥ ਦੀ ਸੇਵਾ ਕੀਤੀ ਹੈ, ਉਹ ਸੁਨਹਿਰੀ ਅੱਖਰਾਂ ਵਿਚ ਲਿਖੀ ਜਾਣ ਯੋਗ ਹੈ। ਬਾਵਜੂਦ ਜਗਤ ਮਾਤਾ ਹੋਣ ਦੇ ਇਤੇ ਨਿਰਮਾਣ ਹੋਣਾਂ ਆਪ ਜੀ ਦਾ ਹੀ ਹਿੱਸਾ ਸੀ। ਮੈਂ ਜਦੋਂ ਵੀ ਮਿਲਦਾ ਸਾਂ ਗਲ ਨਾਲ ਲਾਕੇ ਮਲੋ ਮਲੀ ਆਪਣੇ ਕੋਲ ਮੰਜੇਤੇ ਬਿਠਾ ਲੈਂਦੇ ਸਨ। ਇਕ ਵਾਰ ਜਦ ਆਪ ਗੁਜਰਾਂ ਵਾਲੇ ਮੇਰੇ ਡੇਰੇ (ਬਾਬੇ ਦੀ ਝੁਗੀ) ਦਰਸ਼ਨ ਦੇਣ ਗਏ ਤਾਂ ਮੈਨੂੰ ਆਖਿਆ, ਮੈਨੂੰ ਸੇਠਣੀਆਂ ਜੋਰ ਲਾ ਰਹੀਆਂ ਪਰ ਮੈਂ ਕਿਹਾ ਮੈਂ ਤਾਂ ਅਜ ਆਲਮੰਦੀ ਝੁਗੀ ਹੀ ਜਾਊਂਗੀ।

ਆਪਦੇ ਸੇਵਕ ਸ੍ਰੀਮਾਨ ਸੰਤ ਸੁੰਦਰ ਸਿੰਘ ਜੀ (ਬਿਸਕੁਟ) ਬਹੁਤ ਚਿਰ ਤਕ ਆਪ ਦੀ ਸੇਵਾ ਵਿਚ ਰਹੇ ਹਨ। ਅੰਤ ਸਮੇਂ ਆਪਨੇ, ਸ੍ਰੀ ਮਾਤਾ ਜੀਉਣ ਕੌਰ ਨੇ ਅਤੇ ਬੀਬੀ ਕਿਸ਼ਨ ਕੌਰ ਨੇ ਬਹੁਤ ਸੇਵਾ ਕੀਤੀ। ਆਪ ਜੀ ਦੇ ਅੰਤਮ ਸਮਾਚਾਰ "ਸਤਿਜੁਗ" ਅਖਬਾਰ ਵਿਚ ਪ੍ਰਕਾਸ਼ਿਤ ਹੋ ਚੁਕੇ ਹਨ। ਆਪਨੇ ਸ੍ਰੀ ਭੈਣੀ ਸਾਹਬ ਵਿਖੇ ੩੦ ਫਗਣ ਸੰ: ੧੯੯੬ ਨੂੰ ਅੰਮ੍ਰਿਤ ਵੇਲੇ ੧ ਬਜਕੇ ੧੧ ਮਿੰਟ ਤੇ ਚੜ੍ਹਾਈ ਕੀਤੀ। ਚੜ੍ਹਾਈ ਤੋਂ ਪਹਿਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਪੰਥ ਦੇ ਮੁਖੀ ਮੁਖੀ ਮਹਾਂਪੁਰਖਾਂ ਦੇ ਦਰਸ਼ਨ ਕੀਤੇ। ਆਪਦਾ ਸੰਪੂਰਨ ਜੀਵਨ ਜੇ ਸਮਾਂ ਮਿਲਿਆ ਤਾਂ ਫੇਰ ਪ੍ਰਕਾਸ਼ਿਤ ਕੀਤਾ ਜਾਵੇਗਾ। ਅਗੇ ਜੋ ਰਜ਼ਾ।

("ਆਲਿਮ")

ਸੋਰਠਿ ਮਹਲਾ ੫ ॥ ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ ॥ ਸੰਤਪ੍ਰਸਾਦਿ ਹਰਿ ਨਾਮੁ ਧਿਆਇਆ ਸਰਬ ਕੁਸਲ ਤਬ ਥੀਆ ॥ ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥ ਕੋਟਿ ਪਰਾਧ ਮਿਟਹਿ ਜਨ ਸੇਵਾ ਹਰਿ ਕੀਰਤਨੁ ਰਸਿ ਗਾਈਐ ॥ ਈਹਾ ਸੁਖੁ ਆਗੈ ਮੁਖ ਊਜਲ ਜਨ ਕਾ ਸੰਗੁ ਵਡਭਾਗੀ ਪਾਈਐ ॥ ੨ ॥ ਰਸਨਾ ਏਕ ਅਨੇਕ ਗੁਣ ਪੂਰਨ ਜਨ ਕੀ ਕੇਤਕ ਉਪਮਾ ਕਹੀਐ ॥ ਅਗਮ ਅਗੋਚਰ ਸਦ ਅਬਿਨਾਸੀ ਸਰਣਿ ਸੰਤਨ ਕੀ ਲਹੀਐ ॥ ੩ ॥ ਨਿਰਗੁਨ ਨੀਚ ਅਨਾਥ ਅਪਰਾਧੀ ਓਟ ਸੰਤਨ ਕੀ ਆਹੀ ॥ ਬੂਡਤ ਮੋਹ ਗ੍ਰਿਹ ਅੰਧ ਕੂਪ ਮਹਿ ਨਾਨਕ ਲੇਹੁ ਨਿਬਾਹੀ ॥ ੪ ॥ ੭ ॥

# (੨੯) ਪੰਥ ਦੇ ਅਨਮੁਲੇ ਹੀਰੇ

(ਵਲੋਂ ਸੂਬਾ ਸੱਜਾ ਸਿੰਘ ਜੀ ਮੁਠੱਡੇ)

## (ੳ) ਬਾਵਾ ਰਘੁਬੀਰ ਸਿੰਘ ਜੀ

(ੳ) ਬਾਵਾ ਰਘੁਬੀਰ ਸਿੰਘ ਜੀ ਦਾ ਜਨਮ ਰੁੜਕਾ ਕਲਾਂ ਜਿ: ਜਲੰਧਰ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਦੂਲਾ ਸਿੰਘ ਸੀ ਆਪ ਬਚਪਨ ਵਿਚ ਹੀ ਘਰ ਦੇ ਦੁਨੀਆਵੀ ਧੰਧੇ ਤਿਆਗਕੇ ਸਾਧੂ ਹੋਗਏ। ਮਨ ਨੂੰ ਸ਼ਾਂਤੀ ਨਾ ਆਈ। ਆਖਰ ਪੂਰਾ ਗੁਰੂ ਮਿਲ ਗਿਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਆ ਗਏ। ਭਜਨ ਪੁਛਕੇ ਜਨਮ ਸਫਲਾ ਕੀਤਾ। ਆਪ ਵਿਦਯਾ ਵਿਚ ਵੀ ਬੜੇ ਨਿਪੁੰਨ ਸਨ। ਸ੍ਰੀ ਸਤਿਗੁਰੂ ਜੀ ਆਪ ਨੂੰ ਬ੍ਰਹਮਾਂ ਦਾ ਅਵ-ਤਾਰ ਕਿਹਾ ਕਰਦੇ ਸਨ। ਬੜੇ ਤਿਆਗੀ ਮਹਾਂ ਪੁਰਸ਼ ਸਨ,, ਬਿਨਾ ਰੁੱਖਾ ਮਿਸਾਪ੍ਰਸਾਦ ਛਕਣ ਤੋਂ ਕਿਸੇ ਪਦਾਰਥ ਦੀ ਇੱਛਾ ਨਹੀਂ ਸਨ ਕਰਦੇ। ਜਤ,ਸਤ, ਵਿਚ ਪੂਰੇ ਸਨ। ਆਪਣੀ ਸਾਰੀ ਆਯੂ ਸਤਿਗੁਰਾਂ ਦੇ ਹੁਕਮ ਅਨੁਸਾਰ ਵਿਦਿਆ ਪੜ੍ਹਾਉਣ ਵਿਚ ਖਰਚ ਕੀਤੀ। ਇਤ ਨੇ ਨਿਰਮੋਹ ਸਨ ਕਿ ਭਜਨ ਪੁਛਕੇ ਪਿੰਡ ਨਹੀਂ ਗਏ,ਜੇ ਕਿਸੇ ਨੇ ਕੋਈਮਾਇਆ ਦੇਣੀ, ਗੁਰੂ ਕੇ ਲੰਗਰ ਸ੍ਰੀ ਭੈਣੀ ਸਾਹਿਬ ਭੇਜਦੇਣੀ।

ਆਪ ਮੇਰੇ ਵਿਦਯਾ ਗੁਰੂ ਸਨ।

## (ਅ) ਸੰਤ ਨਿਹਾਲ ਸਿੰਘ ਜੀ ਮੁਠੱਡਾ ਕਲਾਂ

ਸੰਤ ਨਿਹਾਲ ਸਿੰਘ ਜੀ ਦਾ ਜਨਮ ਪਿੰਡ ਮੁਠਡੇ ਕਲਾਂ ਜਿਲਾ ਜਲੰਧਰ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਕਾਹਨਾਂ ਤੇ ਮਾਤਾ ਦਾ ਨਾਮ ਸੱਦਾਂ ਸੀ। ਜਾਤ ਦੇ ਘੁਮਿਆਰ ਸਿੰਘ ਸਨ। ਜਦ ਤੋਂ ਭਜਨ ਪੁਛਿਆ,ਬਿਰਤੀ ਮਸਤਾਨੀ ਹੋ ਗਈ। ਮੜ੍ਹੀਆਂ ਵਿਚ ਨਿਵਾਸ ਰਖਨਾ। ਰਸਤੇ ਜਾਂਦੇ ਕੁੱਤੇ ਬਿਲਿਆਂ ਵਗੈਰਾ ਪਸ਼ੂ ਪੰਛੀਆਂ ਨੂੰ ਮਥਾ ਟੇਕਣਾ। ਕਈ ਵਾਰੀ ਮਸਤੀ ਵਿਚ ਆਕੇ ਕਛਹਿਰਾ ਲਾਹ ਦੇਣਾ। ਇਕ ਪਾਉਂਚਾ ਪਾਈ ਰਖਨਾਂ ਕਛਹਿਰਾ ਮੋਢੇ ਤੇ ਰਖ ਲੈਣਾ। ਇਸੇ ਨਗਨ ਹਾਲਤ ਵਿਚ ਪਿੰਡ ਵਿਚ ਚਲੇ ਜਾਣਾ। ਆਪ ਮੰਗਕੇ ਪ੍ਰਸਾਦਾ ਛਕਨਾ। ਜੇ ਕੋਈ ਨਵਾਂ ਬਸਤ੍ਰ ਪਹਿਨਣ ਲਈ ਦੇਵੇ ਘੜੀ ਦੋ ਘੜੀ ਪਾਕੇ ਕਿਸੇ ਗਰੀਬ ਗੁਰਬੇ ਨੂੰ ਦੇ ਦੇਣਾ ਜਾਂ ਸੁਟ ਛਡਣਾ।

ਕਦੇ ਕਦਾਈਂ ਆਪਣੇ ਦੋਵੇਂ ਕੰਨ ਫੜਕੇ ਖਿਚਣੇਂ,ਤੇ ਮੜ੍ਹੀਆਂ ਦੇ ਆਲੇ ਦੁਆਲੇ ਘੁਮੀਂ ਜਾਣਾ ਤੇ ਨਾਲੇ ਕਹਿਣਾ 'ਨਿਕਲ ਜਾ ਦੁਸ਼ਟਾ! ਨਿਕਲਜਾ ਬੁਚੜਾ! ਸਾਡੀ ਜੂਹਵਿਚੋਂ ਨਿਕਲ ਜਾ!! ਬੜੇ ਅਗੰਮੀ ਬਚਨ ਕਰਨੇ।

ਇਕ ਦਿਨ ਦਾ ਜ਼ਿਕਰ ਹੈ ਕਿ ਆਪ ਮਸਤਾਨੇ ਹੋਕੇ ਮੜ੍ਹੀਆਂ ਵਿਚ ਬੈਠੇ ਸਨ। ਆਪਣੇ ਆਪ ਚਿ ਇਉਂ ਗਲਾਂ ਕਰ ਰਹੇ ਸਨ।

ਓ ਮਲੇਛ! ਓ ਬੁਚੜ! ਭਾਈ ਹਮੀਰੇ ਤੇਲੀ ਤੈਨੂੰ ਅਸੀਂ ਬੜਾ ਭਲਾਮਾਣਸ ਸਮਝਦੇ ਸਾਂ ਪਰ ਅਜ ਸ਼ਹਿਰੋਂ ਗਊਦਾ ਮਾਸ ਲਿਆਇਆ ਏਂ ਇਹ ਤੇਰੇ ਲਈ ਕਰਨਾ ਸੋਭਦਾ ਸੀ? ਹੁਣ ਸਾਡਾ ਏਥੇ ਰਹਿਣ ਦਾ ਕੀ ਧਰਮ। ਸੰਤ ਦਾ ਇਹ ਬਚਨ ਗਾਂਧੀ ਖਾਂ ਰਾਜਪੂਤ ਦੁਸਾਂਝਾਂ ਵਾਲੇ ਦੇ ਕੰਨੀ ਪੈਗਿਆ। ਜੋ, ਅਚੇਤ

ਉਸੇ ਰਸਤੇ ਜਾ ਰਹਿਆ ਸੀ।

ਗਾਂਧੀ ਖਾਂ ਵਾਪਸ ਹਮੀਰੇ ਤੇਲੀ ਦੇ ਘਰ ਗਿਆ। ਜਾਕੇ ਪੁਛਣ ਲੱਗਾ –"ਤੂੰ ਸ਼ਹਿਰ ਭੀ ਗਿਆ ਸੀ ਓਥੋਂ ਕੀ ਲਿਆਇਆ ਹੈ।" ਹਮੀਰੇ ਤੇਲੀ ਨੇ ਕਿਹਾ–ਮੈਂ ਸ਼ਹਿਰ ਤਾਂਗਿਆ ਸਾਂ ਪਰ ਲਿਆਂਦਾ ਕੁਝ ਨਹੀਂ। ਜਦ ਗਾਂਧੀਂ ਖਾਂ ਨੇ ਦਸਿਆ ਕਿ--ਮੜੀਆਂ ਵਾਲਾ ਮਸ-ਤਾਨਾ ਕਹਿੰਦਾ ਸੀ ਕਿ ਤੂੰ ਅਜ ਸ਼ਹਿਰੋਂ ਗਊਦਾ ਮਾਸ ਲਿਆਂਦਾ ਹੈ। ਹਮੀਰਾ ਤੇਲੀ ਮੰਨ ਗਿਆ ਤੇ ਓਹ ਮਾਸ ਦਬ ਦਿਤਾ। ਮੜੀਆਂ ਵਿਚ ਸੰਤ ਜੀ ਕੋਲ ਆਕੇ ਹਮੀਰੇ ਨੇ ਭੁਲੱ ਬਖਸ਼ਾਈ। ਤੇ ਸਦਾ ਲਈ ਸੰਤ ਜੀ ਦਾ ਸੇਵਕ ਬਣ ਗਿਆ। ਸਾਰੀ ਜ਼ਿੰਦਗੀ ਇਸਤਰਾਂ ਮਸਤਾਨੀ ਬਿਰਤੀ ਵਿਚ ਭਜਨ ਕਰਦਿਆਂ ਬਤੀਤ ਕੀਤੀ।

## (ੲ) ਸੰਤ ਪ੍ਰਤਾਪ ਸਿੰਘ ਜੀ ਭਦਾ-ਣਿਆਂ ਵਾਲੇ

ਸੰਤ ਪ੍ਰਤਾਪ ਸਿੰਘ ਜੀ ਦਾ ਅਸਲੀ ਜਨਮ ਪਾਲ ਕਦੀਮ ਜਿਲਾ ਜਲੰਧਰ ਸੀ ਪਰ ਤੇਰਾਂ ਸਾਲ ਦੀ ਅਵਸਥਾ ਵਿਚ ਹੀ ਪਿੰਡੋਂ ਚਲੇ ਗਏ। ਆਪ ਜੀ ਦੇ ਪਿਤਾ ਦਾ ਨਾਮ ਸਾਹਿਬ ਸਿੰਘ ਤੇ ਮਾਤਾ ਦਾ ਨਾਮ ਖੇਮ ਕੌਰ ਸੀ। ਸੰਤ ਸੰਪੂਰਨ ਸਿੰਘ ਜੀ ਕੋਲ ਭੋਰੇ ਵਿਚ ਬੜਾ ਭਜਨ ਕੀਤਾ। ਜੇ ਕਿਸੇ ਦਿਨ ਅੰਮ੍ਰਿਤ ਵੇਲੇ ਸੰਤ ਸੰਪੂਰਨ ਸਿੰਘ ਜੀ ਨੇ ਆਪਨੂੰ ਨਾ ਜਗਾਉਣਾ ਤਾਂ ਆਪਨੇ ਸੰਪੂ-ਰਨ ਸਿੰਘ ਜੀ ਨਾਲ ਲੜ ਪੈਣਾ। ਜੇ ਜਾਗਆਿ ਗਈ, ਤਾਂ ਇਕਲਿਆਂ ਹੀ ਇਸ਼ਨਾਨ ਕਰਕੇ ਈਸ਼ਵਰ ਦੇ ਚਰਨਾਂ ਵਿਚ ਧਿਆਨ ਲਾਉਣਾ। ਸੰਤ ਸੰਪੂਰਨ ਸਿੰਘ ਜੀ ਕੋਲੋਂ ਆਗਿਆ ਲੈਕੇ ਆਪ ਪਿੰਡ ਬਾਧ ਜਿਲਾ ਹੁਸ਼ਿਆਰ ਵਿਖੇ ਆ ਗਏ ਏਥੇ ਆਕੇ ਬੜੀ ਭਗਤੀ ਕੀਤੀ। ਆਪ ਸੋਹੰ ਦਾ ਜਾਪ ਕਰਿਆ ਕਰਦੇ ਸਨ। ਬਾਧ ਤੋਂ ਆਪ ਗੰਗਾ ਸਿੰਘ ਦੀ ਪੰਡੋਰੀ ਆਗਏ। ਏਥੇ ਆਕੇ ਵੀ ਨਾਮ ਜਪਨ ਅਤੇ ਜਪਾਉਣ ਵਿਚ ਲੱਗ ਗਏ। ਸਾਰਾ ਨਗਰ ਆਪਦਾ ਸੇਵਕ ਹੋ ਗਿਆ।

ਫਿਰ ਪਧਾਣੀਂ ਆਗਏ। ਬਾਣੀ ਨਾਲ ਆਪ ਦਾ ਬੜਾ ਪ੍ਰੇਮ ਸੀ। ਇਕ ਵੇਰਾਂ ਸੰਤ ਮਾਨ ਸਿੰਘ ਜੀ ਭਾਈ ਘਨਜਾ ਸਿੰਘ ਜੀ ਬਾਬਾ ਵਜ਼ੀਰ ਸਿੰਘ ਜੀ ਅਤੇਮੈਂ (ਸੂਬਾ ਸੱਜਾ ਸਿੰਘਜੀ) ਪਧਾਣੀ ਗਏ। ਮੈਂਸੰਤਾਂ ਨੂੰ ਟਿਕੇਦੀ ਵਾਰ ਦਾਪਾਠਸ਼ੁਧ ਕਰਕੇ ਸੁਣਾਇਆ ਆਪ ਸੁਣਕੇ ਬਹੁਤ ਖੁਸ਼ ਹੋਏ। ਇਸਤ੍ਰਾਂ ਭਜਨ ਸਬੰਧੀ ਵੀ ਚਲ ਪਏ। ਸੰਤ ਮਾਨ ਸਿੰਘ ਜੀ ਨੇ ਕਿਹਾ–ਆਪ ਇਸ ਵਰਤਮਾਨ ਸਮੇਂ ਦਾ ਭਜਨ ਕਰਿਆ ਕਰੋ। ਇਸ ਕਲਜੁਗ ਵਿਚ ਅਨੰਤ ਕਲਾ ਵਾਲੇ ਠਾਕਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਵਤਾਰ ਧਾਰਿਆ ਹੋਇਆ ਹੈ ਉਹਨਾਂ ਦੀ ਸ਼ਰਨ ਲਵੋ। ਇਹ ਬਚਨ ਬਿਲਾਸ ਹੋ ਹੀ ਰਹੇ ਸਨ ਕਿ ਪਿੰਡ ਦੇ ਰਹਿਣ ਵਾਲੇ ਸੂ: ਨੱਥਾ ਸਿੰਘ ਜੀ ਭੀ ਆ ਗਏ। ਕਹਿਣ ਲੱਗੇ ਅਸੀਂ ਤਾਂ ਭੈਣੀ ਸਾਹਿਬ ਜਾਵਾਂਗੇ, ਜ ਸਾਨੂੰ ਪੁਲਸ ਰੋਕ ਟੋਕ ਨਾਂ ਕਰੇ। ਸੰਤ ਮਾਨ ਸਿੰਘ ਜੀ ਨੇ ਕਿਹਾ–ਜੇ ਤੁਹਾਡੀ ਭਾਵਨਾਂ ਏਸੇ ਤ੍ਰਾਂ ਹੈ ਤਾਂ ਸਤਿਗੁਰ ਜਰੂਰ ਪੂਰੀ ਕਰੇਗਾ।

ਸਾਰੇ ਭਜਨ ਪੁਛਣ ਦੇ ਚਾਹਵਾਨ ਸਜਨ ਭੈਣੀ ਸਾਹਿਬ ਆਏ-ਪੁਲਿਸ ਵਗੈਰਾ ਕਿਸੇ ਨੇ ਵੀ ਰੋਕਿਆ ਨਾਂ–ਸਤਿਗੁਰੂ ਦੇ ਦਰਸ਼ਨ ਕੀਤੇ।

ਸੰਤ ਪ੍ਰਤਾਪ ਸਿੰਘ ਜੀ ਨੇ ਗੁਰੂ ਹਰੀ ਸਿੰਘ ਜੀ ਅਗੇ ਅਰਜ ਕੀਤੀ–ਭਜਨ ਦਸੋ।

ਸਤਿਗੁਰੂ ਜੀ ਨੇ ਕਿਹਾ–ਤੁਸੀਂ ਤਾਂ ਅਗੇ ਹੀ ਭਜਨ ਕਰਦੇ ਹੋ ਤੇ ਹੋਰਨਾਂ ਨੂੰ ਜਪਾਉਦੇ ਹੋ।

ਆਪ ਜੀ ਨੇ ਕਿਹਾ–ਮੈਂ ਦੁਹਾਟਾ ਖੂਹ ਚਲਾ ਲਿਆ ਕਰਾਂਗਾ। ਸਤਿਗੁਰਾਂ ਭਜਨ ਦਸਿਆ ਰੰਗ ਚੜ ਗਏ। ਉਸ ਦਿਨ ਤੋਂ ਬਿਰਤੀ ਮਸਤਾਨੀ ਹੋ ਗਈ। ਸਾਰੀ ਆਯੂ ਭਜਨ ਕਰਦਿਆਂ ਹੀ ਬਤੀਤ ਕੀਤੀ।

### (ਸ) ਸੰਤ ਮਾਨ ਸਿੰਘ ਜੀ ਹਕੀਮਪੁਰ

ਸੰਤ ਮਾਨ ਸਿੰਘ ਜੀ ਹਕੀਮ ਪੁਰ ਜਿਲਾ ਜਲੰਧਰ ਦੇ ਵਸਨੀਕ ਸਨ। ਆਪਦੇ ਪਿਤਾ ਦਾ ਨਾਮ ਸੁਖਾਸਿੰਘ ਤੇ ਮਾਤਾ ਦਾ ਨਾਮ ਰਾਜਾਂ ਸੀ। ਸਿਰ ਅਤੇ ਗਲ ਵਿਚ ਚਕਰ ਸਜਾਕੇ ਰਖਿਆ ਕਰਦੇ ਸਨ। ਵੀਹ ਕੋਹ ਪੈਂਡਾ ਆਪ ਪਊਇਆਂ ਸਹਿਤ ਕਰ ਲੈਂਦੇਸਨ, ਬੜੇ ਸਡੌਲ ਨੌ ਜਵਾਨ ਸਨ। ਜਤ ਸਤ ਵਿਚ ਪੂਰੇ ਸਨ। ਸੁਚ ਸੋਧ ਦੇ ਏਤਨੇ ਧਾਰਨੀ ਸਨ ਕਿ ਸ੍ਰੀ ਭੈਣੀ ਸਾਹਿਬ ਲੰਗਰ ਤੋਂ ਬਿਨਾਂ ਕਿਸੇਦੇ ਹਥ ਦਾ ਪ੍ਰਸ਼ਾਦਾ ਨਹੀਂ ਸਨ ਛਕਦੇ। ਆਪ ਰੋਜ਼ ਨਿਤਨੇਮ ਅਨੁਸਾਰ ਪੰਜ ਮਾਲਾ, ਦੋ ਪਾਠ ਜਪੁ ਜੀ ਸਾਹਿਬ ਦੇ, ਦੋ ਸੁਖਮਨੀ ਸਾਹਿਬ ਦੇ ਕਰਿਆ ਕਰਦੇ। ਇਕ ਵਾਰ ਆਪ ਨੇ ਸ੍ਰੀ ਭੈਣੀ ਸਾਹਿਬ ਆਕੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਹਜ਼ੂਰ ਅਰਜ਼ ਕੀਤੀ ਕਿ–ਹੇ ਸਚੇ ਪਾਤਸ਼ਾਹ ਮੇਰੇ ਕਛਹਿਰੇ ਦਾ ਪਊਂਚਾ ਲੱਥ ਗਿਆ ਹੈ ਸਤਿਗੁਰਾਂ ਕਿਹਾ–

ਕੋਈ ਨਹੀਂ! ਰੂਸ ਤੇ ਅੰਗ੍ਰੇਜ਼ ਦੋਵੇਂ ਮਾਰ ਲਏ ਹਨ।"

## (੩੦) ਬਾਬਾ ਸਾਹਿਬ ਸਿੰਘ ਜੀ ਭੰਮਾਂ ਵੱਦੀ

(ਵਲੋਂ ਸ੍ਰੀਮਾਨ ਸੰਤ ਗੁਰਦਿਆਲ ਸਿੰਘ ਜੀ ਮੰਡੀ ਭੋਲੇ ਵਾਲੀ)

ਬਾਬਾ ਸਾਹਿਬ ਸਿੰਘ ਜੀ ਦਾ ਜਨਮ ਭੰਭਾਵਦੀ ਰਿਆਸਤ ਨਾਭਾ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਸ਼ੁਭ ਨਾਮ ਬਾਬਾ ਉਤਮ ਸਿੰਘ ਜੀ ਸੀ। ਛੋਟੀ ਅਵਸਥਾ ਤੋਂ ਹੀ ਮੂਲ ਮੰਤ੍ਰ ਦਾ ਜਪ ਕਰਨਾਂ ਅਰੰਭ ਦਿਤਾ। ਹਰ ਵੇਲੇ ਇਹੋ ਅਰਦਾਸ ਕਰਨੀ ਕਿ–"ਹੇ ਸਚੇ ਪਾਤਸ਼ਾਹ! ਤੇਰਾ ਦਰਸ਼ਨ ਹੋਵੇ।" ਆਪਣੀ ਘਰ ਵਾਲੀ ਨੂੰ ਕਿਹਾ ਕਿ ਮੈਂ–ਪ੍ਰਣ ਕੀਤਾ ਹੈ ਕਿ ੨੪ ਸਾਲ ਪਵਿਤ੍ਰ ਰਹਿਕੇ ਅਕਾਲ ਪੁਰਖ ਦੀ ਬੰਦਗੀ ਕਰਾਂ। ਜੇ ਤੂੰ ਵੀ ਬੰਦਗੀ ਕਰਨੀ ਹੈ ਤਾਂ ਸਤ ਸੰਤੋਖ ਰਖ, ਬੇਸ਼ਕ ਸਾਡੇ ਕੋਲ ਰਹਿ। ਜੇ ਨਹੀਂ ਤਾਂ ਆਪਣਾਂ ਕੋਈ ਹੋਰ ਵਸੀਲਾ ਬਣਾ ਲੈ। ਘਰ ਵਾਲੀ ਨੇ ਹਥ ਜੋੜ ਕੇ ਅਰਜ਼ ਕੀਤੀ ਸੁਆਮੀ ਜੀ! ਆਪਦੇ ਚਰਨਾਂ ਤੋਂ ਇਨਾ ਕਿਹੜਾ ਵਸੀਲਾ ਹੈ। ਆਪ ਜੀ ਨੇ ਕਿਹਾ ਹਰ ਵੇਲੇ ਭਜਨ ਬੰਦਗੀ ਕਰਨ ਵਿਚ ਲੀਨ ਰਹੋ। ਉਸ ਈਸ਼੍ਵਰ ਦੇ ਚਰਨਾਂ ਵਿਚ ਪ੍ਰੀਤੀ ਲਾਵੋ।

ਆਪ ਜੀ ਨੇ ਈਸ਼੍ਵਰ ਭਗਤੀ ਕਰਨੀ ਅਰੰਭ ਦਿਤੀ। ਦਿਨ ਨੂੰ ਤਾਂ ਚੰਦੋਂ ਠੋਕਨ ਦਾ ਕੰਮ ਕਰਨਾਂ। ਧਰਮ ਦੀ ਕਿਰਤ ਕਰਨੀ ਆਏ ਗਏ ਸੰਤਾਂ ਦੀ ਸੇਵਾ ਕਰਨੀ। ਏਸੇ ਲਗਨ ਵਿਚ ੨੪ ਸਾਲ ਬੀਤ ਗਏ। ਇਕ ਦਿਨ ਦਾ ਜ਼ਿਕਰ ਕਿ ਆਪ ਨੂੰ ਅਕਾਸ਼ ਬਾਣੀ ਹੋਈ। (ਘਰ ਮੰਦਰ ਹਟ ਨਾਲੇ

ਸੋਹੇ, ਜਿਸ ਵਿਚ ਨਿਵਾਸੀ ਰਾਮ)

ਆਪ ਜੀ ਨੇ ਆਲੇ ਦੁਆਲੇ ਨਜ਼ਰ ਦੁੜਾਈ ਪਰ ਕੋਈ ਮੂਰਤੀ ਨਜ਼ਰ ਨਾਂ ਆਈ। ਆਪ ਵੈਰਾਗੀ ਹੋਕੇ ਅਰਜ਼ ਕਰਨ ਲੱਗੇ—ਹੇ ਦੀਨ ਦਿਆਲ! ਮੈਂ ਤਾਂ ਤੇਰੇ ਦਰਸ਼ਨਾਂ ਦਾ ਪਿਆਸਾ ਹਾਂ। ਦਰਸ਼ਨ ਦੀ ਦਾਤ ਬਖਸ਼ੋ।

ਫਿਰ ਅਕਾਸ਼ ਬਾਣੀ ਹੋਈ—

"ਰਾਮ ਸਿੰਘ ਮੇਰੋ ਹੋਇ ਨਾਮਾਂ।
ਬਾਢੀ ਸੁਤ ਭੈਣੀ ਕੇ ਧਾਮਾਂ।"

ਦਸਮੇਂ ਪਾਤਸ਼ਾਹ ਨੇ ਸ੍ਰੀ ਭੈਣੀ ਸਾਹਿਬ ਅਵਤਾਰ ਧਾਰਕੇ ਬਾਢੀਆਂ ਦੀ ਕੁਲ ਨੂੰ ਭਾਗ ਲਾਇਆ ਹੈ। ਜੇ ਦਰਸ਼ਨ ਕਰਨਾਂ ਹੈ ਤਾਂ ਜਲਦੀ ਭੈਣੀ ਸਾਹਿਬ ਪਹੁੰਚ।

ਆਪ ਜੀ ਇਹ ਅਕਾਸ਼ ਬਾਣੀ ਸੁਣਕੇ ਬੜੇ ਅਸਚਰਜ ਹੋਏ ਤੇ ਸਵੇਰ ਹੁੰਦੀ ਸਾਰ ਭੈਣੀ ਸਾਹਿਬ ਨੂੰ ਚਾਲੇ ਪਾ ਦਿਤੇ। ਗੁਰ ਅਸਥਾਨ ਪਹੁੰਚਕੇ ਜਗਤਵਾਲੀ, ਦੀਨ ਦਿਆਲ ਸ਼ਹਿਨ ਸ਼ਾਹ ਸ੍ਰੀ ਸਤਿਗੁਰੂ ਰਾਮਸਿੰਘ ਜੀ ਦਾ ਦਿਵਜ ਪ੍ਰਕਾਸ਼ ਮਈ ਦਰਸ਼ਨ ਪਰਸਿਆ। ਵੈਰਾਗੀ ਹੋਏ, ਸਤਿਗੁਰੂ ਜੀਦੇ ਚਰਨਾਂ ਤੇ ਢੈਹ ਪਏ। ਸਤਿਗੁਰਾਂ ਨੇ ਛਾਤੀ ਨਾਲ ਲਾ ਲਿਆ। ਤੇ ਪਾਸ ਬਿਠਾਕੇ ਆਖਿਆ-ਹੁਣ ਤਾਂ ਨਿਯਮ ਪੂਰਾ ਹੋਗਿਆ ਏ ਨਾਂ? ਤਾਂ ਆਪ ਜੀਨੇ ਕਿਹਾ ਸਚੇ ਪਾਤਸ਼ਾਹ! ਧੰਨ ਹੈਂ ਤੂੰ!! ਸਾਰੀ ਸਾਧ ਸੰਗਤ ਨੇ ਇਹ ਕੌਤਕ ਦੇਖਕੇ ਹੈਰਾਨ ਰਹਿ ਗਈ।

ਆਪ ਜੀ ਨੂੰ ਭਜਨ ਦਸਿਆ। ਬਿਰਤੀ ਹੋਰ ਦੀ ਹੋਰ ਹੀ ਹੋ ਗਈ। ਕੁਝ ਦਿਨ ਸਤਿ ਗੁਰੂ ਜੀ ਦੇ ਚਰਨਾਂ ਵਿਚ ਰਹਿਕੇ ਦਰਸ਼ਨ ਕਰਦੇ ਰਹੇ। ਫਿਰ ਪਿੰਡ ਨੂੰ ਵਾਪਸ ਆਗਏ। ਘਰ ਦਾ ਸਾਰਾ ਸਾਮਾਨ ਵੇਚਕੇ ਲੰਗਰ ਦੀ ਲਿਆ ਭੇਟਾ ਕੀਤਾ। ਆਪ ਜੀ ਦੇ ਗ੍ਰਿਹ ਵਿਖੇ ਤਿੰਨ ਬੀਬੀਆਂ ਤੇ ਦੋ ਪੁਤ੍ਰ ਹੋਏ। ਜਿਨ੍ਹਾਂ ਨੇ ਆਪ ਜੀ ਦੇ ਦਸੇ ਹੋਏ ਉਪਦੇਸ਼ ਲੋਕ ਪ੍ਰਲੋਕ ਬਣੌਣ ਵਾਲੇ ਅਸੂਲਾਂ ਤੇ ਚੰਗੀ ਤਰਾਂ ਅਮਲ ਕੀਤਾ, ਅਤੇ ਗੁਰੂ ਘਰ ਨਾਲ ਅਟੁੱਟ ਪਿਆਰ ਵਧਾਇਆ।

ਮਹਾਰਾਜ ਹੀਰਾ ਸਿੰਘ ਜੀ ਵਾਲੀਏ ਰਿਆਸਤ ਨਾਭਾ ਨੇ ਆਪ ਜੀ ਪਾਸੋਂ ਗੁਰਮੁਖੀ ਵਿਦਿਆ ਪੜ੍ਹੀ, ਅਤੇ ਜਿਨਾਂ ਚਿਰ ਆਪ ਰਹੇ, ਆਪ ਤੇ ਪੂਰਨ ਸ਼ਰਧਾ ਰਖੀ।

ਇਕ ਵੇਰਾਂ ਦਾ ਜ਼ਿਕਰ ਹੈ ਕਿ ਆਪ ਚਾਰ ਪਾਈ ਤੇ ਬੈਠੇ ਭਜਨ ਕਰ ਰਹੇ ਸਨ। ਸਤਿ-ਗੁਰੂ ਜੀ ਦੇ ਚਰਨਾਂ ਵਿਚ ਬਿਰਤੀ ਲਗ ਗਈ। ਨਿਰੰਕਾਰ ਦੇ ਭੇਜੇ ਹੋਏ ਰਾਮ ਗਣ ਆ ਗਏ। ਉਹਨਾਂ ਨੇ ਆਪ ਜੀ ਦੀ ਚਾਰ ਪਾਈ ਚੁਕ ਲਈ। ਤੇ ਜਦ ਜਲੰਧਰ ਦੇ ਨਜ਼ਦੀਕ ਪਹੁੰਚੇ ਤਾਂ ਆਪ ਜੀ ਦੀ ਸਮਾਧੀ ਖੁਲ੍ਹ ਗਈ। ਆਪ ਨੇ ਰਾਮ ਗਣਾਂ ਨੂੰ ਪੁਛਿਆ 'ਤੁਸੀਂ ਕੌਣ ਹੋ? ਜੋ ਚਾਰਪਾਈ ਚੁਕੀ ਲਿਜਾ ਰਹੇ ਹੋ।'

ਰਾਮ ਗਣਾਂ ਨੇ ਆਖਿਆ-ਨਿਰੰਕਾਰ ਜੀ ਨੇ ਆਪਨੂੰ ਸਚਖੰਡ ਪੁਚਾਉਣ ਦਾ ਹੁਕਮ ਦਿਤਾ ਸੀ, ਸੋ ਹੁਣ ਤੁਹਾਡੀ ਸਮਾਧੀ ਖੁਲਨ ਕਰਕੇ ਭਾਰ ਜ਼ਿਆਦਾ ਮਾਲੂਮ ਹੁੰਦਾ ਹੈ। ਰਾਮ ਗਣਾਂ ਨੇ ਚਾਰ ਪਾਈ ਰਖ ਦਿਤੀ। ਆਪ ਜੀ ਨੇ ਕਿਹਾ-"ਅਸੀਂ ਅਜੇ ਬਲ ਹੀਨ ਨਹੀਂ ਹੋਏ। ਗੁਰੂ ਘਰ ਦੀ ਸੇਵਾ ਹਾਲਾਂ ਹੋਰ ਕਰਨੀ ਹੈ। ਜਦ ਬਲ ਹੀਨ ਹੋ ਗਏ ਤਾਂ ਨਿਰੰਕਾਰ ਆਪੇ ਹੀ ਆਪਣੇ ਚਰਨਾਂ ਵਿਚ ਬੁਲਾ ਲਵੇਗਾ। ਰਾਮ ਗਣ ਚਲੇ ਗਏ ਆਪ ਜੀ ਸ੍ਰੀ ਭੈਣੀ ਸਾਹਿਬ ਆਗਏ। ਕੁਝ ਚਿਰ ਸਤਿਗੁਰੂ ਜੀ ਦੇ ਚਰਨਾਂ ਵਿਚ ਰਹਿਕੇ ਸੇਵਾ ਕਰਦੇ ਰਹੇ। ਆਖਰ ਸੰਸਾਰ ਯਾਤ੍ਰਾ ਨੂੰ ਸਮਾਪਤ ਕਰਦੇ ਹੋਏ ਸਚਖੰਡ ਜਾ ਵਿਰਾਜੇ।

# ੩੧. ਬਾਬਾ ਚੈਨ ਸਿੰਘ ਜੀ ਭੁਟਾ


( ਵਲੋਂ ਬਾਵਾ ਨਿਰੰਜਣ ਦਾਸ ਚੇਲਾ ਭਾਨ ਪ੍ਰਕਾਸ਼ ਮਹੰਤ ਭੱਦਲ ਬੂਹਾ ਰਿ: ਨਾਭਾ )

ਦੋ ਜਹਾਨ ਵਾਲੀ ਸ੍ਰੀ ਸਤਿਗੁਰੂ ਰਾਮਸਿੰਘ ਜੀ ਦੀ ਲਾਈ ਫੁਲਵਾੜੀ ਵਿਚ ਅਨੇਕਾਂ ਬੂਟੇ ਹੈਨ ਜਿਨਾਂ ਦੀ ਹਰਿਆਈ ਤੇ ਫੁਲਾਂ ਫਲਾਂ ਦੀ ਵਾਸ਼ਨਾ ਮਨ ਮੋਹਣੀ ਸੁੰਦਰਤਾ ਖਾਸ ਕਰ ਸੁਗੰਧੀ ਦਾਰ ਸੀਤਲ ਛਾਇਆ ਆਏ ਥੱਕੇ ਮਾਂਦੇ ਪਾਂਧੀਆਂ ਨੂੰ ਹਰ ਇਕ ਤਰਾਂ ਦਾ ਸ੍ਰੀਰਕ ਸੁਖ ਖਾਸ ਕਰ ਆਤਮਿਕ ਸੁਖ ਪ੍ਰਦਾਨ ਕਰਦੇ ? ਜਿਸ ਨਾਲ ਕਿ ਜਨਮਾਂ ਜਨਮਾਤ੍ਰਾਂ ਦੀਆਂ ਸਭਿ ਤਰਾਂ ਦੀਆਂ ਆਧਿ ਬਿਆਧਿ ਉਪਾਧੀਆਂ ਬਿਮਾਰੀਆਂ ਤੇ ਬਕਾਵਟਾਂ ਹਟਾਕੇ ਦਿਲ ਅਰ ਦਿਮਾਗ ਨੂੰ ਮੁਅੱਤ੍ਰ ਕਰਦੇ ਰਹਿੰਦੇ ਉਹਨਾਂ ਵਿਚੋਂ ਇਕ ਮਹਾਂ ਪੁਰਖ ਸ੍ਰੀ ਮਾਨ ਬਾਬਾ ਚੈਨ ਸਿੰਘ ਸਿੰਘ ਜੀ ਭੀ ਸਨ। ਆਪ ਜੀ ਦਾ ਜਨਮ ੧੯੧੪ ਬਿ: ਦੇ ਲਗ ਭਗ ਹੋਇਆ ਬਾਬਾ ਜੀ ਪਿੰਡ ਭੁੱਟਾ ਰਿਆਸਤਨਾਭਾ ਵਿਚ ਨਿਵਾਸ ਕਰਦੇ ਸਨ। ਅਜੇ ਜੁਵਾਨ ਅਵਸਥਾ ਵਿਚ ਹੀ ਸਨ ਜਦੋਂ ਗੁਰਬਾਣੀ ਪੜ੍ਹਦੇ ੨ ਵੈਰਾਗ ਦੀ ਲਟਕ ਲੱਗੀ।


ਸ੍ਰੀ ਭੈਣੀ ਸਾਹਿਬ ਨੂੰ ਚਾਲੇ ਪਾ ਦਿਤੇ ਅਤੇ ਉਸ ਮਾਹੀ ਦੇ ਦਰਸ਼ਨ ਆ ਕੀਤੇ ਜਿਸ ਨੂੰ ਕਿ ਅੱਖਾਂ ਮੀਟ ਮੀਟਕੇ ਤਕਦੇ ਸਨ। ਸ੍ਰੀ ਭੈਣੀ ਸਾਹਿਬ ਆਕੇ ਅੰਮ੍ਰਿਤ ਛਕਿਆ ਤੇ ਭਜਨ ਪੁਛਕੇ ਤਿਆਰ ਬਰ ਤਿਆਰ ਸੰਤ ਸਪਾਹੀ ਬਣ ਗਏ। ਆਪ ਨੇ ਆਪਣੇ ਪਿੰਡ ਜਾਕੇ ਅਛੀ ਤਰਾਂ ਤਪੱਸਿਆ ਪਰਾਰੰਭ ਕੀਤੀ ਕੁਛ ਸਮੇਂ ਬਾਦ ਆਪ ਵਿਚ ਐਸੀ ਆਕ੍ਰਸ਼ਣ ਸ਼ਕਤੀ ਉਤਪੱਨ ਹੋ ਗਈ ਕਿ ਸਤਿਗੁਰਾਂ ਨੇ ਆਪ ਨੂੰ ਖੁਲੀਆਂ ਸੰਗਤਾਂ ਦਾ ਸੂਬਾ ਥਾਪ ਦਿਤਾ। ਆਪ ਦੇ ਦਰਸ਼ਨਾਂ ਵਿਚ ਇਕ ਅਦੁਤੀ ਕ੍ਰਾਂਤੀ ਸੀ ਜੇਹੜੀ ਦਰਸ਼ਕਾਂ ਨੂੰ ਸਦਾ ਹੀ ਮੋਹਤ ਕਰੀ ਜਾਂਦੀ ਸੀ ਹਜਾਰਾਂ ਦੀ ਤੈਦਾਦ ਵਿਚ ਆਪ ਪਾਸੋਂ ਜਗਿਆਸੂ ਜਨ ਭਜਨ ਪੁਛਦੇ ਤੇ ਆਪਣੇ ਅਮੋਲਕ ਜੀਵਨ ਨੂੰ ਸ ਫਲ ਕਰਦੇ ਹਜਾਰਾਂ ਹੀ ਪਰਾਂਣੀਆਂ ਨੂੰ ਆਪਨੇ ਉਪਦੇਸ਼ ਦੇਕੇ ਜੱਗ ਹਵਨ ਆਦੀ ਕਰਮਾਂ ਵਿਚ ਲਾਇਆ ਆਪ ਦੀ ਅਲੌਕਿਕ ਖਿਚ ਨੂੰ ਦੇਖਕੇ ਇਕ ਸ੍ਰਦਾਰ ਨੇ ਆਪਣੀ ਜਵਾਨੀ ਦੇ ਘੁਮੰਡ ਵਿਚ ਹੋਕੇ ਬਾਬਾ ਜੀ ਨੂੰ ਕਿਹਾ ਬਾਬਾ ਜੀ ਮੈਂ ਸੁਣਿਆਂ ਹੈ ਕਿ ਤੁਸੀਂ ਆਪਣੀ ਸ਼ਕਤੀ ਦੇ ਨਾਲ ਲੋਕਾਂ ਨੂੰ ਅਪਨੀ ਵਲ ਖਿਚ ਲੈਂਦੇ ਹੋ। ਜਰਾ ਮੈਨੂੰ ਤਾਂ ਖਿਚਕੇ ਦਿਖਾਉ। ਬਾਬਾ ਜੀ ਉਸ ਸਮੇਂ ਖੇਤ ਵਿਚ ਖੜੇ ਸਨ। ਅਤੇ ਸਰਦਾਰ ਘੋੜੀ ਪਰ ਸਵਾਰ ਸੀ। ਬਾਬਾ ਜੀ ਨੇ ਸਰਦਾਰ ਦੇ ਨੇਤ੍ਰਾਂ ਨਾਲ ਐਸੀ ਨਜ਼ਰ ਲੜਾਈ ਕਿ ਸ੍ਰਦਾਰ ਜੀ ਬੇ ਸੁਧ ਹੋਕੇ ਘੋੜੀ ਉਪਰੋਂ ਜਮੀਨ ਪਰ ਆ ਡਿਗੇ ਸ੍ਰਦਾਰ ਥੋੜੇ ਚਿਰ ਬਾਦ ਹੋਸ਼ ਵਿਚ ਆਕੇ ਚਿਤੰਨ ਹੋਕੇ ਬਾਬਾ ਜੀ ਦੇ ਚਰਨਾਂ ਪਰ ਢੈਪਿਆ ਬਾਬਾ ਜੀ ਨੇ ਉਸਨੂੰ ਮਾਸ ਸ਼ਰਾਬ ਛੁਡਾਕੇ ਕੰਨ ਵਿਚ ਚਾਰ ਅੱਖਰਾ ਮੰਤ੍ਰ ਫੂਕਿਆ ਉਸ ਤੋਂ ਬਾਦ ਭੀ ਆਪ ਬਹੁਤ ਚਿਰ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਅਨੇਕਾਂ ਪ੍ਰਾਨੀਆਂ ਨੂੰ ਲਿਆਉਂਦੇ ਰਹੇ ਆਪ ਜੀ ਦੀ ਸਿਖੀ ਸੇਵ ਕੀ ਪਿੰਡਾਂ ਅੰਦਰ ਬਹੁਤ ਫੈਲੀ ਜੈਸਾ ਕਿ ਮਾਈ ਰਾਜ ਕੌਰ ਮਹੋਲੀ ਵਾਲੀ ਨੂੰ ਭੀ ਉਹਨਾਂ




ਸੰਤ ਲਛਮਨ ਸਿੰਘ ਜੀ ਈਚੋਗਿਲ



ਸ੍ਰੀ ਮਾਨ ਪੂਜਨੀਯ ਸੰਤ ਲਾਲ ਸਿੰਘ ਜੀ ਭੂਰੇ ਗਿੱਲ
ਜ਼ਿਲਾ ਅਮ੍ਰਿਤਸਰ



ਸ੍ਰੀ ਮਾਨ ਬਾਬਾ ਦੇਵਾ ਸਿੰਘ ਜੀ
ਸੈਨਪੁਰ ਰਿ: ਮਲੇਰਕੋਟਲਾ



ਸ੍ਰੀ ਮਾਨ ਬਾਬਾ ਲਾਲ ਸਿੰਘ ਜੀ
ਲਤਾਲਾ ਜਿਲਾ ਲੁਧਯਾਨਾਂ

ਪਾਸੋਂ ਹੀ ਉਪਦੇਸ਼ ਪ੍ਰਾਪਤ ਹੋਇਆ ਸੀ ਜਿਸ ਮਾਈ ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਪਾਰ ਕ੍ਰਿਪਾ ਹੈ। ਬਾਬਾ ਜੀ ਦਾ ਜਸ ਦਿਨਦੂਣਾ ਰਾਤ ਚੋਗਣਾਂ ਤਰਕੀ ਕਰਦਾ ਗਿਆ ਆਪ ਜੀ ਨੱਗਰ ਭੁਟੇ ਵਿਚ ਸੰ: ੧੯੬੫ ਵਿਚ ਸਚਿ ਖੰਡ ਪਧਾਰੇ ਏਹ ਬਾਬਾ ਜੀ ਸਤਿਗੁਰੂ ਰਾਮ ਸਿੰਘ ਦੀ ਫੁਲਵਾੜੀ ਦੇ ਟੈਹਕਦੇ ਫੁਲਾਂ ਵਿਚੋਂ ਸਨ।

# (੩੨) ਬਾਬਾ ਦੇਵਾ ਸਿੰਘ ਜੀ ਚੱਕਦੇਸਰਾਜ

(ਪ੍ਰਲੋਕ ਵਾਸੀ ਸੰਤ ਹਜੂਰਾ ਸਿੰਘ ਜੀ ਭੂਰੀ ਵਾਲੇ)

ਏਹ ਲੇਖ ਸ੍ਰੀਮਾਨ ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲਿਆਂ ਨੇ ਅਪਣੇ ਸਚ ਖੰਡ ਨੂੰ ਕਮਰਕਸਾ ਲਾਣ ਤੋਂ ਕੁਛ ਦਿਨ ਹੀ ਪਹਿਲੋਂ ਪ੍ਰੀਤਮ ਸਿੰਘ ਜੀ ਪੰਛੀ ਨੂੰ ਨੋਟ ਕਰਾਇਆ ਸੀ। (ਸੰਪਾਦਕ)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕ੍ਰਿਪਾ ਸਮੁੰਦਰ ਜੀਵਾਂ ਨੂੰ ਤਾਰਦੇ ਹੋਏ ਮੁਠੱਡੀਂ ਪਧਾਰੇ। ਦੁਆਬੇ ਦੀਆਂ ਸੰਗਤਾਂ ਸਤਿਗੁਰੂ ਜੀ ਦਾ ਆਗਮਨ ਸੁਣਕੇ ਦਰਸ਼ਨ ਲਈ ਆਈਆਂ। ਕੁਝ ਸੰਗਤਾਂ ਦੀ ਪ੍ਰੇਰਨਾ ਨਾਲ ਚੱਕ ਦੇਸ ਰਾਜ ਜ਼ਿਲਾ ਜਲੰਧਰ ਦੇ ਬਾਬਾ ਦੇਵਾ ਸਿੰਘ ਜੀ, ਹਰੀ ਸਿੰਘ ਜੀ, ਖੁਸ਼ਹਾਲ ਸਿੰਘ ਜੀ ਆਪਣੇ ਹੋਰਨਾਂ ਸਾਥੀਆਂ ਨੂੰ ਨਾਲ ਲੈਕੇ ਮੁਠੱਡੀਂ ਆਏ। ਦੀਵਾਨ ਲੱਗਾ ਹੋਇਆ ਸੀ, ਕਰਨ ਕਾਰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀਵਾਨ ਵਿਚ ਸਸ਼ੋਭਤ ਸਨ। ਕਦੇ ਕੋਈ ਸਿਖ ਉਠਕੇ ਅਰਜ਼ ਕਰੇ ਕਿ ਸਚੇ ਪਾਤਸ਼ਾਹ ਮੈਨੂੰ ਬਖਸ਼ੋ, ਮੈਂ ਰੋਗੀ ਹਾਂ। ਜਿਸਨੂੰ ਭਜਨ ਮਿਲੇ, ਓਹ ਕਹਿ ਉਠੇ-"ਧੰਨ ਹਨ ਸਤਿਗੁਰੂ ਰਾਮ ਸਿੰਘ ਜੀ।" ਜੀਵਾਂ ਦਾ ਉਧਾਰ ਕਰੇ ਇਹ ਤਾਕਤ ਕੀਹਏ ਵਿਚ ਹੈ, ਏਹੋ ਦਾਤਾ ਕਰ ਸਕਦਾ ਹੈ। ਏਹ ਗਲ ! ਸੁਣਕੇ ਬਾਬਾ ਦੇਵਾ ਸਿੰਘ ਜੀ, ਖੁਸ਼ਹਾਲ ਸਿੰਘ ਜੀ, ਤੇ ਹਰੀ ਸਿੰਘ ਜੀ ਤੇ ਐਸੀ ਕ੍ਰਿਪਾ ਹੋਈ ਕਿ "ਦੂਸ਼ਨ ਦੇਖਤ ਦੇਖ ਨਸੇਂ।" ਸਭ ਦੁਨੀਆਵੀ ਗਲਾਂ ਭੁਲ ਗਈਆਂ। ਸਰੀਰ ਵਿਚ ਬਿਜਲੀ ਦੌੜ ਗਈ। ਉਠਕੇ ਸਤਿਗੁਰਾਂ ਦੇ ਹਜ਼ੂਰ ਗਲ ਵਿਚ ਪੱਲਾ ਪਾਕੇ ਆ ਗਏ। ਨੇਤ੍ਰਾਂ ਚੋਂ ਹੰਝੂਆਂ ਦੀ ਝੜੀ ਲਗੀ ਹੋਈ ਹੈ। ਬਾਰ ੨ ਕਹਿੰਦੇ ਹਨ ਦਾਤਾ ਜੀ, ਅਪਰਾਧੀ ਹਾਂ, ਗੁਨਹ ਗਾਰ ਹਾਂ। ਬਖਸ਼ ਲੈ! ਬੜੇ ਦੁਖ ਸਹੇ ਹਨ। ਚਰਨੀਂ ਲਾਓ। ਨਾਮ ਦੀ ਦਾਤ ਬਖਸ਼ੋ! ਸਤਿਗੁਰੂ ਜੀ ਮੁਸਕ੍ਰਾ ਪਏ, ਫੁਰਮਾਇਆ- 'ਭਾਈ! ਹੁਣ ਕੋਈ ਦੁਖ ਨਹੀਂ ਹੋਵੇਗਾ। ਨਾਮ ਲੈ, ਜਨਮ ਸਫਲਤਾ ਕਰੋ। ਧਰਮ ਕਿਰਤ ਕਰਨੀ, ਸਤਿਗੁਰੂ ਦੇ ਦਿਤੇ ਤੇ ਸੰਤੋਖ ਰਖਣਾਂ। ਭਾਣੇਂ ਵਿਚ ਰਾਜ਼ੀ ਰਹਿਣਾ ਸਿਖ ਦੇ ਹੀ ਹਿਸੇ ਆਇਆ ਹੈ। ਜਾਓ ਜਨਮ ਸਫਲਾ ਹੋ ਗਿਆ। ਇਹਨਾ ਪ੍ਰੇਮੀਆਂ ਨੂੰ ਬਾਣੀ ਪੜ੍ਹਨ ਦਾ ਪਹਿਲਾਂ ਸ਼ੌਂਕ ਸੀ। ਜਦੋਂ ਭਜਨ ਪੁਛਿਆ, ਬਾਬਾ ਦੇਵਾ ਸਿੰਘ ਜੀ ਤਾਂ ਉਦੋਂ ਤੋਂ ਹੀ ਮਸਤਾਨੇ ਹੋ ਗਏ। ਦੀਵਾਨ ਦੇ ਇਰਦ ਗਿਰਦ ਚੱਕਰ ਲਾਉਂਦੇ ਹਨ ਤੇ ਬਾਰ ੨ ਹਥ ਜੋੜਕੇ ਸਤਿਗੁਰਾਂ ਵਲ ਇਸ਼ਾਰਾ ਕਰਕੇ ਕਹਿੰਦੇ ਹਨ।

"ਜਨਮਮਰਨ ਨ ਤਿਨਕੋਜੋ ਹਰਿਲੜਲਾਗੇ।"

ਦੀਵਾਨ ਦੀ ਸਮਾਪਤੀ ਹੋਈ। ਲੰਗਰ ਵਿਚੋਂ ਪਰਸ਼ਾਦ ਛਕਿਆ।ਆਪਸ ਵਿਚ ਸਲਾਹਾਂ ਕਰਨ ਲਗੇ ਕਿ ਭਾਈ ਜੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦੌਰਾ ਪਿੰਡ ਜਾਏ ਤਾਂ ਚੰਗਾ ਹੈ। ਕਈ ਜੀਵਾਂ ਦਾ ਉਧਾਰ ਹੋਵੇਗਾ। ਕੀ ਸਾਡੇ ਜਿਹੇ ਪਾਪੀਆਂ ਤੇ ਸਤਿਗੁਰ ਜੀ ਕ੍ਰਿਪਾ ਕਰਨਗੇ? ਜਰੂਰ! ਓਹ ਗਰੀਬ ਨਿਵਾਜ ਹੈ। ਚਲੋ ਤੇ ਸਹੀ ਸੂਬਿਆਂ ਨਾਲ ਚਲਕੇ ਸਲਾਹ ਮਸ਼ਵਰਾ ਕਰੀਏ। ਬਾਬਾ ਲਖਾ ਸਿੰਘ ਜੀ ਨੂੰ ਆਕੇ ਮਿਲੇ। ਅਰਜ਼ ਕੀਤੀ ਕਿ ਤੁਸੀਂ ਸਾਡੀ ਦੌਰੇ ਦੀ ਅਰਜ ਸਤਿਗੁਰਾਂ ਕੋਲੋਂ ਮਨਜ਼ੂਰ ਕਰਾ ਦਿਓ। ਹਾਂ ਤੇ ਗ੍ਰੀਬ। ਪਰ ਫਿਰ ਵੀ ਚਿਤ ਦਰਸ਼ਨ ਨੂੰ ਚਹੁੰਦਾ ਹੈ। ਰੁਖਾ ਮਿਸਾ ਪ੍ਰਸ਼ਾਦ ਛਕਕੇ ਸੰਗਤ ਦਰਸ਼ਨ ਦੇਵੇ। ਬਾਬਾ ਲਖਾ ਸਿੰਘ ਜੀ ਕਹਿਣ ਲੱਗੇ ਦੌਰਿਆਂ ਦਾ ਕੰਮ ਮਾੜਿਆਂ ਤਾੜਿਆਂ ਦਾ ਨਹੀ। ਬੜਾ ਖਰਚ ਹੁੰਦਾ ਹੈ। ਬਸ! ਸੂਬਾ ਜੀ ਦਾ ਇਹ ਬਚਨ ਸੁਣਕੇ ਸਿੰਘਾਂ ਦੀ ਨਿਰਾਸਤਾ ਦੀ ਕੋਈ ਹਦ ਨਾਂ ਰਹੀ। ਦੁਨੀਆਂ ਵਿਚ ਤਾਂ ਮਾਇਆ ਵਾਲਿਆਂ ਦੀ ਜਿਤ ਹੈ। ਗਰੀਬ ਹਮੇਸ਼ਾਂ ਲਤਾੜੀਦੇ ਹਨ। ਕੀ ਅਕਾਲ ਪੁਰਖ ਦੇ ਦਰ ਤੇ ਵੀ ਗ੍ਰੀਬਾਂ ਨੂੰ ਧਕੇ ਤੇ ਮਾਇਆ ਵਾਲਿਆਂ ਦਾ ਹੀ ਆਦਰ ਹੈ। ਅਸੀਂ ਤੇ ਗਰੀਬ ਨਿਵਾਜ ਜਾਣਕੇ ਆਏ ਸਾਂ। ਫਿਰ ਭੀ ਅਰਜ਼ ਮਨਜ਼ੂਰ ਨਾਂ ਹੋਈ। ਇਸ ਤਰਾਂ ਅਰਜ਼ਾਂ ਕਰਦਿਆਂ ਸਾਰੀ ਰਾਤ ਲੰਘੀ। ਆਸਾ ਦਾ ਕੀਰਤਨ ਸ਼ੁਰੂ ਹੋਯਾ। ਸਤਿਗੁਰ ਜੀ ਦੀਵਾਨ ਵਿਚ ਆ ਸ਼ਸੋਭਿਤ ਹੋਏ ਅਕਾਲ ਪੁਰਖ ਸਤਿਗੁਰ ਜੀ ਦੇ ਇਰਦ ਗਿਰਦ ਨਾਮ ਰਸੀਏ ਮਾਲਾ ਫੇਰ ਰਹੇ ਹਨ। ਇਹਨਾਂ ਪਰੇਮੀਆਂ ਨੇ ਭੀ ਆ ਦਰਸ਼ਨ ਕੀਤੇ। ਪਰ ਚਿਤ ਵਿਚ ਇਹ ਤਾਂਘ ਹੈ ਕਿ ਸਚੇ ਪਾਤਸ਼ਾਹ! ਇਕ ਕਰਦੇ। ਜਾਂ ਦਰਸ਼ਨ ਦਿਓ ਪਿੰਡ ਲੰਗਰ ਕਰੀਏ ਜਾਂ ਪ੍ਰਾਣ ਲੈ ਲੋ।

ਇਸ ਜੀਵਨ ਤੋਂ ਕੀ ਲਾਭ ਹੈ?

ਜਿਸ ਵਿਚ ਤੇਰੀ ਸੇਵਾ ਨਹੀਂ। ਸਾਰਾ ਦੀਵਾਨ ਇਹਨਾਂ ਸੋਚਾਂ ਵਿਚ ਹੀ ਲੰਘਿਆ। ਦਿਨ ਚੜਿਆਂ ਭੈਰਵੀ ਦੀ ਚੌਕੀ ਤੋਂ ਬਾਦ ਦੀਵਾਨ ਦੀ ਸਮਾਪਤੀ ਹੋਈ। ਸੰਗਤਾਂ ਆਪੋ ਆਪਣੇ ਡੇਰਿਆਂ ਨੂੰ ਰਵਾਨਗੀਆਂ ਅਚਨ ਚੇਤ ਘਟ ਘਟ ਜਾਨਣ ਹਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇਨਾਂ ਪ੍ਰੇਮੀਆਂ ਦੇ ਪਾਸ ਆ ਗਏ। ਬਸ, ਫਿਰ ਕੀ ਸੀ? ਚਰਨੀਂ ਢੈਹ ਪਏ। ਸਤਿਗੁਰ ਸਚੇ ਪਾਤਸ਼ਾਹ ਅਗੇ ਅਰਜ਼ ਕੀਤਾ- ਸਚੇ ਪਾਤਸ਼ਾਹ! ਲੰਗਰ ਕਰਨਾਂ ਸੀ। ਸੂਬਾ ਜੀ ਕਹਿੰਦੇ ਹਨ- ਤੁਸੀਂ ਗ੍ਰੀਬ ਹੋ। ਤੁਸੀਂ ਨਹੀਂ ਕਰ ਸਕਦੇ। ਸਤਿਗੁਰੂ ਹਸਕੇ ਕਹਿਣ ਲਗੇ।

"ਭਾਈ ਮੈਂ ਗ੍ਰੀਬਾਂ ਵਾਸਤੇ ਹੀ ਆਇਆ ਹਾਂ। ਤੁਹਾਡਾ ਕੇਹੜਾ ਨਗਰ ਹੈ?" ਸਾਰਾ ਹਾਲ ਦਸਿਆ ਉਸੇ ਵੇਲੇ ਹੁਕਮ ਦਿਤਾ ਕਿ ਦੋ ਸਿੰਘ ਨਾਲ ਲੈ ਜਾਵੋ ਜੋ ਘਰ ਹੋਵੇ ਰੁਖਾ ਮਿੱਸਾ ਓਹੋ ਅੰਮ੍ਰਿਤ ਹੈ। ਲੰਗਰ ਦੀ ਤਿਆਰੀ ਕੀਤੀ। ਪਿੰਡ ਦਾ ਹਾਲ ਇਹੋ ਜਿਹਾ ਸੀ, ਸੁਲਤਾਨ ਦੇ ਮੁਕਾਮ ਘਰ ਤੇ ਹੁਕੇ। ਭਜਨ ਬਾਣੀ ਕਿਤੇ ਨਾਮ ਮਾਤ੍ਰ ਵੀ ਨਹੀਂ ਸੀ। ਗੁਰ-ਦੁਆਰੇ ਜਾਂ ਸਿਖ ਸਾਧ ਕੋਲ ਜਾਣਾਂ ਗੁਨਾਹ ਸਮਝਿਆ ਹੋਇਆ ਸੀ।

ਅਜ ਹਜਾਰਾਂ ਸਿਖਾਂ ਦਾ ਦਰਸ਼ਨ, ਸਤਿ-ਗੁਰੂ ਜੀ ਦਾ ਆਗਮਨ, ਲੋਕ ਸੋਚਾਂ ਵਿਚ ਸਨ ਕਿ ਇਹ ਕੀ ਹੋਗਿਆ! ਇਹ ਕੂਕੇ ਕਿਧਰੋਂ ਆਗਏ।

ਦੀਵਾਨ ਲੱਗਾ, ਕਈ ਪ੍ਰੇਮੀਆਂ ਨੇ ਭਜਨ

ਪਛਕੇ ਜਨਮ ਸਫਲਾ ਕੀਤਾ। ਬਾਵਾ ਦੇਵਾ ਸਿੰਘ ਜੀ ਨੇ ਅਰਜ਼ ਕੀਤੀ-ਸਚੇ ਪਾਤਸ਼ਾਹ! ਲੋਕ ਮਖੌਲ ਕਰਦੇ ਹਨ, ਕਿ ਇਹ ਕੂਕੇ ਕਿਧਰੋਂ ਆਗਏ ਹਨ ਕੱਛਾਂ ਪਾਕੇ। ਦੋ ਦਿਨਾਂ ਨੂੰ ਕੱਛਾਂ ਲਾਹ ਦੇਣਗੇ। ਨਵਾਂ ੨ ਹੀ ਚਾ ਹੈ, ਸਚੇ ਪਾਤਸ਼ਾਹ! ਸਿਦਕ ਦਿਓ। ਜੇ ਕੱਛਾਂ ਪੁਆਈਆਂ ਹਨ, ਨਾਮ ਦਾਨ ਦਿਤਾ ਹੈ ਹੁਣ ਡੋਲਿਇਓ ਨਾਂ। ਸਤਿਗੁਰੂ ਜੀਨੇ ਫੁਰਮਾਇਆ, ਭਾਈ! ਕੋਈ ਫਿਕਰ ਨ ਕਰੋ। ਜੇਹੜੇ ਮਖੌਲ ਕਰਦੇ ਹਨ ਓਹ ਵੀ ਸਿੰਘ ਸਜ ਜਾਣਗੇ। ਸਤਿਗੁਰਾਂ ਦੀ ਕ੍ਰਿਪਾ ਨਾਲ ਸਾਰਾ ਨਗਰ ਹੀ ਸਿਖ ਹੋ ਗਿਆ।

ਇਸ ਨਗਰ ਵਿਚ ਸ੍ਰੀ ਸਤਿਗੁਰੂ ਰਾਮਸਿੰਘ ਜੀ ਨੇ ਦੋਬਾਰਾ ਦ੍ਰਸ਼ਨ ਦਿਤੇ। ਸ੍ਰੀ ਗੁਰੂ ਹਰੀ ਸਿੰਘ ਜੀਨੇ ਵੀ ਤਿੰਨ ਚਾਰ ਵਾਰ ਚਰਨ ਪਾਕੇ ਸੰਗਤਾਂ ਨੂੰ ਨਿਹਾਲ ਕੀਤਾ।

# (੩੩) ਬਾਬਾ ਲਾਲ ਸਿੰਘ ਜੀ ਸਿਆਹੜ

(ਵਲੋਂ ਜਥੇਦਾਰ ਮੇਹਰ ਸਿੰਘ ਜੀ ਸਿਆਹੜ)

ਆਪ ਜੀ ਦਾ ਪਿੰਡ ਸਿਆਹੜ (ਜ਼ਿਲਾ ਲੁਧਿਆਨਾਂ) ਵਿਚ ਸ੍ਰਦਾਰ ਮੰਗਲ ਸਿੰਘ ਜੀ ਨੰਬਰਦਾਰ ਦੇ ਘਰ ਸੰਮਤ ੧੯੦੨ ਨੂੰ ਹੋਇਆ, ਆਪ ਬੜੇ ਕਿਰਤੀ ਅਤੇ ਸੰਤ ਸੇਵੀ ਸਨ। ਆਪ ਦੀ ਰਸਨਾਂ ਮਿਠਾਸ ਭਰਪੂਰ ਸੀ, ਸਤਿ ਸੰਗਤ ਦੇ ਪ੍ਰਭਾਵ ਨਾਲ ਆਪ ਸਦਾ ਮਸਤ ਰਹਿੰਦੇ ਸਨ।

## ਵੈਰਾਗ

ਇਕ ਦਿਨ ਆਪ ਜੀ ਚਰਸ ਚਲਾ ਰਹੇ ਸਨ ਤਾਂ ਅਚਨ-ਚੇਤ ਧਿਆਨ ਖੂਹ ਦੀਆਂ ਟਿੰਡਾਂ ਵਲ ਹੋ ਗਿਆ, ਟਿੰਡਾਂ ਦਾ ਭਰਕੇ ਔਣਾਂ ਅਤੇ ਖਾਲ੍ਹੀ ਚਲੇ ਜਾਨਾਂ ਨੇ ਮਨ ਵਿਚ ਇਕ ਲਹਿਰ ਜਹੀ ਪੈਦਾ ਕਰ ਦਿਤੀ, ਕੀ! ਬੰਦਾ ਭੀ ਇਸੇ ਤਰਾਂ ਹੈ? ਕੀ ਏਸੇ ਤ੍ਰਾਂ ਚੌਰਾਸੀ ਵਿਚ ਬਾਰ ਬਾਰ ਭਤਕਦਾ ਰਵੇਗਾ। ਹੇ ਨਾਨਕ ਨਿਰੰਕਾਰੀ ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ! ਕੀ ਆਪ ਆਪਨੇ ਬਚਨਾਂ ਨੂੰ ਪੂਰਿਆਂ ਨਹੀਂ ਕਰੋਗੇ। ਕਿਉਂ ਨਹੀਂ! ਜਰੂਰ ਕਰਨਗੇ, ਆਪ ਜੀਦੀ ਅਜਿਤੇ ਰੰਧਾਵੇ ਨਾਲ ਕੀਤੀ ਹੋਈ ਗੋਸ਼ਟ ਅਤੇ ਭਾਈ ਨੰਦ ਸਿੰਘ ਜੀ ਨਾਲ ਕੀਤੇ ਅਕਰਾਰ ਕਦੀ ਫਿਰਥ਼ਾ ਜਾ ਸਕਦੇ ਹਨ! ਕੀ ਉਹ ਮੇਰੇ ਦਿਲ ਦੀ ਵੇਦਨ ਨਹੀ ਜਾਣਦੇ, ਨਹੀਂ! ਜ਼ਰੂਰ ਔਨਗੇ, ਉਹ ਤਾਂ ਘਟ ਘਟ ਦੀ ਜਾਨਣ ਵਾਲੇ ਹਨ ਪਰ ਅਜੇ ਆਏ ਕਿਉਂ ਨਹੀਂ, ਖਬਰੇ ਕੋਈ ਭਾਗਾਂ ਵਿਚ ਹੀ ਕਸਰ ਹੈ, ਪਰ ਮਨ ਅਜ ਹਲਕਾ ਜਿਹਾ ਹੈ, ਕੋਈ ਢਾਰਸ ਜਹੀ ਬਝਦੀ ਹੈ, ਮਨ ਨਾਲ ਗੱਲਾਂ ਕਰਦੇ ੨ ਆਪ ਬੇਸੁਧ ਹੋ ਜਾਂਦੇ ਹਨ, ਤਾਂ ਘਟ ੨ ਦੀਆਂ ਜਾਨਣ ਹਾਰ ਚੋਜੀ ਪ੍ਰੀਤਮ, ਅ ਜਾਨ ਬਾਹੂ, ਸੋਹਣੀ ਮਾਲਾ ਵਾਲੇ, ਆਪ ਜੀਦੇ ਸੌਹੇਂ ਖੜੇ ਹੋਕੇ ਆਪ ਜੀਦੇ ਕੰਨਾਂ ਵਿਚ ਕਹਿੰਦੇ ਹਨ, ਭਾਈ! ਫ਼ਿਕਰ ਨ ਕਰ। ਜਿਸ ਦੀ ਤੂੰ ਭਾਲ ਵਿਚ ਹੈਂ, ਉਹ ਆਗਿਆ ਹੈ ਛੇਤੀ ਕਰ। ਖਟੜੇ ਪਿੰਡ ਵਿਚ ਆਕੇ ਅਪਨੀਆਂ ਮਨੋ

ਕਾਮਨਾਂ ਪੂਰਨ ਕਰ, ਇਹ ਬਚਨ ਕਰਕੇ ਆਪ ਅਲੋਪ ਹੋਜਾਂਦੇ ਹਨ। ਹੈਂ ਇਹ ਕੋਈ ਸੁਪਨਾਂ ਸੀ? ਕੀ ਖਟਿੜਆਂ ਨੂੰ ਭਾਗ ਲਾਇਆ ਨੇ। ਆਪ ਜੀ ਨੂੰ ਐਸੀ ਮਸਤੀ ਆਈ, ਕਿ ਕਿਲੀ ਲੌਣੀ ਭੀ ਭੁਲ ਗਏ।

ਓਧਰ ਉਨਾਂ ਦੇ ਪਿਤਾ ਨੂੰ ਪਤਾ ਲਗਾ ਤਾਂ ਉਹ ਆਏ, ਅਤੇ ਕਹਿਣ ਲਗੇ, ਓਇ ਏਹ ਕੀ ਕੀਤਾ ਈ, ਖੂਹ ਕਿਉਂ ਥੰਮ ਦਿਤਾ ਹੈ, ਲੋਕ ਅਪਨੀ ਕੰਮੀਂ ਕਾਰੀਂ ਲਗੇ ਹਨ, ਅਤੇ ਤੂੰ ਅਨੰਦ ਨਾਲ ਮਗਨ ਹੋਇਆ ਬੈਠਾ ਹੈਂ, ਤੈਨੂੰ ਕੋਈ ਖਿਆਲ ਨਹੀਂ ਔਂਦਾ ਕਿ ਖੇਤੀ ਉਜੜ ਜਾਵੇਗੀ, ਪਿਤਾ ਜੀ! ਮੈਂ ਤਾਂ ਖਟੜਿਆਂ ਨੂੰ ਜਾਣਾ ਹੈ।' ਕਿਉਂ ? ਓਥੇ ਕੀ ਕੰਮ ਹਈ।

ਓਥੇ ਸਤਿਗੁਰ ਬਾਰਵੇਂ ਅਵਤਾਰ ਆਏ ਹਨ ਕੀ ਗੁਰੂ ਦਸਾਂ ਤੋਂ ਵੀ ਵਧ ਹਨ ? ਹਾਂ ਜੀ! ਮੈਨੂੰ ਅਜੇ ਹੁਣੇ ਹੀ ਦਰਸ਼ਨ ਹੋਏ ਹਨ,, ' ਜਾ ਐਵੇਂ ਕਮਲੀਆਂ ਨਾਂ ਮਾਰ ਸਿਧਾ ਹੋਕੇ ਕੰਮ ਕਰ। ਮੈਂ ਨਹੀਂ ਕਿਤੇ ਜਾਣਦੇਣਾਂ। ਪਿਤਾ ਜੀ! ਮੈਂ ਤਾਂ ਨਹੀਂ ਰਹਿ ਸਕਦਾ ਜਰੂਰ ਜਾਵਾਂਗਾ।

ਅਛਾ ਤੁਰ ਖਾਂ ਕਿਦਾਂ ਜਾਂਦਾ ਹੈ ? ਪਰ ਜਿਸ ਦੇ ਅੰਦਰ ਬਿਰਹਾ ਰੂਪੀ ਅਗਨੀ ਭੜਕ ਉਠੇ ਓਹਨਾਂ ਨੂੰ ਕੌਣ ਰੋਕ ਸਕਦਾ ਹੈ ਆਪ ਜੀ ਨੂੰ ਐਸੀ ਪ੍ਰੀਤਮ ਦੇ ਮਿਲਨ ਦੀ ਤਾਂਘ ਉਤਪਨ ਹੋਈ ਕਿ ਆਪ ਜੀ ਨੇ ਕਿਹਾ ਪ੍ਰੀਤਮ ਤੋਂ ਬਿਨਾਂ ਇਹ ਜੀਵਨ ਹੀ ਬ੍ਰਿਥਾ ਹੈ ਆਪ ਜੀ ਨੇ ਝਟ ਖੂਹ ਵਿਚ ਛਾਲ ਮਾਰ ਦਿਤੀ ਆਪ ਜੀ ਦੇ ਪਿਤਾ ਘਬਰਾ ਗਏ ਅਤੇ ਬਾਹਰ ਨਿਕਲਨ ਵਾਸਤੇ ਕਿਹਾ, ਪਰ ਆਪ ਜੀ ਨੇ ਇਨਕਾਰ ਕਰ ਦਿਤਾ "ਬਚਾ! ਜਾਤੂੰ ਚਲਿਆ ਜਾ, ਮੈਂ ਤੇ ਨੂੰਹੁਣ ਨਹੀ ਰੋਕਦਾ, ਤਾਂ ਅਪਨੇ ਉਸੇ ਵੇਲੇ ਖਟੜਿਆਂ ਨੂੰ ਤਿਆਰਾ ਕਰ ਦਿਤਾ, ਜਿਸ ਵੇਲੇ ਪਿੰਡ ਵਿਚ ਪਹੁੰਚੇ ਤਾਂਕੀ ਵੇਖਦੇ ਹਨ, ਓਹੀ ਸੁੰਦਰ ਮਨ ਮੋਹਨ ਲੰਮੀਗਰਦਨ ਵਾਲੇ ਗਦੀ ਉਤੇ ਬਿਰਾਜ ਮਾਨ ਹਨ, ਦਰਸਨ ਕਰਦਿਆਂ ਹੀ ਝਟ ਚਰਨਾਂ ਨਾਲ ਲਿਪਟ ਗਏ, ਸਤਿਗੁਰਾਂ ਨੇ ਝਟ ਗਲ ਨਾਲ ਲਾਲਿਆ ਅਤੇ ਸਿਰ ਤੇ ਹਥ ਰਖਕੇ ਮੰਤ੍ਰ ਦੀਓ ਗੁਰ ਕਾਨ ਵਾਲੀ ਮਰਯਾਦਾ ਨੂੰ ਸੰਪੂਰਣ ਕੀਤਾ, ਬਾਬਾ ਜੀ ਦਸਦੇ ਹਨ ਕਿ ਜੇਹੜਾ ਅਨੰਦ ਉਸ ਵੇਲੇ ਪ੍ਰਾਪਤ ਹੋਇਆ ਉਹ ਅਕਹਿ ਸੀ ਉਸਦੀ ਮਹਿਮਾਂ ਵਰਨਣ ਹੀ ਨਹੀਂ ਕੀਤੀ ਜਾ ਸਕਦੀ ਵਿਦਿਆ ਹੋਕੇ ਅਪਨੇ ਨਗਰ ਆਏ। ਅਜੇਹੀ ਭਜਨ ਵਿਚ ਬਿਰਤੀ ਲਾਈ ਕਿ ਦੁਨੀਆਂ ਦੰਗ ਰਹਿ ਗਈ ਨਾਲ ਹੀ ਅੰਮ੍ਰਿਤ ਛਕਕੇ ਸੁਚ ਸੋਧ ਰਖ ਲਈ, ਬਸ ਫੇਰ ਕੀ ਆਪ ਜੀ ਦੀ ਮਹਿਕ ਚਾਰ ਚੁਫੇਰੇ ਖਿੰਡਰ ਗਈ ਨਿਤ ਹੀ ਸਾਧ ਸੰਗਤ ਔਂਦੀ ਅਤੇ ਲੰਗਰ ਪਾਣੀ ਛਕਦੀ, ਇਕ ਦਿਨ ਆਪ ਜੀ ਨੇ ਅਪਨੀ ਸੁਪਤਨੀ ਚੰਦੋ ਨੂੰ ਕਿਹਾ ਕਿ ਤੂੰ ਭੀ ਅੰਮ੍ਰਿਤ ਛਕ ਲੈ, ਅਤੇ ਸੁਚ ਸੋਧ ਰਖ ਲੈ ਪਰ ਉਹ ਨ ਮੰਨੀ, ਏਸਤ੍ਰਾਂ ਦੋ ਢਾਈ ਸਾਲ ਬੀਤ ਗਏ. ਪਰ ਚੰਦੋ ਨੇ ਰਤਾ ਪ੍ਰਵਾਹ ਨ ਕੀਤੀ॥ ਇਕ ਦਿਨ ਸਾਧ ਸੰਗਤ ਕਾਫੀ ਅਕੱਤਰ ਸੀ ਤਾਂ ਬਾਬਾ ਜੀ ਨੇ ਫੇਰ ਕਿਹਾ ਚੰਦੋ ਅੰਮ੍ਰਿਤ ਛਕ ਲੈ' ਇਹ ਸਤਿਗੁਰਾਂ ਦੀ ਪਵਿਤ੍ਰ ਦਾਤ ਹੈ ! ਪਰ ਮਾਈ ਜੀਨੇ ਫੇਰ ਭੀ ਇਨਕਾਰ ਕਰ ਦਿਤਾ ਸੰਗਤ ਨੇ ਕਿਹਾ ਮਾਈ ਜੀ! ਵੇਖੋ ਸਾਰੀ ਸਾਧ ਸੰਗਤ ਬਾਬੇ ਜੀ ਦਾ ਕਿਨਾਂ ਅਦਬ ਕਰਦੀ ਹੈ, ਆਪ ਨੂੰ ਭੀ ਇਹੀ ਯੋਗ ਹੈ ਕਿ ਆਪ ਇਨਾਂ ਦੇ ਪਵਿਤ੍ਰ ਬਚਨਾਂ ਤੇ ਅਮਲ ਕਰੋ, ਪਰ ਬਾਬੇ ਜੀ ਨੇ ਕਿਹਾ ਸਾਧ ਸੰਗਤ ਜੀ ਪਰੇ ਜਾਨ ਦਿਓ !

ਜੋਹੜੇ ਖੂਹ ਵਿਚ ਪੈਂਦੀ ਹੈ ਪੈਨ ਦਿਓ।

## ਸੰਤ ਬਚਨ ਅੱਟਲਾਧਾ

ਚੰਦੋ ਬੀਮਾਰ ਹੋ ਗਈ, ਗੰਠੀਏ ਨਾਲ ਜੁੜ ਗਈ ਸੌਣ ਦਾ ਮਹੀਨਾਂ ਸੀ, ਬਾਰਸ਼ ਬੜੀ ਹੋ ਰਹੀ ਸੀ ਹੌਲੀ ਹੌਲੀ ਜਾਕੇ ਛਬੀਲੀ ਵਾਲੇ ਖੂਹ ਵਿਚ ਜਾਕੇ ਇਸ ਜੀਵਨ ਤੋਂ ਤੰਗ ਆਕੇ ਡੁਬਕੇ ਮਰ ਗਈ।

ਇਕ ਦਿਨ ਆਪ ਮਸਤਾਨੀ ਬ੍ਰਿਤੀ ਵਚ ਖੂਹ ਤੇ ਬੈਠੇ ਪਾਣੀ ਪਿਆ ਰਹੇ ਸਨ, ਅਤੇ ਨਾਲ ਹੀ ਅਵਾਜ਼ਾ ਮਾਰਦੇ ਕਿ ਜੇਹੜਾ ਪਾਣੀ ਪੀਏਗਾ ਉਹ ਸਿਖ ਬਣੇਗਾ, ਕੁਝ ਮੁੰਡੇ ਰਲਕੇ ਉਧਰ ਜਾ ਰਹੇ ਸਨ ਤਾਂ ਉਨਾਂ ਵਿਚੋਂ (ਮਹੰਤ ਰਲਾ ਸਿੰਘ ਜੋ ਕਿ ਇਸ ਵੇਲੇ ਪੂਰਨ ਗੁਰ ਸਿਖ ਹਨ ਸੁਚ ਸੋਧ ਵਿਚ ਪ੍ਰਪੱਕ ਹਨ) ਨੇ ਜਲ ਛਕਿਆ ਤੇ ਸਿਖ ਸਜ ਗਏ। ਬਾਬਾ ਜੀ ਸੁਚ ਸੋਧ ਵਿਚ ਐਸੇ ਪੱਕੇ ਸਨ ਕਿ ਲਕੜਾਂ ਧੋਕੇ, ਕਣਕ ਧੋਕੇ ਅਪਨੀ ਹਥੀਂ ਆਟਾ ਪੀਸਕੇ ਪੂਰਨ ਮਰਯਾਦਾ ਨਾਲ ਅਪਨੀ ਹਥੀਂ ਲੰਗਰ ਤਿਆਰ ਕਰਕੇ ਛਕਿਆ ਕਰਦੇ ਸਨ।

## ਅੰਤ ਸਮਾਂ

ਇਕ ਦਿਨ ਆਪ ਜੀ ਨੇ ਆਪਣੇ ਸਪੁਤ੍ਰ ਸਾਹਿਬ ਸਿੰਘ ਨੂੰ ਕਿਹਾ ਕਿ ਅਜ ਅਸਾਂ ਦੇਹ ਛਡਨੀ ਹੈ ਇਸ ਲਈ ਕੋਈ ਘਰ ਦਾ ਅਜ ਬਾਹਰ ਨਾਂ ਜਾਵੇ ਸੋ ਇਸੇ ਤਰਾਂ ਹੀ ਹੋਇਆ ਆਪ ਜੀ ਨਾਮ ਜਪਦੇ ਪੂਰਨ ਸੁਚ ਸੋਧ ਵਿਚ ਹੋਕੇ ੧੯੬੩ ਕਤਕ ਦੀ ਸੰਗਰਾਂਦ ਵਾਲੇ ਦਿਨ ਆਪਣੇ ਆਸਨ ਤੇ ਬਿਰਾਜਮਾਨ ਹੋਕੇ ਜੋਤੀ ਜੋਤ ਸਮਾ ਗਏ।

ਨੋਟ—ਬਾਬਾ ਜੀ ਸਬੰਧੀ ਏਹ ਸਮਾਚਾਰ ਸ੍ਰੀਮਾਨ ਸੰਤ ਸੁਰਜਨ ਸਿੰਘ ਜੀ "ਪ੍ਰੇਮੀ ਸਿਆਹੜ ਦੁਆਰਾ ਪ੍ਰਾਪਤ ਹੋਏ ਹਨ। ਉਹ ਲਿਖਦੇ ਹਨ ਕਿ 'ਮੈਂ ਬਾਬਾ ਬੀਰ ਸਿੰਘ ਜੀ ਤੇ ਮਹੰਤ ਰਲਾ ਸਿੰਘ ਜੀ ਤੋਂ ਨੋਟ ਕੀਤੇ ਹਨ, ਜਿਨ੍ਹਾਂ ਨੇ ਏਹ ਸਭ ਕੁਛ ਅਖੀਂ ਡਿੱਠਾ ਸੀ, ਅਤੇ ਏਹ ਦੋਵੇਂ ਮਹਾਪੁਰਖ ਨਾਮਧਾਰੀ ਪੰਥ ਵਿਚ ਸਨਮਾਨਤਾਦੀ ਦ੍ਰਿਸ਼ਟੀ ਨਾਲ ਤਕੇ ਜਾਂਦੇ ਹਨ।

# (੨੪) ਸ੍ਰੀ ਬਾਬਾ ਜਵੰਦ ਸਿੰਘ ਜੀ

[ ਵਲੋਂ ਸੰਤ ਊਧਮ ਸਿੰਘ ਜੀ ਵਿਦਯਾਰਥੀ ]

ਬਸੰਤ ਦੇ ਮੌਸਮ ਜਦ ਕਿ ਹਰ ਬੰਨੇ "ਮੌਲੀ ਧਰਤੀ ਮੌਲਿਆ ਆਕਾਸ" ਘਟ ਘਟ ਮੌਲਿਆ ਆਤਮ ਪ੍ਰਗਾਸ। ਦਾ ਦਿਲ ਹੁਲਸਾਊ ਤੇ ਮਨ ਖਿੜਾਊ ਸੁਗੰਧਤ ਖੇੜਾ ਹੀ ਖੇੜਾ ਪ੍ਰਤੱਕਸ਼ ਨਜ਼ਰ ਪਿਆ ਆਂਉਦਾ ਹੈ। ਸੱਚ ਮੁੱਚ ਸਿਖੀ ਦੇ ਬਾਗ ਅੰਦਰ ਤਦ ਹੀ ਪ੍ਰਤੱਖ ਤੇ ਜੀਉਦਾ ਜਾਗਦਾ ਬਸੰਤੀ ਖੇੜਾ ਆਸਕਦਾ ਹੈ ਜਦ ਕਿ ਇਸ ਵਿਚ ਨਵੇਂ ਸਿਰੇ ਮਹਾਂਨ ਉਚ ਹਸਤੀਆਂ ਨਾਮਰਸੀਆ ਪੂਰਨ ਬ੍ਰਹਮ ਗਿਆਨੀਆਂ ਸ਼ਾਂਤੀ ਦੇ ਅਵਤਾਰਾਂ ਦੇ ਉਚੇ ਤੇ ਸੁਚੇ ਜੀਵਨਾਂ ਦੇ ਫੁਲਾਂ ਰੂਪੀ ਦਿਸ਼ ਕਾਗਜ਼ ਦੇ ਸੀਨਿਆਂ ਪਰ ਇੱਕਤ ਹੋਕੇ ਆਪਨੀ ਧਰਮ ਮਈ ਜੀਵਨੀਆਂ ਦੀ ਸੁਗੰਧੀ ਨਾਲ ਸਾਡੇ ਮਨ ਨੂੰ ਪ੍ਰਫੁਲਤ ਕਰਕੇ ਉਹ ਹੁਲਸਾਊ ਤੇ ਅਨੰਦ ਮਈ ਧਰਮ ਦੀ ਵਾਸ਼ਨਾਂ ਨਾਲ ਸਚੀ ਬਸੰਤ ਲਿਆ ਦੇਣ

ਇਸਤੋਂ ਬਧਕੇ ਹੋਰ ਦੁਨੀਆਂ ਭਰਦੀਆਂ ਬਸੰਤਾਂ ਸਾਡੇ ਕਿਸੇ ਕੰਮ ਦੀਆਂ ਨਹੀ ਹੈਨ ? ਸੋ ਨਾਮਧਾਰੀ ਪੰਥ ਤੂੰ ਧੰਨ ਹੈਂ। ਜਿਸਨੇ ਕਿ ਆਪਣੇ ਗੁਰੂ ਸਵਾਰਿਆਂ ਪੂਰਨ ਧਰਮੀ ਜੋਧਿਆਂ ਨਾਮ ਤੇ ਸਿਮਰਨ ਦੀਆਂ ਪ੍ਰਤੱਖਸ਼ ਵਿਯਕੱਤੀਆਂ ਧਰਮ ਖਿਡਾਊ ਜੀਵਨ ਵਾਲਿਆਂ ਨੂੰ ਤੂੰ ਆਪਣੇ ਵਿਚੋਂ ਪ੍ਰਗਟ ਕੀਤਾ ਹੈ ? ਜਿਸ ਦੀ ਕਿ ਮਿਸਾਲ ਮਿਲਣੀ ਭੀ ਅਸੰਭਵ ਹੈ ਉਹਨਾਂ ਮਹਾਨ ਵਿਯੱਕਤੀਆਂ ਵਿਚੋਂ ਇਕ ਸ੍ਰੀ ਪੂਜਨ ਬਾਬਾ ਜਵੰਦ ਸਿੰਘ ਜੀ ਸਨ ਜਿਨਾਂ ਦੀ ਜੀਵਨੀ ਦੇ ਕਿਸੇ ਹਿਸੇ ਵਿਚੋਂ ਥੋੜਾ ਮਾਤ੍ਰ ਸਾਧ ਸੰਗਤ ਦੀ ਦ੍ਰਿਸਟੀ ਗੋਚਰ ਕਰਦਾ ਹਾਂ ? ਬਾਬਾ ਜੀ ਦਾ ਜਨਮ ਪਿੰਡ ਖਿਆਲਾ ਜਿਲਾ ਅੰਮ੍ਰਿਤਸਰ ਵਿਚ ਹੋਇਆ ਇਕ ਵਾਰ ਬਾਬਾ ਜੀ ਆਪਣੇ ਪਿਤਾ ਬਾਬਾ ਠਾਕਰ ਸਿੰਘ ਜੀ ਦੇ ਨਾਲ ਦੀਪ ਮਾਲਾ ਤੇ ਮੇਲਾ ਦੇਖਣ ਗਏ ਤਾਂ ਪਤਾ ਲਗਾ ਕਿ ਇਕ ਥਾਂ ਤੇ ਨਾਮਧਾਰੀ ਦੀਵਾਨ ਵੀ ਸਜਿਆ ਹੋਇਆ ਹੈ ਨਾਲ ਹੀ ਦਿਲ ਵਿਚ ਇੱਛਾ ਪ੍ਰਗਟ ਹੋਈ ਮਨ ਨੇ ਮੰਨਿਆਂ ਚਲੋ ਦੀਵਾਨ ਦੇ ਦਰਸ਼ਨ ਕਰੀਏ ਅਗੇ ਜਾਕੇ ਕੀ ਦੇਖਦੇ ਹੈਨ ਰਾਗੀ "ਸਤਿ ਗੁਰ ਮੂਰਤ ਕੋ ਲਜ ਜਾਓ" ਦਾਸੱਦ ਸੁਣਾ ਰਹੇ ਹੈਨ ਅਤੇ ਸਾਮਣੇ ਜਿਹੇ ਬਹੁਤ ਸਾਰੇ ਸੂਬਿਆ ਸੰਤ ਮਹੰਤਾਂ ਰੂਪ ਉਡ-ਗਨਾਂ ਸੇਬਿਅਸ਼ਟਤ ਹੋਏ ਪੂਰਨਮਾਂ ਦੇ ਚੰਦ੍ਰਮਾਂ ਤੋਂ ਭੀ ਬਧ ਸ਼ਾਂਤ ਮਈ ਜਲਾਲ ਭਰੇ ਚੇਹਰੇ ਵਾਲੇ ਦੋ ਜਹਾਨ ਵਾਲੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਸ਼ੋਭਤ ਹੋ ਰਹੇ ਹੈਨ। ਬਾਬਾ ਜੀ ਹੋਰ ਅਗੇ ਬਧੇ ਅਤੇ ਦਰਸ਼ਨ ਕਰਦੇ ਸਾਰ ਹੀ ਸਿਰ ਝੁਕ ਗਿਆ ਅਤੇ ਚਰਨਾਂ ਪਰ ਸਿਰ ਰਖਕੇ ਸੰਤੱਪਤ ਹਿਰਦੇ ਨੂੰ ਸ਼ਾਂਤ ਕੀਤਾ ਅਤੇ ਧੀਮੀ ਜਿਹੀ ਅਵਾਜ ਨਾਲ ਸਨਿਮ੍ਰ ਪ੍ਰਾਰ-ਥਨਾਂ ਕੀਤੀ ਸਚੇ ਪਾਤਿਸ਼ਾਹਿ ਭਜਨ ਪੁਛਣ ਦਾ ਚਾਹਵਾਨ ਹਾਂ ਅਰਜ ਸਾਂਈ ਦੇ ਦਰ ਕਬੂਲ ਹੋਈ ਅਤੇ ਕੰਨ ਵਿਚ ਭਜਨ ਦਸਿਆਂ ਓਹ ਭਜਨ ਨਹੀਂ ਸੀ ਕੋਈ ਜਾਦੂ ਸੀ ਜਿਸ ਦੇ ਸੁਣਦੇ ਸਾਰ ਹੀ ਕਿਸੇ ਕੁਦਰਤ ਵਿਚ ਆਪ ਦਾ ਮਨ ਲੀਨ ਹੋਗਿਆ

ਇਸ ਤੋਂ ਬਾਦ ਆਪ ਸ੍ਰੀ ਸਤਿਗੁਰੂ ਜੀ ਦੇ ਸੰਤ ਸਪਾਹੀ ਬਣਿ ਗਏ ਕੁਛ ਸਮੇਂ ਬਾਦ ਆਪ ਦੀ ਸ਼ਾਦੀ ਹੋ ਗਈ ਜਿਸ ਤੋਂ ਇਕ ਲੜਕੀ ਭੀ ਜਨਮੀ। ਇਕ ਵਾਰ ਜਦੋਂ ਕਿ ਸਤਿਗੁਰਾਂ ਦੇ ਪ੍ਰਦੇਸ ਜਾਨ ਤੋਂ ਪਿਛੋਂ ਦਾ ਜ਼ਿਕਰ ਹੈ ਕਿ ਅੰਮ੍ਰਿਤਸਰ ਵਿਖੇ ਬੈਸਾਖੀ ਦੇ ਮੇਲੇ ਤੇ ਦੀਵਾਨ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਮਹਾਂਰਾਜ ਇਸਥਿਤ ਸਨ ਮਥਾ ਟੇਕਣ ਲਗਿਆਂ ਬਾਬਾ ਜੀ ਦੇ ਚਿਤ ਵਿਚ ਸ਼ੰਕਾ ਹੋਈ ਕਿ ਮਹਾਂਰਜ ਉਹਨਾਂ ਸਿਖਾਂ ਨਾਲ ਬਹੁਤਾ ਪ੍ਰੇਮ ਕਰਦੇ ਹੈਨ ਜੇਹੜੇ ਮਾਯਾ ਬਹੁਤੀ ਭੇਟਾ ਕਰਨ। ਏਹ ਚਿੱਤ ਵਿਚ ਧਾਰਕੇ ਦੀਵਾਨ ਵਿਚੋਂ ਦੌੜ ਕੇ ਗਏ, ਅਤੇ ਕਿਸੇ ਦੁਕਾਨ ਦਾਰ (ਜੋ ਕਿ ਰਪੱਏ ਥੈਲੀ ਵਿਚੋਂ ਕਢਿ ਕੇ ਗਿਣ ਰਿਹਾ ਸੀ) ਦੀ ਥੈਲੀ ਚੁਕਣ ਦੀ ਅਜੇ ਦਲੀਲ ਹੀ ਕੀਤੀ ਸੀ ਕਿ ਉਧਰੋਂ ਅੰਤ੍ਰਜਾਮੀ ਸਤਿਗੁਰੂ ਨੇ ਸੇਵਕ ਨੂੰ ਕੁ ਕਰਮ ਵਲੋਂ ਵਰਜਨ ਵਾਸਤੇ ਐਸੀ ਮਾਯਾ ਵਰਤਾਈ ਕਿ ਦੁਕਾਨ ਤੋਂ ਬਾਹਿਰ ਜਿਥੇ ਬਾਬੇ ਹੋਰੀ ਖੜੇ ਸਨ ਓਥੇ ਹੀ ਲੱਤ ਸੁਜਕੇ ਪਥਰ ਦੀ ਨਿਆਂਈ ਹੋ ਗਈ। ਏਹ ਸਚੇ ਸੁਆਮੀ ਦਾ ਆਪਣਾ ਕੌਤਕ ਸੀ ਜਿਸ ਨੂੰ ਦੇਖਕੇ ਚਿਤ ਦੀ ਕੁਟਲਤਾ ਨੂੰ ਦੂਰ ਕਰਕੇ ਅੰਤ੍ਰ ਬ੍ਰਿਤੀ ਕਰ ਅਰਦਾਸ ਕੀਤੀ, ਕਿਸਚੇ ਪਾਤਿ-ਸ਼ਾਹ ਹੁਣ ਬਚਾਓ ਅਗੇ ਵਾਸਤੇ ਐਸੀ ਗੁਸ-

ਤਾਖ਼ੀ ਨਹੀ ਕਰਾਂਗਾਂ ਅਰਦਾਸ ਪ੍ਰਵਾਨ ਹਈ ਅਤੇ ਆਪ ਫਿਰ ਮੁੜਕੇ ਦੀਵਾਨ ਵਿਚ ਆ ਗਏ। ਅਗਿਉਂ ਅੰਤੁ ਦੀ ਲਖ ਕ ਰਜੀ ਪ੍ਰੀਤਮ ਨੇ ਆਪਣੇ ਮੁਖਾਰ ਬਿੰਦ ਵਿਚੋਂ ਉਚਾਰਣ ਕੀਤਾ, ਜਵੰਦ ਸਿੰਘ ਏਥੇ ਕੋਈ ਮਾਇਆ ਦੀ ਕੰਮੀ ਤਾਂ ਨਹੀਂ ? ਸਤਿਗੁਰੂ ਰਾਮ ਸਿੰਘ ਦਾ ਤਾਂ ਅਤੁਟ ਖਜਾਨਾਂ ਹੈ। ਏਥੇ ਉਹਨਾਂ ਨੂੰ ਸਤਿਕਾਰਿਆ ਜਾਂਦਾ ਹੈ ਜਿਨ੍ਹਾਂ ਨੇ ਆਪ ਤਿਆਗ ਸਰਨੀ ਪਵਾਂ ਹਰਿ ਬੋਲੀ ਮਿਠੜੇ ਬੈਨ" ਦੇ ਗੁਰੁ ਵਾਕ ਨੂੰ ਅਪਨਾਇਆ ਹੈ, ਏਹ ਸੁਣਦੇ ਸਾਰ ਹੀ ਮੱਥਾ ਟੇਕਿਆ ਅਤੇ ਕੁਛ ਸਮੇਂ ਬਾਦ ਆਪਨੂੰ ੪੦ ਚੱਕ ਮਿੰਟ ਗੁਮਰੀ ਵਿਚ ਬਹੁਤ ਸਾਰੀ ਜਮੀਨ ਦਾ ਖਾਤਾ ਮਿਲ ਗਿਆ ਓਥੇ ਹੀ ਆਪਨੇ ਵਾਹੀ ਦਾ ਕੰਮ ਪ੍ਰਾਰੰਭ ਕਰ ਦਿਤਾ ਅਤੇ ਆਸ ਪਾਸ ਦੇ ਅਨੇਕਾਂ ਹੋਰ ਅਨਮਤੀ ਪੁਰਸ਼ਾਂ ਨੂੰ ਰਹਿਰਾਸਤੀ ਤੇ ਲਿਆਂਦਾ ਆਪ ਜੀ ਦਾ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਅਤੁੱਟੀ ਸੀ ਕੁਛ ਸਮੇਂ ਬਾਦ ਆਪਦੀ ਸਿੰਘਣੀ ਭੀ ਚੜ੍ਹਾਈ ਕਰ ਗਈ ਆਪਦੀ ਪੁਤ੍ਰੀ ਦਾ ਪਹਿਲੋਂ ਹੀ ਵਿਆਹ ਹੋ ਚੁਕਾ ਸੀ ਜਿਸ ਕਰਕੇ ਆਪ ਆਸ ਪਾਸ ਦੇ ਇਲਾਕਿਆਂ ਵਿਚ ਵਿਚਰਨ ਲਗੇ, ਅਤੇ ਗੁਰਮਤ ਤੋਂ ਭੁਲਿਆਂ ਭਟਕਿਆਂ ਨੂੰ ਸ ਮਾਰਗ ਵਲ ਲਾਉਣੇ ਲਗੇ। ਆਪ ਜੀ ਦੇ ਉਪਦੇਸ਼ ਵਿਚ ਏਨੀਂ ਖਿਚ ਸੀ ਕਿ ਜੋ ਉਪ-ਦੇਸ਼ ਲੈਂਦਾ ਨਾਲ ਹੀ ਉਠ ਤੁਰਦਾ। ਇਸ ਵਾਸਤੇ ਆਪ ਜੀ ਦੀ ਸੇਵਾ ਵਿਚ ਬਹੁਤ ਸਾਰੇ ਸਿੰਘ ਹਮੇਸ਼ਾਂ ਹਾਜ਼ਰ ਰਹਿੰਦੇ। ਆਪ ਦੇਗ ਤੇਗ ਦੇ ਧਨੀ ਅਤੇ ਖਾਸ ਕਰ ਗਰੀਬਾਂ ਦੇ ਸਹਾਇਕ ਸਨ ਜਦੋਂ ਭੀ ਆਪ ਕਿਸੇ ਨੂੰ ਦੁਖੀ ਵੇਖਦੇ ਉਸਦਾ ਦੁਖ ਨਵਿਰਤ ਕਰਨ ਦਾ ਪੂਰਾ ੨ ਯਤਨ ਕਰਦੇ।

ਚੱਕ ਵਿਚ ਇਕ ਦੀਪਾ ਨਾਮੀ ਸ਼ਾਹੂਕਾਰ ਸੀ ਜੋ ਲੋਕਾਂ ਪਾਸੋਂ ਬਿਆਜ ਬੜਾ ਲੈਂਦਾ ਸੀ। ਓਹ ਜੋ ਜਟਾਂ ਦੇ ਦਾਣੇ ਹੁੰਦਿਆਂ ਸਾਰ ਹੀ ਜਟਾਂ ਤੋਂ ਖਰੀਦਕੇ ਕੋਠਾ ਭਰ ਲੈਂਦਾ। ਇਕ ਵਾਰ ਜਦੋਂ ਕਿ ਉਹ ਸਾਰਿਆਂ ਪਾਸੋਂ ਸਭ ਅਨਾਜ ਲੈ ਚੁਕਿਆ ਸੀ ਤਾਂ ਕਾਲ ਪਿਆ ਅਤੇ ਲੋਕ ਜਾਕੇ ਸ਼ਾਹੂਕਾਰ ਦੀਆਂ ਮਿਨਤਾਂ ਕਰਨ ਲਗੇ ਪਰ ਅਗੋਂ ਓਹ ਕਿਸੇ ਦੀ ਨਾ ਮੰਨੇ ਆਖਿਰ ਲੋਕਾਂ ਨੇ ਭੁਖ ਤੋਂ ਤੰਗ ਆਕੇ ਸੰਤਾਂ ਪਾਸ ਅਰਜੋਈ ਕੀਤੀ। ਸੰਤਾਂ ਨੇ ਦੀਪੇ ਨੂੰ ਸੱਦਕੇ ਸਮਝਾਇਆ, ਪਰ ਉਹ ਕਿਤੋਂ ਮੰਨੇ? ਆਖਿਰ ਸੰਤਾਂ ਨੇ ਦੀਪੇ ਨੂੰ ਏਹ ਭੀ ਕਹਿ ਦਿਤਾ ਕਿ ਜਿਸ ਪਰ ਤੈਨੂੰ ਭਰੋਸਾ ਨਹੀਂ ਉਸਦੇ ਅਸੀਂ ਜੁਮੇਵਾਰ ਹਾਂ। ਇਸਦੇ ਜਵਾਬ ਵਿਚ ਭੀ ਦੀਪੇ ਨੇ ਏਹੋ ਕਿਹਾ ਕਿ ਮੈਂ ਨਕਦੀ ਦਿਆਂਗਾ ਕਿਉਂਕਿ ਮੈਂ ਏਹ ਅਨਾਜ ਬੇਚਕੇ ਬੜਾ ਕੰਮ ਸ਼ੁਰੂ ਕਰਨਾਂ ਹੈ। ਜਦੋਂ ਨਾਂ ਹੀ ਮੰਨਿਆਂ ਤਾਂ ਸੰਤਾਂ ਨੇ ਇਕ ਦਰਖਾਸਤ ਲਿਖਕੇ ਤਹਿਸੀਲ ਦਾਰ ਪਾਸ ਭੇਜੀ, ਨਾਲ ਹੀ ਉਸਦਾ ਸਾਰਾ ਬ੍ਰਿਤਾਂਤ ਭੀ ਲਿਖ ਦਿਤਾ। ਤਸੀਲ ਦਾਰ ਨੇ ਭੀ ਸੱਦ ਕੇ ਦੀਪੇ ਨੂੰ ਇਸਤਰਾਂ ਸਮਝਾਇਆ ਕਿ ਤੂੰ ਆਪਣਾ ਉਸੀ ਤਰਾਂ ਸ਼ਾਹੂਕਾਰਾ ਕਰ ਤੇ ਏਹਨਾਂ ਭੁਖੇ ਲੋਕਾਂ ਤੇਰਾ ਕੀ ਗੁਵਾਇਆ ਹੈ ਏਹਨਾਂ ਨੂੰ ਦਾਣੇ ਦੇਦੇ ਤਾਂ ਭੀ ਦੀਪੇ ਨੇ ਕਿਹਾ ਮੇਰਾ ਮਸੀਂ ਗੁਜ਼ਾਰਾ ਹੀ ਹੈ ਉਸਦੇ ਨਾਲ ਸੰਤਾਂ ਦਾ ਇਕ ਸੇਵਕ ਗਿਆਸੀ ਉਸਨੇ ਦੀਪੇ ਦੀ ਸਾਰੀ ਹਾਲਿਤ ਦੱਸੀ ਪਰ ਉਸਨੇ ਬਿਲਕੁਲ ਬੇਪ੍ਰਵਾਹੀ ਤੋਂ ਕੰਮ ਲਿਆ ਸੰਤਾਂ ਨੇ ਏਹ ਸਾਰੀਆਂ ਗੱਲਾਂ ਸੁਣਕੇ ਕਿਹਾ ਕਿ ਸਵੇਰ ਨੂੰ ਜੋ ਕਰਤਾਰ ਜਣਾਵੇਗਾ ਸੋ ਕਰਾਂਗੇ। ਸਵੇਰ ਹੁੰਦੇ ਛੋਟੇ ਬਚਿਆਂ ਨੂੰ ਭੁਖ

ਦੇ ਦੁਖੋਂ ਬਿਲਕਦੇ ਦੇਖ ਕੇ ਸੰਤ ਸਹਾਰ ਨਾਂ ਸਕੇ। ਅਤੇ ਆਪਣੇ ਸੇਵਕਾਂ ਨੂੰ ਸੱਦਕੇ ਕਹਿਣ ਲਗੇ ਕਿ ਆਓ ਅਜ ਇਕ ਧਰਮ ਦਾ ਕੰਮ ਕਰ ਲਈਏ ਸਾਰੇ ਆਏ ਅਤੇ ਜਿਥੇ ਉਸਦੇ ਕਣਕ ਦੇ ਕੋਠੇ ਭਰੇ ਹੋਏ ਸਨ ਓਥੇ ਪਹੁੰਚ ਕੇ ਜਿੰਦਰੇ ਤੁੜਕੇ ਸਭ ਨੂੰ ਸਦਿਆ ਤੇ ਜਿਨੀਂ ਕਿਸੇ ਕਿਸ ਨੂੰ ਜਰੂਰਤ ਸੀ ਓਨੀਂ ਦੇਕੇ ਇਕ ਸਿੱਖ ਨੂੰ ਹੁਕਮ ਦਿਤਾ ਸਭ ਦਰਜ ਕਰਦੇ ਜਾਓ ਕਿ ਕਿਨੇ ਦਾਣੇ ਕਿਸੇ ਨੂੰ ਦਿਤੇ ਹਨ ਜਦੋਂ ਦੀਪੇ ਸੇਠ ਨੂੰ ਪਤਾ ਲਗਾ ਤਾਂ ਦੌੜਾ ਦੌੜਾ ਆਇਆ ਅਤੇ ਦੁਹਾਈ ਪੌਣ ਲਗਾ ਤਾਂ ਸੰਤਾਂ ਦੇ ਹੁਕਮ ਨਾਲ ਖੁਸ਼ਹਾਲ ਸਿੰਘ ਨਾਮੇਂ ਇਕ ਸਿੱਖ ਨੇ ਫੜਕੇ ਬਿਠਾ ਛਡਿਆ ਅਤੇ ਕਿਹਾ ਕਿ ਤੂੰ ਤਸੀਲਦਾਰ ਪਾਸ ਬਿਆਨ ਦੇ ਆਇਆ ਹੈਂ ਕਿ ਮੇਰੇ ਗੁਜ਼ਾਰੇ ਜੋਗੇ ਹੈਨ ਤੇ ਹੁਣ ਗੁਜ਼ਾਰੇ ਤੋਂ ਜਿਆਦਾ ਹੀ ਹੋਰਨਾਂ ਨੂੰ ਦਿੰਦੇ ਹਾਂ ਜੋ ਕੁਛ ਕਿਸੇ ਦਿਤਾ ਹੈ ਏਹ ਸਭ ਤੇਰਾ ਪਹਿਲੇ ਦੀ ਤਰਾਂ ਚੁਕਾ ਦਿਆਂਗੇ। ਫੇਰ ਸੰਤਾਂ ਨੇ ਗੁਰਦੁਆਰੇ ਆਕੇ ਕੜਾਹ ਪ੍ਰਸ਼ਾਦ ਕਰਕੇ ਸਭ ਨੂੰ ਵਰਤਾਣਾਂ ਸ਼ੁਰੂ ਕੀਤਾ।

ਓਧਰ ਦੀਪਾ ਸੇਠ ਸਰਕਾਰੇ ਅਰਜ਼ੀ ਪਾਓਣ ਗਿਆ ਤਾਂ ਪੋਲੀਸ ਅਫਸਰ ਆਏ ਅਗੇ ਕੀ ਦੇਖਦੇ ਹਨ ਕਿ ਕੜਾਹ ਪ੍ਰਸ਼ਾਦ ਵਰਤ ਰਿਹਾ ਹੈ ਉਹਨਾਂ ਭੀ ਆਕੇ ਪ੍ਰਸ਼ਾਦ ਲਿਆ ਫਿਰ ਕਹਿਣ ਲਗੇ ਡਾਕੂ ਕਿਥੇ ਹੈ ਜਿਸ ਤੇਰਾ ਸਮਾਨ ਲੁਟਿਆ ? ਤਾਂ ਸੰਤ ਆਪ ਹੀ ਪੇਸ਼ ਹੋ ਗਏ। ਠਾਣੇਦਾਰ ਨੇ ਸੰਤਾਂ ਨੂੰ ਦੇਖਕੇ ਕੁਵਾਕ ਜੇਹੇ ਬੋਲੇ ਪਰ ਪਿੰਡ ਦੇ ਲੋਕ ਸੰਤਾਂ ਦੀ ਨਿਰਾਦਰੀ ਨਾਂ ਸਹਾਰ ਸਕੇ ਅਤੇ ਪੁਲਸ ਵਾਲਿਆਂ ਦੀ ਖ਼ੂਬ ਭੁਗਤ ਸਵਾਰੀ। ਫਿਰ ਗਾਰਦ ਨੇ ਆਕੇ ਬਗੈਰ ਕਿਸੇ ਪੁਛ ਤੋਂ ਸੰਤਾਂ ਨੂੰ ਗਿਰਫਤਾਰ ਕਰ ਲਿਆ ਅਤੇ ਫੌਜਦਾਰੀ ਮੁਕਦਮਾਂ ਚਲਾ ਦਿਤਾ ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸੇਵਕਾਂ ਨੂੰ ਜਰਾ ਆਂਚ ਨਾਂ ਲਗਣ ਦਿਤੀ ਅਤੇ ਸਾਫ ਬਰੀ ਹੋ ਗਏ ਏਹ ਹੈ ਆਪ ਦਾ ਗਰੀਬ ਪਾਲਕ ਸੁਭਾ ਅਤੇ ਨਾਲ ਹੀ ਸਰਣ ਪਾਲਿਕ ਭੀ॥ ਏਹੋ ਨਹੀ ਹੋਰ ਭੀ ਆਪ ਦੇ ਜੀਵਨ ਵਿਚੋਂ ਕਈ ਵਾਰਤਾ ਸੁਣਨ ਵਿਚ ਆਉਂਦੀਆਂ ਹੈਨ ਜਿਨਾਂ ਕਰਕੇ ਆਪ ਜੀ ਦਾ ਨਾਮ ਸੁਕਾਰੀਏ ਲੋਕ ਕਿਹਾ ਕਰਦੇ ਸਨ ਇਕ ਵਰ ਆਪ ਦੇ ਸੇਵਕਾਂ ਤੇ ਇਕ ਖੂਨ ਦਾ ਮੁਕਦਮਾਂ ਬਣ ਗਿਆ ਸੇਵਕਾਂ ਨੇ ਆਪ ਦੀ ਸ਼ਰਣ ਵਿਚ ਆਕੇ ਪ੍ਰਾਰਥਨਾਂ ਕੀਤੀ ਕਿ ਆਪ ਜਿਸਤਰਾਂ ਭੀ ਹੋ ਸਕੇ ਸਾਡੀ ਸਹਾਇਤਾ ਕਰੋ। ਸੰਤਾਂ ਨੇ ਉਹਨਾਂ ਦੀਆਂ ਅਰਜੋਈਆਂ ਸੁਣੀਆਂ ਤੇ ਚਿਤ ਵਿਚ ਤਰਸ ਆਇਆ ਕਿਉਂਕਿ ਆਪ ਜੀ ਦੇ ਦਿਲ ਵਿਚ ਏਹ ਪੰਗਤੀਆਂ ਘਰ ਕਰ ਗਈਆਂ ਸਨ, ਜੇ ਤਉ ਪੀਆ ਮਿਲਣ ਦੀ ਸਿੱਕ ਹਿਆਉ ਨਾ ਠਾਹੇ ਕਹੀਦਾ।" ਇਸ ਵਾਸਤੇ ਉਹਨਾਂ ਨੂੰ ਦਿਲਾਸਾ ਦਿਤਾ ਤੇ ਪੂਰੀ ਪੂਰੀ ਸਹੈਤਾ ਦੇਣ ਦਾ ਬਚਨ ਕੀਤਾ। ਜਦੋਂ ਉਨਾਂ ਨੂੰ ਪੁਛਿਆ ਕਿ ਖੂਨ ਕਿਸਨੇ ਕੀਤਾ ਹੈ ਤਾਂ ਸੰਤਾਂ ਨੇ ਕਿਹਾ ਮੈਂ ਕੀਤਾ ਹੈ ਤਾਂ ਸਭ ਦੇ ਨਾਲ ਹੀ ਸੰਤਾਂ ਨੂੰ ਗ੍ਰਿਫਤਾਰ ਕੀਤਾ ਗਿਆ ਜਿਸ ਜੇਹਲ ਵਿਚ ਆਪ ਨੂੰ ਨਜ਼ਰ ਬੰਦ ਕੀਤਾ ਸੀ ਦੂਜੇ ਦਿਨ ਉਸ ਜੇਹਲ ਦੇ ਦਰੋਗੇ ਦਾ ਜਵਾਨ ਲੜਕਾ ਮਰ ਗਿਆ। ਇਸ ਗਮਗੀਨੀ ਦੀ ਹਾਲਿਤ ਵਿਚ ਦਰੋਗੇ ਨੇ ਆਪ ਨੂੰ ਇਕ ਛੋਟੇ ਜਿਹੇ ਗੁਰਦੁਵਾਰੇ ਵਿਚ ਰਖਿਆ ਜਿਤੇ ਆਪ ਅਤੇ ਸਾਥੀਆਂ ਦੇ ਖਰਚ ਵਾਸਤੇ ਦੋ ਰੁਪੈਏ ਰੋਜ਼ ਮਿਲਦੇ ਸਨ। ਕਿਉਂਕਿ ਆਪ ਆਪਣੇ ਹਥੀਂ ਭੋਜਨ ਸੋਧਦਾ ਬਣਾ ਕੇ ਛਕਦੇ ਸਨ ਇਸੀ ਤਰਾਂ ਕਾਫੀ ਚਿਰ

ਮੁਕਦਮਾਂ ਚਲਦਾ ਰਿਹਾ ਸਿਸ਼ਨ ਜਜ ਜਦ ਫਾਂਸੀ ਦਾ ਹੁਕਮ ਲਿਖਣ ਲਗਾ ਅਜੇ ਦਵਾਤ ਵਿਚੋਂ ਕਲਮ ਦਾ ਡੋਬਾ ਭਰ ਰਿਹਾ ਸੀ ਕਿ ਬਾਹਿਰ ਸੇ ਜਲਦੀ ਨਾਲ ਇਕ ਆਦਮੀ ਜੋ ਕਿ ਜਜ ਸਾਹਿਬ ਦਾ ਚਪੜਾਸੀ ਸੀ ? ਦੌੜਾ ਆਇਆ ਅਤੇ ਇਕ ਚਿਠੀ ਦਿਤੀ ਜਿਸ ਵਿਚ ਏਹ ਲਿਖਿਆ ਸੀ ਕੇ "ਤੇਰਾ ਪੁਤ੍ਰ ਮਰ ਗਿਆ ਹੈ" ਉਸਦੀ ਕਲਮ ਉਥੇ ਹੀ ਰਹਿ ਗਈ ਆਪ ਉਠਕੇ ਘਰ ਨੂੰ ਚਲਾ ਗਿਆ ਦੂਸਰੇ ਦਿਨ ਫਿਰ ਇਕ ਹੋਰ ਅੰਗ੍ਰੇਜ਼ ਜਜ ਉਸਦੀ ਜਗਾ ਚਾਰ ਘੋੜੇ ਦੀ ਬੱਘੀ ਤੇ ਸਵਾਰ ਹੋਕੇ ਆਪਣੇ ਬੰਗਲੇ ਤੋਂ ਚਲਿਆ।

ਉਧਰੋ ਸੰਤਭੀਆਪਣੇ ਸੇਵਕਾਂ ਸਮੇਤਸਤਿਗੁਰੂ ਸਚੇ ਦੋਜਹਾਨਵਾਲੀ ਸ੍ਰੀ ਸਤਿਗੁਰੂ ਰਾਮ ਸਿੰਘ ਜੀਦੇ ਚਰਨਾਂ ਵਿਚ ਅਰਦਾਸ ਕਰਕੇ ਕਚੈਹਰੀ ਨੂੰ ਚਲੇ। ਉਧਰ ਜਜ ਸਾਹਿਬ ਅਜੇ ਰਸਤੇ ਵਿਚ ਹੀ ਸਨ ਕਿ ਬੱਘੀ ਦੇ ਘੋੜੇ ਕਿਸੇ ਭਿਆਨਕ ਚੀਜ ਤੋਂ ਡਰਕੇ ਤ੍ਰਭੱਕ ਪਏ ਬੱਘੀ ਨੂੰ ਉਲਟ ਪੁਲਟ ਕਰ ਦਿਤਾ ਅਤੇ ਜੱਜ ਸਾਹਿਬ ਦੇ ਉਪਰ ਘੋੜਿਆਂ ਦੇ ਪੌੜ ਆਉਣ ਤੋਂ ਕਾਫੀ ਸੱਟ ਲਗੀ ਜਿਸ ਨਾਲ ਉਹ ਭੀ ਕਚਿਹਰੀ ਤੱਕ ਨਾ ਆ ਸਕੇ। ਇਸਤਰਾਂ ਕਈ ਚਾਨਸ ਗੁਜਰੇ ਪਰ "ਜਿਸਕੋ ਰਾਖੈ ਸਾਵਰਾ ਮਾਰ ਨ ਸਾਕੈ ਕੋਇ॥ ਬਾਲ ਨ ਬਿੰਗਾ ਕਰ ਸਕੇ ਜੇ ਜੱਗ ਵੈਰੀ ਹੋਇ॥ ਚੋਜੀ ਪਾਤਿਸ਼ਾਹ ਨੇ ਆਪਣੇ ਸੇਵਕਾਂ ਦਾ ਬਾਲ ਬਿੰਗਾ ਨਹੀਂ ਹੋਣ ਦਿਤਾ ਕਿਉਂਕਿ ਉਸਦੇ ਆਪਣੇ ਕਥਨ ਹੈਨ "ਜਹਿ ਜਹਿ ਕਾਜ ਕ੍ਰਿਤ ਸੇਵਕ ਕੀ ਤਹਾਂ ਤਹਾਂ ਉਠਿ ਧਾਵੈ। ਸੇਵਕ ਕੋ ਨਿਕਟੀ ਹੋਇ ਦਿਖਾਵੈ ਜੋ ਜੋ ਕਹੈ ਠਾਕਰ ਪੈ ਸੇਵਕ ਤਤਕਾਲ ਹੋਇ ਆਵੈ॥ ਤਿਸ ਸੇਵਕ ਕੈ ਹਉ ਬਲਿਹਾਰੀ ਜੋ ਆਪਣੇ ਪ੍ਰਭ ਭਾਵੈ ਤਿਸਕੀ ਸੋਇ ਸੁਣੀ ਮਨ ਹਰਿਆ ਤਿਸ ਨਾਨਕ ਪਰਸਨ ਆਵੈ॥ ਦੇ ਮਹਾਂ ਵਾਕਾਂ ਦੀ ਪਾਲਨਾ ਕਰਦੇ ਹੋਏ॥ ਅਕਾਲ ਪੁਰਖ ਆਪਣੇਪਿਆਰਿਆਂ ਨੂੰ ਜਦੋਂ ਦੁਖ ਬਣਿਆ ਦੇਖਦਾ ਹੈ ਝੱਟ ਆਕੇ ਸਹਾਇਕ ਹੁੰਦਾ ਹੈ। ਬਾਬਾ ਜੀਦੇ ਅਨੰਤ ਵਾਕਿਆਤ ਵਿਚੋਂ ਦੀ ਨਾਮ ਮਾਤ੍ਰ ਸਾਧ ਸੰਗਤ ਦੀ ਭੇਟਾ ਕਰਦਾ ਹਾਂ। ਜਿਨ੍ਹਾਂ ਨੂੰ ਆਸ਼ਾ ਹੈ ਕਿ ਪ੍ਰਵਾਨ ਕੀਤਾ ਜਾਵੇਗਾ।

# (੩੫) ਬਾਬਾ ਵਸਾਵਾ ਸਿੰਘ ਜੀ

(ਵਲੋਂ ਸ੍ਰੀਮਾਨ ਸੰਤ ਸੁਰਜਨ ਸਿੰਘ ਜੀ ਸਿਆੜ ਲੁਦਿਹਾਨਾ)

ਜੋ ਸਮ ਚਾਰ ਬਾਬਾ ਹੀਰਾ ਸਿੰਘ ਜੀ ਪਾਸੋਂ ਸ੍ਰੀ ਬਾਬਾ ਵਸਾਵਾ ਸਿੰਘ ਜੀ ਬਾਬਤ ਪ੍ਰਾਪਤ ਹੋਏ ਹਨ ਓਹ ਸੰਗਤ ਦੀ ਭੇਟਾ ਕਰਦਾ ਹਾਂ।

ਸ੍ਰੀ ਬਾਬਾ ਜੀ ਦਾ ਜਨਮ ਪਿੰਡ ਸਿਆੜ੍ਹ ਜਿਲਾ ਲੁਧਿਆਣਾ ਵਿਚ ਹੋਇਆ। ਆਪ ਜੀ ਦੀ ਬਿਰਤੀ ਜਨਮ ਤੋਂ ਹੀ ਸਾਧੂਆਂ ਵਾਲੀ ਸੀ। ਜਦ ਕੁਝ ਜਵਾਨ ਹੋਏ ਤਾਂ ਸਾਧੂਆਂ ਪਾਸ ਔਣ ਜਾਣ ਲਗੇ। ਪਰ ਆਪ ਜੀਦੇ ਮਨ ਨੂੰ ਕਿਤੇ ਭੀ ਸ਼ਾਂਤ ਨਾ ਆਈ। ਇਕ ਦਿਨ ਰਾਤ ਦੇ ਸਮੇਂ ਘਰ ਤੋਂ ਬਾਹਰ ਜਾਕੇ ਇਕਾਂਤ ਬੈਠ ਗਏ। ਦਿਲ ਵਿਚ ਸੋਚਦੇ ਸਨ ਕਿ ਓਹ ਕੇਹੜੀ ਸ਼ੈ ਹੈ,ਜਿਸ ਨੂੰ ਲਭਦਾਹਾਂ ਪਰ ਲਭਦੀ ਨਹੀਂ! ਏਸੇ ਧਿਆਨ ਵਿਚ ਸੁਰਤੀ ਲਗ ਗਈ। ਨਜ਼ਰ ਆਇਆ ਕਿ ਇਕ ਪਵਿਤਰ ਹਸਤੀ, ਸੁੰਦਰ

ਮੂਰਤੀ, ਲੰਮੀਆਂ ਭੁਜਾਂ ਸਫੈਦ ਦਾੜ੍ਹਾ, ਸਰੂ ਜਿਹਾ ਕੱਦ, ਆਪਣੇ ਪਵਿਤ੍ਰ ਮੁਖ ਤੋਂ ਕਹਿੰਦੇ ਹਨ ਕਿ 'ਭਾਈ ਤੂੰ ਉਦਾਸ ਕਿਉਂ ਬੈਠਾ ਹੈਂ? ਸਵੇਰੇ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰ, ਫੇਰ ਜੇਹੜੀ ਚੀਜ਼ਨੂੰ ਤੂੰ ਢੂੰਡਦਾ ਹੈਂ ਤੈਨੂੰ ਖਟੜੇ ਪਿੰਡ ਵਿਚ ਮਿਲੇਗੀ।' ਇਤਨੀ ਗਲ ਕਰਕੇ ਉਹ ਅਕਾਲ ਮੂਰਤੀ, ਨਿਰੰਕਾਰੀ ਜੋਤ ਗਾਇਬ ਹੋ ਗਈ। ਬਾਬਾ ਜੀ ਧਾਹੀਂ ਮਾਰਦੇ ਕੂਕਾਂ ਮਾਰ ਦੇ ਰੋਣ ਲਗੇ ਕਿ 'ਹੇ ਪਾਤਸ਼ਾਹ! ਤੂੰ ਕਿਧਰ ਛਿਪ ਗਿਆ ਹੈਂ। ਸਾਡਾ ਕੀ ਕਸੂਰ? ਸਾਨੂੰ ਦਰਸ਼ਨ ਦੇਕੇ ਕਿਉਂ ਘੜੀ ਵਿਚ ਅਲੋਪ ਹੋ ਗਏ ਹੋ? ਇਸਤਰਾਂ ਦੇ ਵੈਣ ਪਾ ਰਹੇ ਸੀ। ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰ ਖਟੜੇ ਪਿੰਡ ਪੁਜੇ। ਤਾਂ ਕੀ ਦੇਖਦੇ ਹਨ ਕਿ ਉਹੀ ਰਾਤ ਵਾਲੀ ਨਿਰੰਜਨੀ ਜੋਤ ਸਿੰਘਾਸਨ ਤੇ ਵਿਰਾਜ-ਮਾਨ ਹੈ। ਬਾਬਾ ਜੀ ਨੇ ਝਟ ਚਰਨੀਂ ਪੈਕੇ ਬੇਨਤੀ ਕੀਤੀ ਕਿ-"ਹੇ ਸਚੇ ਪਾਤਸ਼ਾਹ! ਸਾਨੂੰ ਬਖਸ਼ ਲੈ ਪਾਪੀ ਜੀਵ ਹਾਂ। ਆਪ ਮੇਹਰ ਕਰੋ। ਸਤਿਗੁਰਾਂ ਨੇ ਪਿਆਰ ਨਾਲ ਗੋਦ ਵਿਚ ਲੈ ਲਿਆ। ਅਤੇ ਭਜਨ ਦੇਕੇ ਮੁਕਤੀ ਦਾ ਰਸਤਾ ਦਸਿਆ। ਫੇਰਪਜ਼ਾਰਨਾਲਵਿਦਾ ਕੀਤਾ ਬਾਬਾ ਜੀ ਪਿੰਡ ਆਕੇ ਨਾਮ ਜਪਣ ਲੱਗੇ। ਐਸਾ ਅਭਿਆਸ ਆਰੰਭਿਆ ਕਿ 'ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।' ਵਾਲੀ ਗਲ ਹੋ ਗਈ।

ਬਾਬਾ ਹੀਰਾ ਸਿੰਘ ਜੀ ਦਸਦੇ ਹਨ ਕਿ ਆਪ ਸੁਚ ਸੋਧ ਦੇ ਪੱਕੇ, ਅਰ ਨਾਮਧਾਰੀ ਪੰਥ ਦੇ ਸਚੇ ਸੇਵਕ ਸਨ। ਬਾਬਾ ਜੀਦੇ ਘਰ ਅਗੇ ਆਏ ਗਏ ਪ੍ਰਸ਼ਾਦਾ ਛਕਨ ਵਾਲਿਆਂ ਦੀ ਭੀੜ ਲਗੀ ਰਹਿੰਦੀ ਸੀ। ਬਾਬਾ ਜੀ ਦੇ ਘਰ ਵਾਲੀ ਮਾਈ ਜਿੰਦ ਕੌਰ ਨੇਤ੍ਰਾਂ ਤੋਂ ਹੀਣੀ ਸੀ ਜੋ ਆਪ ਹੀ ਚਕੀ ਫੇਰਕੇ ਆਟਾ ਪੀਸਦੀ ਹੁੰਦੀ ਸੀ ਅਤੇ ਬਾਬਾ ਜੀ ਆਪ ਸੁਚ ਸੋਧ ਦਾ ਪ੍ਰਸ਼ਾਦਾ ਪਕਾਉਂਦੇ ਹੁੰਦੇ ਸਨ।

ਬਾਬਾ ਜੀਨੇ ਏਹ ਭੀ ਦਸਿਆ ਕਿ ਬੜੇ ੨ ਵਿਦਵਾਨਾਂ, ਪੰਡਤਾਂ, ਮੁਲਾਣਿਆਂ ਨੇ ਬਾਬਾ ਜੀ ਨਾਲ ਆਕੇ ਚਰਚਾ ਕਰਨੀ। ਪਰ ਬਾਬਾ ਜੀਨੇ ਸਭ ਨੂੰ ਪੂਰਾ ਉਤਰ ਦੇਣਾ। ਬਾਬਾ ਜੀਨੇ ਇਹ ਭੀ ਦਸਿਆ ਕਿ ਬਾਬਾ ਜੀ ਸਾਨੂੰ ਕਹਿੰਦੇ ਹੁੰਦੇ ਸਨ ਕਿ ਭਾਈ ਤੁਸੀਂ ੧੨-੧੨ ਕੋਹਾਂ ਤੇ ਦੀਵਾ ਬਲਦਾ ਦੇਖੋਗੇ। ਉਹ ਨਾਜ਼ਕ ਸਮਾਂ ਔਣ ਵਾਲਾ ਹੈ। ਤੁਸੀਂ ਦੇਖੋਗੇ ਅਰ ਪਛਤਾ-ਓਗੇ ਜੇਕਰ ਨਾਮ ਨਾਂ ਜਪੋਗੇ।

ਸ੍ਰੀ ਬਾਬਾ ਜੀ ਦਸਦੇ ਹਨ ਕਿ ਬਾਬਾ ਜੀ ਦੀ ਜ਼ਮੀਨ ਵਟਾਈ ਤੇ ਹੀ ਹੁੰਦੀਸੀ,ਖੇਤੀਆਪ ਨਹੀਸੀਕਰਦੇ। ਫਸਲਬੀਜਣਵਾਲੇਜਿਨਾਂ ਜੀ ਕਰੇ, ਦੇ ਜਾਂਦੇ ਸਨ. ਬਾਬਾ ਜੀ ਕਿਸੇ ਨੂੰ ਕੁਛ ਕਹਿੰਦੇ ਨਹੀਂ ਸਨ। ਤੇ ਨਾਂਹੀ ਹਿਸਾਬ ਕਰਦੇ ਸਨ। ਜੇਹੜੇ ਦਾਣੇ ਆਉਂਦੇ ਉਹਨਾਂ ਨੂੰ ਇਕ ਕੋਠੀ ਵਿਚ ਪਾਕੇ ਬੰਦ ਕਰ ਦਿੰਦੇ ਸਨ। ਫੇਰ ਦਾਣੇ ਐਨ ਵਿਚੋਂ ਦੀ ਕਢਕੇ ਹੁੰਦੇ ਸਨ। ਮਾਈ ਕੋਲ ਬੈਠੀ ਰਹਿੰਦੀ। ਆਟਾ ਪੀਸੀ ਜਾਂਦੀ। ਤੇ ਸਤਿਗੁਰਾਂ ਦੇ ਚਰਨਾਂ ਵਿਚ ਪ੍ਰੀਤੀ ਲਗੀ ਹੋਈ ਸੀ। ਹਰ ਵੇਲੇ ਭਜਨ ਕਰਦੀ ਰਹਿੰਦੀ ਸੀ।

ਬਾਬਾ ਜੀ ਨੇ ਮੈਨੂੰ ਏਹ ਭੀ ਦਸਿਆ ਕਿ ਨਾਮਧਾਰੀ ਪੰਥ ਉਤੇ ਇਤਨੀਆਂ ਸਖਤੀਆਂ ਹੋਈਆਂ, ਦਸੀਆਂ ਨਹੀਂ ਜਾ ਸਕਦੀਆਂ ਪਰ ਬਾਬਾ ਜੀ ਨੇ ਬੜੀ ਹਿੰਮਤ ਨਾਲ ਮੁਕਾਬਲਾ ਕੀਤਾ ਤੇ ਆਪਣੇ ਸਿਦਕ ਤੇ ਕਾਇਮ ਰਹੇ।

# (੩੬) ਬਾਬਾ ਨਿਹਾਲ ਸਿੰਘ ਜੀ ਮਸੈਕੇ ਵਾਲੀ

( ਵਲੋਂ ਸੰਤ ਹਰਬੰਸ ਸਿੰਘ ਜੀ ਮਸੈਕੇ ਵਾਲੀ )

ਜਿਸ ਪਿੰਡ ਦੇ ਭਾਗ ਜਾਗਦੇ ਹੈਨ । ਉਥੇ ਸਤਿਗੁਰ ਜੀ ਕੋਈ ਸੰਤ ਮਹਾਤਮਾਂ ਭੇਜ ਦੇਂਦੇ ਹਨ। ਜ਼ਿਲਾ ਗੁਜਰਾਂ ਵਾਲਾ ਪਿੰਡ ਮੁਸੈਕੇ ਵਾਲੀ ਵਿਖੇ ਸੰਤ ਨਿਹਾਲ ਸਿੰਘ ਜੀ ਬੜੇ ਮਹਾਪੁਰਸ਼ ਹੋਏ ਹਨ। ਅਪਣਾਂ ਕਾਰੋ ਬਾਰ ਭੀ ਬੜੇ ਖਿਆਲ ਨਾਲ ਕਰਦੇ ਸਨ । ਆਪ ਜੀ ਨੇ ਇਕ ਬੈਲ ਦਾ ਨਾਮ ਧੌਲਾ ਰਖਿਆ ਹੋਇਆ ਸੀ। ਜਿਸ ਦਾ ਕੱਦ ਬੜਾ ਵਡਾ ਤੇ ਰੰਗ ਦਾ ਸਫੈਦ ਸੀ। ਇਸ ਤਰਾਂ ਦਾ ਬੈਲ ਸੀ ਕਿ ਰਾਤ ਨੂੰ ਪਹਿਰਾ ਦਿੰਦਾ ਹੁੰਦਾ ਸੀ। ਰਾਤ ਨੂੰ ਬਾਹਰ ਖੇਤੀ ਵਿਚ ਸਾਰਾ ਮਾਲ ਬੰਨ ਦੇਂਦੇ ਅਤੇ ਧੌਲੇ ਦਾ ਰਸਾ ਖੁਲਾ ਛੱਡ ਦਿੰਦੇ ਸਨ। ਧੌਲੇ ਨੇ ਸਾਰੀ ਰਾਤ ਜਾਗਦੇ ਫਿਰਦੇ ਰਹਿਣਾਂ। ਜਦ ਕੋਈ ਚੋਰ ਚਕਾਰ ਦੇਖਣਾਂ ਤੇ ਜ਼ੋਰ ਨਾਲ ਫੁੜਕੜੇ ਮਾਰਨ ਲਗ ਜਾਣਾਂ ਫੁੜਕੜੇ ਮਾਰਨ ਤੋਂ ਕਿਸੀ ਨੇ ਨਾਂ ਜਾਗਣਾਂ। ਤੇ ਸਿੰਗਾਂ ਨਾਲ ਮੰਜੀ ਨੂੰ ਹਲਾਓਣ ਲਗ ਜਾਣਾਂ। ਤੇ ਜਲਦੀ ਨਾਲ ਜਗਾ ਦੇਣਾਂ। ਔਰ ਆਪ ਜੀ ਨੇ ਉਠਕੇ ਮਾਲ ਸੰਭਾਲ ਲੈਣਾਂ। ਔਰ ਜਬ ਆਪ ਨੇ ਕੋਈ ਮਾੜਾ ਬੈਲ ਜੋਤਨਾਂ ਤੇ ਪਹਿਲੇ ਉਨੂੰ ਕਹਿ ਦੇਣਾਂ ਕਿ ਧੌਲਿਆ ਏਹ ਬੈਲ ਮਾੜਾ ਹੈ। ਇਸ ਦੇ ਸਾਥ ਗੁਜਾਰਾ ਕਰਨਾਂ ਹਈ। ਫਿਰ ਧੌਲੇ ਨੇ ਉਸ ਮਾੜੇ ਬੈਲ ਨਾਲ ਹੌਲੀ ਹੌਲੀ ਚਲਨਾਂ। ਕਿ ਦੂਜੇ ਬੈਲ ਨੂੰ ਤਕਲੀਫ ਨਾਂ ਹੋਵੇ। ਜਬ ਧੌਲੇ ਨੂੰ ਦੂਜੇ ਖੂਹ ਤੇ ਘਲਨਾਂ। ਤੇ ਜਾਂਦੀ ਵਾਰੀ ਕਿਸੀ ਪਰਾਈ ਪੈਲੀ ਨੂੰ ਨਹੀ ਖਾਣਾਂ ਜੇਹੜੀ ਪੈਲੀ ਅਪਨੀ ਹੋਨੀ ਉਸ ਨੂੰ ਖਾਣਾਂ ਐਸੇ। ਐਸੇ ਗੁਨ ਤੋ ਮਹਾਂ ਪੁਰਸ਼ੋਂ ਕੇ ਬੈਲੋਂ ਮੇਂ ਹੋਤੇ ਹੈਂ ਦੇਖੋ ਕਿ ਬੈਲ ਨੇ ਪਰਾਇਆ ਹਕ ਨਹੀ ਖਾਣਾਂ ਇਕ ਬਾਬਾ ਰਾਜਾ ਸਿੰਘ ਜੀ ਪਿੰਡ ਤੜਾਂਦ ਜ਼ਿਲਾ ਸ਼ੇਖੂ ਪੁਰਾ ਦੇ ਸਨ। ਜੋ ਬੜੇ ਚਿਰਾਂ ਦੇ ਆਪ ਜੀ ਦੇ ਪਾਸ ਰਹਿੰਦੇ ਸਨ ਬਾਬਾ ਜੀ ਨੇ ਇਕ ਸਰੰਦਾ ਬਨਾਇਆ ਹੋਇਆ ਸੀ ਜਿਸ ਨੂੰ ਬੜੇ ਪਰੇਮ ਨਾਲ ਵਜਾਂਦੇ ਹੁੰਦੇ ਸਨ। ਸਰੰਦੇ ਦਾ ਨਾਮ ਪ੍ਰੇਮ ਸਿੰਘ ਰਖਿਆ ਹੋਇਆ ਸੀ ਜਬ ਸਰੰਦਾ ਵਜਾਂਦੇ ਹੁੰਦੇ ਸਨ। ਦੀਵਾਨ ਲਾਉਂਦੇ ਹੁੰਦੇ ਸਨ ਫਿਰ ਮਨੁਸ਼ ਕੀ ਕਿਆ ਕਹੀਏ। ਪਸ਼ੂ ਪੰਛੀ ਭੀ ਇਕਾਂਤ ਮਨ ਲਗਾ ਕਰ ਸੁਣਦੇ ਸਨ। ਗੜੀ ਹਿੰਮਤ ਸਿੰਘ ਅਧ ਮੀਲ ਦੇ ਫਾਸਲੇ ਪਰ ਹੈ। ਕਦੀ ਉਥੇ ਦੀਵਾਨ ਲਾਉਂਨਾ ਕਦੀ ਮਸੈਕੇ ਵਾਲੀ। ਇਕ ਦਿਨ ਬਾਬਾ ਰਾਜਾ ਸਿੰਘ ਜੀ ਬੈਠੇ ਹੋਏ ਸਨ ਤੇ ਪ੍ਰੇਮ ਸਿੰਘ ਨੂੰ ਕਿਲੀ ਨਾਲ ਟੰਗਿਆ ਹੋਇਆ ਸੀ ਪ੍ਰੇਮ ਸਿੰਘ ਹਿਲਨ ਲਗਾ ਤੇ ਤਾਰ ਖੜਕੀ ਬਾਬਾ ਰਾਜਾ ਸਿੰਘ ਜੀ ਆਪ ਨੂੰ ਕਹਿਨ ਲਗੇ ਕਿ ਤੁਸੀ ਪ੍ਰਸ਼ਾਦਿਆਂ ਨੂੰ ਬੜੀ ਦੇਰ ਕਰ ਛਡੀ ਹੈ। ਦੀਵਾਨ ਦਾ ਵੇਲਾ ਹੋ ਗਿਆ ਹੈ। ਪ੍ਰੇਮ ਸਿੰਘ ਕਾਹਲਾ ਪਿਆ ਹੋਇਆ ਹੈ। ਛੇਤੀ ਕਰੋ ਗੜੀ ਵਾਲੇ ਉਡੀਕਦੇ ਹਨ। ਇਸਤ੍ਰਾਂ ਦਾ ਜ਼ਿਕਰ ਹੈ ਇਕ ਵੇਰੀ ਕੁਝ ਸਿਖ ਕਹਿਣ ਲਗੇ ਕਿ ਸਾਨੂੰ ਕੁਝ ਵਖਾਓ। ਆਪ ਜੀ ਕਹਿਣ ਲਗੇ ਕਿ ਰਾਤ ਨੂੰ "ਜਬ ਰਾਤ ਹੂਈ ਤੋ ਬੈਠੇ ਬੈਠ ਚਾਂਦਨਾਂ ਹੋ ਗਿਆ।

ਰਾਤ ਅੰਧੇਰੀ ਥੀ। ਐਸਾ ਚਾਂਦਨਾਂ ਹੋਇਆ। ਮਾਨੋਂ ਬਿਜਲੀ ਕੀ ਰੌਸ਼ਨੀ ਕਿਆ ਚੀਜ਼ ਹੈ ਸਾਫ ਛਤ ਪਰ ਕੀੜੀ ਦਖਾਈ ਦੇਤੀ ਥੀ। ਥੋੜੇ ਚਿਰ ਪਿਛੋਂ ਫਿਰ ਉਸੀ ਤਰਾਂ ਦੀ ਅੰਧੇਰੀ ਰਾਤ ਹੋ ਗਈ। ਐਸੇ ਹੀ ਸਿਖ ਸਾਧ ਬਹੁਤ ਅਕਠੇ ਰਹਤੇ ਥੇ। ਤੇ ਖੂਹ ਦੇ ਲਹਿੰਦੇ ਵਲ ਮਾਲ ਬਨਣ ਵਾਲੀ ਇਕ ਵਡੀ ਸਾਰੀ ਹਵੇਲੀ ਸੀ। ਔਰ ਖੂਹ ਚਲ ਰਹਾ ਥਾ ਤਬ ਦੇਖਣ ਤੋਂ ਹਵੇਲੀ ਵਾਲੇ ਥਾਂ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਹੋਨ ਲਗ ਗਏ। ਆਪ ਜੀ ਸਭ ਨੂੰ ਕੈਹਣ ਲਗੇ ਕਿ ਭਾਈ ਦਰਸ਼ਨ ਲੇਵੋ। ਸਭ ਸਾਧ ਅਸਚਰਜ ਹੋ ਗਏ। ਦੇਖਨ ਤੋਂ ਲੈਹਿੰਦੇ ਦੀ ਤਰਫ ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਹੋ ਰਹੇ ਹਨ। ਦੂਜ ਪਾਸੇ ਚੜਦੇ ਦੀ ਤਰਫ ਉਸੀ ਤਰਾਂ ਖੂਹ ਵਗ ਰਿਹਾ ਹੈ ਆਪ ਕੋਲ ਖਲੋਤੇ ਹੈਂ ਉਸ ਵਕਤ ਸਾਖਿਆਤ ਸਭ ਨੇ ਦਰਸ਼ਨ ਕੀਤੇ ਔਰ ਧੰਨ ਸ੍ਰੀ ਸਤਗੁਰੂ ਰਾਮ ਸਿੰਘ ਔਰ ਧੰਨ ਸਤਿਗੁਰਾਂ ਦੀ ਸਿਖੀ ਕਹਿੰਦੇ ਸਨ। ਆਪ ਜੀ ਨੇ ਇਕ ਵਾਰੀ ਹੋਲੇ ਦਾ ਮੇਲਾ ਕੀਤਾ। ਦੋ ਮਾਣੀਆਂ ਕਣਕ ਪੀਸਕੇ ਭੜੋਲੇ ਵਿਚ ਪਾ ਦਿਤੀ ਅਰ ਲੰਗਰ ਲਗਾ ਪਕਨ। ਦੋ ਲੰਗਰ ਪਕ ਗਏ ਤੇ ਭੜੋਲਾ ਵਗਨੋ ਰੈਹ ਗਿਆ। ਆਪ ਦੀਵਾਨ ਵਿਚ ਬੈਠੇ ਹੋਏ ਸੀ। ਆਪ ਜੀ ਦੀ ਭੈਣ ਦੀਵਾਨ ਵਿਚ ਆ ਕਰ ਆਖਨ ਲਗੀ ਕਿ ਭਰਾ ਜੀ ਆਟਾ ਮੁਕ ਗਿਆ ਹੈ। ਭੜੋਲਾ ਵਗਨੋਂ ਰਹਿ ਗਿਆ ਹੈ। ਆਪ ਜੀ ਦੇ ਪਾਸ ਬਾਬਾ ਭਾਜਾ ਸਿੰਘ ਜੀ ਭੀ ਬੈਠੇ ਹੋਏ ਸਨ। ਆਪ ਕਹਿਣ ਲਗੇ, ਬਾਬਾ ਜੀ! ਭੈਣ ਹੋਰੀਂ ਆਖਦੇ ਹਨ, ਕਿ ਆਟਾ ਮੁਕ ਗਿਆ ਹੈ। ਚਲੋ ਖਾਂ ਵੇਖੀਏ, ਆਪ ਜੀ ਨੇ ਆ ਕਰ ਵੇਖਿਆ ਤੇ ਭੜੋਲਾ ਵਗਨੋਂ ਬੰਦ ਹੋਇਆ ਹੋਇਆ ਸੀ। ਆਪ ਜੀ ਨੇ ਲਾਠੀ ਹਾਥ ਮੇਂ ਲੇਕਰ ਭੜੋਲਾ ਨੂੰ ਉਪਰ ਸੇ ਥੋੜਾ ਜੇਹਾ ਠੋਕਰਾਂ ਠੋਕਰ ਨਾਲ ਕੁਝ ਅਵਾਜ਼ ਆਇਆ ਕਿ ਜਿਸ ਤਰ੍ਹਾਂ ਕੋਈ ਉਤੇ ਅੜੀ ਹੋਈ ਚੀਜ਼ ਨੀਚੇ ਡਿਗਦੀ ਹੈ। ਫਿਰ ਭੜੋਲਾ ਉਸੇ ਤਰ੍ਹਾਂ ਵਗਣ ਲਗ ਗਿਆ, ਆਪ ਜੀ ਨੇ ਉਤਲਾ ਮੂੰਹ ਬੰਦ ਕਰ ਦਿਤਾ। ਤੇ ਕਹਿਣ ਲਗੇ, ਭੈਣ ਜੀ! ਉਤੋਂ ਨਹੀਂ ਖੋਲਣਾਂ, ਥਲਿਓਂ ਆਟਾ ਕਢਦਿਆ ਜਾਂਨਾਂ, ਇਸਤਰ੍ਹਾਂ ਆਟਾ ਕਢਦਿਆਂ ੨ ਸਾਰਾ ਮੇਲਾ ਹੋ ਗਿਆ। ਤੇ ਆਟਾ ਨਹੀਂ ਮੁਕਾ, ਫਿਰ ਲਗੇ ਘਰ ਪਕਾ ਪਕਾ ਖਾਨੇ ਜਿਉਂ ਫਗਣ ਚੇਤ੍ਰ ਤੋਂ ਲਗੇ। ਹਾੜ ਸਾਵਣ ਆਗਿਆ ਆਟਾ ਅਜੇ ਤਕ ਨਹੀਂ ਮੁਕਾ, ਆਟੇ ਨੂੰ ਕੀੜਾ ਲਗ ਗਿਆ ਫਿਰ ਭਿਉਂ ੨ ਕੇ ਮੁਜ ਨੂੰ ਪਾਣ ਲਗੇ। ਇਸਤਰ੍ਹਾਂ ਭਾਦ੍ਰੋਂ ਆ ਗਿਆ ਆਟਾ ਅਜੇ ਤਕ ਨਹੀਂ ਮੁਕਾ। ਫਿਰ ਭੈਣ ਜੀ ਕਹਿਣ ਲਗੇ। ਕਿ ਅਜ ਉਤਲਾ ਮੂੰਹ ਖੋਲ ਕਰ ਦੇਖੀਏ ਅਜੇ ਆਟਾ ਕਿਨ੍ਹਾਂ ਕੁ ਹੈ। ਜਿਉਂ ਹੀ ਉਤਲਾ ਮੂੰਹ ਖੋਲਕੇ ਵੇਖਿਆ, ਤਾਂ ਆਟਾ ਭੜੋਲੇ ਨਾਲ ਲਗਾ ਲਵੇੜ ਹੈ। ਮਹਾਂ ਪੁਰਸ਼ੋਂ ਕੀ ਮਹਿਮਾ ਕਹਿਣ ਕਥਨ ਤੋਂ ਬਾਹਰ ਹੈ। 'ਸਾਧ ਕੀ ਮਹਿਮਾ ਬੇਦ ਨ ਜਾਨਹਿ।' ਦੀਵਾਲੀ ਨਜ਼ਦੀਕ ਆ ਗਈ। ਘਰਕੇ ਸਰੀਰ ਕਹਿਣ ਲਗੇ ਕਿ ਅਸੀਂ ਅੰਮ੍ਰਿਤਸਰ ਦੀਵਾਲੀ ਵੇਖਣ ਜਾਣਾ ਹੈ। ਆਪ ਸੈਹਜ ਕੈਹਣ ਲਗੇ ਕਿ ਦੀਵਾਲੀ ਏਥੇ ਹੀ ਵਖਾਵਾਂ ਗੇ। ਦੀਵਾਲੀ ਦੀ ਰਾਤ ਨੂੰ ਆਪ ਜੀ ਆਖਣ ਲਗੇ ਕਿ ਅਮ੍ਰਤਸਰ ਕਾ ਦਰਸ਼ਨ ਕਰ ਲੋ। ਉਨ੍ਹੋ ਨੇ ਦਰਬਾਰ ਸਾਹਿਬ ਅਮਰਤਸਰ ਕਾ ਸਭ ਨੇ ਦਰਸ਼ਨ ਕੀਆ। ਬਹੁਤ ਪ੍ਰਸੰਨ ਹੋਏ।

ਆਪ ਜੀਨੂੰ ਜਿਸ ਕਾਮਨਾ ਕਰਕੇ ਕੋਈ ਸੇਂਵ ਦਾ ਥਾ ਆਪ ਪੂਰਨ ਕਰਦੇ ਸਨ। ਜਿਸਨੂੰ ਕੋਈ ਕਹਿਤਾ ਥਾ ਕਿ ਦਰਸ਼ਨ ਕਰਨਾ ਹੈ। ਉਸਿਕਾ ਦਰਸ਼ਨ ਕਰਾਤੇਥੇ। ਇਕ ਮੁਸਲਮਾਨ ਕਾ ਘਰ ਆਪਕੇ ਘਰ ਸੇ ਬਿਲਕੁਲ ਨਜ਼ਦੀਕ ਥਾ ਜਬ ਆਪਕੇ ਮਹਿਲ ਸਵੇਰੇ ਅੰਮਰਤ ਵੇਲੇ ਅਸ਼ਨਾਨ ਕਰਨ ਜਾਂਦੇ ਸਨ ਤੇ ਉਸ ਮੁਸਲਮਾਨ ਦੀ ਲੜਕੀ ਭੀ ਸਾਥ ਅਸ਼ਨਾਨ ਕਰਨ ਜਾਦੀ ਸੀ। ਉਹ ਆਪਨਾ ਭਜਨ ਕਰਨ ਤੇ ਉਹ ਬੀਬੀ ਅਲਾਰ ਕੀਆ ਕਰੇ। ਇਕ ਦਿਨ ਅਸ਼ਨਾਨ ਕਰਕੇ ਸਭ ਚਲੇ ਆਓਦੇ ਸਨ। ਤੇ ਆਪ ਜੀ ਅਗੋਂ ਮਿਲੇ ਤੇ ਬੀਬੀ ਨੂੰ ਆਖਿਆ ਬੀਬੀ ਤੂੰ ਪਕਾ ੨ ਆਖਆ ਕਰ ਆਪ ਜੀ ਦੇ ਆਖਦੇ ਨਾਲ ਹੀ ਬੀਬੀ ਜੀ ਨੂੰ ਸੂਤਰ ਪੈਗਿਆ। ਪਤਾ ਨਹੀ ਆਪ ਜੀ ਨੇ ਕੀ ਕਲਾਮ ਦਸੀ। ਬਸ ਜਦੋਂ ਬੀਬੀ ਜੀ ਨੂੰ ਢੋਲਕੀ ਛੈਣਿਆਂ ਦਾ ਅਵਾਜ਼ਾ ਆਵੇ। ਸੂਤਰ ਪੈ ਜਾਵੇ ਐਸੇ ਸੂਤਰ ਪੈਂਦਿਆਂ ਕੁਜ ਸਮਾ ਬੀਤਾ। ਇਸ ਗਲ ਤੋਂ ਬੀਬੀ ਦੇ ਮਾਤਾ ਪਿਤਾ ਮਨਾ ਕਰਨ ਪਰ ਬੀਬੀ ਦੇ ਅੰਦਰ ਕੁਝ ਹੋਰ ਹੀ ਗਲ ਸੀ ਨਹੀ ਮੋੜਿਆ ਮੁੜਦੇ ਜਿਨਾਂ ਪਾਰ ਜ਼ਰੂਰੀ ਜਾਨਾਂ ਇਕ ਦਿਨ ਦੀਵਾਨ ਲਗਾ। ਉਸੇ ਵੇਲੇ ਬੀਬੀ ਨੂੰ ਸੂਤਰ ਪੈ ਗਿਆ।

ਜਬ ਭੋਗ ਪਿਆ ਤੇ ਬੀਬੀ ਘਰ ਗਈ ਤੇ ਉਸਦੇਪਿਤਾ ਨੇਉਸ ਨੂੰ ਬਹੁਤ ਮਾਰਿਆ ਆਪ ਜੀ ਨੂੰ ਪਤਾ ਲਗਾ। ਆਪ ਜੀ ਨੇ ਆਕੇ ਆਖਿਆ ਭਾਈ ਇਸ ਬੀਬੀ ਨੂੰ ਨ ਮਾਰਿਆ ਕਰ, ਅਸੀਂ ਅਪਨੀ ਚੀਜ਼ ਇਸ ਕੋਲੋਂ ਲੈ ਲੈਂਦੇ ਹਾਂ। ਫਿਰ ਇਸਨੂੰ ਸੂਤਰ ਨ ਪਵੇਗਾ, ਫਿਰ ਆਪਨੇ ਉਸ ਬੀਬੀ ਵਲ ਦ੍ਰਿਸ਼ਟ ਕੀਤੀ ਤੇ ਫਿਰ ਉਸ ਬੀਬੀ ਨੂੰਸੂਤਰ ਕਦੀ ਨ ਪਿਆ।

# (੩੧) ਬਾਬਾ ਨੰਦ ਸਿੰਘ ਜੀ ਮੋਰੋਂ

(ਵਲੋਂ ਸ੍ਰੀਮਨਾ ਧਰਮ ਸਿੰਘ ਜੀ ਮੋਂਰੋਂ)

ਬਾਬਾ ਨੰਦ ਸਿੰਘ ਜੀ ਮੋਰੋਂ ਜਿਲਾ ਜਾਲੰਧਰ ਦੇ ਵਸਨੀਕ ਸਨ। ਆਪਦੇ ਪਿਤਾ ਦਾ ਨਾਮ ਸੰਤ ਹਰੀ ਸਿੰਘ ਜੀ ਅਤੇ ਮਾਤਾ ਦਾ ਨਾਮ ਬੇਬੇ ਜਿੰਦਾਂ ਸੀ। ਇਨ੍ਹਾਂ ਮਹਾਂ ਪੁਰਸ਼ਾ ਨੇ ਛੋਟੀ ਉਮਰ ਵਿਚ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਲੈਕੇ ਦੁਨੀਆਂ ਵੀ ਗੱਲਾਂ ਤੋਂ ਉਪਰਾਮ ਹੋਕੇ ਭਜਨ ਬੰਦਗੀ ਕਰਨੀ ਅਰੰਭ ਦਿਤੀ ਸੀ। ਰੋਜ਼ਾਨਾਂ ਇਕ ਵਜੇ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰਕੇ ਬਾਣੀ ਪੜਨੀ ਇਹਨਾਂ ਦਾ ਨਿਤ ਕਰਮ ਸੀ।

ਆਏ ਗਏ ਸਾਧ ਸੰਤ ਦੀ ਮਨੋ ਤਨੋ ਸੇਵਾ ਕਰਦੇ ਸਨ। ਘਰ ਵਿਚ ਬੜੀ ਗਰੀਬੀ ਸੀ, ਪਰ ਸਦਾ ਪ੍ਰਸੰਨ ਰਹਿਕੇ ਘਰ ਦੀਆਂ ਲੋੜੀਦੀਆਂ ਵਸਤੂ ਭੀ ਵੇਚ ਦਿੰਦੇ ਸਨ, ਕਿਸੇ ਸਾਧ ਸੰਤ ਨੂੰ ਭੁਖਾ ਨਹੀਂ, ਜਾਣ ਦਿੰਦੇ ਸਨ।

ਇਕ ਵੇਰਾਂ ਸੰਤ ਕਾਹਨ ਸਿੰਘ ਜੀ ਨੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਪਾਸ ਅਰਜ ਕੀਤੀ ਕਿ ਹੇ ਸਚੇ ਪਾਤਸ਼ਾਹ। ਮੋਰੋਂ ਨਿਵਾਸੀ ਬਾਬਾ ਨੰਦ ਸਿੰਘ ਗੁਰੂ ਘਰ ਦਾ ਬੜਾ ਪ੍ਰੇਮੀ ਅਤੇ ਸਿਦਕੀ ਸਿਖ ਹੈ। ਆਏ ਗਏ ਸਿੰਘ

ਦੀ ਬੜੀ ਸੇਵਾ ਕਰਦਾ ਹੈ। ਉਸਦੇ ਘਰ ਗਰੀਬੀ ਬਹੁਤ ਹੈ। ਇਸਦਾ ਕਾਰਨ ਦਸੋ ਕਿ ਕੀ ਕਾਰਨ ਹੈ। ਸਤਿਗੁਰੂ ਜੀ ਕੁਝ ਚਿਰ ਤਾਂ ਚੁਪ ਰਹੇ ਫੇਰ ਆਪਣੀ ਪਵਿਤ੍ਰ ਰਸਨਾਂ ਤੋਂ ਫੁਰਮਾ ਇਆ—ਭਾਈ ਕਾਹਨ ਸਿੰਘ ਜੀ ਬਾਬਾ ਨੰਦ ਸਿੰਘ ਪਿਛਲੇ ਜਨਮ ਵਿਚ ਸ਼ੇਰ ਦੇ ਸਰੂਪ ਵਿਚ ਸੀ। ਇਹ ਮੁਕਤ-ਸਰ ਦੇ ਘਨੇ ਜੰਗਲ ਵਿਚ ਰਹਿੰਦਾ ਸੀ। ਖਦਰਾ ਨੇ ਦੇ ਟੋਭੇ ਵਿਚ ਆਕੇ ਪਾਣੀ ਪੀਂਦਾ ਹੁੰਦਾ ਸੀ। ਉਸ ਟੋਭੇ ਦਾ ਜਲ ਪੀਣ ਕਰਕੇ ਇਸਨੂੰ ਮਨੁਖੀ ਜਾਮੇ ਵਿਚ ਆਉਣਾ ਪਿਆ ਪਿਛਲੇ ਜਨਮ ਵਿਚ ਇਹਨੇ ਕੋਈ ਅੰਨ ਦਾ ਦਾਨ ਨਹੀਂ ਦਿਤਾ ਇਸ ਕਰਕੇ ਅਨਾਜ ਦੀ ਕਮੀ ਹੈ। ਤੁਹਾਡੀ ਮਹਾਂ ਪੁਰਸਾਂ ਦੀ ਕ੍ਰਿਪਾ ਨਾਲ ਜਿਉਂ ੨ ਸਾਧ ਸੰਗਤ ਦੀ ਸੇਵਾ ਕਰੇਗਾ ਜਿਉਂ ਜਿਉਂ ਹੀ ਅਤੁੱਟ ਧਨ ਮਿਲੇਗਾ।

ਜਿਉਂ ੨ ਬਾਬਾ ਨੰਦ ਸਿੰਘ ਜੀ ਸੇਵਾ ਵਿਚ ਧਨ ਖਰਚ ਦੇ ਗਏ। ਤਿਉ ੨ ਹੀ ਸਤਿਗੁਰੂ ਸੱਚਾ ਪਾਤਸ਼ਾਹ ਖਜਾਨੇ ਭਰਦਾ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਘਰ ਕਿਸੇ ਵੀ ਪਦਾਰਥ ਦਾ ਘਾਟਾ ਨਹੀ ਜੇਹੜਾ ਵੀ ਸ਼ਰਧਾ ਸਹਿਤ ਉਹਦੇ ਦੁਆਰੇ ਭਿਛਿਆ ਮੰਗਦਾ ਹੈ, ਉਹਨੂੰ ਦਿੰਦਾ ਹੈ। ਆਪਣੇ ਸੇਵਕਾਂ ਦੀਆਂ ਮਨੋ ਕਾਮਨਾਂ ਪੂਰੀਆਂ ਕਰਦਾ ਹੈ। ਬਾਬਾ ਨੰਦ ਸਿੰਘ ਜੀ ਦ ਸਾਰਾ ਜੀਵਨ ਹੀ ਈਸ਼ਵਰ ਭਗਤੀ ਅਤੇ ਸਾਧ ਸੰਗਤ ਦੀ ਸੇਵਾ ਵਿਚ ਬਤੀਤ ਹੋਇਆ। ਬੜੇ ਕਰਨੀ ਵਾਲੇ ਮਹਾਂ ਪੁਰਸ਼ ਸਨ। ਨਾਮਧਾਰੀ ਪੰਥ ਨੂੰ ਅਜਿਹੇ ਮਹਾਂ ਪੁਰਸ਼ਾਂ ਦੇ ਉਚੇ ਕੋਟੀ ਦੇ ਆਦ੍ਰਸ਼ਕ ਜੀਵਨਾਂ ਤੇ ਬੜਾ ਮਾਣ ਹੈ।

# ਪੱਕਾ ਨਾਮਧਾਰੀ ਹੈ

(ਵਲੋਂ ਸ੍ਰੀਮਾਨ ਸੰਤ ਮੰਗਲ ਸਿੰਘ ਜੀ ਲਾਇਲਪੁਰੀ)

ਸਿਧੀ ਦਸਤਾਰ ਜੀਹਦੀ, ਸੁੰਦਰ ਨੁਹਾਰ ਜੀਦੀ,
ਦੇਸ਼ ਨਾਲ ਪਿਆਰ ਤੇ, ਅਜ਼ਾਦੀ ਦਾ ਪੁਜਾਰੀ ਹੈ।
ਸਾਂਟਲ ਕਰੇਪ ਅਤੇ ਬੋਸਕੀ ਨ ਅੰਗ ਲਾਵੇ,
ਖੱਦ੍ਰ ਦੀ ਮਹਾਨਤਾ ਦਾ ਸਚੇ ਦਿਲੋਂ ਧਾਰੀ ਹੈ।
ਹਥ ਵਿਚ ਗੜਵਾ ਤੇ ਪਊਏ ਰਖੇ ਕੋਲ ਸਦਾ,
ਖਾਣ ਪੀਣ ਬੈਠਨ ਦੀ ਜੁਗਤ ਵੀਚਾਰੀ ਹੈ।
ਕਰੇ ਜੇਹੜਾ ਦਰਸ਼ ਓਦੇ ਸੋਕ ਸਾਰੇ ਦੂਰ ਹੋਨ,
ਜੀਦੇ ਉਤੇ ਹੋਈ ਹੋਵੇ ਰੱਬੀ ਮੀਨਾਂ ਕਾਰੀ ਹੈ।
ਕਦੀ ਨ ਭੁਲਾਵੇ "ਪ੍ਰਦੇਸੀ" ਮਨ ਮੋਹਨ ਜੀ ਨੂੰ,
ਵਾਲੀ ਸਾਰੇ ਦੇਸਾਂ ਦਾ ਤੇ ਮਹਿਮਾਂ ਜੀਦੀ ਨਿਆਰੀ ਹੈ।
ਹੋਸੋਂ ਹੋਵੇ ਉਜਲਾ, ਨਿਆਰਾ ਦਿਸੇ ਜੱਗ ਨਾਲੋਂ,
ਆਖਦੀ ਲੁਕਾਈ, ਉਹਨੂੰ ਪੱਕਾ ਨਾਮਧਾਰੀ ਹੈ।

# (੩੮) ਮਹਾਰਾਜ ਗੁਰਦਯਾਲ ਸਿੰਘ ਜੀ

ਆਪ ਗੁਰੂ ਅੰਸ ਫੁਲਵਾੜੀ ਦੇ ਮਹਿਕਦੇ ਫੁੱਲ ਸਨ, ਆਪ ਕਤਕ ਵਦੀ ੧੦ ਸੰ:੧੯-੫੪ ਬਿ. ਵਿਚ ਸੋਮਵਾਰ ਵਾਲੇ ਦਿਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਗ੍ਰਿਹ ਪਰਮ ਪੂਜਨੀਯਾ ਮਾਤਾ ਜੀਉਣ ਕੌਰ ਜੀ ਦੀ ਪਾਵਨ ਗੋਦ ਵਿਚ ਪ੍ਰਗਟ ਹੋਏ। ਬਾਲ ਅਵਸਥਾ ਤੋਂ ਹੀ ਆਪ ਦੇ ਹਿਰਦੇ ਵਿਚੋਂ ਵੈਰਾਗ ਤਿਆਗ ਸਤ ਸੰਤੋਖ ਅਤੇ ਦਇਆ ਆਦੀ ਦੈਵੀ ਗੁਣਾਂ ਦੀ ਸੁਗੰਧ ਔਂਦੀ ਸੀ।

ਆਪਨੇ ਬੜੇ ਹੀ ਪੁਰਸ਼ਾਰਥ ਨਾਲ ਗੁਰ-ਮੁਖੀ ਤੋਂ ਛੁਟ ਉਰਦੂ ਫਾਰਸੀ ਅਤੇ ਅੰਗ੍ਰੇਜ਼ੀ ਵਿਦਿਆ ਪ੍ਰਾਪਤ ਕੀਤੀ ਸੀ। ਆਪਦਾ ਅਨੰਦ-ਕਾਰਜ ਲਾਹੌਰ ਵਾਲੇ ਬਾਬਾ ਧਿਆਨ ਸਿੰਘ ਜੀ ਪੱਥਰਾਂ ਵਾਲਿਆਂ ਦੀ ਸੁਸ਼ੀਲ ਬੀਬੀ ਸ੍ਰੀ ਮਤੀ ਕਰਤਾਰ ਕੌਰ ਨਾਲ ਸੰਨ ੧੯੨੧ ਈ: ਵਿਚ ਹੋਇਆ ਸੀ। ਅਨੰਦ ਤੋਂ ਕੁਛ ਕਾਲ ਉਪ੍ਰੰਤ ਆਪਨੇ ਆਪਣੀ ਰਹੈਸ਼ ਦੇ ਵਾਸਤੇ ਲਾਹੌਰ ਸ਼ਹਿਰ ਨੂੰ ਹੀ ਚੁਣ ਲਿਆ। ਜਿਸਦਾ ਕਾਰਨ ਏਹ ਸੀ, ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਛੋਟੇ ਅਤੇ ਆਪਤੋਂ ਵਡੇ (ਭ੍ਰਾਤਾ) ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਘੋੜਿਆਂ ਦੀ ਸੌਦਾਗਰੀ ਅਰਥ ਲਾਹੌਰ ਰਹਿੰਦੇ ਸਨ, ਜਿਨਾਂ ਤੋਂ ਆਪ ਇਕ ਘੜੀ ਵੀ ਅਲਹਿਦਾ ਹੋਣਾਂ ਨਹੀਂ ਚਾਹੁੰਦੇ ਸਨ।

ਲਾਹੌਰ ਵਿਚ ਰਹਿਕੇ ਆਪਨੇ ਅੰਗ੍ਰੇਜ਼ੀਦਾ ਏਨਾਂ ਮੁਤਾਲਿਆ ਕੀਤਾ, ਕਿ ਆਪ ਥੋੜੇ ਹੀ ਚਿਰ ਵਿਚ ਅੰਗ੍ਰੇਜ਼ੀ ਦੇ ਬੜੇ ਸੁੰਦਰ ਵਕਤਾ ਅਤੇ ਲੇਖਕ ਹੋ ਗਏ। ਆਪ ਦੇ ਦੇਸ਼ ਸੇਵਾ ਸਬੰਧੀ ਅੰਗ੍ਰੇਜ਼ੀ ਦੇ ਲੇਖ ਲਹੌਰ ਦੇ ਰੋਜ਼ਾਨਾਂ ਅਖਬਾਰ ਟਰਿਬਯੂਨ ਵਿਚ ਪ੍ਰਕਾਸ਼ਿਤ ਹੋਇਆ ਕਰਦੇ ਸੀ। ਉਰਦੂ ਅਤੇ ਪੰਜਾਬੀ ਦੇ ਵੀ ਆਪ ਆਲ੍ਹਾ ਦਰਜੇ ਦੇ ਲੇਖਕ ਸਨ। ਦੇਸ਼ ਸੇਵਾ ਦੀ ਆਪਨੂੰ ਏਨੀਂ ਲਗਨ ਸੀ ਕਿਆਪ ਥੋੜੇ ਚਿਰ ਵਿਚ ਹੀ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਚੁਣੇ ਗਏ। ੧੯੨੧ ਈ: ਦੀ ਅਹਿਮਦਾ ਬਾਦ ਕਾਂਗਰਸ, ੧੯੨੨ ਦੀ ਗਯਾ ਕਾਂਗਰਸ ਤੇ ੧੯੨੩ ਈ: ਦੀ ਬੈਲਗਾਮ ਕਾਂਗਰਸ ਵਿਚ ਆਪ ਮੇਰੇ ਨਾਲ ਹੀ ਬਤੌਰ ਮੈਂਬਰ ਆਲ ਇੰਡੀਆਂ ਕਾਂਗਰਸ ਦੇ ਸ਼ਾਮਿਲ ਹੋਏ ਸਨ। ਦੇਸ਼ ਸੇਵ ਵਾਸਤੇ ਕਾਂਗਰਸ ਵਿਚ ਕੰਮ ਕਰਨ ਦੀ ਲਗਨ ਮੇਰੇ ਹਿਰਦੇ ਵਿਚ ਆਪਨੇ ਹੀ ਪੈਦਾ ਕੀਤੀ ਸੀ। ਕਾਂਗਰਸ ਵਿਚ ਆਪਦੀ ਪੁਜ਼ੀਸ਼ਨ ਬਹੁਤ ਉਚੀ ਸੀ, ਆਪ ਪੰਜਾਬ ਦੇ ਮੁਖ ਲੀਡਰਾਂ ਵਿਚੋਂ ਇਕ ਸਮਝੇ ਜਾਂਦੇ ਸਨ। ਭਾਈ ਨਿਰੰਕਾਰ ਸਿੰਘ ਚੇਤਨ 'ਸਤਿਜੁਗ' ਦੇ ਪਹਿਲੇ ਸੰਪਾਦਕ ਤੋਂ ਪਿਛੋਂ ਕੁਛਮਹੀਨਿਆਂ ਤਕ "ਸਤਿਜੁਗ' ਆਪ ਦੀ ਹੀ ਅਗਵਾਈ ਵਿਚ ਪ੍ਰਕਾਸ਼ਿਤ ਹੁੰਦਾ ਰਿਹਾ ਹੈ। 'ਸਤਿਜੁਗ' ਦੀ ਐਡੀਟਰੀ ਜਦ ਮੈਨੂੰ ਸੰਭਾਲੀ ਗਈ ਤਾਂ, ਮੈਂ ਆਪ ਦੀ ਰਹਿਨਮਾਈ ਵਿਚ ਹੀ ਕੰਮ ਸ਼ੁਰੂ ਕੀਤਾ ਸੀ। ਦੇਸ਼ ਸੇਵਾ ਤੋਂ ਇਲਾਵਾ ਆਪ ਪੰਥਕ ਸੇਵਾ ਵਲੋਂ ਵੀ ਸਭ ਦੇ ਮੂਹਰੇ ਸਨ। ਨਾਮਧਾਰੀ ਦਰਬਾਰ ਵਿਚ ਰਹਿਕੇ ਜੋ ਆਪਨੇ ਪੰਥ ਦੀ ਸੇਵਾ ਕੀਤੀ ਹੈ. ਉਸਨੂੰ ਪੰਥ ਕਦੇ ਭੁਲ ਨਹੀਂ ਸਕਦਾ। ਆਪ ਦੇ ਹਿਰਦੇ ਵਿਚ ਸਦਾ ਇਹ ਖਯਾਲ ਰਹਿੰਦਾ

ਸੀ ਕਿ ਨਾਮਧਾਰੀ ਪੰਥ ਸੰਸਾਰ ਵਿਚਹਰਇਕ ਪਹਿਲੂ ਵਿਚ ਉੱਨਤੀ ਦੇ ਸਿਖਰ ਤੇ ਪਹੁੰਚੇ ਪਰ, ਕਾਸ਼ !" ਕਿ ਆਪ ਇਸ ਹਸਰਤ ਨੂੰ ਦਿਲਵਿਚਹੀ ਲੈਕੇ੧੮ ਭਾਦਰੋਂ ਸੰ:੧੯੯੬ਨੂੰ ਸੋਮਵਾਰ ਦੇ ਦਿਨ ਸ੍ਰੀ ਭੈਣੀ ਸਾਹਿਬਵਿਖੇ ਸਚ ਖੰਡ ਨੂੰ ਕਮਰ ਕਸੇ ਲਾ ਗਏ,ਆਪਦੀ ਮੌਤ ਨੇ ਨਾਮਧਾਰੀ ਪੰਥ ਨੂੰ ਤਾਂ ਜੋ ਘਾਟਾ ਪਾਇਆ ਉਹ ਨਾਂ ਮਿਟਣ ਵਾਲਾ ਹੈ ਹੀ, ਕਿੰਤੂ ਟ੍ਰਿਬ-ਯੂਨ ਅਖਬਾਰ ਨੇ ਲਿਖਿਆ ਸੀ ਕਿ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਮੌਤ ਨੇ ਪੰਜਾਬ ਕਾਂਗਰਸ ਨੂੰ ਨਾਂ ਕਾਬਲੇ ਤਲਾਫੀ ਨੁਕਸਾਨ ਪੁਚਾਇਆ ਹੈ ਆਪਦੇ ਜੀਵਨ ਵਿਚ ਬਹੁਤ ਸਾਰੇ ਸਿੱਖਜਾ ਦਾ ਇਕ ਵਾਕਿਆਤ ਹਨ ਜਿਨ੍ਹਾਂ ਤੋਂ ਅਸੀਂ ਬਹੁਤ ਸਾਰਾ ਲਾਭ ਪ੍ਰਾਪਤ ਕਰ ਸਕਦੇ ਹਾਂ, ਪ੍ਰੰਤੂ ਇਸ ਅੰਕ ਵਿਚ ਸਥਾਨ ਭਾਵ ਨੂੰ ਮੁਖ ਰਖਦਿਆਂ ਹੋਇਆਂ ਸਾਰੇ ਪ੍ਰਕਾ-ਸ਼ਿਤ ਨਹੀਂ ਕੀਤੇ ਜਾ ਸਕੇ. ਆਪ ਵਿਚ ਸੰਤਾਂ ਵਾਲੇ ਸਾਰੇ ਗੁਣ ਮੌਜੂਦ ਸਨ।

ਆਪ ਜੀ ਦੇ ਪਿਛੋਂ ਆਪ ਦੇ ਧਰਮ ਪਤਨੀ ਸ੍ਰੀ ਮਤੀ ਬੀਬੀ ਕਰਤਾਰ ਕੌਰ ਜੀ ਵੀ ਆਪ ਦੇ ਵਿਜੋਗ ਵਿਚ ੨੯ ਸੌਣ ਐਤਵਾਰ ਸੰਮਤ ੧੯੯੯ ਨੂੰ ਪੂਰਨ ਮਾਸ਼ੀ ਵਾਲੇ ਦਿਨ ਅੰਮ੍ਰਿਤ ਵੇਲੇ ੨ ਬਜੇ ਸ਼ਰੀਰ ਤਿਆਗਕੇ ਆਪਦੇ ਚਰਨਾਂ ਵਿਚ ਜਾ ਬਿਰਾਜੇ।

("ਅ ਲਿਮ")

# (੩੯) ਬਾਬਾ ਧਿਆਨ ਸਿੰਘ ਜੀ ਲਾਹੌਰ


ਸ੍ਰੀ ਮਾਨ ਬਾਬਾ ਧਿਆਨ ਸਿੰਘ ਜੀ ਪੱਥਰਾਂ ਵਾਲੇ ਲਹੌਰ ਦੇ ਵਿਚ ਪ੍ਰਸਿਧ ਨਾਮਧਾਰੀ ਇਕ ਤਰਾਂ ਦੇ ਰਾਜਾ ਯੋਗੀ ਹੋਏ ਹਨ। ਆਪ ਬੜੇ ਸੰਤ ਸੇਵਕ, ਅਤੇ ਗੁਰੂ ਘਰ ਤੇ ਭਰੋਸਾ ਰਖਣ ਵਾਲੇ ਸੰਤ ਸਰੂਪ ਗੁਰ ਸਿਖ ਸਨ। ਐਸ ਵੇਲੇ ਆਪ ਦੇ ਪ੍ਰਵਾਰ ਉਤੇ ਵੀ ਸਤਿਗੁਰ ਦੀ ਮੇਹਰ ਹੈ। ਲਹੌਰ ਵਿਚ ਔਂਦੇ ਜਾਂਦੇ ਸਾਧੂਆਂ ਦਾ ਕਮਰਕੱਸਾ ਆਪ ਦੇ ਘਰ ਹੀ ਖੁਲਦਾ ਹੈ, ਅਤੇ ਆਪ ਦੇ ਧਰਮ ਪਤਨੀ ਸ੍ਰੀ ਮਾਤਾ ਭਗਵਾਨ ਕੌਰ ਜੀ ਇਸ ਬਿਰਧ ਅਵਸਥਾ ਵਿਚ ਵੀ ਸਾਧੂਆਂ ਨੂੰ ਆਪਣੀ ਹੱਥੀਂ ਪਕਾਕੇ ਲੰਗਰ ਛਕਾਂਦੇ ਹਨ। ਵੱਡੇ ਸੋਧੀਆਂ ਲਈ ਲੋਹ ਦਾ ਵਖਰਾ ਪ੍ਰਬੰਧ ਹੈ, ਜਿਥੇ ਸੋਧੀ ਸੰਤ ਆਪਣੀ ਹਥੀਂ ਲੰਗਰ ਸਜਾਕੇ ਛਕਦੇ ਹਨ।

੧.


ਬਾਬਾ ਜੀ ਦਾ ਜਨਮ ਸੰਮਤ. ੧੯੧੦ ਬਿ: ਨੂੰ ਦੁਸਹਿਰੇ ਵਾਲੇ ਦਿਨ ਅਮ੍ਰਿਤ ਵੇਲੇ ੪ ਬਜੇ ਸ੍ਰ: ਬੂਟਾ ਸਿੰਘ ਜੀ ਦੇ ਘਰ ਮਾਤਾ ਹਰ ਕੌਰ ਜੀ ਦੀ ਕੁਖੋਂ ਹੋਇਆ ਆਪ ਦੇ ੩ ਵਿਆਹ ਹੋਏ ਸਨ। ਧਰਮ ਪਤਨੀਆਂ ਦੇ ਨਾਮ ਮਾਤਾ ਬੁੱਧਾਂ ਗੁਜਰੀ, ਤੇ ਭਗਵਾਨ ਕੌਰ ਜਿਨਾਂ ਵਿਚੋਂ ਭਗਵਾਨ ਕੌਰ ਜੀ ਜੀਵਤ ਹਨ। ਬਾਬਾ ਜੀ ਦਾ ਜੀਵਨ ਸੇਵਾ ਦਾ ਇਕ ਉੱਚ ਆਦਰਸ਼ਜ ਪੇਸ਼ ਕਰਦਾ ਹੈ।

## ਭਜਨ ਪੁਛਣਾਂ

ਬਾਦਾਮੀ ਬਾਗ (ਲਹੌਰ) ਸ੍ਰੀ ਸਤਿਗੁਰੂ



ਸ੍ਰੀ ਮਾਤਾ ਫ਼ਤਹ ਕੌਰ ਜੀ ਦੇ ਅੰਤਮ ਦਰਸ਼ਨ



ਪੰਡਤ ਮਿਸਰਾ ਸਿੰਘ ਜੀ ਮਦਾਰ

ਰਾਮ ਸਿੰਘ ਜੀ ਪਧਾਰੇ ਤਾਂ ਸ਼ਹਿਰ ਵਿਚ ਧੁਮਪੈ ਗਈ, ਕਿ ਕੂਕਿਆਂ ਦਾ ਗੁਰੂ ਆਇਆ ਹੈ ਸੋ੍ਤ ਸੁਣਕੇ ਸ੍ਰਦਾਰ ਬੂਟਾ ਸਿੰਘ ਜੀ ਆਪਣੇ ਪੁਤ੍ਰ (ਧਿਆਨ ਸਿੰਘ) ਨੂੰ ਨਾਲ ਲੈਕੇ ਦਰਸ਼ਨ ਕਰਨ ਵਾਸਤੇ ਗਏ। ਬਾਬਾ ਜੀ ਦੀ ਉਮਰ ਉਸ ਵੇਲੇ ੭-੮ ਸਾਲ ਦੀ ਸੀ। ਉਸ ਵੇਲੇ ਏਹ ਗਲ, ਮਸ਼ਹੂਰ ਸੀ ਕਿ ਕੂਕਿਆਂ ਦਾ ਗੁਰੂ ਸਿਖਾਂ ਦੇ ਕੰਨ ਵਿਚ ਸਜਦਾਣੀ ਦੀ ਕਲਮ ਦੇਂਦਾ ਏ। ਸ੍ਰਦਾਰ ਜੀ ਨੇ ਨਮ-ਸ਼ਕਾਰ ਕਰਕੇ ਅਰਜ ਕੀਤੀ ਕਿ ਮਹਾਰਾਜ ਮੇਰੇ ਇਸ ਬਚੇ ਨੂੰ ਭਜਨ ਬਖਸ਼ੋ। ਸਤਿਗੁਰਾਂ ਨੇ ਭਜਨ ਦਸ ਦਿਤਾ, ਪਰ ਕਿਸੇ ਤਰਾਂ ਦੀ ਕੋਈ ਹੋਰ ਸਿਖਿਆ ਨਾਂ ਦਿਤੀ। ਜਦ ਬਾਹਰ ਜਾਕੇ ਪਿਤਾ ਜੀ ਨੇ ਪੁਛਿਆ ਕਿ ਪੁਤ੍ਰ ਮੈਨੂੰ ਦਸ ਖਾਂ ਤੈਨੂੰ ਕੀ ਦਸਿਆ ਨੇ ? ਭਾਵੇਂ ਬਾਬਾ ਜੀ ਨੂੰ ਸਤਿਗੁਰਾਂ ਨੇ ਨਾਂ ਦੱਸਣ ਦੀ ਸਿਖ੍ਯਾ ਨਹੀਂ ਸੀ ਦਿਤੀ, ਪਰ ਫੇਰ ਵੀ ਆਪ ਨੇ ਦੱਸਣ ਤੋਂ ਨਾਂਹ ਕਰਦਿਆਂ ਹੋਇਆਂ ਕਿਹਾ, ਕਿ ਤੁਸੀਂ ਉਹਨਾਂ ਤੋਂ ਹੀ ਪੁਛ ਲਓ। ਸਰਦਾਰ ਜੀ ਪਹਿਲੋਂ ਓਹੀ ਸੋਹੰ ਦਾ ਭਜਨ ਕਰਦੇ ਹੁੰਦੇ ਸਨ। ਸਤਿਗੁਰਾਂ ਕਿਹਾ ਅਗੋ ਜੁ ਕਰਦਾ ਏਂ। ਸ੍ਰਦਾਰ ਜੀ ਚਲੇ ਗਏ, ਪਰ ਉਹਨਾਂ ਨੂੰ ਹੁਣ ਪਹਿਲੇ ਭਜਨ ਵਿਚ ਰਸ ਨਾਂ ਆਵੇ ਏਸ ਲਈ ਆਪ ਨੇ ਸ੍ਰੀ ਬਾਬਾ ਬ੍ਰਹਮਾਂ ਸਿੰਘ ਜੀ ਤੋਂ ਭਜਨ ਪੁਛਿਆ।

## ੨.

ਬਾਬਾ ਧਿਆਨ ਸਿੰਘਜੀਦਾ ਪਹਿਲਾ ਨਾਮ ਰਾਮ ਸਿੰਘ ਸੀ। ਆਪ ਦਾ ਪਹਿਲਾ ਵਿਆਹ ਲੋਪੋ ਕੀ ਹੋਇਆ ਸੀ। ਜਦ ਆਪ ਇਕ ਵਾਰ ਸਹੁਰੇ ਘਰ ਗਏ, ਤਾਂ ਉਹਨਾਂ ਨੇ ਕਿਹਾ ਕਾਕਾ ਇਹ ਨਾਮ ਸਤਿਗੁਰਾਂ ਦਾ ਹੈ, ਏਸ ਲਈ ਤੂੰ ਹੋਰ ਨਾਮ ਰੱਖ ਲੈ। ਬਾਬੇ ਹੋਰਾਂ ਨੇ ਸੱਤਿ ਬਚਨ ਕਹਿਕੇ ਆਪਣਾਂ ਨਾਮ ਰਾਮ ਸਿੰਘ ਤੋਂ ਬਦਲਾਕੇ ਧਿਆਨ ਸਿੰਘ ਰਖਾ ਲਿਆ।

ਬਾਬਾ ਜੀ ਦਾ ਭਰਾ ਗੁਰਦਿਤਾ ਜੀ ਨਿਕੀਆਂ ਗਲੋਟੀਆਂ ਜ਼ਿਲ੍ਹਾ ਸਿਆਲ ਕੋਟ ਵਿਚ ਵਾਹੀ ਦੀ ਕਿਰਤ ਕਰਕੇ ਨਿਰਬਾਹ ਕਰਦੇ ਸਨ। ਜਦ ਉਹਨਾਂ ਨੇ ਸਤਿਗੁਰ ਸਚੇ ਪਾਤਸ਼ਾਹ ਦੀ ਸੋਭਾ ਸੁਣੀ ਤਾਂ ਧਾਰਨਾਂ ਧਾਰੀ ਕਿ ਜੇ ਪੂਰਾ ਸਤਿਗੁਰ ਹੈ, ਤਾਂ ਮੈਨੂੰ ਹਰਟ ਦੀ ਗਾਧੀ ਤੇ ਭਜਨ ਦੇਵੇਗਾ। ਸੱਚੇ ਪਾਤਸ਼ਾਹ ਉਨ੍ਹੀਂ ਦਿਨੀਂ ਜਿਲ੍ਹਾ ਸਿਆ-ਲਕੋਟ ਦਾ ਦੌਰਾ ਕਰ ਰਹੇ ਸਨ। ਦੀਨ ਦਿਆਲ ਜੀ ਜਦ ਗਲੋਟੀਂ ਆਏ ਤਾਂਆਪਨੇ ਗੁਰਦਿਤੇ ਦੇ ਖੂਹ ਤੇ ਹੀ ਆਣ ਡੇਰਾ ਕੀਤਾ ਸਤਿਗੁਰਾਂ ਨੇ ਨਾਂ ਸਦ ਕੇ ਕਿਹਾ-'ਗੁਰਦਿ-ਤਿਆ! ਗਾਧੀ ਤੇ ਬਹਿਕੇ ਭਜਨ ਪੁਛਣਾਂ ਹੈ, ਕਿ ਐਥੇ ਬੈਠਿਆਂ ? ਗੁਰਦਿਤਾ ਹੈਰਾਨ ਹੋਕੇ ਸਤਿਗੁਰਾਂ ਵਲ ਵੇਖਣ ਲਗ ਪਿਆ। ਨਜ਼ਰ ਨਾਲ ਨਜ਼ਰ ਲੜਦਿਆਂ ਹੀ ਗੁਰ-ਦਿਤਾ ਜੀ ਨੂੰ ਸੂਰਤ ਪੈ ਗਿਆ। ਕੁਛ ਚਿਰ ਐਸੀ ਹੀ ਦਸ਼ਾ ਰਹੀ ਜਦ ਹੋਸ਼ ਆਈ ਤਾਂ ਭਜਨ ਪੁਛਕੇ ਜਨਮ ਸਫਲ ਕੀਤਾ। ਉਸ ਸਮੇਂ ਆਪਦੇ ਘਰ ਇਕ ਭੜੋਲੀ ਆਟੇ ਦੀ ਤੇ ਇਕ ਮਟੀ ਦਾਣਿਆਂ ਦੀ ਸੀ। ਸਤਿਗੁਰ ਤਿੰਨ ਦਿਨ ਰਹੇ, ਬੜਾ ਭਾਰੀ ਮੇਲਾ ਹੋਇਆ। ਅਟੁਟ ਲੰਗਰ ਵਰਤਿਆ, ਪਰ ਉਹ ਭੜੋਲੀ ਆਟੇ ਦੀ ਤੇ ਮਟੀ ਦਾਣਿਆਂ ਦੀ ਨਹੀਂ ਮੁੱਕੀ॥

## ੩.

ਸ੍ਰਦਾਰ ਬੂਟਾ ਸਿੰਘ ਜੀ ਵੀ ਚਰਨਾਂ ਵਿਚ

ਹਾਜ਼ਰ ਸਨ। ਇਕ ਦਿਨ ਸਤਿਗੁਰਾਂ ਨੇ ਇਸ਼ਨਾਨ ਕਰਦਿਆਂ ਹੋਇਆਂ ਆਗਜਾ ਕੀਤੀ ਕਿ ਐਥੇ ਸਾਡਾ ਦਮਦਮਾ ਬਣਾਓ। ਏਹ ਹੁਕਮ ਸੁਣ ਦਿਆਂ ਸਾਰ ਸ੍ਰਦਾਰ ਬੂਟਾ ਸਿੰਘ ਜੀ ਉਠ ਦੌੜੇ, ਤੇ ਛਪੜ ਵਿਚੋਂ ਮਿਟੀ ਲਿਆਕੇ ਓਸੇ ਵੇਲੇ ਦਮਦਮਾ ਬਣਾ ਦਿਤਾ, ਜਿਸਤੇ ਸ੍ਰੀ ਮਾਨ ਬਾਬਾ ਧਿਆਨ ਸਿੰਘ ਜੀ ਨੇ ਦਸ ਹਜ਼ਾਰ ਰੁਪਯਾ ਖਰਚ ਕਰਕੇ ਬੜੀ ਸ਼ਾਨ ਵਿਚ ਕਾਇਮ ਕਰ ਦਿਤਾ, ਤੇ ਸੇਵਾ ਦਾਰਾਂ ਵਾਸਤੇ ਖਰਚ ਵੀ ਨੀਯਤ ਕਰ ਦਿਤਾ ਜੋ ਬਾਬਾ ਜੀਦੇਪ੍ਰਵਾਰਵਲੋਂ ਅਜ ਤਕ ਕਾਇਮ ਹੈ। ਏਹ ਦਮ ਦਮਾ-ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦਮਦਮਾ ਕਰਕੇ ਪ੍ਰਸਿੱਧ ਹੈ, ਜਿਥੇ ਪਹਿਲੋਂ ਭਾਈ ਮੋਹਨ ਸਿੰਘ ਸੇਵਾ ਕਰਦਾ ਰਿਹਾ ਤੇ ਉਸਦੇ ਚੜ੍ਹਾਈ ਕਰਨ ਤੋਂ ਪਿਛੋਂ ਗੁਰੂ ਘਰ ਦੇ ਨਿਰਮਾਣ ਅਤੇ ਨਿਸ਼-ਕਾਮ ਸੇਵਕ ਸੰਤ ਭਾਈ ਮੰਗਲ ਸਿੰਘ ਜੀ ਨੀਯਤ ਹੋਏ ਜੋ ਕਿ ਅਜ ਕਲ ਸੇਵਾ ਕਰ ਰਹੇ ਹਨ।

## ੪.

ਬਾਬਾ ਧਿਆਨ ਸਿੰਘ ਜੀ ਤੇ ਭਜਨ ਦਾ ਐਸਾ ਰੰਗ ਚੜ੍ਹਿਆ ਕਿ ਮਸਤੀ ਵਿਚ ਖੀਵੇ ਰਹਿਣ ਲਗੇ, ਆਪ ਜੀ ਸੰਗ ਮਰ ਮਰ ਦਾ ਕੰਮ ਕਰਦੇ ਸਨ, ਜਿਸ ਕਰਕੇ ਪੱਥਰਾਂ ਵਾਲੇ ਕਰਕੇ ਪ੍ਰਸਿੱਧ ਹੋ ਗਏ। ਆਪ ਜੀ ਦਾ ਘਰ ਅਤੇ ਕਾਰਖਾਨਾਂ ਭਾਟੀ ਦਰਵਾਜੇਤੋਂਬਾਹਰਦਾਤਾ ਗੰਜ ਬਖਸ਼ ਦੇ ਚੌਕ ਕੋਲ ਸੀਮੈਂਟਨੀ ਰੋਡ ਤੇ ਹੈ। ਅਜਕਲ ਆਪਦੇ ਸਪੁਤ੍ਰ ਸ੍ਰਦਾਰ ਨਰੈਣ ਸਿੰਘ ਜੀ ਅਤੇ ਸ੍ਰਦਾਰ ਕਰਤਾਰ ਸਿੰਘ ਜੀ ਵਿਹਾਰ ਚਲਾ ਰਹੇ ਹਨ। ਇਸ ਬੜੇ ਸਾਰੇ ਮਕਾਨ ਵਿਚ ਇੱਕ ਹਿਸਾ ਬਾਬਾ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਧਰਮ ਸਾਲਾ ਦੇ ਨਾਮ ਤੇ ਵਕਫ ਕੀਤਾ ਹੋਇਆ ਹੈ।

## (੫)

ਆਪਣੀ ਸੇਵਾ ਉਮੰਗ ਨੂੰ ਪੂਰਨ ਕਰਨ ਵਾਸਤੇ ਆਪਨੇ ਕਈਵਾਰ ਹਜ਼ਾਰਾਂ ਰੁਪੈ ਖਰਚ ਕੇ ਸਾਧ ਸੰਗਤ ਦੇ ਮੇਲੇ ਕੀਤੇ। ਨਾਮਧਾਰੀ ਸਾਧ ਸੰਗਤ ਦਾ ਹੋਲਾ ਜੋ ਸੰ: ੧੯੬੭ ਨੂੰ ਲਾਹੌਰ ਹੋਇਆ ਸੀ,ਉਹ ਆਪ ਜੀ ਨੇ ਹੀ ਕਰਾਇਆ ਸੀ ਸਿਖ ਐਜੂ ਕੇਸ਼ਨਲ ਕਾਨ ਫਰੰਸ ਲਾਹੌਰ ਦੇ ਲੰਗਰ ਦਾ ਸਾਰਾ ਖਰਚ ਆਪਨੇ ਕੀਤਾ ਸੀ।

ਧਾਰਮਕ ਕਾਰਜਾਂ ਵਿਚ ਏਨਾਂ ਉਤਸ਼ਾਹ ਹੋਣ ਤੋਂ ਛੁਟ ਆਪ ਦੇਸ਼ ਸੇਵਾ ਦੇ ਕਾਰਜਾਂ ਵਾਸਤੇ ਵੀ ਬੜੇ ਉਦਾਰ ਚਿਤ ਸਨ। ਪ੍ਰਸਿੱਧ ਦੇਸ਼ ਭਗਤ ਡਾਕਟਰ ਸਤਯਪਾਲ ਸਾਹਿਬ ਨੇ ਇਕ ਵਾਰ ਮੈਨੂੰ ਇਕ ਚਿਠੀ ਵਿਚ ਲਿਖਿਆ ਸੀ ਕਿ ਸ੍ਰਦਾਰ ਧਿਆਨ ਸਿੰਘ ਜੀ ਨੇ ਮੇਰੀ ਬੇਨਤੀ ਨੂੰ ਪ੍ਰਵਾਨ ਕਰਕੇ ਜੋ ਕਾਂਗਰੈਸ ਦੀ ਸਹਾਇਤਾ ਵਾਸਤੇ ਮੂੰਹੋਂ ਮੰਗਿਆ ਦਾਨ ਦਿੱਤਾ, ਉਸਨੂੰ ਨਾਂ ਮੈਂ ਹੀ ਭੁਲ ਸਕਦਾ ਹਾਂ ਤੇ ਨਾਂ ਹੀ ਕਾਂਗਰਸ। ਗੱਲ ਕੀ ਧਾਰਮਕ ਕਾਰਜਾਂ ਵਿਚ ਕੀ ਤੇ ਦੇਸ਼ ਸੇਵਾ ਵਿਚ ਕੀ, ਬਾਬਾ ਜੀ ਨੇ ਜਿਸ ਉਦਾਰਤਾ ਦਾ ਸਬੂਤ ਦਿੱਤਾ ਉਸ ਦੀ ਮਿਸਾਲ ਉਹ ਆਪ ਹੀ ਸਨ।

## ਗੁਰੂ ਘਰ ਨਾਲ ਸੰਬੰਧ

ਪ੍ਰਮਾਰਥਿਕ ਸਬੰਧ ਤੋਂ ਛੁਟ ਆਪ ਦੇ ਸੰਸਾਰਕ ਸਬੰਧ ਵੀ ਗੁਰੂ ਘਰ ਨਾਲ ਵਿਸ਼ੇਸ਼ ਪਦਵੀ ਰਖਦੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਦੇ ਛੋਟੇ ਭਾਈ ਮਹਾਰਾਜ ਨਿਹਾਲ ਸਿੰਘ ਜੀ ਅਤੇ ਸਚ ਖੰਡ ਨਿਵਾਸੀ ਮਹਾਰਾਜ ਗੁਰਦਯਾਲ ਸਿੰਘ ਜੀ ਦੇ ਅਨੰਦ ਆਪਦੀਆਂ ਸਪੁਤ੍ਰੀਆਂ ਸ੍ਰੀ ਮਤੀ

ਬੀਬੀ ਸਤਵੰਤ ਕੌਰ ਅਤੇ(ਸਚ ਖੰਡ ਨਿਵਾਸੀ) ਸ੍ਰੀ ਮਤੀ ਬੀਬੀ ਕਰਤਾਰ ਕੌਰ ਨਾਲ ਕ੍ਰਮ ਅਨੁਸਾਰ ਸੰ: ੧੯੧੪ ਅਤੇ ਸੰ:੧੯੨੧ ਈ: ਵਿਚ ਹੋਏ ਸਨ। ਏਨ੍ਹਾਂ ਦੋਹਾਂ ਅਨੰਦਾਂ ਦੇ ਸਮੇ ਜੋ ਲਹੌਰ ਸਟੇਸ਼ਨ ਤੋਂ ਲੈਕੇ ਬਾਬਾ ਜੀ ਦੇ ਘਰ ਤਕ ਸਾਧ ਸੰਗਤ ਦੇ ਜਲੂਸ ਨਿਕਲੇ ਅਤੇ ਗਰੂ ਦਤ ਭਵਨ ਦੇ ਖੁਲੇ ਮੈਦਾਨ ਵਿਚ ਸਾਧ ਸੰਗਤ ਦੇ ਡੇਰਿਆਂ ਵਾਸਤੇ ਤੰਬੂ ਲਗੇ। ਉਨਾਂ ਦੀ ਮਿਸਾਲ ਲਹੌਰ ਦੇ ਉਤਸ਼ਵ ਇਤਿਹਾਸ ਵਿਚਕਿਧਰੇ ਭੀਨਹੀ ਮਿਲਦੀ। ਅਨੰਦਕਾਰਜਾਂ ਦੇ ਸਮੇਂ ਦੀਵਾਨ ਦੇ ਨਜ਼ਾਰੇ ਅਨੁਪਮ ਅਤੇ ਸਤਿਜੁਗੀ ਸਨ। ਏਹਨਾਂ ਅਨੰਦਾਂ ਦੇ ਸਮੇਂ ਲਾਹੌਰ ਵਿਚ ਨਾਮਧਾਰੀ ਹੀ ਨਾਮਧਾਰੀ ਨਜ਼ਰ ਔਂਦੇ ਸਨ। ਬਾਬਾ ਜੀ ਨੇ ਵੀ ਸਾਧ ਸੰਗਤ ਦੀ ਜੋ ਤਨ ਮਨ ਧਨ ਕਰਕੇ ਸੇਵਾ ਕੀਤੀ ਹਰ ਪਹਿਲੂ ਦੇ ਲਿਹਾਜ਼ ਨਾਲ ਪ੍ਰਸ਼ੰਸਾ ਯੋਗ ਸੀ।

## ੬. ਸੰਤਾਨ

ਆਪ ਦੀ ਸੰਤਾਨ ਵੀ ਗੁਰੂ ਘਰ ਦੀ ਸੇਵਕ ਹੈ। ਆਪ ਦੇ ਘਰ ਸ੍ਰ: ਨਰੈਣ ਸਿੰਘ ਜੀ ਸ੍ਰ: ਕਰਤਾਰ ਸਿੰਘ ਜੀ, ਸ੍ਰ: ਗੁਰਦਿਤ ਸਿੰਘ ਜੀ ਅਤੇ ਸ੍ਰ: ਸੰਤ ਸਿੰਘ ਜੀ ਚਾਰ ਪੁਤ੍ਰ ਤੇ ਬੀਬੀ ਈਸ਼ਰ ਕੌਰ (ਵੱਡੀ) ਬੀਬੀ ਸਤਵੰਤ ਕੌਰ, ਅਤੇ ਬੀਬੀ ਕਰਤਾਰ ਕੌਰ ਜੀ ਤਿੰਨ ਪੁਤ੍ਰੀਆਂ ਪੈਦਾ ਹੋਈਆਂ। ਜਿਨਾਂ ਵਿਚੋਂ ਸ੍ਰਦਾਰ ਸੰਤ ਸਿੰਘ ਜੀ ਅਤੇ ਬੀਬੀ ਕਰਤਾਰ ਕੌਰ ਜੀ ਜੁਬਾ ਅਵਸਥਾ ਵਿਚ ਹੀ ਪ੍ਰਲੋਕ ਗਮਨ ਕਰ ਗਏ ਸਨ।

ਸਰਦਾਰ ਗੁਰਦਿਤ ਸਿੰਘ ਜੀ ਮ ਤਾ ਗੁਜਰੀ ਅਤੇ ਬਾਕੀ ਦੀ ਸਭ ਸੰਤਾਨ ਮਾਤਾ ਭਗਵਾਨ ਕੌਰ ਜੀ ਤੋਂ ਹੋਈ।

## ਅੰਤ ਸਮਾਂ

ਸਚੇ ਪਾਤਿਸ਼ਾਹ ਸਤਿਗੁਰੂ ਪ੍ਰਤਾਪਸਿੰਘ ਜੀ ਨੇ ਮੈਨੂੰ ਦਸਿਆ ਹੈ ਕਿ, ਬਾਬਾਜੀ ਦੀ ਅੰਤਮ ਅਵਸਥਾ ਬ੍ਰਹਮ ਗਿਆਨੀਆਂ ਵਾਲੀ ਸੀ। ਆਪ ਨੇ ਇਕ ਮਹੀਨਾਂ ਪਹਿਲੋਂ ਹੀ ਅੰਨ ਦਾ ਤਿਆਗ ਕਰ ਦਿਤਾ ਸੀ। ਜਦੋਂ ਕਿਸੇ ਨੇ ਬੁਲੌਣਾਂ ਯਾ ਕੁਛ ਛਕਨ ਵਾਸਤੇ ਅਰਜ ਕਰਨੀ ਤਾਂ ਕਹਿੰਦੇ ਮੇਰੇ ਸਾਹਮਣੇ ਸਤਿਗੁਰ ਬੈਠੇ ਹਨ, ਇਸ ਲਈਲਾਂਭੇ ਹੋ ਜਾਓ ਇਸ ਪ੍ਰਕਾਰ ਆਪਨੇ ਸਤਿਗੁਰਾਂ ਦੇ ਧਿਆਨ ਵਿਚ ਮਗਨ ਰਹਿੰਦਿਆਂ ਹੋਇਆਂ ਮਹੀਨਾਂ ਅਸੂ ਸੰ: ੧੯੯੩ ਵਿਚ ਸਰੀਰ ਤਿਆਗਿਆ।

(ਆਲਿਮ)

# ਸੋਹਣੀ ਮੂਰਤ ਭਾਈ

( ਸੰਤ ਮੰਗਲ ਸਿੰਘ ਜੀ ਲਾਇਲਪੁਰੀ )

ਜਿਸ ਵੇਲੇ ਸੰਤਾਂ ਦਰ ਆਇਆ, ਸ਼ਾਂਤ ਦਿਲੇ ਨੂੰ ਆਈ।
ਮਨ ਦੇ ਸੰਸੇ ਸਭੇ ਨੱਸੇ, ਬਾਕੀ ਰਿਹਾ ਨ ਕਾਈ।
ਸੰਤ ਮੰਡਲ ਨੇ ਕਿਰਪਾ ਕਰਕੇ, ਸਤਿਗੁਰ ਨਾਲ ਮਿਲਾਇਆ।
ਮੂਰਤ ਮਾਲਾ ਵਾਲੇ ਸੰਦੀ, ਸੋਹਣੀ ਦਿਲ ਨੂੰ ਭਾਈ।

# (੪੦) ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲੇ

(ਵਲੋਂ ਸ੍ਰੀ ਮਾਨ ਸੰਤ ਨਿਧਾਨ ਸਿੰਘ ਜੀ "ਆਲਿਮ")

ਚੀਨੀ ਵਾਲੇ ਪਾਤਸ਼ਾਹ ਦੀ ਰੂਹਾਨੀ ਗੁਲ ਜ਼ਾਰ ਤੋਂ ਪ੍ਰਭਾਵਿਤ ਹੋਕੇ ਨਿਰੰਕਾਰੀ ਸੰਗੀਤ ਦਾ ਮਨਮੋਹਨਾਂ ਅਲਾਪ ਕਰਨ ਵਾਲੀ ਬੁਲ-ਬੁਲ ਜੋ ਸ੍ਰੀ ਮਾਨ ਸੰਤ ਹਜ਼ੂਰਾ ਸਿੰਘ ਜੀ ਦੇ ਰੂਪ ਵਿਚ, ਅਜੇ ਕਲ ਸਾਡੇ ਸਾਹਮਣੇ ਉਡਾ-ਰੀਆਂ ਲਾ ਲਾਕੇ ਪ੍ਰੇਮ ਨਗਮੇ ਸੁਣਾ ਪੱਥਰ ਹਿਰਦਿਆਂ ਨੂੰ ਭੀ ਮੋਮ ਕਰਦੀ ਸੀ, ਉਸਦਾ ਜਨਮ ਚੱਕ ਦੇਸ ਰਾਜ ਜਿਲਾ ਜਲੰਧਰ ਵਿਚ ੨੨ ਚੇਤਰ ਸੰਮਤ ੧੯੬੪ ਨੂੰ ਸ੍ਰ: ਅਰਜਨ ਸਿੰਘ ਜੀ ਦੇ ਘਰ ਹੋਇਆ ਸੀ, ਉਨਾਂ ਦੇ ਚਾਚਾ ਸ੍ਰ: ਚੰਨਣ ਸਿੰਘ ਜੀ ਪੂਰੇ ਨਾਮਧਾਰੀ ਸਿਖ ਸਨ। ਆਪਨੇ ਅਰੰਭਕ ਵਿਦਿਆ ਓਹਨਾਂ ਤੋਂ ਹੀ ਪੜੀ ਸੀ। ਨਾਮਧਾਰੀ ਸੰਗਤ ਵਿਚ ਆਪ ਪੰਥ ਦੇ ਪ੍ਰਸਿਧ ਤੇ ਪੁਰਾਣੇ ਪ੍ਰਚਾਰਕ ਸ੍ਰੀ ਮਾਨ ਪੰਡਿਤ ਬਸੰਤ ਸਿੰਘ ਜੀ ਭਦਾਣਾ ਦੀ ਪ੍ਰੇਰਨਾਂ ਨਾਲ ਉਨਾਂ ਤੋਂ ਭਜਨ ਪੁਛਕੇ ਪ੍ਰਵਿਸ਼ਟ ਹੋਏ ਸਨ। ਸ਼ੁਰੂ ਸ਼ੁਰੂ ਵਿਚ ਆਪ ਨੇ ਚੰਗੇ ੨ ਵਿਦਵਾਨਾਂ ਅਤੇ ਮਹਾਂਪੁਰਖਾਂ ਦੀ ਸੇਵਾ ਵਿਚ ਰਹਿਕੇ ਲਾਭ ਪ੍ਰਾਪਤ ਕੀਤਾ। ਧ੍ਰੂ ਭਗਤ ਵਾਂਗ ਆਪਨੂੰ ਛੋਟੀ ਉਮਰ ਵਿਚ ਹੀ ਵੈਰਾਗ ਲਗ ਗਿਆ। ਆਪ ਦੇ ਗੁਣਾਂ, ਕੋਮਲ ਸੁਭਾਉ ਅਤੇ ਪ੍ਰਚਾਰ ਦੀਆਂ ਖੂਬੀਆਂ ਨੂੰ ਵੇਖਕੇ ਸ੍ਰੀ ਸਤਿ-ਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਨੂੰ ਪ੍ਰਚਾਰ ਦੀ ਸੇਵਾ ਵਾਸਤੇ ਨਿਯੁਕਤਾ ਕਰ ਦਿਤਾ। ਆਪ ਏਨੇ ਤਿਤਿਖਸ਼ੂ ਸਨ ਕਿ ਹਾੜ ਸਿਆਲ ਕਾਲੇ ਰੰਗ ਦੀ ਇਕ ਮੋਟੀ ਭੂਰੀ ਵਿਚ ਹੀ ਗੁਜ਼ਾਰਦੇ। ਏਥੋਂ ਤਕ ਕਿ ਸਾਰੀ ਉਮਰ ਹੀ ਇਸ ਸੋਮ ਮੂਰਤੀ ਨੇ ਇਕ ਭੂਰੀ ਵਿਚ ਹੀ ਵਿਤੀਤ ਕੀਤੀ। ਆਪਨੇ ਪੰਥ ਦੀ ਜੋ ਸੇਵਾ ਕੀਤੀ ਹੈ, ਜੇ ਉਸਦਾ ਸਾਰਾ ਇਤਹਾਸ ਲਿਖਿਆ ਜਾਏ ਤਾਂ ਇਕ ਵਡੀ ਪੁਸਤਕ ਬਣਦੀ ਹੈ। ਕਈ ਥਾਂਈਂ ਆਪਨੇ ਅਪਣੀ ਪ੍ਰੇਰਨਾਂ ਨਾਲ ਧਰਮ ਸਾਲਾ ਬਣਵਾਈਆਂ, ਤੇ ਹਜ਼ਾਰਾਂ ਰੂਹਾਂ ਨੂੰ ਅਪਣੇ ਸ਼ਾਂਤੀ ਪ੍ਰਦ ਉਪਦੇਸ਼ ਦੇ ਪ੍ਰਭਾਵ ਨਾਲ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਲਿਆਂਦਾ, ਸਤਿਗੁਰੂ ਪ੍ਰਤਾਪ ਸਿੰਘ ਜੀ ਸਚੇਪਾਤਸ਼ਾਹ ਦੇ ਆਪ ਮਨਜ਼ੂਰੇ ਨਜ਼ਰ ਸਨ ਅਰ ਨਾਮ-ਧਾਰੀ ਪੰਥ ਦੇ ਚਮਕਦੇ ਭੂਸ਼ਨ। ਪੰਥ ਵਿਚ ਆਪਨੂੰ ਵਧੀਕ ਤੋਂ ਵਧੀਕ ਪਦਵੀਆਂ ਪ੍ਰਾਪਤ ਸਨ; ਜਿਨਾਂ ਨੂੰ ਆਪ ਸੇਵਾ ਦੇ ਨਾਮ ਨਾਲ ਸੰਬੋਧ ਕਰਿਆ ਕਰਦੇ ਸਨ। ਨਾਮਧਾਰੀ ਦਰਬਾਰ ਦੇ ਆਪ ਸਕੱਤ੍ਰ ਸਨ, ਨਾਮਧਾਰੀ ਸ਼੍ਰੋਮਣੀ ਪੰਚ (ਅਰਥਾਤ ਨਾਮਧਾਰੀ ਹਾਈਕੋਰਟ) ਦੇ ਜਜ ਅਤੇ ਪੰਜਾਬ ਤੋਂ ਇਲਾਵਾ ਹਿੰਦੁਸਤਾਨ ਦੇ ਦੂਜੇ ਸੂਬਿਆਂ, ਦੇ ਮੁਖੀ ਪ੍ਰਚਾਰਕ ਸਨ। ਨਾਮਧਾਰੀ ਪੰਥ ਦਾ ਝੰਡਾ ਉਚੇ ਤੋਂ ਉਚਾ ਕਰਨ ਦੀ ਲਾਲਸਾ ਆਪਦੀ ਫਿਤਰਤ ਵਿਚ ਮੌਜੂਦ ਸੀ। ਪ੍ਰਦੇਸਾਂ ਵਿਚ ਪਹੁੰਚਕੇ ਵੀ ਆਪਨੇ ਨਾਮਧਾਰੀ ਮਿਸ਼ਨ ਨੂੰ ਫੈਲਾਣ ਦਾ ਪ੍ਰਯਤਨ ਕੀਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜਦ ਸਿਆਮ ਨੂੰ ਗਏ ਸਨ, ਸੰਤ ਜੀ ਆਪ ਦੀ ਹਜ਼ੂਰੀ ਵਿਚ ਗਏ ਸਨ।

**ਦੇਹਾਂਤ**-ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਂਰਾਜ ਨੇ ਸਭ ਕਲਿਆਨ ਹਿਤ ਜੋ ਭਗਉਤੀ ਜਪ ਪ੍ਰਯੋਗ ੨੮ ਮਘਰ ਸੰ:੧੯੯੬ ਬਿ: ਨੂੰ ਆਰੰਭ ਕੀਤਾ ਸੀ, ਅਤੇ ਜਿਸਦਾ ਭੋਗ ੯ ਚੇਤ ਨੂੰ ਸਵੇਰੇ ਪੈਣਾਂ ਹੈ. ਉਸ ਵਿਚ ਸੰਤ ਜੀ ਮਹਾਰਾਜ ੨੫ ਪੋਹ ਤਕ ਸੇਵਾ ਕਰਦੇ ਰਹੇ। ੨੬ ਪੋਹ ਨੂੰ ਆਪ ਸਤਿਗੁਰਾਂ ਦੀ ਆਗਯਾ ਅਨੁਸਾਰ ਸ੍ਰੀ ਭੈਣੀ ਸਾਹਿਬ ਨੂੰ (ਅੰਤਮ) ਨਮਸਕਾਰ ਕਰਕੇ ਗੁਰ ਪਰਬ ਪੋਹ ਸੁਦੀ, ਵਾਸਤੇ ਕਲਕਤੇ ਨੂੰ ਤੁਰੇ। ਰਸਤੇ ਵਿਚ ਕਾਨਪੁਰ ਅਤੇ ਹੋਰ ਸ਼ਹਿਰਾਂ ਵਿਚ ਚੀਨੀ ਵਾਲੇ ਪਾਤਸ਼ਾਹ ਦਾ ਸੰਦੇਸ਼ ਪੁਚਾਂਦੇ ਹੋਏ ਗੁਰਪਰਬ ਨੂੰ ਕਲਕਤੇ ਪੁਜੇ। ਓਥੇ ਅਪਣੇ ਅਮ੍ਰਿਤ ਉਪਦੇਸ਼ਾਂਨਾਲ ਸੰਗਤਾਂਨੂੰ ਨਿਹਾਲਕਰਨ ਉਪ੍ਰੰਤ ਆਪ ਲਖਨਊ ਪਹੁੰਚੇ, ਜਿਥੇ ਆਪ ਤਿੰਨ ਦਿਨ ਬੀਮਾਰ ਰਹਿਕੇ ੧੭ ਮਾਘ ੧੯੯੬ ਬਿ: ਨੂੰ ਕਰਮ ਕਸੇ ਲਾਕੇ ਚੀਨੀ ਵਾਲੇ ਪਾਤਸ਼ਾਹ ਦੇ ਚਰਨ ਕਮਲਾਂ ਵਿਚ ਜਾ ਬਿਰਾਜੇ। ਲਖਨਊ ਦੀ ਸਮੂਹ ਸਿਖ ਸੰਗਤ ਅਤੇ ਵਿਸ਼ੇਸ਼ ਕਰਕੇ ਸੂਦਾਰ ਸਾਹਿਬ ਸੂ: ਸ਼ਿੰਗਾਰਾ ਸਿੰਘ ਜੀ ਨੇ ਆਪਦੀ ਵਧਤੋਂ ਵਧ ਸੇਵਾ ਕੀਤੀ। ਆਪਦੇ ਬਿਬਾਣ ਨਾਲ ਹਜ਼ਾਰਾਂ ਇਸਤ੍ਰੀ ਪੁਰਸ਼ ਗੁਰੂ ਜਸ ਕਰਦੇ ਹੋਏ ਸ਼ਮਸ਼ਾਨ ਭੂਮੀ ਤਕ ਗਏ। ਆਪ ਦੇ ਅੰਤਮ ਦਰਸ਼ਨਾਂ ਦਾ ਫੋਟੋ ਨਾਲ ਹੀ ਦਿਤਾ ਗਿਆ ਹੈ।

ਸੰਤ ਜੀ ਦੀ ਬੇ ਵਕਤ ਮੌਤ ਦਾ ਜੋ ਖੇਦ ਪੰਥ ਨੇ ਅਨੁਭਵ ਕੀਤਾ ਹੈ, ਉਸਦਾ ਨਮੂਨਾਂ ਸੂ: ਨਿਹਾਲ ਸਿੰਘ ਜੀ ਬੀ. ਏ. ਦੇ ਸ਼ਬਦਾਂ ਵਿਚ ਪਾਠਕਾਂ ਦੀ ਭੇਟ ਕਰਦਾ ਹਾਂ,

## ਆਹ ! ਭੂਰੀ ਵਾਲਿਆ

ਆਹ, ਭੂਰੀ ਵਾਲਿਆ। ਤੈਥੋਂ ਵਾਰੀ, ਤੇਰੀ ਉਸ ਅੰਬੜੀ ਤੋਂ ਸਦਕੇ ਜਿਸ ਤੈਨੂੰ ਜਨਮ ਦਿਤਾ। ਉਹ ਸਮਾਂ ਬੜਾ ਸੁਭਾਗਾ ਸੀ, ਜਿਸਨੇ ਅਜਿਹਾ ਅਨਮੁਲਾ ਲਾਲ ਪੈਦਾ ਕੀਤਾ ਤੇ ਜਿਸ ਦੀ ਚਮਕ ਨਾਲ. ਸੈਂਕੜੇ ਨਹੀਂ ਹਜ਼ਾਰਾਂ ਮਾਵਾਂ ਦੇ ਲਾਡਿਲਿਆਂ ਲਾਲਾਂ ਦੇ ਹਿਰਦਿਆਂ ਅੰਦਰ ਲਟ ਲਟ ਰੋਸ਼ਨੀ ਹੋਈ। ਉਹ ਰੂਹ ਅਜ ਕੁਦਰਤੀ ਕਨੂੰਨ ਅਨੁਸਾਰ ਅੱਖਾਂ ਅਗੋਂ ਓਹਲੇ ਹੋ ਗਈ ਹੈ, ਪ੍ਰੰਤੂ ਫਿਲਮ ਪਿਛੇ ਪਾਤਰ ਵਾਂਗ ਖੜੇ ਅਨੇਕਾਂ, ਰੂਹਾਂ ਨੂੰ ਉਹ ਭੂਰੀ ਵਾਲਾ ਇਸ ਅੰਧ ਕੂਪੀ ਜਗਤ ਵਿਚ ਟਾਰਚ ਦਾ ਕੰਮ ਦਿਆ ਕਰੇਗਾ।

ਆਹ, ਭੂਰੀ ਵਾਲਿਆ! ਤੂੰ ਜਮਾਂਦਰੂ ਹੀ ਤਿਆਗ ਮੂਰਤੀ ਸੈਂ। ਤੂੰ ਰਸ ਤਿਆਗੇ! ਤੂੰ ਮਨ ਵਸ ਕੀਤਾ, ਤੂੰ ਜੋਬਨ ਛਡਿਆ, ਤੂੰ ਜਵਾਨੀ ਛਡੀ! ਤੂੰ ਘਰ ਕੁਰਬਾਨ ਕੀਤਾ! ਤੂੰ ਬਾਹਰ ਵੇਖਿਆ, ਮਹਿਲ ਤਿਆਗੇ! ਤੂੰ ਮਾੜੀਆਂ ਨੂੰ ਲਤ ਮਾਰੀ ਤੂੰ ਪਿਆਰੇ ਨੂੰ ਵਸ ਕਰਨ ਲਈ ਭੂਰੀ ਨਾਲ ਪਿਆਰ ਪਾਲਿਆ। ਆਹ! ਕੁਰਬਾਨੀ ਦਿਆ ਪੁਤਲਿਆ, ਤੂੰ ਸਭ ਕਝ ਵੇਚ ਵਟ ਕੇ ਇਕ ਭੂਰੀ ਖ਼ਰੀਦੀ ਤੇ ਜਦੋਂ ਪਿਆਰ ਨੇ ਸਦਾ ਮਾਰਿਆ, ਜਦੋਂ ਮਾਹੀ ਨੇ ਇਸ਼ਾਰਾ ਕੀਤਾ, ਤੂੰ ਓਦੋਂ ਭੂਰੀ ਨੂੰ ਛਡਕੇ ਉਠ ਨੱਸਾ ਤੇ ਮਹਬੂਬ ਨਾਲ ਜਾ ਇਕ ਮਿਕ ਹੋਯਾ।

ਤੇਰੀ ਭੂਰੀ ਜਿਥੇ ਖਲੋ ਗਈ, ਓਥੇ ਹੀ ਏਕਤਾ ਦਾ ਰਾਗ ਅਲਾਪਿਆ। ਤੂੰ ਜ਼ਿੰਦਗੀ ਵਿਚ ਲਖਾਂ ਭੁਲਿਆਂ ਨੂੰ ਗੁਰ ਸਰਨ ਲਿਆਂਦਾ। ਟੁਟਿਆਂ ਦਿਲਾਂ ਨੂੰ ਜੋੜਿਆ, ਫਟਿਆਂ ਜ਼ਖਮਾਂ ਨੂੰ ਸੀਤਾ। ਅਲਿਆਂ ਘਾਵਾਂ ਨੂੰ ਮਰਹਮਪਟੀ ਲਗਾਈ। ਰੋਗੀਆਂ ਦੇ ਰੋਗ ਦੂਰ ਕੀਤੇ। ਸੋਗੀਆਂ ਦੇ ਸੋਗ ਗਵਾਏ ਡਿਗਿਆਂ ਨੂੰ ਉਠਾਇਆ ਅਤੇ ਤਪਿਆਂ ਨੂੰ ਠਾਰਿਆ।

# ਭੂਰੀ ਵਾਲਾ

## ਪੰਥਕ ਬਗੀਚੇ ਦਾ ਸੁਹਾਵਣਾਂ ਉਹ ਫੁੱਲ ਸੀ

(ਵਲੋਂ ਸ੍ਰੀ ਮਾਨ ਸੰਤ ਨਿਧਾਨ ਸਿੰਘ ਜੀ "ਆਲਿਮ")

ਸ਼ਾਂਤੀ ਦਾ ਭੰਡਾਰ ਸੀ, ਮੁਜੱਸਮ ਪਿਆਰ ਸੀ
ਉਹ ਰਹਿੰਦਾ ਠੰਢਾ ਠਾਰ ਓਹਦਾ ਜੀਵਨ ਨਿਰਾਲਾ ਸੀ।
ਪੰਥ ਦਾ ਨਿਸ਼ਾਨ ਸੀ ਉਹ ਚਤੁਰ ਸੁਜਾਨ,
ਪੰਥ ਸੇਵਕ ਮਹਾਨ ਓਹਦੇ ਅੰਦਰ ਉਜਾਲਾ ਸੀ।
ਅੰਦਰੋਂ ਗ਼ਰੀਬ, ਸਾਰੇ ਪੰਥ ਦਾ ਹਬੀਬ,
ਦੁਖੀ ਦਿਲਾਂ ਦਾ ਤਬੀਬ ਉਹ ਅਜੀਬ ਭੂਰੀ ਵਾਲਾ ਸੀ।
ਮੁਖੜੇ ਦਾ ਖੇੜਾ, ਓਹਦਾ ਤਕਦਾ ਸੀ ਜੇਹੜਾ,
ਉਹਦੇ ਦਿਲ ਦਾ ਬਖੇੜਾ ਝੇੜਾ ਦੂਰ ਹੁੰਦਾ ਆਲਾ ਸੀ।
ਮਿੱਠਾ ਮਿੱਠਾ ਬੋਲਾ ਓਹਦਾ, ਭੂਰੀ ਦਾ ਸੀ ਚੋਲਾ ਓਹਦਾ,
ਜੀਵਨ ਅਮੋਲਾ ਜਾਂਦੇ ਦੇਵਤੇ ਵੀ ਭੁੱਲ ਸੀ।
ਮਹਿਕਿਆ ਸੀ "ਆਲਮ" ਸੁਗੰਧੀ ਓਹਦੀ ਨਾਲ ਸਭ,
ਪੰਥਕ ਬਗੀਚੇ ਦਾ ਸੁਹਾਵਣਾਂ ਉਹ ਫੁੱਲ ਸੀ।
ਦਿੱਲੀ ਲਖਨਊ ਕਲਕਤੇ ਤੇ ਬੰਬਈ ਵਿਚ,
ਬਰਮਾ ਸਿਆਮ ਤਕ ਚੱਕਰ ਲਗਾਯਾ ਓਨ।
ਚਾ ਉਤਸ਼ਾਹ ਅਤੇ ਦਿਲ ਦੇ ਉਮਾਹ ਨਾਲ,
ਕੀਤਾ ਪ੍ਰਚਾਰ ਝੰਡਾ ਪੰਥ ਦਾ ਝੁਲਾਯਾ ਓਨ।
ਕਥਾ ਵਖਯਾਨ ਓਹਦਾ ਸੁਣਿਆ ਬਿਆਨ ਜਿਨ,
ਟੇਕ ਸੀਸ ਚਰਨਾਂ ਤੇ ਆਪਣਾਂ ਝੁਕਾਯਾ ਓਨ।
ਪਾਠ ਅਤੇ ਵਰਨੀਆਂ, ਕਰੌਣੀਆਂ ਤੇ ਕਰਨੀਆਂ,
ਅਨੰਤ ਜਗਾ ਵਿਚਰ ਗੁਰੂ ਜਸ ਪ੍ਰਗਟਾਇਆ ਓਨ।
ਕੀ ਕੀ ਉਪਕਾਰ ਗਿਣਾਂ, ਆਂਵਦਾ ਨਾਂ ਪਾਰਾਵਾਰ,
ਇਕ ਇਕ ਗੁਣ ਦਾ ਨਾਂ ਓਹਦਾ ਕੋਈ ਮੁਲ ਸੀ।
ਮਹਿਕਿਆ ਸੀ "ਆਲਮ" ਸੁਗੰਧੀ ਓਹਦੀ ਨਾਲ ਸਾਰਾ,
ਪੰਥਕ ਬਗੀਚੇ ਦਾ ਸੁਹਾਵਣਾਂ ਉਹ ਫੁੱਲ ਸੀ।

# (੪੧) ਬਾਬਾ ਪ੍ਰੇਮ ਸਿੰਘ ਜੀ ਸਹਿੰਸਰਾ

(ਲੇਖਕ ਸੰ: ਰਵੇਲ ਸਿੰਘ ਜੀ ਘੁੱਕੇ ਵਾਲੀਆ ਜ਼ਿਲਾ ਅੰਮ੍ਰਿਤਸਰ)

ਆਪ ਦਾ ਜਨਮ ਪਿੰਡ ਸਹਿੰਸਰਾ ਜ਼ਿ: ਅਮ੍ਰਿਤਸਰ ਵਿਚ ਹੋਯਾ। ਆਪ ਦਾ ਜੀਵਨ ਬਹੁਤ ਉਚਾ ਤੇ ਸੁਚਾ ਹੈ। ਆਪ ਗੋਤ ਦੇ ਰੰਧਾਵੇ ਜ਼ਿਮੀਦਾਰ ਸਿਖ ਸਨ। ਆਪ ਦਾ ਸ਼ੁਭ ਨਾਮ ਅੰਮ੍ਰਿਤਸਰ ਦੇ ਇਲਾਕੇ ਦੇ ਜੀ ਜੀ ਦੀ ਜ਼ਬਾਨ ਪਰ ਅੰਕਿਤ ਹੈ। ਸੰਤਾਂ ਦੀ ਮਹਿਮਾਂ ਲਿਖਣ ਤੋਂ ਬਾਹਰ ਹੈ ਕਿਉਂਕਿ ਗੁਰਬਾਣੀ ਵਿਚ ਲਿਖਿਆ ਹੈ, "ਸੰਤ ਕੀ ਮਹਿਮਾਂ ਬੇਦ ਨ ਜਾਨਹਿ। ਜੇਤਾ ਸੁਨਹਿ ਤੇਤਾ ਬਖਜਾਨਹਿ॥" 'ਸੰਤਕੀ ਮਹਿਮਾਂ ਊਚ ਤੇ ਊਚੀ" ਸੰਤਾਂ ਦੀ ਮਹਿਮਾਂ ਅਗਾਧ ਬੋਧ ਹੈ। ਜਿਥੇ ਬੇਦਾਂ ਸ਼ਾਸਤਰਾਂ ਵਿਚ ਸੰਤਾਂ ਦੀ ਮਹਿਮਾਂ ਦਾ ਕਥਨ ਨਹੀ ਆ ਸਕਿਆ ਓਥੇ ਮੈਂ ਜੇਹੇ ਤੁਛ ਜੀਵ ਦੀ ਕੀ ਹਸਤੀ ਹੈ ਕਿ ਕੁਛ ਲਿਖਣ ਦਾ ਹੀਆ ਕਰ ਸਕਾਂ ਪ੍ਰੰਤੂ ਮੈਂ "ਸਤਿਜੁਗ" ਦੇ "ਸੰਤ ਅੰਕ" ਦੇ ਸੰਪਾਦਕ ਜੀ ਦੀ ਆਗਿਆ ਦੇ ਪਾਲਨ ਅਰਥ ਸੰਤ ਜੀ ਦੀ 'ਬਾਬਤ ਕੁਛ ਨਾਂ ਕੁਛ ਲਿਖਣਾਂ ਆਪਣਾਂ ਫਰਜ਼ ਸਮਝਦਾ ਹਾਂ। ਏਹ ਵਾਕਿਆਤ ਸ੍ਰੀ ਮਾਨ ਬਾਬਾ ਨੱਥਾ ਸਿੰਘ ਜੀ ਚੇਲੇ ਕਿਆਂ ਵਾਲਿਆਂ ਤੋਂ ਸੁਣਕੇ ਲੇਖਣੀ ਅੰਕਿਤ ਕੀਤੇ ਗਏ ਹਨ।

## ਭਜਨ

ਆਪ ਨੇ ਭਜਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਜ਼ੂਰੀ ਸੂਬੇ ਬਾਬਾ ਜਵਾਹਰ ਸਿੰਘ ਜੀ ਤੋਂ ਪੁਛਿਆ ਸੀ।

## ਨਿਰਮਾਣਤਾ

ਸਚੇ ਪਾਤਸ਼ਾਹ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਇਕ ਵਾਰ ਕਿਹਾ ਕਿ ਆਪ ਇਲਾਕੇ ਦੇ ਮਹੰਤ ਬਣ ਜਾਓ ਤਾਂ ਅਰਜ ਕੀਤੀ ਸਚੇ ਪਾਤਸ਼ਾਹ ਮੈਨੂੰ ਆਪਣੀ ਸਾਧ ਸੰਗਤ ਦਾ ਸੇਵਕ ਹੀ ਰਖੋ ਮੈਂ ਸੇਵਾ ਕਰਕੇ ਹੀ ਖੁਸ਼ ਹਾਂ। ਮਹਾਰਾਜ ਜੀ ਆਪ ਨੂੰ ਬਹੁਤ ਪਿਆਰ ਕਰਦੇ ਸਨ। ਸੰਤ ਜੀ, ਮਹੰਤ ਅਖਵਾਕੇ ਰਾਜੀ ਨਹੀ ਸਨ। ਗਰੀਬੀ ਵਿਚ ਹੀ ਰਹਿਕੇ ਰਾਜ਼ੀ ਰਹਿੰਦੇ ਸਨ। ਮਾਣ ਵਡਿਆਈ ਤੋਂ ਆਪ ਸੌ ਸੌ ਕੋਹ ਦੂਰ ਰਹਿੰਦੇ ਸਨ। ਸਚੇ ਪਾਤਸ਼ਾਹ ਜੀ ਇਹਨਾਂ ਦਾ ਕੋਈ ਵੀ ਬਚਨ ਨਹੀਂ ਸਨ ਮੋੜਦੇ। ਇਲਾਕੇ ਦੇ ਲੋਕ ਆਪ ਦਾ ਗੁਰੂਆਂ ਸਮਾਨ ਆਦਰ ਕਰਦੇ ਸਨ। ਏਨੀ ਮਹੰਤ ਦੇ ਹੁੰਦਿਆਂ ਹੋਇਆਂ ਵੀ ਆਪ ਗੁਰੂ ਘਰ ਦੀ ਸੇਵਾ ਦਿਲੋਂ ਵਜੋਂ ਕਰਦੇ ਸਨ ਅਤੇ ਨਿਰਮਾਣ ਰਹਿੰਦੇ ਸਨ।

## ਪ੍ਰਚਾਰ

ਆਪ ਨੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਮਹਾਰਾਜ ਦੇ ਸਮੇਂ ਗੁਰ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ ਹਜ਼ਾਰਾਂ ਹੀ ਗੁਰੂ ਵਲੋਂ ਭੁਲੀਆਂ ਹੋਈਆਂ ਰੂਹਾਂ ਨੂੰ ਗੁਰ ਸਿੱਖੀ ਦਾ ਮਾਰਗ ਦਸਕੇ ਸਤਿਗੁਰੂ ਹਰੀ ਸਿੰਘ ਜੀ ਦੀ ਸ਼ਰਣ ਵਿਚ ਲਿਆਂਦਾ। ਆਪ ਸੰਗਤਾਂ ਨੂੰ ਉਪਦੇਸ਼ ਦੇਕੇ ਸ੍ਰੀ ਭੈਣੀ ਸਾਹਿਬ ਲਿਆਂਦੇ ਤੇ ਸਤਿਗੁਰਾਂ

ਦੇ ਚਰਨਾਂ ਦੀ ਪਾਵਨ ਛੋਹ ਦੇ ਅਧਿਕਾਰੀ ਬਣੌਂਦੇ। ਆਪ ਦੇ ਸਮੇਂ ਅੰਮ੍ਰਤ ਸਰ ਦੇ ਇਲਾਕੇ ਵਿਚ ਏਨੀ ਸਿਖੀ ਫੈਲੀ ਕਿ ਆਪ ਦਾ ਨਾਉਂ ਹੀ ਸੰਗਤ ਵੈਲੀ, ਫੈਲੀ ਕਰਕੇ ਪੁਕਰਾਨ ਲਗ ਪਈ।

## ਸੇਵਾ ਅਤੇ ਪ੍ਰੇਮ

ਸੇਵਾ–ਪ੍ਰੇਮ ਤਾਂ ਆਪ ਦੀ ਜਿੰਦਗੀ ਦਾ ਇਕ ਖਾਸ ਗੁਣ ਹੈ। ਆਪ ਦਾ ਨਾਉਂ ਤਾਂ ਕੁਦਰਤ ਵਲੋਂ ਪ੍ਰੇਮਸਿੰਘਸੀ ਹੀ, ਪ੍ਰੰਤੂ ਹਿਰਦੇ ਵਿਚ ਵੀ ਪ੍ਰੇਮ ਕੁਟ ਕੁਟ ਕੇ ਭਰਿਆ ਹੋਇਆ ਸੀ। ਸੇਵਾ ਤੋਂ ਬਿਨਾਂ ਤਾਂ ਆਪ ਇਕ ਘੜੀ ਵੀ ਨਹੀਂ ਰਹਿ ਸਕਦੇ।

ਕਦੀ ਆਪਣੇ ਪਾਸ ਆਏ ਸਾਧੂ ਨੂੰ ਕਈ ਦਿਨ ਨਹੀਂ ਜਾਣ ਦੇਂਦੇ ਸਨ। ਜੇ ਕਿਸੇ ਸਿਖ ਨੇ ਮਜਬੂਰੀ ਚਾਲੇ ਪਾਹੀ ਦੇਣੇ ਤਾਂ ਉਸ ਦੇ ਗਲ ਲਗ ਕੇ ਵੈਰਾਗੀ ਹੋ ਜਾਣ ਤੇ ਵਿਦਾ ਕਰਨ ਗਿਆਂ ਅਗਲੇ ਪਿੰਡ ਪਹੁੰਚ ਜਾਣਾ (ਪਤਾ ਹੀ ਨ ਲਗਣਾ) ਜਾਂ ਪ੍ਰੇਮ ਵਸ ਹੋਇਆ ਹੋਇਆ ਉਸ ਨਾਲੋਂ ਵਿਛੜਨ ਨੂੰ ਜੀ ਨ ਕਰਨਾ। ਆਪ ਦੇ ਪਾਸ ਹਰ ਵਕਤ ਸਾਧ ਸੰਗਤ ਦੀ ਰੌਣਕ ਲਗੀ ਰਹਿੰਦੀ ਸੀ। ਉਸ ਵੇਲੇ ਦੇ ਸਿਖ ਇਕ ਦੂਜੇ ਸਿਖ ਨਾਲ ਬਹੁਤ ਹਿਤ ਕਰਦੇ ਸੀ॥ ਓਹਨਾਂ ਦੇ ਦਰਸ਼ਨਾਂ ਨਾਲ ਜਗਤਾਸੂਆਂ ਦੇ ਤਪ ਰਹੇ ਹਿਰਦਿਆਂ ਨੂੰ ਸ਼ਾਂਤੀ ਪ੍ਰਾਪਤ ਹੋ ਜਾਂਦੀ ਸੀ। ਸੰਤ ਪ੍ਰੇਮ ਸਿੰਘ ਜੀ ਨੂੰ ਸੰਗਤ ਦਾ ਵਿਛੋੜਾ ਮੌਤ ਬ੍ਰਾਬਰ ਭਾਸਦਾ ਸੀ ਰੌਣਕ ਵੇਖਕੇ ਹੀ ਖੁਸ਼ ਰਹਿੰਦਾ ਸੀ।

## ਲੰਗਰ


ਆਪਨੇ ਆਪਣੀ ਆਯੂ ਅੰਦਰ ਲੰਗਰ ਅਠੇ ਪਹਿਰ ਹੀ ਜਾਰੀ ਰਖਿਆ। ਲੰਗਰ ਦੀ ਕਾਰ ਏਥੋਂ ਤਕ ਨਿਬਾਹੀਕਿ ਸੰਗਤ ਦੀ ਸੇਵਾ ਕਰਦਿਆਂ ਹੋਇਆਂ ਆਪਨੇ ਤਿੰਨ ਵਾਰ ਆਪਣੀ ਜ਼ਮੀਨ ਗਹਿਣੇ ਪਾਈ। ਜੋਕਿ ਤਿੰਨੇ ਵਾਰ ਹੀ ਆਪਦੇ ਪੁਤ੍ਰਾਂ ਨੇ ਛੁਡਵਾ ਲਈ। ਆਖਰ ਲੜਕਿਆਂ ਦੀ ਅਰਜ ਮੰਨਕੇ ਆਪ ਨੇ ਜਮੀਨ ਓਨਾਂ ਦੇ ਨਾਮ ਹੀ ਲੁਆ ਦਿਤੀ। ਗੱਲ ਕੀ ਆਪ ਦੇਗਤੇਗ ਦੇ ਧਨੀ ਸਨ। ਸੰਤਾਂ ਦੀ ਸੁਪਤਨੀ ਜਿਸ ਦਾ ਨਾਉਂ ਗੁਰ ਦੇਈ ਸੀ ਸਾਧ ਸੰਗਤ ਦੀ ਸੇਵਾ ਤਨੋ ਮਨੋ ਹੋਕੇ ਕਰਦੀ ਸੀ ਅਤੇ ਸਾਧਾਂ ਦੇ ਦਰਸ਼ਨ ਹੀ ਮੰਗਦੀ ਰਹਿੰਦੀ।


## ਅਖੰਡ ਪਾਠ

ਆਪ ਉਦਮ ਕਰਕੇ ਸਾਧ ਸੰਗਤ ਨੂੰ ਪਰੇਰ ਪਰੇਰ ਜੋੜ ਮੇਲੇ ਅਖੰਡ ਪਾਠ ਤੇ ਵਰਨੀਆਂ ਕਰਾਉਂਦੇ ਹੁੰਦੇ ਸਨ। ਜਦੋਂ ਸੰਤ ਲਾਲ ਸਿੰਘ ਜੀ ਨੇ ਭੂਰੇ ਗਿੱਲਾਂ ਵਿਚ ਇਕੋਤ੍ਰ ਸੌ ਅਖੰਡ ਪਾਠ ਕਰਵਾਇਆ ਸੀ ਉਸ ਵਿਚ ਵੀ ਆਪਨੇ ਬਹੁਤ ਪਰੇਰਨਾਂ ਕੀਤੀ ਸੀ। ਗੁਰੂ ਕੇ ਬਾਗ (ਪੰਜਵੀਂ ਤੇ ਨਾਵੀ ਪਾਤਸ਼ਾਹੀ ਦੇ ਗੁਰਦੁਅਰੇ ਹਨ) ਵੀ ਸਹਿੰਸਰੇ ਵੀ ਆਪ ਨੇ ਇਕੋਤਰ ਸੌ ਅਖੰਡ ਪ ਠ ਕਰਵਾਏ ਸਨ। ਆਪ ਨੇ ਵੀ ਬੜੇ ਬੜੇ ਮੇਲੇ ਕਰਵਾਏ ਜਦੋਂ ਸ੍ਰੀ ਭੈਣੀ ਸਾਹਿਬ ਚੌਂਕੀ ਬੈਠੀ ਹੋਈ ਸੀ ਤੇ ਪੰਥ ਨੂੰ ਆਗਿਆ ਤੋਂ ਬਿਨਾਂ ਪਾਠ ਵਰਨੀਆਂ ਯਗ ਅਤੇ ਹੋਮ ਕਰਨ ਦੀ ਸਰਕਾਰ ਵਲੋਂ ਮਨਾਹੀ ਹੋ ਗਈ ਸੀ ਉਦੋਂ ਵੀ ਆਪ ਕਸ਼ਟ ਝਲ ੨ ਕੇ ਸਾਧ ਸੰਗਤ ਦੀ ਸੇਵਾ ਕਰਦੇ ਰਹੇ।

## ਹਕੀਮ

ਆਪ ਹਿਕਮਤ ਦੇ ਬੜੇ ਸਿਆਣੇ ਸਨ ਜੇ ਕਿਸੇ ਮਾਈ ਭਾਈ ਨੇ ਆਪ ਦੇ ਪਾਸ ਅਰਜ ਕਰਨੀ ਕਿ ਸੰਤ ਜੀ ਕੋਈ ਦੁਵਾਈ ਦਿਓ


ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲੇ


ਸੰਤ ਬਾਬਾ ਕਾਲਾ ਸਿੰਘ ਜੀ ਮਹੱਦੀ ਪੁਰ



ਸੰਤ ਹਜ਼ੂਰਾ ਸਿੰਘ ਜੀ ਭੂਰੀ ਵਾਲਿਆਂ ਦਾ ਅੰਤਮ ਦਰਸ਼ਨ

ਮੇਰਾ ਬਚਾ ਜਾਂ ਕੋਈ ਹੋਰ ਸਿਖ ਬੀਮਾਰ ਹੈ ਜਾਂ ਕਿਸੇ ਹੋਰ ਰੋਗ ਹਥੋਂ ਦੁਖੀ ਹੈ ਤਾਂ ਉਸਨੂੰ ਕਹਿਣਾ ਦਸ ਭਾਈ ਤੂੰ ਕਿਨਿਆਂ ਸਿਖਾਂ ਨੂੰ ਪ੍ਰਸ਼ਾਦ ਕਰੇਂਗਾ ? ਕਿਨੇ ਪਾਠ ਕਰਵਾਏਗਾ ਕਿਨੀਆਂ ਵਰਨੀਆਂ ਕਰਵਾਏਗਾ ? ਤਾਂ ਉਸ ਸਿਖ ਨੇ ਸਮੱਥਾ ਮੂਜਬ ਅਰਜ਼ ਕਰ ਦੇਣੀ। ਸੰਤਾਂ ਨੇ ਦਵਾਈ ਦੇਕੇ ਉਸਨੂੰ ਕਹਿਣਾ ਭਜਨ ਕਰੋ ਸਤਿਗੁਰੂ ਜੀ ਸਹੈਤਾ ਕਰਨਗੇ। ਸੰਤ ਜੀ ਮਾਯਾ ਉੱਕੀ ਨਹੀਂ ਸਨ ਲੈਂਦੇ।

## ਸੰਤ ਮੰਡਲ

ਸੰਤ ਇਕੱਲੇ ਰਹਿਕੇ ਤਾਂ ਰਾਜੀ ਹੀ ਨਹੀਂ ਸਨ ਰਹਿੰਦੇ, ਸਾਧਾਂ ਦੀ ਸੰਗਤ ਵਿਚ ਹੀ ਆਪਣਾ ਸਮਾਂ ਬਿਤੀਤ ਕਰਦੇ। ਕਿਉਂਕਿ ਜੀਵ ਦੀ ਕਲਿਆਨ ਵੀ ਸਾਧ ਸੰਗਤ ਕਰਨ ਕਰਕੇ ਹੀ ਹੋਸਕਦੀ।

ਸੰਤ ਬੂੜ ਸਿੰਘ ਜੀ ਘੁਕੇਵਾਲੀਏ, ਮਹੰਤ ਬਿਸ਼ਨ ਸਿੰਘ ਜੀ ਚੇਲੇ ਕੇ, ਸੰਤ ਸੁੰਦਰ ਸਿੰਘ ਜੀ ਲੋਪੋਕੇ ਜੋ ਵੁਲਕਈਏ ਸਨ, ਸੰਤ ਸੁੰਦਰ ਸਿੰਘ ਜੀ ਰਿਖੀ ਲੋਪੋਕੇ, ਸੰਤ ਕਰਮ ਸਿੰਘ ਜੀ ਲੋਪੋਕੇ, ਬੁਲੇ ਸ਼ਾਹ (ਝੰਡਾਸਿੰਘ ਦਾ ਪਿਤਾ ਜੋ ਠਾਣੇਦਾਰੀ ਛੱਡਕੇ ਗੁਰੂ ਜੀਦਾ ਸਿਖ ਸਜਿਆ ਸੀ) ਅਤੇ ਸੁਬੰਸ ਸਮੇਤ ਸ੍ਰੀ ਭੈਣੀ ਸਾਹਿਬ ਜੀ ਆਕੇ ਗੁਰੂ ਘਰ ਦੀ ਸੇਵਾ ਕੀਤੀ ਸੀ। ਭਾ: ਨੰਦ ਸਿੰਘ ਸਹਿੰਸਰਾ ਬਾਬਾ ਚੰਦਾ ਸਿੰਘ ਸਚਿਆਰ ਮਿਸਤ੍ਰੀ ਕਰਮਸਿੰਘ ਮਹਾਵਾ, ਬਾਬਾ ਖੁਸ਼ਾਲ ਸਿੰਘ (ਸੁਰਜਨ ਸਿੰਘ ਮਹਾਵੀਏ ਪਾਠੀ ਦੇ ਪਿਤਾ) ਸੰਤ ਨੰਦਾ ਸਿੰਘ ਠਾਕਰਾਂ ਦਾ ਚਾਚਾ ਸਾਧ ਸੰਗਤ ਦਾ ਬਹੁਤ ਹਿਤੂ ਸੀ ਜਿਥੇ ਜੋੜ ਮੇਲ ਹੋਵੇ ਜਰੂਰ ਜਾਂਦਾ ਰਣੀਕਿਆਂ ਦਾ ਚੰਦਾ ਸਿੰਘ, ਨਥੋਕਿਆਂ ਦਾ ਬੋ-ਬੋ ਮਸਤਾਨਾ, ਦੁਗੇਚਾਂ ਦੇ ਮੰਗਲ ਸਿੰਘ ਮੀਹਾਂ ਸਿੰਘਜਿਨਾਂਨੇ ਲੰਗਰਬਹੁਤਚਲਾਯਾ ਹਰ ਵਕਤ ਜ ਰੀਹੀਰਹਿੰਦ, ਜੀਉਣਸਿੰਘ ਕਾਰੀਗਰ ਨਾਰਲੀ ਭੜਾਨਾਂ ਹਰੀ ਸਿੰਘ ਹਰਨਾਮ ਸਿੰਘ ਦੋਵੇਂ ਭਾਈ ਸਨ। ਗੁਰਦਿਤ ਸਿੰਘ ਚੇਲੇਕੇ ਏਹਨਾਂ ਸਾਧੂਆਂ ਨਾਲ ਆਪ ਵਿਚਰਿਆ ਕਰਦੇ। ਇਕ ਵੇਰਾਂ ਸੀ ਸਤਿਗੁਰੂ ਰਾਮ ਸਿੰਘ ਸਚੇ ਪਾਤਸ਼ਾਹ ਜੀ ਦਾ ਦੌਰਾ ਗਿਆ ਤਾਂ ਉਥੇ ਇਕ ਗੀਤਾ ਨਾਮੀ ਬ੍ਰਾਹਮਣ ਰਹਿੰਦਾ ਸੀ ਜੋ ਬੜਾ ਜੋਤਸ਼ੀ ਤੇ ਵਿਦਵਾਨ ਸੀ। ਕਹਿੰਦਾ ਹੁੰਦਾ ਸੀ ਮੈਂ ਅਵਤਾਰ ਦੀ ਪਛਾਣ ਕਰ ਸਕਦਾ ਹਾਂ ਦੀਵਾਨ ਲਗਾ ਹੋਇਆ ਸੀ ਚੀਨੀ ਵਾਲੇ ਪਾਤਸ਼ਾਹ ਦੇ ਦਰਸ਼ਨ ਕਰਕੇ ਉੱਚੀਆਂ ਉੱਚੀਆਂ ਛਾਲਾਂ ਮਾਰਨ ਲੱਗ ਪਿਆ ਤੇ ਕਹਿਣ ਲਗ ਪਿਆ ਅਵਤਾਰ ਦਾ ਦਰਸ਼ਨ ਹੋਗਿਆ ਹੈ। ਏਹੀ ਅਵਤਾਰ ਹੈ ਭੁਲੇ ਨਾਂ ਰਿਹੇ ਇਸ ਦੀ ਮੈਂ ਚੰਗੀ ਤਰਾਂ ਪਛਾਣ ਕਰ ਲਈ ਜੇ ਉਥੇ ਕਈਆਂ ਪਰਾਣੀਆਂ ਨੇ ਭਜਨ ਪੁਛਕੇ ਜਨਮ ਸਫਲਾ ਕੀਤਾ।

ਸਚੇ ਪਾਤਸ਼ਾਹ ਲੇਵੀ ਹੀ ਇਕਾਂਤ ਅਸਥਾਨ ਵਿਚ ਬਾਹਰ ਜਾਕੇ ਬੰਦਗੀ ਕਰ ਰਹੇ ਸਨ ਭਾਈ ਗੁਰਦਿਤ ਸਿੰਘ ਚੇਲੇ ਕਿਆਂ ਵਾਲੇ ਬਾਬਾ ਬ੍ਰਹਮਾਂ ਸਿੰਘ ਜੀ ਸੂਬਾ ਹਜ਼ੂਰੀ) ਮਹੰਤ(ਬ੍ਰਹਮ ਬੂਟੇ ਵਾਲੇ) ਨੂੰ ਲੈਕੇ ਸਤਿਗੁਰਾਂ ਦੇ ਦਰਸ਼ਨ ਕਰਨ ਨੂੰ ਗਿਆ ਜਿਸ ਵੇਲੇ ਚਰਨ ਪਰਸੇ ਤਾਂ ਸਤਿਗੁਰੂ ਜੀ ਨੇ ਨੇਤ੍ਰ ਖੋਲ ਕੇ ਬਾਬਾ ਬਰਮਾਂ ਸਿੰਘ ਜੀ ਵਲ ਤਕਿਆ ਤਾਂ ਬਰਮਾਂ ਸਿੰਘ ਜੀ ਤੋਂ ਸਤਿਗੁਰਾਂ ਦੇ ਚੇਹਰੇ ਦਾ ਤੇਜ ਨਾਂ ਸਹਾਰਿਆ ਗਿਆ ਤੇ ਰੋਣ ਲੱਗ ਪਿਆ ਛਮ ਛਮ ਅਥਰੂ ਕਿਰਨ ਲਗ ਪਏ। ਗੁਰਦਿਤ ਸਿੰਘ ਤੇ ਸੂਬਾ ਜੀ ਤੋਂ ਮਖਣੀ ਅਤੇ ਮਿਸਰੀ ਕੁਟ ਕੇ ਸਤਿਗੁਰਾਂ ਦੇ ਭੋਗ ਲਵਾਣ ਵਾਸਤੇ

ਲਿਆਏ ਸਨ ਅਤੇ ਰਖ ਦਿਤੀ ਤਾਂ ਸਤਿਗੁਰੂ ਜੀ ਕਹਿਣ ਲਗੇ ਕਿਉਂ ਨਹੀਂ ਭਜਨ ਕਰਨ ਦੇ ਦੇ ਤੇ ਸਲੋਕ ਬੋਲਿਆ।

"ਖਾਂਦਿਆਂ ਖਾਂਦਿਆਂ ਮੂੰਹ ਘਠਾ ਪੈਨੰਦਿਆਂ ਸਭ ਅੰਗ! ਧ੍ਰਿਗ ਅਵੇਹਾ ਜੀਵਿਆ ਜੇ ਸਚ ਨ ਲਗੋ ਰੰਗ।

ਚੇਲੇ ਕਿਆਂ ਦਾ ਵਸਾਵਾ ਸਿੰਘ ਸਿਖ ਸੀ (ਜੋ ਕਿ ਅੰਮਰਤਸਰ ਦੇ ਬੁਚੜ ਬਧ ਦੇ ਸਾਕੇ ਵਿਚ ਸੀ) ਚੇਲੇ ਕੇ ਦੀਵਾਨ ਲਗਾ ਹੋਇਆ ਸੀ ਤਾਂ ਇਹ ਮਸਤਾਨਾਂ ਹੋ ਗਿਆ ਬਾਹਰ ਕਢ ਦਿਤਾ ਗਿਆ ਧਰਮ ਸਾਲਾ ਅੰਦਰ ਦੀਵਾਨ ਲਗਾ ਹੋਇਆ ਸੀ ਇਸਨੇ ਧਕਾ ਮਾਰਕੇ ਭੰਡਾ ਤੋੜ ਦਿਤਾ ਤੇ ਅੰਦਰ ਆ ਗਿਆ ਸਤਿਗੁਰਾਂ ਕਿਹਾ ਇਸ ਨੂੰ ਕੁਝ ਨਾਂ ਆਖੋ। ਸੰਤ ਜੈ ਸਿੰਘ ਰਾਜ ਸਾਂਸੀ ਵਾਲਾ ਸੰਤਾਂ ਦਾ ਬੜਾ ਮੇਲੀ ਸੀ ਤੇ ਗੁਰੂ ਘਰ ਦਾ ਬੜਾ ਸ਼ਰਧਾਲੂ ਸੀ ਉਹ ਖਾਸ ਨਿਕਟ ਵਰਤੀ ਸੀ ਤੇਜਾ ਸਿੰਘ ਚੇਲੇ ਕਿਆਂ ਵਾਲਿਆਂ ਦਾ ਜਿਸ ਦਾ ਆਲਮ ਹੋਰਾਂ ਵਾਇਸਰਾਏ ਨਾਮ ਰਖਿਆ ਸੀ ਉਸ ਦਾ ਵੀ ਸੰਤਾਂ ਕੋਲ ਕਾਫੀ ਅਣ ਜਾਣ ਸੀ ਕਥਾ ਕੀਰਤਨ ਬਾਬਾ ਜੀ ਦੀ ਰੂਹਾਨੀ ਖੁਰਾਕ ਸੀ। ਸੰਤਾਂਦੀ ਜਿੰਦਗੀ ਨਾਮਧਾਰੀ ਇਤਿਹਾਸ ਵਿਚ ਚਮਕਦੇ ਸਿਤਾਰੇ ਵਾਂਗ ਸਦਾ ਹੀ ਰੋਸ਼ਨ ਰਹੇਗੀ ਲਪੋਕਿਆਂ ਦੇ ਹੋਲੇ ਤੋਂ ਇਕ ਮਹੀਨਾਂ ਪਹਿਲਾਂ ਆਪ ਦਾ ਸਰੀਰ ਸ਼ਾਂਤ ਹੋਇਆ ਸੀ।

# (੪੨) ਬਾਬਾ ਰਾਮ ਆਸਰਾ ਜੀ ਕੰਦੋਵਾਲੀ

(ਵਲੋਂ ਸੰਤ ਊਧਮ ਸਿੰਘ ਜੀ ਵਿਦਯਾਰਥੀ ਰੁੜਕੀ ਜਿਲਾ ਜਲੰਧਰ)

ਬਾਬਾ ਜੀਦਾ ਜਨਮ ੧੮੫੦ ਦੇ ਕਰੀਬ ਹੋਇਆ ਆਪ ਬੜੇ ਤਪਸ੍ਵੀ ਸ਼ਾਂਤ ਆਤਮਾਂ ਪਹਿਲੇ ਉਦਾਸੀ ਮਹਾਤਮਾ ਸਨ ਅਤੇ ਆਪ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀਦੇ ਸੁਪਨੇ ਵਿਚ ਦਰਸ਼ਨ ਹੋਏ ਜਿਸ ਵਿਚ ਕਿਹਾ ਗਿਆ ਕਿ ਬਾਬਾ ਜੀ ਹੁਣ (ਓਅੰ ਸੋਹੰ) ਦਾ ਸਮਾ ਨਹੀਂ ਹੁਣ ਤਾਂ ਸਾਨੂੰ ਅਕਾਲ ਪੁਰਖ ਨੇ ਚੋ ਅਖਰਾ ਜਾਪ ਜਪੌਣ ਦਾ ਹੁਕਮ ਦੇਕੇ ਭੇਜਿਆ ਹੈ? ਏਹ ਸੁਣਦੇ ਸਾਰ ਆਪ ਸਤਿਗੁਰਾਂ ਦੀ ਭਾਲ ਵਿਚ ਫਿਰਨ ਲਗੇ ਜਦੋਂ ਸਤਿਗੁਰਾਂ ਦੇ ਆਪਨੂੰ ਦਰਸ਼ਨ ਹੋਏ ਤੇ ਸਚੇ ਪਾਤਿਸ਼ਾਹ ਜੀਨੇ ਆਪਨੂੰ ਪੁਛਿਆ ਬਾਬਾ ਜੀ ਪੰਜਾਂ ਦਾ ਕੀ ਹਾਲ ਹੈ ਦੁਖ ਤਾਂ ਨਹੀਂ ਦੇਂਦੇ? ਬਾਬਾ ਜੀਨੇ ਨਮਸਕਾਰ ਕਰਕੇ ਅਰਜ ਕੀਤੀ ਹੁਣ ਤੱਕ ਤਾਂ ਆਪਦੀ ਕ੍ਰਿਪਾ ਹੈ ਤੇ ਅਗੋਂ ਵੀ ਆਪਦੀ ਕਿਰਪਾ ਦੀ ਆਸਾ ਧਾਰਕੇ ਸ਼ਰਨ ਆਇਆ ਹਾਂ। ਆਪਨੇ ਝੋਲੀ ਅਡਕੇ ਅਰਜ ਕੀਤੀ ਪਾਤਸ਼ਾਹ ਨਾਮ ਦਾ ਖੈਰ ਪਾਵੋ। ਸਤਿ ਗੁਰਾਂ ਨੇ ਕ੍ਰਿਪਾ ਕਰ ਦਿਤੀ। ਤਪਿਆਣਾ ਜਿਲਾ ਅੰਮ੍ਰਿਤਸਰ ਵਿਖੇ ਇਕ ੨੫ ਵਿਘੇ ਦਾ ਜੰਗਲ ਸੀ ਜੋ ਪਿੰਡ ਦੀ ਸ਼ਾਮ ਲਾਟ ਸੀ। ਆਮ ਪ੍ਰਸਿੱਧ ਸੀ ਕਿ ਉਸ ਜੰਗਲ ਵਿਚ ਕੋਈ ਦੇਵ ਰਹਿੰਦਾ ਹੈ ਜਿਸ ਕਰਕੇ ਉਥੋਂ ਦੀਲਕੜੀ ਕੋਈ ਨਹੀਂ ਵਢਦਾ। ਇਕ ਵਾਰ ਲੋਕਾਂ ਨੇ ਉਸ ਜਗਾ ਦੀ ਲਕੜੀ ੩੦੦) ਰੁਪਏ ਨੂੰ ਗੁਰਦਵਾਰੇ ਲਈ ਵੇਚ ਲਈ। ਜਿਨਾਂ ਨੇ

ਸਾਈ ਫੜੀ ਸੀ ਓਹਨਾਂ ਦੇ ਪਸ਼ੂ ਮਰਨੇ ਸ਼ੁਰੂ ਹੋਗਏ। ਉਪ੍ਰੰਤ ਸਾਈ ਬਾਬਾ ਜੀਨੇ ਫੜ ਲਈ ਅਤੇ ਪਹਿਲਾ ਟੱਕ ਆਪ ਲਕੜੀ ਨੂੰ ਲਾਇਆ ਤੇ ਉਥੇ ਹੀ ਬੈਠਕੇ ਭਜਨ ਕਰਨ ਲਗਗਏ। ਫਿਰ ਕੀ ਸੀ ਦੇਵ ਭੀ ਸਰਨ ਆਇਆ ਅਤੇ ਬਾਬਾ ਜੀਦੇ ਕਹਿਣ ਤੋਂ ਉਸਨੇ ਉਹ ਜਗਾ ਛਡਕੇ ਇਕ ਬ੍ਰਹਮਣਾਂ ਦੇ ਬਾਗ ਵਿਚ ਜਾ ਡੇਰਾ ਕੀਤਾ ਉਸ ਦਿਨ ਤੋਂ ਉਹ ਬਾਗ ਉਜੜ ਗਿਆ:— ਸਕਤੂ ਨੰਗਲ ਜਿਲਾ ਅੰਮ੍ਰਿਤਸਰ ਵਿਚਇਕ ਜਟ ਦੀ ਬਗੀਚੀ ਵਿਚੋਂ ਬਾਬ ਜੀਨੇ ਫੁਲ ਤੋੜ ਲਏ ਜਿਸਦੇ ਬਦਲੇ ਆਪ ਨੂੰ ਜੱਟ ਨੇ ਲਤ ਮਾਰੀ। ਸੰਤਾਂ ਨੇ ਉਸ ਜੱਟ ਨੂੰ ਕਿਹਾ ਕਿ ਤੂੰ ਜਾਕੇ ਤਾਂ ਦੇਖ ਤੇਰੇ ਫੁਲ ਤਾਂ ਓਸੇਤ੍ਰਾਂ ਹੈਨ। ਜੱਟ ਨੇ ਆਕੇ ਦੇਖਿਆ ਤਾਂ ਬੂਟਾ ਹਰਾ ਭਰਾ ਫੁਲਾਂ ਨਾਲ ਭਰਿਆ ਹੋਇਆ ਸੀ। ਪਰ ਜਿਸ ਲੱਤ ਨਾਲ ਬਾਬਾ ਜੀਨੂੰ ਮਾਰਿਆ ਸੀ ਉਸ ਲੱਤ ਨੂੰ ਐਸੀ ਬੀਮਾਰੀ ਹੋਈ ਕਿ ਮੌਤ ਦਾ ਕਾਰਣ ਬਨੀ। ਭਗਤ ਸਿੰਘ ਜੀ ਅਨੈਤ ਪੁਰੀਏ ਦਸਦੇ ਹੈਨ ਕਿ ਸੱਤਾਂ ਆਦਮੀਆਂ ਨੇ ਮੈਨੂੰ ਮਾਰਿਆ ਬਾਬਾ ਜੀਦੇ ਬਰਜਨ ਤੋਂ ਮੈਂ ਤਾਂ ਰਾਜੀ ਨਾਮਾਂ ਕਰਨ ਪਰ ਰਾਜੀ ਹੋਗਿਆ ਪਰ ਉਹ ਨਾ ਮੰਨੇ ਤਾਂ ਬਾਬਾ ਜੀ ਦਾ ਸੁਤੇ ਬਚਨ ਨਿਕ-ਲਿਆ ਏਹਨਾਂ ਨੂੰ ਦੋ ਸਾਲ ਦੀ ਕੈਦ ਹੋਵੇਗੀ ਠੀਕ ਉਸੀਤਰਾਂ ਹੋਇਆ੦—

ਬਾਬਾ ਜੀ ਨੇ ੧੩੨ ਸਾਲ ਦੀ ਆਯੂ ਬਤੀਤ ਕਰਕੇ ਦੁਆਬੇ ਵਿਚ ਸ਼ਰੀਰ ਤਿਆਗਿਆ। ਆਪ ਦੇ ਅਨੇਕਾਂ ਕਾਰ ਨਾਮੇਂ ਹੈਨ ਪਰ ਬਿਸ-ਥਾਰ ਤੋਂ ਡਰਦਿਆਂ ਬਹੁਤ ਨਹੀਂ ਦਿਤੇ ਆਪ ਬੜੇ ਤਿਆਗੀ ਅਤੇ ਅਠੇ ਪਹਿਰ ਭਜਨ ਵਿਚ ਲੀਨ ਰਹਿੰਦੇ। ਤਿਆਗ ਇਤਨਾਂ ਕਿ ਜੋ ਕਝ ਕਿਸੇ ਨੇ ਆਪਨੂੰ ਦੇਣਾਂ ਸੋ ਅਗੋ ਲੋੜ ਬੰਦਾ ਨੂੰ ਦੇ ਦੇਣਾਂ ਕਈ ਵਾਰ ਗਲ ਦੇ ਕਪੜੇ ਲਾਹਕੇ ਹੀ ਦੇ ਦੇਣੇ ਤੇ ਆਪ ਨੰਗੇਹੀ ਫਿਰਨਾ:—

# (੪੩) ਬਾਬਾ ਗੰਡਾ ਸਿੰਘ ਜੀ ਗੁਣੀਏਂ ਕੇ

(ਵਲੋਂ ਸ੍ਰੀਮਾਨ ਸ੍ਰਦਾਰ ਹਰਬੰਸ ਸਿੰਘ ਜੀ ਐਂਜਨੀਅਰ)

ਆਪ ਜੀ ਦਾ ਜਨਮ ਨਗਰ ਗੁਣੀਆਂ ਜ਼ਿਲਾ ਗੁਰਦਾਸ ਪੁਰ ਵਿਚ ਰਾਮਗੜੀਆਂ ਦੀ ਕੁਲ ਵਿਖੇ ਹੋਇਆ। ਆਪ ਕਿਰਤੀ ਸਿਖ ਸਨ, ਇਕ ਵੇਰ ਆਪ ਪਿੰਡ ਗੁਜਰ ਕੀ ਵਿਚ ਕੰਮ ਕਰ ਰਹੇ ਸਨ ਤਾਂ ਹਥ ਵਿਚੋਂ ਤੇਸਾ ਨਿਕਲ ਗਿਆ। ਤੇਸਾ ਆਪਨ ਫੜ ਲਿਆ, ਪ੍ਰੰਤੂ ਏਸੇ ਤ੍ਰਾਂ ਤਿਨ ਵਾਰ ਹੋਇਆ ਜਦ ਆਪ ਨੇ ਸਿਰ ਉਹਤਾਂ ਚੁਕ ਕੇ ਡਿਠਾ ਇਕ ਸਿਖ ਜੀਹਦੇ ਸਿਰ ਤੇ ਸਿੱਧੀ ਦਸਤਾਰ ਅਤੇ ਤੇੜ ਕਛਹਿਰਾ ਸੀ ਆਪਨੂੰ ਫਤਹ ਬੁਲਾਈ ਅਤੇ ਪੁਛਿਆ,, "ਕਿਉਂ ਜੀ ਗੰਡਾ ਸਿੰਘ ਆਪ ਦਾ ਹੀ ਨਾਮ ਹੈ? ਆਪ ਨੇ ਕਿਹਾ "ਜੀ ਹਾਂ,, ਦਾਸ ਦਾ ਹੀ ਹੈ। ਹੁਕਮ ਕਰੋ! ਮੇਰੇ ਲਾਇਕ ਕੀ ਸੇਵਾ ਹੈ ਤਾਂ ਅਗੋਂ ਔਣ ਵਾਲੇ ਸਿਖ ਨੇ ਕਿਹਾ ਆਪ ਨੂੰ ਬਾਬਾ ਜਮੀਤ ਸਿੰਘ ਜੀ ਗਿਲਾਂ ਵਾਲਿਆਂ ਨੇ ਸਦਿਆ ਹੈ ਤੇ ਮੈਂ ਆਪ ਨੂੰ ਲੈਣ ਆਇਆ ਹਾਂ॥ ਰਾਹ ਵਿਚ ਉਸ ਸਿੱਖ ਨੇ ਬਾਬਾ ਜਮੀਤ ਸਿੰਘ ਜੀ ਦੀ ਬੜੀ ਮਹਿਮ ਕੀਤੀ। ਜਿਸ ਵੇਲੇ ਆਪ ਬਾਬਾ ਜੀ ਦੇ ਹਜ਼ੂਰ ਗਏ ਤਾਂ ਦੀਵਾਨ ਲਗਾ ਹੋਇਆ ਸੀ ਭੋਗ ਤੋਂ ਬਾਦ ਆਪ ਦਾ ਬਚਨ ਬਿਲਾਸ ਹੋਇਆ

ਤਾਂ ਬਾਬਾ ਜੀ ਨੇ ਕਿਹਾ ਕਿ ਅਸੀਂ ਤੁਹਾਡੇ ਪਾਸੋਂ ਲੰਗਰ ਦੇ ਆਟਾ ਪੀਹਣ ਲਈ ਖਰਾਸ ਬਨਵੌਣਾਂ ਹੈ ਤਾਂ ਆਪ ਨੇ ਕਿਹਾ ਜੀ ਮੈਂ ਤਾਂ ਕਦੀ ਅਜ ਤਕ ਖਰਾਸ ਨਹੀਂ ਬਣਾਇਆ ਤਾਂ ਬਾਬਾ ਜੀ ਨੇ ਕਿਹਾ ਆਪ ਬਣਾ ਲੈਂਦੇ ਹੋ ਤਾਂ ਹੀ ਤੁਹਾਨੂੰ ਸਦਿਆ ਹੈ ਆਪ ਹੁਕਮ ਮੰਨਕੇ ਬਣਾਉਣ ਲਗ ਪਏ ਆਪ ਨੇ ਐਸਾ ਸੁੰਦਰ ਖਰਾਸ ਤਿਆਰ ਕੀਤਾ ਕਿ ਦੂਰੋਂ ਦੂਰੋਂ ਲੋਕ ਵੇਖਣ ਲਈ ਆਏ ਆਪ ਨੂ ਨਿਸਚਾ ਹੋ ਗਿਆ ਕਿ ਇਹ ਕੋਈ ਕਰਣੀ ਵਾਲੇ ਮਹਾਂ ਪੁਰਖ ਹਨ। ਚਰਨ ਫੜ ਲਏ ਤੇ ਅਰਜ਼ ਕੀਤੀ ਕਿ ਹੁਣ ਸਾਹਿ ਤੇ ਅਸਲੀ ਕਿਰਪਾ ਭੀ ਕਰੋ ਤਾ ਕਿ ਸੰਸਾਰ ਸਮੁੰਦਰ ਤੋਂ ਵੀ ਆਪ ਦੀ ਕ੍ਰਿਪਾ ਨਾਲ ਪਾਰ ਹੋ ਜਾਈਏ।

ਬਾਬਾ ਜੀ ਨੇ ਦੋ ਸਿਖ ਆਪਦੇ ਨਾਲ ਤੋਰ ਦਿਤੇ ਤੇ ਕਿਹਾ ਆਪ ਸ੍ਰੀ ਅੰਮ੍ਰਿਤ ਸਰ ਚਲੇ ਜਾਓ, ਓਥੇ ਸਾਡੇ ਪਰਮ ਪੂਜਯ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਪ ਦਰਸ਼ਨ ਕਰੋ। ਓਹ ਹੀ ਇਸ ਸੰਸਾਰ ਸਮੁੰਦਰ ਦੇ ਮਲਾਹ ਹਨ।

## ਨਾਮ ਦੀ ਦਾਤ

ਜਿਸ ਵੇਲੇ ਆਪ ਅੰਮ੍ਰਿਤਸਰ ਪਹੁੰਚੇ ਤਾਂ ਦੀਵਾਨ ਲਗਾ ਹੋਇਆ ਸੀ, ਭੀੜ ਦਾ ਕੋਈ ਅੰਤ ਨਹੀਂ ਸੀ। ਸਿਖ ਅਟਾਰੀਆਂ ਤੇ ਬੁਰਜਿਆਂ ਤੇ ਚੜਕੇ ਬੈਠੇ ਹੋਏ ਸੀ। 'ਇਕ ਸਿਖ ਅਗੇ ਅਰਜ਼ ਕੀਤੀ, ਅਸੀਂ ਬਾਬਾ ਜਮੀਤ ਸਿੰਘ ਜੀ ਗਿਲਾਂ ਵਾਲਿਆਂ ਦੇ ਭੇਜੇ ਹੋਏ ਆਏ ਹਾਂ ਅਤੇ ਦਰਸ਼ਨ ਕਰਨੇ ਹਨ। ਅਗੋਂ ਹੁਕਮ ਹੋਣ ਤੇ ਜਾ ਹਾਜ਼ਰ ਹੋਏ ਸਿਖਾਂ ਨੇ ਕਿਹਾ, ਜੀ! ਇਨਾਂ ਨੂੰ ਗਿਲਾਂ ਵਾਲਿਆਂ ਸੰਤਾਂ ਨੇ ਭੇਜਿਆ ਹੈ, ਨਾਮ ਅਤੇ ਅੰਮ੍ਰਿਤ ਦੀ ਦਾਤ ਬਖਸ਼ੋ, ਤਾਂ ਦੀਨ ਦਿਆਲ ਜੀ ਨੇ ਹੁਕਮ ਕੀਤਾ ਇਹ ਕੰਮ ਬੜਾ ਔਖਾ ਹੈ ਤੇ ਨਾਲ ਹੀ ਆਪ ਜੀ ਨੂੰ ਸਤਿਗੁਰਾਂ ਪੁਛਿਆ ਭਾਈ ਸਿਖਾ! ਭਜਨ ਕਰੇਗਾ? ਹਾਂ ਸਚੇ ਪਾਤਸ਼ਾਹ ਆਪ ਦੀ ਕਿਰਪਾ ਹੋਵੇਗੀ ਤਾਂ ਜ਼ਰੂਰ ਕਰਾਂਗਾ। ਸਚੇ ਪਾਤਸ਼ਾਹ ਜੀ ਨੇ ਕਿਹਾ 'ਅਛਾ ਹੁਨ ਗਿਲਾਂ ਵਾਲੇ ਸੰਤਾਂ ਦਾ ਹੁਕਮ ਤੇ ਅਸਾਂ ਜ਼ਰੂਰ ਹੀ ਮੰਨਣਾਂ ਹੋਇਆ ਬੱਸ ਸਚੇ ਪਾਤਸ਼ਾਹ ਜੀ ਨੇ ਭਜਨ ਦੱਸ ਦਿਤਾ. ਤੇ ਰਹਿਤ ਮ੍ਰਯਾਦਾ ਦੱਸਕੇ ਨਦਰੀ ਨਦਰ ਨਿਹਾਲ ਕਰ ਦਿਤਾ।

## ਸਿਮਰਣ

ਆਪ ਨੇ ਗੁਰੂ ਜੀ ਦੇ ਹੁਕਮ ਨੂੰ ਘੁਟ ਕੇ ਪੱਲੇ ਬੰਨ ਲਿਆ ਤੇ ਕਿਰਤ ਕਰਦੇ ਵੀ ਸਿਮ੍ਰਣ ਨੂੰ ਨ ਵਿਸਾਰਿਆ ਰੋਜ਼ ਪੰਜ ਵਜੇ ਸ਼ਾਮ ਨੂੰ ਵੀ ਕੰਮ ਛੱਡਕੇ ਬਾਹਰ ਇਕਾਂਤ ਵਿਚ ਜਾ ਬੈਠਦੇ ਤੇ ਬੰਦਗੀ ਕਰਦੇ। ਇਕ ਦਿਨ ਆਪ ਨੇ ਇਕ ਸ੍ਰਦਾਰ ਨੂੰ ਵੇਖਿਆ ਜੇਹਦੀ ਦਾੜ੍ਹੀ ਬੱਧੀ ਹੋਈ ਸੀ, ਆਪ ਨੇ ਭੀ ਓਹਦੀ ਰੀਸੇ ਦਾਹੜੀ ਚੀਰ ਕੇ ਬੰਨ ਲਈ। ਤੇ ਆਪਣੇ ਰੋਜ਼ ਵਾਲੇ ਅਸਥਾਨ ਤੇ ਭਜਨ ਕਰਨ ਬੈਠ ਗਏ ਬਥੇਰਾ ਜੋਰ ਲਾਕੇ ਪਰ ਬਿਰਤੀ ਬਿਲਕੁਲ ਨ ਲਗੀ ਬੱਸ ਆਪਨੂੰ ਓਥੇ ਹੀ ਨੀਂਦ ਆਗਈ ਤੇ ਕੀ ਵੇਖਦੇ ਹਨ, ਦੀਨ ਦਿਆਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਬੜੇ ਕਰੋਧ ਵਿਚ ਹੋਕੇ ਆਪ ਦੇ ਸਾਮਣੇ ਖੜੇ ਹਨ, ਅਤੇ ਕਹਿੰਦੇ ਹਨ, ਅਸਾਂ ਦੋਵੇਂ ਕੰਮ ਨਹੀਂ ਹੋਣ ਦੇਨੇ, ਨਾਲੇ ਦਾੜੀਆਂ ਬਨ੍ਹਣੀਆਂ ਤੇ ਨਾਲੇ ਭਜਨ ਕਰਣੇਂ। ਅਸਾਂ ਓਦੋਂ ਨਹੀਂ ਸੀ ਕਿਹਾ ਕਿ ਏਹ ਕੰਮ ਬੜਾ ਔਖਾ ਹੈ। ਬੱਸ ਬਾਬਾ ਜੀ ਨੇ ਝੱਟ ਬਖਸ਼ਸ਼ ਮੰਗੀ ਤੇ ਆਪ ਸਿਖ ਨੂੰ ਸਿਧੇ ਰਸਤੇ ਪਾਕੇ ਲੋਪ ਹੋਗਏ।

ਆਪ ਸਚੇ ਪਾਤਸ਼ਾਹ ਜੀ ਦੇ ਨਾਲ ਕਈ ਦੌਰੇ ਰਹੇ ਤੇ ਉਸ ਸੁੰਦਰ ਮੂਰਤੀ ਦੇ ਚਰਨ ਪ੍ਰਸਦੇ ਰਹੇ। ਸਾਧ ਸੰਗਤ ਦੀ ਸੇਵਾ ਆਪ ਬੜੇ ਪ੍ਰੇਮ ਨਾਲ ਕਰਦੇ ਜਿਸ ਦਿਨ ਘਰ ਕੋਈ ਸਿਖ ਨ ਆਵੇ ਉਸ ਦਿਨ ਆਪ ਕਹਿੰਦੇ ਹੁੰਦੇ ਸੀ ਪਤਾ ਨਹੀਂ ਅਜ ਸਾਡੇ ਤੇ ਕੀ ਕਰੋਪੀ ਹੈ।

ਇਸੇ ਤ੍ਰਾਂ ਆਪਨੇ ਅਪਣੀਂ ਸਾਰੀ ਆਯੂ ਬੰਦਗੀ ਸੇਵਾ ਪ੍ਰਉਪਕਾਰ ਅਤੇ ਨਿਮ੍ਰਤਾ ਭਾਵ ਵਿਚ ਬਤੀਤ ਕੀਤੀ ਸਿਮ੍ਰਣ ਕਰਦੇ ਹੀ ਆਪ ਅਕਾਲ ਪੁਰਖ ਜੀ ਦੇ ਚਰਨਾਂ ਵਿਚ ਜਾ ਬਿਰਾਜੇ।

# (੪੪) "ਸੰਤ ਸ਼ੇਰ ਸਿੰਘ ਜੀ" ਗਰੰਥ ਗੜ੍ਹ

(ਵਲੋਂ ਸ੍ਰੀਮਾਨ ਸੰਤ ਮੰਗਲ ਸਿੰਘ ਜੀ ਅੰਮ੍ਰਿਤਸਰ)

ਆਪ ਜੀ ਦਾ ਜਨਮ ਤਕਰੀਬਨ ਸੰਮਤ ੧੯੨੮ ਬਿਕ੍ਰਮੀ ਵਿਚ ਬਾਬਾ ਜਵਾਹਰ ਸਿੰਘ ਜੀ ਆਹਲੂਵਾਲੀਆਂ ਦੇ ਘਰ ਪਿੰਡ ਗਰੰਥਗੜ੍ਹ (ਜ਼ਿਲਾ ਅੰਮ੍ਰਿਤਸਰ) ਵਿਖੇ ਹੋਇਆ। ਆਪ ਅੰਗ-ਰੇਜ਼ੀ ਰਾਜ ਦੇ ਅਰੰਭ ਤੋਂ ਹੀ ਪਲਟਨ ਵਿਚ ਭਰਤੀ ਹੋ ਗਏ। ਉਸ ਵੇਲੇ ਆਪ ਦੀ ਆਯੂ ਸੋਲ਼ਾਂ ਸਾਲਾਂ ਦੀ ਸੀ। ਜਿਸ ਵੇਲੇ ਫਤਹਿਵਾਲ (ਜੋ ਆਪਦੇ ਨਗਰ ਤੋਂ ਤ੍ਰਿਨ ਕੋਹ ਹੈ ਛੁਟੀ ਆਏ, ਤਾਂ ਆਪਸ ਵਿਚ ਤਿੰਨੋਂ ਭਾਈ ਵਖੋ ਵਖ ਹੋ ਗਏ। ਵਖਰੇ ਹੋਣ ਦੇ ਕਾਰਨ ਆਪ ਘਰ ਦੀ ਜ਼ਰੂਰਤ ਲਈ ਕੁਝ ਬਰਤਨ ਆਦੀ ਲੈਣ ਲਈ ਅੰਮ੍ਰਿਤਸਰ ਜੀ ਆਏ। ਏਥੇ ਆਪ ਜੀਦੇ ਨਗਰ ਦੇ ਸਭ ਲੋਕ ਸ੍ਰੀ ਬਾਬਾ ਸ਼ਾਮ ਸਿੰਘ ਜੀ (ਜੋ ਅਡਨ ਸ਼ਾਹੀ ਸੰਪ੍ਰਦਾ ਦੇ ਇਕ ਮਹਿਕਦੇ ਫੁਲ ਸਨ) ਦੇ ਪਾਸ ਆਕੇ ਰਿਹਾ ਕਰਦੇ ਸੀ। ਆਪ ਭੀ ਬਾਬਾ ਜੀ ਦੇ ਡੇਰੇ ਵਿਚ ਹੀ ਆਨਕੇ ਰਹੇ। ਬਾਬਾ ਜੀ ਨੇ ਬੜੇ ਪਿਆਰ ਤੇ ਹਿਤ ਨਾਲ ਪਾਸ ਬਿਠਾਲ ਲਿਆ। ਚੜ੍ਹਦੀ ਜਵਾਨੀ ਅਤੇ ਕੁਝ ਕਰਨ ਦੀ ਚਾਹ ਵੇਖਕੇ ਬਾਬਾ ਜੀ ਦਾ ਕੋਮਲ ਹਿਰਦਾ ਆਪ ਲਈ ਪ੍ਰੇਰਿਆ ਗਿਆ। ਆਪ ਕਹਿਣ ਲਗੇ 'ਭਾਈ ਲੜਕਿਆ! ਤੂੰ ਬੰਦਗੀ ਕਰਿਆ ਕਰ' ਉਤ੍ਰ ਵਿਚ ਆਪਨੇ ਕਿਹਾ 'ਸਤਿ ਬਚਨ ਮਹਾਂ-ਰਾਜ।' ਦਸੋ ਫੇਰ ਕਿਸਤ੍ਰਾਂ ਕਰੀਦੀ ਹੈ। ਭਾਵੇਂ ਆਪ ਜੀ ਦੇ ਨੱਗਰ ਵਿਚ ਬਾਬਾ ਜੀ ਦੀ ਕਾਫੀ ਸਿਖੀ ਸੇਵਕੀ ਸੀ। ਪ੍ਰੰਤੂ ਆਪ ਕਹਿਣ ਲਗੇ ਕਾਕਾ! ਅਸਾਂ ਸੁਣਿਆਂ ਹੈ ਕਿ "ਭੈਣੀ" ਜ਼ਿਲਾ ਲੁਧਿਆਣੇ ਵਿਚ ਗੁਰੂ ਪ੍ਰਗਟਿਆ ਹੈ। ਓਥੇ ਚਲਾ ਜਾ ਤੇਰੀ ਸੰਭਾਲ ਓਹੀ ਕਰਨਗੇ ਆਪ ਨੇ ਬਿਨਾਂ ਘਰ ਮੁੜਨ ਤੋਂ ਹੀ ਭੈਣ ਸਾਹਿਬ ਨੂੰ ਤਿਆਰੀ ਕਰ ਲਈ।

## ਨਾਮ ਪ੍ਰਾਪਤੀ

ਆਪਨੇ ਤੁਰਨ ਵੇਲੇ ਤ੍ਰਿੰਨ ਸ਼ਰਤਾਂ ਆਪ-ਨੇ ਮਨ ਵਿਚ ਧਾਰ ਲਈਆਂ ਕਿ ਜੇ ਏਹ ਤ੍ਰਿੰਨੇ ਗਲਾਂ ਸਪਸ਼ਟ ਰੂਪ ਵਿਚ ਪ੍ਰਗਟ ਹੋ ਗਈਆਂ ਤਾਂ ਮੈਂ ਉਨਾਂ ਤੇ ਗੁਰੂ ਭਾਵਨਾਂ ਰਖਾਂਗਾ। ੧) ਮੇਰਾ ਨਾਮ ਲੈਕੇ ਬੁਲਾਣ (੨) ਅਪਨਾ ਸੀਤ ਪ੍ਰਸਾਦ ਦੇਣ (੩) ਨੌਕਰੀ ਬਾਬਤ ਕੁਛ ਮੈਨੂੰ ਕਹਿਣ। ਆਪ ਇਹ ਵਿਚਾਰਦੇ ਗੁਰੂ ਧਾਮ ਪਹੁੰਚ ਗਏ ਭੈਣੀ ਸਾਹਿਬ ਹਮੇਸ਼ਾਂ ਗੁੜ ਦੀ ਸ਼ਰਦਾਈ ਬਣਦੀ ਹੁੰਦੀ ਸੀ, ਪਰ ਆਪ ਕਈ ਗੁੜ ਵਾਲਾ ਜਲ

ਨਹੀਂ ਸਨ ਛਕਦੇ ਹੁੰਦੇ। ਇਨਾਂ ਦੇ ਬਿਨਾਂ ਕੁਛ ਕਹਿਣ ਸੁਨਣ ਤੇ ਹੀ ਆਪ ਨੂੰ ਖੰਡ ਦੀ ਸ਼ਰਦ ਈ ਮਿਲਦੀ ਰਹੀ।

ਤਿਨ ਦਿਨ ਆਪ ਕੀਰਤਨ ਦਾ ਰਸ ਮਾਣਦੇ ਰਹੇ ਭਾਵੇਂ ਆਪ ਦਾ ਹਿਰਦਾ ਤਾਂ ਉਸ ਮੋਹਣੀ ਮੂਰਤ ਦੇ ਦਰਸ਼ਨ ਪਰਸਨ ਨਾਲ ਹੀ ਖਿਚਿਆ ਗਿਆ। ਪ੍ਰੰਤੂ ਅਪਨੇ ਕੀਤੇ ਹੋਏ ਸੰਕਲਪ ਨੂੰ ਪੂਰਾ ਨ ਹੁੰਦਾ ਵੇਖ ਆਪ ਭੈਣੀਂ ਸਾਹਿਬ ਤੋਂ ਕਿਸੇ ਨੂੰ ਕੁਛ ਕਹਿਣ ਸੁਨਣ ਤੋਂ ਬਿਨਾਂ ਹੀ ਵਾਪਸ ਆਏ। ਜਦ ਆਪ ਕੋਈ ਅਧ ਮੀਲ ਤੇ ਫਾਸਲੇ ਤੇ ਗਏ, ਤਾਂ ਆਪਦੇ ਦਿਲ ਵਿਚ ਆਈ ਕਿ ਚਲੋ ਅਜ ਦਾ ਦੀਵਾਨ ਭੀ ਸੁਨ ਚਲੀਏ। ਆਪ ਦੀਵਾਨ ਅਸਥਾਨ ਤੇ ਸਭ ਤੋਂ ਪਿਛੇ ਹਟ ਕੇ ਖਲੋ ਗਏ। ਸਚੇ ਪਾਤ-ਸ਼ਾਹ ਜੀ ਨੇ ਇਕ ਸਿਖ ਨੂੰ ਹੁਕਮ ਕੀਤਾ ਕਿ 'ਸ਼ੇਰ ਸਿੰਘ ਨਾਮ ਦਾ ਇਕ ਸਿਖ ਪਿਛੇ ਖੜਾ ਹੈ, ਉਸਨੂੰ ਅਵਾਜ਼ ਦਿਓ। ਜਿਸ ਵੇਲੇ ਆਪ ਹਜ਼ੂਰ ਦੇ ਸਾਹਮਨੇ ਹੋਏ ਤਾਂ ਅੰਤ੍ਰਯਾਮੀ ਦਾਤਾ ਜੀ ਨੇ ਕਿਹਾ ਸ਼ੇਰ ਸਿੰਘ ਅਜੇ ਭਾਂਡੇ ਖਰੀਦੇ ਹਨ ਕਿ ਨਹੀਂ। ਝਟ ਆਪ ਜੀ ਦੇ ਮਨ ਅੰਦਰ ਇਕ ਕਰੰਟ ਪੈਦਾ ਹੋ ਗਿਆ। ਪਰ ਆਪ ਸੰਭਲਗਏ ਕਿਓਂ ਕਿ ਅਜੇ ਦੋ ਹਿਸੇ ਬਾਕੀ ਸਨ, ਕਿਓਂ ਭਾਈ! ਅਸ਼ਨਾਨ ਕੀਤਾ ਹੈ? ਜੀ ਹਾਂ! " ਸਚੇ ਪਾਤਸ਼ਾਹ। ਏਨੇ ਨੂੰ ਇਕ ਸਿਖ ਸਤਿਗੁਰਾਂ ਲਈ ਸਰਦਾਈ ਦੀਵਾਨ ਵਿਚ ਹੀ ਲੈ ਆਇਆ ਸਰਦਾਈ ਛਕ ਆਪ ਜੀ ਨੇ ਓਹੋ ਛੰਨਾਂ ਸ਼ੇਰ ਸਿੰਘ ਨੂੰਦੇ ਦਿਤਾ ਤੇ ਕਿਹਾ ਲੈ ਕਾਕਾ! ਸੀਤ ਪ੍ਰਸਾਦ। ਪਰ ਨਾਲ ਹੀ ਕਿਹਾ ਬਹੁਤੀਆਂ ਅਜ਼ਮੈਸ਼ਾਂ ਨਹੀਂ ਕਰੀਦੀਆਂ ਬੱਸ ਆਪ ਨੇ ਝੱਟ ਅਪਨਾਂ ਆਪ ਛਡ ਕੇ ਭਜਨ ਪੁਛਲਿਆ ਪਰ ਦੀਨ ਦਿਆਲ ਜੀ ਨੇ ਤੀਸਰਾ ਬਚਨ ਭੀ ਨਾਲ ਕਰ ਦਿਤਾ ਕਿ ਮਲੇਛਾਂ ਦੀ ਨੌਕਰੀ ਨਹੀਂ ਕਰਨੀ।

ਆਪ ਉਸ ਪ੍ਰੀਤਮ ਦੀ ਛੁਹ ਨਾਲ ਪੂਰਣ ਸਧੂ ਬਣ ਗਏ,, ਪਿੰਡ ਦੇ ਲੋਕ ਭਾਵੇਂ ਪਹਿਲੋਂ ਮਖੌਲ ਹੀ ਕਰਦੇ ਸਨ ਪਰ ਆਪ ਦੇ ਪ੍ਰਤਾਪ ਨਾਲ ਸਾਰਾ ਪਿੰਡ ਨਾਮਧਾਰੀ ਬਨ ਗਏ। ਸਚੇ ਪਤਸ਼ਾਹ ਜੀ ਦੇ ਆਪ ਏਨੇ ਸ਼ਰਧਾਲੂ ਸਨ ਕਿ ਸਮੇਤ ਇਕ ਸਾਈਸ ਦੇ ਘੋੜਾਅਰਦਾਸ ਕਰਾਇਆ ਹਕਾਰ ਆਪ ਵਿਚ ਨਾਮ ਮਾਤ੍ਰ ਨੂੰ ਭੀ ਨਹੀਂ ਸੀ। ਜਿਸ ਵੇਲੇ ਸ: ਲਛਮਨ ਸਿੰਘ ਜੀ (ਆਪ ਦੇ ਸਪੁਤ੍ਰ) ਨਾਮਧਾਰੀ ਦਰਬਾਰ ਦੇ ਪ੍ਰਧਾਨ ਥਾਪੇ ਗਏ, ਆਪ ਖੁਸ਼ ਨ ਹੋਏ ਸ: ਜੀ ਨੂੰ ਕਹਿਣ ਲਗੇ ਵੇਖੀਂ ਕਿਤੇ ਕੁਲਨਾਂ ਗਲ ਬੈਠੀਂ ਚੌਧਰ ਬੁਰੀ ਬਲਾ ਹੁੰਦੀ ਹੈ ਨਿਸ਼-ਕਾਮ ਸੇਵਾ ਕਰੀਂ। ਸੁ ਇਹਗਲ ਕਿਸੇ ਨਾਮ-ਧਾਰੀ ਤੋਂ ਭੁਲੀ ਹੋਈ ਨਹੀਂ ਕਿ ਸ: ਜੀ ਨੇ ਕਿਸਤ੍ਰਾਂ ਪੰਥ ਦੀ ਸੇਵਾ ਨੂੰ ਅਪਨਾਇਆ ਹੈ ਅਤੇ ਅਪਨੇ ਪੂਜਜ ਪਿਤਾ ਜੀ ਦੇ ਬਚਨਾਂ ਤੇ ਫੁਲ ਝੜਾਏ ਹਨ ਕਈ ਸਾਲ ਆਪ ਦੇ ਅਸ-ਤੀਫਾ ਦੇਨਤੇ ਭੀ ਦਰਬਾਰ ਨੇ ਮਨਜ਼ੂਰ ਨ ਕੀਤਾ ਭਾਵੇਂ ਹੁਨ ਆਪ ਜੀ ਦੀ ਜਗਾਹ ਪੰਥ ਦੇ ਧੁਰੰਧਰ ਵਿਦਵਾਨ ਸ੍ਰੀਮਾਨ ਸੰਤ ਨਿਧਾਨ ਸਿੰਘ ਜੀ ਆਲਮ ਹਨ ਪ੍ਰੰਤੂ ਆਪ ਉਸੇ ਲਗਨ ਨਾਲ ਹੀ ਪੰਥ ਸੇਵਾ ਕਰ ਰਹੇ ਹਨ ਨਿਸ਼ਕਾਮ ਸੇਵਾ ਆਪਦਾ ਮੁਖ ਮੰਡਲ ਹੈ ਬਾਬਾ ਜੀ ਨੇ ਸਾਰੀਹੀ ਆਯੂ ਨਾਮ ਦਾਨ ਇਸ਼ਨਾਨ ਨੂੰ ਮੁਖ ਰਖਿਆ ਦਾਨ ਦਿਆਲ ਸਤਿਗੁਰੂ ਰਾਮ ਸਿੰਘ ਜੀ ਜਦ ਆਪਦੇ ਨਗਰ ਜਾਂਦੇ ਸਨ ਤਾਂ ਫਰਮੌਂਦੇ ਸਨ ਕਿ ਫਤਹਿ ਵਲ ਦਰਸ਼ਨ ਦੀ ਡੇਉੜੀ ਹੈ।

ਆਪ ਨੇ ੯੩ ਬਿ: ਵਿਚ ਉਸ ਚੀਨੀਵਾਲੇ ਦੀ ਯਾਦ ਵਿਚ ਸਿਮਰਨ ਕਰਕੇ ਜੋਤੀ ਜੋਤ ਸਮਾ ਗਏ।

# (੪੫) ਬਾਬਾ ਸੁੰਦਰ ਸਿੰਘ ਜੀ 'ਰਿਖੀ' ਲੋਪੋਕੇ

ਆਪ ਜੀ ਦਾ ਪਵਿਤ੍ਰ ਜਨਮ ਸੰਮਤ ੧੯੨੭ ਬਿ: ਨੂੰ ਪਿੰਡ ਲੋਪੋਕੇ ਜ਼ਿਲਾ ਅੰਮ੍ਰਤਸਰ ਪਿਤਾ ਬਾਬਾ ਜਵਾਲਾ ਸਿੰਘ ਅਤੇ ਮਾਤਾ ਬੈਬੇ "ਚੰਦਾਂ" ਜੀ ਦੇ ਗਰਹਿ ਵਿਖੇ ਹੋਇਆ ਆਪ ਦੀ ਸ਼ਾਦੀ ਪਿੰਡ ਖੁੰਡੀਆਂ ਤਹਿਸੀਲ ਵਟਾਲਾ ਵਿਚ ਮਾਤਾ ਜਸ ਕੌਰ ਨਾਲ ਹੋਈ। ਆਪ ਨੇ ਭਜਨ ਬਾਰਾਂ ਤੇਰਾਂ ਸਾਲ ਦੀ ਉਮਰ ਵਿਚ ਪੁਛਿਆ। ਆਪ ਜੀ ਦੀ ਬਿਰਤੀ ਐਸੀ ਸ਼ਾਂਤ ਭਰਪੂਰ ਸੀ ਕਿ ਜੋ ਆਪ ਦਾ ਦਰਸ਼ਨ ਕਰਦਾ ਸੀ ਉਸ ਦੇ ਜੀਵਨ ਵਿਚ ਵੀ ਤਬਦੀਲੀ ਆ ਜਾਂਦੀ ਸੀ।

ਆਪ ਦਾ ਸ੍ਰੀ ਭੈਣੀ ਸਾਹਿਬ ਦੀ ਲੋਹ ਨਾਲ ਖਾਸ ਪਰੇਮ ਸੀ ਉਹ ਆਖਦੇ ਹੁੰਦੇ ਸੀ ਇਹ ਲੋਹ ਅਕਾਲ ਪੁਰਖ ਦੇ ਹਥਾਂ ਦੀ ਹੈ ! ਆਪ ਜੇਹੜਾ ਵੀ ਪਾਠ ਕਰਦੇ ਉਸ ਦੀ ਮਾਇਆ ਸ੍ਰੀ ਭੈਣੀ ਸਾਹਿਬ ਹੀ ਭੇਜਦੇ ਜਦੋਂ ਲੰਗਰ ਦੀ ਉਗਰਾਹੀ ਵਾਸਤੇ ਸਿਖ ਜਾਂਦੇ ਤਾਂ ਆਪ ਨੂੰ ਖੁਸ਼ੀਆਂ ਚੜ ਜਾਂਦੀਆਂ, ਬ੍ਰਿਧ ਅਵਸਥਾ ਵਿਚ ਵੀ ਆਪ ਨਾਲ ਹੋਕੇ ਉਗ੍ਰਾਹੀ ਕਰੌਂਦੇ, ਆਪ ਨੇ ਆਪਣੇ ਅੰਤਮ ਸਮੇਂ ਤੋਂ ਵੀਹ ਸਾਲ ਪਹਿਲੋਂ ਜ਼ਮੀਨ ਭਰਾਵਾਂ ਨੂੰ ਵੰਡ ਦਿਤੀ, ਏਨੇ ਤਿਆਗੀ ਸਨ ਕਿ ਚਾਲੀ ਮਨ ਹਾੜੀ ਤੇ ਵੀਹ ਮਨ ਸੌਣੀ ਦਾਣੇ ਲੈਣੇ ਕੀਤੇ ਹੋਏ ਸਨ, ਪਰ ਸਿਫਤ ਇਹ ਕਿ ਸਾਰੀ ਉਮਰ ਮੰਗੇ ਨਹੀ। ਜੇ ਕਿਸੇ ਨੇ ਦੇ ਦਿਤੇ ਤਾਂ ਲੈ ਲਏ, ਨਹੀਂ ਤੇ ਚਿਤ ਵਿਚ ਸ਼ੋਕ ਨਹੀਂ ਕੀਤਾ। ਐਸਾ ਸਮਾਂ ਕਦੀ ਕੋਈ ਨਹੀਂ ਸੀ ਵੇਖਿਆ ਜਾਂਦਾ ਜਦੋਂ ਆਪ ਮਾਲਾ ਫੜੀ ਭਜਨ ਨ ਕਰਦੇ ਹੁੰਦੇ। ਰਸਨਾਂ ਨੂੰ ਤਾਂ ਆਹਰ ਹੀ ਹਰੀ ਨਾਮ ਦਾ ਸੀ, ਕਦੀ ਕੋਈ ਐਸਾ ਸ਼ਬਦ ਆਪਦੀ ਰਸਨਾਂ ਵਿਚੋਂ ਨਹੀਂ ਨਿਕਲਦਾ ਸੀ ਜੇਹੜਾ ਕਿਸੇ ਨੂੰ ਦੁਖ ਦੇਣ ਵਾਲਾ ਹੋਵੇ।

ਆਪ ਨੇ ਸਾਰੀ ਆਯੂ ਹੀ ਸੋਧ ਵਿਚ ਬਤੀਤ ਕੀਤੀ। ਆਪ ਜੀ ਦੇ ਘਰੋਂ ਵੀ ਸੋਧੀ ਸਨ। ਭਾਵੇਂ ਆਪ ਦੀ ਸਿੰਘਣੀ ਆਪ ਦੇ ਚਲਾਣੇ ਤੋਂ ੩੬ ਸਾਲ ਪਹਿਲੋਂ ਚੜ੍ਹਾਈ ਕਰ ਗਏ ਸੀ, ਪਰ ਆਪ ਹਥੀਂ ਪ੍ਰਸਾਦਾ ਪਕਾਕੇ ਛਕਦੇ ਰਹੇ। ਜੇ ਕਦੀ ਆਪ ਬੀਮਾਰ ਹੋ ਜਾਂਦੇ ਤਾਂ ਵੀ ਸੋਧ ਨੂੰ ਨਾਂ ਤਿਆਗਦੇ। ਆਪ ਦੇ ਪ੍ਰੇਮੀ ਬਾਬਾ ਨਰੈਣ ਸਿੰਘ ਜੀ (ਰਾਮਨਾ-ਰਾਇਣ ਜੋ ਕੇ ਸੋਧ ਮ੍ਰਯਾਦਾ ਵਿਚ ਹੁਨ ਵੀ ਪਕੇ ਹਨ) ਆਪ ਦੀ ਬੜੀ ਸੇਵਾ ਕਰਦੇ ਜਦੋਂ ਬਾਬਾ ਨਰੈਣ ਸਿੰਘ ਜੀ ਆਪ ਨਗਰ ਵਿਚ ਹੁੰਦੇ ਬਾਬਾ ਜੀ ਨੂੰ ਪ੍ਰਸਾਦ ਪਾਣੀ ਆਪ ਹੀ ਛਕਾਉਂਦੇ। ਆਪ ਦੀ ਸੀਤਲਤਾਈ ਅਤੇ ਨਿਸ਼ਕਾਮ ਸੇਵਾ ਨੇ ਕਈ ਪਥਰ ਹਿਰਦੇ ਮੋਮ ਕਰ ਦਿਤੇ। ਹੁਣ ਭੀ ਆਪਦੇ ਭਤੀਜੇ ਸੰਤ ਭਾਨ ਸਿੰਘ ਜੀ ਸਾਧ ਸੰਗਤ ਦੇ ਬੜੇ ਸੇਵਕ ਹਨ। ਗੁਰੂਕੇਲੰਗਰਦੀ ਆਪਨਾਲ ਹੋਕੇ ਉਗ੍ਰਾਹੀ ਕਰਾਉਂਦੇ ਹਨ। ਸਾਧੂਆਂ ਦੀ ਹਵੇਲੀ ਹੁਣ ਭੀ ਬਾਬੇ ਦੇ ਨਾਮ ਨਾਲ ਬੁਲਾਈ ਜਾਂਦੀ ਹੈ। ਹਨ ਸਮੇਂ ਦੇ ਪਾਤਿਸ਼ਾਹ ਦੀ ਮੇਹਰ ਨਾਲ ਆਪ ਦੇ ਛੋਟੇ ਭਾਈ ਬਾਬਾ ਜਿੰਦਾ ਸਿੰਘ ਜੀ ਨੇ ਸ੍ਰੀ ਮਾਨ ਸੰਤ ਨਿਧਾਨ ਸਿੰਘ ਜੀ 'ਆਲਿਮ' ਤੋਂ ਭਜਨ ਪੁਛਕੇ ਜਨਮ ਸਫਲਾ ਕੀਤਾ ਹੈ।

ਬਾਬਾ ਜੀ ਆਪਣੀ ਸਾਰੀ ਆਯੂ ਸਤ ਸੰਤੋਖ ਨਿਮ੍ਰਤਾ ਆਦੀ ਸ਼ੁਭ ਗੁਣਾਂ ਵਿਚ ਬਤੀਤ ਕਰਕੇ ਸੰਮਤ ੧੯੯੦ ਬਿਕਰਮੀ ਵਿਚ ਜੋਤੀ ਜੋਤ ਸਮਾ ਗਏ। [ਮੰਗਲ ਸਿੰਘ

# (੪੯)ਸ੍ਰੀ ਸੰਤ ਲਾਲ ਸਿੰਘ ਜੀ ਭੂਰੇ ਗਿਲ

ਆਪ ਦਾ ਜਨਮ ਸ੍ਰਦਾਰ ਅਤਰ ਸਿੰਘ ਜੀ ਗਿਲ ਦੇ ਘਰ ਸੰ: ੧੯੦੯ ਬਿ: ਨੂੰ ਪਿੰਡ ਭੂਰੇ ਗਿਲ ਜਿਲਾ ਅਮ੍ਰਿਤਸਰ ਵਿਚ ਹੋਇਆ ਆਪ ਜੀ ਦੀਆਂ ਦੋ ਸ਼ਾਦੀਆਂ (ਮਾਤਾ) ਮਾਨ ਕੌਰ ਅਤੇ ਮਾਤਾ ਸੁਖੀ ਨਾਲ ਹੋਈਆਂ, ਨਾਮ-ਧਾਰੀ ਬਣਨ ਤੋਂ ਪਹਿਲਾਂ ਆਪ ਦਾ ਜੀਵਨ ਵਿਲਾਸੀ ਸ੍ਰਦਾਰਾਂ ਵਾਲਾ ਸੀ। ਬੱਕਰੇ ਰਿਝਦੇ ਰਹਿੰਦੇ, ਤੇ ਸ਼ਰਾਬ ਦੀਆਂ ਭੱਠੀਆ ਚੜ੍ਹੀਆਂ ਰਹਿੰਦੀਆਂ ਸਨ, ਆਪ ਬੜੇ ਲੰਮੇ ਉੱਚੇ ਤੇ ਸਡੌਲ ਜਵਾਨ ਸਨ। ਕੁਸਤੀ ਕਰਨ ਅਤੇ ਬੁਗਦਰ ਚੁਕਣ ਦਾ ਕਿਸਬ ਚੰਗਾ ਜਾਣਦੇ ਸਨ। ਜਿਸ ਕਰਕੇ ਆਪਨੂੰ ਕੁੱਤੇ ਰਖਣ ਦਾ ਬੜਾ ਸ਼ੌਂਕ ਸੀ। ਆਪਨੇ ਭਜਨ ਪੁਛਣ ਦੀ ਕਥਾ ਕਈ ਵਾਰ ਆਪ ਦੀਵਾਨਾਂ ਵਿਚ ਸੁਣਾਇਆ ਕਰਦੇ ਸਨ, ਜੋ ਇਉਂ ਹੈ, ਕਿ ਨਾਮਧਾਰੀ ਪੰਥ ਦੇ ਸਤਕਾਰ ਯੋਗ ਮਹਾ ਪੁਰਖ ਸੰਤ ਵਰਿਆਮ ਸਿੰਘ ਜੀ ਛੈਣਿਆਂ ਵਾਲੇ ਇਕ ਵਾਰ ਆਪਦੇ ਨਗਰਵਿਚ ਆਏ ਉਨਾਂ ਦੇ ਦੀਵਾਨ ਵਿਚ ਬਹੁਤ ਲੋਕਾਂ ਨੂੰ ਸੂਤਰ ਪਿਆ, ਸੰਤਾਂ ਨੇ ਸੁਣਕੇ ਆਖਿਆ ਲੋਕ ਪਾਗਲ ਹੋਏ ਹੋਏ ਨੇ ਐਂਵੇ ਹੀ ਕੂਕਿਆਂ ਵਿਚ ਜਾਕੇ ਭੰਗੜਾ ਪੌਣ ਲਗ ਪੈਂਦੇ ਨੇ ਤੇ ਆਂਹਦੇ ਨੇ ਸਾਨੂੰ ਸੂਤਰ ਹੋਗਿਆ ਹੈ। ਜੇ ਕੂਕਿਆਂ ਵਿਚ ਕੋਈ ਸ਼ਕਤੀ ਹੈ ਤਾਂ ਮੈਨੂੰ ਸੂਤਰ ਪਾਕੇ ਵਖਾਣ ਖਾਂ। ਸੰਤ ਦਸਦੇ ਹੁੰਦੇ ਸਨ, ਕਿ ਇਕ ਦਿਨ ਮੈਂ ਆਪਣੇ ਸਾਥੀਆਂ ਦੇ ਨਾਲ ਘੋੜੀ ਤੇ ਚੜਿਆ ਹੋਇਆ ਕੁਤੇ ਨਾਲ ਲੈਕੇ ਸ਼ਿਕਾਰ ਖੇਡਣ ਜਾ ਰਿਹਾ ਸਾਂ, ਰਸਤੇ ਵਿਚ ਹੀ ਪਿੰਡ ਵਲ ਨੂੰ ਔਂਦੇ ਹੋਏ ਕੁਛ ਸੰਤ ਮਿਲ ਪਏ। ਏਹਨਾਂ ਵਿਚ ਬਾਬਾ ਛੈਣਿਆਂ ਵਾਲਾ ਵੀ ਸੀ, ਜਿਸਨੇ ਮੇਰੀ ਘੋੜੀ ਦੀ ਵਾਗ ਫੜ ਲਈ, ਤੇ ਆਖਿਆ ਲਾਲ ਸਿੰਘਾ ਘੋੜੀ ਤੋਂ ਉਤ੍ਰ। ਮੈਂ ਕਿਸੇ ਦੇ ਆਖੇ ਲਗਣ ਵਾਲੀ ਜਿਨਸ ਤੇ ਨਹੀਂ ਸਾਂ, ਪਰ ਉਸ ਸੰਤ ਦਾ ਐਸਾ ਰੋਬ ਪਿਆ ਕਿ ਮੈਨੂੰ ਘੋੜੀ ਤੋਂ ਉਤਰਨਾਂ ਪਿਆ। ਉਪ੍ਰੰਤ ਮੈਂ ਕਾਠੀ ਤੋਂ ਚੁਤਹੀ ਲਾਹਕੇ ਭੁਇੰ ਤੇ ਵਿਛਾ ਕੇ ਅਰਜ਼ ਕੀਤੀ. ਬਾਬਾ ਜੀ! ਏਹਦੇ ਤੇ ਬਹਿ ਜਾਓ। ਬਾਬੇ ਹੁਰਾਂ ਮੈਨੂੰ ਜਫੇ ਵਿਚ ਲੈ ਲਿਆ, ਪਰ ਮੈਂ ਡਰਾਂ ਕਿ ਕਿਤੇ ਮੇਰੇ ਕੰਨ ਵਿਚ ਕੰਨਾਂ ਮੰਨਾਂ ਕੁਰਰ ਨਾਂ ਕਰ ਦੇਣ। ਆਪਣੇ ਆਪ ਵਿਚ ਤਾਂ ਮੈਂ ਚੰਗਾ ਪਹਿਲਵਾਨ ਸਾਂ, ਆਲੇ ਦੁਆਲੇ ਦੇ ਘੁਲਨ ਵਾਲੇ ਤੇ ਭਾਰ ਚੁਕਣ ਵਾਲੇ ਮੰਡੇ ਵੀ ਮੇਰੀ ਤਾਕਤ ਦੇ ਕਾਇਲ ਸਨ ਪਰ ਏਸ ਨਾਮਧਾਰੀਏ ਸੰਤ ਨੇ ਮੈਨੂੰ ਜਿਉਂ ਜਫੇ ਵਿਚ ਲਿਆ, ਭਜਨ ਦਸਕੇ ਹੀ ਛਡਿਆ ਸਾਧ ਸੰਗਤ ਜੀ ॥ ਬਾਬੇ ਨੇ ਮੇਰੇ ਕੰਨਾਂ ਵਿਚ ਐਸੀ ਫੂਕ ਮਾਰੀ ਕਿ ਮੇਰੇ ਅੰਦਰ ਭੁਚਾਲ ਆ ਗਿਆ। ਫੇਰ ਮੈਨੂੰ ਬੁਲਾਕੇ ਕਹਿਣ ਲਗੇ ਕਿ, ਬਿਨਾਂ ਸ਼ਕ ਦੇ ਮਾਸ ਸ਼ਰਾਬ ਵਰਤ, ਪਰ ਜੇ ਗੁਰੂ ਰਾਮ ਸਿੰਘ ਜੀ ਦੇ ਭਜਨ ਵਿਚ ਸ਼ਕਤੀ ਹੋਈ, ਤਾਂ ਇਹ ਆਪੇ ਛੁਡਾ ਲਏਗਾ। ਸੰਤ ਆਖਦੇ ਹੁੰਦੇ ਸਾਧ ਸੰਗਤ ਜੀ ਅਜੇ ਸੰਤਾਂ ਨੇ ਮੈਨੂੰ ਬਦੋ ਬਦੀ ਭਜਨ ਦਸਿਆ ਸੀ ਤੇ ਮੇਰੇ ਅੰਦਰ ਫਤੂਰ ਪੈਦਾ ਹੋਗਿਆ ਹੈ, ਤੇ ਜੇ ਮੈਂ ਸਰਧਾ ਨਾਲ ਪੁਛਦਾ ਤਾਂ ਖਵਰੇ ਕੀ ਆਖਰ ਔਂਦੀ ?

ਇਕ ਦਿਨ ਸੰਤਾਂ ਦੇ ਸਾਥੀਆਂ ਨੇ ਪ੍ਰੇਰਨਾ ਕੀਤੀ ਤਾਂ ਆਪ ਫੇਰ ਸ਼ਿਕਾਰ ਖੇਡਣ ਨੂੰ ਆਪ

---

*ਸੰਤਾਂ ਨੇ ਜਦ ਭਜਨ ਪੁਛਿਆ ਆਪ ਦੀ ਉਮਰ ੨੫ ਸਾਲਾਂ ਦੀ ਸੀ।

ਘੋੜੀ ਤੇ ਸਵਾਰ ਸਨ। ਸੱਕੀ (ਇੱਕ ਛੋਟੇ ਪਰ ਸੱਪ ਦੇ ਵਲਾਂ ਜੇਹਾ ਨਾਲਾ) ਤੋਂ ਦੂਜੇ ਪਾਰ ਇਕ ਗਿੱਦੜ ਨਜ਼ਰ ਆਇਆ। ਸੰਤ ਜੀ ਨੇ ਕੁੱਤੇ ਨੂੰ ਲਲਕਾਰਿਆ, ਤੇ ਕੁਤੇ ਦੇ ਪਿਛੇ ਘੋੜੀ ਵੀ ਨਸਾ ਦਿੱਤੀ। ਕੁਤਾ ਪਾਣੀ ਵਿਚ ਕਦ ਪਿਆ, ਮਗਰੇ ਹੀ ਘੋੜੀ ਨੇ ਛਾਲ ਮਾਰ ਦਿੱਤੀ। ਪਾਣੀ ਬਹੁਤ ਡੂੰਘਾ ਸੀ। ਇਕ ਵਾਰ ਤਾਂ ਹੇਠਾਂ ਗਈ। ਸੰਤਾਂ ਨੂੰ ਗੋਤੇ ਆਏ। ਸਾਥੀ ਮੰਜੇ ਤੇ ਪਾਕੇ ਘਰ ਲਿਆਏ। ਕੁਛ ਦਿਨਾਂ ਤਕ ਤਕਲੀਫ ਰਹੀ, ਪਰ ਤਕੜੇ ਹੋਏ, ਤਾਂ ਸ਼ਿਕਾਰੀਆਂ ਨੇ ਫੇਰ ਫੁਲੌਹਣੀਆਂ ਦੇ ਕੇ ਆਪਣੇ ਅੱੜੇ ਲਾ ਲਿਆ। ਸ਼ਿਕਾਰ ਜ ਕੇ ਇਕ ਸਹਿਆ ਮਾਰ ਲਿਆਏ ਤੇ ਉਸਦਾ ਮਾਸ ਖਾਧਾ। ਖਾਂਦਿਆਂ ਹੀ ਮੂੰਹ ਸਿਰ ਸੁੱਜ ਗਿਆ, ਤੇ ਡਾਢੇ ਹੀ ਤੰਗ ਹੋ ਗਏ। ਸੰਤ ਪ੍ਰੇਮ ਸਿੰਘ ਸਹਿੰਸਰੇ ਵਾਲਿਆਂ ਨੇ ਕਿਹਾ ਭਾਈ ਏਹ ਵਾਦੀਆਂ ਛਡ ਦੇਵੇਂ ਗਾ, ਤਾਂ ਬਚਾ ਹੋਵੇ ਗਾ। ਆਪ ਏਸ ਦਿਨ ਤੋਂ ਪੂਰੇ ਵੈਸ਼ਨੋ ਬਣ ਗਏ।

## ਵੈਰਾਗ

ਹੁਣ ਆਪ ਅਜੇਹੇ ਵੈਰਾਗੀ ਹੋਏ ਕਿ ਲੋਕ ਪ੍ਰਲੋਕ ਤਕਦੇ ਪਦਾਰਥ ਨਾਸ ਵਾਨ ਭਾਸਣਲਗ ਪਏ! ਇਕੋਤ੍ਰ ਸੌ ਅਖੰਡ ਪਾਠਾਂ ਦਾ ਅਰੰਭ ਕਰਾਕੇ ਕਈ ਮਹੀਨਿਆਂ ਤਕ ਲਗਾਤਾਰ ਜੋੜ ਮੇਲਿਆਂ ਦਾ ਸਿਲਸਲਾ ਜਾਰੀ ਰਖਿਆ, ਅਰ ਸਾਧ ਸੰਗਤ ਦੀ ਰਜਕੇ ਸੇਵਾ ਕੀਤੀ। ਜੋ ਕੁਛ ਪਲੇ ਸੀ ਉਸ ਦਾ ਭੋਗ ਪਾਕੇ ਮੇਲੇ ਦਾ ਭੋਗ ਪਾਇਆ, ਤੇ ਛੇਕੜ ਜੋ ਹਜ਼ਾਰਾਂ ਰੁਪੈ ਲੋਕਾਂ ਤੋਂ ਕਰਜਾ ਲੈਣਾਂ ਸੀ, ਸਭ ਵਹੀਆਂ ਤੇ ਅਸ਼ਟਾਮ ਕਰਜਾਈਆਂ ਨੂੰ ਸਦ ਉਹਨਾਂ ਦੇ ਸਾਹਮਣੇ ਫੂਕ ਕੇ ਕਹਿਣ ਲਗੇ ਕਿ ਮੈਂ ਕਿਸੇ ਤੋਂ ਕੁਛ ਨਹੀਂ ਲੈਣਾਂ।

## ਮਸਤੀ

ਨਾਮ ਦੀ ਖੁਮਾਰੀ ਵਿਚ ਐਸੇ ਮਸਤ ਹੋਗਏ.ਕਿ ਕੁਲ ਲਾਜ ਤੇ ਲੋਕ ਲਾਜ ਵਿਚਾਰੀਆਂ ਡਰ-ਦੀਆਂ. ਮਾਰੀਆਂ ਨੱਸ ਗਈਆ। ਬੜੇ ਨਿਸੰਗ ਬੋਲ ਹੋਣ ਲਗੇ। ਦਾੜੀ ਮੁਨਾ ਦਿਤੀ ਕੇਸ ਚੱਟਮ। 'ਖੁਦ ਖੁਦਾ' ਵਾਲੀ ਮੰਜਲ ਤੇ ਪਹੁੰਚ ਕੇ ਮਨਸੂਰ ਵਾਂਗ ਕਹਿਣ ਲਗੇ—"ਚੂੰ ਨਮੇ ਗੋਇਮ ਅਨਲਹੱਕ ਯਾਰ ਮੇ ਗੋਇਦ ਬਿਗੋ। ਚੂੰ ਨਮੇ ਗੋਇਮ ਸਰੇ ਬਾਜ਼ਾਰ ਮੇ ਗੋਇਦ ਬਿਗੋ। ਅਰਥਾਤ ਮੈਂ ਅਨਲਹਕ ਕਿਉਂ ਨਾ ਕਹਾ ਜਦ ਯਾਰ ਕਹਿੰਦ ਹੈ ਆਖ। ਮੈਂ ਕਿਉ ਨਾਂ ਅਖਾਂ ਜਦ ਉਹ ਕਹਿੰਦਾ ਹੈ ਬਜਾਰ ਵਿਚ ਹੋਕਾ ਦੇਹ ਕਿ ਮੈਂ ਖੁਦਾ ਹਾਂ।

ਜਦੋਂ ਸ੍ਰੀ ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਜੀ ਨੇ ਸੰਤਾਂ ਨੂੰ ਦਰਸ਼ਨ ਦੇਕੇ ਉਹਨਾਂ ਦੀ ਉੱਚੀ ਅਵਸਥਾ ਨੂੰ ਤਕਿਆ, ਤਾਂ ਪ੍ਰਸੰਨ ਹੋਕੇ ਛਾਤੀ ਨਾਲ ਲਾ ਲਿਆ।

## ਕੀਰਤਨ

ਭਾਈ ਸਾਹਿਬ ਭਾਈ ਕਾਲੂ, ਭਾਈ ਮੱਤੂ ਭਾਈ ਫੱਤੂ, ਏਹ ਸਤਿਗੁਰੂ ਹਰੀ ਸਿੰਘ ਜੀ ਦੇ ਰਾਗੀਸਨ, ਜਿਨ੍ਹਾਂ ਦੇ ਕੀਰਤਨ ਵਿਚ ਵਜਦਾਨਾਂ ਕੋਸ਼ਸ਼ ਸੀ। ਜਿਸ ਵੇਲੇ ਸਤਿਗੁਰੂ ਜੀ ਦੇ ਦੀਵਾਨ ਵਿਚ ਉਪ੍ਰੋਕਤ ਰਾਗੀਆਂਨੇ ਕੀਰਤਨਾ ਕਰਨਾਂ ਤਾਂ ਸੰਤਾਂ ਨੇ ਛਾਲ ਮਾਰਕੇ ਮੈਦਾਨ ਵਿਚ ਆਕੁੱਦਣਾਂ,ਤੇ ਮਸਤੀ ਵਿਚ ਸ਼ਬਦ ਬੋਲਣਾਂ ਤਾਂ ਦੀਵਾਨ ਵਿਚ ਕੂਕਾਂ ਵਜਣੀਆਂ ਸ਼ੁਰੂ ਹੋ ਜਾਣੀਆਂ ਸੰਤਾਂ ਨੇ ਜਦ ਕਿਸੇ ਇਲਾਹੀ ਰੰਗ ਵਿਚ ਚਾਂਗਰ ਮਾਰਨੀਂ ਤਾਂ ਦੀਵਾਨ ਵਿਚ ਕੁਰ ਲਾਟ ਮਚ ਜਾਂਣਾ॥ ਅਨੇਕਾਂ ਪ੍ਰੇਮੀਆਂ ਨੇ ਬੇ-ਸੁਧ ਹੋ ਜਾਣਾਂ, ਓਧਰ ਰਾਗੀਆਂ ਦੇ ਗੜਵੇ ਸਾਧ ਸੰਗਤ ਨੇ ਰੁਪਈਆਂ ਨਾਲ ਭਰ ਦੇਣੇਂ,

ਪਰ ਸੰਤਾਂ ਨੇ ਕੌਡੀ ਤਕ ਦਾ ਖਿਆਲ ਨ ਕਰਨਾਂ, ਆਪ ਜਦੋਂ ਕੀਰਤਨ ਵਿਚ ਪ੍ਰਚਾਰ ਕਰਦੇ ਤਾਂ ਸਿਧੀਆਂਸਿਧੀਆਂ ਜਟਕੀਆਂ ਯੁਕਤੀਆਂ ਨਾਲ ਬੜਾ ਸੁਆਦ ਬਣਾ ਦੇ ਦੇ ਹਾਜਰ ਜਵਾਬ ਐਸੇ ਸਨ, ਕਿ ਜੋ ਵੀ ਸਵਾਲ ਕਰੇ, ਤਤ ਛਿਨ ਜਵਾਬ ਦੇਕੇ ਨਿਰੁੱਤ੍ਰ ਕਰ ਦਿੰਦੇ।

## ਮੰਡਲੀ

ਆਪ ਜਿਸ ਸੰਤ ਮੰਡਲ ਦੇ ਸਤਿਸੰਗੀ ਸਨ, ਉਹਨਾਂ ਦੇ ਸ਼ੁਭ ਨਾਮ ਏਹ ਹਨ:-

ਸ੍ਰੀਮਾਨ ਬਾਬਾ ਜੀਉਣਸਿੰਘ ਜੀ ਸਰਹਾਲੀ ਬਾਬਾ ਸੁੰਦਰ ਸਿੰਘ ਜੀ ਮੰਜੀ ਤੋੜ, ਸੰਤ ਮਿਤ ਸਿੰਘ ਜੀ ਜੀਉਣ ਭਿੰਡਰ, ਸ੍ਰੀ ਬਾਬਾ ਕੇਸਰ ਸਿੰਘ ਜੀ ਮਹਾਂਵੀਏ ਤੇ ਸੰਤ ਨਰੈਣ ਸਿੰਘ ਜੀ ਕਾਮਲ ਪੁਰੀਏ ਆਦਿ। ਜਿਥੇ ਇਹ ਸੰਤ ਮੰਡਲ ਇਕੱਠਾ ਹੋ ਜਾਂਦਾ ਵਾਯੂ ਮੰਡਲ ਹੀ ਬਦਲ ਜਾਂਦਾ। ਦਰਸ਼ਨ ਕਰਨ ਵਾਲੇ,ਤੇ ਬਚਨ ਸੁਣਨ ਵਾਲੇ ਅਨੁਭਵ ਕਰਦੇ ਕਿ ਉਹ ਚਸਖੰਡ ਵਿਚ ਬੈਠੇ ਹੋਏ ਸਨ। ਆਪਸ ਵਿ ਏਹ ਮਹਾਂ ਪੁਰਖ ਏਨੇ ਬੇਤਕੱਲਫ ਸਨ,ਕਿ ਇਕ ਦੂਜੇ ਦਾ ਨਾਂ ਅੱਧਾਕਰਕੇਬੁਲਾਂਦੇ।ਰੰਗ ਵਿਚ ਹਸਣਾਂ,ਰੰਗ ਵਿਚ ਰੋਣਾਂ ਰੰਗਵਿਚ ਚੁਪ ਕਰ ਜਾਣਾਂ,ਏਹਸਾਰੇ ਲੱਖਣ ਏਹਨਾਂ ਵਿਚ ਘਟਦੇ ਸਨ। ਆਪਨੇ ਹਜ਼ਾਰਾਂ ਪ੍ਰਾਣੀਆਂ ਨੂੰ ਭਜਨ ਦੇਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਲਿਆਂਦਾ।

## ਸੰਤਾਨ

ਆਪ ਜੀ ਦੇ ਸਪੁਤ੍ਰ ਸ੍ਰੀ ਮਾਨ ਸੰਤ ਨਥਾ ਸਿੰਘ ਜੀ ਵੀ ਸੰਤ ਸਰੂਪ ਹਨ। ਦੂਜੇ ਪੁਤ੍ਰ ਭਾਈ ਪ੍ਰਤਾਪ ਸਿੰਘ ਜੀ ਨੇ ਵੀ ਕੀਰਤਨ ਕਰਦਿਆਂ ਆਯੂ ਵਿਤੀਤ ਕੀਤੀ ਹੈ, ਆਪ ਜਦ ਮਸਤੀ ਵਿਚ ਆਕੇ ਤਾਊਸ ਵਜਾਂਦੇ ਤੇ ਕੀਰਤਨ ਕਰਦੇ ਹਨ, ਇਕ ਵਾਰ ਰੰਗ ਬੱਝ ਜਾਂਦਾ ਹੈ, ਆਪਦਾ ਪੁਤ੍ਰ ਬੇਅੰਤ ਸਿੰਘ ਬੜਾ ਹੋਣ ਹਾਰ ਤੇ ਚੰਗੇ ਦਿਮਾਗ ਵਾਲਾ ਨੌਜਵਾਨ ਹੈ, ਉਸਦੀ ਬੁੱਧੀਮਤਾ ਤੇ ਅਦਬ ਅਦਾਬ ਦੇ ਸੁਭਾਵ ਨੂੰ ਦ੍ਰਿਸ਼ਟੀ ਗੋਚਰ ਰਖਦੇ ਹੋਏ ਸੰਤ ਉਸ ਨਾਲ ਬੜਾ ਪਿਆਰ ਰਖਦੇ ਹੁੰਦੇ ਸਨ। ਏਹ ਲੜਕਾ ਬੇਅੰਤ ਸਿੰਘ ਪੈਲੀ ਵਿਚ ਬਾਗ ਲਾ ਰਿਹਾ ਸੀ, ਸੰਤ ਸੁਭਾਵਕ ਹੀ ਕਹਿਣ ਲਗੇ-'ਪੁਤ੍ਰ ਕਾਹਨੂੰ ਖਪਨਾਂ ਹੈਂ, ਇਸ ਬਾਗ ਦੇ ਫੁਲ ਕੇਹੜੀ ਤੂੰ ਖਾਣੇ ਹੈਨ ? ਸੰਤਾਂ ਦਾ ਵਾਕਖਾਲੀਨਹੀਂਗਿਆ,ਇਕ ਕਤਲ ਦੇ ਮੁਕਦਮੇ ਵਿਚ ਬਿਅੰਤ ਸਿੰਘ ਨੂੰ ਫਾਂਸੀ ਦੀ ਸਜ਼ਾ ਹੋ ਚੁਕੀ ਹੈ, ਪਰ ਉਹ ਰੂਪੋਸ਼ ਹੈ।

## ਸੁਭਾਉ

ਆਪ ਸੁਭਾ ਦੇ ਏਡੇ ਦਿਆਲੂ ਸਨ, ਕਿ ਜਦੋਂ ਵੀ ਕਿਸੇ ਸਿਖ ਤੋਂ ਕੋਈ ਭੁਲ ਹੋਣ ਦੇ ਕਾਰਣ ਸਤਿਗੁਰਾਂ ਨੇ ਉਸਨੂੰ ਤਨਖਾਹੀਏ ਕਰਨਾਂ ਤਾਂ ਸੰਤਾਂ ਨੇ ਅਗੇ ਹੋਕੇਬਖਸ਼ਸ਼ ਦਾ ਖੈਰ ਮੰਗਣਾਂ ਤੇ ਅਰਜ਼ ਕਰਨੀ-ਸਚੇ ਪਾਤਿਸ਼ਾਹ ਅਸੀਂ ਨਾਂ ਭੁਲੀਏ, ਤਾਂ ਤੁਹਾਡਾ ਵਾਧਾ ਕੀ ਹੋਯਾ। ਸਹਿਨ ਸ਼ੀਲਤਾ ਜਪ ਤਪ ਸਤ ਸੰਤੋਖ, ਗਲ ਕੀ ਸਮੂਹ ਦੈਵੀ ਗੁਣਾਂ ਦੇ ਆਪ ਭੰਡਾਰ ਸਨ। ਅਜ ਪੰਥ ਵਿਚਚੰਗੇ ਚੰਗੇ ਸਾਧੂ ਹਨ,ਪਰ ਸੰਤ ਲਾਲ ਸਿੰਘ ਜੀ ਦਾ ਖੱਪਾ ਇਕ ਨਾਂ ਮਿਲਨ ਵਾਲਾ ਖੱਪਾ ਭਾਸਦਾ ਹੈ।

## ਅੰਤ ਸਮਾਂ

ਕੀਰਤਨ ਦਾ ਰਸ ਆਪਦੇ ਰੋਮ ਰੋਮ ਵਿਚ ਪ੍ਰਵੇਸ਼ ਕਰ ਚੁਕਾ ਹੋਇਆ ਸੀ, ਏਹੀ ਕਾਰਨ ਸੀ ਕਿ ਆਪਨੇ ਜੀਵਨ ਦੇ ਅੰਤਮਸਮੇਂ ਤਕ ਇਸ ਸ਼ੁਗਲ ਦਾ ਤਿਆਗ ਨਹੀਂ ਕੀਤਾ। ਆਪ ਨੇ ੨੮ ਜੇਠ ਸੰ: ੧੯੯੦ ਨੂੰ ਦਿਨ ਦੇ ੧੦ ਬਜੇ ਸਰੀਰ ਤਿਆਗਿਆ।